ਆਤਮ ਮਾਰਗ ਪਬਲੀਕੇਸ਼ਨ

# ਪੰਥ ਪਰਵਾਣ



– : ਕਰਤਾ : –

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਰਤਵਾੜਾ ਸਾਹਿਬ

200/-

# ਬੇਨਤੀ

ਯੁੱਗ ਪੁਰਸ਼, ਕਲਮ ਦੇ ਧਨੀ, ਬ੍ਰਹਮ ਸਰੋਤਰੀ, ਬ੍ਰਹਮ ਵਕਤਾ, ਬ੍ਰਹਮ ਨਿਸ਼ਠਾ ਸ੍ਰੀ ਮਾਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਜਿਨ੍ਹਾਂ ਨੇ ਆਪਣੀ ਕਲਮ ਅਤੇ ਮਿਠੀ ਬੋਲੀ ਨਾਲ ਦੁਆਰਾ ਇਸ ਜਲਦੇ ਬਲਦੇ ਸੰਸਾਰ ਨੂੰ ਠੰਢਾ ਕਰਨ ਲਈ ਅਨੇਕਾਂ ਪੁਸਤਕਾਂ ਦੀ ਰਚਨਾਂ ਕੀਤੀ ਹੈ। ਉਨ੍ਹਾਂ ਵਿੱਚ ਇਹ ਪੁਸਤਕ 'ਰੂਹਾਨੀ ਗੁਲਦਸਤਾ' ਜੋ ਕਿ ਦੋ ਭਾਗਾਂ ਵਿੱਚ ਹੈ। ਇਸ ਪੁਸਤਕ ਨੂੰ ਇਕੱਠਾ ਕਰਕੇ 'ਪੰਚ ਪਰਵਾਣ' ਨਾਮ ਦਿਤਾ ਗਿਆ ਹੈ।

ਅਦਾਰਾ

ਆਤਮ ਮਾਰਗ

# ਦੋ ਸ਼ਬਦ

ਅੱਜ ਤੋਂ 20, 25 ਸਾਲ ਪਹਿਲਾਂ ਦੂਰ-ਦੁਰਾਡੇ ਥਾਵਾਂ ਤੇ ਸਫਰ ਕੱਟ ਕੇ ਰਾਤਾਂ ਦੇ ਦੀਵਾਨ ਲੱਗਿਆ ਕਰਦੇ ਸਨ, ਹਜ਼ਾਰਾਂ ਪ੍ਰੇਮੀ ਇਨ੍ਹਾਂ ਦੀਵਾਨਾਂ ਨੂੰ ਸੁਣਨ ਲਈ ਆਪਣੇ ਕਾਰੋਬਾਰਾਂ ਨੂੰ ਸੰਕੋਚ ਕੇ ਮੌਸਮ ਦੇ ਹਿਸਾਬ ਨਾਲ ਵਸਤਰ ਲੈ ਕੇ ਆਇਆ ਕਰਦੇ ਸਨ। ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਿਸ ਸਮੇਂ ਨਾ ਸਾਡੇ ਕੋਲ ਕੋਈ ਰੌਸ਼ਨੀ ਹੁੰਦੀ ਸੀ, ਨਾ ਕੋਈ ਸਾਧਨ ਸੀ। ਬਿਲਕੁਲ ਅਣਜਾਣ ਬੰਦੇ ਹੁੰਦੇ ਸੀ ਜਿਨ੍ਹਾਂ ਦੀ ਸਤਿਸੰਗ ਵਲ ਕੋਈ ਰੁਚੀ ਹੀ ਨਹੀਂ ਸੀ ਹੁੰਦੀ। ਪਰ ਪਹਿਲੇ ਦਿਨ ਹੀ ਦੀਵਾਨ ਸੁਣਨ ਤੋਂ ਬਾਅਦ ਉਨ੍ਹਾਂ ਦੇ ਅੰਦਰ ਰੁਚੀ ਜਾਗ ਪੈਣੀ ਕਿ ਗੁਰੂ ਵਾਲੇ ਬਣ ਜਾਈਏ ਅਤੇ ਚੌਥੇ ਅਤੇ ਪੰਜਵੇਂ ਦਿਨ ਉਹ ਪੂਰੀ ਤਰ੍ਹਾਂ ਢਲ ਜਾਂਦੇ ਸਨ ਅਤੇ ਗੁਰੂ ਦੇ ਲੜ ਲਗ ਕੇ ਗੁਰੂ ਵਾਲੇ ਬਣ ਜਾਂਦੇ ਸੀ। ਇਨ੍ਹਾਂ ਪ੍ਰਕਰਣਾਂ ਵਿਚ ਪਿਆਰ ਦਾ ਪ੍ਰਕਰਣ ਪਿਆਰ ਅਨੁਭਵ ਦੇ ਰਿਹਾ ਹੈ। ਪਹਿਲੇ ਪ੍ਰਕਰਣ ਵਿਚ 'ਗੋਬਿੰਦ ਭਾਉ ਭਗਤਿ ਦਾ ਭੁਖਾ' ਵਿਚ ਦੱਸਿਆ ਹੈ ਕਿ ਗੁਰੂ ਜੀ ਨਾ ਕਿਸੇ ਸਰੀਰਕ ਦਾਨ ਨਾਲ ਪ੍ਰਸੰਨ ਹੁੰਦੇ ਹਨ, ਨਾ ਧਨ ਨਾਲ ਪ੍ਰਸੰਨ ਹੁੰਦੇ ਹਨ ਉਨ੍ਹਾਂ ਨੂੰ ਤਾਂ ਜੇ ਭੁੱਖ ਹੈ ਤਾਂ ਉਹ ਸਿਰਫ ਪਿਆਰ ਦੀ ਭੁੱਖ ਹੈ। ਉਹ ਸਭ ਨੂੰ ਦਿੰਦਾ ਹੈ -

*ਦੇਦਾ ਦੇ ਲੈਦੇ ਥਕਿ ਪਾਹਿ।।*
*ਜੁਗਾ ਜੁਗੰਤਰਿ ਖਾਹੀ ਖਾਹਿ॥* *ਪੰਨਾ - 2*

ਅਸੀਂ ਸਵੇਰ ਤੋਂ ਮੰਗਣ ਲਗ ਜਾਂਦੇ ਹਾਂ, ਹਮੇਸ਼ਾ ਦੇਹ-ਦੇਹ ਕਰਦੇ ਰਹਿੰਦੇ ਹਾਂ। ਉਹ ਦਾਤਾ ਭਿਖਾਰੀ ਨੂੰ ਖਾਲੀ ਹੱਥ ਨਹੀਂ ਮੋੜਦਾ ਅਤੇ ਉਸ ਦੇ ਔਗੁਣ ਨਹੀਂ ਚਿਤਾਰਦਾ। ਦੂਸਰਾ ਪ੍ਰਕਰਣ 'ਭਗਤ ਬੇਣੀ ਜੀ' ਦਾ ਹੈ ਉਹ ਅਧਿਆਤਮਕ ਕਰਮ ਕਰਦੇ ਸਨ। ਪ੍ਰਮੇਸ਼ਰ ਨਾਲ ਉਨ੍ਹਾਂ ਦਾ ਐਨਾ ਪਿਆਰ ਸੀ ਕਿ ਵਾਹਿਗੁਰੂ ਜੀ ਨੂੰ ਰੂਪ ਧਾਰਨ ਕਰਕੇ ਉਸ ਦੇ ਘਰ ਆਉਣਾ ਪਿਆ ਤੇ ਬੇਅੰਤ ਰਾਸ਼ਨ ਪਹੁੰਚਾ ਦਿਤਾ। ਤੀਸਰੇ ਵਿਚ ਉਨ੍ਹਾਂ ਸਾਧਕਾਂ ਦਾ ਹਾਲ ਹੈ ਜਿਨ੍ਹਾਂ ਨੂੰ ਸਾਧਨ ਪੱਖ ਵਿਚ ਆਇਆਂ ਨੂੰ ਬਹੁਤ ਸਮਾਂ ਹੋ ਗਿਆ ਸੀ ਪਰ ਕੋਈ ਪੂਰਾ ਨਹੀਂ ਸੀ ਮਿਲ ਰਿਹਾ। ਗੁਰੂ ਨਾਨਕ ਪਾਤਸ਼ਾਹ ਜੀ ਦੂਰ ਦੇਸ਼ ਵਿਚ ਜਾ ਕੇ ਭਾਈ ਝੰਡੇ ਅਤੇ ਇੰਦਰਸੈਨ ਨੂੰ ਕੇਵਲ ਮਾਰਗ ਹੀ ਨਹੀਂ ਪਾਉਂਦੇ ਸਗੋਂ ਉਨ੍ਹਾਂ ਦੇ ਛੌੜ ਕੱਟ ਕੇ ਭਾਈ ਝੰਡੇ ਨੂੰ ਆਤਮ ਰਸ ਵੰਡਣ ਵਾਲੇ ਦੀ ਪਦਵੀ ਬਖਸ਼ਦੇ ਹਨ।

ਚੌਥੇ ਪ੍ਰਕਰਣ 'ਸਿੱਖੀ ਕਮਾਉਣੀ ਔਖੀ' ਵਿਚ ਬਹੁਤ ਹੀ ਵਿਚਾਰ ਸਹਿਤ ਇਹ ਸਿਧਾਂਤ ਪ੍ਰਗਟ ਕੀਤਾ ਹੈ ਕਿ ਜਦੋਂ ਤਕ ਆਦਮੀ ਵਿਚ 'ਮੈਂ' ਹੈ ਉਨੀਂ ਦੇਰ ਉਹ ਆਪਣਾ ਆਪ ਸਮਰਪਣ ਦੇ ਮੰਡਲ ਵਿਚ ਨਹੀਂ ਲਿਆ

ਸਕਦਾ। ਇਸ ਕਰਕੇ ਮੈਂ ਤੇ ਸਮਰਪਣ ਦਾ ਆਪਸ ਵਿਚ ਸਬੰਧ ਨਹੀਂ ਹੈ।

'ਪੰਚ ਪਰਵਾਣ' ਅਤੇ 'ਜਿਸ ਦੈ ਹੋਵੈ ਵਲ ਸੋ ਕਦੇ ਨਾ ਹਾਰਦਾ' ਇਹ ਵੀ ਪ੍ਰਮੇਸ਼ਰ ਦੇ ਵਿਸ਼ਵਾਸ਼ ਵਿਚ ਨਿਕਲੇ ਹੋਏ ਸਿਧਾਂਤ ਹਨ। ਜਗਿਆਸੂ ਜਿਸ ਵਕਤ ਇਨ੍ਹਾਂ ਪੁਸਤਕਾਂ ਨੂੰ ਬਗੈਰ ਕਿਸੇ ਤਰਕ, ਬਗੈਰ ਬੋਲੀ ਦੀ ਛਾਣ-ਬੀਣ ਦੇ ਇਕ ਚਿੱਤ ਹੋ ਕੇ ਪੜ੍ਹੇਗਾ ਤਾਂ ਉਸ ਦਾ ਚਿੱਤ ਵਾਹਿਗੁਰੂ ਜੀ ਵਿਚ ਲਗ ਕੇ ਉਸ ਨੂੰ ਮਹਾਨ ਅਨੰਦ ਦੀ ਪ੍ਰਾਪਤੀ ਹੋਵੇਗੀ।

*ਵਰਿਆਮ ਸਿੰਘ*
*ਬਾਨੀ, ਮੁਖੀ ਤੇ ਚੇਅਰਮੈਨ*
*ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ*
*ਐਜੂਕੇਸ਼ਨਲ ਚੈਰੀਟੇਬਲ ਟਰੱਸਟ*

# ਪ੍ਰਾਕਥਨ

ਇਹ ਪੁਸਤਕ 'ਰੂਹਾਨੀ ਗੁਲਦਸਤਾ' ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਵਲੋਂ ਸਮੇਂ ਸਮੇਂ ਲਾਏ ਗਏ ਦੀਵਾਨਾਂ ਵਿਚੋਂ ਪ੍ਰਾਪਤ ਰੂਹਾਨੀ ਪ੍ਰਵਚਨਾਂ ਦਾ ਸੰਗ੍ਰਹਿ ਹੈ ਜੋ ਦੋ ਭਾਗਾਂ ਵਿਚ ਛਾਪਿਆ ਜਾ ਰਿਹਾ ਹੈ। ਪਹਿਲੇ ਸੰਗ੍ਰਹਿ ਵਿਚ ਛੇ ਦੀਵਾਨ ਸ਼ਾਮਲ ਕੀਤੇ ਗਏ ਹਨ। ਮਹਾਂਪੁਰਸ਼ ਪਿਛਲੇ 20 ਸਾਲਾਂ ਤੋਂ ਵੀ ਵੱਧ ਅਰਸੇ ਤੋਂ ਦੀਵਾਨਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਆ ਰਹੇ ਹਨ। ਇਹ ਦੀਵਾਨ ਵਿਸ਼ੇਸ਼ ਕਰਕੇ ਰੋਪੜ ਦੇ ਕਥਿਤ ਪਛੜੇ ਇਲਾਕਿਆਂ ਵਿਚ ਸੰਨ 1978 ਤੋਂ ਲਗ ਰਹੇ ਹਨ ਜੋ ਅਕਸਰ ਰਾਤ ਦੇ ਸਮੇਂ ਲਗਦੇ ਸਨ। ਉਸ ਸਮੇਂ ਪਿੰਡਾਂ ਵਿਚ ਆਵਾਜਾਈ ਦੇ ਸਾਧਨ ਵੀ ਸੀਮਤ ਸਨ, ਸੜਕਾਂ ਅਤੇ ਰਸਤੇ ਵੀ ਬਿਖੜੇ ਸਨ ਅਤੇ ਯੋਗ ਪ੍ਰਬੰਧ ਕਰਨ ਵਾਲਿਆਂ ਦੀ ਵੀ ਘਾਟ ਸੀ ਪਰ ਆਪ ਜੀ ਦੇ ਅੰਦਰ ਅਥਾਹ ਲਗਨ ਸੀ ਕਿ ਗੁਰੂ ਜੀ ਦਾ ਪ੍ਰੇਰਨਾ ਭਰਿਆ ਸੰਦੇਸ਼ ਪਿੰਡ ਪਿੰਡ ਘਰ ਘਰ ਪਹੁੰਚਾਇਆ ਜਾਵੇ। ਵਿਸ਼ੇਸ਼ ਕਰਕੇ ਓਥੇ ਜਿਥੇ ਕੋਈ ਪ੍ਰਚਾਰਕ, ਕੋਈ ਰਾਗੀ, ਕੋਈ ਢਾਡੀ ਵਿਚਰਨ ਦਾ ਹੀਆ ਨਹੀਂ ਕਰਦਾ ਕਿਉਂਕਿ ਉਨ੍ਹਾਂ ਦਾ ਵਧੇਰੇ ਕਰਕੇ ਨਿਸ਼ਾਨਾ ਵਾਹਵਾ ਲੈਣੀ ਅਤੇ ਮਾਇਕ ਲਾਭ ਪ੍ਰਾਪਤ ਕਰਨਾ ਹੁੰਦਾ ਹੈ ਜੋ ਇਨ੍ਹਾਂ ਪਿੰਡਾਂ ਵਿਚੋਂ ਮਿਲਣਾ ਅਸੰਭਵ ਸੀ। ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਤੋਂ ਆਪ ਜੀ ਨੂੰ ਭਰਵੀਂ ਅਸੀਸ ਪ੍ਰਾਪਤ ਹੋਣ ਸਦਕਾ ਆਪ ਜੀ ਅਨੇਕ ਮੁਸ਼ਕਲਾਂ ਦੇ ਬਾਵਜੂਦ ਆਪਣੇ ਇਰਾਦੇ ਤੇ ਦ੍ਰਿੜ੍ਹ ਰਹੇ ਅਤੇ ਲਗਾਤਾਰ ਪ੍ਰਚਾਰ ਵਿਚ ਜੁਟੇ ਰਹੇ। ਅੱਜ ਇਹ ਸਾਰਾ ਇਲਾਕਾ ਆਪ ਜੀ ਦੇ ਪ੍ਰਚਾਰ ਸਦਕਾ ਗੁਰਮਤਿ ਨਾਲ ਆ ਜੁੜਿਆ ਹੈ ਅਤੇ ਨਸ਼ਿਆਂ ਤੋਂ ਮੁਕਤ ਹੋ ਕੇ ਸਾਫ ਸੁਥਰਾ ਗੁਰੂ ਪਿਆਰ ਵਾਲਾ ਜੀਵਨ ਜੀਉਂਦਾ ਹੈ ਅਤੇ ਆਪ ਜੀ ਦੇ ਗੁਣ ਗਾਉਂਦਾ ਹੈ। ਇਨ੍ਹਾਂ ਦੀਵਾਨਾਂ ਨੂੰ ਪਹਿਲਾਂ ਕੈਸਟਾਂ ਵਿਚ ਸਾਂਭਿਆ ਗਿਆ ਸੀ, ਫੇਰ 'ਆਤਮ ਮਾਰਗ' ਵਿਚ ਪ੍ਰਕਾਸ਼ ਕੀਤਾ ਗਿਆ, ਹੁਣ ਪਾਠਕਾਂ ਦੀ ਸਹੂਲਤ ਲਈ ਪੁਸਤਕ ਰੂਪ ਵਿਚ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ।

ਇਸ ਪੁਸਤਕ ਵਿਚ ਸੰਮਿਲਤ ਸਾਰੇ ਲੇਖ ਅਧਿਆਤਮਕ ਜੀਵਨ-ਜਾਚ ਪ੍ਰਦਾਨ ਕਰਦੇ ਹਨ ਜਿਸਦੀ ਅੱਜ ਦੇ ਬਿਖੜੇ ਸਮੇਂ ਵਿਚ ਅਤਿਅੰਤ ਲੋੜ ਹੈ। ਮਨੁੱਖ ਪੁਰਾਤਨ ਸੰਸਕਾਰਾਂ ਅਧੀਨ ਇਸ ਸੰਸਾਰ ਵਿਚ ਆਉਂਦਾ ਹੈ, ਮਾਤਾ-ਪਿਤਾ, ਭੈਣ-ਭਰਾ, ਦੋਸਤ-ਮਿਤਰ, ਅਧਿਆਪਕ, ਆਲਾ ਦੁਆਲਾ, ਸਮਾਜਿਕ ਅਤੇ ਦੇਸ਼ ਦੇ ਸਲੀਕੇ ਉਸ ਦੀ ਜੀਵਨ ਕਿਰਿਆ ਨੂੰ ਪ੍ਰਭਾਵਤ ਕਰਦੇ ਹਨ। ਇਹ ਸਾਰਾ ਵਾਤਾਵਰਣ ਆਮ ਤੌਰ ਤੇ ਸੰਸਾਰਕ ਤੇ ਗੰਧਲਾ ਹੀ ਹੁੰਦਾ ਹੈ ਅਤੇ ਮਨੁੱਖ ਸਰੀਰਕ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਹਿਤ ਹੀ ਹਰ ਸਮੇਂ ਜੁਟਿਆ ਰਹਿੰਦਾ ਹੈ ਅਤੇ ਦੁਖ ਸੁਖ ਭੋਗਦਾ ਹੈ। ਸੁਖ ਤਾਂ ਘੱਟ ਹੀ ਨਸੀਬ ਹੁੰਦਾ ਹੈ, ਜੇ ਇਛਾਵਾਂ ਦੀ ਪੂਰਤੀ ਵਿਚ ਕਿਤੇ ਸੁੱਖ ਦੀ ਝਲਕ ਮਿਲਦੀ ਵੀ ਹੈ ਤਾਂ ਇਹ ਛਿੰਨ ਭੰਗਰ ਛਲਾਵਾ ਹੀ ਹੁੰਦਾ ਹੈ ਅਤੇ ਬਹੁਤ ਵਾਰੀ ਸੁਖ ਹੀ ਦੁਖ ਦਾ ਕਾਰਨ ਬਣ ਜਾਂਦਾ ਹੈ। ਇਸ ਤਰ੍ਹਾਂ ਬਹੁਤੀ

ਦੁਨੀਆਂ ਆਪਣੇ ਜੀਵਨ ਨਿਸ਼ਾਨੇ ਤੋਂ ਖੁੰਝੀ ਹੋਈ ਚਿੰਤਾ-ਗ੍ਰਸਤ ਹੈ, ਆਪਣਾ ਸਹਿਜ ਖੋਹੀ ਬੈਠੀ ਹੈ, ਬੇਤਾਲੀ ਹੋਈ ਹੋਈ ਦੁਖੀ ਹੋ ਰਹੀ ਹੈ। ਗੁਰੂ ਮਹਾਰਾਜ ਨੂੰ ਪਾਰਬ੍ਰਹਮ ਦੀ ਸੰਸਾਰ ਰਚਨਾ ਦੀ ਖੇਡ ਦਾ ਸਹੀ ਗਿਆਨ ਹੈ ਅਤੇ ਉਹ ਮਨੁੱਖ ਦੀ ਹੋਣੀ ਨੂੰ ਸਹੀ ਰੂਪ ਵਿਚ ਜਾਣਦੇ ਹਨ। ਇਸ ਲਈ ਉਨ੍ਹਾਂ ਨੇ ਮਨੁੱਖ ਦੇ ਸਹੀ ਲਕਸ਼ ਨੂੰ ਬਾਣੀ ਵਿਚ ਅੰਕਤ ਕੀਤਾ ਹੈ ਪਰ ***ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥ (ਪੰਨਾ - 935)*** ਅਨੁਸਾਰ ਬਾਣੀ ਨੂੰ ਕੋਈ ਵਿਰਲਾ ਹੀ ਵਿਚਾਰੇਗਾ। ਉਨ੍ਹਾਂ ਵਿਰਲਿਆਂ ਵਿਚ ਹਨ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਜਿਨ੍ਹਾਂ ਨੇ ਬਾਣੀ ਨੂੰ ਨਾ ਕੇਵਲ ਪੜ੍ਹਿਆ ਤੇ ਸਮਝਿਆ ਹੈ, ਸਗੋਂ ਵਿਚਾਰਿਆ ਅਤੇ ਜੀਵਿਆ ਹੈ; ਅਨੇਕਾਂ ਸੰਤਾਂ, ਮਹਾਤਮਾਵਾਂ, ਅਨੁਭਵੀ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ ਅਤੇ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੈ। ਗੁਰੂ ਮਹਾਰਾਜ ਨੇ ਅਜਿਹੇ ਨਾਮ ਰਸੀਆਂ ਨੂੰ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਕਿ ਉਹ ਗੁਰਮੁਖ ਜੀਵਨ ਜੀਉਣ, ਨਾਮ ਰੰਗ ਮਾਣਨ, ਸਹਿਜ ਅਨੰਦ ਵਿਚ ਵਿਚਰਨ ਅਤੇ ਹੋਰਨਾਂ ਨੂੰ ਵੀ ਨਾਮ ਜਪਣ ਲਈ ਪ੍ਰੇਰਤ ਕਰਨ ਅਤੇ ਸੋਹਣਾ ਸੁਖੀ ਜੀਵਨ ਜੀਉਣ ਦੀ ਜਾਚ ਦੱਸਣ। ਗੁਰੂ ਜੀ ਐਸੇ ਗੁਰਸਿੱਖ ਦੀ ਚਰਨ ਧੂੜ ਮੰਗਦੇ ਹਨ, ਬਹੁਤ ਸਤਿਕਾਰ ਕਰਦੇ ਫੁਰਮਾਨ ਕਰਦੇ ਹਨ-

***ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 305***

ਇਸ ਆਦੇਸ਼ ਦੀ ਪੂਰਤੀ ਹਿਤ ਹੀ ਆਪ ਜੀ ਦਾ ਸਾਰਾ ਜੀਵਨ ਗੁਰਮਤਿ ਪ੍ਰਚਾਰ ਹਿਤ ਹੀ ਸਮਰਪਨ ਹੋਇਆ ਹੈ।

ਇਸ ਪੁਸਤਕ ਦਾ ਪਹਿਲਾ ਲੇਖ ਹੈ 'ਗੋਬਿੰਦ ਭਾਉ ਭਗਤਿ ਦਾ ਭੁਖਾ' ਜਿਸ ਵਿਚ ਪ੍ਰੇਮਾ ਭਗਤੀ ਨੂੰ ਕਈ ਪੱਖਾਂ ਤੋਂ ਦਰਸਾਇਆ ਗਿਆ ਹੈ। ਪ੍ਰਭੂ ਪ੍ਰਾਪਤੀ ਲਈ ਸਭ ਤੋਂ ਪਹਿਲੀ ਲੋੜ ਹੈ ਪ੍ਰਤੀਤ ਅਰਥਾਤ ਪੂਰਨ ਨਿਸ਼ਚਾ। ਗੁਰੂ ਫੁਰਮਾਨ ਹੈ -

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***
***ਪੰਨਾ - 283***

ਆਪ ਜੀ ਨੇ ਕਈ ਉਦਾਹਰਣਾਂ ਅਤੇ ਪ੍ਰਸੰਗਾਂ ਰਾਹੀਂ ਸਪਸ਼ਟ ਕੀਤਾ ਹੈ ਕਿ 'ਜਦੋਂ ਨਿਸ਼ਚਾ ਹੀ ਨਹੀਂ ਆਉਂਦਾ ਤਾਂ ਮਨੁੱਖ ਕਿਸ ਤਰ੍ਹਾਂ ਰੂਹਾਨੀਅਤ ਦੇ ਰਾਹ ਚਲ ਸਕੇਗਾ....ਜੋ 'ਸਤਿ ਬਚਨ' ਨੇ, ਉਨ੍ਹਾਂ ਨੂੰ ਜੇ ਮੰਨ ਲਵੇ, ਆਪਣਾ ਹਨ੍ਹੇਰਾ ਛੱਡ ਕੇ, ਸ਼ੰਕੇ ਛੱਡ ਕੇ ਤਾਂ ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਕਰ ਸਕਦਾ ਹੈ। ਐਸਾ ਪ੍ਰੇਮੀ ਨਾ ਕੇਵਲ ਆਪ ਤਰਦਾ ਹੈ ਸਗੋਂ ਸੰਸਾਰ ਨੂੰ ਵੀ ਤਾਰ ਦਿੰਦਾ ਹੈ। 'ਮੰਨੈ ਤਰੈ ਤਾਰੈ ਗੁਰਸਿੱਖ।' ਆਪ ਜੀ ਨੇ ਉਦਾਹਰਣ ਦਿਤੀ ਹੈ ਕਿ ਨਾਮਦੇਵ ਦੇ ਅੰਦਰ ਪ੍ਰਤੀਤੀ ਸੀ, ਸਾਕਾਰ ਰੂਪ ਹੋ ਕੇ ਪ੍ਰਮੇਸ਼ਰ ਨੇ ਉਸ ਦਾ ਛੱਪਰ ਬਣਾਇਆ।" ਦੂਸਰਾ ਪ੍ਰਭੂ ਭਗਤੀ

ਲਈ ਚਿੱਤ ਦੀ ਇਕਾਗਰਤਾ ਜ਼ਰੂਰੀ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ।।*
*ਸਾਵਧਾਨ ਏਕਾਗਰ ਚੀਤ।।* *ਪੰਨਾ - 295*

ਮਨ ਦੀ ਇਕਾਗਰਤਾ ਕਿਵੇਂ ਹੋਵੇ? ਮਨ ਨੂੰ ਕਿਵੇਂ ਸਾਧਿਆ ਜਾਵੇ? ਮਨ ਕਿਵੇਂ ਵਸ ਵਿਚ ਆਵੇ? ਮਨ ਦਾ ਸੰਜਮ ਕੀ ਹੈ? ਇਨ੍ਹਾਂ ਮਹਾਨ ਪ੍ਰਸ਼ਨਾਂ ਦਾ ਸਮਾਧਾਨ ਇਸ ਲੇਖ ਵਿਚ ਪ੍ਰਾਪਤ ਹੈ। ਇਸ ਤੋਂ ਬਿਨਾਂ ਨਰਕ ਅਤੇ ਸਵਰਗ ਕੀ ਹਨ? ਇਨ੍ਹਾਂ ਦਾ ਕਰਮਾਂ ਨਾਲ ਕੀ ਸਬੰਧ ਹੈ? ਜੀਵਨ-ਮੁਕਤਿ ਕਿਵੇਂ ਹੋਈਦਾ ਹੈ? ਗੁਰਮਤਿ ਦੇ ਪ੍ਰਸੰਗ ਵਿਚ ਇਨ੍ਹਾਂ ਜ਼ਰੂਰੀ ਵਿਸ਼ਿਆਂ ਤੇ ਵੀ ਮਹਾਂਪੁਰਸ਼ਾਂ ਨੇ ਚਾਨਣ ਪਾਇਆ ਹੈ ਅਤੇ ਮਾਰਗ-ਦਰਸ਼ਨ ਕੀਤਾ ਹੈ। ਅਨੁਭਵ ਤੋਂ ਨਿਕਲੇ ਇਹ ਵਿਚਾਰ ਮਨ ਨੂੰ ਟੁੰਬਦੇ ਵੀ ਹਨ ਅਤੇ ਕੁਝ ਕਰਨ ਲਈ ਪ੍ਰੇਰਦੇ ਵੀ ਹਨ।

ਭਗਤ ਜਨਾਂ ਦਾ ਪੈਂਡਾ ਬਿਖੜਾ ਹੁੰਦਾ ਹੈ, ਉਨ੍ਹਾਂ ਦਾ ਜੀਵਨ ਰਮਜ਼ਾਂ ਭਰਿਆ ਹੁੰਦਾ ਹੈ, ਉਨ੍ਹਾਂ ਦੀ ਸਾਰੀ ਜੀਵਨ-ਚਾਲ ਨਿਰਾਲੀ ਹੀ ਹੁੰਦੀ ਹੈ, ਸਮਾਜਿਕ ਚਲਨ ਤੋਂ, ਆਮ ਲੋਕਾਂ ਦੇ ਜੀਵਨ ਤੋਂ ਵੱਖਰੀ।' ਲਬ ਲੋਭ ਅਹੰਕਾਰ ਤੋਂ ਮੁਕਤ। ਉਹ ਸ੍ਵਾਸ ਸ੍ਵਾਸ ਪ੍ਰਭੂ ਪਿਆਰ ਅਤੇ ਪ੍ਰਭੂ-ਯਾਦ ਵਿਚ ਜੀਉਂਦੇ ਹਨ; ਗੁਰ ਫੁਰਮਾਨ ਹੈ -

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥*

*ਪੰਨਾ - 918*

ਇਹ ਚਾਲ ਵਿਲੱਖਣ ਇਸ ਲਈ ਹੁੰਦੀ ਹੈ ਕਿਉਂਕਿ ਭਗਤਾਂ ਦੇ ਨਿਰਲੇਪ ਜੀਵਨ ਦੇ ਟਾਕਰੇ ਸੰਸਾਰੀ ਲੋਕ ਸੰਸਾਰਕ ਝਮੇਲਿਆਂ ਵਿਚ ਉਲਝੇ ਹਉਮੈ ਅਤੇ 'ਵੈਰ ਵਿਰੋਧ' ਦਾ ਜੀਵਨ ਜੀਉਂਦੇ ਹਨ -

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ।।*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*
*ਪੰਨਾ - 268*

ਇਸ ਪੁਸਤਕ ਦਾ ਦੂਜਾ ਲੇਖ ਭਗਤ ਬੇਣੀ ਜੀ ਬਾਬਤ ਹੈ। ਗੁਰੂ ਅਰਜਨ ਦੇਵ ਜੀ ਨੇ ਸੱਚ ਦੀ ਕਸਵੱਟੀ ਤੇ ਪਰਖ ਕੇ ਕੁਝ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੈ, ਉਨ੍ਹਾਂ ਪ੍ਰਵਾਨਤ ਭਗਤਾਂ ਵਿਚ ਭਗਤ ਬੇਣੀ ਜੀ ਵੀ ਸ਼ਾਮਲ ਹਨ। ਉਨ੍ਹਾਂ ਦੇ ਕੇਵਲ ਤਿੰਨ ਸ਼ਬਦ

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਪਹਿਲਾ ਸ਼ਬਦ ਸ੍ਰੀ ਰਾਗ ਵਿਚ ਪੰਨਾ 93 ਤੇ ਪ੍ਰਾਪਤ ਹੈ ਜਿਸ ਦੇ ਆਰੰਭ ਸ਼ਬਦ ਇਹ ਹਨ –

*ਰੇ ਨਰ ਗਰਭ ਕੁੰਡਲ ਜਬ ਆਛਤ*
*ਉਰਧ ਧਿਆਨ ਲਿਵ ਲਾਗਾ।।*
*ਮਿਰਤਕ ਪਿੰਡਿ ਪਦ ਮਦ ਨਾ*
*ਅਹਿਨਿਸਿ ਏਕੁ ਅਗਿਆਨ ਸੁ ਨਾਗਾ।।*
*ਤੇ ਦਿਨ ਸੰਮਲੁ ਕਸਟ*
*ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ।।*
*ਗਰਭ ਛੋਡਿ ਮ੍ਰਿਤ ਮੰਡਲ ਆਇਆ*
*ਤਉ ਨਰਹਰਿ ਮਨਹੁ ਬਿਸਾਰਿਆ॥*
*ਫਿਰਿ ਪਛੁਤਾਵਿਹਗਾ ਮੂੜਿਆ ਤੂੰ*
*ਕਵਨ ਕੁਮਤਿ ਭ੍ਰਮਿ ਲਾਗਾ॥*
*ਚੇਤਿ ਰਾਮੁ ਨਾਹੀ ਜਮ ਪੁਰਿ*
*ਜਾਹਿਗਾ ਜਨੁ ਬਿਚਰੈ ਅਨਰਾਧਾ॥*

*ਪੰਨਾ – 93*

ਅਰਥਾਤ ਹੇ ਮਨੁੱਖ! ਜਦੋਂ ਤੂੰ ਮਾਂ ਦੇ ਪੇਟ ਵਿਚ ਸੈਂ, ਤਦੋਂ ਤੇਰੀ ਸੁਰਤਿ ਉਚੇ ਪ੍ਰਭੂ ਦੀ ਯਾਦ ਵਿਚ ਜੁੜੀ ਰਹਿੰਦੀ ਸੀ, ਤਦੋਂ ਤੈਨੂੰ ਸਰੀਰ ਦੀ ਹੋਂਦ ਦਾ ਅਹੰਕਾਰ ਨਹੀਂ ਸੀ, ਦਿਨੇ ਰਾਤ ਇਕ ਪ੍ਰਭੂ ਨੂੰ ਸਿਮਰਦਾ ਸੈਂ, ਤੇਰੇ ਅੰਦਰ ਅਗਿਆਨ ਦੀ ਅਣਹੋਂਦ ਸੀ। ਉਹ ਦਿਨ ਹੁਣ ਚੇਤੇ ਕਰ। ਤਦੋਂ ਤੈਨੂੰ ਬੜੇ ਕਲੇਸ਼ ਤੇ ਤਕਲੀਫਾਂ ਸਨ ਪਰ ਹੁਣ ਤੂੰ ਆਪਣੇ ਮਨ ਨੂੰ ਦੁਨੀਆਂ ਦੇ ਜੰਜਾਲਾਂ ਵਿਚ ਬਹੁਤ ਫਸਾ ਰੱਖਿਆ ਹੈ। ਮਾਂ ਦਾ ਪੇਟ ਛੱਡ ਕੇ ਜਦੋਂ ਤੂੰ ਜਗਤ ਵਿਚ ਆਇਆ ਹੈਂ, ਤਦੋਂ ਤੋਂ ਤੂੰ ਆਪਣੇ ਨਿਰੰਕਾਰ ਨੂੰ ਭੁਲਾ ਦਿਤਾ ਹੈ। ਹੇ ਮੂਰਖ! ਤੂੰ ਕਿਹੜੀ ਮੱਤੇ, ਕਿਹੜੇ ਭੁਲੇਖੇ ਵਿਚ ਲੱਗਾ ਹੋਇਆ ਹੈਂ? ਸਮਾਂ ਹੱਥੋਂ ਹਵਾ ਕੇ ਫੇਰ ਹੱਥ ਮਲੇਂਗਾ, ਪ੍ਰਭੂ ਨੂੰ ਸਿਮਰ, ਨਹੀਂ ਤਾਂ ਜਮਪੁਰੀ ਵਿਚ ਧੱਕਿਆ ਜਾਵੇਂਗਾ, ਤੂੰ ਅਮੋੜ ਬੰਦਿਆਂ ਦੀ ਤਰ੍ਹਾਂ ਤੁਰਿਆ ਫਿਰਦਾ ਹੈ।

ਸਪਸ਼ਟ ਹੈ ਕਿ ਭਗਤ ਬੇਣੀ ਜੀ ਦੇ ਵਿਚਾਰ ਗੁਰਬਾਣੀ ਅਤੇ ਗੁਰਮਤਿ ਅਨੁਸਾਰੀ ਹਨ। ਇਸ ਪੁਸਤਕ ਦੇ ਕਰਤਾ, ਮਹਾਂਪੁਰਸ਼ਾਂ ਨੇ ਏਸੇ ਲਈ ਆਪਣੇ ਵਿਖਿਆਨਾਂ ਵਿਚ ਭਗਤਾਂ ਦੇ ਪ੍ਰਸੰਗਾਂ ਨੂੰ ਪੂਰੀ ਮਾਨਤਾ ਦਿਤੀ ਹੈ ਅਤੇ ਗੁਰੂ ਪਿਆਰ ਵਾਂਗ ਹੀ ਉਨ੍ਹਾਂ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਪ੍ਰਗਟ ਕੀਤਾ ਹੈ। ਭਗਤ ਜਨ ਦੇ ਹਿਰਦੇ ਨੂੰ ਕੋਈ ਭਗਤ ਜਨ ਹੀ ਜਾਣ ਸਕਦਾ ਹੈ। ਭਗਤ ਤ੍ਰੈ-ਗੁਣ ਅਤੀਤ ਅਵਸਥਾ ਵਿਚ ਵਿਚਰਦੇ ਹਨ, ਸੰਸਾਰ ਦੀ ਕਿਰਿਆ ਤਿੰਨ ਗੁਣਾਂ, ਰਜੋ, ਤਮੋ, ਸਤੋ ਤਕ ਸੀਮਤ ਹੁੰਦੀ ਹੈ, ਤਿੰਨ ਗੁਣਾਂ ਦੇ ਭਰਮ ਜਾਲ ਤੋਂ ਨਿਕਲ ਨਹੀਂ ਸਕਦੇ, ਤਿੰਨ ਗੁਣਾਂ ਵਿਚ ਹੀ ਸੰਸਾਰ ਸੁੱਤਾ ਪਿਆ ਹੈ, ਚੌਥੇ ਪਦ ਦੀ, ਤੁਰੀਆ ਅਵਸਥਾ ਦੀ ਸੋਝੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ, ਬਾਕੀ ਸਾਰਾ ਆਲਮ ਭਰਮਾਂ ਵਿਚ ਸੁੱਤਿਆਂ ਹੀ ਜੀਵਨ ਦੀ ਰੈਣ ਗੁਜ਼ਾਰ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਗੁਰੂ ਦੀ

ਕ੍ਰਿਪਾ ਨਾਲ ਹੀ ਕੋਈ ਜਾਗਦਾ ਹੈ, ਆਤਮ-ਰੰਗ ਵਿਚ ਜੀਉਂਦਾ ਹੈ, ਹਰੀ ਨੂੰ ਮਨ ਵਿਚ ਵਸਾਉਂਦਾ ਹੈ ਅਤੇ ਉਸ ਦੇ ਅੰਦਰੋਂ ਅੰਮ੍ਰਿਤ-ਮਈ ਬਾਣੀ ਦੇ ਝਰਨੇ ਚਲਦੇ ਹਨ। ਐਸਾ ਹੀ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ।।***
***ਗੁਰ ਕਿਰਪਾ ਤੇ ਸੇ ਜਨ ਜਾਗੇ***
***ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ ਪੰਨਾ - 920***

ਭਗਤ ਜਨ ਤੁਰੀਆ ਵਿਚ ਵਿਚਰਦੇ ਹਨ। ਇਸ ਗੱਲ ਦੀ ਪਹਿਚਾਣ ਵੀ ਉਸ ਨੂੰ ਹੀ ਹੁੰਦੀ ਹੈ ਜੋ ਆਪ ਇਹ ਰੰਗ ਮਾਣਦਾ ਹੋਵੇ। ਮਹਾਂਪੁਰਸ਼ਾਂ ਪਰ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ, ਉਨ੍ਹਾਂ ਦੀ ਕਈ ਜਨਮ ਦੀ ਘਾਲਣਾ ਸਦਕਾ ਉਨ੍ਹਾਂ ਨੂੰ ਅਨੁਭਵ ਪ੍ਰਾਪਤ ਹੋਇਆ ਹੈ, ਉਹ ਭਗਤਾਂ ਦੀ ਚਾਲ ਵੀ ਸਮਝਦੇ ਹਨ ਅਤੇ ਤੁਰੀਆ ਵਿਚ ਵਿਚਰਦੇ ਇਕ ਰਸ ਵਿਆਪਕ ਆਤਮ ਧੁਨੀ ਵੀ ਸੁਣਦੇ ਹਨ। ਇਸ ਲਈ ਜਦੋਂ ਆਪ ਜੀ ਭਗਤ ਬੇਣੀ ਜਾਂ ਕਿਸੇ ਵੀ ਭਗਤ ਬਾਰੇ ਬੋਲਦੇ ਜਾਂ ਲਿਖਦੇ ਹਨ ਤਾਂ ਉਹ ਸ਼ਬਦ ਬੜੇ ਸਾਰਥਕ ਸ਼ਬਦ ਹੁੰਦੇ ਹਨ। ਗੁਰਬਾਣੀ ਦਾ ਹਵਾਲਾ ਦੇ ਕੇ ਆਪ ਜੀ ਦਸਦੇ ਹਨ ਕਿ ਬੇਣੀ ਨੂੰ ਪੂਰਾ ਸਤਿਗੁਰੂ ਮਿਲਣ ਤੇ ਉਸ ਦੇ ਅੰਦਰ ਪ੍ਰਕਾਸ਼ ਹੋ ਗਿਆ ਅਤੇ ਭਰਮਾਂ ਦਾ ਨਾਸ਼ ਹੋ ਗਿਆ ਜਿਵੇਂ ਗੁਰਬਾਣੀ ਵਿਚ ਫੁਰਮਾਨ ਹੈ -

***ਬੇਣੀ ਕਉ ਗੁਰਿ ਕੀਓ ਪ੍ਰਗਾਸੁ॥***
***ਪੰਨਾ - 1192***

ਭਗਤ ਬੇਣੀ ਦਾ ਦੂਜਾ ਸ਼ਬਦ ਰਾਮ ਰਾਮਕਲੀ ਵਿਚ (ਪੰਨਾ 974) ਅਤੇ ਤੀਜਾ ਰਾਗ ਪ੍ਰਭਾਤੀ (ਪੰਨਾ 1351) ਤੇ ਪ੍ਰਾਪਤ ਹੈ। ਇਨ੍ਹਾਂ ਸ਼ਬਦਾਂ ਵਿਚ ਕਰਮਕਾਂਡ ਤੋਂ ਮੁਕਤ ਹੋ ਕੇ ਨਾਮ ਦੀ ਯਾਚਨਾ ਕੀਤੀ ਹੈ -

***ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥ ਬੇਣੀ ਜਾਚੈ ਤੇਰਾ ਨਾਮੁ॥ ਪੰਨਾ - 974***

ਇਹ ਲੇਖ ਪੜ੍ਹ ਕੇ ਪਾਠਕ ਦੇ ਅੰਦਰ ਭਗਤ ਬੇਣੀ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ।

ਤੀਜਾ ਲੇਖ 'ਤਾਂਘਦੇ ਸਾਧਕ' ਹੈ ਜਿਸ ਵਿਚ ਭਾਈ ਝੰਡਾ ਅਤੇ ਇੰਦਰਸੈਨ ਦੇ ਪ੍ਰਸੰਗ ਰਾਹੀਂ ਦੱਸਿਆ ਹੈ ਕਿ ਇਸ ਯੁੱਗ ਵਿਚ ਯੋਗ ਦੇ ਸਾਧਨ ਸਾਰਥਕ ਨਹੀਂ ਹੋ ਸਕਦੇ, ਕਲਜੁਗ ਵਿਚ ਕੇਵਲ ਨਾਮ-ਸਾਧਨਾ ਰਾਹੀਂ ਹੀ ਪ੍ਰਮੇਸ਼ਰ ਨੂੰ ਮਿਲਿਆ ਜਾ ਸਕਦਾ ਹੈ। ਭਾਈ ਮਰਦਾਨਾ ਭਾਈ ਝੰਡਾ ਜੀ ਨੂੰ ਦਸਦਾ ਹੈ ਕਿ 'ਪ੍ਰਾਣਾਯਾਮ ਦਾ ਸਾਧਨ ਕਿੰਨਾ ਔਖਾ ਹੈ। ਜੇ ਆਚਾਰ, ਵਿਚਾਰ, ਵਿਹਾਰ, ਸ਼ੁਧ ਨਹੀਂ ਹੈ, ਤਾਂ ਪ੍ਰਾਣਾਯਾਮ ਹੋ ਹੀ ਨਹੀਂ ਸਕਦਾ......ਕਲਿਜੁਗ ਦੇ ਬੰਦਿਆਂ ਦੀਆਂ ਬਿਰਤੀਆਂ ਬਹੁਤ ਨੀਵੀਆਂ ਆ ਗਈਆਂ ਹਨ, ਭੋਗ ਬਿਰਤੀਆਂ ਹੋ ਗਈਆਂ ਹਨ। ਸਤਿਗੁਰੂ ਨਾਨਕ ਦੇਵ

ਜੀ ਦੀ ਨਾਮ ਸਾਧਨਾ ਬਾਰੇ ਭਾਈ ਮਰਦਾਨਾ ਜੀ ਭਾਈ ਝੰਡਾ ਜੀ ਨੂੰ ਕਹਿੰਦੇ ਹਨ, ਮੇਰੇ ਸਤਿਗੁਰੂ ਸੁਰਤ ਨੂੰ ਸ਼ਬਦ ਦੇ ਨਾਲ ਲਾ ਦਿੰਦੇ ਨੇ, ਸ਼ਬਦ ਦੀ ਜਿਹੜੀ ਧੁਨੀ ਹੈ, ਉਹਦੇ ਨਾਲ ਲਾ ਦਿੰਦੇ ਨੇ। ਇਹਨੂੰ ਸੁਰਤਿ ਸਬਦਿ ਦਾ ਮਾਰਗ ਕਹਿੰਦੇ ਨੇ.....ਇਹ ਬਹੁਤ ਸੁਖਾਲਾ ਮਾਰਗ ਹੈ, ਗ੍ਰਿਹਸਤੀ ਨੂੰ ਵੀ ਇਸ ਤੇ ਚੱਲਣ ਵਿਚ ਕੋਈ ਤਕਲੀਫ ਨਹੀਂ ਹੁੰਦੀ। ਇਸ ਲੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਮੁੱਖ ਸਿਧਾਂਤ –

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

***ਪੰਨਾ – 938***

ਦੀ ਭਰਪੂਰ ਵਿਖਿਆ ਪ੍ਰਾਪਤ ਹੈ। ਪ੍ਰਭੂ–ਨਾਮ ਕਿਵੇਂ ਸਰਬ ਵਿਆਪਕ ਹੈ? ਪ੍ਰਭੂ ਆਪ ਸਰਬ–ਵਿਆਪਕ ਹੋ ਰਿਹਾ ਹੈ, ਇਹ ਦ੍ਰਿਸ਼ਟੀ ਕਿਵੇਂ ਮਿਲੇ? ਨਾਮ ਸੁਣਨ ਨਾਲ, ਨਾਮ ਮੰਨਣ ਨਾਲ ਕੀ ਅਵਸਥਾ ਪ੍ਰਾਪਤ ਹੁੰਦੀ ਹੈ? ਹਉਮੈ ਕੀ ਹੈ ਅਤੇ ਇਹ ਦੀਰਘ ਰੋਗ ਕਿਵੇਂ ਹੈ? ਇਸ ਦਾ ਨਾਮ ਨਾਲ ਵਿਰੋਧ ਕਿਵੇਂ ਹੈ? ਇਸ ਲੇਖ ਵਿਚ, ਇਨ੍ਹਾਂ ਪ੍ਰਸ਼ਨਾਂ ਦੀ ਪ੍ਰਸੰਗਾਂ ਰਾਹੀਂ ਖੋਲ੍ਹ ਕੇ ਵਿਆਖਿਆ ਪ੍ਰਾਪਤ ਹੋਈ ਹੈ ਜੋ ਮਨ ਵਿਚੋਂ ਸ਼ੰਕੇ ਨਵਿਰਤ ਕਰਕੇ, 'ਸੁਰਤਿ ਸ਼ਬਦਿ' ਦੇ ਅਭਿਆਸ ਲਈ ਪ੍ਰੇਰਤ ਕਰਦੀ ਹੈ।

'ਸਿੱਖੀ ਕਮਾਉਣੀ ਔਖੀ' ਇਸ ਪੁਸਤਕ ਦਾ ਚੌਥਾ ਲੇਖ ਹੈ ਜਿਸ ਵਿਚ ਮਹਾਂਪੁਰਸ਼ਾਂ ਨੇ ਦੁਆਬੇ ਦੇ ਰਹਿਣ ਵਾਲੇ ਭਾਈ ਮੰਝ ਦਾ ਪ੍ਰਸੰਗ ਦਸਿਆ ਹੈ ਜੋ ਪਹਿਲਾਂ ਸਰਵਰ ਨੂੰ ਮੰਨਦਾ ਸੀ ਪਰ ਇਕ ਗੁਰਸਿੱਖ ਦੀ ਸੰਗਤ ਰਾਹੀਂ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਪਾਸ ਪੁੱਜਾ ਅਤੇ ਆਪਾ ਸਮਰਪਨ ਕਰਕੇ ਤਨੋ ਮਨੋ ਸੇਵਾ ਵਿਚ ਲਗ ਗਿਆ।

ਗੁਰੂ ਮਹਾਰਾਜ ਦੀ ਸੰਗਤ ਵਿਚ ਉਸ ਨੂੰ ਨਾਮ–ਅਭਿਆਸ ਦੀ ਸੋਝੀ ਪ੍ਰਾਪਤ ਹੋਈ। ਮਹਾਂਪੁਰਸ਼ਾਂ ਨੇ ਇਸ ਦਾ ਖੋਲ੍ਹ ਕੇ ਬਿਆਨ ਕੀਤਾ ਹੈ ਅਤੇ ਦੱਸਿਆ ਹੈ ਕਿ ਨਾਮ ਪਰੀਪੂਰਨ ਸ਼ਕਤੀ ਹੈ, ਤੁਹਾਡੇ ਅੰਦਰ ਵੀ ਹੈ, ਬਾਹਰ ਵੀ ਹੈ....ਨਾਮ ਸ਼ਕਤੀ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। (ਸਰਬ ਰੋਗ ਕਾ ਅਉਖਦੁ ਨਾਮੁ)...ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ.....ਨਾਮ–ਜਾਪ ਰਾਹੀਂ ਕਰਮ, ਉਪਾਸਨਾ, ਗਿਆਨ, ਵਿਗਿਆਨ ਚਾਰ ਅਵਸਥਾਵਾਂ ਲੰਘ ਕੇ ਪਰਮ ਸੁਖ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਨਾਮ ਦੀ ਭਰਪੂਰ ਵਿਆਖਿਆ ਦੇ ਨਾਲ ਨਾਲ ਆਪ ਜੀ ਨੇ ਨਾਮ ਦਾ ਸੰਜਮ ਵੀ ਦੱਸਿਆ ਹੈ। ਨਾਮ–ਜਾਪ ਵਿਚ ਸਭ ਤੋਂ ਵੱਡੀ ਰੁਕਾਵਟ 'ਹਉਮੈ' ਹੈ ਜਿਸ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਪ੍ਰਤੀਤੀ, ਭਰੋਸਾ, ਰਜ਼ਾ ਵਿਚ ਰਹਿਣਾ ਅਤੇ ਧੀਰਜ ਇਹ ਗੁਣ ਧਾਰਨ ਕਰਨੇ ਹਨ। ਸੇਵਾ ਅਤੇ ਸਿਮਰਨ ਦਾ ਜੋ ਮਾਰਗ ਭਾਈ ਮੰਝ ਜੀ ਦੇ ਪ੍ਰਸੰਗ ਵਿਚ ਮਹਾਂਪੁਰਸ਼ਾਂ ਰਾਹੀਂ ਵਿਦਮਾਨ ਹੋਇਆ ਹੈ, ਉਹ ਪਾਠਕਾਂ ਨੂੰ ਨਵੀਂ ਨਰੋਈ ਸੇਧ ਬਖਸ਼ਿਸ਼ ਕਰਦਾ ਹੈ ਅਤੇ ਸੇਵਾ–ਸਿਮਰਨ ਦਾ ਜੀਵਨ ਜੀਉਣ ਲਈ ਪ੍ਰੇਰਤ ਕਰਦਾ ਹੈ।

ਜਦੋਂ ਭਾਈ ਮੰਝ ਜੀ ਅਨ੍ਹੇਰੀ ਕਾਰਨ ਲੱਕੜਾਂ ਸਣੇ ਖੂਹ ਵਿਚ ਗਿਰ ਜਾਂਦੇ ਹਨ ਤਾਂ ਗੁਰੂ ਅਰਜਨ ਦੇਵ ਜੀ ਖੁਦ ਨੰਗੇ ਪੈਰੀਂ ਖੂਹ ਤੇ ਦੌੜਦੇ ਜਾਂਦੇ ਹਨ। ਗੁਰੂ ਜੀ ਇਕ ਸਿੱਖ ਦੀ ਕਿਵੇਂ ਪ੍ਰਤਿਪਾਲਨਾ ਕਰਦੇ ਹਨ, ਇਹ ਅਨੂਠਾ ਬਿਆਨ ਐਨੇ ਭਾਵਕ ਅਤੇ ਨਾਟਕੀ ਢੰਗ ਨਾਲ ਹੋਇਆ ਹੈ ਕਿ ਪਾਠਕ ਦੀਆਂ ਅੱਖਾਂ ਬਦੋ ਬਦੀ ਸੇਜਲ ਹੋ ਜਾਂਦੀਆਂ ਹਨ ਅਤੇ ਹਰ ਪਾਠਕ ਸਾਹ ਰੋਕ ਕੇ ਇਸ ਨੂੰ ਇਕ ਦਮ ਪੜ੍ਹ ਲੈਣਾ ਚਾਹੁੰਦਾ ਹੈ –

"ਕੈਸਾ ਨਜ਼ਾਰਾ ਹੈ, ਗੁਰੂ ਮਹਾਰਾਜ ਦੌੜੇ ਆ ਰਹੇ ਹਨ, ਜੋੜੇ ਵਾਲਾ ਜੋੜਾ ਚੁਕੀ ਆਉਂਦਾ ਹੈ, ਘੋੜੇ ਵਾਲਾ ਘੋੜੇ ਨੂੰ ਫੜੀ ਲਿਆ ਰਿਹਾ ਹੈ, ਲੱਜਾਂ ਵਾਲੇ ਲੱਜਾਂ ਇਕੱਠੀਆਂ ਕਰਕੇ ਲਿਆ ਰਹੇ ਹਨ। ਮਹਾਰਾਜ ਦੌੜੇ ਜਾ ਰਹੇ ਹਨ, ਕਿਸੇ ਦੀ ਗੱਲ ਨਹੀਂ ਸੁਣ ਰਹੇ, ਜਾ ਕੇ ਖੂਹ ਦੇ ਕੋਲ ਖੜ੍ਹੇ ਹੋ ਗਏ.....।" ਮਹਾਨ ਵਕਤਾ ਨੇ ਸ਼ਬਦਾਂ ਰਾਹੀਂ ਪੂਰਾ ਦ੍ਰਿਸ਼ ਹੀ ਚਿੱਤਰ ਦਿਤਾ ਹੈ, "ਭਾਈ ਮੰਝ ਨੂੰ ਛਾਤੀ ਨਾਲ ਲਾਇਆ...ਗੁਰੂ ਮਹਾਰਾਜ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਹੈ। ਭਾਈ ਮੰਝ ਦੇ ਨੇਤਰਾਂ ਵਿਚੋਂ ਵੀ ਇਸ ਤਰ੍ਹਾਂ ਜਲ ਜਾ ਰਿਹਾ ਹੈ ਜਿਸ ਤਰ੍ਹਾਂ ਕੋਈ ਉਭਲ ਲਗ ਜਾਂਦੀ ਹੈ। ਭਾਈ ਮੰਝ ਦਾ ਤਨ, ਮਨ, ਧਨ ਦਿਤਾ ਹੋਇਆ ਥਾਂ ਪੈ ਗਿਆ।" ਪਿਆਰ ਦੀ ਐਸੀ ਝਾਕੀ ਸੰਸਾਰ ਸਾਹਿਤ ਵਿਚ ਦੁਰਲੱਭ ਹੈ।

ਅਗਲਾ ਪੰਜਵਾਂ ਲੇਖ ਹੈ 'ਪੰਚ ਪਰਵਾਣ' ਜਿਸ ਵਿਚ ਮਹਾਂਪੁਰਸ਼ਾਂ ਨੇ ਵਾਹਿਗੁਰੂ ਦੀ ਪ੍ਰਾਪਤੀ ਲਈ 'ਨਾਮ ਜਪਣ ਅਤੇ ਸੇਵਾ ਕਰਨ' ਦੀ ਆਵਸ਼ਕਤਾ ਦੱਸੀ ਹੈ ਅਤੇ ਅਨੇਕ ਪ੍ਰਸੰਗਾਂ ਤੇ ਪ੍ਰਮਾਣਾਂ ਰਾਹੀਂ ਇਹ ਸਪਸ਼ਟ ਕੀਤਾ ਹੈ ਕਿ 'ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦਾ।' ਇਸ ਲੇਖ ਵਿਚ ਆਪ ਜੀ ਦਸਦੇ ਹਨ ਕਿ ਮਨੁੱਖ ਚਾਰ ਤਰ੍ਹਾਂ ਦੀਆਂ ਵਾਸ਼ਨਾਵਾਂ ਵਿਚ ਘਿਰਿਆ ਹੋਇਆ ਹੈ – ਦੇਹ ਵਾਸ਼ਨਾ, ਲੋਕ ਵਾਸ਼ਨਾ, ਸਸ਼ਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ। ਇਹ ਵਾਸ਼ਨਾਵਾਂ ਖਤਮ ਹੋਣ ਤੇ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਵਾਸ਼ਨਾਵਾਂ ਕਿਵੇਂ ਖਤਮ ਹੋਣ ਅਤੇ ਪਰਮ ਅੰਨਦ ਕਿਵੇਂ ਮਿਲੇ, ਇਹ ਲੇਖ ਪੜ੍ਹ ਕੇ ਐਸੀ ਸੋਝੀ ਪ੍ਰਾਪਤ ਹੁੰਦੀ ਹੈ।

ਇਸ ਪੁਸਤਕ ਦਾ ਆਖਰੀ ਤੇ ਛੇਵਾਂ ਲੇਖ ਹੈ – 'ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ' ਨਾਮਦੇਵ ਜੀ ਦੇ ਪ੍ਰਸੰਗ ਰਾਹੀਂ 'ਸਹਿਜ ਸਮਾਧ ਅਵਸਥਾ ਦਾ ਜੋ ਅਨੁਭਵੀ ਬਖਾਨ ਹੋਇਆ, ਉਹ ਬੜੀ ਹੀ ਦੁਰਲੱਭ ਵਸਤੂ ਹੈ। ਆਪ ਜੀ ਭਗਤ ਨਾਮਦੇਵ ਜੀ ਦੇ ਪ੍ਰਸੰਗ ਵਿਚ ਲਿਖਦੇ ਹਨ, ਨਾਮਦੇਵ ਜੀ ਹੌਲੀ ਹੌਲੀ ਸਾਰੀਆਂ ਮੰਜ਼ਲਾਂ ਵਿਚੋਂ ਪਾਰ ਹੋ ਕੇ ਸਾਰੀਆਂ ਸਮਾਧੀਆਂ ਵਿਚੋਂ ਲੰਘੇ, ਸਰੀਰ ਵਿਚੋਂ ਲੰਘੇ, ਪੰਜ ਤੱਤਾਂ ਵਿਚੋਂ ਲੰਘੇ, ਅਸਥੂਲ ਸਰੀਰ ਵਿਚੋਂ ਲੰਘੇ, ਸੂਖਸ਼ਮ ਸਰੀਰ ਵਿਚੋਂ ਲੰਘੇ, ਕਾਰਣ ਸਰੀਰ ਵਿਚੋਂ ਲੰਘੇ, ਅੰਤਸ਼ਕਰਣ ਵਿਚੋਂ ਲੰਘ ਕੇ ਨਿਜ ਸਰੂਪ ਵਿਚ ਲੀਨ ਹੋ ਗਏ ਤੇ ਆਤਮ ਪਦ ਵਿਚ ਪਹੁੰਚ ਗਏ, ਆਤਮ ਪਦ ਵਿਚ ਲੀਨ ਹੋ ਕੇ ਪ੍ਰਮੇਸ਼ਰ ਵਿਚ ਲੀਨ ਹੋ ਕੇ ਸੰਸਾਰ ਨੂੰ ਭੁੱਲੇ ਹੋਏ ਹਨ ਤੇ ਕੇਵਲ ਬ੍ਰਹਮ ਹੀ ਬ੍ਰਹਮ ਇਕੋ ਹੀ ਨਜ਼ਰ ਆ ਰਿਹਾ ਹੈ, ਦੂਜਾ

ਕੋਈ ਨਜ਼ਰ ਨਹੀਂ ਆਉਂਦਾ। ਐਸੀ ਫੁਰਨੇ ਰਹਿਤ ਸਮਾਧੀ ਵਿਚ ਲੀਨ ਹਨ। ਗੁਰਬਾਣੀ ਵਿਚ ਐਸੀ ਸਮਾਧੀ ਅਤੇ ਰਸ ਦਾ ਜ਼ਿਕਰ ਪ੍ਰਾਪਤ ਹੈ –

> ***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***

***ਪੰਨਾ – 106***

ਇਸ ਅਵਸਥਾ ਤੇ ਕਿਵੇਂ ਪੁਜੀਦਾ ਹੈ? ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਅਤੇ ਗਿਆਨ ਭੰਡਾਰੇ ਰਾਹੀਂ ਇਸ ਦੀ ਸਵਿਸਥਾਰ ਵਿਆਖਿਆ ਕੀਤੀ ਹੈ। ਸਹਿਜ ਸਮਾਧ ਜਾਂ ਆਤਮ ਰਸ ਦਾ ਬਖਾਨ ਵੀ ਓਹੀ ਕਰ ਸਕਦਾ ਹੈ ਜਿਸ ਨੇ ਆਤਮ ਰਸ ਮਾਣਿਆ ਹੁੰਦਾ ਹੈ। ਇਹ ਲਿਖਤ ਪੜ੍ਹ ਕੇ ਹਰੇਕ ਪਾਠਕ ਨੂੰ ਪੂਰਾ ਨਿਸ਼ਚਾ ਹੋ ਜਾਂਦਾ ਹੈ ਕਿ ਇਸ ਲੇਖ ਦੇ ਕਰਤਾ ਨੇ ਨਿਰਸੰਦੇਹ ਸਤਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੈ ਅਤੇ ਸਹਿਜ ਸਮਾਧ ਦਾ ਅਨੰਦ ਮਾਣਿਆ ਹੈ। ਮਹਾਂਪੁਰਸ਼ ਸਦਾ ਹੀ ਅਨੁਭਵ ਵਿਚੋਂ ਬੋਲਦੇ ਤੇ ਲਿਖਦੇ ਹਨ। ਪਾਠਕਾਂ ਨੂੰ ਪੁਸਤਕ ਵਿਚ ਪ੍ਰਾਪਤ ਸਾਮਗਰੀ ਹਲੂਣਦੀ ਹੈ, ਸੁਤਿਆਂ ਨੂੰ ਜਗਾਉਂਦੀ ਹੈ, ਜੀਵਨ ਕਰੱਤਵ ਦੀ ਪਹਿਚਾਣ ਬਖਸ਼ਦੀ ਹੈ, ਮਾਰਗ ਦਰਸ਼ਨ ਕਰਦੀ ਹੈ ਅਤੇ ਛੋਟੇ ਬਾਲ ਵਾਂਗ ਉਂਗਲ ਫੜ ਕੇ ਬਿਖੜੇ ਪੈਂਡੇ ਤੇ ਚੱਲਣ ਦਾ ਸਾਹਸ ਤੇ ਬਲ ਬਖਸ਼ਦੀ ਹੈ। ਇਹੋ ਇਸ ਪੁਸਤਕ ਦਾ ਗੁਣ ਤੇ ਸਾਰਥਕਤਾ ਹੈ।

***ਡਾ. ਜਗਜੀਤ ਸਿੰਘ***

***ਮੁੱਖ ਸੰਪਾਦਕ***

***ਆਤਮ ਮਾਰਗ***

### ਭਾਗ-੧

## ਤਤਕਰਾ


| | | |
|---|---|---|
| 1. | ਗੋਬਿੰਦ ਭਾਉ ਭਗਤਿ ਦਾ ਭੁਖਾ | 13-53 |
| 2. | ਭਗਤ ਬੇਣੀ ਜੀ | 54-88 |
| 3. | ਤਾਂਘਦੇ ਸਾਧਕ | 107-145 |
| 4. | ਸਿੱਖੀ ਕਮਾਉਣੀ ਔਖੀ | 146-190 |
| 5. | ਪੰਚ ਪਰਵਾਣ | 191-206 |
| 6. | ਜਿਸਦੈ ਹੋਵੈ ਵਲਿ ਸੁ ਕਦੇ ਨ ਹਾਰਦਾ | 234-315 |


### ਭਾਗ-੨

## ਤੱਤਕਰਾ


| | | |
|---|---|---|
| 1. | ਦੋ ਸ਼ਬਦ | 317-322 |
| 2. | ਪ੍ਰਾਕਥਨ | 323-328 |
| 3. | ਨਾਮ ਮਹਿਮਾ | 329-368 |
| 4. | ਸਰਬ ਰੋਗ ਕਾ ਅਉਖਦੁ ਨਾਮੁ | 329-390 |
| 5. | ਮੈਂ ਨਾਹੀਂ | 391-435 |
| 6. | ਕਰਿ ਚਾਨਣੁ ਸਾਹਿਬ ਤਉ ਮਿਲੈ | 436-480 |
| 7. | ਜੇਹਾ ਮਨੋਰਥ ਕਰਿ ਆਰਾਧੈ ਸੋ ਸੰਤਨ ਤੇ ਪਾਵੈ | 481-537 |
| 8. | ਨਾਨਕ ਨਾਮੁ ਸੁਖਾਲਾ | 537-592 |

# ਗੋਬਿੰਦ ਭਾਉ ਭਗਤਿ ਦਾ ਭੁਖਾ

ਸ਼ਾਨ ..................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ -2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2, 2.*
*ਪ੍ਰਭ ਸਭ ਕਿਛੁ ਤੇਰਾ ਜੀ, .......... -2.*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨਹੇਰਾ॥ ਪੰਨਾ - 827*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਕਈ ਬਿਰਤੀਆਂ ਐਸੀਆਂ ਹਨ ਮਨ ਦੇ ਅੰਦਰ ਜੋ ਧਿਆਨ ਨਹੀਂ ਲੱਗਣ ਦਿੰਦੀਆਂ, ਏਧਰ ਓਧਰ ਆਦਮੀ ਦੇਖਦਾ ਹੈ, ਇਸ ਤਰ੍ਹਾਂ ਹਰੀ ਦੇ ਨਾਮ ਦਾ ਰਸ, ਵਾਹਿਗੁਰੂ ਦਾ ਧਿਆਨ ਮਨ ਵਿਚ ਨਹੀਂ ਆਇਆ ਕਰਦਾ। ਸੋ ਉਨ੍ਹਾਂ ਬਿਰਤੀਆਂ ਨੂੰ ਇਕਾਗਰ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ। ਸੋ ਜਿੰਨਾ-ਕੁ ਆਪਾਂ ਨੂੰ ਸਮਾਂ ਪ੍ਰਾਪਤ ਹੋਇਆ ਹੈ ਇਸ ਦੇ ਵਿਚ ਗੁਰਬਾਣੀ ਦੇ ਸਿਧਾਂਤ ਸਮਝਣ ਦਾ ਯਤਨ ਕਰੋ। ਬਾਰ-

ਬਾਰ ਸਮਾਂ ਹੱਥ ਨਹੀਂ ਆਇਆ ਕਰਦਾ, ਮਨੁੱਖਾ ਜਨਮ ਬਹੁਤ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ। ਇਕ ਉਹ ਨੇ ਜਿਹੜੇ ਜਨਮ ਹਾਰ ਕੇ ਇਥੋਂ ਚਲੇ ਜਾਂਦੇ ਨੇ। ਇਥੇ ਦੁਨੀਆਂ ਵਿਚ ਤਾਂ ਜ਼ੋਰ ਚਲ ਸਕਦੇ ਨੇ, ਉਥੇ ਦਰਗਾਹ ਵਿਚ ਜ਼ੋਰ ਨਹੀਂ ਚਲਦਾ; ਉਥੇ ਕਰਮਾਂ ਦਾ ਹਿਸਾਬ ਹੁੰਦਾ ਹੈ; ਕੀ ਰਾਣਾ, ਕੀ ਪਰਜਾ, ਸ਼ਕਤੀਆਂ ਵਾਲੇ, ਵੱਡੀਆਂ-ਵੱਡੀਆਂ ਰਿਧੀਆਂ ਸਿਧੀਆਂ ਵਾਲੇ ਉਸ ਥਾਂ ਤੇ ਹਾਰ ਜਾਂਦੇ ਨੇ। ਜਿਨ੍ਹਾਂ ਨੂੰ ਕੋਈ ਸੰਸਾਰ ਵਿਚ ਪੁਛਦਾ ਨਹੀਂ ਉਹ ਨਾਮ ਦੇ ਬਲ ਕਰਕੇ ਉਥੇ ਜਿੱਤ ਜਾਂਦੇ ਨੇ। ਠੱਗੀਆਂ-ਠੋਰੀਆਂ ਕਰਨ ਵਾਲਿਆਂ ਨੂੰ ਹਾਰ ਮਿਲਦੀ ਹੈ।

***............. ਹਾਰਿ ਗਏ ਸੇ ਠਗਣ ਵਾਲਿਆ॥***
***ਪੰਨਾ - 463***

ਸੋ ਥੋੜ੍ਹਾ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ। ਇਹ ਮਨੁੱਖ ਦਾ ਜਾਮਾ ਹੈ ਜੋ ਦੇਵਤਿਆਂ ਤੋਂ ਉੱਚਾ ਹੈ। ਇਹ ਜੋ ਦੇਵ ਜੂਨੀਆਂ ਨੇ ਇਨ੍ਹਾਂ ਨੂੰ ਨਾ ਹੀ ਸਤਿਸੰਗ ਪ੍ਰਾਪਤ ਹੈ ਅਤੇ ਨਾ ਹੀ ਇਨ੍ਹਾਂ ਨੂੰ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਇਹ ਕੇਵਲ ਸਵਰਗ ਸੁਖ ਭੋਗਦੇ ਹਨ; ਨਾਮ ਰਸ, ਨਾਮ ਸੁਖ ਦਾ ਇਨ੍ਹਾਂ ਨੂੰ ਗਿਆਨ ਨਹੀਂ। ਇਥੇ ਸੰਸਾਰ 'ਚ ਆ ਕੇ ਜੀਵ ਕਰਮ ਕਰਦਾ ਹੈ। ਸ਼ੁਭ ਕਰਮਾਂ ਦਾ ਫਲ ਸਵਰਗ ਹੋਇਆ ਕਰਦਾ ਹੈ; ਬੁਰਿਆਂ ਕਰਮਾਂ ਦਾ, ਮਾੜਿਆਂ ਕਰਮਾਂ ਦਾ ਫਲ ਨਰਕ ਹੋਇਆ ਕਰਦਾ ਹੈ। ਨਰਕ ਮੰਡਲ ਹੈ ਇਕ ਥਾਂ ਤੇ ਜਿਥੇ ਦੁਖ ਹੀ ਦੁਖ ਹੈ। ਸਵਰਗ ਉਨ੍ਹਾਂ ਮੰਡਲਾਂ ਨੂੰ ਕਹਿੰਦੇ ਨੇ ਜਿਨ੍ਹਾਂ ਦੇ ਵਿਚ ਜਦੋਂ ਜੀਵ ਆਤਮਾ ਚਲੀ ਜਾਂਦੀ ਹੈ, ਪ੍ਰਵੇਸ਼ ਕਰ ਜਾਂਦੀ ਹੈ ਸਰੀਰ ਛੱਡਣ ਤੋਂ ਬਾਅਦ ਜੋ ਸਭ ਤੋਂ ਪਹਿਲਾ ਹੈ ਉਸ ਦੇ ਵਿਚ ਸੌ ਗੁਣਾ ਜ਼ਿਆਦਾ ਸੁਖ ਮਿਲਦਾ ਹੈ ਇਥੋਂ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ, ਥੋੜੇ ਜਿਹੇ ਸ਼ੁਭ ਕਰਮ ਕਰਨ ਨਾਲ ਹੀ, ਉਸ ਦਾ ਨਾਂ 'ਗੰਧਰਵ ਲੋਕ' ਹੈ। ਇਸੇ ਤਰ੍ਹਾਂ ਉਪਰ ਤੋਂ ਉਪਰ ਸੌ-ਸੌ ਗੁਣਾ ਸੁਖ ਵਧਦਾ ਤੁਰਿਆ ਜਾਂਦਾ ਹੈ। ਜੋ ਦੇਵ-ਲੋਕਾਂ ਦੇ ਦੇਵਤੇ ਸੋਚਦੇ ਨੇ ਕਿ ਅਸਾਥੋਂ ਭੁੱਲ ਹੋ ਗਈ, ਜੇ ਸਾਨੂੰ ਪਤਾ ਹੁੰਦਾ ਕਿ ਮਾਨਸ ਦੇਹੀ ਦਾ ਫਲ ਬਹੁਤ ਉਤਮ ਹੈ ਤੇ ਸਭ ਤੋਂ ਵੱਡੇ ਓਸ ਮੰਡਲ ਵਿਚ ਜਾ ਸਕਦੇ ਹਾਂ ਜਿਥੇ ਜਾ ਕੇ ਫੇਰ ਨਹੀਂ ਪਹੁੰਚਦਾ। ਇਹ ਜੋ ਦੇਵ ਲੋਕ ਨੇ ਇਨ੍ਹਾਂ ਵਿਚ ਕਾਲ ਵਿਆਪਕ ਹੁੰਦਾ ਹੈ-ਦੇਵਤੇ ਵੀ ਮਰਦੇ ਨੇ, ਦੇਵ ਲੋਕ ਵਿਚ ਜਾਣ ਵਾਲੇ ਵੀ ਮਰਦੇ ਨੇ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ-

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***
***(ਅਕਾਲ ਉਸਤਤਿ)***

ਸੌਲਾਂ ਕਰੋੜ ਖਰਬ ਸਾਲ ਸ਼ਿਵ ਜੀ ਦੀ ਉਮਰ ਹੁੰਦੀ ਹੈ, ਸੌਲਾਂ ਲੱਖ ਖਰਬ ਸਾਲ ਬ੍ਰਹਮਾ ਦੀ ਉਮਰ ਹੁੰਦੀ ਹੈ। ਕਹਿਣ ਨੂੰ ਬਹੁਤ ਵੱਡੀ ਬਾਤ ਹੈ। ਇਕ ਬ੍ਰਹਮਾ ਦੀ ਉਮਰ ਦੇ ਵਿਚ 36500 (ਛੱਤੀ ਹਜ਼ਾਰ ਪੰਜ ਸੌ) ਵਾਰੀ ਧਰਤੀ ਖਤਮ ਹੋ ਜਾਂਦੀ ਹੈ ਤੇ ਮੁੜ ਕੇ ਫੇਰ ਬਣਦੀ ਹੈ। ਯਾਨੀ ਉਹ 36500 ਵਾਰੀ ਦੇਖ ਲੈਂਦਾ ਹੈ। ਜੋ ਸ਼ਿਵ ਜੀ ਦੀ ਉਮਰ ਹੈ ਉਹ ਉਸ

ਵਿਚ 50,000 (ਪੰਜਾਹ ਹਜ਼ਾਰ) ਵਾਰੀ ਏਸ ਧਰਤੀ ਨੂੰ ਬਣਦੀ ਤੇ ਨਸ਼ਟ ਹੁੰਦੀ ਦੇਖ ਲੈਂਦਾ ਹੈ। ਰਹਿੰਦਾ ਨਹੀਂ ਕੋਈ ਸੰਸਾਰ ਦੇ ਉਤੇ ਪਰ ਇਹ ਮਨੁੱਖ ਹੈ ਜਿਸ ਨੂੰ ਇਹ ਪਦਵੀ ਪ੍ਰਾਪਤ ਹੋ ਸਕਦੀ ਹੈ ਕਿ ਇਕ ਵਾਰੀ ਮਰਨ ਤੋਂ ਬਾਅਦ ਉਹ ਵੀ ਜੇ ਜੀਉਂਦਾ ਮਰੇ, ਜੇ ਗੁਰੂ ਦੇ ਚਰਨਾਂ ਵਿਚ ਆ ਕੇ ਆਪਣੀ ਹਉਮੈ ਨੂੰ ਮਾਰ ਦੇਵੇ ਤਾਂ ਉਹ ਉਸ ਸਚਖੰਡ ਦੇ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਹੈ ਜਿਥੇ ਮੌਤ ਨਹੀਂ ਹੈ, ਬੁਢਾਪਾ ਨਹੀਂ ਹੈ, ਕੋਈ ਦੁਖ ਨਹੀਂ ਹੈ ਜਿਸ ਨੂੰ –

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥***
***ਪੰਨਾ – 345***

ਐਸਾ ਥਾਂ ਉਸ ਨੂੰ ਪ੍ਰਾਪਤ ਹੋ ਜਾਇਆ ਕਰਦਾ ਹੈ। ਸੋ ਐਸੀ ਵਾਰੀ ਜੋ ਸਾਨੂੰ ਮਿਲੀ ਹੈ, ਆਹ ਜਨਮ ਜੋ ਮਨੁੱਖ ਦਾ ਪ੍ਰਾਪਤ ਹੋਇਆ ਹੈ ਉਹ ਏਸ ਕੰਮ ਦੇ ਵਾਸਤੇ ਸਾਨੂੰ ਪ੍ਰਾਪਤ ਹੋਇਆ ਹੈ। ਇਕਨਾ ਨੂੰ ਤਾਂ ਪਤਾ ਲੱਗ ਗਿਆ, ਇਕ ਐਸੇ ਬੇਸੁਧ ਬੰਦੇ ਨੇ ਜਿਨ੍ਹਾਂ ਦਾ ਜਨਮ ਐਵੇਂ ਹੀ ਬਤੀਤ ਹੋ ਜਾਂਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਉਹ ਸਿਧਾਂਤ ਕੱਢੇ ਹੋਏ ਨੇ ਕਿ ਜਿਨ੍ਹਾਂ ਨੂੰ ਕਰਕੇ ਆਦਮੀ ਕਾਮਯਾਬ ਹੋ ਸਕਦਾ ਹੈ। ਜਿਵੇਂ ਜ਼ਮੀਨ ਦੇ ਵਿਚ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਨਮੀ ਹੋਵੇ, ਫੇਰ ਉਸ ਦੇ ਵਿਚ ਤਾਕਤ ਹੋਵੇ neutrant ਪੂਰੇ ਸੌਲਾਂ ਹੀ ਉਸ ਦੇ ਵਿਚ ਹੋਣ ਤਾਂ ਪੂਰੀ ਫਸਲ ਉਗਦੀ ਹੈ। ਜਿਸ ਤਰ੍ਹਾਂ ਦੇ ਨਾਲ ਧਰਤੀ ਦੇ ਵਿਚ ਸਭ ਤੋਂ ਜ਼ਰੂਰੀ ਚੀਜ਼ ਹੈ ਕਿ ਇਹ ਕੱਲਰ ਨਹੀਂ ਹੋਣੀ ਚਾਹੀਦੀ, ਇਸ ਦੇ ਵਿਚ ਉਪਜਾਊ ਸ਼ਕਤੀ ਚਾਹੀਦੀ ਹੈ। ਇਸੇ ਤਰ੍ਹਾਂ ਦੇ ਨਾਲ ਇਸ ਸਰੀਰ ਦੇ ਅੰਦਰ ਬੇ-ਪਰਤੀਤ ਨਹੀਂ ਹੋਣੀ ਚਾਹੀਦੀ, ਪਰਤੀਤ ਹੋਣੀ ਚਾਹੀਦੀ ਹੈ ਕਿ ਇਕ-ਇਕ ਬਚਨ ਜੋ ਗੁਰੂ ਮਹਾਰਾਜ ਜੀ ਦਾ ਹੈ ਉਸ ਨੂੰ ਅਸੀਂ ਛੱਡ ਨਹੀਂ ਸਕਦੇ। ਪਹਿਲੀ ਗੱਲ ਹੈ ਕਿ ਮਨ ਵਿਚ ਦ੍ਰਿੜਤਾ ਹੋਵੇ, ਲਗਨ ਹੋਵੇ। ਦੂਸਰੀ ਗੱਲ ਹੈ ਕਿ ਮਨ ਵਿਚ ਚਾਓ ਹੋਵੇ ਕਿ ਮੈਂ ਇਸੇ ਜਨਮ ਦੇ ਅੰਦਰ ਪ੍ਰਭੂ ਤੱਕ ਪਹੁੰਚ ਜਾਣਾ ਹੈ। ਇਨ੍ਹਾਂ ਸਾਰਿਆਂ ਵਾਸਤੇ ਜੋ ਠੀਕ ਆਧਾਰ ਹੈ, ਜਿਵੇਂ ਬੁਨਿਆਦ ਹੁੰਦੀ ਹੈ ਮਕਾਨ ਦੀ। ਜੇ ਬੁਨਿਆਦ ਕੱਚੀ ਹੋਵੇ ਤਾਂ ਮਕਾਨ ਗਿਰ ਜਾਏਗਾ, ਵੱਡਾ ਮਕਾਨ ਵੀ ਨਹੀਂ ਬਣੇਗਾ, ਢਹਿ ਜਾਏਗਾ, ਕੰਧ ਗਿਰ ਜਾਏਗੀ, ਜੇ ਬੁਨਿਆਦ ਪੱਕੀ ਹੈ ਤਾਂ ਭਾਵੇਂ ਕਿੱਡਾ ਹੀ ਮਹੱਲ ਉਸਾਰ ਲਓ। ਸੋ ਜੋ ਬੁਨਿਆਦ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ, ਭਜਨ ਕਰਨ ਵਾਸਤੇ ਉਸ ਨੂੰ ਕਹਿੰਦੇ ਨੇ ਕਿ ਉਸ ਦੇ ਮਨ ਵਿਚ ਪ੍ਰਤੀਤ ਹੋਣੀ ਚਾਹੀਦੀ ਹੈ, ਭਰੋਸਾ ਹੋਣਾ ਚਾਹੀਦਾ ਹੈ, ਭਰੋਸੇ ਤੋਂ ਬਗੈਰ ਨਹੀਂ ਚਲਦਾ। ਉਸ ਦੇ ਬਾਰੇ ਮਹਾਰਾਜ ਜੀ ਨੇ ਏਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ –

***ਧਾਰਨਾ – ਗੁਰ ਕੀ ਪਰਤੀਤ ਜੀ***
***ਜਿਸ ਦੇ ਮਨ ਵਿਚ ਹੈ ਭਾਈ –2, 2.***

***ਜਾ ਕੈ ਮਨਿ ਗੁਰ ਕੀ ਪਰਤੀਤਿ॥***

***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***
***ਪੰਨਾ - 283***

ਜੋ ਮਹਾਰਾਜ ਜੀ ਦਾ ਬਚਨ ਹੈ ਇਹ ਸ਼ਰਤ ਵਾਲਾ ਬਚਨ ਹੈ ਕਿ ਜੇ ਆਹ ਚੀਜ਼ ਕਰੋਗੇ ਤਾਂ ਆਹ ਚੀਜ਼ ਤੁਹਾਨੂੰ ਮਿਲ ਜਾਏਗੀ। ਮਹਾਰਾਜ ਜੀ ਕਹਿੰਦੇ ਹਨ ਕਿ ਜਿਸ ਦੇ ਮਨ ਵਿਚ ਪਰਤੀਤ ਹੈ, ਭਰੋਸਾ ਹੈ ਉਸ ਨੂੰ ਵਾਹਿਗੁਰੂ ਚਿੱਤ ਆਉਂਦਾ ਹੈ, ਜਿਸ ਦੇ ਮਨ ਵਿਚ ਪਰਤੀਤ ਨਹੀਂ ਉਸ ਨੂੰ ਵਾਹਿਗੁਰੂ ਚਿੱਤ ਨਹੀਂ ਆਉਂਦਾ। ਜੇ ਵਾਹਿਗੁਰੂ ਚਿੱਤ ਆਵੇ ਤਾਂ ਅੰਦਰੋਂ ਹਿਰਦਾ ਨਵਾਂ-ਨਰੋਆ ਹੋ ਜਾਂਦਾ ਹੈ, ਹਰਾ ਹੋ ਜਾਂਦਾ ਹੈ। ਜੇ ਪਰਤੀਤ ਨਾ ਹੋਵੇ ਤਾਂ ਹਰਾ ਨਹੀਂ ਰਹਿੰਦਾ, ਉਹ ਜਲ ਜਾਇਆ ਕਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ॥***
***ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ॥***

***ਪੰਨਾ - 640***

ਜਦੋਂ ਜੀਉੜਾ ਹੀ ਜਲ ਗਿਆ, ਧਰਤੀ ਹੀ ਜਲ ਗਈ ਤਾਂ ਜਲੀ ਹੋਈ ਧਰਤੀ ਵਿਚ ਤੁਸੀਂ ਆਪ ਹੀ ਸੋਚੋ ਕੁਝ ਪੈਦਾ ਹੁੰਦਾ ਹੈ? ਕੋਈ ਚੀਜ਼ ਨਹੀਂ ਉਗਦੀ। ਜਿਸ ਹਿਰਦੇ ਦੇ ਵਿਚ ਵਾਹਿਗੁਰੂ ਬਾਰੇ ਸ਼ੱਕ ਹੈ, ਗੁਰੂ ਬਾਰੇ ਸ਼ੱਕ ਹੈ, ਉਥੇ ਨਾਮ ਨਹੀਂ ਚੱਲਿਆ ਕਰਦਾ, ਨਾ ਕੋਈ ਚੀਜ਼ ਹਰੀ ਹੋਇਆ ਕਰਦੀ ਹੈ ਜਿਸ ਨੂੰ ਰੂਹਾਨੀਅਤ ਕਹਿੰਦੇ ਨੇ। ਉਥੇ ਫਲਦੀ ਨਹੀਂ ਹੈ। ਗੁਰਬਾਣੀ ਅਨੁਸਾਰ ਪੂਰਨ ਪਦ ਦੀ ਪ੍ਰਾਪਤੀ ਲਈ ਪ੍ਰਫੁਲਤ ਭਰੋਸੇ ਵਾਲੇ ਹਿਰਦੇ ਦੀ ਆਵਸ਼ਕਤਾ ਹੈ। ਕਿਉਂਕਿ ਹਿਰਦਾ ਸੁਕਿਆ ਹੋਇਆ ਹੈ, ਜਲਿਆ ਹੋਇਆ ਹਿਰਦਾ ਹੈ, ਭਰੋਸਾ ਨਹੀਂ, ਉਸ ਦੇ ਮਨ ਵਿਚ ਪ੍ਰਤੀਤ ਨਹੀਂ ਹੁੰਦੀ। ਗੁਰੂ ਦੇ ਬਚਨ ਨੂੰ ਹਿਰਦੇ ਵਿਚ ਠਹਿਰਾ ਨਹੀਂ ਸਕਦਾ। ਜਦੋਂ ਗੁਰੂ ਦਾ ਬਚਨ ਹਿਰਦੇ ਵਿਚ ਨਹੀਂ ਠਹਿਰਦਾ ਫੇਰ ਉਥੇ ਕੁਝ ਫਲੇਗਾ ਕਿਵੇਂ? ਸੋ ਮਨ ਵਿਚ ਪਰਤੀਤ ਦਾ ਆਉਣਾ ਜ਼ਰੂਰੀ ਹੈ। 'ਮਨ' ਅੱਖਰ ਗੁਰੂ ਗ੍ਰੰਥ ਸਾਹਿਬ ਦੇ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਕਈ ਥਾਵਾਂ ਤੇ ਆਉਂਦਾ ਹੈ ਕਿ ਮਨ ਪ੍ਰਫੁਲਤ ਹੋ ਗਿਆ, ਖਿੜ ਗਿਆ, ਖੁਸ਼ ਹੋ ਗਿਆ, ਕਈ ਥਾਵਾਂ ਤੇ ਆਉਂਦਾ ਹੈ ਕਿ ਮਨ ਉਦਾਸ ਹੋ ਗਿਆ। ਮਨ ਉਦਾਸ ਨਹੀਂ ਹੋਇਆ ਕਰਦਾ, ਉਦਾਸ ਚਿੱਤ ਹੋਇਆ ਕਰਦਾ ਹੈ। ਇਥੇ ਮਨ, ਚਿੱਤ ਨੂੰ ਕਿਹਾ ਗਿਆ ਹੈ ਤੇ ਸਮੁੱਚੇ ਨਾਲ ਜਦੋਂ ਇਸ ਦੇ ਵਿਚ 'ਮੈਂ' ਭਾਵ ਬਣ ਜਾਂਦਾ ਹੈ ਫੇਰ ਸਾਰੇ ਨੂੰ ਵੀ ਕਈ ਵਾਰ 'ਮਨ' ਕਹਿੰਦੇ ਨੇ। ਸੋ ਸਮੇਂ-ਸਮੇਂ ਸਿਰ ਪ੍ਰਸੰਗ ਦੇ ਮੁਤਾਬਿਕ ਮਨ ਦੇ ਅਰਥ ਨੇ। ਸਾਡਾ ਮਤਲਬ ਸਾਰਾ ਮਨ ਨਾਲ ਹੈ। ਜੇ ਮਨ ਮੰਨ ਜਾਵੇ ਫੇਰ ਤਾਂ ਸਾਰਾ ਕੁਝ ਹੋ ਗਿਆ, ਜੇ ਮਨ ਨਾ ਮੰਨਿਆ ਤਾਂ ਆਉਣਾ-ਜਾਣਾ, ਫਿਰਨਾ ਤੁਰਨਾ, ਬਾਣੀ ਪੜ੍ਹਨੀ, ਪਾਠ ਕਰਨੇ ਸਭ ਪੂਰਾ ਫਲ ਨਹੀਂ ਦਿੰਦੇ। ਜਦੋਂ ਧਰਤੀ ਵਿਚ ਉਪਜਾਊ ਸ਼ਕਤੀ ਹੀ ਨਹੀਂ ਹੈ ਤਾਂ ਪੈਦਾ ਕੀ ਹੋਣਾ ਹੈ? ਇਸੇ ਤਰ੍ਹਾਂ ਜੇ ਮਨ ਨਹੀਂ ਮੰਨਦਾ

ਤਾਂ ਉਹ ਕੇਵਲ ਕੋਹਲੂ ਦੇ ਬੈਲ ਵਾਲੀ ਗੱਲ ਹੋਇਆ ਕਰਦੀ ਹੈ। ਖੋਪੇ ਲੱਗੇ ਹੋਏ ਨੇ ਸਾਰਾ ਦਿਨ ਘੁੰਮਦਾ ਹੈ। ਜਦੋਂ ਦੇਖਦਾ ਹੈ ਖੋਪੇ ਲਹਿਣ ਤੋਂ ਬਾਅਦ ਤਾਂ ਉਥੇ ਦਾ ਉਥੇ ਖੜ੍ਹਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਸਾਡਾ ਮਨ ਨਹੀਂ ਮੰਨਦਾ ਤਾਂ ਤਰੱਕੀ ਨਹੀਂ ਹੋਇਆ ਕਰਦੀ ਕੋਈ ਵੀ। ਸੋ ਪਹਿਲਾਂ ਜ਼ਰੂਰੀ ਹੈ ਕਿ ਮਨ ਨੂੰ ਮਨਾਓ ਕਿਉਂਕਿ ਮਨ ਨਾਲ ਕੰਮ ਹੈ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***

***ਪੰਨਾ – 342***

ਸੋ ਮਨ ਨੂੰ ਸਾਧਣਾ ਜ਼ਰੂਰੀ ਹੈ, ਏਸ ਤਰ੍ਹਾਂ ਪੜ੍ਹ ਲਓ ਸਾਰੇ –

***ਧਾਰਨਾ – ਸਾਧ ਪਿਆਰਿਆ,***
***ਪਹਿਲਾਂ ਮਨ ਆਪਣੇ ਨੂੰ –2, 2.***
***ਮਨ ਆਪਣੇ ਨੂੰ,***
***ਪਹਿਲਾਂ ਮਨ ਆਪਣੇ ਨੂੰ –2, 2.***
***ਸਾਧ ਪਿਆਰਿਆ,..........................–2***

ਸੋ ਮਨ ਦੇ ਵਿਚ ਜੇ ਪਰਤੀਤ ਹੈ, ਮਨ ਮੰਨਦਾ ਹੈ ਤਾਂ ਗੱਲ ਅੱਗੇ ਚਲਦੀ ਹੈ ਜੇ ਮਨ ਨੇ ਹੀ ਨਹੀਂ ਮੰਨਣਾ – ਪੜ੍ਹੀ ਜਾਹ, ਲਿਖੀ ਜਾਹ, ਦਾਨ ਕਰੀ ਜਾਹ, ਪਾਠ ਕਰੀ ਜਾਹ ਇਨ੍ਹਾਂ ਦਾ ਫਲ ਤਾਂ ਮਿਲੀ ਜਾਏਗਾ ਪਰ ਜਿਥੇ ਜਾਣਾ ਚਾਹੁੰਦਾ ਹੈ ਉਹ ਚੀਜ਼ ਨਹੀਂ ਪ੍ਰਾਪਤ ਹੁੰਦੀ ਕਿਉਂਕਿ ਮੰਨ ਨਹੀਂ ਰਿਹਾ। ਇਸ ਨੂੰ ਏਸ ਤਰ੍ਹਾਂ ਵੀ ਕਹਿ ਦਿੰਦੇ ਨੇ ਕਿ ਮਨ ਆਪਣੀ ਮੱਤ ਕਰਦਾ ਹੈ। ਐਸੀਆਂ ਛੋਟੀਆਂ–ਛੋਟੀਆਂ ਸਾਖੀਆਂ ਨੇ ਜਿਨ੍ਹਾਂ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਮਨ ਮੰਨਣ ਦਾ ਅਰਥ ਕੀ ਹੈ। ਇਨ੍ਹਾਂ ਸਾਖੀਆਂ ਨੂੰ ਇਸ ਤਰ੍ਹਾਂ ਜਾਨਣ ਦੀ ਲੋੜ ਨਹੀਂ ਹੁੰਦੀ ਕਿ ਇਹ ਕਿਥੇ ਲਿਖੀ ਹੋਈ ਹੈ? ਕਿਸ ਨੇ ਲਿਖੀ ਹੈ? ਇਹ ਤਾਂ ਅਨੁਭਵੀ ਮਹਾਂਪੁਰਸ਼ਾਂ ਦੇ ਸਮਝਾਉਣ ਦਾ ਯਤਨ ਹੁੰਦਾ ਹੈ, ਵੈਸੇ ਉਹ ਹੋ ਵੀ ਜਾਂਦਾ ਹੈ। ਕੋਈ ਐਸੀ ਬਾਤ ਨਹੀਂ ਕਿ ਉਹ ਨਾ ਹੋਵੇ।

ਇਕ ਸਾਖੀ ਐਸੀ ਆਉਂਦੀ ਹੈ ਅਧਿਆਤਮਵਾਦ ਦੇ ਅੰਦਰ ਕਿ ਇਕ ਪੰਡਤ ਕਥਾ ਕਰ ਰਹੇ ਨੇ। ਬੜੀ ਸੰਗਤ ਆਉਂਦੀ ਹੈ, ਬੜੇ ਵਿਦਵਾਨ ਪੁਰਖ ਕਥਾ ਸੁਣਦੇ ਨੇ। ਉਸ ਥਾਂ ਤੇ ਇਕ ਬੀਬੀ ਰੋਜ਼ ਦੁਧ ਲੈ ਕੇ ਲੰਘਦੀ ਹੈ, ਬਜ਼ਾਰ ਵਿਚ ਵੇਚਣ ਵਾਸਤੇ ਤੇ ਰੋਜ਼ ਗਰਦਨ ਮੋੜ ਕੇ ਦੇਖਦੀ ਹੈ ਕਿ ਬੜੇ ਬੰਦੇ ਬੈਠੇ ਨੇ ਕੁਝ ਬੋਲਿਆ ਜਾ ਰਿਹਾ ਹੈ, ਨਾਲ ਮਨ ਵਿਚ ਇਹ ਵੀ ਕਹਿੰਦੀ ਹੈ ਕਿ ਮੈਨੂੰ ਤਾਂ ਫੁਰਸਤ ਨਹੀਂ, ਜੇ ਫੁਰਸਤ ਮਿਲ ਜਾਵੇ ਤਾਂ ਘੜੀ–ਦੋ ਘੜੀ ਬੈਠ ਕੇ ਮੈਂ ਵੀ ਏਸ ਗੱਲ ਨੂੰ ਸੁਣ ਲਵਾਂ ਕਿ ਕੀ ਕਹਿੰਦੇ ਨੇ? ਜੇ ਮੇਰੀ ਸਮਝ ਆ ਜਾਵੇ, ਚੰਗੀ ਗੱਲ ਹੋਵੇ ਤਾਂ ਮੈਂ ਮੰਨ ਵੀ ਜਾਵਾਂ।

ਅੱਜ ਉਹ ਦੁੱਧ ਛੇਤੀ–ਛੇਤੀ ਵੇਚ ਕੇ ਆਈ ਤਾਂ ਅਜੇ ਕਥਾ ਹੋ ਰਹੀ ਹੈ। ਉਸ ਕਥਾ ਵਿਚ ਦਸਿਆ ਕਿ ਆਦਮੀ ਨੂੰ ਸਰੀਰ ਛੱਡਣ ਤੋਂ ਬਾਅਦ ਜੋ ਭਵਜਲ

ਤਰਨਾ ਪੈਂਦਾ ਹੈ ਉਹ ਬਹੁਤ ਬਿਖੜਾ ਹੈ ਜਿਹੜਾ ਤਰਿਆ ਨਹੀਂ ਜਾਂਦਾ।

***ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰੋ ਤਾਰਣਹਾਰੇ॥***

***ਪੰਨਾ - 613***

ਕਹਿੰਦੇ ਉਸ ਦੀਆਂ ਲਹਿਰਾਂ ਅਥਾਹ ਨੇ, ਉੱਚੀਆਂ ਕਿੰਨੀਆਂ ਨੇ ਕੋਈ ਪਤਾ ਨਹੀਂ ਤੇ ਅੱਗ ਦਾ ਉਬਲਦਾ ਸਾਗਰ ਹੈ। ਐਸੇ ਸਾਗਰ ਦੇ ਵਿਚੋਂ ਤਰਨ ਵਾਸਤੇ ਪ੍ਰਮੇਸ਼ਰ ਦਾ ਨਾਮ ਸਮਰਥ ਹੈ। ਜੇ ਕੋਈ ਰਾਮ ਦਾ ਨਾਮ ਲੈਂਦਾ ਹੈ ਤਾਂ ਉਹ ਇਸ ਸਾਗਰ ਦੇ ਵਿਚੋਂ ਤਰ ਜਾਂਦਾ ਹੈ, ਡੁਬਦਾ ਨਹੀਂ।

ਮਨ ਵਿਚ ਵਿਚਾਰ ਕਰੀ ਕਿ ਐਸਾ ਸਾਗਰ ਇਸ ਦੇ ਵਿਚ ਬੰਦਾ ਰਾਮ ਦਾ ਨਾਮ ਲਏ ਤੇ ਡੁਬਦਾ ਨਹੀਂ। ਗੱਲ ਤਾਂ ਸਿੱਧੀ ਹੀ ਦੱਸ ਦਿੱਤੀ ਕਿ ਇਕ ਮੰਤਰ ਹੈ 'ਰਾਮ' ਦਾ। ਜੇ ਓਸ ਨੂੰ ਜਪਿਆ ਜਾਵੇ ਤਾਂ ਉਹ ਸਾਗਰ ਤਰ ਜਾਂਦਾ ਹੈ ਤੇ ਨਾਲ ਇਹ ਵਿਚਾਰ ਆਈ ਕਿ ਮੇਰੇ ਰਸਤੇ ਵਿਚ ਤਾਂ ਇਕ ਛੋਟੀ ਜਿਹੀ ਨਦੀ ਆਉਂਦੀ ਹੈ ਦਸ-ਵੀਹ ਕਦਮ ਦੀ ਤੇ ਮੈਂ ਪੁਲ ਦੇ ਉਤੋਂ ਦੀ ਲੰਘਣ ਵਾਸਤੇ ਜਦੋਂ ਮੈਂ ਜਾਂਦੀ ਹਾਂ ਤਾਂ ਚਾਰ ਮੀਲ ਹੋਰ ਫਰਕ ਪੈ ਜਾਂਦਾ ਹੈ। ਮੱਥਾ ਟੇਕ ਦਿੱਤਾ ਕਿ ਮੈਨੂੰ ਐਸੇ ਮੰਤਰ ਦੀ ਸੋਝੀ ਪੈ ਗਈ ਕਿ ਮੇਰਾ ਤਾਂ ਕੰਮ ਹੀ ਸੁਖਾਲਾ ਹੋ ਗਿਆ। ਉਸੇ ਵੇਲੇ ਰਾਮ-ਰਾਮ ਕਰਨਾ ਸ਼ੁਰੂ ਕਰ ਦਿੱਤਾ, ਦਿਨ ਰਾਤ ਰਾਮ-ਰਾਮ ਕਰਦੀ ਹੈ ਕਿਉਂਕਿ ਪੰਡਤ ਜੀ ਨੇ ਕਿਹਾ ਸੀ ਕਿ ਦਿਨ ਰਾਤ ਰਾਮ-ਰਾਮ ਕਰੀਂ ਜਾਵੇ।

ਜਦੋਂ ਆਦਮੀ ਦਿਨ ਨੂੰ ਕਰਦਾ ਹੈ ਤਾਂ ਰਾਤ ਨੂੰ ਵੀ ਹੋਣ ਲੱਗ ਜਾਂਦਾ ਹੈ। ਐਸੀ ਅਵਸਥਾ ਹੁੰਦੀ ਹੈ ਕਿ ਬੰਦਾ ਚੌਵੀ ਘੰਟੇ ਨਾਮ ਜਪ ਸਕਦਾ ਹੈ। ਤਾਂ ਕਈ ਪ੍ਰੇਮੀ ਕਹਿੰਦੇ ਨੇ ਕਿ ਸੌਂਦਾ ਕਿਹੜੇ ਵੇਲੇ ਹੈ? ਅਸਲ ਵਿਚ ਸੌਂਦਾ ਸਰੀਰ ਹੈ ਤੇ ਸੁਰਤ ਅੰਦਰੋਂ ਜਾਗਦੀ ਹੁੰਦੀ ਹੈ। ਕਮਜ਼ੋਰ ਸੁਰਤ ਸੁਪਨੇ ਲੈਂਦੀ ਹੈ। ਸੁਪਨਿਆਂ ਦੇ ਵਿਚ ਜਾਗਰਤ ਹੁੰਦੀ ਹੈ ਪਰ ਸੋਝੀ ਨਹੀਂ ਹੋਇਆ ਕਰਦੀ, ਪਤਾ ਨਹੀਂ ਹੋਇਆ ਕਰਦਾ। ਧਨ ਪਿਆ ਹੈ ਸਿਰ੍ਹਾਣੇ ਥੱਲੇ। ਸੁਪਨਾ ਆ ਜਾਵੇ ਕਿ ਪਾਣੀ ਪੀਣਾ ਹੈ ਤੇ ਦੋ ਪੈਸੇ ਨੂੰ ਗਿਲਾਸ ਮਿਲਦਾ ਹੈ। ਦਸ ਹਜ਼ਾਰ ਰੁਪਿਆ ਸਿਰ੍ਹਾਣੇ ਰੱਖ ਕੇ ਸੁੱਤਾ ਹੈ; ਦੋ ਪੈਸੇ ਮਿਲਦੇ ਨਹੀਂ ਕਿਤੋਂ, ਪਿਆਸਾ ਮਰਦਾ ਫਿਰਦਾ ਹੈ ਕਿਉਂਕਿ ਭੁੱਲ ਚੁਕਿਆ ਹੈ ਕਿ ਮੇਰੇ ਸਿਰ੍ਹਾਣੇ ਧਨ ਪਿਆ ਹੈ ਪਰ ਜਿਹੜੀ ਨਾਮ ਵਾਲੀ ਸੁਰਤ ਹੁੰਦੀ ਹੈ ਉਹ ਜਾਗਦੀ ਹੈ। ਉਹ ਐਸੀ ਸੋਹਣੀ ਹੁੰਦੀ ਹੈ ਕਿ ਜੋ ਬਾਣੀ ਜਾਗਦਾ ਹੋਇਆ ਸ਼ੁਧ ਨਹੀਂ ਪੜ੍ਹ ਸਕਦਾ, ਉਹ ਸੌਂ ਕੇ ਸ਼ੁੱਧ ਪੜ੍ਹ ਲੈਂਦਾ ਹੈ। ਐਸੀਆਂ ਅਵਸਥਾਵਾਂ ਨਾਮ ਜਪਣ ਵਾਲਿਆਂ ਨੂੰ ਸਹਿਜੇ ਹੀ ਅਨੁਭਵ ਹੋ ਜਾਇਆ ਕਰਦੀਆਂ ਹਨ।

ਸੋ ਬੀਬੀ ਨੇ ਦਿਨ-ਰਾਤ ਰਾਮ-ਰਾਮ ਕਰਨਾ ਸ਼ੁਰੂ ਕਰ ਦਿੱਤਾ। ਰਾਮ-ਰਾਮ ਐਨਾ ਜ਼ਿਆਦਾ ਕਰ ਲਿਆ ਕਿ ਹੁਣ ਜੇ ਰਾਮ-ਰਾਮ ਨਹੀਂ ਕਰਦੀ ਤਾਂ ਜੀਅ ਨਹੀਂ ਲਗਦਾ, ਉਹ ਰੋਮਾਂ ਵਿਚ ਰਚ ਗਿਆ। ਸਾਢੇ ਤਿੰਨ ਕਰੋੜ ਰੋਮਾਂ ਵਿਚ ਜਾ ਪਹੁੰਚਿਆ ਰਾਮ-ਰਾਮ। ਕੋਈ ਕਰ ਲਓ ਵਾਹਿਗੁਰੂ-ਵਾਹਿਗੁਰੂ ਕਰਕੇ ਦੇਖ ਲਓ। ਇਸ ਦੇ ਵਿਚ ਕੋਈ ਬੰਦਸ਼ ਤਾਂ ਨਹੀਂ ਕਿ ਇਹੋ-ਜਿਹੇ ਕੱਪੜੇ ਹੋਣ ਤਾਂ ਵਾਹਿਗੁਰੂ-ਵਾਹਿਗੁਰੂ ਹੋਏਗਾ, ਇਹੋ ਜਿਹਾ ਮੇਰਾ ਰਹਿਣਾ-

ਸਹਿਣਾ ਹੋਵੇ, ਨਾਂਹ! ਜਿਥੇ ਵੀ ਕੋਈ ਹੈ ਬਸ ਪਰਤੀਤ ਦੀ ਲੋੜ ਹੈ, ਪਰਤੀਤ ਨਾਲ ਕਰਨ ਲੱਗ ਜਾਓ - ਵਾਹਿਗੁਰੂ ਵਾਹਿਗੁਰੂ ਕਰੋ, ਸਾਰੀਆਂ ਬਿਮਾਰੀਆਂ ਦੂਰ ਹੋਣ ਲੱਗ ਜਾਣਗੀਆਂ, ਕੋਈ ਵੀ ਨਹੀਂ ਰਹਿੰਦੀ ਕਿਉਂਕਿ -

***ਸਰਬ ਰੋਗ ਕਾ ਅਉਖਦੁ ਨਾਮੁ॥***
***ਪੰਨਾ - 274***

ਸੋ ਏਸ ਤਰ੍ਹਾਂ ਕਰਦੇ-ਕਰਦੇ ਰਾਮ ਅੰਦਰ ਵਸ ਗਿਆ ਤੇ ਹੁਣ ਪਰਤੀਤੀ ਹੈ ਜਦੋਂ ਨਦੀ ਦੇ ਵਿਚ ਪੈਰ ਧਰਦੀ ਹੈ ਤਾਂ ਪੈਰ ਵੀ ਭਿੱਜਦਾ ਨਹੀਂ, ਉਪਰ ਦੀ ਲੰਘ ਜਾਂਦੀ ਹੈ। ਮਨ ਵਿਚ ਆਇਆ ਕਿ ਜਿਸ ਨੇ ਮੈਨੂੰ ਇਹ ਮੰਤਰ ਦਿੱਤਾ ਹੈ, ਇਹ ਜੁਗਤ ਦੱਸੀ ਹੈ ਕਿਉਂ ਨਾ ਮੈਂ ਉਸ ਨੂੰ ਘਰ ਬੁਲਾ ਕੇ ਪ੍ਰਸ਼ਾਦਾ ਛਕਾਵਾਂ, ਯਥਾ ਸ਼ਕਤ ਮੈਂ ਆਦਰ ਕਰਾਂ, ਕੁਝ ਭੇਟਾ ਕਰਾਂ ਤੇ ਉਨ੍ਹਾਂ ਦੀਆਂ ਖੁਸ਼ੀਆਂ ਲਵਾਂ। ਜਾ ਕੇ ਬੇਨਤੀ ਕੀਤੀ ਤੇ ਜਿਸ ਵਕਤ ਉਨ੍ਹਾਂ ਨੇ ਮੰਨ ਲਿਆ ਕਿ ਚੰਗਾ! ਆਵਾਂਗੇ, ਭਾਈ! ਸਾਨੂੰ ਨਾਲ ਲੈ ਚਲੀਂ, ਰਸਤੇ ਦਾ ਸਾਨੂੰ ਪਤਾ ਨਹੀਂ।

ਸੋ ਬੀਬੀ ਨੇ ਕੰਮ ਮੁਕਾਇਆ, ਅੱਜ ਤਿਆਰੀ ਕੀਤੀ ਛੇਤੀ-ਛੇਤੀ ਤੇ ਜਾ ਕੇ ਪੰਡਤ ਜੀ ਨੂੰ ਕਿਹਾ ਤੇ ਉਹ ਨਾਲ ਤੁਰ ਪੈਂਦੇ ਨੇ ਤੇ ਜਦੋਂ ਨਦੀ ਦੇ ਕੰਢੇ ਆਉਂਦੇ ਨੇ ਤਾਂ ਇਹ ਅਰਾਮ ਨਾਲ ਏਸ ਤਰ੍ਹਾਂ ਲੰਘ ਜਾਂਦੀ ਹੈ ਜਿਵੇਂ ਆਈ ਹੀ ਨਹੀਂ ਹੁੰਦੀ; ਕੋਈ ਵਿਸ਼ੇਸ਼ ਨਹੀਂ ਹੋਇਆ ਕਿਉਂਕਿ ਮਨ ਵਿਚ ਤਾਂ ਨਿਹਚਾ ਸੀ ਕਿ ਇਹ ਭਵਜਲ ਤਰਦਾ ਹੈ ਰਾਮ-ਰਾਮ ਨਾਲ, ਇਹ ਤਾਂ ਨਦੀ ਹੈ ਮਾੜੀ ਜਿਹੀ। ਉਹ ਜਦੋਂ ਪਾਰ ਚਲੀ ਗਈ ਤਾਂ ਪਿਛੇ ਮੁੜ ਕੇ ਦੇਖਦੀ ਹੈ ਤਾਂ ਪੰਡਤ ਜੀ ਓਥੇ ਹੀ ਕੰਢੇ ਤੇ ਖੜ੍ਹੇ ਨੇ, ਨਦੀ ਗਹਿਰੀ ਹੈ। ਪੰਡਤ ਜੀ ਨੇ ਦੇਖ ਲਿਆ ਕਿ ਨਦੀ ਤਾਂ ਬਹੁਤ ਗਹਿਰੀ ਹੈ। ਬੀਬੀ ਨੇ ਆਵਾਜ਼ ਦਿੱਤੀ ਕਿ ਪੰਡਤ ਜੀ! ਤੁਸੀਂ ਆ ਜਾਓ।

ਉਹ ਕਹਿੰਦੇ, "ਬੀਬੀ! ਕੋਈ ਕਿਸ਼ਤੀ, ਕੋਈ ਪੁਲ? ਐਂ ਨਦੀਆਂ ਲੰਘੀਦੀਆਂ ਨੇ?"

ਉਹ ਕਹਿੰਦੀ, "ਕਿਸ਼ਤੀ ਦੀ ਕੀ ਲੋੜ ਹੈ? ਪੁਲ ਦੀ ਕੀ ਲੋੜ ਹੈ? ਪੁਲ ਤਾਂ ਦੋ ਮੀਲ ਉਪਰਲੇ ਪਾਸੇ ਹੈ ਤੇ ਜੇ ਰਾਮ-ਰਾਮ ਭਵਜਲ ਪਾਰ ਕਰਾ ਦਿੰਦਾ ਹੈ ਤਾਂ ਇਹ ਤਾਂ ਨਿੱਕੀ ਜਿਹੀ ਨਦੀ ਹੈ। ਮੈਨੂੰ ਵੀ ਤੁਸੀਂ ਹੀ ਦੱਸਿਆ ਹੈ, ਮੈਂ ਇਸੇ ਕਰਕੇ ਹੀ ਲੰਘੀ ਹਾਂ। ਤੁਸੀਂ ਵੀ ਰਾਮ-ਰਾਮ ਕਹਿ ਕੇ ਲੰਘ ਆਓ।"

ਹੁਣ ਪੰਡਤ ਜੀ ਅੱਗੇ ਸਮੱਸਿਆ ਪੈਦਾ ਹੋ ਗਈ ਕਿ ਜੇ ਮੈਂ ਨਦੀ ਨਹੀਂ ਲੰਘਦਾ ਤਾਂ ਵੀ ਮਾੜੀ ਗੱਲ ਹੈ। ਇਹ ਮੇਰੇ ਸਾਹਮਣੇ ਰਾਮ-ਰਾਮ ਕਰਦੀ ਹੈ, ਪਤਾ ਨਹੀਂ ਰਾਮ ਦੇ ਨਾਮ ਵਿਚ ਸ਼ਕਤੀ ਸਚਮੁੱਚ ਹੋਵੇ। ਕਿਉਂਕਿ ਪਹਿਲਾਂ ਪਰਤੀਤੀ ਨਹੀਂ ਸੀ ਆਈ। ਲੋਕਾਂ ਨੂੰ ਤਾਂ ਸੁਣਾਉਂਦਾ ਸੀ ਪਰ ਆਪਣੇ ਮਨ ਦੇ ਵਿਚ ਵਿਸ਼ਵਾਸ ਨਹੀਂ ਸੀ ਆਇਆ ਇਸ ਗੱਲ ਦਾ। ਉਹ ਕੇਵਲ ਬੁੱਧੀ

ਮੰਡਲ ਵਿਚ ਜਾਣ ਕਰਕੇ ਹਿਰਦੇ ਨੇ ਇਸ ਨੂੰ ਧਾਰਨ ਨਹੀਂ ਸੀ ਕਰਿਆ, ਮੰਨਿਆ ਨਹੀਂ ਸੀ ਕਿ ਪਾਣੀ ਕਿਵੇਂ ਲੰਘ ਜਾਵਾਂਗੇ? ਭਵਜਲ ਪਤਾ ਨਹੀਂ ਆਉਣਾ ਹੈ ਜਾਂ ਨਹੀਂ, ਉਸ ਦਾ ਪਤਾ ਨਹੀਂ ਕਿਹੜਾ ਤਰੀਕਾ ਹੈ? ਇਹ ਤਾਂ ਮੇਰੇ ਸਾਹਮਣੇ ਸਮੱਸਿਆ ਆ ਗਈ। ਫੇਰ ਮਨ ਵਿਚ ਖਿਆਲ ਆਇਆ ਕਿ ਇਹ ਲੰਘ ਗਈ।

ਉਹ ਕਹਿੰਦੀ, "ਪੰਡਤ ਜੀ! ਤੁਸੀਂ ਰਾਮ-ਰਾਮ ਕਹਿ ਕੇ ਲੰਘ ਆਓ।"

ਹੁਣ ਕੋਈ ਚਾਰਾ ਨਹੀਂ ਸੀ ਨਾ ਪਿਛੇ ਮੁੜ ਸਕਦਾ ਸੀ ਜੇ ਪਿਛੇ ਮੁੜਦਾ ਤਾਂ ਉਸ ਦੀ ਸ਼ੋਹਰਤ ਨੂੰ ਖਤਰਾ ਸੀ, ਬਹਾਨਾ ਕੋਈ ਲਾ ਨਹੀਂ ਸੀ ਸਕਦਾ। ਉਸ ਨੇ ਦੇਖਿਆ ਕਿ ਇਹ ਲੰਘ ਗਈ ਤਾਂ ਮੈਂ ਵੀ ਲੰਘ ਜਾਵਾਂਗਾ ਜਦੋਂ ਪੈਰ ਧਰਿਆ ਤਾਂ ਧੜੰਮ ਥੱਲੇ ਗਿਆ, ਗੋਤੇ ਖਾਣ ਲੱਗ ਗਿਆ।

ਬੀਬੀ ਕਹਿਣ ਲੱਗੀ, "ਪੰਡਤ ਜੀ! ਤੁਸੀਂ ਰਾਮ-ਰਾਮ ਕਹੋ।" ਉਹ ਮਸਾਂ ਕੰਢੇ ਤੇ ਬਾਹਰ ਆਇਆ।

ਕਹਿੰਦਾ, "ਬੀਬੀ! ਤੇਰਾ ਰਾਮ-ਰਾਮ ਹੀ ਲੰਘਾਉਂਦਾ ਹੈ, ਮੇਰਾ ਨਹੀਂ ਲੰਘਾਉਂਦਾ।"

ਉਸ ਵੇਲੇ ਅਨੁਭਵੀ ਮਹਾਂਪੁਰਸ਼ਾਂ ਨੇ ਇਸ ਬਾਰੇ ਬਚਨ ਨੂੰ ਸੀਮਤ ਕਰਨ ਵਾਸਤੇ ਫੁਰਮਾਨ ਕੀਤਾ ਕਿ -

***ਪੜ੍ਹਦਾ ਪੜ੍ਹਦਾ ਪੜ੍ਹ ਗਿਆ, ਪੜ੍ਹ ਗਿਆ ਚਾਰੇ ਵੇਦ।***
***ਨਿਹਚਾ ਰਿਦੇ ਨ ਆਇਆ ਰਹਿਆ ਢੇਡ ਕਾ ਢੇਡ।***

ਜਦੋਂ ਨਿਸ਼ਚਾ ਹੀ ਨਹੀਂ ਆਉਂਦਾ, ਕਿਸ ਤਰ੍ਹਾਂ ਰੂਹਾਨੀਅਤ ਦੇ ਰਾਹ ਚਲ ਸਕੇਗਾ। ਸੋ ਪਹਿਲੀ ਸ਼ਰਤ ਜੋ ਹੈ ਉਹ ਇਹ ਹੈ ਕਿ ਮਨ ਵਿਚ ਪਰਤੀਤ ਨਹੀਂ ਹੁੰਦੀ। ਜੇ ਪਰਤੀਤ ਨਾ ਹੋਵੇ ਤਾਂ ਮਹਾਰਾਜ ਜੀ ਕਹਿੰਦੇ ਹਿਰਦਾ ਜਲਿਆ ਹੋਇਆ ਹੈ। ਉਥੇ ਕੁਝ ਨਹੀਂ ਪੈਦਾ ਹੋਣਾ। ਜੇ ਪਰਤੀਤ ਆ ਜਾਵੇ ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਕਰ ਸਕਦਾ ਹੈ। ਚਾਰ ਪਉੜੀਆਂ ਮਹਾਰਾਜ ਜੀ ਨੇ 'ਮੰਨੇ' ਦੀਆਂ ਲਿਖੀਆਂ ਨੇ। ਉਹ ਐਵੇਂ ਹੀ ਅੱਖਰ ਨਹੀਂ ਲਿਖੇ ਹੋਏ, ਉਹ ਸਚਮੁਚ ਏਵੇਂ ਹੀ ਹੈ ਤੇ ਉਸ ਦੀ ਗਤਿ ਨਹੀਂ ਕਹੀ ਜਾਂਦੀ ਜਿਹੜਾ ਨਾਮ ਨੂੰ ਮੰਨ ਲਵੇ 'ਪਰੀਪੂਰਨ ਨਾਮ' ਨੂੰ। ਮੰਨ ਨਹੀਂ ਸਕਦਾ ਸਾਰੀ ਜ਼ਿੰਦਗੀ ਦਾ ਤਪ, ਸਾਰੀ ਜ਼ਿੰਦਗੀ ਦੀ ਮਿਹਨਤ ਸ਼ਾਇਦ ਕਿਸੇ ਨੂੰ ਮਨਾ ਦੇਵੇ ਇਕ ਅੱਧੇ ਨੂੰ, ਸਾਰੇ ਨਹੀਂ ਮੰਨਦੇ। ਜੇ ਸਾਰੇ ਹੀ ਮੰਨ ਜਾਓ ਤਾਂ ਸਾਰੇ ਹੀ ਬ੍ਰਹਮਗਿਆਨੀ ਬਣ ਜਾਓਗੇ, ਇਥੇ ਦੀਵਾਨ ਵਿਚ ਬੈਠੇ ਹੀ, ਲੋੜ ਹੀ ਨਹੀਂ ਕਿਸੇ ਕਰਮ-ਧਰਮ ਕਰਨ ਦੀ ਪਰ ਮਨ ਨੂੰ ਸਮਝਾਉਣਾ ਪੈਂਦਾ ਹੈ, ਮਨਾਉਣਾ ਪੈਂਦਾ ਹੈ, ਇਹ ਅੜੀਅਲ ਮਨ ਹੈ, ਇਸੇ ਨੇ ਹੀ ਸਾਨੂੰ ਵਾਹਿਗੁਰੂ ਨਾਲੋਂ ਤੋੜਿਆ ਹੈ। ਇਸ ਦੇ ਵਿਚ 'ਮੈ' ਭਾਵ ਹੈ, ਇਸ ਨੂੰ ਇਹ ਛੱਡਣ ਨੂੰ ਤਿਆਰ ਨਹੀਂ। ਸੋ ਮਹਾਰਾਜ ਜੀ ਕਹਿੰਦੇ ਜੇ ਇਹ ਸਚਾਈ ਨੂੰ ਮੰਨ ਜਾਵੇ, ਝੂਠ ਤਾਂ ਮਨਾਉਂਦੇ ਨਹੀਂ। ਸੂਰਜ ਚੜ੍ਹਿਆ ਹੋਵੇ, ਉੱਲੂਆਂ ਨੂੰ

ਕੋਈ ਸਮਝਾਵੇ ਕਿ ਸੂਰਜ ਚੜ੍ਹਿਆ ਹੋਇਆ ਹੈ ਮੰਨ ਜਾਓ ਤੁਸੀਂ ਇਹ ਗੱਲ ਕਿ ਰੋਸ਼ਨੀ ਹੈ ਪਰ ਉਨ੍ਹਾਂ ਦੀਆਂ ਅੱਖਾਂ ਵਿਚ ਨੁਕਸ ਹੈ। ਉਹ ਕਹਿਣਗੇ ਬਿਲਕੁਲ ਝੂਠ ਬੋਲਦਾ ਹੈ, ਰੋਸ਼ਨੀ ਨਹੀਂ ਹੈ। ਸਾਡੇ ਵਾਸਤੇ ਹਨ੍ਹੇਰਾ ਹੈ। ਹੁਣ ਦੋਹਾਂ ਦੀ ਗੱਲ ਸੱਚੀ ਹੈ। ਜਿਹੜਾ ਪੰਛੀ ਕਹਿੰਦਾ ਹੈ ਕਿ ਤੁਸੀਂ ਅੱਖਾਂ ਖੋਲ੍ਹੋ, ਬਾਹਰ ਰੋਸ਼ਨੀ ਹੈ, ਬਾਹਰ ਉਡਾਰੀਆਂ ਮਾਰੋ ਉਹ ਵੀ ਸੱਚਾ ਹੈ। ਜਿਹੜਾ ਉੱਲੂ ਹੈ ਉਹ ਵੀ ਸੱਚਾ ਹੈ ਕਿਉਂਕਿ ਉੱਲੂ ਦੀ ਦ੍ਰਿਸ਼ਟੀ (ਨਜ਼ਰ) ਵਿਚ ਦੋਖ ਪੈਦਾ ਕਰ ਦਿੱਤਾ ਵਾਹਿਗੁਰੂ ਨੇ। 'ਸਤਿ' ਕੀ ਹੈ? ਰੋਸ਼ਨੀ। 'ਅਸਤਿ' ਕੀ ਹੈ? ਹਨ੍ਹੇਰਾ। ਉਸ ਦੇ ਕੋਲ ਹਨ੍ਹੇਰਾ ਹੈ ਕਿਉਂਕਿ ਉਸ ਦੀਆਂ ਅੱਖਾਂ ਵਿਚ ਦੋਸ਼ ਹੈ। ਦੂਜਿਆਂ ਦੀਆਂ ਅੱਖਾਂ ਖੁੱਲੀਆਂ ਨੇ ਉਨ੍ਹਾਂ ਕੋਲ ਪ੍ਰਕਾਸ਼ ਹੈ। ਇਸੇ ਤਰ੍ਹਾਂ ਦੇ ਨਾਲ ਜੋ 'ਸਤਿ ਬਚਨ' ਨੇ ਉਨ੍ਹਾਂ ਨੂੰ ਜੇ ਮਨ ਮੰਨ ਜਾਵੇ ਆਪਣਾ ਹਨ੍ਹੇਰਾ ਛੱਡ ਕੇ, ਸ਼ੰਕੇ ਛੱਡ ਕੇ ਤਾਂ ਮਹਾਰਾਜ ਜੀ ਕਹਿੰਦੇ –

***ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥*** ***ਪੰਨਾ – 3***

ਵੱਡੀ ਤੋਂ ਵੱਡੀ ਪਦਵੀ ਪਾਉਂਦਾ ਹੈ।

***ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥*** ***ਪੰਨਾ – 3***

ਆਪ ਵੀ ਤਰਦਾ ਹੈ ਤੇ ਸੰਸਾਰ ਨੂੰ ਵੀ ਤਾਰ ਦਿੰਦਾ ਹੈ ਪਰ ਮਨ ਮੰਨਣਾ ਬੜਾ ਔਖਾ ਹੈ। ਸਤਿਜੁਗ ਦੇ ਅੰਦਰ ਇਕ ਰਾਜਾ ਹੋਇਆ ਹੈ। ਉਸ ਨੇ ਜਦੋਂ ਏਸ ਤਰ੍ਹਾਂ ਦੀ ਕਥਾ ਸੁਣੀ ਕਿ ਇਸ ਸੰਸਾਰ ਦੇ ਅੰਦਰ ਭਰਮ ਮਾਤਰ ਹੋਣ ਕਰਕੇ ਇਹ ਸੰਸਾਰ ਵਾਹਿਗੁਰੂ ਨਾਲੋਂ ਟੁੱਟ ਗਿਆ, ਟੁੱਟ ਕੇ ਇਹ 'ਮੈ' ਰੂਪ ਬਣ ਗਿਆ, ਵੱਖਰਾ ਹੋ ਗਿਆ ਹੈ। ਵੱਖਰਾ ਹੋ ਕੇ ਸਚ ਨੂੰ ਭੁੱਲ ਗਿਆ। ਹੈ ਤਾਂ ਇਥੇ ਵਾਹਿਗੁਰੂ ਹੀ, ਹੋਰ ਹੈ ਨਹੀਂ ਕੁਝ ਵੀ ਸਿਵਾਏ ਪਰਮੇਸ਼ਰ ਦੇ ਪਰ ਏਸ ਗੱਲ ਨੂੰ ਕੋਈ ਨਹੀਂ ਮੰਨਦਾ? ਨਾ 'ਮੈ' ਮੰਨਾ, ਨਾ ਤੁਸੀਂ ਮੰਨੋ। ਅਸੀਂ ਕਹਿੰਦੇ ਹਾਂ ਅਸੀਂ ਤਾਂ ਹਾਂ ਪਰ ਵਾਹਿਗੁਰੂ ਕਿਥੇ ਹੈ? ਮੇਰੇ ਬਾਲ-ਬੱਚੇ ਨੇ, ਮੇਰਾ ਘਰ ਹੈ, ਮੇਰੀ ਜ਼ਮੀਨ ਹੈ, ਮੇਰੀ ਜਾਇਦਾਦ ਹੈ, ਮੇਰੇ ਪੈਸੇ ਨੇ ਬੈਂਕ ਵਿਚ ਪਏ, ਮੇਰੀਆਂ ਕੋਠੀਆਂ ਨੇ, ਮੇਰੇ ਰਿਸ਼ਤੇਦਾਰ ਨੇ ਕਿਹੜਾ ਬੰਦਾ ਹੈ ਜਿਹੜਾ ਗੁਰੂ ਦੀ ਗੱਲ ਮੰਨ ਜਾਵੇ? ਕੋਈ ਇਕ ਬੰਦਾ ਨਹੀਂ ਉਠ ਸਕਦਾ ਕਿਉਂਕਿ ਕਰੋੜਾਂ ਵਿਚ ਇਕ ਅੱਧਾ ਬੰਦਾ ਹੁੰਦਾ ਹੈ –

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥*** ***ਪੰਨਾ – 1427***

ਕਰੋੜਾਂ ਵਿਚ ਇਕ ਅੱਧਾ ਹੈ –

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*** ***ਪੰਨਾ – 1411***

ਸੋ ਮੰਨ ਨਹੀਂ ਸਕਦਾ ਆਦਮੀ ਇਸ ਗੱਲ ਨੂੰ। ਸੋ ਉਸ ਰਾਜੇ ਨੇ ਇਹ ਕਰਿਆ ਕਿ 'ਮੈ' ਮੰਨਾਂਗਾ ਇਸ ਗੱਲ ਨੂੰ। ਮਹਾਂਪੁਰਸ਼ਾਂ ਨੇ ਤੱਤ ਬਚਨ

ਸੁਣਾ ਦਿੱਤਾ ਕਿ ਤੂੰ ਨਹੀਂ ਹੈ ਇਹ ਸਾਰਾ ਪ੍ਰਮੇਸ਼ਰ ਹੈ। ਉਸ ਨੇ ਦੇਖਿਆ ਕਿ ਮੇਰਾ ਮਨ ਨਹੀਂ ਮੰਨ ਰਿਹਾ, ਸਾਧਨ ਕਰਨੇ ਸ਼ੁਰੂ ਕਰ ਦਿੱਤੇ ਤੇ ਉਹ ਐਡਾ ਬਹਾਦਰ ਸੀ ਕਿ ਇਕ ਲੱਖ ਰਾਜਾ ਉਸ ਨੇ ਆਪਣੀ ਕੈਦ ਵਿਚ ਪਾਇਆ ਹੋਇਆ ਸੀ ਤੇ 'ਰਾਜ ਮੇਧ ਯੱਗ' ਕਰਨਾ ਚਾਹੁੰਦਾ ਸੀ। ਵਜ਼ੀਰ ਬੜਾ ਸਿਆਣਾ ਸੀ।

ਵਜੀਰ ਕਹਿੰਦਾ, "ਮਹਾਰਾਜ! ਇਕ ਰਾਜਾ ਐਸਾ ਹੈ ਜਿਹੜਾ ਫਤਹਿ ਹੀ ਨਹੀਂ ਹੁੰਦਾ, ਜਿਸ ਦੀਆਂ ਫੌਜਾਂ ਐਨੀ ਤਕੜੀਆਂ ਹਨ ਤੇ ਉਸ ਦੀ ਫੌਜ ਦਾ ਇਕ ਜਰਨੈਲ ਵੀ ਨਹੀਂ ਮਾਰਿਆ ਜਾ ਸਕਦਾ।"

ਕਹਿੰਦਾ, "ਮੈਨੂੰ ਪਹਿਲਾਂ ਕਿਉਂ ਨਹੀਂ ਸੀ ਦਸਿਆ? ਕਿਸ ਦੇਸ਼ ਦਾ ਰਾਜਾ ਹੈ? ਕਿਥੋਂ ਦਾ ਰਹਿਣ ਵਾਲਾ ਹੈ?"

ਵਜ਼ੀਰ ਕਹਿੰਦਾ, "ਜੀ! ਉਹ ਸਰੀਰ ਦੇਸ਼ ਦਾ ਰਾਜਾ ਹੈ, ਆਹ ਆਪ ਦੇ ਸਰੀਰ ਵਿਚ ਰਹਿੰਦਾ ਹੈ ਤੇ ਉਸ ਦਾ ਨਾਉ ਹੈ 'ਮਨ'। ਉਸ ਦੇ ਕੋਲ ਪੰਜ ਜਰਨੈਲ ਨੇ ਵੱਡੇ-ਵੱਡੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਉਹ ਕਿਸੇ ਤੋਂ ਫਤਹਿ ਨਹੀਂ ਹੁੰਦੇ। ਇਸ ਤੋਂ ਬਿਨਾਂ ਉਸ ਦੇ ਕੋਲ ਹੋਰ ਵੱਡੇ ਯੋਧੇ ਨੇ ਈਰਖਾ, ਨਿੰਦਿਆ, ਚੁਗਲੀ, ਆਸਾ, ਅੰਦੇਸਾ, ਅਸ਼ਰਧਾ, ਤਰਕ ਹੈ। ਇਹ ਸਭ ਤੇਰੇ ਅੰਦਰ ਹਨ, ਇਹ ਜਿੱਤ ਲੈ।"

ਜਿੱਤਣ ਲਈ ਪ੍ਰਾਣਾਯਾਮ ਕਰਿਆ, ਸਮਾਧੀਆਂ ਲਾਈਆਂ ਪਰ ਉਥੇ ਦਾ ਉਥੇ 'ਮਨ'। 'ਮਨ' ਨਹੀਂ ਬਦਲਦਾ ਹੁੰਦਾ। ਮਹਾਰਾਜ ਜੀ ਨੇ ਤਾਂ ਫੈਸਲਾ ਹੀ ਕਰ ਦਿੱਤਾ 'ਜਪੁਜੀ ਸਾਹਿਬ' ਦੇ ਅੰਦਰ ਕਿ ਦੁਨੀਆਂ ਦਾ ਕੋਈ ਵੀ ਸਾਧਨ ਮਨ ਨੂੰ ਨਹੀਂ ਜਿੱਤ ਸਕਦਾ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਪੰਨਾ – 1***

ਸਾਸ਼ਤਰਾਂ ਦੇ ਨਾਲ ਅਸੀਂ ਉਥੇ ਨਹੀਂ ਪਹੁੰਚ ਸਕਦੇ ਜਿਥੇ ਇਹ ਅਨੁਭਵ ਹੁੰਦਾ ਹੈ ਕਿ ਵਾਹਿਗੁਰੂ ਤੋਂ ਬਿਨਾਂ ਇਸ ਸੰਸਾਰ 'ਚ ਕੁਝ ਹੋਰ ਹੈ ਨਹੀਂ – 'ਮੈ' ਨਹੀਂ ਹਾਂ। ਸਾਸ਼ਤਰ ਤਾਂ ਪਹੁੰਚਾ ਨਹੀਂ ਸਕਦੇ, ਕੋਈ ਧਰਮ ਗ੍ਰੰਥ ਨਹੀਂ ਪਹੁੰਚਾ ਸਕਦਾ ਕਿਉਂਕਿ ਇਹ ਸੋਚ ਦਾ ਵਿਸ਼ਾ ਨਹੀਂ ਅਨੁਭਵ ਦਾ ਵਿਸ਼ਾ ਹੈ।

***ਚੁਪੈ ਚੁਪ ਨ ਹੋਵਈ ..........॥ ਪੰਨਾ – 1***

ਸਮਾਧੀਆਂ ਜਿੰਨਾ ਜੀਅ ਕਰਦਾ ਹੈ ਲਾ ਲੈ, ਜਦੋਂ ਸਮਾਧੀਆਂ ਤੋਂ ਉਥਾਨ ਹੋਏਗਾ ਤਾਂ ਮਨ ਨੇ ਆਪਣੀ ਦੁਨੀਆਂ ਰਚਣੀ ਹੀ ਰਚਣੀ ਹੈ, ਸੁਪਨੇ ਆਉਣੇ ਹੀ ਆਉਣੇ ਨੇ, ਨਹੀਂ ਮਨ ਮੰਨਦਾ। ਜੇ ਕਹੇ ਭੋਗਾਂ ਦੇ ਨਾਲ ਮਨਾ ਲਵਾਂਗਾ ਤਾਂ ਮਹਾਰਾਜ ਜੀ ਕਹਿੰਦੇ ਇਕ ਭੋਗ ਕੀ ਭਾਵੇਂ ਦੁਨੀਆਂ ਦੇ ਭਾਰ ਬੰਨ੍ਹ ਲੈ ਤਾਂ ਵੀ ਤੇਰੇ ਮਨ ਦੀ ਭੁੱਖ ਨਹੀਂ ਜਾਣੀ। ਜੇ ਚਤੁਰਾਈ ਨਾਲ ਕਹੇ ਤਾਂ ਵੀ ਇਹ ਉਥੇ ਨਹੀਂ ਪਹੁੰਚਦੀਆਂ ਕਿਉਂਕਿ ਉਹ

ਰਸਤਾ ਹੋਰ ਹੈ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਪੰਨਾ – 1***

ਸੋ ਉਸ ਨੇ ਬੜਾ ਯਤਨ ਕਰਿਆ। ਅਖੀਰ ਇਹ ਫੈਸਲਾ ਕਰ ਲਿਆ ਕਿ ਮੈਂ ਜੇ 6 ਮਹੀਨੇ ਦੇ ਅੰਦਰ-ਅੰਦਰ ਮਨ ਨੂੰ ਨਾ ਜਿਤਿਆ ਤਾਂ ਮੇਰਾ ਜੀਉਣਾ ਧਿਰਕਾਰ ਹੈ ਸੰਸਾਰ ਦੇ ਉਤੇ ਤੇ ਉਸ ਨੇ ਪ੍ਰਣ ਕਰ ਲਿਆ ਸਾਰਿਆਂ ਦੇ ਸਾਹਮਣੇ ਕਿ ਮੈਂ ਜੀਉਂਦਾ ਜਲ ਜਾਵਾਂਗਾ। ਗੁਰੂ ਦਸਵੇਂ ਪਾਤਿਸ਼ਾਹ ਨੇ ਉਸ ਦੀ ਕਥਾ ਬਚਿੱਤਰ ਢੰਗ ਨਾਲ ਲਿਖੀ ਹੈ। ਜਿਸ ਵਕਤ ਸਮਾਂ ਪੂਰਾ ਹੋਇਆ ਛੇ ਮਹੀਨੇ ਦਾ ਤਾਂ ਉਸ ਨੇ ਕਿਹਾ ਕਿ ਪਿਆਰਿਓ! ਮੈਂ ਹਾਰਿਆ ਤੇ ਮਨ ਜਿੱਤਿਆ। ਮਨ ਨਹੀਂ ਹਟਦਾ ਜ਼ੋਰ ਲਾ ਕੇ ਦੇਖ ਲਓ। ਇਸ ਨੇ ਫੁਰਨਾ ਕਰਨਾ ਹੀ ਹੈ ਚੰਗਾ ਵੀ ਕਰਨਾ ਹੈ, ਮਾੜਾ ਵੀ ਕਰਨਾ ਹੈ। ਇਹ ਆਪਣੀ ਮੌਜ ਵਿਚ ਰਹਿੰਦਾ ਹੈ ਕਿਸੇ ਦੀ ਨਹੀਂ ਮੰਨਦਾ। ਸੋ ਉਹ ਇਮਾਨਦਾਰ ਰਾਜਾ ਸੀ। ਉਸ ਨੇ ਆਪਣੇ ਆਪ ਨੂੰ ਚਿਖਾ ਤੇ ਬਿਠਾ ਕੇ ਅੱਗ ਲਾ ਕੇ ਪ੍ਰਾਣ ਛੱਡ ਦਿੱਤੇ।

ਸੋ ਇਹ ਬਹੁਤ ਔਖੀ ਚੀਜ਼ ਹੈ। ਮਹਾਰਾਜ ਜੀ ਕਹਿੰਦੇ ਪਿਆਰਿਓ! ਮਨ ਤਾਂ ਹੀ ਵਸ ਵਿਚ ਆਉਂਦਾ ਹੈ ਜੇ ਗਿਆਨ ਦਾ ਗੋਲਾ ਚਲਾ ਕੇ ਇਸ ਦੀ ਫੌਜ ਨੂੰ ਤਬਾਹ ਕਰ ਦੇਵੇ। ਜਾਂ ਐਟਮ ਬੰਬ ਨਾਲ ਇਸ ਦੀ ਫੌਜ ਮਾਰ ਦਿੱਤੀ ਜਾਵੇ। ਹੋਰ ਕੋਈ ਤਰੀਕਾ ਨਹੀਂ ਹੈ ਜਦੋਂ ਤੱਕ ਇਸ ਦੇ ਅੰਦਰ ਗਿਆਨ ਨਹੀਂ ਹੁੰਦਾ, ਮਨ ਮਰਦਾ ਨਹੀਂ, ਓਨਾ ਚਿਰ ਇਸ ਨੇ ਆਪਣੀ ਗੱਲ ਨਹੀਂ ਛੱਡਣੀ। ਜੇ ਪੂਰੇ ਗੁਰੂ ਦੀ ਕਿਰਪਾ ਹੋ ਜਾਵੇ –

***ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥***
***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥***
***ਪੰਨਾ – 298***

ਜੇ ਪੂਰਨ ਕਿਰਪਾ ਹੋਵੇ ਤਾਂ ਵਸ ਵਿਚ ਆਉਂਦਾ ਹੈ, ਨਹੀਂ ਇਹ ਵਸ ਵਿਚ ਨਹੀਂ ਆਉਂਦਾ। ਭਰਥਰੀ ਹਰੀ ਨੇ ਰਾਣੀਆਂ ਛੱਡ ਦਿੱਤੀਆਂ, ਰਾਜ ਛੱਡ ਦਿੱਤਾ। ਗੋਰਖ ਨੇ ਭੇਜਿਆ ਕਿ ਮਾਤਾ ਕਹਿ ਕੇ ਮੰਗ ਕੇ ਲਿਆ ਭੀਖ। ਰਾਣੀਆਂ ਰੋਂਦੀਆਂ ਨੇ, ਪਿਆਰ ਕਰਦੀਆਂ ਨੇ ਬੇਨਤੀਆਂ ਕਰਦੀਆਂ ਨੇ ਪਰ ਇਹ ਟਸ ਤੋਂ ਮੱਸ ਨਹੀਂ ਹੁੰਦਾ, ਕਹਿੰਦਾ, "ਮਾਤਾ! ਭੀਖਿਆ ਪਾਓ! ਮਾਤਾ! ਭੀਖਿਆ ਪਾਓ।" ਉਹ ਭਰਥਰੀ ਮਰ ਗਿਆ ਜਿਹੜਾ ਪਤੀ ਸੀ ਉਨ੍ਹਾਂ ਦੇ ਇਸ ਸਰੀਰ ਵਿਚ ਹੁਣ ਕੋਈ ਸੰਤ ਜਾਗ ਪਿਆ। ਬੜੀ ਲਗਨ ਸੀ ਮਨ ਵਿਚ ਮਨ ਨੂੰ ਵਸ ਕਰਨ ਵਾਸਤੇ ਏਸ ਨੇ ਬੜੇ ਹੀ ਸਾਧਨ ਕਰੇ ਤੇ ਇਕ ਕਲਪਾਤੀ ਸਾਧਨ ਹੁੰਦਾ ਹੈ, ਉਹ ਸਭ ਤੋਂ ਮੁਸ਼ਕਲ ਹੈ। ਉਹ ਇਹ ਹੁੰਦਾ ਹੈ ਕਿ ਕਿਸੇ ਤੋਂ ਮੰਗ ਕੇ ਨਹੀਂ ਖਾਣਾ, ਕੱਪੜਾ ਨਹੀਂ ਪਹਿਨਣਾ ਤੇ ਵਣਾਂ ਵਿਚ ਇਸ ਤਰ੍ਹਾਂ ਰਹਿਣਾ ਜਿਵੇਂ ਪਸ਼ੂ (ਜਾਨਵਰ) ਰਹਿੰਦੇ ਨੇ, ਜੇ ਕੋਈ ਫਲ ਗਿਰ ਗਿਆ ਤਾਂ ਮੂੰਹ ਵਿਚ ਪਾ ਲਿਆ ਨਹੀਂ ਗਿਰਿਆ ਤਾਂ ਤੋੜਨਾ ਨਹੀਂ, ਕਿਸੇ ਨਾਲ ਗੱਲ ਨਹੀਂ ਕਰਨੀ। ਸੋ ਇਹ ਕਲਪਾਤੀ ਬਿਰਤੀ ਧਾਰ ਕੇ ਜੰਗਲ

ਵਿਚ ਰਹਿਣ ਲੱਗ ਗਿਆ ਬਾਕੀ ਸਭ ਕੁਝ ਛੱਡ ਦਿੱਤਾ ਇਸ ਨੇ।

ਅੱਜ ਪੂਰਨਮਾਸ਼ੀ ਦੀ ਰਾਤ ਹੈ। ਇਹ ਸਮਾਧੀ ਲਾਈ ਬੈਠਾ ਹੈ ਤੇ ਜਦੋਂ ਅੰਮ੍ਰਿਤ ਵੇਲਾ ਹੋਇਆ ਨੇਤਰ ਖੋਲ੍ਹੇ ਤਾਂ ਕੀ ਦੇਖਦਾ ਹੈ ਕਿ ਚੰਦਰਮਾ ਦੀਆਂ ਕਿਰਨਾਂ ਪੈ ਰਹੀਆਂ ਨੇ ਇਕ ਲਾਲ ਰੰਗ ਦੀ ਵੱਟੀ ਤੇ ਉਹ ਵੱਟੀ ਕਿਰਨਾਂ ਨਾਲ ਐਨੀ ਚਮਕਦੀ ਹੈ ਕਿ ਉਸ ਦੀਆਂ ਅੱਖਾਂ ਵਿਚ ਉਸ ਦੀ ਰੋਸ਼ਨੀ ਪੈ ਰਹੀ ਹੈ। ਰਾਜਾ ਸੀ, ਲਾਲ ਦੇਖੇ ਹੋਏ ਸੀ, ਸੋਚਿਆ ਇਹ ਤਾਂ ਬਹੁਤ ਕੀਮਤੀ ਲਾਲ ਹੈ। ਬਗੈਰ ਸੋਚੇ ਸਮਝੇ ਹੱਥ ਪਾ ਲਿਆ ਉਸ ਦਾ ਹੱਥ ਲਿਬੜ ਗਿਆ ਇਹ ਤਾਂ ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ। ਉਸ ਵੇਲੇ ਬਹੁਤ ਧਿਰਕਾਰਾਂ ਦਿੱਤੀਆਂ ਆਪਣੇ ਆਪ ਨੂੰ ਕਿ ਰਾਜ ਛੱਡਿਆ, ਰਾਣੀਆਂ ਛੱਡੀਆਂ, ਸੁਖ ਛੱਡ ਦਿੱਤੇ, ਬਸਤ੍ਰ ਛੱਡ ਦਿੱਤੇ, ਖਾਣਾ ਪੀਣਾ ਛੱਡ ਦਿੱਤਾ, ਧਰਤੀ ਤੇ ਪੈਂਦਾ ਹੈ, ਪਸ਼ੂਆਂ ਵਰਗਾ ਜੀਵਨ ਬਣਾ ਲਿਆ ਓਹ ਮਨਾ! ਤੂੰ ਅਜੇ ਜੀਊਂਦਾ ਹੀ ਹੈ? ਉਸ ਵੇਲੇ ਇਕ ਸੋਰਠਾ ਰਚਿਆ ਕਿ –

***ਮਨ ਰਿਪ ਜੀਤੇ ਸਭ ਰਿਪ ਜੀਤੇ।***

ਜੇ ਮਨ ਦੁਸ਼ਮਣ ਜੀਊਂਦਾ ਹੈ ਤਾਂ ਸਭ ਦੁਸ਼ਮਣ ਜੀਊਂਦੇ ਨੇ।

***ਮਨ ਰਿਪ ਜੀਤੇ ਸਭ ਰਿਪ ਜੀਤੇ।***

ਜੇ ਮਨ ਦੁਸ਼ਮਣ ਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਣ ਜਿੱਤੇ ਗਏ। ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਐਂ ਨਹੀਂ ਮਨ ਵਸ ਵਿਚ ਆਉਂਦਾ।

***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥***
***ਦਸਮੀ ਦਸ ਦੁਆਰ ਵਸ ਕੀਨੇ॥***
***ਮਨ ਸੰਤੋਖੁ ਨਾਮ ਜਪਿ ਲੀਨੇ॥ ਪੰਨਾ – 298***

ਸੋ ਏਸ ਤਰ੍ਹਾਂ ਪਹਿਲੀ ਚੀਜ਼ ਪਰਤੀਤ ਹੈ। ਪਰਤੀਤ ਨਾ ਆਈ ਤਾਂ ਗੱਲ ਨਹੀਂ ਬਣਦੀ। ਸੋ ਮਹਾਰਾਜ ਜੀ ਦਸਦੇ ਨੇ ਕਿ ਜਦੋਂ ਪਰਤੀਤ ਆ ਗਈ ਫੇਰ ਤਰਨ ਦਾ ਤਰੀਕਾ ਇਹ ਹੈ ਕਿ ਕੰਨਾਂ ਦੇ ਨਾਲ ਹਰੀ ਜਸ ਸਰਵਣ ਕਰੋ, ਰਸਨਾ ਦੇ ਨਾਲ ਗਾਓ, ਅੱਖਾਂ ਦੇ ਨਾਲ ਸਾਧੂ ਦੇ ਦਰਸ਼ਨ ਕਰੋ; ਗੁਰੂ ਦਾ ਦਰਸ਼ਨ ਕਰੋ, ਮਨ ਵਿਚ ਇਹ ਰੱਖੋ ਕਿ ਮੇਰੇ ਚਾਰੇ ਪਾਸੇ ਪ੍ਰਮੇਸ਼ਰ ਤੋਂ ਬਗੈਰ ਹੋਰ ਹੈ ਨਹੀਂ ਕੋਈ, ਮੇਰਾ ਕੋਈ ਮਿੱਤਰ ਨਹੀਂ, ਮੇਰਾ ਕੋਈ ਦੁਸ਼ਮਣ ਨਹੀਂ। ਮਹਾਰਾਜ ਜੀ ਕਹਿੰਦੇ –

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ – 278***

ਜਿੰਨਾ ਚਿਰ ਆਪਣੇ ਤੇ ਬਿਗਾਨੇ ਨਜ਼ਰ ਆਉਂਦੇ ਨੇ ਓਨਾ ਚਿਰ ਚਿੱਤ ਨਿਸਚਲ ਨਹੀਂ ਹੋਇਆ, ਗਿਆਨ ਦੇ ਮੰਡਲ ਵਿਚ ਨਿਵਾਸ ਨਹੀਂ ਹੋਇਆ ਅਜੇ ਮਾਇਆ ਦੇ ਮੰਡਲ ਵਿਚ ਰਹਿੰਦਾ ਹੈ।

***ਹਸਤ ਚਰਨ ਸੰਤ ਟਹਲ ਕਮਾਈਐ॥ ਪੰਨਾ***

*- 299*

ਹੱਥਾਂ ਦੇ ਨਾਲ ਗੁਰੂ ਦੀ ਸੇਵਾ ਕਰੋ -

***ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ॥ ਪੰਨਾ - 299***

ਰੱਬ ਨੂੰ ਮਿਲਣ ਦਾ ਮਹਾਰਾਜ ਜੀ ਨੇ ਤਿੰਨ ਲਾਇਨਾ ਵਿਚ ਸਾਰਾ ਹੀ ਭੇਤ ਦੱਸ ਦਿੱਤਾ ਕਿ ਜੇ ਏਸ ਤਰ੍ਹਾਂ ਕਰੋ ਤਾਂ ਫੇਰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ। ਇਉਂ ਪੜ੍ਹ ਲਓ -

***ਧਾਰਨਾ - ਕੰਨੀਂ ਸੁਣੀਏ ਗੁਰਾਂ ਦੀ ਬਾਣੀ,***
***ਜਿਹਬਾ ਨਾਲ ਨਾਮ ਜਪੀਐ -2, 2.***
***ਮੇਰੇ ਪਿਆਰੇ, ਜਿਹਬਾ ਨਾਲ ਨਾਮ ਜਪੀਏ - 2, 2.***
***ਕੰਨੀਂ ਸੁਣੀਏ ਗੁਰਾਂ ਦੀ ਬਾਣੀ,............... -2.***

ਜਿੰਨਾਂ ਚਿਰ ਚਿੱਤ ਨੂੰ ਇਕਾਗਰ ਨਹੀਂ ਕਰਦੇ ਉਨਾ ਚਿਰ ਬਚਨ ਸਮਝ 'ਚ ਨਹੀਂ ਆਉਣਾ, ਜੇ ਬਚਨ ਸਮਝ 'ਚ ਨਾ ਆਇਆ ਤਾਂ ਪਰਤੀਤ ਕਾਹਦੇ ਤੇ ਕਰਾਂਗੇ। ਸੋ ਇਸ ਕਰਕੇ ਚਿਤ ਦੀ ਇਕਾਗਰਤਾ ਜ਼ਰੂਰੀ ਹੈ -

***ਧਾਰਨਾ - ਜੱਸ ਕਰੋ ਵਾਹਿਗੁਰੂ ਦਾ, ਪਿਆਰਿਓ!***
***ਚਿੱਤ ਨੂੰ ਇਕਾਗਰ ਕਰਕੇ -2, 2.***

***ਪ੍ਰਭ ਕੀ ਉਸਤਤ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥ ਪੰਨਾ - 295***

ਫੌਜ ਵਿਚ ਜਦੋਂ ਸਾਵਧਾਨ ਕਿਹਾ ਜਾਂਦਾ ਹੈ ਤਾਂ ਸਾਰੇ ਫੌਜੀ ਸਾਵਧਾਨਤਾ ਦਾ ਬੋਲ ਸੁਣਦੇ ਹੀ ਸਾਵਧਾਨ ਹੋ ਜਾਂਦੇ ਹਨ। ਇਕ ਦਮ ਸਾਰੇ ਦੇ ਸਾਰੇ ਅੱਡੀਆਂ ਨਾਲ ਅੱਡੀਆਂ ਜੋੜ ਲੈਂਦੇ ਨੇ, ਦੋਵੇਂ ਬਾਹਾਂ ਹੇਠਾਂ ਵੱਲ ਲੱਤਾਂ ਨਾਲ ਲੱਗ ਜਾਂਦੀਆਂ ਨੇ ਤੇ ਨੇਤਰਾਂ ਦੀ ਦ੍ਰਿਸ਼ਟੀ 300 ਗਜ਼ ਤੇ ਹੋ ਜਾਂਦੀ ਹੈ। ਇਸ ਨੂੰ ਕਹਿੰਦੇ ਨੇ ਸਾਵਧਾਨ! ਹੱਥ ਨਹੀਂ ਹਿਲਾਉਣਾ, ਪੈਰ ਨਹੀਂ ਹਿਲਾਉਣਾ ਉਵੇਂ ਜਿਵੇਂ ਖੜਨਾ ਹੈ। ਮਹਾਰਾਜ ਜੀ ਕਹਿੰਦੇ ਇਹ ਤਾਂ ਹੈ ਸਰੀਰ ਦੀ ਕਿਰਿਆ ਪਰ ਸੁਣਨਾ ਤਾਂ ਚਿੱਤ ਨੇ ਹੈ, ਜੇ ਚਿੱਤ ਨੇ ਹੀ ਸਾਥ ਨ ਦਿੱਤਾ, ਦੌੜਿਆ ਭੱਜਿਆ ਫਿਰੀਂ ਗਿਆ, ਏਧਰ ਦੇਖ ਲਿਆ, ਓਧਰ ਦੇਖ ਲਿਆ, ਮੱਥਾ ਟੇਕਣ ਵਾਲਿਆਂ ਨੂੰ ਦੇਖ ਲਿਆ ਕਿ ਕੀ ਭੇਟਾ ਕਰਦਾ ਹੈ? ਕਿਥੇ ਜਾ ਕੇ ਬੈਠਿਆ ਹੈ? ਕੌਣ ਬੰਦਾ ਹੈ ਇਹ? ਫੇਰ ਉਸ ਦੀ ਸਿਮਰਤੀ ਬਿਰਤੀ ਆ ਗਈ ਕਿ ਇਸ ਨੇ ਫਲਾਣਾ ਕੰਮ ਕਰਿਆ ਸੀ, ਇਹ ਫਲਾਣੇ ਥਾਂ ਹੁੰਦਾ ਸੀ। ਉਸ ਸਿਮਰਤੀ ਬਿਰਤੀ ਨੇ ਇਸ ਦਾ ਮਨ ਲੱਗਣ ਹੀ ਨਹੀਂ ਦੇਣਾ, ਨਾ ਭਜਨ ਵਿਚ ਲੱਗਣ ਦੇਣਾ ਹੈ, ਨਾ ਕੀਰਤਨ ਵਿਚ ਲੱਗਣ ਦੇਣਾ ਹੈ।

ਦੂਸਰੀ ਹੁੰਦੀ ਹੈ ਮੂੜ੍ਹਤਾ ਬਿਰਤੀ ਕਿ ਗੱਲ ਨੂੰ ਸਮਝਣਾ ਹੀ ਨਾ, ਸਮਝਾਉਣ ਵਾਲਾ ਬੇਅੰਤ ਤਰੀਕਿਆਂ ਨਾਲ ਸਮਝਾਉਂਦਾ ਹੈ ਪਰ ਇਕ ਗੱਲ

ਵੀ ਅੰਦਰ ਹੀ ਨਾ ਜਾਣ ਦੇਣੀ, ਮੂੜ੍ਹਪੁਣੇ ਵਿਚ ਹੀ ਰਹਿਣਾ, ਗੱਲ ਦੀ ਤਹਿ ਤੱਕ ਨਾ ਜਾਣਾ।

ਤੀਸਰੀ ਹੁੰਦੀ ਹੈ ਵਿਖਸ਼ੇਪਤਾ ਬਿਰਤੀ ਕਿ ਹਿੱਲੀ-ਜੁਲੀ ਜਾਣਾ। ਕਦੇ ਕਿਤੇ ਖਿਆਲ, ਕਦੇ ਕਿਤੇ ਖਿਆਲ।

ਚੌਥੀ ਹੁੰਦੀ ਹੈ ਇਕਾਗਰ ਬਿਰਤੀ। ਪੰਜਵੀ ਹੈ ਨਿਰੁੱਧ ਬਿਰਤੀ।

ਇਕਾਗਰ ਹੈ ਜਿੰਨਾ ਚਿਰ ਬੈਠਣਾ ਹੈ ਕੋਈ ਫੁਰਨਾ ਨਹੀਂ ਆਉਣ ਦੇਣਾ, ਬਚਨਾਂ ਨੂੰ ਸੁਣਨਾ, ਹਿਰਦੇ ਵਿਚ ਧਾਰਨ ਕਰਨਾ, ਪਾਠ ਕਰਨ ਲੱਗਿਆਂ ਹਿਰਦੇ ਵਿਚ ਧਾਰਨ ਕਰਨਾ ਨਹੀਂ ਤਾਂ ਪਾਠ ਦਾ ਫਲ ਨਹੀਂ ਹੁੰਦਾ, ਜੇ ਚਿੱਤ ਇਕਾਗਰ ਨਾ ਹੋਵੇ।

ਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪਾਸ ਇਕ ਵਾਰੀ ਸੰਗਤ ਆਈ, ਦੂਰ ਦੇਸ਼ ਦੀ ਸੰਗਤ ਸੀ। ਸੋ ਆਪ ਦੇ ਪਾਸ ਬੇਨਤੀ ਕਰੀ ਕਿ ਪਾਤਿਸ਼ਾਹ! ਆਪ ਦੇ ਦਰਸ਼ਨ ਕਰਨ ਦਾ ਸੁਭਾਗ ਸਾਨੂੰ ਸਾਲ ਵਿਚ ਦੋ ਸਾਲ ਵਿਚ ਬੜੀ ਮੁਸ਼ਕਲ ਨਾਲ ਪ੍ਰਾਪਤ ਹੁੰਦਾ ਹੈ। ਆਪ ਦੇ ਬਚਨ ਅਸੀਂ ਇਥੋਂ ਕੁਝ ਲਿਖ ਕੇ ਲੈ ਜਾਂਦੇ ਹਾਂ, ਕੁਝ ਕੰਠ ਕਰਕੇ ਲੈ ਜਾਂਦੇ ਹਾਂ ਪਰ ਸਾਡਾ ਮਨ ਲਗਦਾ ਨਹੀਂ ਹੈ ਪਾਠ ਦੇ ਅੰਦਰ। ਜੇ ਮੰਨ ਨਾ ਲੱਗਿਆ ਤਾਂ ਆਪ ਦਾ ਫੁਰਮਾਨ ਹੈ ਕਿ ਪਿਆਰਿਓ! ਫਲ ਨਹੀਂ ਮਿਲਦਾ ਜਿਹੜਾ ਮਿਲਣਾ ਚਾਹੀਦਾ ਹੈ ਕਿਉਂਕਿ ਇਕ ਪਾਠ ਦਾ ਹੀ ਫਲ ਐਨਾ ਜ਼ਿਆਦਾ ਹੁੰਦਾ ਹੈ ਕਿ ਅਸੀਂ ਦੱਸ ਨਹੀਂ ਸਕਦੇ, ਕੋਈ ਬੰਦਾ ਦੱਸ ਨਹੀਂ ਸਕਦਾ।

ਇਕ ਵਾਰ ਜਦੋਂ ਕਰਤਾਰਪੁਰ ਦਾ ਯੁੱਧ ਹੋ ਕੇ ਹਟਿਆ, ਕਿਹਾ ਜਾਂਦਾ ਹੈ ਕਿ ਉਸ ਵੇਲੇ 33000 (ਤੇਤੀ ਹਜ਼ਾਰ) ਮੁਗਲੀਆ ਫੌਜ ਮਾਰੀ ਗਈ, ਬਹੁਤ ਸਾਰੇ ਸਿੱਖ ਵੀ ਮਾਰੇ ਗਏ। ਬੜਾ ਘਮਸਾਣ ਦਾ ਇਕੋ ਦਿਨ ਦਾ ਯੁੱਧ ਸੀ ਜਿਸ ਦੇ ਵਿਚ ਪੈਂਦੇ ਖਾਂ ਵਰਗੇ ਮਾਰੇ ਗਏ। ਸੋ ਉਸ ਵੇਲੇ ਮਹਾਰਾਜ ਜੀ ਦੇ ਹੁਕਮ ਅਨੁਸਾਰ ਜੋ ਹਿੰਦੂ ਸੀ ਉਨ੍ਹਾਂ ਦਾ ਸਸਕਾਰ ਕਰ ਦਿੱਤਾ, ਕੁਝ ਜਲ ਪ੍ਰਵਾਹ ਕਰ ਦਿੱਤੇ। ਬਿਆਸਾ ਦਰਿਆ ਭਰਿਆ ਚਲਦਾ ਸੀ। ਬਾਕੀ ਦੂਸਰੇ ਮਤਾਂ ਦਾ ਪੂਰੇ ਤਰੀਕੇ ਨਾਲ ਸਸਕਾਰ ਕਰਕੇ ਉਨ੍ਹਾਂ ਦੀਆਂ ਕਬਰਾਂ ਪੁਟਾ ਕੇ ਬਹੁਤ ਵੱਡੇ ਕਬਰਸਤਾਨ ਵਿਚ ਦੱਬ ਦਿੱਤੇ, ਉਤੇ ਚੌਤਰਾਂ ਬਣਾ ਦਿੱਤਾ।

ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਬੇਅੰਤ ਰੂਹਾਂ ਏਸ ਜੰਗ ਦੇ ਵਿਚ ਮਰੀਆਂ ਹੋਈਆਂ ਭਟਕਦੀਆਂ ਨੇ ਤੇ ਇਨ੍ਹਾਂ ਦਾ ਉਧਾਰ ਕਰ ਦਿੱਤਾ ਜਾਵੇ ਤੇ ਕੋਈ ਪ੍ਰੇਮੀ ਸਾਰੀ ਸੰਗਤ ਵਿਚੋਂ ਮਨ-ਚਿਤ ਇਕਾਗਰ ਕਰਕੇ ਇਕ 'ਜਪੁਜੀ ਸਾਹਿਬ' ਦਾ ਪਾਠ ਆ ਕੇ ਸੁਣਾਓ।"

ਸਿਰਫ ਇਕ ਪਾਠ ਨਾਲ ਉਧਾਰ ਹੋ ਜਾਣਾ ਸੀ ਹਜ਼ਾਰਾਂ ਰੂਹਾਂ ਦਾ। ਉਸ ਵੇਲੇ ਸਭ ਚੁਪ ਕਰ ਗਏ ਕਿ ਇਕ ਚਿਤ! ਇਹ ਤਾਂ ਬੜੀ ਮੁਸ਼ਕਲ

ਗੱਲ ਹੈ। 'ਜਪੁਜੀ ਸਾਹਿਬ' ਵਿਚ ਤਾਂ ਪੰਜਾਹ ਫੁਰਨੇ ਆਉਂਦੇ ਨੇ। ਕਈਆਂ ਨੇ ਕਿਹਾ ਕਿ ਸਾਨੂੰ ਤਾਂ 'ਜਪੁਜੀ ਸਾਹਿਬ' ਦਾ ਹੀ ਪਤਾ ਨਹੀਂ ਲਗਦਾ, ਫੁਰਨੇ ਹੀ ਫੁਰਨੇ ਆਉਂਦੇ ਨੇ। ਸਾਡਾ ਵੀ ਏਹੀ ਹਾਲ ਹੈ ਪੜ੍ਹਨ ਲੱਗੇ, ਦੋ-ਦੋ ਪਉੜੀਆਂ ਆਉਂਦੀਆਂ ਨੇ ਉਸ ਦੀ ਥਾਂ ਇਕ ਪੜ੍ਹ ਦਿੱਤੀ, ਅੱਗੇ ਚਲੇ ਗਏ - 'ਸੁਣਿਐ' ਦੀਆਂ ਚਾਰ ਪਉੜੀਆਂ ਆਈਆਂ ਇਕ ਪੜ੍ਹ ਲਈ 'ਮੰਨੈ' ਵਿਚ ਚਲੇ ਗਏ - 'ਮੰਨੈ' ਦੀਆਂ ਚਾਰ ਵਿਚੋਂ ਦੋ ਪੜ੍ਹੀਆਂ ਅੱਗੇ ਆਈਆਂ 'ਅਸੰਖ' ਦੀਆਂ ਉਹ ਵੀ ਛੱਡ ਦਿੱਤੀਆਂ ਤਿੰਨ ਪਉੜੀਆਂ ਵਿਚ ਹੀ 'ਭਰੀਐ ਹਥਿ ਪੈਰ ਤਨ ਦੇਹ' ਤੱਕ ਪਹੁੰਚ ਗਏ। ਅੱਗੇ ਜਾ ਕੇ ਫੇਰ ਉਲਝ ਗਏ ਮੁੜ ਕੇ ਫੇਰ ਥੱਲੇ ਨੂੰ ਆ ਗਏ ਜਾਂ ਹੇਠੋਂ ਇਕ-ਦਮ 'ਰਾਤੀ ਰੁਤੀ ਥਿਤੀ ਵਾਰ' ਵਿਚ ਜਾ ਪਹੁੰਚੇ ਕਿਉਂਕਿ ਮਨ ਸਾਥ ਨਹੀਂ ਦੇ ਰਿਹਾ, ਚਿਤ ਇਕਾਗਰ ਨਹੀਂ, ਇਕ ਬੁੱਧਾ-ਰਧੀ ਕੰਮ ਕਰ ਰਿਹਾ ਹੈ, ਜੇ ਭਲਾ ਪੜ੍ਹ ਵੀ ਲੇਈਏ ਪੂਰਾ, ਤਾਂ ਫੁਰਨਿਆਂ ਤੇ ਕੋਈ ਪਹਿਰਾ ਨਹੀਂ ਹੈ। ਮਹਾਰਾਜ ਜੀ ਕਹਿੰਦੇ ਪਿਆਰਿਓ! ਚਿੱਤ ਏਕਾਗਰ ਕਰਕੇ ਇਕ ਪਾਠ ਕਰੋ। ਇਕ ਪਾਠ ਕਰਨ ਦੇ ਨਾਲ ਹੀ ਸਾਰੀਆਂ ਰੂਹਾਂ ਦਾ ਉਧਾਰ ਹੋ ਜਾਣਾ ਹੈ। ਇਕ ਅਖੰਡ ਪਾਠ ਤਾਂ ਬਹੁਤ ਵੱਡੀ ਬਾਤ ਹੈ, ਸਿਰਫ ਇਕ 'ਜਪੁਜੀ ਸਾਹਿਬ' ਦਾ ਪਾਠ। ਉਸ ਵੇਲੇ ਸਭ ਸ਼ਾਂਤ ਹੋ ਗਏ ਤਾਂ ਇਕ ਗੁਰਸਿਖ ਭਾਈ ਗੋਪਾਲਾ ਹਾਫਜ਼ਾਬਾਦ ਦਾ ਗਲ ਵਿਚ ਪੱਲਾ ਪਾ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਨਮਸ਼ਕਾਰ ਕਰਕੇ ਅੱਗੇ ਖੜ੍ਹਾ ਹੋ ਗਿਆ।

ਕਹਿੰਦਾ, "ਪਾਤਿਸ਼ਾਹ! ਜੇ ਆਪ ਦਾ ਹੱਥ ਹੋਵੇ ਪਿੱਠ ਤੇ ਤਾਂ ਆਪ ਦਾ ਦਾਸ ਕੋਸ਼ਿਸ਼ ਕਰਦਾ ਹੈ।"

ਗੁਰਸਿਖ ਦੀ ਬੋਲੀ, ਗੁਰਸਿੱਖ ਦੀ ਸੋਚ ਦੁਨੀਆਦਾਰਾਂ ਨਾਲੋਂ ਅੱਡ ਹੁੰਦੀ ਹੈ। ਦੁਨੀਆਦਾਰ ਨੇ ਕਹਿਣਾ ਸੀ ਪਾਤਿਸ਼ਾਹ! ਮੈਂ ਪਾਠ ਕਰਦਾ ਹਾਂ। ਗੁਰਸਿਖ ਨੇ ਕਿਹਾ ਪਾਤਿਸ਼ਾਹ! ਮੇਰੀ ਕੋਈ ਤਾਕਤ ਨਹੀਂ ਪਾਠ ਕਰਨ ਦੀ, ਇਹ ਤਾਂ ਆਪ ਦੀ ਦਇਆ ਹੈ ਜੇ ਆਪ ਦਇਆ ਕਰੋ ਤਾਂ ਪਾਠ ਫੁਰਨੇ ਰਹਿਤ ਹੋ ਸਕਦਾ ਹੈ, ਜੇ ਤੁਸੀਂ ਭੁਲਾਉਣਾ ਚਾਹੋਂ ਤਾਂ ਅਸੀਂ ਭਾਵੇਂ ਕਿੰਨਾ ਹੀ ਜੋਰ ਲਾ ਲਈਏ, ਨਹੀਂ ਹੁੰਦਾ। ਆਪਾ ਸਮਰਪਣ ਕੀਤਾ ਹੁੰਦਾ ਹੈ ਗੁਰਸਿਖ ਨੇ, ਆਪਣਾ ਆਪ ਨਹੀਂ ਰੱਖਿਆ ਹੁੰਦਾ।

ਗੁਰੂ ਮਹਾਰਾਜ ਜੀ ਨੇ ਕਿਹਾ, "ਠੀਕ ਹੈ! ਆਸਣ ਲਾਓ ਭਾਈ! ਸਾਡੇ ਆਸਣ ਤੋਂ ਗੁਰਸਿਖ ਦਾ ਆਸਣ ਚਾਰ ਉਂਗਲ ਉੱਚਾ ਲਾਇਓ।"

ਕਹਿਣ ਲੱਗੇ, "ਸੱਚੇ ਪਾਤਿਸ਼ਾਹ! ਗੁਰਸਿਖ ਪਹਿਲਾਂ ਤਾਂ ਬਰਾਬਰ ਹੀ ਨਹੀਂ ਬੈਠਣਾ ਚਾਹੀਦਾ, ਜੇ ਬਰਾਬਰ ਬੈਠਿਆ ਹੈ ਤਾਂ ਆਸਣ ਉਚਾ ਲਵਾਉਣ ਦਾ ਤਾਂ ਕੋਈ ਕਾਰਨ ਹੀ ਨਹੀਂ ਹੈ।"

ਮਹਾਰਾਜ ਜੀ ਕਹਿੰਦੇ, "ਇਸ ਨੇ ਧੁਰ ਕੀ ਬਾਣੀ ਪੜ੍ਹਨੀ ਹੈ, ਜੋ ਅਕਾਲ ਪੁਰਖ ਦੀ ਦਰਗਾਹ ਤੋਂ ਆਈ ਹੈ। ਅਸੀਂ ਸਰੀਰ ਦਾ ਆਦਰ ਨਹੀਂ

ਕਰ ਰਹੇ ਸਗੋਂ ਓਸ ਬਾਣੀ ਦਾ ਆਦਰ ਕਰ ਰਹੇ ਹਾਂ। ਉਹ ਬਾਣੀ ਚਾਹੇ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆ ਰਹੀ ਹੈ ਚਾਹੇ ਕਿਸੇ ਸਰੀਰ ਵਿਚੋਂ ਆ ਰਹੀ ਹੈ - ਬਾਣੀ ਤਾਂ ਬਾਣੀ ਹੈ।

ਸੋ ਉਸੇ ਤਰ੍ਹਾਂ ਉਚਾ ਕਰਕੇ ਆਸਣ ਲਗਵਾ ਦਿੱਤਾ ਗਿਆ। ਗੁਰਸਿਖ ਬਾਣੀ ਪੜ੍ਹਦਾ ਹੈ। ਮਹਾਰਾਜ ਜੀ ਵਿਚ-ਵਿਚ ਬਲਿਹਾਰ-ਬਲਿਹਾਰ ਕਰ ਰਹੇ ਨੇ। ਗੁਰਸਿਖ ਕੇਵਲ ਬਾਣੀ ਪੜ੍ਹਦਾ ਹੀ ਨਹੀਂ ਸਗੋਂ ਇਕੱਲੀ-ਇਕੱਲੀ ਤੁਕ ਦੇ ਭਾਵ ਵਿਚ ਜਾ ਰਿਹਾ ਹੈ। ਨਕਸ਼ਾ ਖਿੱਚ ਕੇ ਰੱਖ ਦਿੱਤਾ ਬਾਣੀ ਦੇ ਰੂਪ ਦਾ ਉਸ ਨੇ। ਜਿਸ ਵਕਤ ਬਾਣੀ ਪੜ੍ਹਦਾ-ਪੜ੍ਹਦਾ ਸਲੋਕ ਵਿਚ ਪਹੁੰਚਿਆਂ ਤਾਂ ਮਹਾਰਾਜ ਜੀ ਨੇ ਸੋਚਿਆ ਕਿ ਇਸ ਗੁਰਸਿਖ ਨੂੰ ਭੇਟਾ ਵੀ ਦੇਣੀ ਚਾਹੀਦੀ ਹੈ ਤੇ ਬਾਣੀ ਪੜ੍ਹਨ ਵਾਲੇ ਨੂੰ ਭੇਟਾ ਕੀ ਦੇਈਏ? ਪੈਸਿਆਂ ਦੀ ਭੇਟਾ? ਪੈਸੇ ਤਾਂ ਕੁਝ ਵੀ ਨਹੀਂ ਹੁੰਦੇ। ਜਿਹੜਾ ਸਚਮੁੱਚ ਬਾਣੀ ਪੜ੍ਹਦਾ ਹੈ, ਬੰਦਗੀ ਕਰਦਾ ਹੈ ਉਸ ਵਾਸਤੇ ਪੈਸੇ ਕੋਈ ਚੀਜ਼ ਨਹੀਂ ਹੁੰਦੇ ਸਗੋਂ ਵਿਘਨਕਾਰੀ ਹੁੰਦੇ ਨੇ। ਉਸ ਨੇ ਲੰਗਰ ਚਲਾਉਣੇ ਨੇ, ਸੇਵਾ ਕਰਨੀ ਹੈ, ਹੋਰ ਥਾਂ ਖਰਚ ਕਰਨੇ ਨੇ, ਇਮਾਰਤਾਂ ਬਣਾਉਣੀਆਂ ਨੇ, ਕੋਈ ਸਕੂਲ ਬਣਾ ਦਿੱਤਾ, ਕੋਈ ਹਸਪਤਾਲ ਬਣਾ ਦਿੱਤਾ। ਉਨ੍ਹਾਂ ਦਾ ਸਮਾਂ ਤਾਂ ਲਗਦਾ ਹੀ ਹੈ, ਪੈਸੇ ਸੰਗਤ ਦੇ ਹੁੰਦੇ ਨੇ ਤੇ ਤੁਰਿਆ ਉਹ ਫਿਰਦਾ ਹੈ। ਜਿਹੜੇ ਨਿਰਵਿਰਤੀ ਦੇ ਮਹਾਤਮਾ ਹੁੰਦੇ ਨੇ ਉਨ੍ਹਾਂ ਦਾ ਕੰਮ ਨਾ ਕਿਸੇ ਤੋਂ ਲੈਣਾ, ਨਾ ਕਿਸੇ ਨੂੰ ਦੇਣਾ, ਉਹ ਆਪਣੇ 'ਅਨੰਦ' ਵਿਚ ਰਹਿੰਦੇ ਨੇ ਪਰ ਗੁਰੂ ਘਰ ਦੇ ਅੰਦਰ ਸੁੰਨ ਹੋ ਕੇ ਰਹਿਣ ਨੂੰ ਗੁਰੂ ਮਹਾਰਾਜ ਜੀ ਨੇ ਪਰਵਾਣ ਨਹੀਂ ਕੀਤਾ, ਉਨ੍ਹਾਂ ਨੇ ਫੁਰਮਾਨ ਕੀਤਾ ਹੈ -

***ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥*** ***ਪੰਨਾ - 661***

ਕਹਿਣਾ ਵੀ ਚਾਹੀਦਾ ਹੈ, ਸੁਣਨਾ ਵੀ ਚਾਹੀਦਾ ਹੈ, ਸੇਵਾ ਕਰਨੀ ਚਾਹੀਦੀ ਹੈ, ਵਾਹਿਗੁਰੂ ਦਾ ਸਰੂਪ ਸਮਝ ਕੇ ਤਾਂ ਬ੍ਰਹਮਗਿਆਨ ਪੱਕਾ ਹੁੰਦਾ ਹੈ, ਨਹੀਂ ਤਾਂ ਕੱਚਾ ਰਹਿ ਜਾਂਦਾ ਹੈ।

ਸੋਚਿਆ ਕਿ ਕੀ ਦੇਣਾ ਚਾਹੀਦਾ ਹੈ ਬਾਣੀ ਪੜ੍ਹਨ ਵਾਲੇ ਨੂੰ? ਮਹਾਰਾਜ ਜੀ ਨੇ ਤਾਂ ਇਕ ਥਾਂ ਤੇ ਐਸਾ ਫੁਰਮਾਨ ਕੀਤਾ ਹੈ-

***ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜਾ,***
***ਗੱਲਾਂ ਜੋ ਸੁਣਾਵੇ ਤੇਰੀਆ -2, 2.***
***ਮੇਰੇ ਪਿਆਰੇ, ਗੱਲਾਂ ਜੋ ਸੁਣਾਵੇ ਤੇਰੀਆ -2, 2.***
***ਸੀਸ ਵੱਢ ਕੇ ਬਣਾ ਦਿਆਂ ਮੂੜਾ,***
*.............2.*

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***

***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ - 558***

ਦੋ ਗੱਲਾਂ ਹੁੰਦੀਆਂ ਨੇ ਸਿਰ ਤੋਂ ਬਗੈਰ ਸੇਵਾ ਕਰਨੀ, ਤੇ ਸਿਰ ਉਸ ਨੂੰ ਬੈਠਣ ਵਾਸਤੇ ਸੀਟ ਵਜੋਂ ਦੇ ਦੇਣਾ, ਆਪਣਾ ਆਪਾ ਤਿਆਗ ਦੇਣਾ, ਹਉਮੈ ਤਿਆਗ ਕੇ ਉਸ ਦੀ ਸੇਵਾ ਕਰਨੀ, ਉਸ ਪੁਰਸ਼ ਦੀ ਜਿਹੜਾ ਮੇਰੇ ਪਿਆਰੇ ਦੀ ਬਾਤ ਸੁਣਾ ਦੇਵੇ। ਕਿੱਡੀ ਵੱਡੀ ਕੀਮਤ ਹੈ ਜਿਹੜਾ ਬਾਣੀ ਪੜ੍ਹ ਕੇ ਸੁਣਾਉਂਦਾ ਹੈ।

ਸੋ ਮਹਾਰਾਜ ਜੀ ਕਹਿਣ ਲੱਗੇ ਇਸ ਨੂੰ ਕੀ ਦੇਣਾ ਚਾਹੀਦਾ ਹੈ? ਬਾਣੀ ਅਮੁੱਲ ਹੈ ਤੇ ਇਸ ਦੀ ਭੇਟਾ ਵੀ ਅਮੁਲ ਹੈ। ਉਸ ਵੇਲੇ ਮਹਾਰਾਜ ਜੀ ਹੌਲੀ-ਹੌਲੀ ਪਿਛੇ ਹੱਟਣ ਲੱਗੇ ਗਏ ਤਖਤ ਤੋਂ। ਜਿਸ ਵਕਤ ਆਪ ਨੇ ਇਕ ਚਰਨ ਹੇਠਾਂ ਰੱਖ ਲਿਆ ਉਸ ਵੇਲੇ ਆਖਰੀ ਤੁਕ ਆ ਗਈ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ...............॥***
***ਪੰਨਾ - 8***

ਐਨੀ ਦੇਰ ਦੇ ਵਿਚ ਟਿਕੇ ਹੋਏ ਮਨ ਨੇ ਫੁਰਨਾ ਕਰ ਦਿੱਤਾ ਕਿ ਮਹਾਰਾਜ ਜੀ ਤਾਂ ਚੱਲੇ, ਜੇ ਮਹਾਰਾਜ ਜੀ ਸਵਾ-ਲੱਖ ਵਾਲਾ ਘੋੜਾ ਮੈਨੂੰ ਦੇ ਦੇਣ। ਹੁਣ ਸਵਾ ਕਰੋੜ ਦਾ ਸਮਝ ਲਉ ਕਿਉਂਕਿ ਕੀਮਤਾਂ ਦਾ ਫਰਕ ਹੈ। ਉਸੇ ਵੇਲੇ ਮਹਾਰਾਜ ਜੀ ਨੇ ਥੱਲੇ ਲਾਹਿਆ ਹੋਇਆ ਚਰਨ ਮੁੜ ਤਖਤ ਤੇ ਰੱਖ ਲਿਆ ਤੇ ਸਲੋਕ ਪੂਰਾ ਹੁੰਦਿਆਂ ਆਪ ਮੁੜ ਤਖਤ ਤੇ ਬਿਰਾਜਮਾਨ ਹੋ ਗਏ। ਸਾਰੀ ਸੰਗਤ ਹੈਰਾਨ ਹੋ ਗਈ ਕਿ ਮਹਾਰਾਜ ਜੀ ਉਠਦੇ-ਉਠਦੇ ਫੇਰ ਬੈਠ ਗਏ। ਐਨੇ ਨੂੰ ਸਮਾਪਤੀ ਹੋ ਗਈ।

ਮਹਾਰਾਜ ਕਹਿੰਦੇ, "ਧੰਨ ਗੁਰਸਿੱਖਾ! ਧੰਨ ਹੈ।"

ਗੁਰਸਿਖ ਨੇ ਨਮਸ਼ਕਾਰ ਕਰੀ। ਆਪ ਨੇ ਹੁਕਮ ਦਿੱਤਾ ਕਿ ਸਵਾ ਲੱਖ ਦਾ ਘੋੜਾ ਜਿਹੜਾ ਤਬੇਲੇ 'ਚ ਖੜ੍ਹਾ ਹੈ ਉਹ ਸ਼ਿੰਗਾਰ ਕੇ ਲੈ ਕੇ ਆਓ। ਉਸੇ ਤਰ੍ਹਾਂ ਸੋਨੇ ਦੇ ਪੱਤਰੇ ਕਾਠੀ ਨਾਲ ਲੱਗੇ ਹੋਏ, ਸੋਨੇ ਚਾਂਦੀ ਦੀਆਂ ਹਮੇਲਾਂ ਪਾ ਕੇ, ਝਿਲਮਿਲ ਕਰਦਾ ਸੋਨੇ ਦੀਆਂ ਝਾਂਜਰਾਂ ਵਾਲਾ ਉਸੇ ਵੇਲੇ ਹਾਜਰ ਕਰ ਦਿੱਤਾ।

ਮਹਾਰਾਜ ਜੀ ਕਹਿੰਦੇ, "ਲੈ ਗੁਰਸਿੱਖਾ! ਇਕ ਫੁਰਨਾ ਤੂੰ ਕਰ ਲਿਆ, ਅਸੀਂ ਤੈਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਰੂਹਾਨੀ ਗੱਦੀ ਸਮਰਪਣ ਕਰਨ ਲੱਗੇ ਸੀ। ਹੁਣੇ ਹੀ ਅਸੀਂ ਪੰਜ ਪੈਸੇ ਤੇ ਨਾਰੀਅਲ ਮੰਗਾ ਕੇ, ਪਰਕਰਮਾ ਕਰਕੇ ਤੇਰੇ ਚਰਨਾਂ ਤੇ ਨਮਸ਼ਕਾਰ ਕਰ ਦੇਣੀ ਸੀ ਤੇ ਤੈਨੂੰ ਸੱਤਵਾਂ ਗੁਰੂ ਨਾਨਕ ਬਣਾ ਕੇ ਅਸੀਂ ਆਪਣੇ ਘਰ ਨੂੰ ਚਲੇ ਜਾਣਾ ਸੀ।"

ਸੋ ਸ਼ੁੱਧ ਗੁਰਬਾਣੀ ਦਾ ਕਿੱਡਾ ਮਹਾਤਮ ਮਹਾਰਾਜ ਜੀ ਨੇ ਦੱਸਿਆ ਹੈ ਫੁਰਨੇ ਰਹਿਤ ਪੜ੍ਹਨ ਦਾ।

ਮਹਾਰਾਜ ਜੀ ਕਹਿੰਦੇ, "ਭਾਈ! ਪਰ ਤੇਰੇ ਭਾਗਾਂ ਦੇ ਵਿਚ ਇਹ ਗੱਲ ਨਾ ਹੋਣ ਕਰਕੇ ਅਕਾਲ ਪੁਰਖ ਨੇ ਤੈਨੂੰ ਫੁਰਨਾ ਕਰਾ ਦਿੱਤਾ।"

ਸੋ ਏਸ ਤਰ੍ਹਾਂ ਮਹਾਰਾਜ ਜੀ ਨੇ ਮਹਤੱਤਾ ਦੱਸੀ ਹੈ ਚਿੱਤ ਦੀ ਇਕਾਗਰਤਾ ਤੇ ਨਾਲ ਗੁਰਬਾਣੀ ਪੜ੍ਹਨ ਦੀ। ਗੁਰੂ ਮਹਾਰਾਜ ਗੁਰੂ ਦਸਵੇਂ ਪਾਤਿਸ਼ਾਹ ਦੇ ਪਾਸ ਜਦੋਂ ਸੰਗਤ ਨੇ ਬੇਨਤੀ ਕਰੀ ਕਿ ਪਾਤਿਸ਼ਾਹ! ਚਿੱਤ ਨਹੀਂ ਲਗਦਾ ਬਾਣੀ ਨਾਲ ਤੇ ਆਪ ਦਾ ਫੁਰਮਾਨ ਇਹ ਹੈ –

***ਧਾਰਨਾ – ਚੜੀ ਰਹੇ ਦਿਨ ਰਾਤ ਨਾਮ ਖੁਮਾਰੀ –2, 4.***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪ੍ਰਭਾਤ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥***

ਮਹਾਰਾਜ! ਐਸਾ ਸੁਣਦੇ ਆਏ ਹਾਂ ਕਿ ਨਾਮ ਦੇ ਅੰਦਰ ਮਹਾਨ ਰਸ ਹੁੰਦਾ ਹੈ। ਜੇ ਇਕ ਵਾਰੀ ਉਹ ਰਸ ਆ ਜਾਵੇ ਤਾਂ ਦੁਨੀਆਂ ਦੇ ਕਿਸੇ ਰਸ ਦੀ ਲੋੜ ਨਹੀਂ ਰਹਿੰਦੀ। ਉਸ ਰਸ ਤੋਂ ਬਗੈਰ ਰਸਨਾ ਫਿੱਕੀ ਹੈ –

***ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥ ਪੰਨਾ – 921***

ਨਹੀਂ ਬੁਝੇਗੀ ਤੇਰੀ ਪਿਆਸ ਕਿਉਂਕਿ ਤੂੰ ਖੋਟੇ ਰਸਾਂ ਵਿਚ ਰਚੀ ਹੋਈ ਹੈ। ਕਪੜਿਆਂ ਦਾ ਰਸ ਹੈ, ਪਰਿਵਾਰ ਦਾ ਰਸ ਹੈ, ਜ਼ਮੀਨ ਦਾ ਰਸ ਹੈ, ਖਾਣ ਪੀਣ ਦਾ ਰਸ ਹੈ, ਅਹੁਦਿਆਂ ਦਾ ਰਸ ਹੈ, ਇਕ ਰਸ ਹੈ ਆਦਮੀ ਦੇ ਅੰਦਰ? ਜਿੰਨੀਆਂ ਖਿੱਚਾਂ ਨੇ ਉਹ ਸਾਰੇ ਰਸ ਨੇ। ਜੇ ਰਸ ਨਾ ਹੋਵੇ ਤਾਂ ਆਦਮੀ ਉਹ ਕੰਮ ਹੀ ਨਾ ਕਰੇ। ਮਹਾਰਾਜ ਜੀ ਕਹਿੰਦੇ ਇਨ੍ਹਾਂ ਨਾਲ ਪਿਆਸ ਨਹੀਂ ਜਾਣੀ, ਪਿਆਸ ਤਾਂ ਜਾਉ ਜੇ ਨਾਮ ਦਾ ਰਸ ਆ ਗਿਆ। ਉਸ ਵੇਲੇ ਬਾਕੀ ਰਸਾਂ ਦੀ ਲੋੜ ਨਹੀਂ ਰਹਿਣੀ।

ਕਹਿੰਦੇ, "ਸੱਚੇ ਪਾਤਿਸ਼ਾਹ! ਆਪ ਦਾ ਐਸਾ ਫੁਰਮਾਨ ਆਉਂਦਾ ਹੈ ਬਾਣੀ ਦੇ ਅੰਦਰ ਬਾਰ-ਬਾਰ। ਆਹ ਜਿੰਨੇ ਵੀ ਅਸੀਂ ਆਏ ਹਾਂ ਇਕੋ ਸਵਾਲ ਲੈ ਕੇ ਆਏ ਹਾਂ ਕਿ ਸਾਡਾ ਰਸ ਤਾਂ ਇਕ ਪਾਸੇ ਰਹਿ ਗਿਆ, ਸਾਡਾ ਮਨ ਤਾਂ ਨਾ ਟਿਕਦਾ ਹੈ ਤੇ ਨਾ ਸਾਨੂੰ ਕੋਈ ਰਸ ਆਉਂਦਾ ਸਗੋਂ ਸਿਰ ਦੁੱਖਣ ਲੱਗ ਜਾਂਦਾ ਹੈ।

ਮਹਾਰਾਜ ਜੀ ਕਹਿੰਦੇ, " ਤੁਸੀਂ ਬਾਣੀ ਪੜ੍ਹਦੇ ਨਹੀਂ ਹੋਵੋਂਗੇ ਭਾਈ!"

ਕਹਿੰਦੇ, "ਮਹਾਰਾਜ! ਪੰਜ ਬਾਣੀਆਂ ਦਾ ਤਾਂ ਆਪ ਦਾ ਹੁਕਮ ਹੈ, ਅਸੀਂ ਤਾਂ ਉਨੀਂ ਉਨੀਂ ਬਾਣੀਆਂ ਰੋਜ਼ ਪੜ੍ਹਦੇ ਹਾਂ।"

ਮਹਾਰਾਜ ਜੀ ਕਹਿੰਦੇ, "ਪੜ੍ਹਦੇ ਨਹੀਂ ਹੋਵੋਂਗੇ।"

ਇਕ ਦੂਜੇ ਵੱਲ ਦੇਖਣ ਲੱਗ ਗਏ। ਕਹਿੰਦੇ, "ਸੱਚੇ ਪਾਤਿਸ਼ਾਹ! ਅਸੀਂ ਸਹੀ ਗੱਲ ਹੀ ਕਹਿੰਦੇ ਹਾਂ। ਗਿਣ ਕੇ ਦੱਸ ਦਿੰਦੇ ਹਾਂ ਕਿ ਕਿਹੜੀ-ਕਿਹੜੀ ਪੜ੍ਹਦੇ ਹਾਂ। ਸਾਡੇ ਵਿਚੋਂ ਇਕੀ-ਇਕੀ ਬਾਣੀਆਂ ਪੜ੍ਹਨ ਵਾਲੇ ਵੀ ਨੇ, ਉਨੀਂ ਪੜ੍ਹਨ ਵਾਲੇ ਵੀ ਨੇ, ਪੰਦਰਾਂ ਪੜ੍ਹਨ ਵਾਲੇ ਵੀ ਨੇ ਪਰ ਸਾਡਾ ਚਿੱਤ ਨਹੀਂ

ਲਗਦਾ, ਮਨ ਵਿਚ ਰਸ ਨਹੀਂ ਆਉਂਦਾ।"

ਮਹਾਰਾਜ ਜੀ ਨੇ ਦੋ-ਤਿੰਨ ਵਾਰੀ ਕਿਹਾ ਕਿ ਤੁਹਾਨੂੰ ਪੜ੍ਹਨ ਦੀ ਜਾਚ ਨਹੀਂ। ਅਖੀਰ ਮਹਾਰਾਜ ਜੀ ਕਹਿੰਦੇ ਤੁਹਾਨੂੰ ਪ੍ਰਤੱਖ ਸਮਝਾਉਂਦੇ ਹਾਂ। ਲਾਂਗਰੀ ਸਿੰਘ ਨੂੰ ਕਿਹਾ ਕਿ ਸੁਖ ਨਿਧਾਨ ਦਾ ਵੱਡਾ ਬਾਟਾ ਭਰ ਕੇ ਲਿਆ। ਹੁਕਮ ਦੀ ਤਾਮੀਲ ਹੋ ਗਈ। ਛੋਟੇ ਛੋਟੇ ਬਾਟੇ ਮੰਗਾ ਕੇ ਉਨ੍ਹਾਂ ਦੋ-ਦੋ ਘੁਟਾਂ ਪਾ ਦਿੱਤੀਆਂ ਤੇ ਦੂਜੇ ਵੱਡੇ ਬਾਟੇ ਭਰ ਦਿੱਤੇ।

ਮਹਾਰਾਜ ਜੀ ਕਹਿੰਦੇ, "ਚਾਰ ਪੰਜ ਆਦਮੀ ਓਧਰ ਜਾ ਕੇ ਆਹ ਛੋਟੇ ਬਾਟਿਆਂ ਵਾਲੇ ਪੀ ਲਓ ਤੇ ਵੱਡਿਆਂ ਵਾਲੇ ਕੁਰਲੀਆਂ ਕਰਕੇ ਸੁੱਟ ਦਿਉ।"

ਹੁਕਮ ਦੀ ਤਾਮੀਲ ਹੋਈ। ਮਹਾਰਾਜ ਜੀ ਕਹਿੰਦੇ, "ਭਾਈ ਕਿਸ ਤਰ੍ਹਾਂ ਲਗਦਾ ਹੈ ਸਰੀਰ ਵਿਚ ਕੋਈ ਪਰਿਵਰਤਨ ਹੋਇਆ?"

ਕੋਈ ਵੀ ਚੀਜ਼ ਜਿਸ ਦਾ ਨਸ਼ਾ ਕਹਿੰਦੇ ਜੇ ਸਰੀਰ ਵਿਚ ਪੈ ਜਾਵੇ ਤਾਂ ਉਹ ਦਿਮਾਗ ਨੂੰ ਘੁੱਟ ਦਿੰਦੀ ਹੈ, ਗਰਮੀ ਤੇ ਖੁਸ਼ਕੀ ਉਸ ਨੇ ਕਰਨੀ ਹੀ ਕਰਨੀ ਹੈ। ਇਹ ਐਸੇ ਨਸ਼ੇ ਨੇ ਜਿਹੜੇ ਸਰੀਰ ਦਾ ਸੱਤਿਆ ਨਾਸ ਕਰ ਦਿੰਦੇ ਨੇ ਜਿਵੇਂ ਸ਼ਰਾਬ ਹੈ। ਸ਼ਰਾਬ ਦੇ ਬਾਰੇ ਰਹਿਤਨਾਮਿਆਂ ਵਿਚ ਆਉਂਦਾ ਹੈ ਕਿ-

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸੱਤ ਕੁਲਾਂ ਦਾ ਨਾਸ਼ ਕਰਦੀ ਹੈ ਸ਼ਰਾਬ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ। ਤੰਬਾਕੂ ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ।

ਨਿੰਦਾ ਕਰਨ ਵਾਲਾ ਤਾਂ ਆਪਣੀਆਂ ਸਾਰੀਆਂ ਕੁਲਾਂ ਡੋਬ ਦਿੰਦਾ ਹੈ। ਐਸੇ ਜਿਹੜੇ ਪੁਰਸ਼ ਨੇ ਕੁਲਾਂ ਨੂੰ ਡੋਬਣ ਵਾਲੇ। ਮਹਾਰਾਜ ਜੀ ਕਹਿੰਦੇ ਬੱਚਿਆਂ ਲਈ ਕਹਿੰਦੇ ਹੋ ਕਿ ਮੇਰੇ ਬੱਚਾ ਹੋ ਜਾਵੇ, ਮੇਰੇ ਬੱਚਾ ਹੋ ਜਾਵੇ। ਜੇ ਤਾਂ ਹੋਵੇ ਪ੍ਰਮੇਸ਼ਰ ਦਾ ਪਿਆਰਾ, ਫੇਰ ਤਾਂ ਠੀਕ ਹੈ। ਜੇ ਪ੍ਰਮੇਸ਼ਰ ਦੇ ਪਿਆਰੇ ਤੋਂ ਬਗੈਰ ਵਾਹਿਗੁਰੂ ਨੂੰ ਭੁੱਲ ਕੇ ਜੋਰ ਜਬਰ ਕਰਨ ਵਾਲਾ ਆ ਗਿਆ, ਪਾਪ ਕਰਨ ਵਾਲਾ ਹੋ ਗਿਆ ਤਾਂ ਉਸ ਵੇਲੇ ਮਹਾਰਾਜ ਜੀ ਮਾਤਾ ਨੂੰ ਕਹਿੰਦੇ ਨੇ ਕਿ ਮਾਤਾ! ਤੂੰ ਪੁੱਤਰ-ਪੁੱਤਰ ਕਰਦੀ ਸੀ ਤੇ ਪੁੱਤਰ ਤੂੰ ਐਸਾ ਪੈਦਾ ਨਾ ਕਰ ਸਕੀ ਜਿਹੜਾ ਕਰਨਾ ਚਾਹੀਦਾ ਸੀ। ਉਹ ਧੰਨ ਮਾਵਾਂ ਨੇ ਜਿਨ੍ਹਾਂ ਦੇ ਪੁੱਤਰ ਨਾਮ ਜਪਦੇ ਨੇ। ਜਿਨ੍ਹਾਂ ਦੇ ਪੁੱਤਰ ਉਲਟੇ ਕੰਮ ਕਰਦੇ ਨੇ, ਦੂਜਿਆਂ ਨੂੰ ਤੰਗ ਕਰਦੇ ਨੇ, ਦੁਖੀ ਕਰਦੇ ਨੇ, ਪਾਪ ਕਰਦੇ ਨੇ, ਦਿਨ ਰਾਤ ਰੌਲਾ-ਰੱਪਾ ਪਾ ਕੇ ਰੱਖਦੇ ਨੇ, ਈਰਖਾ ਕਰਦੇ ਨੇ, ਨਿੰਦਿਆਂ ਕਰਦੇ ਨੇ, ਨਸ਼ਿਆ ਵਿਚ ਰਹਿੰਦੇ ਨੇ। ਉਥੇ ਮਹਾਰਾਜ ਜੀ ਸਲਾਹ ਦਿੰਦੇ ਨੇ ਕਿ ਚੰਗਾ ਹੁੰਦਾ ਮਾਤਾ! ਤੂੰ ਇਹ ਮੰਗ ਲੈਂਦੀ ਕਿ ਮੇਰਾ ਪਤੀ ਮਰ ਜਾਵੇ,

ਵਿਧਵਾ ਹੋ ਜਾਵਾਂ ਮੈਂ, ਐਸਾ ਨਿਕੰਮਾ ਪੁੱਤ ਨਾ ਕਿਤੇ ਮੇਰੀ ਕੁਖ ਤੋਂ ਪੈਦਾ ਹੋ ਜਾਵੇ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ॥*
*ਜਨਮਤ ਕਸ ਨ ਮੁਓ ਅਪਰਾਧੀ॥* *ਪੰਨਾ – 328*

ਸੋ ਜੋ ਤੰਬਾਕੂ ਦਾ ਨਸ਼ਾ ਹੈ –

*ਤਨਕ ਤੰਬਾਕੂ ਸੇਵੀਐ ਦੇਵ ਪਿਤਰ ਛਡ ਜਾਇ॥*

ਜਰਾ–ਕੁ ਤੰਬਾਕੂ ਸੇਵ ਲਏ....., ਜਦੋਂ ਮੈਂ ਤੁਹਾਡੇ ਕੋਲੋਂ ਗਿਆ, ਪੰਜਾਬ ਤੋਂ ਯੂ.ਪੀ. ਐਸੇ ਥਾਂ ਚਲਿਆ ਗਿਆ ਜਿਥੇ ਮੈਂ ਦੇਖਿਆ ਕਿ ਹੱਥਾਂ ਦੇ ਉਤੇ ਮਲੀ ਜਾਂਦੇ ਨੇ, ਕੁਝ ਖਾ ਜਾਂਦੇ ਨੇ। ਡੱਕਿਆਂ ਵਰਗੇ ਬੰਦੇ ਝੂਲਦੇ ਫਿਰਦੇ ਨੇ। ਪਤਾ ਕਰਿਆ ਕਹਿੰਦੇ ਜੀ! ਤੰਬਾਕੂ ਹੁੰਦਾ ਹੈ, ਜ਼ਰਦਾ ਕਹਿੰਦੇ ਨੇ। ਏਧਰੋਂ ਯੂ.ਪੀ. ਤੋਂ ਭਈਆ ਲੋਕ ਪੰਜਾਬ ਗਏ, ਉਨ੍ਹਾਂ ਨੇ ਲਾ ਦਿੱਤੇ ਸਾਰੇ ਤੇ ਉਹ ਖਾਣ ਲੱਗ ਗਏ ਜ਼ਰਦਾ। ਐਸੀ ਪੰਜਾਬ ਵਿਚ ਬਿਮਾਰੀ ਪਈ, ਕੋਈਓ ਬਚਿਆ ਏਸ ਤੋਂ।

ਜ਼ਰਾ ਕੁ ਤੰਬਾਕੂ ਵਰਤੋ, ਦੇਵਤਾ ਲੋਕ ਜਿਹੜੇ ਛੋਟੇ–ਛੋਟੇ ਸਵਰਗਾਂ ਵਿਚ ਰਹਿੰਦੇ ਨੇ ਗੰਧਰਵ ਲੋਕ, ਦੇਵ ਗੰਧਰਵ ਲੋਕ, ਪਿੱਤਰ ਲੋਕ, ਉਨ੍ਹਾਂ ਨੂੰ ਦੋਸ਼ ਲਗਦਾ ਹੈ ਏਸ ਕਰਕੇ ਉਨ੍ਹਾਂ ਦੀ ਨਿਗ੍ਹਾ ਜਿਹੜੀ ਸਾਡੇ ਕੰਮ ਸੰਵਾਰਦੀ ਹੈ, ਉਹ ਬਜ਼ੁਰਗ ਸਾਨੂੰ ਬੇਦਾਵਾ ਦੇ ਜਾਂਦੇ ਨੇ, ਛੱਡ ਦਿੰਦੇ ਨੇ, ਤਿਆਗ ਪੱਤਰ ਦੇ ਦਿੰਦੇ ਨੇ ਕਿ ਆਹ ਸਾਡਾ ਕੁਝ ਨਹੀਂ ਲਗਦਾ ਜਿਹੜਾ ਸਾਡੀ ਕੁਲ ਵਿਚ ਆਇਆ ਹੈ। ਇਸ ਕਰਕੇ ਇਸ ਦੇ ਕਰਮਾਂ ਦਾ ਦੋਸ਼ ਸਾਨੂੰ ਨਾ ਲੱਗੇ। ਉਸ ਦੇ ਹੱਥ ਦਾ ਪਾਣੀ ਨਹੀਂ ਪੀਂਦੇ।

ਜਿਹੋ ਜਿਹੀ ਸ਼ਰਾਬ ਪੀ ਲਈ ਉਹੋ ਜਿਹਾ ਉਸ ਦੇ ਹੱਥ ਦਾ ਪਾਣੀ ਪੀ ਲਿਆ। ਕਿੱਡੇ ਵੱਡੇ ਦੋਸ਼ ਨੇ। ਸੋ ਐਸੇ ਦੋਸ਼ਾਂ ਵਾਲਾ ਜੇ ਪੁੱਤਰ ਘਰ ਵਿਚ ਆ ਜਾਵੇ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥* *ਪੰਨਾ – 328*

ਸੋ ਏਸ ਤਰ੍ਹਾਂ ਜੋ ਹਰੀ ਦੇ ਰਸਤੇ ਵੱਲ ਨਹੀਂ ਪੈਂਦਾ ਉਸ ਦਾ ਪੁੱਤਰ ਵੀ ਘਰ ਵਿਚ ਆਇਆ ਕਿਸੇ ਕੰਮ ਦਾ ਨਹੀਂ ਹੈ। ਸੋ ਨਸ਼ਾ ਜਿਹੜਾ ਹੈ ਉਹ ਬੜੀ ਬੁਰੀ ਚੀਜ਼ ਹੈ ਚਾਹੇ ਉਹ ਸੁੱਖੇ ਦਾ ਹੈ ਚਾਹੇ ਉਹ ਕਿਸੇ ਦਾ ਵੀ ਹੈ। ਕਈ ਪ੍ਰੇਮੀਆਂ ਦਾ ਮਤ ਹੈ ਕਿ ਮਹਾਰਾਜ ਜੀ ਨੇ ਸੁਖਾ ਪਿਲਾ ਦਿੱਤਾ। ਇਹ ਸਾਖੀਆਂ ਨੇ ਭਾਈ! ਮਹਾਰਾਜ ਜੀ ਕਹਿੰਦੇ ਨਸ਼ਾ ਜੋ ਹੈ ਉਹ ਤਾਂ ਕੇਵਲ ਨਾਮ ਦਾ ਹੈ ਹੋਰ ਕੋਈ ਨਸ਼ਾ ਨਹੀਂ ਹੈ ਦੁਨੀਆਂ ਦੇ ਅੰਦਰ। ਸੋ ਉਨ੍ਹਾਂ ਨੂੰ ਪੁਛਿਆ ਜਿਨ੍ਹਾਂ ਨੇ ਦੋ–ਦੋ ਘੁੱਟ ਭਰੇ ਸੀ ਉਹ ਕਹਿੰਦੇ ਜੀ!

ਸਾਡਾ ਤਾਂ ਸਿਰ ਚਕਰਾ ਰਿਹਾ ਹੈ। ਦੂਜਿਆਂ ਨੂੰ ਪੁਛਿਆ ਉਹ ਕਹਿੰਦੇ ਕਿ ਮਹਾਰਾਜ ਤੁਸੀਂ ਤਾਂ ਹੁਕਮ ਕੀਤਾ ਸੀ ਕਿ ਇਕ ਘੁੱਟ ਵੀ ਅੰਦਰ ਨਾ ਜਾਵੇ, ਕੁਰਲੀਆਂ ਕਰਨ ਨੂੰ ਕਿਹਾ ਸੀ। ਸੋ ਅਸੀਂ ਤਾਂ ਬੜੀ ਸਾਵਧਾਨੀ ਨਾਲ ਕੁਰਲੀ ਕਰੀ ਹੈ। ਕੁਰਲੀਆਂ ਕਰਨ ਤੋਂ ਬਾਅਦ ਮੂੰਹ ਜਲ ਨਾਲ ਸਾਫ ਕਰਿਆ ਹੈ ਕਿ ਕਿਤੇ ਅੰਦਰ ਨਾ ਲੰਘ ਜਾਵੇ।

ਮਹਾਰਾਜ ਜੀ ਕਹਿੰਦੇ, "ਤੁਸੀਂ ਤਾਂ ਬਹੁਤ ਪੀਤਾ ਹੈ।"

ਕਹਿੰਦੇ, "ਮਹਾਰਾਜ! ਕੁਰਲੀਆਂ ਕਰੀਆਂ ਨੇ।"

ਮਹਾਰਾਜ ਜੀ ਕਹਿੰਦੇ, "ਪਿਆਰਿਓ! ਐਵੇਂ-ਜਿਵੇਂ ਬਾਣੀ ਦਾ ਹੈ ਜੇ ਚਿਤ ਇਕਾਗਰ ਕਰਕੇ ਬਾਣੀ ਨਾ ਪੜ੍ਹੀ ਜਾਵੇ ਤਾਂ ਆਹ ਕੁਰਲੀਆਂ ਵਾਲਾ ਹੀ ਹਿਸਾਬ ਹੁੰਦਾ ਹੈ, ਚਿੱਤ ਦੀ ਇਕਾਗਰਤਾ ਸਭ ਤੋਂ ਵੱਡੀ ਚੀਜ਼ ਹੈ। ਜੇ ਚਿੱਤ ਨਹੀਂ ਇਕਾਗਰ ਹੁੰਦਾ ਤਾਂ ਗੱਲ ਨਹੀਂ ਬਣਿਆ ਕਰਦੀ।"

ਸੋ ਇਹ ਅਸੂਲ ਨੇ ਛੋਟੇ-ਛੋਟੇ ਜਿਨ੍ਹਾਂ ਦੇ ਉਤੇ ਰੂਹਾਨੀਅਤ ਖੜ੍ਹੀ ਹੁੰਦੀ ਹੈ। ਜੇ ਏਹੀ ਨਹੀਂ ਚਲਦੇ ਤਾਂ ਮੁਸ਼ਕਲ ਹੈ।

ਗੁਰੂ ਨਾਨਕ ਪਾਤਿਸ਼ਾਹ ਵੇਈ ਨਦੀ 'ਚੋਂ ਚੁੱਭੀ ਮਾਰਨ ਤੋਂ ਬਾਅਦ ਜਦੋਂ ਬਾਹਰ ਆਉਂਦੇ ਨੇ, ਉਸ ਵੇਲੇ ਬਸਤਰ ਤਿਆਗ ਦਿੱਤੇ, ਕੇਵਲ ਲੱਕ ਦੇ ਦੁਆਲੇ ਬਸਤਰ ਰੱਖ ਲਿਆ, ਇਕ ਸੀਸ ਦੇ ਉਤੇ ਬੰਨ੍ਹ ਲਿਆ, ਇਕੋ ਆਵਾਜ਼ ਦੇਣ ਲੱਗ ਗਏ -

***ਨਾ ਕੋਈ ਹਿੰਦੂ ਨਾ ਮੁਸਲਮਾਨ॥***

ਹਿੰਦੂਆਂ ਨੇ ਸੁਣਿਆ ਕਿ ਇਹ ਤਾਂ ਇਉਂ ਕਹਿੰਦੇ ਨੇ। ਮੁਸਲਮਾਨਾਂ ਨੇ ਸੁਣਿਆ ਉਹ ਕਹਿੰਦੇ ਇਹ ਕਿਵੇਂ ਕਹਿੰਦੇ ਨੇ ਸ਼ਰ੍ਹਾ ਦਾ ਰਾਜ ਹੈ, ਅਸੀਂ ਮੁਸਲਮਾਨ ਕਿਉਂ ਨਹੀਂ? ਰੋਜ਼ੇ ਰੱਖਦੇ ਹਾਂ, ਜ਼ਕਾਤ ਦਿੰਦੇ ਹਾਂ, ਨਮਾਜ਼ਾਂ ਪੜ੍ਹਦੇ ਹਾਂ, ਫੇਰ ਅਸੀਂ ਮੁਸਲਮਾਨ ਕਿਉਂ ਨਾ ਹੋਏ? ਸ਼ਿਕਾਇਤ ਗਈ ਕਾਜ਼ੀ ਦੇ ਪਾਸ, ਗੁਰੂ ਨਾਨਕ ਪਾਤਿਸ਼ਾਹ ਦਾ ਸ਼ਰਧਾਲੂ ਸੀ ਨਵਾਬ ਦੌਲਤ ਖਾਨ। ਉਸ ਵੇਲੇ ਕਾਜ਼ੀ ਨੇ ਕਿਹਾ ਕਿ ਇਹ ਫੈਸਲਾ ਮੈਂ ਤਾਂ ਨਹੀਂ ਕਰਨਾ, ਨਵਾਬ ਸ਼ਰਧਾਲੂ ਹੈ ਤੇ ਇਹ ਮਾਮਲਾ ਨਵਾਬ ਦੇ ਪੇਸ਼ ਕਰਾਂ। ਨਵਾਬ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਬੁਲਾਇਆ, ਪੇਸ਼ੀ ਹੋਈ।

ਮਹਾਰਾਜ ਜੀ ਕਹਿਣ ਲੱਗੇ, "ਨਵਾਬ ਸਾਹਿਬ! ਉਹ ਕਰਮ ਜੋ ਉਨ੍ਹਾਂ ਧਰਮਾਂ ਦੇ ਨੇ ਉਹ ਕਰਦੇ ਨਹੀਂ, ਏਸ ਕਰਕੇ ਅਸੀਂ ਕਹਿੰਦੇ ਹਾਂ ਕਿ ਇਹ ਐਵੇਂ ਨਾਉਂ ਹੀ ਹੈ ਕਿ ਮੈਂ ਮੁਸਲਮਾਨ ਹਾਂ, ਮੈਂ ਹਿੰਦੂ ਹਾਂ। ਨਾ ਹਿੰਦੂ ਹਿੰਦੂਆਂ ਵਾਲਾ ਕੰਮ ਕਰਦੇ ਨੇ ਤੇ ਨਾ ਮੁਸਲਮਾਨ ਮੁਸਲਮਾਨਾਂ ਵਾਲਾ ਕਰਦੇ ਨੇ। ਨਮਾਜ਼ਾਂ ਪੜ੍ਹਦੇ ਨੇ ਤੇ ਭਾਵ ਦਾ ਪਤਾ ਨਹੀਂ ਕਿ ਕੀ ਹੈ?"

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥***
***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥***

ਕਹਿੰਦੇ ਜੇ ਤਾਂ ਇਹ ਸਿਫਤਾਂ ਆਉਂਦੀਆਂ ਨੇ ਫੇਰ ਤਾਂ ਨਮਾਜ਼ ਹੈ, ਨਹੀਂ ਤਾਂ ਨਮਾਜ਼ ਕਾਹਦੀ? ਕਹਿੰਦੇ, "ਹੇ ਨਾਨਕ! ਤੁਹਾਨੂੰ ਨਮਾਜ਼ ਤੇ ਗਾਇਤ੍ਰੀ ਵਿਚ ਫਰਕ ਨਹੀਂ ਦਿਸਦਾ?"

ਮਹਾਰਾਜ ਜੀ ਕਹਿੰਦੇ, "ਨਾਂਹ! ਸਾਨੂੰ ਕੋਈ ਫਰਕ ਨਹੀਂ, ਬੋਲੀ ਦਾ ਫਰਕ ਹੈ। ਉਹ ਵੀ ਓਹੀ ਗੱਲ ਕਹਿੰਦੀ ਹੈ, ਉਹ ਵੀ ਓਹੀ ਕਹਿੰਦੀ ਹੈ।"

ਕਹਿੰਦੇ, "ਫੇਰ ਸਾਡੇ ਨਾਲ ਚੱਲ ਕੇ ਨਮਾਜ਼ ਪੜ੍ਹੋ।" ਸ਼ਹਿਰ ਵਿਚ ਰੌਲਾ ਪੈ ਗਿਆ। ਉਸ ਤੋਂ ਬਾਅਦ ਮਹਾਰਾਜ ਜੀ ਮਸਜਿਦ ਵਿਚ ਜਾਂਦੇ ਨੇ। ਜਦੋਂ ਪਹਿਲਾ ਕਲਮਾ ਪੜ੍ਹਿਆ ਗਿਆ, ਉਸ ਤੋਂ ਬਾਅਦ ਮਹਾਰਾਜ ਇਕ ਪਾਸੇ ਹੋ ਕੇ ਬੈਠ ਗਏ। ਜਦੋਂ ਨਮਾਜ਼ ਪੜ੍ਹ ਹੋ ਗਈ ਉਸ ਵੇਲੇ ਕਾਜ਼ੀ ਕਹਿਣ ਲੱਗਿਆ, "ਨਵਾਬ ਸਾਹਿਬ! ਨਾਨਕ ਜੀ ਨਮਾਜ਼ ਪੜ੍ਹਨ ਆਏ ਸੀ ਪਰ ਇਕ ਪਾਸੇ ਬੈਠ ਗਏ।"

ਨਵਾਬ ਕਹਿਣ ਲੱਗਿਆ, "ਨਾਨਕ ਜੀ! ਤੁਸੀਂ ਆਏ ਤਾਂ ਨਮਾਜ਼ ਪੜ੍ਹਨ ਸੀ, ਇਕ ਪਾਸੇ ਹੋ ਕੇ ਬੈਠ ਗਏ?"

ਮਹਾਰਾਜ ਜੀ ਕਹਿੰਦੇ, "ਮੈਂ ਕਿਹਦੇ ਨਾਲ ਨਮਾਜ਼ ਪੜ੍ਹਦਾ?"

ਨਵਾਬ ਕਹਿੰਦਾ, "ਮੇਰੇ ਨਾਲ।"

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਕਾਬਲ ਕੰਧਾਰ 'ਚ ਘੋੜੇ ਖਰੀਦਦਾ ਸੀ ਕਿ ਐਨੇ ਕੁਮੈਤ-ਘੋੜੇ ਚਾਹੀਦੇ ਨੇ, ਐਨੇ ਬੇ-ਘੋੜੇ ਚਾਹੀਦੇ ਨੇ, ਐਨੇ ਸਰੰਗ ਚਾਹੀਦੇ ਨੇ, ਐਨੇ ਚਿੱਟੇ ਚਾਹੀਦੇ ਨੇ, ਐਨੇ ਸਵਾਰੀ ਵਾਲੇ ਚਾਹੀਦੇ ਨੇ, ਐਨੇ ਤੋਪਖਾਨਾ ਖਿੱਚਣ ਵਾਲੇ ਚਾਹੀਦੇ ਨੇ, ਤੂੰ ਇਥੇ ਕਿਥੇ ਸੀ? ਹੁਣ ਆਇਆ ਹੈਂ।"

ਮੂੰਹ 'ਚ ਉਂਗਲੀ ਲੈ ਲਈ, ਕਹਿੰਦਾ, "ਸੁਬਹਾਨ ਅੱਲਾ! ਆਪ ਤਾਂ ਔਲੀਆ ਹੋ, ਅੰਦਰ ਦੀਆਂ ਜਾਣਦੇ ਹੋ।"

ਕਾਜ਼ੀ ਕਹਿੰਦਾ, "ਫੇਰ ਮੇਰੇ ਨਾਲ ਪੜ੍ਹ ਲੈਂਦੇ?"

ਮਹਾਰਾਜ ਜੀ ਕਹਿੰਦੇ, "ਤੂੰ ਵਛੇਰੀ ਮੋੜਨੀ ਗਿਆ ਘਰ 'ਚ ਖੜ੍ਹਾ, ਤੂੰ ਇਥੇ ਕਿਥੇ ਸੀ? ਇਨ੍ਹਾਂ ਸਾਰੇ ਨਿਮਾਜ਼ੀਆਂ 'ਚੋਂ ਇਕ ਵੀ ਬੰਦਾ ਨਮਾਜ਼ ਨਹੀਂ ਸੀ ਪੜ੍ਹ ਰਿਹਾ, ਧੋਖਾ ਦੇ ਰਹੇ ਸੀ ਖੁਦਾ ਨੂੰ।

ਨਵਾਬ ਸਾਹਿਬ! ਇਹ ਧੋਖੇ ਦਰਗਾਹ ਵਿਚ ਨਹੀਂ ਚਲਦੇ, ਇਥੇ ਦੁਨੀਆਂ ਧੋਖਾ ਖਾ ਸਕਦੀ ਹੈ ਕਿ ਤੁਸੀਂ ਨਮਾਜ਼ੀ ਹੋ। ਚਿੱਤ ਕਿਥੇ ਸੀ? ਜਿੰਨਾ ਚਿਰ ਚਿੱਤ ਸਾਥ ਨਹੀਂ ਦਿੰਦਾ, ਨਮਾਜ਼ੀ ਸੱਚਾ ਨਮਾਜ਼ੀ ਨਹੀਂ ਹੋ ਸਕਦਾ। ਜੇ ਮਨ ਕਾਫਰ ਹੈ ਤਾਂ ਨਮਾਜ਼ੀ ਕਿਵੇਂ ਹੋ ਜਾਏਗਾ?"

ਉਸ ਵੇਲੇ ਬੇਨਤੀ ਕਰਕੇ ਪੁਛਿਆ ਕਿ ਮਹਾਰਾਜ! ਫੇਰ ਸੱਚੀ ਨਮਾਜ਼ ਕਿਵੇਂ ਹੁੰਦੀ ਹੈ?

ਮਹਾਰਾਜ ਜੀ ਕਹਿੰਦੇ, "ਜਦੋਂ ਤੱਕ ਮਨ ਨਹੀਂ ਟਿਕਦਾ ਉਨਾ ਚਿਰ ਸੱਚੀ ਨਮਾਜ਼ ਨਹੀਂ ਹੋ ਸਕਦੀ।"

ਕਹਿੰਦੇ, "ਮਨ ਮਹਾਰਾਜ! ਕਿਵੇਂ ਟਿਕੇ? ਕਿਉਂ ਨਠਦਾ ਹੈ ਇਹ?"

ਮਹਾਰਾਜ ਜੀ ਕਹਿੰਦੇ, "ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਹੈ, ਪੰਜ ਵਾਸ਼ਨਾਵਾਂ ਵੱਡੀਆਂ ਨੇ - 1 ਧਨ ਦੀ ਵਾਸ਼ਨਾ ਸਭ ਨੂੰ ਲੱਗੀ ਹੋਈ ਹੈ ਕਿ ਮੈਂ ਅਮੀਰ ਹੋ ਜਾਵਾਂ, ਮੇਰੇ ਕੋਲ ਹੋਰ ਪੈਸਾ ਹੋ ਜਾਵੇ, ਹੋਰ ਸਵਾਰੀਆਂ ਲੈ ਲਵਾਂ, ਹੋਰ ਘਰ ਪਾ ਲਵਾਂ, ਇਹ ਤਾਂ ਟਿਕਣ ਹੀ ਨਹੀਂ ਦਿੰਦੀ, ਹਰ ਸ੍ਵਾਸ ਰਹਿੰਦੀ ਹੈ।

2. ਫੇਰ ਪੁੱਤਰ ਵਾਸ਼ਨਾ ਹੁੰਦੀ ਹੈ ਕਿ ਮੇਰੇ ਪੁੱਤਰ ਹੋ ਜਾਵੇ, ਪੜ੍ਹ ਜਾਵੇ, ਵਿਆਹਿਆ ਜਾਵੇ, ਇਸ ਦੇ ਪੁੱਤਰ ਹੋ ਜਾਣ, ਸਾਰੀ ਜ਼ਿੰਦਗੀ ਇਹ ਨਹੀਂ ਹਟਦੀ।

3. ਫੇਰ ਲੋਕ ਵਾਸ਼ਨਾ ਹੁੰਦੀ ਹੈ ਕਿ ਲੋਕ ਮੈਨੂੰ ਚੰਗਾ ਕਹਿਣ ਪਰ ਅੱਜ ਤੱਕ ਤਾਂ ਸਾਰਿਆਂ ਨੇ ਕਿਸੇ ਨੂੰ ਚੰਗਾ ਕਿਹਾ ਨਹੀਂ। ਜੇ ਸੌ ਚੰਗਾ ਕਹਿੰਦਾ ਹੈ ਤਾਂ ਸੌ ਮਾੜਾ ਕਹਿਣ ਵਾਲਾ ਵੀ ਬਰਾਬਰ ਹੀ ਆਉਂਦਾ ਹੈ। ਸੰਤ ਨਾ ਉਸਤਤ ਤੇ ਪਤੀਜਦੇ ਨੇ, ਨਾ ਨਿੰਦਿਆ ਤੋਂ ਬੁਰਾ ਮੰਨਦੇ ਨੇ।

ਸੋ ਕਹਿਣ ਲੱਗੇ, "ਇਹ ਵਾਸ਼ਨਾਵਾਂ ਨੇ।" ਅੱਗੇ ਸ਼ਾਸਤਰ ਵਾਸ਼ਨਾ ਹੈ - ਨਕਲ ਕਰਨੀ, ਦੂਸਰਿਆਂ ਦੇ ਬਚਨ ਯਾਦ ਕਰਕੇ ਵਾਹਵਾ-ਵਾਹਵਾ ਆਪ ਲੈਣੀ, ਇਹ ਵੀ ਵਾਸ਼ਨਾ ਹੈ। ਅਨੁਸ਼ਠਾਨ ਵਾਸ਼ਨਾ ਹੈ ਚਿਲੇ ਕੱਟਣੇ ਫੇਰ ਲੋਕਾਂ ਦੇ ਕੰਮ ਕਰਨੇ ਤੇ ਉਨ੍ਹਾਂ ਤੋਂ ਫੇਰ ਵਾਹਵਾ-ਵਾਹਵਾ ਕਹਾਉਣੀ। ਜਦੋਂ ਤੱਕ ਵਾਸ਼ਨਾ ਅੰਦਰੋਂ ਨਹੀਂ ਜਾਂਦੀ ਓਨੀ ਦੇਰ ਤੱਕ ਸਹੀ ਨਮਾਜ਼ੀ ਨਹੀਂ ਹੋ ਸਕਦਾ।"

ਸੋ ਇਸ ਕਰਕੇ ਚਿੱਤ ਦੀ ਇਕਾਗਰਤਾ ਦੀ ਲੋੜ ਹੈ। ਗੁਰੂ ਦਸਵੇਂ ਪਾਤਿਸ਼ਾਹ ਨੂੰ ਜਦੋਂ ਪੁਛਿਆ ਤਾਂ ਮਹਾਰਾਜ ਜੀ ਕਹਿੰਦੇ, "ਪਿਆਰਿਓ! ਦੇਖੋ ਇਸ ਦੇ ਵਾਸਤੇ ਸਾਧਨ ਕਰਨਾ ਪੈਂਦਾ ਹੈ। ਪਹਿਲਾਂ ਪਾਠ ਕਰੋ ਅੱਖਰ ਅੱਖਰ ਦੇਖ ਕੇ। ਜੇ ਮਨ ਨਹੀਂ ਟਿਕਦਾ ਤਾਂ ਅੱਖਰਾਂ ਤੇ ਜਿਹੜੀਆਂ ਲਗਾਂ ਮਾਤਰਾਂ ਨੇ ਉਨ੍ਹਾਂ ਵਿਚ ਧਿਆਨ ਰੱਖੋ ਤਾਂ ਮਨ ਟਿਕ ਜਾਏਗਾ। ਉਸ ਤੋਂ ਬਾਅਦ ਅਰਥ ਵਿਚ ਧਿਆਨ ਰੱਖੋ, ਅਰਥ ਤੋਂ ਬਾਅਦ ਭਾਵਲੀਨ ਹੋ ਜਾਓ, ਫੇਰ ਮਨ ਟਿਕਦਾ ਹੈ।"

ਸੋ ਜਦੋਂ ਪਰਮੇਸ਼ਰ ਦਾ ਜਸ ਗਾਉਣਾ ਹੈ ਤਾਂ ਸਾਵਧਾਨ ਤੇ ਇਕਾਗਰ ਚਿਤ ਹੋ ਕੇ ਗਾਉਣਾ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ - 295*

ਸੋ ਇਹ ਬੇਨਤੀਆਂ ਜੋ ਕਰੀਆਂ ਨੇ ਜਦੋਂ ਤੱਕ ਇਹ ਦੋ ਚੀਜ਼ਾਂ ਆਉਂਦੀਆਂ ਨਹੀਂ ਓਨਾ ਚਿਰ ਰੂਹਾਨੀਅਤ ਵਿਚ ਚਲ ਨਹੀਂ ਹੁੰਦਾ। ਇਸ ਲਈ ਸ਼ਰਧਾ ਦੀ ਲੋੜ ਹੈ, ਭਰੋਸੇ ਦੀ ਲੋੜ ਹੈ। ਜਿਸ ਦੇ ਅੰਦਰ ਭਰੋਸਾ ਆ ਗਿਆ ਉਸ ਦੀ ਪਦਵੀ ਉਚੀ ਹੋ ਗਈ ਹੈ, ਛੋਟਾ ਨਹੀਂ ਉਹ ਰਿਹਾ। ਇਕ ਬੱਚਾ ਐਸੇ ਬਚਨ ਸੁਣ ਰਿਹਾ ਸੀ, ਅਨਪੜ੍ਹ ਬੱਚਾ ਜ਼ਿਮੀਦਾਰਾਂ ਦਾ, ਖੇਤੀ ਕਰਨ ਵਾਲਾ। ਸਵੇਰੇ ਦਿਨ ਚੜ੍ਹੇ ਉਸ ਨੇ ਉਠਣਾ, ਕੋਈ ਨਹਾਉਣ ਧੋਣ ਦਾ ਬੰਦੋਬਸਤ ਨਹੀਂ ਸੀ। ਸਵੇਰੇ ਹੀ ਰੋਟੀ ਮੰਗਣੀ, ਰੋਟੀ ਖਾ ਲੈਣੀ ਫੇਰ ਆਪਣੇ ਕੰਮਾਂ ਵਿਚ ਲੱਗ ਜਾਣਾ। ਪਸ਼ੂਆਂ ਨੂੰ ਪੱਠੇ ਪਾਉਣੇ, ਧਾਰਾਂ ਕੱਢਣੀਆਂ ਹੋਰ ਕੰਮ ਕਰਨੇ, ਇਸੇ ਤਰ੍ਹਾਂ ਦਿਨ ਲੰਘ ਜਾਣਾ। ਕਿਤੇ ਮਹਾਤਮਾ ਆ ਗਏ ਉਨ੍ਹਾਂ ਦੇ ਬਚਨ ਸੁਣਨ ਲੱਗ ਗਿਆ। ਉਸ ਨੇ ਬਚਨ ਸੁਣਿਆ ਕਿ ਜਿਸ ਨੇ ਨਾਮ ਜਪਿਆ ਹੈ ਚਾਹੇ ਉਹ ਗਰੀਬ ਹੈ, ਚਾਹੇ ਉਹ ਕਿੱਡਾ ਛੋਟਾ ਹੈ, ਕਿੰਨਾ ਹੀ ਮਾੜਾ ਹੈ, ਕਿੰਨੇ ਹੀ ਪਾਪ ਕਰਨ ਵਾਲਾ ਹੈ, ਮਹਾਤਮਾ ਕਹਿੰਦੇ, ਉਹ ਉਚਾ ਹੋ ਜਾਂਦਾ ਹੈ। ਮਿਸਾਲ ਦੇ ਤੌਰ ਤੇ ਉਨ੍ਹਾਂ ਨੇ ਨਾਮਦੇਵ ਬਾਰੇ, ਦੱਸਿਆ ਕਿ ਇਕ ਗਰੀਬ ਬੰਦਾ ਕੱਪੜੇ ਛਾਪਣ ਵਾਲਾ 'ਛੀਪਾ ਕਹਿੰਦੇ ਨੇ ਉਸ ਨੂੰ। ਦੱਖਣ ਵਿਚ ਆਹ ਜਿਹੜੇ ਕੋਰੇ ਕੱਪੜੇ ਹੁੰਦੇ ਨੇ ਇਹ ਛਾਪੇ ਜਾਂਦੇ ਸੀ, ਹੁਣ ਵੀ ਛਾਪਦੇ ਨੇ, ਹੁਣ ਜਦੋਂ ਦੀਆਂ ਮਸ਼ੀਨਾਂ ਆਈਆਂ ਨੇ ਉਸ ਵੇਲੇ ਤੋਂ ਹਟ ਗਏ, ਅਜੇ ਵੀ ਚੰਦੇ ਛਾਪਦੇ ਨੇ। ਕੋਈ ਠਾਪਦੇ ਕਹਿੰਦਾ ਹੈ, ਕੋਈ ਛਾਪਦੇ ਕਹਿੰਦਾ ਹੈ। ਸੋ ਛਾਪਣ ਵਾਲਿਆਂ ਨੂੰ ਛੀਪੇ ਕਹਿੰਦੇ ਸੀ। ਉਨ੍ਹਾਂ ਦੀ ਜਾਤੀ ਦੇ ਵਿਚੋਂ ਇਕ ਗਰੀਬ ਬੰਦਾ ਜਿਹੜਾ ਦਿਨ ਰਾਤ ਮਿਹਨਤ ਕਰਦਾ ਸੀ ਉਸ ਦੇ ਬਾਰੇ ਫੁਰਮਾਨ ਕਰਨ ਲੱਗੇ ਕਿ ਉਸ ਦੱਖਣ ਦੇਸ਼ ਵਿਚ ਇਕ ਐਸੇ ਮਹਾਂਪੁਰਸ਼ ਹੋਏ ਜੋ ਪਹਿਲਾਂ ਬਹੁਤ ਗਰੀਬ ਸੀ ਪਰ ਜਦੋਂ ਪਰਮੇਸ਼ਰ ਦੇ ਨਾਲ ਉਨ੍ਹਾਂ ਦੀ ਲਿਵ ਲੱਗੀ ਤੇ ਬੰਦਗੀ ਕਰੀ, ਨਾਮ ਦਾ ਵਾਸਾ ਉਨ੍ਹਾਂ ਵਿਚ ਹੋ ਗਿਆ, ਉਸ ਵੇਲੇ ਉਸ ਦੀ ਪਦਵੀ ਕਿੱਡੀ ਉਚੀ ਹੋ ਗਈ, ਬਹੁਤ ਵੱਡਾ ਬੰਦਾ ਬਣ ਗਿਆ। ਏਸ ਤਰ੍ਹਾਂ ਪੜ੍ਹੋ ਸਾਰੇ -

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ -2, 2.*
*ਮੇਰੇ ਪਿਆਰੇ, ਨਾਮਾ ਅੱਧੀ ਦਮੜੀ ਦਾ -2, 2.*
*ਨਾਮ ਜਪ ਕੇ ਲੱਖਾਂ ਦਾ ਹੋ ਗਿਆ,... -2.*

ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਉਨ੍ਹਾਂ ਭਗਤਾਂ ਦਾ ਜ਼ਿਕਰ ਕਰਦੇ ਨੇ ਜਿਨ੍ਹਾਂ ਦੇ ਅੰਦਰ ਭਰੋਸਾ ਸੀ, ਗੁਰੂ ਦੇ ਉਤੇ ਵਿਸ਼ਵਾਸ ਸੀ। ਸੋ ਉਨ੍ਹਾਂ ਬਾਰੇ ਆਪ ਫੁਰਮਾਨ ਕਰਦੇ ਨੇ ਕਿ-

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਪੰਨਾ - 487*

ਜਦੋਂ ਨਾਮਦੇਵ ਜੀ ਦਾ ਮਨ ਲੀਨ ਹੋ ਗਿਆ, ਲੀਨ ਸ਼ਬਦ ਜੋ ਇਥੇ ਮਹਾਰਾਜ ਜੀ ਨੇ ਵਰਤਿਆ ਹੈ ਇਹ ਨਹੀਂ ਕਿ ਉਤੋਂ ਉਤੋਂ ਵਾਹਿਗੁਰੂ ਵਾਹਿਗੁਰੂ ਜਾਂ ਰਾਮ-ਰਾਮ ਕਰਦਾ ਸੀ। ਨਾਂਹ! ਉਹ ਤਾਂ ਲੀਨ ਹੋਇਆ ਹੋਇਆ ਸੀ। ਕਈ ਵਾਰੀ ਆਦਮੀ ਐਸੇ ਖਿਆਲ ਵਿਚ ਲੀਨ ਹੋਇਆ ਬੈਠਾ ਹੁੰਦਾ ਹੈ ਕਿ ਉਸ ਨੂੰ ਆਪਣੇ ਆਲੇ ਦੁਆਲੇ ਦਾ ਕੋਈ ਪਤਾ ਨਹੀਂ ਹੁੰਦਾ। ਸਿਆਣੇ ਬੰਦੇ ਕਹਿੰਦੇ ਨੇ ਕਿ ਤੂੰ ਕਿਹੜੀ ਗੱਲ ਵਿਚ ਲੀਨ ਹੋਇਆ ਬੈਠਾ ਹੈਂ ਭਾਈ! ਆਹ ਗੱਲਾਂ ਹੋ ਰਹੀਆਂ ਹਨ ਤੂੰ ਧਿਆਨ ਕਿਉਂ ਨਹੀਂ ਦੇ ਰਿਹਾ। ਸੋ ਨਾਮਦੇਵ ਦਾ ਜੋ ਮਨ ਸੀ ਉਹ ਵਾਹਿਗੁਰੂ ਦੇ ਪਿਆਰ ਵਿਚ ਲੀਨ ਹੋਇਆ ਪਿਆ ਸੀ ਤੇ ਉਸ ਦਾ ਫਰਕ ਕੀ ਪਿਆ -

***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਪੰਨਾ - 487***

ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਸਲੇਮਸ਼ਾਹ ਨਾਮਦੇਵ ਦੇ ਅੱਗੇ ਗਲ ਵਿਚ ਪੱਲਾ ਪਾਇਆ ਹੋਇਆ ਹੈ, ਮੂੰਹ ਵਿਚ ਘਾਹ ਲਿਆ ਹੋਇਆ ਹੈ ਤੇ ਕਹਿ ਰਿਹਾ ਹੈ -

***ਬਖਸੀ ਹਿੰਦੂ ਮੈ ਤੇਰੀ ਗਾਇ॥ ਪੰਨਾ - 1166***

ਮੈਨੂੰ ਬਖਸ਼ ਦੇਹ, ਮੈਂ ਬੜੀ ਭਾਰੀ ਭੁੱਲ ਕਰੀ ਹੈ ਕਿ ਤੇਰੇ ਨਾਲ ਮੱਥਾ ਲਾਇਆ ਹੈ ਤੇ ਹਾਰ ਮੇਰੀ ਹੋਈ ਹੈ ਤੇ ਹੁਣ ਤੂੰ ਮੈਨੂੰ ਬਖਸ਼ ਦੇਹ ਕਿਉਂਕਿ ਅੱਲ੍ਹਾ-ਤਾਲਾ ਹੁਣ ਮੈਨੂੰ ਸਜ਼ਾ ਦੇ ਰਿਹਾ ਹੈ।

ਸੋ ਉਸ ਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਜੋ ਨਾਮਦੇਵ ਜੀ ਸੀ ਉਸ ਨੂੰ ਛੋਟੀ ਉਮਰ ਦੇ ਵਿਚ ਸੰਤਾਂ ਦੀ ਸੰਗਤ ਕਰਨ ਦਾ ਮੌਕਾ ਮਿਲਦਾ ਸੀ। ਸੰਗਤ ਤੋਂ ਬਗੈਰ ਨਹੀਂ ਕੋਈ ਤਰਦਾ। ਅੱਜ ਤੱਕ ਜਿੰਨੇ ਵੀ ਤਰੇ ਨੇ, ਸੰਗਤ ਨਾਲ ਤਰੇ ਨੇ ਪਰ ਜੋ ਸੰਗਤ ਹੈ ਇਹ ਨਹੀਂ ਮਿਲਦੀ, ਹਰ ਬੰਦੇ ਨੂੰ ਸੰਗਤ ਪ੍ਰਾਪਤ ਨਹੀਂ ਹੁੰਦੀ, ਸੰਗਤ ਤੋਂ ਹੀ ਰਹਿ ਜਾਂਦਾ ਹੈ, ਕੋਲ ਬੈਠਾ ਬੰਦਾ ਰਹਿ ਜਾਂਦਾ ਹੈ। ਸੋ ਐਸਾ ਮਹਾਰਾਜ ਜੀ ਨੇ ਵਿਧਾਨ ਬੰਨ੍ਹ ਦਿੱਤਾ ਜਿਵੇਂ ਕਾਨੂੰਨ ਹੁੰਦਾ ਹੈ, ਉਸ ਕਾਨੂੰਨ ਦੇ ਮੁਤਾਬਕ ਗੱਲ ਹੁੰਦੀ ਹੈ। ਇਸੇ ਤਰ੍ਹਾਂ ਕੁਦਰਤ ਦੇ ਕਾਨੂੰਨ ਨੂੰ ਅਕਾਲ ਪੁਰਖ ਦਾ ਕਾਨੂੰਨ ਦੱਸ ਦਿੱਤਾ ਕਿ ਜਿਸ ਦੇ ਮੱਥੇ ਦੇ ਵਿਚ ਲਿਖਿਆ ਹੋਇਆ ਹੋਏਗਾ, ਸਿਰਫ ਉਹ ਸਤਿਸੰਗ ਵਿਚ ਆ ਸਕਦਾ ਹੈ ਦੂਜਾ ਨਹੀਂ ਆ ਸਕਦਾ। ਨਾ ਇਥੇ ਕੋਈ ਦਾਖਲਾ ਫੀਸ ਲਗਦੀ ਹੈ, ਬੈਠਣ ਵਾਸਤੇ ਥਾਂ ਦਿੰਦੇ ਨੇ, ਪ੍ਰਸ਼ਾਦੇ ਛਕਾਉਂਦੇ ਨੇ, ਹੋਰ ਸੇਵਾ ਯਥਾ ਸ਼ਕਤ ਕਰਦੇ ਨੇ। ਟਰਾਲੀਆਂ ਵਾਲੇ ਟਰਾਲੀਆਂ ਲੈ ਕੇ ਆਉਂਦੇ ਨੇ, ਟਰੱਕਾਂ ਵਾਲੇ ਟਰੱਕ ਲਿਆਉਂਦੇ ਨੇ ਪਰ ਜਿਸ ਦੇ ਭਾਗ ਵਿਚ ਨਾ ਹੋਵੇ ਉਹ ਇਸ ਦਰ ਤੇ ਆ ਨਹੀਂ ਸਕਿਆ ਕਰਦਾ, ਐਸਾ ਫੁਰਮਾਨ ਹੈ -

***ਧਾਰਨਾ - ਸਤਿਸੰਗ ਨਾ ਮਿਲਦਾ ਭਾਗ ਬਿਨਾ -2, 2.***
***ਬਿਨ ਸੰਗਤ ਮੈਲ ਭਰੀਜੈ,***

*ਸੰਤ ਸੰਗ ਨਾ ਮਿਲਦਾ ਭਾਗ ਬਿਨਾ -2, 2.*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*

*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ ਪੰਨਾ - 642*

ਇਸ ਸੰਸਾਰ ਦੇ ਅੰਦਰ ਦੋ ਚੀਜ਼ਾਂ ਪ੍ਰਮੁੱਖ ਹਨ - ਇਕ ਸਾਧੂ ਦੀ ਸੰਗਤ ਤੇ ਇਕ ਹਰੀ ਦਾ ਜਸ ਗਾਉਣਾ। ਇਹ ਸਭ ਤੋਂ ਸ਼੍ਰੋਮਣੀ ਕਰਮ ਨੇ।

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1075*

ਬਿਨਾ ਸੰਗਤ ਤੋਂ ਮੈਲ ਪੈ ਜਾਇਆ ਕਰਦੀ ਹੈ ਤੇ ਜੇ ਸਤਿਸੰਗ ਮਿਲੇ ਤਾਂ ਤਰ ਜਾਇਆ ਕਰਦਾ ਹੈ। ਸੋ ਉਸ ਬੱਚੇ ਦੇ ਪਿਛਲੇ ਜਨਮ ਦੇ ਕੋਈ ਐਸੇ ਲੇਖ ਸਨ, ਪੁੰਨ ਸਨ। ਉਹ ਪੁੰਨ ਜਾਗਣ ਕਰਕੇ ਉਹ ਸਤਿਸੰਗ ਕਰਦਾ ਸੀ। ਬਚਪਨ ਵਿਚ ਸਤਿਸੰਗ ਕਰਨ ਲੱਗ ਗਿਆ ਤੇ ਮਹਾਤਮਾ ਦੀ ਸੰਗਤ, ਸਾਧੂਆਂ ਦੇ ਬਚਨ ਸੁਣ ਕੇ ਵਾਹਿਗੁਰੂ ਦੇ ਦੋਹਾਂ ਰੂਪਾਂ ਵਿਚ ਵਿਸ਼ਵਾਸ ਹੋ ਗਿਆ। ਮਹਾਰਾਜ ਜੀ ਕਹਿੰਦੇ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਪੰਨਾ - 290*

ਚਾਰ ਰੂਪ ਦੱਸੇ ਨੇ ਇਥੇ ਵਾਹਿਗੁਰੂ ਦੇ - ਇਕ ਤਾਂ ਸਰਗੁਣ ਸਰੂਪ ਹੈ। ਸਰਗੁਣ ਇਕ ਵੀ ਹੋ ਸਕਦਾ ਹੈ ਪਰ ਜਦੋਂ ਗਿਆਨ ਹੋ ਗਿਆ ਉਸ ਵੇਲੇ ਸਾਰੇ ਸਰੂਪ ਜਿੰਨੇ ਵੀ ਸਰਗੁਣ ਨੇ ਉਹ ਸਾਰੇ ਹੀ ਵਾਹਿਗੁਰੂ ਦੇ ਰੂਪ ਦਿਸਣ ਲੱਗ ਜਾਂਦੇ ਨੇ-

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥ ਪੰਨਾ - 407*

ਦੂਜਾ ਨਜ਼ਰ ਆਉਣ ਤੋਂ ਹਟ ਜਾਂਦਾ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ - 272*

ਇਕ ਤਾਂ ਇਹ ਸਰਗੁਣ ਹੈ। ਦੂਸਰਾ ਸਰਗੁਣ ਦਾ ਸਰੂਪ ਹੈ ਕਿ ਆਪਣੀ ਕਿਸੇ ਮਹਾ-ਹਸਤੀ ਨੂੰ - ਦੇਵਤੇ ਨੂੰ, ਗੁਰੂ ਨੂੰ, ਪੀਰ ਨੂੰ ਹਿਰਦੇ

ਵਿਚ ਉਸ ਦੇ ਸਰੂਪ ਨੂੰ ਵਸਾ ਲੈਣਾ ਉਹ ਸਰਗੁਣ ਭਗਤੀ ਕਹਾਉਂਦੀ ਹੈ।

ਦੂਸਰਾ ਹੁੰਦਾ ਹੈ ਨਿਰਗੁਣ। ਨਿਰਗੁਣ ਬ੍ਰਹਮ ਜੋ ਹੈ ਉਸ ਤੋਂ ਬਗੈਰ ਸੰਸਾਰ ਵਿਚ ਹੈ ਹੀ ਕੁਝ ਨਹੀਂ, ਸਾਰਿਆਂ ਦੇ ਅੰਦਰ ਸਾਰਿਆਂ ਤੋਂ ਬਾਹਰ ਓਹੀ ਹੈ ਜਿਵੇਂ ਸਮੁੰਦਰ ਮੱਛੀ ਲਈ ਹੈ। ਮੱਛੀ ਨੂੰ ਸਮੁੰਦਰ ਉਲਟਾ ਹੈ, ਇਹ ਮਿਸਾਲ ਨਹੀਂ ਢੁਕਦੀ ਕਿਉਂਕਿ ਮੱਛੀ ਸਮੁੰਦਰ ਵਿਚ ਰਹਿੰਦੀ ਹੋਈ ਵੀ ਮੱਛੀ ਰਹਿੰਦੀ ਹੈ ਪਰ ਮਨੁੱਖ ਨੂੰ ਜਦੋਂ ਗਿਆਨ ਹੁੰਦਾ ਹੈ ਫੇਰ ਉਸ ਦੇ ਵਿਚ ਵਾਹਿਗੁਰੂ ਹੀ ਹੈ, ਦੂਜਾ ਨਜ਼ਰ ਨਹੀਂ ਆਉਂਦਾ, ਨਾ ਕੋਈ ਮੱਛੀ, ਨਾ ਕੋਈ ਮੱਛ, ਸਭ ਪ੍ਰਮੇਸ਼ਰ ਹੀ ਹੈ –

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥***
***ਗੋਬਿੰਦ ਬਿਨੁ ਨਹੀ ਕੋਈ॥*** ***ਪੰਨਾ – 485***

ਇਸ ਨੂੰ ਨਿਰਗੁਣ ਭਗਤੀ ਕਹਿੰਦੇ ਨੇ। ਤੀਸਰੀ ਹੁੰਦੀ ਹੈ ਫੁਰਨਿਆਂ ਨੂੰ ਸ਼ਾਂਤ ਕਰਕੇ 'ਸੁੰਨ' ਦੇ ਵਿਚ, ਦਸਵੇਂ ਦੁਆਰ ਦੇ ਵਿਚ ਬਿਰਤੀ ਲਾ ਕੇ ਉਸ ਮਹਾਨ ਜਾਗਰਤ ਸੁੰਨ ਨੂੰ ਅਨੁਭਵ ਕਰਨਾ। ਇਕ ਹੁੰਦੀ ਹੈ ਮੁਰਦਾ 'ਸੁੰਨ' ਜਿਵੇਂ ਅਕਾਸ਼ ਮੁਰਦਾ 'ਸੁੰਨ' ਹੈ । ਇਕ ਹੈ ਹੋਂਦ ਵਾਲੀ ਸੁੰਨ।

ਸੋ ਨਾਮਦੇਵ ਜੀ ਦੇ ਨਾਨਾ ਜੀ ਹਰ ਰੋਜ ਪੂਜਾ ਕਰਦੇ ਸੀ। ਉਹ ਰੋਜ ਦੁੱਧ ਪਿਲਾਇਆ ਕਰਦੇ ਸੀ ਪ੍ਰਤਿਮਾ (ਮੂਰਤੀ) ਦੇ ਅੱਗੇ ਜਾ ਕੇ। ਦੋ ਤਰ੍ਹਾਂ ਦੀ ਉਪਾਸ਼ਨਾ ਹੁੰਦੀ ਹੈ ਇਕ ਅੰਤਰੀਵ, ਦੂਜੀ ਬਾਹਰੀ। ਉਹ ਬਾਹਰੀ ਉਪਾਸ਼ਨਾ ਕਰਦੇ ਸਨ। ਧੂਪ, ਦੀਪ ਲੈ ਕੇ ਚਲੇ ਜਾਣਾ, ਫੁੱਲ ਲੈ ਕੇ ਜਾਣਾ ਤੇ ਅੰਦਰ ਪੜਦਾ ਤਾਣ ਕੇ ਉਪਾਸ਼ਨਾ ਕਰਨੀ, ਭਜਨ ਗਾਉਣ ਤੇ ਮੂਰਤੀ ਨੂੰ ਪ੍ਰਤੱਖ ਪ੍ਰਮੇਸ਼ਰ ਰੂਪ ਜਾਣ ਕੇ ਦੁਧ ਆਦਿਕ ਭੇਟ ਕਰਨਾ, ਅਰਦਾਸ ਕਰਨੀ ਜਿਵੇਂ ਅਸੀਂ ਕਰਦੇ ਹਾਂ ਕਿ ਸੱਚੇ ਪਾਤਿਸ਼ਾਹ! ਭੋਗ ਲਾਓ ਤੇ ਸ਼ੰਕਾ ਨਾ ਕਰਨਾ ਕਿ ਦ੍ਰਿਸ਼ਟੀ ਭੋਗ ਹੈ ਜਾਂ ਰਸਨਾ ਭੋਗ। ਰੱਬ ਭੁੱਖਾ ਤਾਂ ਹੈ ਨਹੀਂ, ਭੋਗ ਲੱਗ ਜਾਂਦਾ ਹੈ ਜਿਹੜਾ ਨਿਹਚੇ ਨਾਲ ਲਵਾਵੇ। ਸੋ ਇਹ ਕਿਰਿਆ ਕਰਕੇ ਵਾਪਸ ਆ ਜਾਣਾ।

ਇਕ ਦਿਨ ਕੋਈ ਕੰਮ ਹੋ ਗਿਆ ਉਨ੍ਹਾਂ ਨੂੰ ਨਗਰ ਤੋਂ ਬਾਹਰ। ਸੋ ਉਨ੍ਹਾਂ ਨੇ ਨਾਮਦੇਵ ਨੂੰ ਬੁਲਾਇਆ। ਕਹਿੰਦੇ, "ਨਾਮਦੇਵ! ਬੇਟਾ! ਉਪਾਸ਼ਨਾ ਵਿਚ ਫਰਕ ਨਾ ਪੈ ਜਾਵੇ। ਤੂੰ ਪਹਿਲਾਂ ਇਸ਼ਨਾਨ ਕਰਕੇ ਫੇਰ ਗਊ ਦਾ ਦੁੱਧ ਚੋਆ ਲਈਂ ਪਰ ਸਾਫ ਬਰਤਨ ਵਿਚ, ਕੋਈ ਜੂਠ ਨਾ ਰਲ ਜਾਵੇ ਇਸ ਦੇ ਅੰਦਰ ਤੇ ਤੂੰ ਠਾਕੁਰ ਦੇ ਅੱਗੇ ਰੱਖ ਕੇ ਸੋਨੇ ਦੀ ਕਟੋਰੀ ਵਿਚ ਲੈ ਜਾਵੀਂ। ਇਹ ਜਾ ਕੇ ਤੂੰ ਉਥੇ ਧਰ ਦੇਈਂ ਤੇ ਦੁੱਧ ਪਿਲਾਉਣ ਦਾ ਕੰਮ ਤੂੰ ਚੰਗੀ ਤਰ੍ਹਾਂ ਕਰਨਾ ਹੈ। ਦੇਖੀ ਕਿਤੇ ਨਾਗਾ ਨਾ ਪੈ ਜਾਵੇ, ਬੇਟਾ! ਨਰਾਦਰੀ ਹੋ ਜਾਂਦੀ ਹੈ ਦੇਵਤਿਆਂ ਦੀ।"

ਉਸ ਵੇਲੇ ਆਪ ਕੰਮ ਜਾਂਦੇ ਨੇ –

***ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ॥***
***ਠਾਕੁਰ ਦੀ ਸੇਵਾ ਕਰੀਂ ਦੁਧੁ ਪੀਆਵਣੁ ਕਹਿ ਸਮਝਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 10/11***

ਹੁਣ ਨਾਮਦੇਵ ਨੇ ਅੱਜ ਮਸਾਂ ਮੌਕਾ ਪਾਇਆ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ। ਗਊ ਦਾ ਦੁੱਧ ਕਢਿਆ, ਫੇਰ ਜਾ ਕੇ ਠਾਕੁਰ ਦਾ ਇਸ਼ਨਾਨ ਕਰਾਇਆ। ਉਸ ਤੋਂ ਬਾਅਦ ਗੜਵੀ ਵਿਚ ਪਾ ਕੇ ਦੁੱਧ ਕਟੋਰੀ ਨਾਲ ਰੱਖ ਦਿੱਤੀ ਕਿ ਮਹਾਰਾਜ! ਤੁਸੀਂ ਹੁਣ ਭੋਗ ਲਾਓ, ਪੀਓ ਦੁੱਧ। ਉਸ ਦੇ ਮਨ ਵਿਚ ਭੋਰਾ ਜਿੰਨੀ ਵੀ ਚਤੁਰਾਈ ਨਹੀਂ ਸੀ। ਸਾਡਾ ਤੇ ਉਨ੍ਹਾਂ ਦਾ ਫਰਕ ਕੀ ਹੈ? ਅਸੀਂ ਚਤੁਰ ਹਾਂ। ਸਾਡੇ ਅੰਦਰ ਤਰਕ ਆ ਜਾਂਦੀ ਹੈ, ਉਹ ਭੋਲਾਪਣ ਨਹੀਂ ਹੈ। ਰੱਬ ਭੋਲੇ ਨੂੰ ਮਿਲਦਾ ਹੈ, ਤਰਕ ਵਾਲੇ ਨੂੰ ਨਹੀਂ ਅੱਜ ਤੱਕ ਮਿਲਿਆ, ਜਦੋਂ ਤੋਂ ਸੰਸਾਰ ਬਣਿਆ ਹੈ। ਉਹ ਮਿਲਦਾ ਹੀ ਭੋਲੇ ਨੂੰ ਹੈ ਕਿਉਂਕਿ ਵਾਹਿਗੁਰੂ ਆਪ ਭੋਲਾ ਹੈ, ਉਸ ਨੂੰ ਭੋਲਾਪਣ ਭਾਉਂਦਾ ਹੈ। ਜੇ ਵਾਹਿਗੁਰੂ ਆਪ ਚਲਾਕ ਹੋਵੇ ਤਾਂ ਚਲਾਕ ਹੀ ਉਸ ਨੂੰ ਭਾਉਣ। ਮਹਾਰਾਜ ਜੀ ਨੇ ਤਾਂ ਕਹਿ ਦਿੱਤਾ -

***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥***
***ਪੰਨਾ - 2***

ਚਲਾਕੀਆਂ ਜਾਂਦੀਆਂ ਨਹੀਂ ਰੱਬ ਤੱਕ, ਭੋਲਾਪੁਣ ਜਾਂਦਾ ਹੈ। ਸੋ ਉਹ ਭੋਲੇਪਣ ਦੇ ਅੰਦਰ ਸੱਚਮੁੱਚ ਮੰਨਦਾ ਹੈ ਕਿ ਇਹ ਦੁੱਧ ਪੀ ਲੈਣਗੇ। ਜਾ ਕੇ ਦੁੱਧ ਅੱਗੇ ਰੱਖ ਲੈਂਦਾ ਹੈ ਤੇ ਜਦੋਂ ਕਾਫੀ ਦੇਰ ਲੰਘ ਗਈ ਤਾਂ ਫੇਰ ਮਨ ਵਿਚ ਆਇਆ ਕਿ ਮੈਂ ਬੇਨਤੀ ਕਰਨੀ ਨਹੀਂ ਜਾਣਦਾ, ਅੱਖਾਂ 'ਚੋਂ ਪਾਣੀ ਜਾਣ ਲੱਗ ਗਿਆ। ਬਹੁਤ ਵੈਰਾਗ ਵਿਚ ਆ ਕੇ, ਕੰਬਦੇ ਬੋਲਾਂ ਨਾਲ ਬੇਨਤੀ ਕਰਦਾ ਹੈ ਦੋਵੇਂ ਹੱਥ ਜੋੜ ਕੇ, ਪੜ੍ਹੋ ਪਿਆਰ ਨਾਲ-

***ਧਾਰਨਾ - ਦੁੱਧ ਪੀ ਲੈ ਮੇਰੇ ਗੋਬਿੰਦ ਰਾਇਆ,***
***ਹੱਥ ਜੋੜ ਕਰਾਂ ਬੇਨਤੀ -2, 2.***
***ਹੱਥ ਜੋੜ ਜੀ, ਕਰਾਂ ਬੇਨਤੀ -2, 2.***
***ਦੁੱਧ ਪੀ ਲੈ ਮੇਰੇ ਗੋਬਿੰਦ ਰਾਇਆ,.. -2.***

ਐਸਾ ਨਿਸਚਾ ਸੀ, ਉਸ ਦੇ ਮਨ ਵਿਚ। ਇਕ ਵਾਰ ਨਹੀਂ ਆਇਆ ਕਿ ਇਸ ਨੇ ਦੁੱਧ ਕਿਥੋਂ ਪੀਣਾ ਹੈ? ਗੋਲ-ਮੋਲ ਵੱਟਾ ਹੈ, ਇਹ ਕਿਤੇ ਦੁੱਧ ਪੀਂਦਾ ਹੈ? ਸਾਡੇ ਮਨ ਦਾ ਤੇ ਉਸ ਦੇ ਮਨ ਦਾ ਫਰਕ ਦੇਖੋ ਕਿੰਨਾ ਹੈ। ਇਸ ਕਰਕੇ ਹੀ ਅਸੀਂ ਕਿਸੇ ਗਿਣਤੀ ਵਿਚ ਨਹੀਂ ਆਉਂਦੇ ਕਿਉਂਕਿ ਸਾਡੇ ਅੰਦਰ ਚਤੁਰਾਈ ਹੈ। ਸਾਡੇ ਅੰਦਰ ਤਾਂ ਐਨੀ ਚਤੁਰਾਈ ਆ ਗਈ ਕਿ ਰਹਿਤਨਾਮਿਆਂ ਦਾ ਰੌਲਾ ਪਿਆ ਹੋਇਆ ਹੈ ਅੱਜ ਤੱਕ। ਉਸ ਦੇ ਵਿਚ ਸੰਤਾਂ ਨੇ ਆਪਣੀਆਂ ਮੀਟਿੰਗਾ ਕੀਤੀਆਂ ਤੇ ਓਧਰ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਆਪਣੇ ਵਿਦਵਾਨਾਂ ਨੂੰ ਕਿਹਾ। ਆਹ ਅੱਖਰ ਜਿਹੜੇ ਅਸੀਂ ਰੋਜ਼ ਕਹਿੰਦੇ

ਹਾਂ ਅਰਦਾਸ ਵਿਚ ਕਿ ਹੇ ਸੱਚੇ ਪਾਤਿਸ਼ਾਹ! ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਹੋ ਕੇ ਆਪ ਦੇ ਦਰ ਤੇ ਪੁੱਜੀ ਹੈ ਆਪ ਭੋਗ ਲਾਓ। ਉਹ ਕਹਿੰਦੇ ਭੋਗ! ਕਿਹੜਾ ਹੈ ਲਾਉਣ ਵਾਲਾ ਭੋਗ? ਇਸ ਦੀ ਥਾਂ ਇਹ ਕਹੋ ਕਿ ਪਰਵਾਨ ਕਰੋ ਜੀ। ਨਿਹਚੇ ਤੋਂ ਥੱਲੇ ਲੈ ਆਉਂਦਾ। ਪਰਵਾਨ ਕਰਦਾ ਹੈ ਜਾਂ ਨਹੀਂ ਕਰਦਾ, ਪਤਾ ਨਹੀਂ ਵਾਹਿਗੁਰੂ ਜਾਣੇ। ਭੋਗ ਦੇ ਵਿਚ ਤਾਂ ਅਜੇ ਵੀ ਰੌਲਾ-ਰੱਪਾ ਸੀ ਕਿ ਕੋਈ ਬੰਦਾ ਆ ਜਾਂਦਾ ਸਿਦਕ ਵਾਲਾ, ਉਹ ਭੋਗ ਲਵਾ ਕੇ ਦਿਖਾ ਦਿੰਦਾ। ਜਨਮ ਸਾਖੀ ਵਿਚ ਐਸੀਆਂ ਸਾਖੀਆਂ ਆਉਂਦੀਆਂ ਹਨ ਕਿ ਗੁਰੂ ਮਹਾਰਾਜ ਜੀ ਜਦੋਂ ਬਗਦਾਦ ਜਾਂਦੇ ਨੇ ਉਥੇ ਮਹਾਰਾਜ ਜੀ ਦੇ ਬੜੇ ਹੀ ਪਿਆਰ ਵਾਲੇ ਸਿੱਖ ਬਣੇ ਮੁਸਲਮਾਨਾਂ 'ਚੋਂ ਤੇ ਐਨਾ ਜਬਰਦਸਤ ਪਿਆਰ। ਮਹਾਰਾਜ ਜੀ, ਨੌਂ ਮਹੀਨੇ ਰਹੇ ਉਥੇ। ਉਨ੍ਹਾਂ ਵਿਚੋਂ ਇਕ ਸਿੱਖ ਬਹਿਲੋਲ ਐਨਾ ਪਿਆਰਾ ਸੀ ਮਹਾਰਾਜ ਜੀ ਦਾ ਕਿ ਜਦੋਂ ਮਹਾਰਾਜ ਜੀ ਤੁਰਨ ਲੱਗੇ ਉਥੋਂ ਤਾਂ ਕਹਿਣ ਲੱਗੇ, "ਬਹਿਲੋਲ! ਤੇਰੇ ਪਿਆਰ ਦਾ ਬੰਨ੍ਹਿਆ ਹੋਇਆ ਮੈਂ ਬਗਦਾਦ ਆਇਆ ਹਾਂ, ਐਨਾ ਪਿਆਰ? ਕਾਸ਼! ਤੂੰ ਹਿੰਦਵੀ ਹੁੰਦਾ ਤਾਂ ਤੈਨੂੰ ਮੈਂ ਨਾਲ ਹੀ ਰੱਖਣਾ ਸੀ।" ਜਦੋਂ ਗੁਰੂ ਨਾਨਕ ਪਾਤਿਸ਼ਾਹ ਹਿੰਦੋਸਤਾਨ ਵਾਪਸ ਆ ਗਏ ਤਾਂ ਬਹਿਲੋਲ ਛੱਤੀ ਸਾਲ ਜੀਉਂਦਾ ਰਿਹਾ ਤੇ ਛੱਤੀ ਸਾਲ ਓਸ ਚਬੂਤਰੇ ਦੇ ਨਾਲ ਬਾਹਾਂ ਲਾ ਕੇ ਬੈਠਾ ਰਿਹਾ, ਓਧਰ ਹੀ ਦੇਖਦਾ ਰਿਹਾ ਕੰਧ ਵੱਲ ਜਿਥੇ ਗੁਰੂ ਪਾਤਿਸ਼ਾਹ ਬਹਿੰਦੇ ਹੁੰਦੇ ਸੀ। ਉਥੇ ਲਿਖਿਆ ਹੋਇਆ ਹੈ ਕਿ ਮੈਂ ਖਾਸ ਅੱਲ੍ਹਾ ਦੀ ਜ਼ਾਤ ਦੇ ਦਰਸ਼ਨ ਕਰੇ ਜਾਂ ਐਉਂ ਕਹੋ, ਅੱਲ੍ਹਾ ਦੇ ਦਰਸ਼ਨ ਕਰੇ। ਹੁਣ ਮੇਰੇ ਨੇਤਰਾਂ ਨੇ ਜਵਾਬ ਦੇ ਦਿੱਤਾ ਕਿ ਇਕ ਵਾਰੀ ਅੱਲ੍ਹਾ ਦੇਖ ਲਿਆ ਤੇ ਦੂਜਾ ਨਹੀਂ ਦੇਖਣਾ ਕੋਈ। ਛੱਤੀ ਸਾਲ ਲੰਘਾਉਣੇ ਕੋਈ ਮਜ਼ਾਕ ਨਹੀਂ। ਸੋ ਸਿਦਕ ਵਾਲਿਆਂ ਦੀਆਂ ਗੱਲਾਂ ਹੋਰ ਹੁੰਦੀਆਂ ਨੇ, ਤਰਕ ਵਾਲਿਆਂ ਦੀਆਂ ਹੋਰ ਹੁੰਦੀਆਂ ਨੇ। ਉਹ ਕਹਿੰਦੇ, ਭੋਗ ਲਾਓ ਨਾ ਕਹੋ, ਇਉਂ ਕਹੋ ਕਿ ਪ੍ਰਵਾਨ ਕਰੋ। ਕਰੇ ਨਾ ਕਰੇ ਆਪਣੇ ਸਿਰੋਂ ਤਾਂ ਜ਼ੁੰਮੇਵਾਰੀ ਟਲੀ ਪਰ ਇਹ ਗੱਲ ਨਹੀਂ ਹੈ। ਨਿਹਚੇ ਵਾਲਿਆਂ ਦਾ ਪ੍ਰਮੇਸ਼ਰ ਨਾਲ ਐਨਾ ਨਿਹਚਾ ਹੁੰਦਾ ਹੈ ਕਿ ਉਸ ਨੂੰ ਹਾਜਰ ਨਾਜਰ ਜਾਣਦੇ ਨੇ।

ਸੋ ਨਾਮਦੇਵ ਦੇ ਅੰਦਰ ਇਹ ਨਿਹਚਾ ਸੀ। ਫੁਰਮਾਨ ਆਉਂਦਾ ਹੈ ਕਿ –

> ***ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ॥***
> ***ਹਥਿ ਜੋੜਿ ਬਿਨਤੀ ਕਰੈ ਦੂਧੁ ਪੀਅਹੁ ਜੀ ਗੋਬਿੰਦ ਰਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 10/11***

ਫੇਰ ਡੋਲਿਆ ਨਹੀਂ ਕਿਉਂਕਿ ਕਾਫੀ ਦੇਰ ਲੰਘ ਗਈ। ਮਾਂ ਨੇ ਵੀ ਸੁਨੇਹਾ ਭੇਜਿਆ ਕਿ ਬੇਟਾ! ਤੂੰ ਆਇਆ ਨਹੀਂ? ਕਹਿੰਦਾ, "ਅਜੇ ਦੁੱਧ ਨਹੀਂ ਪੀਤਾ।" ਉਹ ਜਦੋਂ ਬਾਰ-ਬਾਰ ਕਹਿਣ ਤੇ ਵੀ ਨਾ ਮੰਨਿਆ ਤਾਂ ਉਹ ਪੰਡਤ ਲੈ ਆਈ। ਉਸ ਪੰਡਤ ਨੇ ਆ ਕੇ ਨਾਸਤਕਤਾ ਦੀ ਗੱਲ ਕਰ ਦਿੱਤੀ। ਕਹਿਣ ਲੱਗਿਆ, "ਨਾਮਦੇਵ! ਇਹ ਦੁੱਧ ਨਹੀਂ ਪੀਂਦਾ, ਇਹ ਤਾਂ

ਆਪਾਂ ਕਹਿਣ ਮਾਤਰ ਕਹਿੰਦੇ ਹਾਂ, ਆਪੇ ਪੀ ਲੈਂਦਾ ਹੈ, ਆਪਾਂ ਨੂੰ ਤਾਂ ਦਿਸਦਾ ਹੀ ਨਹੀਂ।"

ਨਾਮਦੇਵ ਨੇ ਉਸ ਦੀ ਵੀ ਗੱਲ ਨਾ ਮੰਨੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ ਨਿਹਚਾ ਐਨਾ ਸੀ ਕਿ ਬਰਤਨ ਚੁੱਕ ਕੇ ਦੁਧ ਪੀਏਗਾ -

***ਨਿਹਚਉ ਕਰਿ ਅਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ॥ ਭਾਈ ਗੁਰਦਾਸ ਜੀ ਦੀ ਵਾਰ 10/11***

ਜਦੋਂ ਹੁਣ ਨਿਹਚੇ ਨਾਲ ਅਰਾਧਨਾ ਕਰਦਾ ਹੈ, ਪ੍ਰਤੀਤ ਨਾਲ ਯਾਦ ਕਰਦਾ ਹੈ। ਹੁਣ ਵਾਹਿਗੁਰੂ ਤਾਂ ਹਾਜ਼ਰ ਨਾਜ਼ਰ ਹੈ ਕਿਤੇ ਗਿਆ ਹੋਇਆ ਨਹੀਂ ਉਸ ਵੇਲੇ ਦਇਆਲ ਹੋ ਕੇ, ਸਾਹਮਣੇ ਆ ਕੇ ਪ੍ਰਗਟ ਹੋ ਗਏ। ਜਿਹੋ ਜਿਹੇ ਉਸ ਦੇ ਮਨ ਵਿਚ ਸੀ ਕਿਉਂਕਿ ਵਾਹਿਗੁਰੂ ਦਾ ਆਪਣਾ ਤਾਂ ਰੰਗ-ਰੂਪ, ਰੇਖ-ਭੇਖ, ਕੋਈ ਹੈ ਨਹੀਂ। ਜਿਹੋ ਜਿਹੀ ਸ਼ਕਲ ਧਾਰ ਕੇ ਅਰਾਧੇ ਕੋਈ, ਵਾਹਿਗੁਰੂ ਉਸੇ ਰੂਪ ਵਿਚ ਆ ਜਾਂਦਾ ਹੈ। ਜੇ ਗੁਰੂ ਨਾਨਕ ਸਾਹਿਬ ਕਰਕੇ ਅਰਾਧੇ ਤਾਂ ਗੁਰੂ ਨਾਨਕ ਪਾਤਿਸ਼ਾਹ ਕਰਕੇ ਦਿਸਦੇ ਨੇ, ਚਾਰ ਭੁਜਾ ਵਾਲਾ ਅਰਾਧੇ ਉਸੇ ਤਰ੍ਹਾਂ ਦਾ ਦਿਸਦਾ ਹੈ, ਜਿਹੋ ਜਿਹੀ ਅਰਾਧਨਾ ਕਰੀ ਉਹੋ ਜਿਹਾ ਹੋ ਕੇ ਪ੍ਰਮੇਸ਼ਰ ਸਾਹਮਣੇ ਆ ਜਾਂਦਾ ਹੈ, ਸੋ ਨਿਹਚੇ ਨਾਲ ਜਦੋਂ ਅਰਾਧਿਆ ਤਾਂ ਕੀ ਦੇਖਦਾ ਹੈ ਕਿ ਸਾਹਮਣੇ ਬੈਠੇ ਨੇ ਤੇ ਹੱਸ ਰਹੇ ਨੇ।

***ਧਾਰਨਾ - ਹੱਸ ਪਏ ਨਾਰਾਇਣ ਜੀ,***
***ਨਾਮੇ ਨੂੰ ਦੇਖ ਕੇ ਪਿਆਰੇ -2, 2.***

ਨਿਹਚੇ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ। ਕਿੰਨਾ-ਕੁ ਨਿਹਚਾ ਹੋਏਗਾ ਉਸ ਦੇ ਮਨ ਵਿਚ, ਅਸੀਂ ਵੀ ਅਰਾਧਦੇ ਹਾਂ ਸਾਡੇ ਕੋਲ ਤਾਂ ਆਉਂਦਾ ਨਹੀਂ ਕਦੇ ਕਿਉਂਕਿ ਸਾਡੇ ਨਿਹਚੇ ਸ਼ੱਕ ਵਾਲੇ ਨੇ ਕਿ ਆਏਗਾ ਜਾਂ ਨਹੀਂ ਆਏਗਾ, ਪ੍ਰਗਟ ਹੋਏਗਾ ਜਾਂ ਨਹੀਂ ਹੋਏਗਾ। ਉਸ ਦੇ ਮਨ ਵਿਚ ਕੋਈ ਖਿਆਲ ਨਹੀਂ ਸੀ, ਉਸ ਨੇ ਨਿਹਚਾ ਕਰਿਆ। ਨਿਹਚੇ ਨਾਲ ਜਦੋਂ ਅਰਾਧਨਾ ਕੀਤੀ ਤਾਂ ਵਾਹਿਗੁਰੂ ਖੁਸ਼ ਹੋ ਗਿਆ ਕਿਉਂਕਿ ਵਾਹਿਗੁਰੂ ਦਾ ਸੁਭਾਅ ਦਇਆਲੂ ਹੈ, ਇਉਂ ਨਾ ਸਮਝਿਓ ਕਿ ਉਹ ਕਰੂਰ ਵੀ ਹੈ, ਸਖਤ ਹੈ। ਹੋਏਗਾ ਲੋਕਾਂ ਵਾਸਤੇ ਪਰ ਗੁਰੂ ਮਹਾਰਾਜ ਜੀ ਕਹਿੰਦੇ -

***ਸਦਾ ਸਦਾ ਸਦਾ ਦਇਆਲ॥***
***ਪੰਨਾ - 275***

ਉਹ ਤਾਂ ਸਦਾ ਵਾਸਤੇ ਦਇਆਲ ਹੈ। ਜਿਹੜਾ ਦਇਆਲ ਹੁੰਦਾ ਹੈ ਉਸ ਦੇ ਦਰ ਤੇ ਪਾਪ ਕਰਕੇ ਵੀ ਆ ਜਾਓ ਤੇ ਮਾਫੀ ਮੰਗ ਲਓ ਸੱਚੇ ਦਿਲ ਨਾਲ ਤਾਂ ਬਖਸ਼ ਦਿੰਦਾ ਹੈ। ਸੋ ਦਇਆਲ ਹੈ ਪ੍ਰਮੇਸ਼ਰ। ਸੋ ਕਹਿੰਦੇ -

***ਹੋਇ ਦਇਆਲੁ ਦਰਸੁ ਦਿਖਲਾਇਆ॥***
***ਭਾਈ ਗੁਰਦਾਸ ਜੀ ਦੀ ਵਾਰ 10/11***

ਦਇਆਲ ਤਾਂ ਹੈ ਹੀ ਸੀ ਤੇ ਉਸ ਨੇ ਦਰਸ਼ਨ ਦੇ ਦਿੱਤੇ ਨਾਮਦੇਵ

ਨੂੰ, ਰੋਂਦਾ ਵੇਖ ਕੇ, ਪ੍ਰਭੂ ਨਾਮਦੇਵ ਨਾਲ ਹੱਸ ਪਏ।

***ਦੂਧੁ ਕਟੋਰੈ ਗਡਵੈ ਪਾਨੀ॥***
***ਕਪਲ ਗਾਇ ਨਾਮੈ ਦੁਹਿ ਆਨੀ॥***
***ਦੂਧੁ ਪੀਉ ਗੋਬਿੰਦੇ ਰਾਇ॥***
***ਦੂਧੁ ਪੀਉ ਮੇਰੋ ਮਨੁ ਪਤੀਆਇ॥***
***ਨਾਹੀ ਤ ਘਰ ਕੋ ਬਾਪੁ ਰਿਸਾਇ॥***
***ਸੋੁਇਨ ਕਟੋਰੀ ਅੰਮ੍ਰਿਤ ਭਰੀ॥***
***ਲੈ ਨਾਮੈ ਹਰਿ ਆਗੈ ਧਰੀ॥***
***ਏਕੁ ਭਗਤੁ ਮੇਰੇ ਹਿਰਦੇ ਬਸੈ॥***
***ਨਾਮੇ ਦੇਖਿ ਨਾਰਾਇਨੁ ਹਸੈ॥***
***ਪੰਨਾ - 323***

ਕਹਿੰਦੇ, "ਨਾਮਦੇਵ! ਨਾ ਤਾਂ ਮੈਨੂੰ ਦੁੱਧ ਦੀ ਭੁੱਖ ਹੈ। ਸੰਸਾਰ ਨੂੰ ਨਹੀਂ ਪਤਾ, ਸੰਸਾਰ ਭੁੱਖਾ ਹੈ ਦੁਧ ਦਾ, ਸੰਸਾਰ ਭੁੱਖਾ ਹੈ ਪੁੱਤ ਦਾ, ਜਾਇਦਾਦਾਂ ਦਾ, ਆਪਣੇ ਮਾਣ ਦਾ। ਪਿਆਰਿਆ! ਮੈਨੂੰ ਇਨ੍ਹਾਂ ਚੀਜ਼ਾਂ ਦੀ ਭੁੱਖ ਨਹੀਂ ਹੈ। ਮੇਰੇ ਅੰਦਰ ਜੇ ਕੋਈ ਭੁੱਖ ਹੈ ਤਾਂ ਪਿਆਰ ਦੀ ਹੈ ਜਿਸ ਨੂੰ ਸੰਸਾਰ ਸਮਝਦਾ ਨਹੀਂ ਹੈ। ਜੋ ਮੈਥੋਂ ਮੰਗਦੇ ਨੇ ਮੈਂ ਉਨ੍ਹਾਂ ਦੀ ਮੰਗ ਦੀ ਤੀਬਰਤਾ ਦੇਖ ਕੇ ਉਹ ਚੀਜ਼ ਦੇ ਦਿੰਦਾ ਹਾਂ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥ ਪੰਨਾ - 681***

ਪਰ ਮੇਰੀਆਂ ਹੀ ਦਿੱਤੀਆਂ ਹੋਈਆਂ ਚੀਜ਼ਾਂ ਨੂੰ ਮੇਰੀ ਭੇਟਾ ਕਰਨ ਵੇਲੇ ਗਿਣਤੀ ਕਰਦੇ ਨੇ।"

ਸਾਡਾ ਕੀ ਹੈ? ਨਾ ਸਰੀਰ ਅਸੀਂ ਜੋਰ ਨਾਲ ਲਿਆ ਹੈ, ਵਾਹਿਗੁਰੂ ਨੇ ਦਿੱਤਾ ਹੈ। ਬਾਲ ਬੱਚੇ ਜੋਰ ਨਾਲ ਨਹੀਂ ਲਏ, ਇਹ ਵੀ ਪ੍ਰਮੇਸ਼ਰ ਦੀ ਦਾਤ ਹੈ, ਜ਼ਮੀਨਾਂ-ਜਾਇਦਾਦਾਂ ਇਹ ਸਭ ਪ੍ਰਮੇਸ਼ਰ ਦੀਆਂ ਦਾਤਾਂ ਨੇ ਤੇ ਜੇ ਅਸੀਂ ਉਸ ਦੇ ਅਰਪਣ ਕਰਨਾ ਹੋਵੇ ਤਾਂ ਅਸੀਂ 'ਬਿਖੋਟ' ਕਰਦੇ ਹਾਂ -

***ਦਸ ਬਸਤੂ ਲੇ ਪਾਛੈ ਪਾਵੈ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ ਪੰਨਾ - 268***

ਗਿਣਤੀ ਕਰਦੇ ਹਾਂ ਕਿ ਰੱਬ ਨੇ ਕੀ ਕਰਨੀਆਂ ਨੇ? ਅਸੀਂ ਕਿਉਂ ਦੇਈਏ ਉਸ ਨੂੰ? ਕਹਿੰਦੇ, "ਨਾਮਿਆ! ਮੇਰੀਆਂ ਦਿੱਤੀਆਂ ਹੋਈਆਂ ਵੀ ਮੈਨੂੰ ਨਹੀਂ ਮੋੜਦੇ; ਮੈਨੂੰ ਭੁੱਖ ਨਹੀਂ ਹੈ ਇਨ੍ਹਾਂ ਚੀਜ਼ਾਂ ਦੀ। ਮੈਂ ਭਾਵਨਾ ਦਾ ਭੁੱਖਾ ਹਾਂ, ਪਿਆਰ ਦਾ ਭੁੱਖਾ ਹਾਂ।

***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ ਦੀ ਵਾਰ 10/7***
***ਏਕੁ ਭਗਤੁ ਮੇਰੇ ਹਿਰਦੈ ਬਸੈ॥ ਪੰਨਾ -***

***1163***

ਕਹਿੰਦੇ, "ਤੇਰਾ ਪਿਆਰ ਦੇਖਿਆ ਮੈਂ। ਮੇਰੇ ਹਿਰਦੇ ਵਿਚ ਭਗਤੀ ਵਸਦੀ ਹੈ।"

***ਨਾਮੇ ਦੇਖਿ ਨਰਾਇਨੁ ਹਸੈ॥***
***ਦੂਧੁ ਪੀਆਇ ਭਗਤੁ ਘਰਿ ਗਇਆ॥***
***ਨਾਮੇ ਹਰਿ ਕਾ ਦਰਸਨੁ ਭਇਆ॥ ਪੰਨਾ - 1163***

ਦੁੱਧ ਪਿਲਾ ਦਿੱਤਾ ਉਸ ਨੇ ਨਿਹਚੇ ਦੇ ਨਾਲ, ਫੇਰ ਅਗੇ ਸੁਣਿਆ–

***ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰ ਛਾਇਆ॥***
***ਭਾਈ ਗੁਰਦਾਸ ਜੀ ਦੀ ਵਾਰ 10/11***

ਛੱਪਰ ਨੂੰ ਅੱਗ ਲੱਗ ਗਈ। ਨਾਮਦੇਵ ਪੈਸੇ ਲੈ ਕੇ ਚਲਿਆ ਗਿਆ ਸਮਾਨ ਲੈਣ ਵਾਸਤੇ ਛੱਪਰ ਲਈ। ਅੱਗੇ ਸਾਧੂ ਮਿਲ ਗਏ। ਸਾਧੂ ਭੁਖੇ ਸਨ। ਉਨ੍ਹਾਂ ਨੇ ਨਾਮਦੇਵ ਨੂੰ ਕਿਹਾ ਕਿ ਭਗਤਾ! 'ਪ੍ਰਸ਼ਾਦ ਪਾਣੀ ਛਕਿਆਂ ਨੂੰ ਕਈ ਦਿਨ ਹੋ ਗਏ, ਕੋਈ ਉਪਰਾਲਾ ਕਰ।' ਉਹੀ ਰੁਪਏ ਜਿਹੜੇ ਲੈ ਕੇ ਗਿਆ ਸੀ ਉਨ੍ਹਾਂ ਦਾ ਰਾਸ਼ਨ ਮੁੱਲ ਲੈ ਕੇ ਸੰਤਾਂ ਦੀ ਸੇਵਾ ਵਿਚ ਲਾ ਦਿੱਤਾ। ਹੁਣ ਘਰੋਂ ਪੈਸੇ ਲੈ ਕੇ ਗਿਆ ਸੀ ਜੇ ਘਰ ਵਾਪਸ ਆਉਂਦਾ ਤਾਂ ਘਰ ਵਾਲਿਆਂ ਨੇ ਪੁਛਣਾ ਸੀ ਕਿ ਸਮਾਨ ਨਹੀਂ ਲੈ ਕੇ ਆਇਆ ਕਿਉਂਕਿ ਸੰਤਾਂ ਨਾਲ ਰੌਲਾ ਰੱਪਾ ਪਿਆ ਹੀ ਰਹਿੰਦਾ ਹੈ।

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ ਪੰਨਾ - 145***

ਜੋੜ ਨਹੀਂ ਆਉਂਦਾ, ਉਨ੍ਹਾਂ ਨੇ ਹੋਰ ਤਰ੍ਹਾਂ ਚੱਲਣਾ ਹੈ, ਸੰਸਾਰੀਆਂ ਦਾ ਹੋਰ ਮਤਾ ਹੁੰਦਾ ਹੈ। ਸੋ ਬਾਹਰ ਜਾ ਕੇ ਬਹਿ ਗਏ। ਹੁਣ ਪਿਆਰ ਵਾਲੇ ਨੂੰ ਦੁਖ ਹੋਇਆ ਕਰਦਾ ਹੈ ਤੇ ਜੇ ਉਸ ਨੂੰ ਸੁਖ ਮਿਲ ਜਾਵੇ ਤਾਂ ਸੁਖੀ ਹੁੰਦਾ ਹੈ।

***ਸੰਤਨ ਦੂਖ ਪਾਏ ਤੇ ਦੂਖੀ॥***
***ਸੁਖ ਪਾਏ ਸਾਧਨ ਕੇ ਸੁਖੀ॥***

ਜੇ ਦੁਖ ਮਿਲ ਜਾਵੇ ਤਾਂ ਦੁਖੀ ਵੀ ਹੋ ਜਾਂਦਾ ਹੈ। ਦੇਖਿਆ ਕਿ ਨਾਮਦੇਵ ਨੇ ਰਾਤ ਨੂੰ ਰਹਿਣਾ ਹੈ, ਕੋਈ ਚੀਜ਼ ਨਹੀਂ ਹੈ। ਉਸੇ ਵੇਲੇ ਪ੍ਰਗਟ ਹੋ ਗਏ, ਸਮਾਨ ਲੱਦਿਆ ਹੋਇਆ ਹੈ ਗੱਡਿਆਂ ਤੇ ਲਿਆ ਕੇ ਛੱਪਰੀ ਬਣਾਉਣ ਲੱਗ ਗਏ। ਦੁਨੀਆਂ ਇਕੱਠੀ ਹੋ ਗਈ, ਰੌਲਾ ਪੈ ਗਿਆ ਕਿ ਐਸਾ 'ਬੇਢੀ' ਆਇਆ ਹੈ ਉਸ ਦਾ ਕੰਮ ਦੇਖਣ ਦੀ ਲੋੜ ਹੈ। ਉਹ ਕੰਮ ਕਰਦਾ ਦਿਖਦਾ ਹੈ ਪਰ ਖਤਮ ਕਦੋਂ ਕਰਦਾ ਹੈ, ਇਹ ਨਹੀਂ ਦਿਸਦਾ। ਮਿਟਾਂ ਵਿਚ ਹੀ ਬਣਾ ਦਿੱਤਾ। ਉਸ ਵੇਲੇ ਨਾਮਦੇਵ ਦੀ ਪੜੋਸਣ ਨੇ ਆ ਕੇ ਛੱਪਰ ਦੇਖਿਆ, ਅੰਦਰ ਛੱਪਰ ਵਿਚ ਵੜਦੀਸਾਰ ਚਿੱਤ ਦੀਆਂ ਸਾਰੀਆਂ ਵਾਸ਼ਨਾਵਾਂ ਸ਼ਾਂਤ ਹੋ ਗਈਆਂ ਕਿਉਂਕਿ ਉਸ ਥਾਂ ਪ੍ਰਮੇਸ਼ਰ ਦਾ ਹੱਥ ਲੱਗਿਆ ਹੋਇਆ ਸੀ, ਸਾਕਾਰ ਰੂਪ ਵਿਚ

ਹੋ ਕੇ ਪ੍ਰਮੇਸ਼ਰ ਨੇ ਛੱਪਰ ਬਣਾਇਆ। ਹੁਣ ਸਾਡੇ ਲਿਖਾਰੀ ਕੀ ਲਿਖਦੇ ਨੇ, ਪ੍ਰੋਫੈਸਰ ਲੋਕ ਡਰਦੇ ਨੇ ਇਹ ਗੱਲਾਂ ਲਿਖਦੇ ਕਿਉਂਕਿ ਆਪਣੇ ਹਿਰਦੇ ਅੰਦਰ ਨਿਹਚਾ ਨਹੀਂ ਹੈ। ਕਹਿੰਦੇ ਨਾਮਦੇਵ ਦੇ ਛੱਪਰ ਨੂੰ ਅੱਗ ਲੱਗ ਗਈ, ਕਿਸੇ ਭਗਤ ਨੇ ਦੇਖਿਆ ਕਿ ਮੈਂ ਹੀ ਛੱਪਰ ਬਣਾ ਦਿਆਂ, ਕਹਿੰਦੇ ਉਸ ਨੇ ਆ ਕੇ ਛੱਪਰ ਬਣਾ ਦਿੱਤਾ ਕਿਸੇ ਅਮੀਰ ਨੇ, ਘਰੋਂ ਮਜ਼ਦੂਰ ਭੇਜ ਦਿੱਤੇ ਕਿ ਜਾਓ! ਛੱਪਰ ਬਣਾ ਆਓ। ਏਸ ਤਰ੍ਹਾਂ ਦੀ ਗੱਲ ਨਾਸਤਕ ਬੰਦੇ ਕਰਦੇ ਹੁੰਦੇ ਨੇ, ਆਸਤਕ ਨਹੀਂ ਕਰਦੇ। ਜਿਨ੍ਹਾਂ ਦੇ ਮਨ ਵਿਚ ਨਿਹਚਾ ਹੈ ਉਨ੍ਹਾਂ ਨੂੰ ਪਤਾ ਹੈ ਕਿ ਸਭ ਕੰਮ ਹੋ ਜਾਂਦੇ ਹਨ ਕਿਉਂਕਿ ਬਾਣੀ ਵਿਚ ਆਉਂਦਾ ਹੈ ਕਿ –

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥***
***ਪੰਨਾ – 638***

ਜਿਸ ਵਖਤ ਦਰਬਾਰ ਸਾਹਿਬ ਦੀ ਖੁਦਵਾਈ ਹੋ ਰਹੀ ਸੀ, ਉਸੇ ਵੇਲੇ ਗੁਰੂ ਮਹਾਰਾਜ ਜੀ ਆਪ ਬੈਠਿਆ ਕਰਦੇ ਸੀ, ਸੰਗਤਾਂ ਮਿੱਟੀ ਪੁੱਟਿਆ ਕਰਦੀਆਂ ਸਨ। ਜਦੋਂ ਹਰਿਮੰਦਰ ਸਾਹਿਬ ਵਾਲੀ ਥਾਂ ਤੋਂ ਪੁੱਟਣ ਲੱਗੇ ਤਾਂ ਮਿੱਟੀ ਸਖਤ ਨਿਕਲੀ ਜਿਥੇ ਅੱਜ ਕੱਲ੍ਹ ਹਰਿਮੰਦਰ ਸਾਹਿਬ ਹੈ। ਉਸ ਵੇਲੇ ਮਹਾਰਾਜ ਜੀ ਕਹਿੰਦੇ ਛੱਡ ਦਿਓ, ਕੱਲ ਨੂੰ ਪੁਟਾਂਗੇ। ਇਹੀ ਕੰਮ ਕਰਨਾ ਹੈ ਕੱਲ੍ਹ ਨੂੰ। ਦੂਸਰੇ ਦਿਨ ਆ ਕੇ ਕੀ ਦੇਖਦੇ ਨੇ ਕਿ ਪਹਿਲਾਂ ਹੀ ਆ ਕੇ ਬੇਅੰਤ ਮਜੂਰ ਲੱਗ ਗਏ। ਸੰਗਤਾਂ ਹੈਰਾਨ ਨੇ ਕਿ ਇਹ ਤਾਂ ਸਖਤ ਮਿੱਟੀ ਇਉਂ ਪੁੱਟਦੇ ਨੇ ਜਿਵੇਂ ਰੇਤਾ ਭਰੀਦਾ ਹੈ ਤੇ ਟੋਕਰੇ ਵੀ ਵੱਡੇ-ਵੱਡੇ ਨੇ, ਲਿਆ-ਲਿਆ ਸੁੱਟੀ ਜਾਂਦੇ ਨੇ। ਮਹਾਰਾਜ ਜੀ ਦੋਏ ਹੱਥ ਜੋੜ ਕੇ ਖੜ੍ਹੇ ਨੇ, ਲੀਲ੍ਹਾ ਦੇਖ ਰਹੇ ਨੇ। ਉਸ ਵੇਲੇ ਬਾਬਾ ਬੁੱਢਾ ਜੀ ਆਦਿ ਸਾਰੇ ਗੁਰਸਿੱਖਾਂ ਨੇ ਪੁਛਿਆ ਕਿ ਮਹਾਰਾਜ! ਪਤਾ ਨਹੀਂ ਇਨ੍ਹਾਂ ਕੋਲ ਕੀ ਤਕਨੀਕ ਹੈ, ਜਿਹੜੀ ਮਿੱਟੀ ਕੱਲ੍ਹ ਪੁੱਟ ਨਹੀਂ ਸੀ ਹੁੰਦੀ ਗੰਧਾਲਿਆਂ ਨਾਲ ਵੀ, ਇਹ ਤਾਂ ਇਉਂ ਲਿਆਉਂਦੇ ਨੇ ਜਿਵੇਂ ਰੇਤਾ ਭਰ-ਭਰ ਲਿਆਈਦਾ ਹੈ। ਫੇਰ ਦੇਖਦੇ-ਦੇਖਦੇ ਉਹ ਸੇਵਕ ਚਲੇ ਗਏ ਮਹਾਰਾਜ! ਇਹ ਸਮਝ ਵਿਚ ਨਹੀਂ ਆਈ।

ਮਹਾਰਾਜ ਜੀ ਕਹਿੰਦੇ, "ਪਿਆਰਿਓ! ਇਹ ਅਕਾਲ ਪੁਰਖ ਆਪ ਸਰਗੁਣ ਸਰੂਪ ਧਾਰ ਕੇ ਸਾਰੇ ਦੇਵਤਿਆਂ ਨੂੰ ਨਾਲ ਲੈ ਕੇ ਆਏ ਸਨ ਤੇ ਆਪ ਉਨ੍ਹਾਂ ਨੇ ਸਾਰਾ ਕੰਮ ਕਰਿਆ ਹੈ। ਸੰਗਤਾਂ ਨੂੰ ਦਰਸ਼ਨ ਵੀ ਦਿੱਤੇ ਨੇ ਤੇ ਇਹ ਕਾਰਜ ਉਨ੍ਹਾਂ ਨੇ ਕਰਿਆ ਹੈ।"

ਤੇ ਇਥੇ ਗੱਲਾਂ ਕਰੀ ਜਾਣੀਆਂ ਕਿ ਕਿਸੇ ਸੇਠ ਨੇ ਭੇਜ ਦਿੱਤੇ ਹੋਣੇ ਮਜੂਰ, ਉਨ੍ਹਾਂ ਨੇ ਬਣਾ ਦਿੱਤਾ ਛੱਪਰ। ਇਹ ਨਾਸਤਕਤਾ ਦੀਆਂ ਗੱਲਾਂ, ਜਲੇ ਹੋਏ ਹਿਰਦੇ ਦੀਆਂ ਗੱਲਾਂ ਹੁੰਦੀਆਂ ਹਨ। ਬੁਝੇ ਹੋਏ ਦੀਵੇ ਹੁੰਦੇ ਨੇ ਇਹ, ਜਗਦੀਆਂ ਲੋਆਂ ਨਹੀਂ ਹੁੰਦੀਆਂ। ਸੋ ਜਦੋਂ ਸਾਰੇ ਪਿੰਡ ਨੇ ਪ੍ਰਸੰਸਾ ਕਰੀ ਤਾਂ ਉਸ ਬੀਬੀ ਨੇ ਮਨ ਵਿਚ ਇਰਾਦਾ ਬਣਾ ਲਿਆ ਕਿ ਮੇਰੇ ਕੋਲ ਵੀ ਆਹ ਖੁੱਲ੍ਹਾ ਥਾਂ ਹੈ, ਇਹੋ-ਜਿਹੀ ਛੱਪਰੀ ਤਾਂ ਜਰੂਰ ਬਣਾਉਣੀ ਚਾਹੀਦੀ ਹੈ। ਛੱਪਰੀ ਬਣਾ ਕੇ ਭਗਵਾਨ ਨਾਮਦੇਵ ਜੀ ਕੋਲ ਗਏ ਤੇ ਕਹਿੰਦੇ, "ਜਾਹ! ਨਾਮਦੇਵ ਤੇਰਾ ਛੱਪਰ ਬਣ ਗਿਆ।" ਜਦੋਂ ਨਾਮਦੇਵ ਜੀ ਘਰ ਵਾਪਸ ਆਏ ਤਾਂ ਉਹ ਪੜੌਸਣ ਇਕ-

ਦਮ ਆਈ ਤੇ ਕਹਿਣ ਲੱਗੀ, "ਨਾਮਦੇਵ ਜੀ! ਆਹ ਤਾਂ ਕਮਾਲ ਹੀ ਕਰ ਦਿੱਤੀ, ਇਹੋ ਜਿਹਾ ਤਾਂ ਅੱਜ ਤੱਕ ਦੇਖਿਆ ਹੀ ਨਹੀਂ। ਦੇਖ ਮੇਰਾ ਥਾਂ ਖੁੱਲ੍ਹਾ ਪਿਆ ਹੈ ਤੇ ਮੈਂ ਵੀ ਇਹ ਚਾਹੁੰਦੀ ਹਾਂ ਕਿ ਮੈਂ ਵੀ ਐਸਾ ਛੱਪਰ ਬਣਵਾਵਾਂ ਤੇ ਤੂੰ ਮੈਨੂੰ ਇਹ ਦੱਸ ਕਿ ਇਹ ਬੇਢੀ ਰਹਿੰਦਾ ਕਿਥੇ ਹੈ? ਮੈਂ ਤਾਂ ਅਮੀਰ ਹਾਂ, ਤੈਨੂੰ ਪਤਾ ਹੈ ਸ਼ਹਿਰ ਵਿਚ ਗਿਣੀ ਹੋਈ ਹਾਂ, ਮੈਨੂੰ ਤੂੰ ਉਸ ਬੇਢੀ ਦਾ ਕੋਈ ਅਤਾ ਪਤਾ ਦੇਹ।" ਇਸ ਤਰ੍ਹਾਂ ਬੇਨਤੀ ਕਰਦੀ ਹੈ।

***ਧਾਰਨਾ - ਤੈਥੋਂ ਦੂਗਣੀ ਮਜੂਰੀ ਦੇਵਾਂ,***
***ਬੇਢੀ ਮੈਨੂੰ ਦੱਸ ਨਾਮਿਆ -2, 2.***
***ਬੇਢੀ ਮੈਨੂੰ ਜੀ, ਦੱਸ ਨਾਮਿਆ -2, 2.***
***ਤੈਥੋਂ ਦੂਗਣੀ ਮਜੂਰੀ ਦੇਵਾਂ, ......... -2.***

***ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥***
***ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥ ਪੰਨਾ - 657***

ਕਹਿੰਦੀ, ਨਾਮਦੇਵ! ਦੱਸ ਕਿਥੇ ਰਹਿੰਦਾ ਹੈ ਬੇਢੀ। ਮਜੂਰੀ ਦੀ ਗੱਲ ਨਾ ਕਰੀਂ, ਮਜੂਰੀ ਵੀ ਦੁਗਣੀ ਦੇਵਾਂਗੀ ਹੋਰ ਵੀ ਇਨਾਮ ਦੇਵਾਂਗੀ।" ਨਾਮਦੇਵ ਜੀ ਹੱਸ ਪਏ, ਕਹਿੰਦੇ, "ਬੀਬੀ! ਉਹ ਪੈਸੇ-ਟਕੇ ਦੀ ਮਜੂਰੀ ਨਹੀਂ ਮੰਗਦਾ।"

***ਰੀ ਬਾਈ ਬੇਢੀ ਦੇਨੁ ਨ ਜਾਈ॥***
***ਪੰਨਾ - 657***

ਇਉਂ ਨਹੀਂ ਬੇਢੀ ਦੱਸਿਆ ਜਾਂਦਾ ਤੇ ਨਾ ਦਿੱਤਾ ਜਾਂਦਾ ਹੈ।

ਕਹਿਣ ਲੱਗੀ, "ਜੇ ਤੂੰ ਨਹੀਂ ਕਹਿਣਾ ਉਸ ਨੂੰ ਤਾਂ ਮੈਨੂੰ ਦੱਸ, ਮੈਂ ਚਲੀ ਜਾਂਦੀ ਹਾਂ। ਤੂੰ ਘਰ ਦਾ ਅਤਾ ਪਤਾ ਤਾਂ ਦੱਸ?"

ਕਹਿੰਦੇ -

***ਦੇਖੁ ਬੇਢੀ ਰਹਿਓ ਸਮਾਈ॥ ਪੰਨਾ - 657***

ਜਿਥੇ ਤੱਕ ਤੇਰੀ ਨਿਗ੍ਹਾ ਜਾਂਦੀ ਹੈ, ਜਿਥੇ ਤੱਕ ਤੇਰੀ ਸੋਚ ਜਾਂਦੀ ਹੈ ਉਥੋਂ ਤੱਕ ਤੇ ਉਸ ਤੋਂ ਅੱਗੇ ਨਾ ਮੁੱਕਣ ਵਾਲੀ ਸੀਮਾ ਵਿਚ ਸਾਰੇ ਪਾਸੇ ਇਕੋ ਹੀ ਬੇਢੀ ਸਮਾਇਆ ਹੋਇਆ ਹੈ। ਇਥੇ ਦੁਨੀਆਂ ਦੇ ਅੰਦਰ ਹੋਰ ਨਹੀਂ ਹੈ ਕੋਈ। ਬਾਕੀ ਜੇ ਤੂੰ ਮਜੂਰੀ ਦੇਣਾ ਚਾਹੁੰਦੀ ਹੈ ਤਾਂ ਪੈਸੇ ਟਕੇ ਤਾਂ ਉਹ ਮੰਗਦਾ ਨਹੀਂ।"

ਕਹਿੰਦੀ, "ਹੋਰ ਕੀ ਮੰਗਦਾ ਹੈ? ਕੱਪੜੇ ਲੀੜੇ? ਅਨਾਜ?

ਕਹਿੰਦੇ, "ਨਾਂਹ! ਇਹ ਸਭ ਨਹੀਂ ਮੰਗਦਾ।"

ਕਹਿੰਦੀ, "ਕੋਈ ਤਾਂ ਚੀਜ਼ ਮੰਗਦਾ ਹੈ?"

ਕਹਿੰਦੀ, "ਤੇਰੇ ਨਾਲ ਕੀ ਸਬੰਧ ਹੈ ਉਸ ਦਾ?"

*ਹਮਾਰੈ ਬੇਢੀ ਪ੍ਰਾਨ ਅਧਾਰਾ॥*
*ਪੰਨਾ - 657*

ਕਹਿੰਦੇ, "ਮੇਰੇ ਤਾਂ ਪ੍ਰਾਣਾਂ ਦਾ ਅਧਾਰ ਹੈ। ਉਹ ਮੇਰੇ ਅੰਦਰ ਐਨਾ ਸਮਾਅ ਗਿਆ ਕਿ ਮੇਰੇ ਪ੍ਰਾਣਾਂ ਦਾ ਅਧਾਰ ਬਣਿਆ ਹੋਇਆ ਹੈ।" ਏਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਆਖਾ ਜੀਵਾਂ ਵਿਸਰੇ ਮਰ ਜਾਵਾਂ -2, 2.*
*ਆਖਾ ਜੀਵਾਂ ਵਿਸਰੇ ਮਰ ਜਾਵਾਂ -2, 2.*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

*ਆਖਾ ਜੀਵਾ ਵਿਸਰੈ ਮਰਿ ਜਾਉ॥* *ਪੰਨਾ - 9*

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*
*ਪੰਨਾ - 142*

ਕਹਿਣ ਲੱਗੇ, "ਬੀਬਾ! ਉਹ ਤਾਂ ਮੇਰੇ ਪ੍ਰਾਣਾਂ ਦਾ ਅਧਾਰ ਹੈ। ਮੈਂ ਜੀਉਂਦਾ ਹੀ ਤਾਂ ਹਾਂ ਜੇ ਉਸ ਦਾ ਅਧਾਰ ਹੋਵੇ ਤੇ ਜੇ ਨਾ ਹੋਵੇ ਤਾਂ ਜਿਵੇਂ ਮੱਛੀ ਪਾਣੀ ਤੋਂ ਬਗੈਰ ਮਰ ਜਾਂਦੀ ਹੈ ਇਹੀ ਹਾਲ ਮੇਰਾ ਹੈ। ਸੋ ਉਹ ਤਾਂ ਪਿਆਰ ਮੰਗਦਾ ਹੈ ਹੋਰ ਕੋਈ ਚੀਜ਼ ਨਹੀਂ ਮੰਗਦਾ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮੰਗਦਾ ਹੈ ਬੇਢੀ ਪ੍ਰੀਤ ਮਜ਼ਦੂਰੀ -2, 2.*
*ਪ੍ਰੀਤ ਮਜ਼ਦੂਰੀ ਬੇਢੀ ਪ੍ਰੀਤ ਮਜ਼ਦੂਰੀ -2, 2.*
*ਮੰਗਦਾ ਹੈ ਬੇਢੀ ਪ੍ਰੀਤ ਮਜ਼ਦੂਰੀ -2.*

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥*

*ਪੰਨਾ - 657*

ਕਹਿੰਦੇ, "ਬੀਬੀ! ਇਕੱਲੀ ਛੱਪਰੀ ਕਿਉਂ ਜੋ ਵੀ ਦੁਨੀਆਂ ਭਰ ਦਾ ਕੰਮ ਹੈ, ਉਹ ਪਿਆਰ 'ਚ ਆਇਆ ਹੋਇਆ ਆਪੇ ਕਰਦਾ ਹੈ, ਪੈਸੇ-ਟਕੇ ਨਾਲ ਨਹੀਂ, ਚਲਾਕੀਆਂ ਨਾਲ ਨਹੀਂ ਉਹ ਆਉਂਦਾ, ਪਿਆਰ ਹੋਣਾ ਚਾਹੀਦਾ ਹੈ।"

ਕਹਿੰਦੀ, "ਨਾਮਦੇਵ! ਅਸੀਂ ਵੀ ਤਾਂ ਰੱਬ ਨੂੰ ਪਿਆਰ ਕਰਦੇ ਹਾਂ।"

ਕਹਿੰਦੇ, "ਸੱਚੋ-ਸੱਚ ਦਸੀਂ, ਪੁੱਤਰ ਨਾਲ ਕਿੰਨਾ ਪਿਆਰ ਹੈ? ਜੇ ਤੇਰਾ ਪੁੱਤਰ ਅੱਖਾਂ ਤੋਂ ਓਹਲੇ ਹੋ ਜਾਵੇ ਜਾਂ ਵਾਹਿਗੁਰੂ ਨਾ ਕਰੇ ਕਿ ਤੇਰੇ ਮਨ ਵਿਚ ਇਹ ਭਰਮ ਪੈ ਜਾਵੇ ਕਿ ਉਹ ਕਿਸੇ ਨੇ ਮਾਰ ਦਿੱਤਾ ਫੇਰ ਦੱਸ?"

ਕਹਿੰਦੀ, "ਫੇਰ ਤਾਂ ਮੈਂ ਜੀਉਂਦੀ ਨਹੀਂ, ਫੇਰ ਤਾਂ ਮੇਰਾ ਜੀਉਣਾ ਹੀ ਖਤਮ ਹੋ ਗਿਆ। ਅੱਖਾਂ ਦਾ ਤਾਰਾ ਇਕੋ ਇਕ ਮਾਰ ਦਿੱਤਾ।"

ਕਹਿੰਦੇ, "ਫੇਰ ਓਹਦੇ ਨਾਲ ਪਿਆਰ ਹੋਇਆ ਨਾਹ। ਲੜਕੀਆਂ ਨਾਲ?

ਕਹਿੰਦੀ, "ਉਨ੍ਹਾਂ ਨਾਲ ਵੀ ਹੈ।"

ਕਹਿਣ ਲੱਗੇ, "ਤੇਰੇ ਆਪਣੇ ਸਰੀਰ ਨਾਲ ਹੈ?"

ਕਹਿੰਦੀ, "ਹਾਂ! ਸਰੀਰ ਨਾਲ ਵੀ ਪਿਆਰ ਹੈ।"

ਕਹਿੰਦੇ, "ਘਰ ਨਾਲ ਹੈ?"

ਕਹਿੰਦੀ, "ਹਾਂ! ਘਰ ਨਾਲ ਵੀ ਹੈ।"

ਕਹਿੰਦੇ, "ਫੇਰ ਨਹੀਂ ਰੱਬ ਆਉਂਦਾ, ਰੱਬ ਤਾਂ ਸੌ ਫੀ ਸਦੀ ਪਿਆਰ ਮੰਗਦਾ ਹੈ ਤੇ ਉਹ ਪਿਆਰ ਦਾ ਭੁੱਖਾ ਹੈ। ਉਸ ਦੀ ਸ੍ਰਿਸ਼ਟੀ ਹੈ ਤੇ ਸ੍ਰਿਸ਼ਟੀ ਨਾਲ ਜਿਹੜਾ ਪਿਆਰ ਕਰਦਾ ਹੈ ਉਹ ਪ੍ਰਮੇਸ਼ਰ ਨਾਲ ਪਿਆਰ ਕਰਦਾ ਹੈ। ਸੋ ਇਹ ਅਧੂਰੇ, ਵੰਡਵੇਂ ਪਿਆਰ ਨਹੀਂ ਉਹ ਮੰਗਦਾ।"

***ਧਾਰਨਾ - ਲੋਕ ਕੁਟੰਬ ਸਬਹੂੰ ਤੇ ਤੋੜੈ,***
***ਤਉ ਆਪਨ ਬੇਢੀ ਆਵੈ ਹੋ -2, 2.***

***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥***

***ਪੰਨਾ - 657***

ਇਕ ਛੰਨ ਨਹੀਂ ਫੇਰ ਜੋ ਕੋਈ ਕੰਮ ਕਹੋਗੇ ਉਹ ਓਹੀ ਕਰੇਗਾ ਕਿਉਂਕਿ ਪਿਆਰ ਦਾ ਬੰਨ੍ਹਿਆ ਹੋਇਆ ਹੈ ਉਹ। ਜਿਥੇ ਕੋਈ ਯਾਦ ਕਰਦਾ ਹੈ ਉਹ ਉਥੇ ਹੀ ਪਹੁੰਚ ਜਾਂਦਾ ਹੈ। ਵਾਹਿਗੁਰੂ ਨੂੰ ਵੀ ਕੰਮ ਕਰਨਾ ਔਖਾ ਹੈ ਜਿਸਨੇ ਕਰੋੜਾਂ ਬ੍ਰਹਿਮੰਡ ਅੱਖ ਦੇ ਫੋਰ ਵਿਚ ਬਣਾ ਦਿੱਤੇ, ਸਾਡੇ ਕੰਮ ਕੀ ਅਰਥ ਰੱਖਦੇ ਨੇ ਪਰ ਸਾਡਾ ਪਿਆਰ ਨਹੀਂ ਹੈ ਉਹਦੇ ਨਾਲ-

***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥***

***ਪੰਨਾ - 1382***

ਸਾਰਾ ਸੰਸਾਰ ਤੇਰਾ ਬਣ ਜਾਏਗਾ ਜੇ ਤੂੰ ਮੇਰਾ ਹੋ ਜਾਵੇਂ ਕਿਉਂਕਿ ਸਾਰਿਆਂ ਦੇ ਅੰਦਰ ਮੈਂ ਹੀ ਵਸਦਾ ਹਾਂ। ਮੈਂ ਹੀ ਅੱਖਾਂ ਨਾਲ ਦੇਖਦਾ ਹਾਂ, ਮੈਂ ਹੀ ਕੰਨਾਂ ਨਾਲ ਸੁਣਦਾ ਹਾਂ, ਮੈਂ ਹੀ ਜ਼ੁਬਾਨ ਨਾਲ ਬੋਲਦਾ ਹਾਂ ਪਰ

ਇਹ ਮੂਰਖ ਜੀਵ ਕਹਿੰਦੈ, ਮੈਂ ਕਰਦਾ ਹਾਂ ਐਨਾ ਹੀ ਫਰਕ ਹੈ ਮੇਰਾ। ਇਸ ਦੇ ਵਿਚ 'ਮੈ' ਆ ਗਈ 'ਮੈ' ਮੇਰੇ ਰਸਤੇ ਵਿਚ ਰੁਕਾਵਟ ਹੈ, ਠੀਕ ਨਹੀਂ ਹੈ, ਇਕ ਪੜਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***

***ਪੰਨਾ - 624***

ਕਹਿੰਦੇ, "ਬੀਬਾ! ਜੇ ਕੋਈ ਪ੍ਰਮੇਸ਼ਰ ਨੂੰ ਪਿਆਰ ਕਰਦਾ ਹੈ ਤਾਂ ਉਹ ਸੱਚਾ ਪਿਆਰ ਨਹੀਂ ਉਸ ਨੂੰ ਕਰਦਾ, ਉਹ ਪਿਆਰ ਕਰਦਾ ਹੈ ਆਪਣੇ ਹਿਤਾਂ ਨੂੰ, ਆਪਣੀ ਲੋੜਾਂ ਨੂੰ, ਰੱਬ ਨੂੰ ਕੋਈ ਨਹੀਂ ਪਿਆਰ ਕਰਦਾ। ਰੱਬ ਦਾ ਪਿਆਰ ਜਿਸ ਨੂੰ ਹੋਇਆ ਹੈ ਉਹ ਤਾਂ ਜੀਉ ਨਹੀਂ ਸਕਦਾ ਉਸ ਤੋਂ ਬਗੈਰ।"

***ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥***
***ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥***

***ਪੰਨਾ - 1379***

ਉਹ ਕਿਵੇਂ ਜੀਉਂਦੇ ਹੋ ਪ੍ਰਮੇਸ਼ਰ ਤੋਂ ਬਗੈਰ? ਮੈਂ ਤਾਂ ਅੱਜ ਭੁੱਲ ਗਿਆ ਤੇ ਅੱਜ ਹੀ ਨਹੀਂ ਮੈਨੂੰ ਜੀਉਣਾ ਚੰਗਾ ਨਹੀਂ ਲਗਦਾ। ਮੇਰੇ ਸਾਰੇ ਅੰਗਾਂ ਦੇ ਵਿਚ ਫਿੱਕਾਪੁਣ ਆ ਗਿਆ, ਰਸ ਮੇਰੇ ਅੰਦਰੋਂ ਜਾਂਦਾ ਰਿਹਾ।

ਸੋ ਬੀਬਾ! ਉਹ ਤਾਂ ਪਿਆਰ ਮੰਗਦਾ ਹੈ।

***ਲੋਗ ਕੁਟੰਬ ਸਬਹੁ ਤੇ ਤੋਰੈ ...........॥***

***ਪੰਨਾ - 657***

ਪਹਿਲਾਂ ਤਾਂ ਇਹ ਲੋਕ-ਲਾਜ, ਕੁਟੰਭ ਦੀ ਮੇਰ ਤੇਰ। ਕੁਟੰਭ ਉਸ ਦਾ ਹੀ ਦਿੱਤਾ ਹੋਇਆ ਹੈ ਆਪਣਾ ਕਿਉਂ ਬਣਾਇਆ ਹੋਇਆ ਹੈ ਲੋਕ ਨੇ, ਇਨ੍ਹਾਂ ਦਾ ਭਲਾ ਤਾਂ ਮੰਗ-

***ਨਾਨਕ ਨਾਮ ਚੜ੍ਹਦੀ ਕਲਾ॥***
***ਤੇਰੇ ਭਾਣੇ ਸਰਬਤ ਦਾ ਭਲਾ॥***

ਬੁਰਾ ਨਾ ਮੰਗ ਪਰ ਇਨ੍ਹਾਂ ਦੇ ਵਿਚ ਖਚਤ ਨਾ ਹੋ ਪ੍ਰਮੇਸ਼ਰ ਨੂੰ ਕਿਥੇ ਥਾਂ ਮਿਲੇਗਾ ਜੇ ਤੇਰਾ ਸਾਰਾ ਥਾਂ ਤਾਂ ਮੈਂ, ਮੇਰੀ ਨੇ ਰੋਕ ਲਿਆ। ਉਹ ਤਾਂ ਪੂਰਾ ਪਿਆਰ ਮੰਗਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਨਿਹਚਾ ਹੋਣ ਕਰਕੇ, ਪ੍ਰਤੀਤ ਹੋਣ ਕਰਕੇ ਦੁੱਧ ਵੀ ਆ ਕੇ ਪੀ ਲਿਆ, ਛੱਪਰ ਵੀ ਬਣਾ ਦਿੱਤਾ। ਜੇ ਠਾਕੁਰ ਦੁਆਰੇ ਗਏ-

***ਹਸਤ ਖੇਲਤ ਤੇਰੇ ਦੇਹੁਰੇ ਆਇਆ॥***
***ਭਗਤਿ ਕਰਤ ਨਾਮਾ ਪਕਰਿ ਉਠਾਇਆ॥***
***ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥***
***ਛੀਪੇ ਕੇ ਜਨਮਿ ਕਾਹੇ ਕਉ ਆਇਆ॥***
***ਲੈ ਕਮਲੀ ਚਲਿਓ ਪਲਟਾਇ॥***

***ਦੇਹੁਰੈ ਪਾਛੈ ਬੈਠਾ ਜਾਇ॥***
***ਜਿਉ ਜਿਉ ਨਾਮਾ ਹਰਿ ਗੁਣ ਉਚਰੈ॥***
***ਭਗਤ ਜਨਾਂ ਕਉ ਦੇਹੁਰਾ ਫਿਰੈ॥***
***ਪੰਨਾ - 1164***

ਉਹ ਆਰਤੀ ਕਰੀ ਜਾਂਦੇ ਨੇ ਤੇ ਦੇਖਦੇ ਕੀ ਨੇ ਕਿ ਮੰਦਰ ਘੁੰਮਣਾ ਸ਼ੁਰੂ ਹੋ ਗਿਆ। ਉਨ੍ਹਾਂ ਪਾਂਡਿਆਂ ਜਾਤ ਅਭਿਮਾਨੀਆਂ ਵੱਲ ਪਿੱਠ ਹੋ ਗਈ ਤੇ ਨਾਮਦੇਵ ਵੱਲ ਮੂੰਹ ਹੋ ਗਿਆ। ਉਹ ਮੰਦਰ ਨਾਗ ਮੰਦਰ ਦੇ ਸਾਹਮਣੇ ਦੱਖਣ ਵਿਚ ਹੈ, ਉਸ ਦਾ ਇਕੱਲੇ ਦਾ ਮੂੰਹ ਪੱਛਮ ਵੱਲ ਹੈ, ਬਾਕੀ ਮੰਦਰਾਂ ਦਾ ਹਮੇਸ਼ਾ ਚੜ੍ਹਦੇ ਵੱਲ ਮੂੰਹ ਹੋਇਆ ਕਰਦਾ ਹੈ, ਸੋ ਇਸ ਮੰਦਰ ਦਾ ਮੂੰਹ ਕਰ ਦਿੱਤਾ ਪੱਛਮ ਵੱਲ। ਫੇਰ ਮਰੀ ਹੋਈ ਗਊ ਜੀਊਂਦੀ ਕਰ ਦਿੱਤੀ। ਸੋ ਇਸ ਤਰ੍ਹਾਂ ਦੇ ਨਾਲ ਇਹ ਪ੍ਰਤੀਤ ਦੇ ਬਚਨ ਨੇ ਸਾਰੇ ਜੇ ਪ੍ਰਤੀਤ ਨਹੀਂ ਉਪਜਦੀ, ਰੱਬ ਨੂੰ ਅਸੀਂ ਐਵੇਂ ਹੀ ਸਮਝਦੇ ਹਾਂ ਫੇਰ ਤਾਂ ਪਿਆਰਿਓ! ਰੱਬ ਦਾ ਮਿਲਣਾ ਬੜਾ ਮੁਸ਼ਕਲ ਹੈ। ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏਂ ਹਾਂ ਉਹ ਅਧੂਰਾ ਪੈ ਜਾਂਦਾ ਹੈ ਕਿਉਂਕਿ ਮਹਾਰਾਜ ਸਾਨੂੰ ਬਾਰ-ਬਾਰ ਯਾਦ ਕਰਾਉਂਦੇ ਨੇ, ਪੜ੍ਹੋ ਪਿਆਰ ਨਾਲ ਸਾਰੇ -

***ਧਾਰਨਾ - ਇਹੋ ਤੇਰੀ ਵਾਰੀ ਹੈ,***
***ਗੋਬਿੰਦ ਮਿਲਣੇ ਦੀ -2, 2.***
***ਗੋਬਿੰਦ ਮਿਲਣੇ ਦੀ ਇਹੋ ਤੇਰੀ ਵਾਰੀ ਹੈ - 2, 2.***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਪੰਨਾ - 12***

ਇਕ ਅੰਗਰੇਜ਼ੀ ਦਾ ਅੱਖਰ ਹੈ worthless (ਫਜ਼ੂਲ)। ਮਹਾਰਾਜ ਜੀ ਕਹਿੰਦੇ ਜਿੰਨੇ ਤੂੰ ਹੋਰ ਕੰਮ ਕਰਦਾ ਹੈ, ਨਾਮ ਜਪਣ ਨੂੰ ਛੱਡ ਕੇ ਉਹ ਸਾਰੇ worthless (ਫਜ਼ੂਲ) ਨੇ। ਸੰਸਾਰ ਵਿਚ ਤਾਂ ਰਹਿਣਾ ਨਹੀਂ, ਕੋਈ ਬੰਦਾ ਰਹਿ ਨਹੀਂ ਸਕਿਆ ਅੱਜ ਤੱਕ, ਜਦੋਂ ਜਾਣਾ ਹੀ ਹੈ ਫੇਰ ਅੱਗੇ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿਥੇ ਜਾਣਾ ਹੈ। ਮਹਾਰਾਜ ਜੀ ਕਹਿੰਦੇ, ਪਤਾ ਤਾਂ ਤੈਨੂੰ ਦੱਸ ਦਿੰਦੇ ਹਾਂ। ਔਖਾ ਬਹੁਤ ਹੈ ਜਦੋਂ ਤੂੰ ਇਸ ਸੰਸਾਰ 'ਚੋਂ ਜਾਵੇਗਾ ਤੂੰ ਜਿਹੋ ਜਿਹੇ ਕਰਮ ਕਰੇ ਨੇ, ਜਿਹੋ ਜਿਹਾ ਜੀਵਨ ਬਤੀਤ ਕਰਿਆ ਹੈ, ਉਹੋ ਜਿਹਾ ਹੀ ਤੈਨੂੰ ਥਾਂ ਮਿਲ ਜਾਣਾ ਹੈ। ਜੇ ਮਹਾਤਮਾ ਦੇ ਨਾਲ ਤੂੰ ਲੜਦਾ ਰਿਹਾ ਹੈ, ਝਗੜੇ ਕਰਦਾ ਰਿਹਾ ਹੈ ਤਾਂ -

***ਸੰਤਨ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ ਪੰਨਾ - 279***

ਕੁੱਤਿਆਂ ਦੇ ਸਿਰ ਵਿਚ ਪੈਣ ਵਾਲਾ ਕੀੜਾ ਬਣ ਜਾਏਗਾ ਤੇ

***ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਪੰਨਾ - 278***

ਜਿਹੜਾ ਰਾਜਸੀ ਸ਼ਕਤੀ ਦਾ ਅਭਿਮਾਨ ਕਰਦਾ ਹੈ ਕਿ ਮੇਰੇ ਕੋਲ ਰਾਜਸੀ ਸ਼ਕਤੀ ਹੈ, ਮਹਾਰਾਜ ਜੀ ਕਹਿੰਦੇ, ਉਹ ਕਿਥੇ ਜਾਏਗਾ -

***ਸੋ ਨਰਕਪਾਤੀ ਹੋਵਤ ਸੁਆਨੁ॥ ਪੰਨਾ - 278***

ਕੁੱਤਾ ਬਣੇਗਾ। ਜਾਣ ਦਾ ਤਾਂ ਫਿਕਰ ਕਰਨਾ ਚਾਹੀਦਾ ਹੈ ਕਿ ਆਹ ਕੀ ਹੋਏਗਾ ਘਰ-ਘਰ ਮੰਗਦੇ ਫਿਰਾਂਗੇ, ਪਿੱਠ ਤੇ ਡੰਡੇ ਖਾਵਾਂਗੇ, ਬੈਲ ਬਣ ਜਾਵਾਂਗੇ, ਘੋੜੇ ਬਣ ਜਾਵਾਂਗੇ। ਮਹਾਰਾਜ ਜੀ ਕਹਿੰਦੇ ਇਸ ਨੂੰ ਪਤਾ ਨਹੀਂ ਹੈ, ਗਾਫਲ ਹੈ ਇਹ ਬੰਦਾ। ਇਸ ਦੇ ਉਤੇ ਇਕ ਨਸ਼ਾ ਚੜ੍ਹ ਜਾਂਦਾ ਹੈ ਉਹ ਨਸ਼ਾ ਇਸ ਨੂੰ ਸੋਚਣ ਨਹੀਂ ਦਿੰਦਾ, ਹੁੰਦਾ ਕੀ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***
***ਪੰਨਾ - 267***

ਇਕ ਜਨਮ ਨਹੀਂ ਚੌਰਾਸੀ ਲੱਖ ਜੂਨੀ ਪੂਰੀ ਕਰਕੇ ਮਨੁੱਖ ਬਣਦੇ ਹਾਂ। ਮਨੁੱਖ ਬਣ ਕੇ ਗਲਤ ਰਸਤੇ ਪੈਂਦੇ ਹਾਂ, ਮੁੜ ਕੇ ਫੇਰ ਓਸੇ ਚੱਕਰ ਵਿਚ, ਫੇਰ ਅਕਲ ਵਾਲੇ ਤਾਂ ਨਾ ਹੋਏ, ਫੇਰ ਤਾਂ ਪਸ਼ੂਆਂ ਦੇ ਬਰਾਬਰ ਹੋਏ, ਮਹਾਰਾਜ ਕਹਿੰਦੇ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***

***ਪੰਨਾ - 1356***

ਜਿਸਨੇ ਗੁਰੂ ਦਾ ਮੰਤਰ ਨਹੀਂ ਲਿਆ ਉਹ ਧ੍ਰਿਕਾਰਯੋਗ ਤੇ ਭ੍ਰਿਸ਼ਟਿਆ ਹੋਇਆ ਸਰੀਰ ਹੈ -

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***

***ਪੰਨਾ - 1356***

ਉਸ ਦੀ ਤੁਲਨਾ ਦੇ ਵਾਸਤੇ ਮਹਾਰਾਜ ਜੀ ਨੇ ਇਹ ਅੱਖਰ ਉਚਾਰੇ ਨੇ ਕੂਕਰਹ ਕਹਿੰਦੇ ਨੇ ਕੁੱਤੇ ਨੂੰ, ਸੂਕਰਹ ਸੂਰ ਨੂੰ, ਗਰਧਭਹ ਗਧੇ ਨੂੰ, ਕਾਕਹ ਕਾਂ ਨੂੰ, ਸਰਪਨਹ ਸੱਪ ਨੂੰ ਇਨ੍ਹਾਂ ਵਰਗਾ ਉਹ ਬੰਦਾ ਹੈ ਚਾਹੇ ਉਹ ਕਿੱਡਾ ਹੀ ਵੱਡਾ ਹੈ, ਕਿੱਡੀ ਹੀ ਪਦਵੀ ਤੇ ਹੈ ਕਿਉਂਕਿ ਉਸ ਨੇ ਵਾਗੀ ਹਾਰ ਦਿੱਤੀ। ਜਦੋਂ ਇਥੋਂ ਜਾਣਾ ਹੈ ਤਾਂ ਆਪਣੀਆਂ ਵਾਸ਼ਨਾਵਾਂ ਲੈ ਕੇ ਜਾਣਾ ਹੈ। ਜੇ ਕੋਈ ਕਹੇ ਕਿ ਮੈਂ ਨਹੀਂ ਮੰਨਦਾ ਤਾਂ ਭਾਈ ਨਾ ਮੰਨ, ਇਸ ਗੱਲ ਦਾ ਤਾਂ ਕੋਈ ਇਲਾਜ ਹੀ ਨਹੀਂ ਹੈ ਤੇ ਨਾ ਇਹ ਦਿਖਾਉਣ ਵਾਲੀ ਚੀਜ਼ ਹੈ, ਨਹੀਂ ਤਾਂ ਦਿਖਾ ਦੇਈਏ ਕਿ ਆਹ ਦੇਖ ਹੁਣ ਤੂੰ ਕੁੱਤਾ ਬਣਿਆ

ਫਿਰਦਾ ਹੈ। ਮਹਾਂਪੁਰਸ਼ਾਂ ਨੇ ਦਿਖਾ ਵੀ ਦਿੱਤਾ। ਕਬੀਰ ਸਾਹਿਬ ਨੇ ਇਕ ਸੰਨਿਆਸੀ ਨੂੰ ਸੰਦੇਸ਼ ਦਿੱਤਾ ਸੀ। ਜਦੋਂ ਉਹ ਬੈਲ ਬਣ ਗਿਆ, ਫੇਰ ਦੱਸ ਦਿੱਤਾ। ਕਹਿੰਦੇ, ਕਿ ਹੁਣ ਦੱਸ! ਜਦ ਤਾਂ ਤੂੰ ਕਹਿੰਦਾ ਸੀ ਕਿ ਮੈਂ ਭਜਨ ਨਹੀਂ ਕਰਨਾ, ਮੈਂ ਬ੍ਰਾਹਮਣ ਜਾਤੀ ਦਾ ਹਾਂ ਤੇ ਤੂੰ ਜੁਲਾਹਾ ਹੈ, ਤੂੰ ਭਜਨ ਕਰ, ਤੈਨੂੰ ਲੋੜ ਹੈ ਤੇ ਉਨ੍ਹਾਂ ਕਿਸਾਨਾਂ ਦਾ ਮੱਖਣ, ਅੰਨ, ਖਾ ਖਾ ਕੇ ਘੁਰਾੜੇ ਮਾਰਦਾ ਸੀ। ਹੁਣ ਦੱਸ –

***ਹਰਿ ਬਿਨੁ ਬੈਲ ਬਿਰਾਨੇ ਹੋਈਹੈ॥ ਪੰਨਾ – 524***

ਤੇ ਤੇਰਾ ਕੰਨ੍ਹਾ ਟੁੱਟਿਆ ਹੋਇਆ ਹੈ, ਨੱਕ ਦੇ ਵਿਚ ਪਾਈ ਹੋਈ ਹੈ ਨੱਥ। ਹੁਣ ਤੇਰੀ ਮਰਜ਼ੀ ਤਾਂ ਕੋਈ ਨਹੀਂ ਹੈ। ਜੇ ਮੈਂ ਹੁਣ ਕਿਸਾਨ ਨੂੰ ਕਹਾਂ ਕਿ ਇਹ ਤੁਹਾਡਾ ਗੁਰੂ ਹੈ ਤਾਂ ਇਨ੍ਹਾਂ ਨੇ ਤਾਂ ਮੰਨਣਾ ਹੀ ਨਹੀਂ, ਹੁਣ ਤਾਂ ਡੰਡੇ ਪੈਣੇ ਹੀ ਨੇ। ਹੁਣ ਦਸ –

***ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥ ਪੰਨਾ – 524***

ਫੇਰ ਆਪਣਾ ਕੀਤਾ ਪਾਉਂਦਾ ਹੈ।

ਸੋ ਏਸ ਤਰ੍ਹਾਂ ਸਾਧ ਸੰਗਤ ਜੀ! ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਸਤਕ ਨਿਵਾਉਂਦੇ ਹਾਂ ਉਹ ਸੰਕੋਚ ਨਾਲ ਨਾ ਨਿਵਾਇਆ ਕਰੋ ਜਾਂ ਤਾਂ ਬਿਲਕੁਲ ਖਤਮ ਕਰ ਦਿਓ ਜਾਂ ਮੰਨੋ ਸਾਰੀ ਗੱਲ ਕਿਉਂਕਿ ਹੁਕਮ ਹੈ ਐਸਾ ਮਹਾਰਾਜ ਜੀ ਦਾ ਕਹਿੰਦੇ–

***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥ ਪੰਨਾ – 470***

ਇਕ ਥਾਂ ਆਉਂਦਾ ਹੈ ਕਿ –

***ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਪੰਨਾ – 474***

ਕਹਿੰਦੇ ਜਿਹੜਾ ਸਲਾਮ ਵੀ ਕਰਦਾ ਹੈ, ਮੱਥਾ ਵੀ ਟੇਕਦਾ ਹੈ ਤੇ ਵਿਚੋਂ ਬਚਨਾਂ ਨੂੰ ਮੰਨਣੋ ਜਵਾਬ ਦਿੰਦਾ ਹੈ ਕਹਿੰਦੇ ਉਹ ਜੜੋਂ ਉਖੜਨ ਵਾਲਾ ਬਿਰਛ ਰੁੱਖ ਹੈ। ਜਿਹੜਾ ਬਿਰਛ ਜੜ ਤੋਂ ਬਗੈਰ ਹੋ ਜਾਵੇ ਉਹ ਹਰਾ ਹੁੰਦਾ ਹੈ ਕਿਤੇ? ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵਾਸ ਲਿਆ ਕੇ, ਗੁਰੂ ਦੇ ਬਚਨ ਮੰਨ ਕੇ ਆਪਾਂ ਯਤਨ ਕਰੀਏ ਕਿ ਕੋਈ ਤਰੀਕਾ ਹੈ ਸੁਖਾਲਾ ਕਿ ਜਿਸ ਦੇ ਨਾਲ ਅਸੀਂ ਪ੍ਰਮੇਸ਼ਰ ਤੱਕ ਪਹੁੰਚ ਸਕਦੇ ਹਾਂ। ਮਹਾਰਾਜ ਜੀ ਕਹਿੰਦੇ ਦੇਖੋ ਘਰ ਛੱਡਣ ਦੀ ਲੋੜ ਨਹੀਂ ਹੈ, ਗੱਲ ਸਮਝਣ ਦੀ ਲੋੜ ਹੈ, ਸਮਝਣ ਦਾ ਯਤਨ ਕਰੋ ਕੋਈ ਔਖੀ ਬੋਲੀ ਨਹੀਂ ਹੈ ਕਿ ਸੰਸਕ੍ਰਿਤ ਹੈ ਜਾਂ (ਔਖੀ ਕਠਨ ਅੰਗਰੇਜੀ) ਹੈ ਜਾਂ ਕੋਈ ਹੋਰ ਬੋਲੀ ਹੈ ਜਾਂ ਅਰਬੀ ਹੈ। ਸਾਡੀ ਰੋਜ਼ ਬੋਲਣ ਵਾਲੀ ਬੋਲੀ ਵਿਚ ਗੁਰੂ ਮਹਾਰਾਜ ਜੀ ਨੇ ਸਾਨੂੰ ਦੱਸਿਆ ਹੋਇਆ ਹੈ। ਉਹ ਬਚਨ ਸਮਝੋ ਤੇ ਸਮਝ ਕੇ ਉਸ ਦੀ ਕਮਾਈ ਕਰੋ। ਜੇ ਏਸ ਜਨਮ ਵਿਚ ਨਹੀਂ ਮਿਲ ਸਕਾਂਗੇ, ਅਗਲਾ ਜਨਮ ਮਿਲ ਜਾਏਗਾ, ਅਗਲੇ ਜਨਮ

ਵਿਚ ਨਹੀਂ ਤਾਂ ਉਸ ਤੋਂ ਅਗਲਾ ਮਿਲ ਜਾਏਗਾ ਪਰ ਅੰਦਰ ਲੋਚਾ ਤਾਂ ਹੋਣੀ ਚਾਹੀਦੀ ਹੈ ਨਾਂਹ, ਲੋਚਾ ਆ ਜਾਣੀ ਬਹੁਤ ਵੱਡੀ ਬਾਤ ਹੈ –

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥* *ਪੰਨਾ - 266*

ਮਹਾਰਾਜ ਜੀ ਕਹਿੰਦੇ ਜਿਹੜੇ ਬੰਦੇ ਦੇ ਅੰਦਰ ਦਰਸ ਦੀ ਪਿਆਸ ਲੱਗੀ ਹੋਈ ਹੈ, ਮਿਲਣ ਦੀ, ਕਹਿੰਦੇ ਅਸੀਂ ਉਸ ਦੇ ਦਾਸ ਹਾਂ ਕਿਉਂਕਿ ਉਸ ਨੂੰ ਲਗਨ ਤਾਂ ਹੈ ਕਿ ਅਸੀਂ ਕਦੇ ਤਾਂ ਮਿਲੀਏ, ਕੋਈ ਤਾਂ ਤਰੀਕਾ ਹੋਵੇ। ਮਹਾਰਾਜ ਜੀ ਕਹਿੰਦੇ ਘਬਰਾਓ ਨਾ –

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥* *ਪੰਨਾ - 522*

ਜੁਗਤੀ ਤੋਂ ਬਗੈਰ ਨਹੀਂ ਮਿਲਦਾ, ਗੁਰੂ ਤੋਂ ਬਗੈਰ ਸਵਾਲ ਹੱਲ ਨਹੀਂ ਹੁੰਦਾ ਤੇ ਅਧਿਆਪਕ ਵੀ ਯੋਗਤਾ ਪ੍ਰਾਪਤ ਹੋਣਾ ਚਾਹੀਦਾ ਹੈ। ਕਹਿੰਦੇ ਪੂਰਾ ਤਾਂ ਅਧਿਆਪਕ ਹੋਵੇ ਯੋਗਤਾ ਤੇ ਜੁਗਤੀ ਹੋਵੇ ਪੂਰੀ ਫੇਰ ਰਾਹ ਜਰੂਰ ਮਿਲ ਜਾਏਗਾ। ਸੋ ਆਪ ਸਾਰਿਆਂ ਨੇ ਵਿਚਾਰ ਸਰਵਣ ਕਰੇ ਨੇ। ਆਪਣੀ ਸਾਰੀ ਵਿਚਾਰ ਕੇਂਦਰਤ ਹੈ ਪ੍ਰਤੀਤ ਤੇ, ਭਰੋਸੇ ਤੇ। ਜਿਨ੍ਹਾਂ ਨੇ ਭਰੋਸਾ ਕਰ ਲਿਆ, ਪ੍ਰਤੀਤ ਆ ਗਈ ਉਹ ਅੱਗੇ ਵਧਦੇ ਚਲੇ ਜਾਂਦੇ ਨੇ। ਸੋ ਹੁਣ ਸਾਰੇ ਪ੍ਰੇਮੀ ਪਹਿਲਾਂ ਅਨੰਦ ਸਾਹਿਬ ਵਿਚ ਬੋਲੋ, ਫੇਰ ਗੁਰ ਸਤੋਤਰ ਪੜ੍ਹੋ ਪਿਆਰ ਨਾਲ।

–ਅਨੰਦ ਸਾਹਿਬ–

–ਗੁਰ ਸਤੋਤਰ–

–ਅਰਦਾਸ–

# ਭਗਤ ਬੇਣੀ ਜੀ

ਸ਼ਾਨ – ..............................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ – 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ।। ਪੰਨਾ – 289*

*ਸਗਲ ਦੁਆਰ ਕੋ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੈ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥*
*ਪੰਨਾ – 791*

*ਧਾਰਨਾ – ਤੂੰ ਪਰਬਤ ਮੇਰਾ ਓਲਾ ਜੀ,*
*ਵਾਰੀ ਵੰਞਾ, ਘੋਲੀ ਵੰਞਾ – 2, 2.*
*ਵਾਰੀ ਵੰਞਾ, ਘੋਲੀ ਵੰਞਾ – 2, 2.*
*ਤੂੰ ਪਰਬਤ ਮੇਰਾ ਓਲਾ ਜੀ,.......2*

*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲਾ ਰਾਮ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲਾ ਰਾਮ॥*
*ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ॥*
*ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ॥*
*ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲਾ॥*
*ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲਾ॥*
*ਪੰਨਾ – 779*

ਸਾਧ ਸੰਗਤ ਜੀ, ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਸਤਿਸੰਗ ਵਿਚ ਆਉਣ ਵਾਸਤੇ ਜਿਤਨੀ ਦੇਰ ਤਕ ਵਾਹਿਗੁਰੂ ਜੀ ਵਲੋਂ ਕਿਸੇ ਨੂੰ ਪ੍ਰੇਰਨਾ ਨਾ ਹੋਵੇ, ਭਾਗ ਉਦੇ ਨਾ ਹੋਣ, ਓਨੀ ਦੇਰ ਤਕ ਆਦਮੀ ਸਤਿਸੰਗ ਵਿਚ ਆ ਨਹੀਂ ਸਕਿਆ ਕਰਦਾ, ਐਸਾ

ਸਾਰੇ ਧਰਮ ਗ੍ਰੰਥਾਂ ਦਾ ਮਤ ਹੈ। ਆਪ ਸਾਰੇ ਹੀ ਵੱਡੇ ਭਾਗਾਂ ਵਾਲੇ ਹੋ। ਜਿਤਨੇ ਕਦਮ ਵੀ ਕੋਈ ਚਲ ਕੇ ਆਇਆ ਹੈ - ਸਤਿਸੰਗ ਕਰਨ ਵਾਸਤੇ, ਉਤਨੇ ਹੀ ਅਸ੍ਵਮੇਧ ਜੱਗਾਂ ਦਾ ਫਲ ਉਸ ਨੂੰ ਪ੍ਰਾਪਤ ਹੋਇਐ।

ਸੰਸਾਰ ਦੇ ਅੰਦਰ ਇਕ ਐਸੀ ਸ਼ਕਤੀ ਹੈ ਜਿਸ ਨੂੰ ਵਾਹਿਗੁਰੂ ਆਖਦੇ ਹਨ। ਉਹਦਾ ਭਾਵੇਂ ਕੋਈ ਨਾਮ ਨਹੀਂ ਹੈ ਪਰ ਫਿਰ ਵੀ ਸੰਸਾਰ ਨੇ ਕੋਈ ਨਾ ਕੋਈ ਉਸ ਦਾ ਨਾਮ ਰੱਖ ਕੇ ਉਸ ਪਰਮ ਸ਼ਕਤੀ ਵਲ ਇਸ਼ਾਰਾ ਕੀਤਾ ਹੈ, ਉਸ ਨੂੰ ਸਮਝਣ ਦਾ ਯਤਨ ਕੀਤਾ ਹੈ। ਜਦ ਤੋਂ ਸੰਸਾਰ ਹੋਂਦ ਵਿਚ ਆਇਆ ਹੈ, ਇਸ ਦੀ ਰਚਨਾ ਹੋਈ ਹੈ, ਉਸ ਵੇਲੇ ਤੋਂ ਹੀ ਇਕ ਖਿਆਲ ਚਲਿਆ ਆ ਰਿਹਾ ਹੈ, ਇਕ ਵਿਚਾਰ ਚਲੀ ਆ ਰਹੀ ਹੈ ਕਿ ਇਸ ਇਤਨੇ ਲੰਬੇ ਚੌੜੇ ਸੰਸਾਰ ਦਾ ਜ਼ਰੂਰ ਕੋਈ ਮਾਲਕ ਹੈ। ਪਹਿਲਾਂ ਪਹਿਲਾਂ ਜਦੋਂ ਇਸ ਗੱਲ ਦਾ ਗਿਆਨ ਨਹੀਂ ਸੀ ਤਾਂ ਵਾਹਿਗੁਰੂ ਜੀ ਦੀਆਂ ਅਨੇਕਾਂ ਸ਼ਕਤੀਆਂ ਪਉਣ, ਪਾਣੀ, ਅਗਨੀ, ਬਿਜਲੀ, ਦਰਿਆ, ਪਹਾੜ, ਦਰਖਤ ਆਦਿ ਸਾਰੀਆਂ ਚੀਜ਼ਾਂ ਵਲ ਧਿਆਨ ਗਿਆ-ਉਨ੍ਹਾਂ ਪੁਰਸ਼ਾਂ ਦਾ, ਕਿ ਇਹ ਹੋ ਸਕਦਾ ਹੈ ਕਿ ਪ੍ਰਮੇਸ਼ਰ ਹੋਵੇ ਅਤੇ ਇਹੋ ਹੀ ਵੱਡੀ ਸ਼ਕਤੀ ਹੋਵੇ ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਵੇਦਾਂ ਦਾ ਗਿਆਨ ਆਇਆ, ਬੇਅੰਤ ਮਹਾਂ ਰਿਸ਼ੀਆਂ ਨੇ, ਪੀਰਾਂ ਪੈਗੰਬਰਾਂ ਨੇ ਆਪਣੇ ਅਨੁਭਵ ਦੁਆਰਾ ਇਸ ਗੱਲ ਦਾ ਜਾਨਣਾ ਕੀਤਾ ਕਿ ਇਸ ਸੰਸਾਰ ਦੇ ਅੰਦਰ ਇਕੋ ਇਕ ਚੇਤਨ ਸ਼ਕਤੀ ਹੈ ਜਿਸ ਨੇ ਇਹ ਸਾਰਾ ਪਸਾਰਾ ਕੀਤਾ ਹੋਇਆ ਹੈ ਅਤੇ ਅਨੇਕਾਂ ਰੰਗਾਂ ਰੂਪਾਂ ਵਿਚ ਹੋ ਕੇ ਪਸਰਿਆ ਹੋਇਆ ਹੈ ਜਿਸ ਬਗੈਰ ਇਸ ਦਿਸਦੇ ਅਤੇ ਅਣਦਿਸਦੇ ਸੰਸਾਰ ਵਿਚ ਇਕ ਕਣ ਮਾਤਰ ਜਗ੍ਹਾ ਵੀ ਖਾਲੀ ਨਹੀਂ ਹੈ। ਉਹ ਸ਼ਕਤੀ ਜਿਸ ਦੇ ਵੀ ਵਲ ਹੋ ਜਾਵੇ, ਉਸ ਨੂੰ ਉਹ ਮਾਣ ਦਿਵਾਉਂਦੀ ਹੈ, ਉਸ ਦੀ ਰਾਖੀ ਕਰਦੀ ਹੈ, ਉਸ ਦੀ ਕਦੇ ਹਾਰ ਨਹੀਂ ਹੁੰਦੀ, ਉਸ ਨੂੰ ਕਦੇ ਕਿਸੇ ਦਾ ਡਰ ਨਹੀਂ ਰਹਿੰਦਾ। ਜਿਹੜੇ ਉਸ ਨੂੰ ਪਿਆਰ ਕਰਦੇ ਹਨ, ਉਸ ਦੀ ਭਗਤੀ ਕਰਦੇ ਹਨ, ਉਨ੍ਹਾਂ ਦੇ ਨਾਲ ਉਸ ਦਾ ਖਾਸ ਸਬੰਧ ਹੁੰਦਾ ਹੈ ਜਿਵੇਂ ਮਾਤਾ ਦਾ ਪੁੱਤਰ ਨਾਲ ਹੋਇਆ ਕਰਦਾ ਹੈ। ਪੁੱਤਰ ਦਾ ਜ਼ਰਾ ਜਿੰਨਾਂ ਵੀ ਦੁਖ ਮਾਂ ਤੋਂ ਸਹਾਰਿਆ ਨਹੀਂ ਜਾਇਆ ਕਰਦਾ। ਪੁੱਤਰ ਦੀ ਹਾਨੀ ਹੋ ਰਹੀ ਹੋਵੇ, ਮਾਂ ਉਦਾਸ ਹੋ ਜਾਇਆ ਕਰਦੀ ਹੈ ਕਿਉਂਕਿ ਮਾਂ ਕਮਜ਼ੋਰ ਹੈ। ਪਰ ਉਹ ਜੋ ਪਰਮ ਸ਼ਕਤੀ ਹੈ, ਬਹੁਤ ਵੱਡੀ ਹੈ ਜਿਸ ਦਾ ਇਸ ਸੰਸਾਰ ਦੇ ਅੰਦਰ ਅੱਜ ਤਕ ਕੋਈ ਅਨੁਮਾਨ ਨਹੀਂ ਲਗਾ ਸਕਿਆ ਕਿ ਉਹ ਕਿੰਨਾ ਕੁ ਵੱਡਾ ਹੈ ਅਤੇ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ। ਐਸੀ ਕੋਈ ਤੱਕੜੀ ਨਹੀਂ ਬਣੀ ਜਿਸ ਨਾਲ ਉਸ ਨੂੰ ਤੋਲਿਆ ਜਾ ਸਕੇ, ਐਸਾ ਕੋਈ ਯੰਤਰ ਨਹੀਂ ਬਣਿਆ ਜਿਸ ਨਾਲ ਉਸ ਦੀ ਡੂੰਘਾਈ ਜਾਂ ਉਸ ਦੇ ਪਸਾਰੇ ਜਾਂ ਉਸਦੀ ਵਿਸ਼ਾਲਤਾ ਨੂੰ ਨਾਪਿਆ ਜਾਂ ਜਾਣਿਆ ਜਾ ਸਕੇ ਲੇਕਿਨ ਉਸ ਦੇ ਸਬੰਧ ਨੂੰ ਜਾਣਿਆ ਗਿਆ ਹੈ। ਜਦੋਂ ਉਹ ਆਪਣੇ ਪਿਆਰਿਆਂ ਨਾਲ ਸਬੰਧ ਜੋੜ ਲਵੇ ਤਾਂ ਉਨ੍ਹਾਂ ਦੀ ਰਾਖੀ ਕਰਦਾ ਹੈ -

***ਹਰਿ ਕੀ ਵਡਿਆਈ ਦੇਖਹੁ ਸੰਤਹੁ***
***ਹਰਿ ਨਿਮਾਣਿਆ ਮਾਣੁ ਦੇਵਾਏ॥*** ***ਪੰਨਾ - 735***

ਉਸ ਦੇ ਸੰਤ ਹਿਰਦੇ ਤੋਂ ਨਿਮਾਣੇ ਹੋ ਜਾਂਦੇ ਹਨ, ਉਨ੍ਹਾਂ ਦੇ ਅੰਦਰ ਕੋਈ ਮਾਣ ਨਹੀਂ ਹੋਇਆ ਕਰਦਾ, ਕੋਈ ਅਭਿਮਾਨ ਨਹੀਂ ਹੋਇਆ ਕਰਦਾ ਕਿਉਂਕਿ ਉਨ੍ਹਾਂ ਨੂੰ ਉਸਦੇ ਪਿਆਰ ਵਿਚੋਂ ਕੋਈ ਹੋਰ ਗੱਲ ਕਰਨ ਜਾਂ ਸੋਚਣ ਦਾ ਵਿਹਲ ਹੀ ਨਹੀਂ ਮਿਲਦਾ, ਪ੍ਰਭੂ ਪਿਆਰੇ ਦੀ ਭਗਤੀ, ਉਸ ਦੀ ਯਾਦ ਵਿਚੋਂ ਹੀ ਫੁਰਸਤ ਨਹੀਂ ਮਿਲਦੀ ਕਿ ਉਹ ਇਸ ਗੱਲ ਵਲ ਧਿਆਨ ਲੈ ਜਾਣ ਕਿ ਮੈਂ ਬਹੁਤ ਚੰਗਾ ਹਾਂ, ਮੈਂ ਬਹੁਤ ਵੱਡਾ ਹਾਂ। ਜੇਕਰ ਉਨ੍ਹਾਂ ਦੇ ਹਿਰਦੇ ਵਿਚ ਥੋੜ੍ਹੀ ਜਿੰਨੀ ਵੀ ਇਸ ਤਰ੍ਹਾਂ ਦੀ ਭਾਵਨਾ ਆ ਜਾਵੇ, ਮਾਣ ਹਿਰਦੇ ਵਿਚ ਆ ਜਾਵੇ ਜਾਂ ਕਿਸੇ ਗੱਲ ਦਾ ਅਭਿਮਾਨ ਹੋ ਜਾਵੇ ਤਾਂ ਪਰਮ ਰਸ ਟੁੱਟ ਜਾਇਆ ਕਰਦਾ ਹੈ, ਉਨ੍ਹਾਂ ਦੀ ਲਗਾਤਾਰੀ ਯਾਦ ਵਿਚ ਵਿਘਨ ਪੈ ਜਾਇਆ ਕਰਦਾ ਹੈ। ਇਸ ਲਈ ਪਰਮੇਸ਼ਰ ਦੇ ਪਿਆਰ ਤੋਂ ਬਗੈਰ ਹੋਰ ਸਭ ਗੱਲਾਂ ਉਨ੍ਹਾਂ ਨੂੰ ਓਪਰੀਆਂ ਲਗਦੀਆਂ ਹਨ। ਉਹ ਨਿਮਾਣੇ ਹੋ ਕੇ ਰਹਿੰਦੇ ਹਨ, ਸਭ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦੇ ਹਨ, ਲੇਕਿਨ ਉਸ ਵੱਡੇ ਦੀ ਵਡਿਆਈ ਕਿੰਨੀ ਵੱਡੀ ਹੈ ਕਿ ਉਨ੍ਹਾਂ ਨਿਮਾਣਿਆਂ ਨੂੰ ਮਾਣ ਦਿਵਾਉਂਦਾ ਹੈ, ਐਸੇ ਕੌਤਕ ਰਚਦਾ ਹੈ ਜਿਸ ਦੇ ਨਾਲ ਉਨ੍ਹਾਂ ਦੀ ਮਹਿਮਾ ਹੋ ਜਾਵੇ ਤੇ ਉਹ ਪ੍ਰਗਟ ਹੋ ਜਾਣ -

***ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ***
***ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ॥***

***ਪੰਨਾ - 735***

ਸਾਰੇ ਸੰਸਾਰ ਦੇ ਬੰਦਿਆਂ ਨੂੰ, ਰਾਜੇ ਮਹਾਰਾਜਿਆਂ ਨੂੰ; ਕੀ ਛੋਟੇ ਕੀ ਵੱਡੇ, ਉਨ੍ਹਾਂ ਦੇ ਚਰਨਾਂ ਤੇ ਨਿਵਾ ਦਿੰਦਾ ਹੈ, ਇਹ ਉਸ ਦੀ ਵਡਿਆਈ ਹੈ ਕਿਉਂਕਿ ਉਹ ਉਨ੍ਹਾਂ ਦਾ ਆਸਰਾ ਹੈ -

***ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ॥***
***ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ॥***
***ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ॥***
***ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ॥***

***ਪੰਨਾ - 815***

ਨਿੰਦਿਆ ਕਰਨ ਵਾਲੇ ਪੁਰਸ਼ ਨਿੰਦਿਆ ਕਰ ਕਰ ਕੇ ਪਚ ਜਾਂਦੇ ਨੇ, ਥੱਕ ਜਾਂਦੇ ਨੇ, ਆਪਣਾ ਸਮਾਂ ਗਵਾ ਲੈਂਦੇ ਨੇ। ਇਸ ਤਰ੍ਹਾਂ ਉਸ ਪ੍ਰਮੇਸ਼ਰ ਨਾਲੋਂ ਟੁੱਟ ਕੇ ਪਰਮ ਰਸ ਤੋਂ ਵਾਂਝੇ ਹੋ ਜਾਂਦੇ ਨੇ, ਨਿੰਦਿਆ ਦੇ ਕੁਰੱਸ ਵਿਚ ਪਏ ਹੋਏ ਅਧੋਗਤੀ ਨੂੰ ਪ੍ਰਾਪਤ ਹੁੰਦੇ ਨੇ ਤੇ ਫਿਰ ਨਤੀਜਾ ਕੀ ਹੁੰਦਾ ਹੈ? ਜਦੋਂ ਅੰਤ ਦਾ ਸਮਾਂ ਆਉਂਦਾ ਹੈ, ਉਸ ਵੇਲੇ ਜਮਾਂ ਦੇ ਫੰਦੇ ਦੇ ਅੰਦਰ ਗ੍ਰਸੇ ਜਾਂਦੇ ਨੇ। ਜਿਵੇਂ ਤੰਦੂਆ ਕਿਸੇ ਜੀਵ ਨੂੰ ਤੰਦਾਂ ਦੇ ਨਾਲ

ਫੜ ਲਵੇ-

***ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ॥ ਪੰਨਾ - 815***

ਸੰਤਾਂ ਨੇ ਤਾਂ ਇਕ ਦਾ ਆਸਰਾ ਲਿਆ ਹੈ, ਇਕ ਨੂੰ ਹੀ ਧਿਆਉਂਦੇ ਨੇ -

***ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ॥ ਪੰਨਾ - 815***

ਕਿਉਂਕਿ ਉਹ ਹਰ ਸਮੇਂ ਨਾਲ ਰਹਿੰਦਾ ਹੈ, ਸਭ ਥਾਂ ਰਮਿਆ ਹੋਇਆ ਹੈ, ਹਰ ਜਗ੍ਹਾਂ ਪਰੀਪੂਰਨ ਹੈ, ਇਸ ਲਈ ਓਸੇ ਦੇ ਅੱਗੇ ਬੇਨਤੀ ਕਰਦੇ ਨੇ। ਪ੍ਰਭੂ ਨੂੰ ਹਾਕਾਂ ਮਾਰਨ ਦੀ ਲੋੜ ਨਹੀਂ, ਉਹ ਤਾਂ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ, ਹਿਰਦੇ ਦੇ ਭਾਵ ਨੂੰ ਹੀ ਜਾਣ ਲੈਂਦੇ ਹਨ। ਚਾਰ ਬਾਣੀਆਂ ਹੁੰਦੀਆਂ ਨੇ - ਬੈਖਰੀ, ਮਧਮਾ, ਪਸੰਤੀ ਤੇ ਪਰਾ। ਬੈਖਰੀ ਬਾਣੀ ਵਾਹਿਗੁਰੂ ਤੋਂ ਬਹੁਤ ਦੂਰ ਹੈ। ਜੇ ਕਹੀਏ ਕਿ ਕਰੋੜ ਮੀਲ ਦੂਰ ਹੈ, ਇਸ ਤੋਂ ਵੀ ਜ਼ਿਆਦਾ ਦੂਰ ਹੈ। ਜਿਤਨੀ ਦੇਰ ਆਦਮੀ ਬੈਖਰੀ ਬਾਣੀ ਦੇ ਅੰਦਰ ਹੈ, ਓਨੀ ਦੇਰ ਬੜੀ ਦੂਰੋਂ ਗੱਲ ਕਰ ਰਿਹਾ ਹੈ। ਮਧਮਾ ਉਸ ਤੋਂ ਕੁਝ ਨੇੜੇ ਹੈ, ਪਸੰਤੀ ਬਿਲਕੁਲ ਨਜ਼ਦੀਕ ਹੈ ਪਰ ਜੋ ਪਰਾ ਬਾਣੀ ਹੈ ਜਿਸ ਨੂੰ ਆਤਮਾ ਦੀ ਬਾਣੀ ਕਹਿੰਦੇ ਨੇ, ਅਨੁਭਵ ਦੇ ਅੰਦਰ ਰਹਿੰਦੀ ਹੈ। ਸਿਆਣੇ ਬੰਦੇ ਇਸ ਨੂੰ ਕਈ ਤਰੀਕਿਆਂ ਦੇ ਨਾਲ ਪ੍ਰਗਟ ਕਰਨ ਦਾ ਯਤਨ ਕਰਦੇ ਨੇ, ਇਸ ਨੂੰ ਅਕਾਸ਼ ਬਾਣੀ ਵੀ ਆਖਦੇ ਨੇ। ਪਹਿਲਾਂ ਆਦਮੀ ਦੇ ਹਿਰਦੇ ਦੇ ਅੰਦਰ ਭਾਵ ਰੂਪ ਹੋ ਕੇ ਪ੍ਰਗਟ ਹੁੰਦੀ ਹੈ ਜਿਸ ਨੂੰ ਪਸੰਤੀ ਆਖਦੇ ਨੇ। ਪਰਾ ਬਾਣੀ ਦੇ ਅੰਦਰ ਜੇ ਅਰਦਾਸ ਕੀਤੀ ਜਾਵੇ, ਉਹ ਭਾਵ ਦੀ ਬਾਣੀ ਹੁੰਦੀ ਹੈ। ਭਾਵ ਦੇ ਵਿਚ ਜ਼ੁਬਾਨ ਨਹੀਂ ਹੋਇਆ ਕਰਦੀ, language (ਬੋਲੀ) ਨਹੀਂ ਹੋਇਆ ਕਰਦੀ। ਜੇ ਬਿਰਹਾ ਦਾ ਭਾਵ ਆਉਂਦਾ ਹੈ ਤਾਂ ਬਿਰਹਾ ਵਿਚ ਆ ਜਾਵੇਗਾ, ਵੈਰਾਗ ਵਿਚ ਆ ਜਾਏਗਾ, ਨੇਤਰਾਂ 'ਚੋਂ ਜਲ ਜਾਣ ਲਗ ਜਾਏਗਾ, ਇਹ ਬਾਣੀ ਪਸੰਤੀ ਹੈ, ਉਸ ਥਾਂ ਤੇ ਫੁਰਨਾ ਬਣਿਆ ਨਹੀਂ, ਬਣਨ ਦਾ ਯਤਨ ਕਰਦਾ ਹੈ। ਸੋ ਉਹ ਵਾਹਿਗੁਰੂ ਜਿਹੜਾ ਸਰਬ ਥਾਂਈਂ ਰਮਿਆ ਹੋਇਆ ਹੈ, ਉਹਦੇ ਅੱਗੇ ਬੇਨਤੀ ਕਰ ਦਿੰਦੇ ਨੇ - ***'ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ॥ (ਪੰਨਾ - 815)'*** ਹਰਿ ਜੀ ਨੂੰ ਦੂਰ ਜਾਣ ਕੇ ਭਾਵ ਦੀ ਬੇਨਤੀ ਨਹੀਂ ਹੋਇਆ ਕਰਦੀ। ਜਦੋਂ ਭਾਵ ਦੀ ਬੇਨਤੀ ਹੁੰਦੀ ਹੈ, ਪ੍ਰਮੇਸ਼ਰ ਉਸੇ ਵੇਲੇ ਮੰਨ ਲੈਂਦਾ ਹੈ ਤੇ ਉਸੇ ਵੇਲੇ ਮੰਨ ਕੇ ਅਰਦਾਸ ਪੂਰੀ ਕਰ ਦਿੰਦਾ ਹੈ। ਐਸੀ ਅਰਦਾਸ ਬਿਰਥੀ ਨਹੀਂ ਹੋਇਆ ਕਰਦੀ ਕਿਉਂਕਿ ਬਿਲਕੁਲ ਨੇੜੇ ਹੋ ਕੇ ਗੱਲ ਸੁਣਾਈ ਗਈ ਹੈ। ਜਦੋਂ ਅਸੀਂ ਲਾਊਡ ਸਪੀਕਰ ਲਾ ਕੇ ਗੱਲ ਸੁਣਾਵਾਂਗੇ - ਉਚੀ ਅਵਾਜ਼ ਵਿਚ ਹਾਕਾਂ ਮਾਰ-ਮਾਰ ਕੇ, ਸਮਝ ਲਉ ਕਿ ਅਸੀਂ ਬਾਹਰ ਬਾਹਰ ਤੁਰੇ ਫਿਰਦੇ ਹਾਂ, ਅੰਦਰ ਨਹੀਂ ਗਏ। ਅਰਦਾਸ ਤਾਂ ਬਹੁਤ ਛੋਟੀ ਹੋਇਆ ਕਰਦੀ ਹੈ - ਦੋ ਚਾਰ ਸੈਕਿੰਡ ਦੀ। ਜੋ ਅਰਦਾਸ ਅਸੀਂ ਕਰਦੇ ਹਾਂ, ਇਹ collective (ਸਮੂਹਿਕ) ਅਰਦਾਸ ਹੋਇਆ ਕਰਦੀ ਹੈ। ਇਹ ਇਸ ਲਈ ਹੁੰਦੀ ਹੈ ਕਿ ਉਸ ਸਮੇਂ ਦੇ ਅੰਦਰ

ਸ਼ਾਇਦ ਦੋ ਚਾਰ ਸੈਕਿੰਡ ਕਿਸੇ ਦਾ ਮਨ ਇਕਾਗਰ ਹੋ ਕੇ ਉਸ ਭਾਵ ਵਿਚ ਆ ਕੇ ਗੱਲ ਸੁਣਾ ਦੇਵੇ। ਸੋ ਚਿੱਤ ਦੀ ਇਕਾਗਰਤਾ ਦੇ ਨਾਲ ਪਸੰਤੀ ਬਾਣੀ 'ਚ ਕੀਤੀ ਹੋਈ ਅਰਦਾਸ ਪ੍ਰਮੇਸ਼ਰ ਤੱਕ ਪਹੁੰਚ ਜਾਂਦੀ ਹੈ –

***ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ॥***
***ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ॥ ਪੰਨਾ – 815***

ਪੁਰਾਤਨ ਸਮੇਂ ਤੋਂ ਕਥਾ ਸੁਣੀ ਗਈ ਹੈ ਕਿ ਜਿੰਨੀਆਂ ਦੁਸ਼ਟ ਆਤਮਾ ਹਨ, ਪ੍ਰਮੇਸ਼ਰ ਉਨ੍ਹਾਂ ਨੂੰ ਟੁਕੜੇ ਟੁਕੜੇ ਕਰ ਦਿੰਦਾ ਹੈ ਅਤੇ ਆਪਣੇ ਪਿਆਰਿਆਂ ਦੀ ਗੱਲ ਮੰਨ ਲਿਆ ਕਰਦਾ ਹੈ।

***ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ॥ ਪੰਨਾ – 815***

ਮਹਾਰਾਜ ਜੀ ਇਹ ਕੋਈ ਰੌਚਕ ਬਾਣੀ ਨਹੀਂ ਕਹਿ ਰਹੇ ਅਸਾਡਾ ਮਨ ਲਵਾਉਣ ਵਾਸਤੇ, ਇਹ ਤਾਂ ਸਤਿ ਬਾਤ ਹੈ, ਸਤਿ ਬਚਨ ਕਹਿ ਰਹੇ ਹਨ। ਸਤਿ ਉਹ ਹੁੰਦਾ ਹੈ ਜੋ ਕਦੇ ਬਦਲਿਆ ਨਾ ਜਾਵੇ।

***ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ॥***
***ਪੰਨਾ – 815***

ਉਨ੍ਹਾਂ ਨੂੰ ਕੋਈ ਭਉ ਨਹੀਂ ਹੋਇਆ ਕਰਦਾ, ਕੋਈ ਡਰ ਨਹੀਂ ਹੋਇਆ ਕਰਦਾ।

ਸੋ ਮੈਂ ਇਹ ਬੇਨਤੀ ਏਸ ਵਾਸਤੇ ਕਰਨ ਲੱਗਿਆ ਹਾਂ ਕਿ ਜਿਸ ਨੂੰ ਅਸੀਂ ਮਿਲਣਾ ਚਾਹੁੰਦੇ ਹਾਂ, ਪਹਿਲਾਂ ਉਹਦੇ ਸੁਭਾਅ ਦਾ ਪਤਾ ਹੋਣਾ ਚਾਹੀਦਾ ਹੈ, ਫਿਰ ਉਹਦੇ ਪ੍ਰਤੀ ਮਨ ਵਿਚ ਪੂਰਾ ਭਰੋਸਾ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਜਿੰਨੀ ਦੇਰ ਤਕ ਮਨ ਵਿਚ ਪੂਰਾ ਨਿਸ਼ਚਾ ਨਹੀਂ ਬਣਦਾ, ਓਨੀਂ ਦੇਰ ਤਕ ਗੱਲ ਨਹੀਂ ਬਣਿਆ ਕਰਦੀ, ਅਧੂਰੀ ਰਹਿ ਜਾਇਆ ਕਰਦੀ ਹੈ। ਸਾਰੀ ਜ਼ਿੰਦਗੀ ਧਰਮ ਵਿਚ ਪਿਆ ਹੋਇਆ ਬੰਦਾ ਧਰਮ ਤੋਂ ਓਨਾਂ ਹੀ ਦੂਰ ਰਹਿੰਦਾ ਹੈ ਜਿੰਨੀ ਦੂਰ ਦੂਸਰਾ ਹੈ ਕਿਉਂਕਿ ਕਦਮ ਅਗਾਂਹ ਵਲ ਨਹੀਂ ਪੁਟਿਆ, ਉਥੇ ਹੀ ਖੜ੍ਹਾ ਹੈ। ਦੂਸਰੇ ਨੇ ਪਿੱਠ ਕੀਤੀ ਹੋਈ ਹੈ, ਦੋਵੇਂ ਇਕ ਹੀ ਲਾਈਨ ਤੇ ਖੜ੍ਹੇ ਨੇ, ਗੱਲ ਸਮਝ ਵਿਚ ਨਹੀਂ ਆਈ ਕਿ ਜੋ ਪ੍ਰਭੂ ਹੈ, ਉਹ ਕਿਹੋ ਜਿਹਾ ਹੈ। ਮੈਂ ਕਾਫੀ ਸਮੇਂ ਤੋਂ, ਜਦ ਤੋਂ ਆਪਾਂ ਸਤਿਸੰਗ ਸ਼ੁਰੂ ਕੀਤੇ ਨੇ, ਇਕੋ ਗੱਲ ਵਿਚਾਰ ਕਰ ਰਿਹਾ ਹਾਂ ਕਿ ਵਾਹਿਗੁਰੂ ਮਿਲ ਸਕਦਾ ਹੈ ਕਿ ਨਹੀਂ ਮਿਲ ਸਕਦਾ। ਜੇ ਮਿਲ ਸਕਦਾ ਹੈ ਤਾਂ ਉਹ ਕਿਹੜੀਆਂ ਰਹਿਤਾਂ ਨੇ ਜਿਹੜੀਆਂ ਸਾਨੂੰ ਧਾਰਨ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪ੍ਰਭੂ ਦਾ ਮਿਲਾਪ ਹੋ ਸਕੇ। ਪਹਿਲਾਂ ਕਈ ਸਤਿਸੰਗਾਂ ਅੰਦਰ ਆਪਾਂ ਪ੍ਰਤੀਤ ਦੀ ਵਿਚਾਰ ਕੀਤੀ, ਭਰੋਸੇ ਦੀ ਗੱਲ ਕੀਤੀ। ਉਸ ਤੋਂ ਬਾਅਦ ਵਿਚਾਰ ਕੀਤੀ ਗਈ ਕਿ ***'ਨਾਨਕ ਕੇ ਘਰਿ ਕੇਵਲ ਨਾਮ'*** ਗੁਰੂ ਨਾਨਕ ਦੇ ਪਾਸ ਕੇਵਲ ਨਾਮ ਹੈ, ਆਤਮ ਗਿਆਨ ਹੈ। ਨਾਮ ਕਿੰਨਾ ਅਮੁੱਲ ਹੈ,

ਕਿੰਨਾ ਸ਼ਕਤੀਸ਼ਾਲੀ ਹੈ। ਸਾਲਸਰਾਏ ਨੂੰ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਸਾਲਸਰਾਇ! ਕੇਵਲ ਇਕ ਨਾਮ ਜਪਣ ਦੇ ਨਾਲ –

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਗੁਰਮੁਖ ਦੇ ਰਾਹੀਂ ਜੋ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਗਿਆਨ ਪ੍ਰਾਪਤ ਹੁੰਦਾ ਹੈ, ਉਹ ਕਿਸੇ ਤਰ੍ਹਾਂ ਵੀ ਤੋਲਿਆ ਨਹੀਂ ਜਾ ਸਕਦਾ। ਰਾਜਾ ਜਨਕ ਨੇ ਨਾਮ ਜਪ ਕੇ ਨਰਕਾਂ ਦੇ ਵਿਚ ਸੜ ਰਹੇ, ਦੁਖੀ ਹੋ ਰਹੇ ਜੀਵਾਂ ਦੀ ਖਲਾਸੀ ਕਰਾ ਦਿਤੀ ਸੀ।

***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥ ਭਾਈ ਗੁਰਦਾਸ ਜੀ, ਵਾਰ 10/5***

ਨਾਮ ਦੀ ਕੀਮਤ ਦੇ ਬਾਰੇ ਕਿਹਾ ਹੀ ਨਹੀਂ ਜਾ ਸਕਦਾ ਕਿ ਕਿਤਨੀ ਕੁ ਹੈ, ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ ਕਿਉਂਕਿ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***

***ਪੰਨਾ – 81***

ਇਹ ਵਿਚਾਰ ਪਹਿਲਾਂ ਵੀ ਹੋ ਚੁੱਕੀ ਹੈ ਕਿ ਕਿਹੋ ਜਿਹੇ ਬੰਦੇ ਨਾਮ ਜਪ ਕੇ ਸੰਸਾਰ ਸਾਗਰ ਤੋਂ ਪਾਰ ਹੋ ਗਏ ਜਿਵੇਂ ਕਿ ਬਾਲਮੀਕ ਬਾਰੇ ਕਿਹਾ ਹੈ –

***ਰੇ ਚਿਤ ਚੇਤਿ ਚੇਤ ਅਚੇਤ॥***
***ਕਾਹੇ ਨ ਬਾਲਮੀਕਹਿ ਦੇਖ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥***

***ਪੰਨਾ – 1124***

ਦੇਖ ਤਾਂ ਸਹੀ, ਬਾਲਮੀਕ ਕਿਹੋ ਜਿਹਾ ਬੰਦਾ ਸੀ –

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***

***ਭਾਈ ਗੁਰਦਾਸ ਜੀ, ਵਾਰ 10/19***

ਲੋਕਾਂ ਨੂੰ ਲੁਟਣ ਵਾਸਤੇ ਉਨ੍ਹਾਂ ਨੂੰ ਮਾਰ-ਮਾਰ ਕੇ ਉਨ੍ਹਾਂ ਦੀਆਂ ਜੇਬਾਂ ਫਰੋਲਿਆ ਕਰਦਾ ਸੀ। ਕੈਸੀ ਜਾਤ ਸੀ ਉਸ ਦੀ ਤੇ ਕਿੱਡੀ ਵੱਡੀ ਪਦਵੀ ਉਸ ਨੇ ਪ੍ਰਾਪਤ ਕੀਤੀ। ਬ੍ਰਹਮਗਿਆਨ ਦੀ ਦਾਤ ਉਸ ਨੂੰ ਪ੍ਰਾਪਤ ਹੋਈ। ਸੋ ਰਾਮ ਦੇ ਨਾਮ ਦੀ ਜੋ ਮਹਿਮਾ ਹੈ, ਮਹੱਤਤਾ ਹੈ, ਜਿੰਨੀ ਦੇਰ ਤਕ ਹਿਰਦੇ

ਦੇ ਅੰਦਰ ਵਾਸਾ ਨਹੀਂ ਕਰਦੀ, ਓਨੀ ਦੇਰ ਤਕ ਨਾਮ ਦੀ ਰੁਚੀ ਨਹੀਂ ਜਾਗਿਆ ਕਰਦੀ। ਰੁਚੀ ਏਸ ਕਰਕੇ ਨਹੀਂ ਜਾਗਦੀ ਕਿਉਂਕਿ ਸਾਨੂੰ ਨਾਮ ਦੀ ਕੀਮਤ ਦਾ ਪਤਾ ਨਹੀਂ ਹੈ, ਏਸ ਗੱਲ ਵਿਚ ਅਸੀਂ ਬਿਲਕੁਲ ਅਣਜਾਣ ਹਾਂ। ਸੰਸਾਰ ਦੀਆਂ ਚੀਜ਼ਾਂ ਦੀ ਕੀਮਤ ਦਾ ਸਾਨੂੰ ਪੂਰਾ ਗਿਆਨ ਹੈ, ਉਸ ਵਿਚ ਕਦੇ ਧੋਖਾ ਨਹੀਂ ਖਾਂਦੇ ਪਰ ਜੇ ਰੂਹਾਨੀ ਨਜ਼ਰ ਤੋਂ ਦੇਖਿਆ ਜਾਵੇ ਤਾਂ ਇਸ ਦਾ ਕੌਡੀ ਵੀ ਮੁੱਲ ਨਹੀਂ ਹੈ, ਇਹ ਫਜ਼ੂਲ ਚੀਜ਼ਾਂ ਨੇ। ਸੰਸਾਰ ਦੀ ਨਜ਼ਰ ਵਿਚ ਅਸੀਂ ਕਹਿੰਦੇ ਹਾਂ ਕਿ ਜਾਇਦਾਦ ਵੱਡੀ ਚੀਜ਼ ਹੈ, ਬਾਲ ਬੱਚੇ ਹੋ ਜਾਣ ਤਾਂ ਉਹ ਭਾਗਸ਼ਾਲੀ ਬੰਦਾ ਹੈ; ਕੋਈ ਚੰਗੀ ਪਦਵੀ ਮਿਲ ਜਾਵੇ, ਨੌਕਰੀ ਮਿਲ ਜਾਵੇ, ਉਹ ਬਹੁਤ ਵੱਡਾ ਪੁਰਸ਼ ਹੋਇਆ ਕਰਦਾ ਹੈ। ਸੰਸਾਰ ਦੇ ਅੰਦਰ ਕੀਰਤੀ ਫੈਲ ਜਾਵੇ ਤਾਂ ਬਹੁਤ ਰਸੂਖ ਵਾਲਾ ਬੰਦਾ ਸਮਝਿਆ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਸਾਰੀਆਂ ਚੀਜ਼ਾਂ ਫਜ਼ੂਲ ਨੇ। ਮਹਾਰਾਜ ਇਥੋਂ ਤਕ ਵੀ ਕਹਿੰਦੇ ਨੇ ਕਿ ਇਹ ਤਾਂ ਕਰੰਗ ਹੈ, ਮਰੇ ਹੋਏ ਜਾਨਵਰਾਂ ਦੀਆਂ ਹੱਡੀਆਂ ਨੇ, ਤੇਰੇ ਕੰਮ ਨਹੀਂ ਆਉਣੀਆਂ।

ਸੋ ਤੀਸਰਾ ਜੋ ਵਿਸ਼ਵਾਸ਼ ਹੈ ਉਹ ਹੈ ਵਾਹਿਗੁਰੂ ਦੇ ਸੁਭਾਅ ਤੇ ਵਿਸ਼ਵਾਸ਼ ਕਰਨਾ ਕਿ ਵਾਹਿਗੁਰੂ ਕਿਹੋ ਜਿਹਾ ਹੈ। ਬਹੁਤ ਸਾਰੇ ਜੋ ਬਹੁਤ ਗਹਿਰਾ ਚਲੇ ਜਾਂਦੇ ਹਨ, ਵਾਹਿਗੁਰੂ ਨੂੰ ਕਿਰਿਆ ਰਹਿਤ ਦਸਦੇ ਹਨ ਕਿ ਉਹ ਕ੍ਰਿਆ ਨਹੀਂ ਕੋਈ ਵੀ ਕਰਦਾ, ਉਹ ਚੁੱਪ ਰਹਿੰਦਾ ਹੈ, ਕਿਸੇ ਗੱਲ ਵਿਚ ਦਖਲ ਨਹੀਂ ਦਿੰਦਾ ਪਰ ਸਾਡੇ ਗੁਰੂ ਸਾਹਿਬ ਤਾਂ ਇਸ ਤਰ੍ਹਾਂ ਕਹਿੰਦੇ ਹਨ ਕਿ ਉਹ ਆਪ ਹੀ ਕਰਤਾ ਹੈ, ਉਸ ਨੇ ਆਪ ਹੀ ਸੰਸਾਰ ਰਚਿਆ ਹੈ। ਸੰਸਾਰ ਦੀ ਰਚਨਾ ਕਰਕੇ ਇਸ ਨੂੰ ਛੱਡ ਨਹੀਂ ਗਿਆ ਬਲਕਿ ਇਸ ਦੇ ਵਿਚ ਹੀ ਰਮ ਗਿਆ। ਇਕ ਪਾਸੇ ਉਸ ਦੀ ਕੁਦਰਤ ਹੈ, ਇਕ ਪਾਸੇ ਉਹ ਆਪ ਹੈ। ਕੁਦਰਤ ਨੂੰ ਫੇਰ ਸਤ੍ਹਾ ਦੇ ਕੇ ਆਪ ਉਹਦੇ ਵਿਚ ਰਮਿਆ ਹੋਇਆ ਹੈ ਪਰ ਫੇਰ ਵੀ ਨਿਆਰਾ ਰਹਿ ਕੇ ਕੁਦਰਤ ਨੂੰ ਦੇਖਦਾ ਹੈ, ਉਸ ਵਿਚ ਫਸਦਾ ਨਹੀਂ –

***ਬਲਿਹਾਰੀ ਕੁਦਰਤਿ ਵਸਿਆ॥***
***ਤੇਰਾ ਅੰਤੁ ਨ ਜਾਈ ਲਖਿਆ॥ ਪੰਨਾ – 469***

ਜਿਹੜੇ ਉਹਦੇ ਬਣ ਜਾਂਦੇ ਨੇ, ਉਨ੍ਹਾਂ ਨਾਲ ਉਹ ਪਿਆਰ ਕਰਦਾ ਹੈ, ਉਨ੍ਹਾਂ ਨੂੰ ਮਾਣ ਦਿਵਾਉਂਦਾ ਹੈ, ਉਨ੍ਹਾਂ ਦੀ ਰਾਖੀ ਕਰਦਾ ਹੈ –

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥ ਪੰਨਾ – 519***

ਉਹਦੀ ਕਦੇ ਹਾਰ ਨਹੀਂ ਹੋਇਆ ਕਰਦੀ। ਸੰਸਾਰ ਨੂੰ ਤਾਂ ਕਈ ਵਾਰੀ ਐਉਂ ਮਹਿਸੂਸ ਹੁੰਦਾ ਹੈ ਕਿ ਪ੍ਰਭੂ ਦੀ ਹਾਰ ਹੋ ਰਹੀ ਹੈ। ਪਰ ਰੂਹਾਨੀ ਮਾਰਗ ਤੇ ਉਹਦੀ ਜਿੱਤ ਹੋ ਰਹੀ ਹੁੰਦੀ ਹੈ।

ਇਤਿਹਾਸ ਦੇ ਅੰਦਰ ਐਸਾ ਜ਼ਿਕਰ ਆਉਂਦਾ ਹੈ ਕਿ ਇਕ ਪ੍ਰੇਮੀ ਜਿਸ ਦੇ ਅੰਦਰ ਗੁਰੂ ਨੇ ਪ੍ਰਕਾਸ਼ ਕਰ ਦਿਤਾ –

***ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਪੰਨਾ –***

ਉਸ ਨੂੰ ਪੂਰਾ ਸਤਿਗੁਰੂ ਮਿਲ ਗਿਆ, ਪੂਰਾ ਮਹਾਂਪੁਰਸ਼ ਮਿਲ ਗਿਆ ਜਿਸ ਦੀ ਸੰਗਤ ਕਰਨ ਨਾਲ ਉਸ ਦੇ ਅੰਦਰ ਰੂਹਾਨੀ ਪ੍ਰਕਾਸ਼ ਹੋ ਗਿਆ, ਅਤੇ ਭਰਮ ਦਾ ਨਾਸ਼ ਹੋ ਗਿਆ। ਗਿਆਨ ਦਾ ਪ੍ਰਕਾਸ਼ ਹੋਣ ਨਾਲ ਉਸ ਦੇ ਅੰਦਰ ਭਗਤੀ ਨੇ ਜਨਮ ਲੈ ਲਿਆ। ਸੰਨ 1690 ਦੇ ਅੰਦਰ ਇਕ ਨਗਰ ਸੀ ਜਿਸ ਦਾ ਨਾਮ ਅਸਨੀ ਸੀ, ਬੇਣੀ ਉਸ ਨਗਰ ਦਾ ਵਾਸੀ ਸੀ। ਬੇਣੀ ਸਤਿਸੰਗ ਕਰਿਆ ਕਰਦਾ ਸੀ। ਜਿਥੇ ਵੀ ਸਾਧੂਆਂ ਦੀ ਸੋਅ ਉਸ ਦੇ ਕੰਨੀ ਪੈਣੀ, ਉਹ ਉਥੇ ਹੀ ਸਤਿਸੰਗ ਕਰਨ ਵਾਸਤੇ ਪਹੁੰਚ ਜਾਇਆ ਕਰਦਾ ਸੀ। ਸਤਿਸੰਗ ਕਰਨ ਦੇ ਕੁਝ ਅਸੂਲ ਹੋਇਆ ਕਰਦੇ ਨੇ ਉਨ੍ਹਾਂ ਅਸੂਲਾਂ ਦੇ ਮੁਤਾਬਿਕ ਉਹ ਪੂਰੀ ਸ਼ਰਧਾ ਭਾਵਨਾ ਅਤੇ ਪਿਆਰ ਨਾਲ ਸਤਸੰਗਿ ਕਰਿਆ ਕਰਦਾ ਸੀ, ਨਿਮਰਤਾ ਨਾਲ ਬਚਨ ਸਰਵਣ ਕਰਦਾ ਸੀ - ਬਿਰਤੀ ਇਕਾਗਰ ਕਰਕੇ। ਉਸ ਦੇ ਮਨ ਵਿਚ ਇਹ ਲੋਚਾ ਰਹਿੰਦੀ ਸੀ ਕਿ ਕੀ ਮੈਨੂੰ ਵੀ ਪ੍ਰਮੇਸ਼ਰ ਮਿਲ ਸਕਦਾ ਹੈ? ਜਦੋਂ ਹੋਰ ਭਗਤਾਂ ਦੀਆਂ ਕਥਾਵਾਂ ਸੁਣਦਾ ਸੀ ਤਾਂ ਉਸ ਦੇ ਹਿਰਦੇ ਵਿਚ ਚਾਓ ਪੈਦਾ ਹੁੰਦਾ ਸੀ, ਪਿਆਰ ਪੈਦਾ ਹੁੰਦਾ ਸੀ ਕਿ ਮੈਂ ਵੀ ਐਸਾ ਜੀਵਨ ਬਤੀਤ ਕਰਕੇ ਉਚ ਅਵਸਥਾਵਾਂ ਨੂੰ ਪ੍ਰਾਪਤ ਕਰਾਂ। ਧੰਨੇ ਨੇ ਵੀ ਸੁਣੀਆਂ ਸੀ ਇਹ ਕਥਾਵਾਂ ਜਿਵੇਂ ਕਿ -

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਪੰਨਾ - 488***

ਉਹਦੇ ਵੀ ਹਿਰਦੇ ਵਿਚ ਸੁਣ ਕੇ ਇਹ ਹੁਲਾਰਾ ਵੱਜਿਆ ਸੀ ਕਿ ਜੇ ਕਬੀਰ ਨੂੰ ਰੱਬ ਮਿਲ ਸਕਦਾ ਹੈ, ਰਵਿਦਾਸ ਨੂੰ ਮਿਲ ਸਕਦਾ ਹੈ, ਨਾਮਦੇਵ ਨੂੰ ਮਿਲ ਸਕਦਾ ਹੈ, ਫੇਰ ਤਾਂ ਉਸ ਦੇ ਕੋਲ ਜਾਤ ਪਾਤ ਦਾ ਕੋਈ ਫਰਕ ਨਾ ਹੋਇਆ। ਉਥੇ ਤਾਂ ਕੋਈ ਬ੍ਰਾਹਮਣ ਵੱਡਾ ਨਹੀਂ ਹੈ ਤੇ ਸ਼ੂਦਰ ਛੋਟਾ ਨਹੀਂ ਹੈ। ਇਹ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਮਨੁੱਖਤਾ ਨੂੰ ਵੰਡਣ ਲਈ ਕਿਸੇ ਨੇ ਚਲਾਕੀ ਕੀਤੀ ਹੋਈ ਹੈ, ਪ੍ਰਮੇਸ਼ਰ ਦੇ ਦਰ ਤੇ ਤਾਂ ਕੋਈ ਜਾਤ ਪਾਤ ਹੈ ਹੀ ਨਹੀਂ। ਉਥੇ ਤਾਂ ਹਿਰਦੇ ਦੀ ਸਫਾਈ ਅਤੇ ਨਿਰਮਲਤਾਈ ਨਿਭਦੀ ਹੈ। ਬੇਣੀ ਨੇ ਜਦੋਂ ਸਤਿਸੰਗ ਵਿਚ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਮਨ ਵਿਚ ਲੋਚਾ ਤੀਬਰ ਹੋਈ ਕਿ ਮੈਨੂੰ ਵੀ ਕਿਸੇ ਤਰ੍ਹਾਂ ਪ੍ਰਮੇਸ਼ਰ ਦੇ ਦਰਸ਼ਨ ਨਸੀਬ ਹੋ ਜਾਣ ਲੇਕਿਨ ਅਜੇ ਬੈਰਾਗ ਨਹੀਂ ਸੀ ਜਾਗਿਆ। ਜਿੰਨੀ ਦੇਰ ਤਕ ਬੈਰਾਗ ਨਹੀਂ ਜਾਗਦਾ -

***ਬਿਨੁ ਬੈਰਾਗ ਨ ਛੂਟਸਿ ਮਾਇਆ॥ ਪੰਨਾ - 329***

ਆਦਮੀ ਦੇ ਮਨ ਵਿਚੋਂ illusion (ਭਰਮ) ਅਤੇ ignorance (ਅਗਿਆਨਤਾ) ਦੂਰ ਨਹੀਂ ਹੋਇਆ ਕਰਦੀਆਂ। ਮਾਇਆ ਦੇ ਨਾਲ ਪਿਆਰ ਰਹਿੰਦਾ ਹੈ। ਮਾਇਆ ਕਿਸ ਨੂੰ ਕਹਿੰਦੇ ਨੇ? ਗੁਰੂ ਸਾਹਿਬ ਦਸਦੇ ਹਨ-

***ਏਹ ਮਾਇਆ ਜਿਤੁ ਹਰਿ ਵਿਸਰੈ***

***ਮੋਹੁ ਉਪਜੈ ਭਾਉ ਦੂਜਾ ਲਾਇਆ॥*** ***ਪੰਨਾ - 921***

ਮਾਇਆ ਉਸ ਨੂੰ ਕਹਿੰਦੇ ਹਨ ਜਿਸ ਦੇ ਮਿਲਣ ਨਾਲ ਮੋਹ ਪੈਦਾ ਹੋ ਜਾਏ ਅਤੇ ਪ੍ਰਮੇਸ਼ਰ ਭੁੱਲ ਜਾਵੇ। ਜਿਸ ਚੀਜ਼ ਦਾ ਕੋਈ ਨਾਂ ਹੈ, ਜਿਸ ਚੀਜ਼ ਦਾ ਕੋਈ ਰੂਪ ਹੈ, ਜਿਸ ਦਾ ਕੋਈ ਰੰਗ ਹੈ, ਉਹ ਮਾਇਆ ਹੈ। ਜੋ ਨਾਮ ਤੇ ਰੂਪ ਤੋਂ ਬਗੈਰ ਹੈ, ਉਹ ਪ੍ਰਮੇਸ਼ਰ ਹੈ। ਸੋ ਇਸ ਤਰ੍ਹਾਂ ਸੰਸਾਰ ਮਾਇਆ ਦੇ ਅਧੀਨ ਚਲ ਰਿਹਾ ਹੈ।

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***

***ਪੰਨਾ - 857***

ਇਹ ਜੋ ਮਾਇਆ ਮੋਹਣੀ ਹੈ -

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***

***ਪੰਨਾ - 643***

ਇਹ ਬਗੈਰ ਦੰਦਾਂ ਤੋਂ ਸੰਸਾਰ ਨੂੰ ਖਾਂਦੀ ਚਲੀ ਜਾ ਰਹੀ ਹੈ।

***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*** ***ਪੰਨਾ - 643***

ਲੇਕਿਨ ਇਸ ਨੇ ਸਾਰਿਆਂ ਨੂੰ ਨਹੀਂ ਖਾਧਾ। ਗੁਰਮੁਖ ਬਚ ਗਏ ਉਸ ਤੋਂ, ਕਿਉਂਕਿ ਤੱਤ ਗਿਆਨ ਦੇ ਨਾਲ, ਬ੍ਰਹਮ ਦੇ ਨਾਲ, ਸਤਿ ਦੇ ਨਾਲ ਉਨ੍ਹਾਂ ਦਾ ਮਨ ਲੱਗਿਆ ਹੁੰਦਾ ਹੈ। ਬ੍ਰਹਮ ਗਿਆਨ ਦੇ ਨਾਲ ਮਨ ਲੱਗ ਜਾਣ ਕਰਕੇ ਮਾਇਆ ਦੇ ਮੰਡਲ ਤੋਂ ਉਚਾ ਲੰਘ ਗਿਆ। ਉਥੇ ਤਕ ਮਾਇਆ ਦੀ ਪਹੁੰਚ ਨਹੀਂ ਹੈ। ਬਾਕੀ ਜਿੰਨਾਂ ਸੰਸਾਰ ਹੈ ਸਾਰਾ ਮਾਇਆ ਦੇ ਅਧੀਨ ਹੈ, ਮਾਇਆ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ, ਗੱਲ ਵੀ ਮਾਇਆ ਦੀ ਕਰਦਾ ਹੈ, ਗਿਆਨ ਵੀ ਮਾਇਆ ਦਾ ਕਰਦਾ ਹੈ, ਭਾਵੇਂ ਤੱਤ ਗਿਆਨ ਦੇ ਇਸ਼ਾਰੇ ਦਿੰਦਾ ਹੈ, ਤੱਤ ਗਿਆਨ ਦੀ ਗੱਲ ਕਰਦਾ ਹੈ ਪਰ ਰਹਿੰਦਾ ਹੈ ਮਾਇਆ ਦੇ ਮੰਡਲ ਵਿਚ। ਜਿੰਨੀ ਦੇਰ ਤਕ ਬੈਰਾਗ ਨਹੀਂ ਹੁੰਦਾ, ਉਨੀਂ ਦੇਰ ਤਕ ਮਾਇਆ ਨੂੰ ਕੱਟਣ ਵਾਲਾ instrument (ਯੰਤਰ) ਨਹੀਂ ਮਿਲਦਾ। ਪਹਿਲਾਂ ਬੈਰਾਗ ਜ਼ਰੂਰੀ ਹੈ। ਬੈਰਾਗ, ਤਾਂ ਹੁੰਦਾ ਹੈ ਜੇ ਸੰਸਾਰ ਨੂੰ ਏਸ ਤਰ੍ਹਾਂ ਸਮਝੇ ਕਿ ਇਹ ਨਿੱਤ ਨਹੀਂ ਹੈ, ਇਹ ਤਾਂ ਚਲਦੀ ਚੀਜ਼ ਹੈ। ਇਥੇ ਵੱਡੇ-ਵੱਡੇ ਸੰਸਾਰ ਉਤੇ ਆਏ ਜਿਨ੍ਹਾਂ ਕੋਲ ਇਹੋ ਜਿਹੇ ਸਾਧਨ ਸਨ, ਇਹੋ ਜਿਹੇ resources (ਸਾਧਨ) ਸਨ ਕਿ ਮੁੜ ਕੇ ਫੇਰ ਜੁਆਨ ਹੋ ਜਾਂਦੇ ਸਨ ਪਰ ਅੱਜ ਸੰਸਾਰ ਤੇ ਇਹੋ ਜਿਹਾ ਕੋਈ ਨਜ਼ਰ ਨਹੀਂ ਆ ਰਿਹਾ -

***ਧਾਰਨਾ - ਵੱਡੇ ਵੱਡੇ ਦੁਨੀਆਂ ਉਤੇ ਹੋਏ,***

*ਦਿਸਦਾ ਨਾ ਕੋਈ ਜੱਗ ਤੇ - 2*
*ਮੇਰੇ ਪਿਆਰੇ ਦਿਸਦਾ ਨਾ ਕੋਈ ਜੱਗ ਤੇ - 2, 2.*
*ਵੱਡੇ-ਵੱਡੇ ਦੁਨੀਆਂ ਉੱਤੇ ਹੋਏ - 2*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ।*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ।*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥ ਅਕਾਲ ਉਸਤਤਿ*

*ਧਾਰਨਾ - ਇਥੇ ਰਿਹਾ ਨ ਜਗਤ ਉੱਤੇ ਕੋਈ,*
*ਵਾਰੀ ਆਈ ਉਠ ਜਾਵਣਾ - 2, 2.*
*ਮੇਰੇ ਪਿਆਰੇ, ਵਾਰੀ ਆਈ ਉਠ ਜਾਵਣਾ -2*
*ਇਥੇ ਰਿਹਾ ਨ ਜਗਤ ਉੱਤੇ ਕੋਈ....-2, 2.*

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ*
*ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ।*
*ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੌ ਦਲਤੁ ਹੈਂ।*
*ਮਾਨ ਸੇ ਮਹੀਪ ਔ ਦਿਲੀਪ ਕੇ ਸੇ ਛਤ੍ਰਧਾਰੀ*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ।*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ*
*ਭੋਗ ਭੋਗ ਭੂਮ ਅੰਤ ਭੂੰ ਮੈ ਮਿਲਤ ਹੈਂ। ਅਕਾਲ ਉਸਤਤਿ*

ਇਸ ਤਰ੍ਹਾਂ ਸਮਾਂ ਆਪਣੀ ਚਾਲ ਚਲਦਾ ਜਾ ਰਿਹਾ ਹੈ, ਇਹ ਕਿਸੇ ਦਾ ਰੋਕਿਆ ਨਹੀਂ ਰੁਕਦਾ। ਸਾਡਾ ਫਰਜ਼ ਹੈ ਕਿ ਸਮੇਂ ਨੂੰ ਸੰਭਾਲ ਲਈਏ। ਬੀਤ ਚੁੱਕੀਆਂ ਗੱਲਾਂ ਨੂੰ ਯਾਦ ਕਰਕੇ, ਆਉਣ ਵਾਲੀਆਂ ਦੀ ਚਿਤਵਨੀ ਕਰਕੇ, ਹੁਣ ਵਾਲਾ ਸਮਾਂ ਜੋ ਸਾਡੇ ਹੱਥ ਵਿਚ ਹੈ, ਵਿਅਰਥ ਲੰਘਦਾ ਜਾ ਰਿਹਾ ਹੈ। ਜੋ ਬੀਤ ਗਈ ਸੋ ਬੀਤ ਗਈ ਹੈ, ਆਉਣ ਵਾਲੀ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਅੱਜ ਦੇ ਸਮੇਂ ਨੂੰ ਸੰਭਾਲੋ।

ਇਹ ਵੀ ਲੰਘ ਜਾਣਾ ਹੈ ਕਿਉਂਕਿ ਗਿਣਵਾਂ ਸਮਾਂ ਮਿਲਿਆ ਹੋਇਆ ਹੈ, ਗਿਣਵੇਂ ਸੁਆਸ ਮਿਲੇ ਹੋਏ ਨੇ, ਉਸ ਤੋਂ ਬਾਅਦ ਨਾਮ ਨਿਸ਼ਾਨ ਨਹੀਂ

ਰਹਿਣਾ, ਯਾਦ ਵਿਚੋਂ ਨਿਕਲ ਜਾਵੇਗਾ। ਜਿਉਂਦੇ-ਜਿਉਂਦੇ ਦਾ ਬਹੁਤ ਵੱਡਾ ਪ੍ਰਤਾਪ ਹੈ। ਜਦੋਂ ਸੰਸਾਰ ਤੋਂ ਚਲਿਆ ਗਿਆ, ਪ੍ਰਤਾਪ ਵੀ ਨਾਲ ਹੀ ਚਲਿਆ ਜਾਂਦਾ ਹੈ।

ਇਕ ਵਾਰੀ ਜ਼ਮੀਨ ਬਹੁਤ ਹੈਰਾਨ ਹੋਈ ਅਸਮਾਨ ਦੇ ਨਾਲ ਗੱਲ ਕਰ ਰਹੀ ਹੈ। ਅਸਮਾਨ ਨੇ ਪੁਛਿਆ, ਤੂੰ ਕਿਉਂ ਹੈਰਾਨ ਹੋ ਰਹੀ ਹੈਂ? ਜ਼ਮੀਨ ਕਹਿਣ ਲੱਗੀ ਕਿ ਮੈਂ ਇਸ ਕਰਕੇ ਹੈਰਾਨ ਹਾਂ ਕਿ ਮੇਰੇ ਉਤੇ ਐਸੇ-ਐਸੇ ਆਏ ਨੇ, ਐਸੇ-ਐਸੇ ਕਲੋਲ ਤੇ ਕੰਮ ਕੀਤੇ ਨੇ, ਉਸ ਵੇਲੇ ਉਹ ਬਹੁਤ ਹੀ ਅਭਿਮਾਨ ਦੇ ਭਰੇ ਹੋਏ ਇਸ ਦੁਨੀਆਂ ਦੇ ਅੰਦਰ ਦਨ ਦਨਾ ਰਹੇ ਸੀ। ਕਈ ਪੀਰ ਪੈਗੰਬਰ ਆਏ ਨੇ, ਕਈ ਔਲੀਏ ਆਏ ਨੇ, ਕਈ ਬੇਅੰਤ ਸ਼ਕਤੀਆਂ ਦੇ ਮਾਲਕ ਆਏ ਨੇ। ਸੂਰਜ ਦੀ ਚਾਲ ਨੂੰ ਰੋਕ ਦੇਣ ਵਾਲੇ, ਰਾਤ ਨੂੰ ਰੋਕ ਦੇਣ ਵਾਲੇ, ਸੂਰਜ ਨੂੰ ਨਾ ਚੜ੍ਹਨ ਦੇਣ ਵਾਲੇ, ਹਵਾ ਨੂੰ ਰੋਕ ਦੇਣ ਵਾਲੇ, ਸਮੁੰਦਰ ਨੂੰ ਪੀ ਜਾਣ ਵਾਲੇ, ਪਹਾੜਾਂ ਨੂੰ ਚੁੱਕ ਕੇ ਇਕ ਥਾਂ ਇਕੱਠੇ ਕਰ ਦੇਣ ਵਾਲੇ, ਲੇਕਿਨ ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਉਨ੍ਹਾਂ ਦਾ ਕੋਈ ਨਾਮ ਨਿਸ਼ਾਨ ਵੀ ਨਹੀਂ ਰਿਹਾ। ਕਿੱਥੇ ਚਲੇ ਜਾਂਦੇ ਨੇ, ਕੋਈ ਪਤਾ ਨਹੀਂ ਲਗਦਾ, ਨਾ ਕੋਈ ਮੁੜ ਕੇ ਆਉਂਦਾ ਹੈ, ਨਾ ਕੋਈ ਮੁੜ ਕੇ ਸੰਭਾਲਦਾ ਹੈ। ਇਸ ਗੱਲ ਤੋਂ ਮੈਂ ਹੈਰਾਨ ਹੋ ਰਹੀ ਹਾਂ ਕਿ ਜਦੋਂ ਮੇਰੇ ਉਤੇ ਉਹ ਆਪਣਾ ਜੀਵਨ ਬਸਰ ਕਰ ਰਹੇ ਹੁੰਦੇ ਨੇ, ਉਸ ਵੇਲੇ ਐਨੀ ਅਗਿਆਨਤਾ 'ਚ ਹੁੰਦੇ ਨੇ ਕਿ ਉਨ੍ਹਾਂ ਨੂੰ ਭੁੱਲਿਆ ਪਿਆ ਹੁੰਦਾ ਹੈ ਕਿ ਅਸੀਂ ਇਸ ਧਰਤੀ ਤੋਂ ਚਲੇ ਵੀ ਜਾਣਾ ਹੈ? ਸੋ ਤੂੰ ਅਸਮਾਨ ਹੈਂ, space ਹੈਂ, ਜਿਥੇ ਤਕ creation (ਰਚਨਾ) ਹੈ ਉਥੇ ਤਕ ਤੇਰੀ ਪਹੁੰਚ ਹੈ। ਕੀ ਤੂੰ ਮੈਨੂੰ ਇਹ ਦਸ ਸਕਦਾ ਹੈਂ ਕਿ ਉਹ ਕਿਸੇ ਥਾਂ ਤੇ ਨਜ਼ਰ ਆਉਂਦੇ ਨੇ? ਅਸਮਾਨ ਕਹਿਣ ਲੱਗਿਆ ਕਿ ਹਰ ਬੰਦਾ ਜੋ ਤੇਰੇ ਉਤੇ ਆਉਂਦਾ ਹੈ ਉਹਦੇ ਦੋ ਹਿੱਸੇ ਹੋਇਆ ਕਰਦੇ ਨੇ, ਕੁਝ ਹਿੱਸੇ ਤੇਰੇ ਕੋਲੋਂ ਲੈਂਦਾ ਹੈ, ਸਰੀਰ ਪੰਜਾਂ ਤੱਤਾਂ ਤੋਂ ਲੈ ਲੈਂਦਾ ਹੈ, ਕੁਝ ਹਿੱਸਾ ਐਸਾ ਹੈ ਜਿਹੜਾ ਪੰਜਾਂ ਤੱਤਾਂ ਦੇ ਨਾਲ ਕੋਈ ਸਬੰਧ ਨਹੀਂ ਰਖਦਾ, ਉਹ ਚੇਤਨ ਵਸਤੂ ਹੋਇਆ ਕਰਦੀ ਹੈ। ਜੜ੍ਹ ਤੇ ਚੇਤਨ ਦਾ ਸੰਜੋਗ -

***ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥***
***ਪੰਨਾ - 1426***

ਪੰਜ ਤੱਤਾਂ ਦੇ ਨਾਲ ਤਨ ਰਚਿਆ ਜਾਂਦਾ ਹੈ, ਤਨ ਨੂੰ ਚਲਾਉਣ ਵਾਲਾ ਚੇਤਨ ਤੱਤ, ਵਾਹਿਗੁਰੂ ਹੋਇਆ ਕਰਦਾ ਹੈ। ਚੇਤਨ ਭੁਲੇਖੇ ਨਾਲ ਮਾਇਆ ਦੇ ਅਸਰ ਅਧੀਨ ਹਉਮੈ ਕਰਕੇ ਆਪਣੇ ਆਪ ਨੂੰ ਕੇਵਲ ਸਰੀਰ ਨੂੰ ਹੀ 'ਮੈਂ' ਸਮਝ ਬੈਠਦਾ ਹੈ। ਜਦੋਂ ਸੰਸਾਰ ਤੋਂ ਇਸ ਦੀ ਯਾਤਰਾ ਪੂਰੀ ਹੋ ਜਾਂਦੀ ਹੈ, ਜੋ ਕੁਝ ਇਸ ਨੇ ਪੰਜਾਂ ਤੱਤਾਂ ਤੋਂ ਲਿਆ ਹੁੰਦਾ ਹੈ, ਉਹ ਸਾਰਾ ਕੁਝ ਇਥੇ ਹੀ ਛੱਡ ਜਾਂਦਾ ਹੈ। ਤੇਰੇ ਪਾਸ ਅਮਾਨਤ ਹੈ। ਬਾਕੀ ਜੋ ਚੇਤਨ ਹਿੱਸਾ ਸੀ ਜਿਸ ਨੂੰ ਜੀਵ ਆਤਮਾ ਆਖਦੇ ਨੇ, ਉਹ ਸੰਸਾਰ ਤੋਂ ਚਲਿਆ ਗਿਆ ਤੇ ਉਹ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਦਰਗਾਹ ਵਿਚ ਭੁਗਤ ਰਿਹਾ ਹੈ। ਜੋ ਵੱਡੇ-ਵੱਡੇ ਇਸ ਸੰਸਾਰ

ਤੋਂ ਗਏ ਨੇ, ਉਹ ਵੀ ਉਥੇ ਖੜ੍ਹੇ ਨੇ, ਉਨ੍ਹਾਂ ਨੂੰ ਉਥੇ ਉਲਾਂਭੇ ਮਿਲ ਰਹੇ ਨੇ –

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥ ਪੰਨਾ – 488***

ਮਲਾਹ ਕਿਥੇ ਚਲੇ ਗਏ, ਜਿਹੜੇ ਸੰਸਾਰ ਦੇ ਪੂਰਾਂ ਦੇ ਪੂਰ ਭਰ ਕੇ ਲੰਘਾ ਰਹੇ ਸੀ। ਅਸਮਾਨ ਕਹਿਣ ਲੱਗਿਆ –

***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥ ਪੰਨਾ – 488***

ਕੁਝ ਤਾਂ ਸ਼ਮਸ਼ਾਨ ਭੂਮੀ ਵਿਚ ਜਾਲ ਦਿਤੇ, ਕੁਝ ਕਬਰਾਂ ਵਿਚ ਦੱਬੇ ਪਏ ਨੇ ਤੇ ਜਿਹੜਾ ਉਨ੍ਹਾਂ ਦਾ ਜੀਵ ਆਤਮਾ ਹੈ, ਉਹ ਦਰਗਾਹ ਵਿਚ ਜਾ ਕੇ ਉਲਾਂਭੇ ਸਹਿ ਰਿਹਾ ਹੈ।

ਇਕ ਵਾਰੀ ਇਕ ਰਾਜੇ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਕਿ ਮਹਾਰਾਜ! ਜੋ ਕਾਰਕ ਅਵਸਥਾ ਵਾਲੇ ਸੰਸਾਰ ਦੇ ਉਧਾਰ ਲਈ ਭੇਜੇ ਜਾਂਦੇ ਹਨ ਉਨ੍ਹਾਂ ਨੂੰ ਕੋਈ ਦੋਸ਼ ਨਹੀਂ ਲਗਦਾ? ਮਹਾਰਾਜ ਕਹਿੰਦੇ ਕਾਰਕ ਦਾ ਸਰੀਰ ਯੋਗ ਮਾਇਆ ਕਰਕੇ ਦ੍ਰਿਸ਼ਮਾਨ ਹੋਇਆ ਦਿਸਦਾ ਹੈ, ਜਿਸ ਨੂੰ ਧਾਰਨ ਕਰਕੇ ਉਨ੍ਹਾਂ ਨੇ ਵਾਹਿਗੁਰੂ ਜੀ ਵਲੋਂ ਦਿਤੇ ਕਾਰਜ ਨੇਪਰੇ ਚਾੜ੍ਹਨੇ ਹਨ। ਉਨ੍ਹਾਂ ਨੂੰ ਕੋਈ ਦੋਸ਼ ਨਹੀਂ ਲੱਗਿਆ ਕਰਦਾ। ਉਸ ਨੇ ਫਿਰ ਸਵਾਲ ਕੀਤਾ ਕਿ ਕ੍ਰਿਸ਼ਨ ਮਹਾਰਾਜ ਦੀਆਂ 16108 ਰਾਣੀਆਂ ਸਨ, ਕੀ ਇਸ ਦਾ ਕੋਈ ਦੋਸ਼ ਹੈ? ਮਹਾਰਾਜ ਕਹਿੰਦੇ ਕਿ ਨਹੀਂ ਕਿਉਂਕਿ ਉਹ ਵਿਸ਼ਿਆਂ ਦੀ ਹੰਗਤਾ ਮਮਤਾ ਤੋਂ ਪੂਰੀ ਤਰ੍ਹਾਂ ਨਿਰਲੇਪ ਸਨ। ਕਾਰਕਾਂ ਨੂੰ ਜੇ ਦੋਸ਼ ਲਗਦਾ ਹੈ ਤਾਂ ਉਹ ਹੋਰ ਤਰ੍ਹਾਂ ਲੱਗਿਆ ਕਰਦਾ ਹੈ ਕਿਉਂਕਿ ਉਨ੍ਹਾਂ ਦਾ ਸਰੀਰ ਯੋਗ ਮਾਇਆ ਦਾ ਹੁੰਦਾ ਹੈ ਉਹ ਕਰਮਾਂ ਅਤੇ ਉਸ ਦੇ ਫਲ ਤੋਂ ਨਿਰਲੇਪ ਹੁੰਦੇ ਹਨ। ਰਾਜਾ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਤਾਂ ਸਮਝ ਵਿਚ ਨਹੀਂ ਆ ਰਿਹਾ। ਮਹਾਰਾਜ ਕਹਿਣ ਲੱਗੇ ਕਿ ਸਾਡਾ ਪਰਨਾ ਲਾਹ ਕੇ ਲਿਆ, ਸਾਡੇ ਲੱਕ ਨਾਲ ਬੰਨ੍ਹ ਦੇ। ਰਾਜਾ ਪਰਨਾ ਲੈ ਆਇਆ। ਜਦੋਂ ਲੱਕ ਦੁਆਲੇ ਬੰਨ੍ਹਣ ਲੱਗਿਆ ਤਾਂ ਪਰਨਾ ਹੱਥ ਵਿਚ ਹੀ ਆ ਜਾਂਦਾ ਹੈ। ਤਿੰਨ ਚਾਰ ਵਾਰ ਇਸ ਤਰ੍ਹਾਂ ਕੀਤਾ ਪਰ ਪਰਨਾ ਮਹਾਰਾਜ ਦੇ ਲੱਕ ਨਾਲ ਨਹੀਂ ਬੰਨ੍ਹ ਹੁੰਦਾ, ਲੱਕ ਦਿਸਦਾ ਹੈ। ਰਾਜਾ ਹੈਰਾਨ ਹੋਈ ਜਾਂਦਾ ਹੈ ਕਿ ਪਰਨਾ ਲੱਕ ਨਾਲ ਬੰਨ੍ਹ ਨਹੀਂ ਹੁੰਦਾ। ਕਹਿਣ ਲੱਗਿਆ ਕਿ ਮਹਾਰਾਜ! ਦੇਖਣ ਨੂੰ ਤਾਂ ਤੁਸੀਂ ਦਿਖਦੇ ਹੋਂ, ਨਾ ਤੁਸੀਂ ਛੂਹ ਹੁੰਦੇ ਹੋ, ਨਾ ਹੀ ਪਰਨਾ ਲੱਕ ਨਾਲ ਰੁਕਦਾ ਹੈ। ਮਹਾਰਾਜ ਨੇ ਸਮਝਾਇਆ ਕਿ ਇਸ ਨੂੰ ਯੋਗ ਮਾਇਆ ਦਾ ਸਰੀਰ ਕਹਿੰਦੇ ਨੇ। ਸਰੀਰ ਦਿਸਦਾ ਹੈ ਪਰ ਹੁੰਦਾ ਕੁਝ ਨਹੀਂ। ਸੰਸਾਰ ਤਾਰਨ ਲਈ ਉਹ ਖੇਵਟ ਹੋਇਆ ਕਰਦੇ ਨੇ, ਮਲਾਹ ਹੋਇਆ ਕਰਦੇ ਨੇ। ਪੀਰ ਪੈਗੰਬਰ ਔਲੀਏ ਹੁੰਦੇ ਨੇ, ਅਵਤਾਰ ਹੁੰਦੇ ਨੇ, ਉਹ ਇਥੇ ਕੋਈ ਮਿਸ਼ਨ ਪੂਰਾ ਕਰਨ ਲਈ ਆਉਂਦੇ ਹਨ, ਮਿਸ਼ਨ ਪੂਰਾ ਕਰਕੇ ਚਲੇ ਜਾਂਦੇ ਹਨ, ਉਨ੍ਹਾਂ ਦੇ ਜੋ ਅਨੁਆਈ, ਮੰਨਣ ਵਾਲੇ ਹੁੰਦੇ ਨੇ, ਜਦੋਂ ਉਨ੍ਹਾਂ ਦੀ ਤਾਲੀਮ ਨੂੰ ਗਲਤ ਕਰਕੇ, ਆਪਣੀ ਮਰਜ਼ੀ ਦੇ ਅਨੁਸਾਰ ਉਲਟ ਪੁਲਟ

ਅਨਰਥ ਕਰਨਗੇ, ਅਨਰਥ ਕਰਕੇ ਸਮਾਜ ਦੇ ਵਿਚ ਫਿਰ ਹਨ੍ਹੇਰਾ ਪਾਉਣਗੇ ਜਿਸ ਹਨ੍ਹੇਰੇ ਵਿਚੋਂ ਉਨ੍ਹਾਂ ਨੇ ਕੱਢੇ ਸੀ, ਹਨ੍ਹੇਰਾ ਪੈਣ ਨਾਲ ਉਹ ਫਿਰ ਪਾਪ ਕਰਨਗੇ ਪਰਮਾਰਥ ਵਾਸਤੇ, ਪਰਮਾਰਥ ਦਾ ਪਾਪ ਕਰਨ ਵਾਲੇ ਤੋਂ ਤਾਂ ਧਰਮਰਾਜਾ ਵੀ ਡਰਦਾ ਹੈ ਕਿ ਮੈਂ ਇਹਦੇ ਵਾਸਤੇ ਕਿਹੜਾ ਨਰਕ ਬਣਾਵਾਂ। ਇਹ ਧਰਮ ਦੀਆਂ ਗੱਲਾਂ ਕਰਦਾ ਹੈ ਪਰ ਕਰਦਾ ਪਾਪ ਹੈ, ਧਰਮ ਦੇ ਨਾਂ ਤੇ ਬੰਦੇ ਮਾਰ ਰਿਹਾ ਹੈ ਤਕਲੀਫਾਂ ਦੇ ਰਿਹਾ ਹੈ ਪਰ ਸਮਝਦਾ ਹੈ ਕਿ ਮੈਂ ਧਰਮ ਕਰ ਰਿਹਾ ਹਾਂ। ਮਹਾਰਾਜ ਦਸਵੇਂ ਪਾਤਸ਼ਾਹ ਵੀ ਕਹਿੰਦੇ ਨੇ ਕਿ ਧਰਮਰਾਜਾ ਵੀ ਡਰ ਜਾਂਦਾ ਹੈ - ਪਰਮਾਰਥ ਦੇ ਪਾਪੀਆਂ ਤੋਂ। ਉਹ ਐਨੇ ਗਲਤ ਹੋ ਜਾਂਦੇ ਨੇ, ਐਨੀਆਂ ਗਲਤ ਗੱਲਾਂ ਕਰਦੇ ਨੇ ਕਿ ਅਕਾਲ ਪੁਰਖ ਵਲੋਂ ਉਨ੍ਹਾਂ ਦੇ ਪੀਰ ਪੈਗੰਬਰ ਗੁਰੂ ਨੂੰ ਫਿਰ ਉਲਾਂਭਾ ਮਿਲਦਾ ਹੈ ਕਿ ਇਹੋ ਕੁਝ ਕਰਨ ਵਾਸਤੇ ਤੈਨੂੰ ਸੰਸਾਰ ਤੇ ਭੇਜਿਆ ਸੀ? ਆਹੀ ਕੁਝ ਦਸ ਕੇ ਆਇਆ ਹੈਂ, ਸੰਸਾਰ ਨੂੰ? ਗੁਰੂ ਦਸ਼ਮੇਸ਼ ਪਿਤਾ ਨੂੰ ਇਹੋ ਹੀ ਕਿਹਾ ਸੀ ਅਕਾਲ ਪੁਰਖ ਨੇ ਕਿ ਆਪ ਤੋਂ ਪਹਿਲਾਂ ਮੈਂ ਬਹੁਤ ਭੇਜੇ ਸੰਸਾਰ ਤੇ, ਪਰ ਸਭ ਮੈਂ-ਮੈਂ ਕਰਕੇ ਆ ਗਏ, ਆਪਣੀ-ਆਪਣੀ ਪੂਜਾ ਕਰਾ ਕੇ ਆ ਗਏ। ਆਪਣੇ ਆਪ ਨੂੰ ਰੱਬ ਕਹਾ ਕੇ ਆ ਗਏ ਕਿ ਮੈਂ ਹੀ ਰੱਬ ਹਾਂ, ਹੋਰ ਕੋਈ ਪਾਰਬ੍ਰਹਮ ਪ੍ਰਮੇਸ਼ਰ ਨਹੀਂ ਹੈ। ਸੱਚਾ ਗਿਆਨ ਨਹੀਂ ਕਿਸੇ ਨੇ ਵੀ ਦਿਤਾ। ਜੋ ਉਨ੍ਹਾਂ ਦੇ ਅਨੁਆਈ ਸੀ ਉਹ ਭੁੱਲ ਗਏ, ਕਰਮਕਾਡਾਂ ਵਿਚ ਪੈ ਗਏ, ਗਲਤ ਗੱਲਾਂ ਵਿਚ ਪੈ ਗਏ। ਫਿਰ ਰਾਜੇ ਨੇ ਸਵਾਲ ਕੀਤਾ ਕਿ ਉਨ੍ਹਾਂ ਨੂੰ ਫਿਰ ਸਜ਼ਾ ਕੀ ਮਿਲਦੀ ਹੈ? ਗੁਰੂ ਮਹਾਰਾਜ ਨੇ ਦਸਿਆ ਕਿ ਜੀਵਾਂ ਨੂੰ ਤਾਂ ਸਜ਼ਾ ਘੱਟ ਮਿਲਦੀ ਹੈ, ਕਿਸੇ ਨੇ ਕੋਈ ਪਾਪ ਕੀਤਾ ਹੈ ਤਾਂ ਉਸ ਦੀ ਸਜ਼ਾ ਛੇਤੀ ਹੀ ਮੁੱਕ ਜਾਂਦੀ ਹੈ। ਜਿਹੜਾ ਪਾਪ ਕਾਰਕ ਪੁਰਸ਼ ਕਰਦੇ ਨੇ, ਸੰਤ ਕਰਦੇ ਨੇ, ਉਹਦੀ ਮਿਆਦ ਬਹੁਤ ਲੰਮੀ ਹੁੰਦੀ ਹੈ। ਇਕ ਕਲਪ ਭਰ ਚਾਰ ਅਰਬ 32 ਕਰੋੜ ਸਾਲ ਅਕਾਲ ਪੁਰਖ ਦੀ ਸਾਕਾਰ ਦਰਗਾਹ ਦੇ ਸਾਮ੍ਹਣੇ ਦੋਵੇਂ ਹੱਥ ਜੋੜ ਕੇ ਸਿਰ ਨੀਵਾਂ ਕਰਕੇ ਖੜ੍ਹਨਾ ਪੈਂਦਾ ਹੈ। ਇਹ ਸਜ਼ਾ ਦਿਤੀ ਹੋਈ ਹੈ ਅਕਾਲ ਪੁਰਖ ਨੇ ਕਿਉਂਕਿ ਉਨ੍ਹਾਂ ਦੀ ਸਿਖਿਆ ਨੇ ਭਰਮ ਪੈਦਾ ਕਰਕੇ ਕਰੋੜਾਂ ਜੀਵਾਂ ਨੂੰ ਕੁਰਾਹੇ ਪਾ ਦਿਤਾ ਹੁੰਦਾ ਹੈ। ਗੁਰਮਤਿ ਦੇ ਵਿਚ ਕਿਤੇ ਵੀ 'ਮੈਂ' ਨਹੀਂ ਆਉਂਦਾ, ਕਿਸੇ ਥਾਂ ਤੇ ਨਹੀਂ ਆਉਂਦਾ ਕਿ ਗੁਰੂ ਨਾਨਕ ਦੀ ਪੂਜਾ ਕਰੋ, ਗੁਰੂ ਨਾਨਕ ਨੇ ਤਾਂ ਅਕਾਲ ਪੁਰਖ ਦੇ ਲੜ ਲਾਇਆ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ -

***ਬਿਨ ਕਰਤਾਰ ਨ ਕਿਰਤਮ ਮਾਨੋ।***

ਨਾਮ ਤੇ ਰੂਪ ਵਾਲੇ ਨੂੰ ਨਹੀਂ ਮੰਨਣਾ। ਜਿਹਦਾ ਨਾਮ ਤੇ ਰੂਪ ਨਹੀਂ ਹੈ ਉਸ ਅਕਾਲ ਪੁਰਖ ਨੂੰ ਮੰਨਣਾ ਹੈ। ਇਸ ਤਰ੍ਹਾਂ ਸੰਸਾਰ ਦੇ ਅੰਦਰ -

***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।। ਪੰਨਾ - 488***

ਉਨ੍ਹਾਂ ਦੇ ਸਰੀਰ ਕੁਝ ਤਾਂ ਜਾਲ ਦਿਤੇ ਤੇ ਕੁਝ ਤੇਰੇ ਕੋਲ ਕਬਰਾਂ ਵਿਚ ਪਏ ਨੇ ਤੇ ਜਿਹੜਾ ਪੰਛੀ ਸੀ ਜੀਵ ਆਤਮਾ ਉਹ ਉਡ ਗਿਆ ਅਤੇ ਅਕਾਲ ਪੁਰਖ ਦੀ ਦਰਗਾਹ ਵਿਚ ਖੜ੍ਹਾ ਉਲਾਂਭੇ ਸਹਿ ਰਿਹਾ ਹੈ, ਉਲਾਂਭੇ ਮਿਲਦੇ ਨੇ

ਉਸ ਜੀਵ ਨੂੰ। ਸੰਸਾਰ ਦੇ ਅੰਦਰ ਅੱਜ ਤਕ ਤਾਂ ਕੋਈ ਰਿਹਾ ਨਹੀਂ, ਨਾ ਕੋਈ ਰਹੇਗਾ। ਰਹਿਣ ਵਾਲੀ ਚੀਜ਼ ਕੇਵਲ ਇਕ ਨਾਮ ਹੈ, ਪਰਮੇਸ਼ਰ ਦਾ ਨਾਮ ਜਿਸ ਦਾ ਕਦੇ ਵੀ ਅਭਾਵ ਨਹੀਂ ਹੋਇਆ ਕਰਦਾ। ਸੰਸਾਰ ਦੀ ਉਤਪਤੀ ਹੀ ਨਾਮ ਤੋਂ ਹੋਈ ਹੈ। ਸਮਾਂ ਤਾਂ ਵੱਡਿਆਂ-ਵੱਡਿਆਂ ਨੂੰ ਮੇਟ ਦਿੰਦਾ ਹੈ। ਸਮਾਂ ਲੰਘਦਾ ਤੁਰਿਆ ਜਾਂਦਾ ਹੈ। ਸਤਿਜੁਗ ਲੰਘ ਗਿਆ, ਤ੍ਰੇਤਾ ਲੰਘ ਗਿਆ, ਦੁਆਪਰ ਲੰਘ ਗਿਆ, ਇਸੇ ਤਰ੍ਹਾਂ ਕਲਜੁੱਗ ਨੇ ਲੰਘ ਜਾਣਾ ਹੈ, ਪਤਾ ਹੀ ਨਹੀਂ ਰਹਿਣਾ। ਕ੍ਰੋੜਾਂ ਸਾਲ ਲੰਘ ਜਾਣੇ ਨੇ, ਕਿਸੇ ਦਾ ਨਾਮ ਨਿਸ਼ਾਨ ਵੀ ਨਹੀਂ ਰਹਿਣਾ, ਕੋਈ culture (ਸਭਿਅਤਾ) ਨਹੀਂ ਰਹਿਣੀ। ਪਤਾ ਨਹੀਂ ਮੁੜ ਕੇ ਕਿਸ ਤਰ੍ਹਾਂ ਦੀ ਦੁਨੀਆਂ ਆਵੇ, ਕਿਸ ਤਰ੍ਹਾਂ ਦੇ ਲੋਕ ਆਉਣ, ਕਿਸ ਤਰ੍ਹਾਂ ਦੇ ਮਹਾਂਪੁਰਸ਼ ਆਉਣ, ਕਿਸ ਤਰ੍ਹਾਂ ਦੀ ਉਨ੍ਹਾਂ ਦੀ ਸੋਚ ਹੋਵੇ, ਕੀ ਉਨ੍ਹਾਂ ਦਾ ਉਪਦੇਸ਼ ਹੋਵੇ ਕੁਛ ਪਤਾ ਨਹੀਂ। ਸੋ ਕੋਈ ਵੀ ਗੱਲ ਸਥਿਰ ਨਹੀਂ ਰਿਹਾ ਕਰਦੀ। ਇਹ ਸੰਸਾਰ ਪ੍ਰਮੇਸ਼ਰ ਨੇ ਬਣਾਇਆ ਹੀ ਇਸ ਤਰ੍ਹਾਂ ਦੇ ਨਾਲ ਹੈ ਜਿਵੇਂ ਸੁਪਨਾ ਹੁੰਦਾ ਹੈ -

***ਧਾਰਨਾ - ਜਗ ਜੀਵਨ ਐਸਾ ਜੀ,***
***ਸੁਪਨੇ ਜੈਸਾ, ਸੁਪਨੇ ਜੈਸਾ - 2, 2.***
***ਸੁਪਨੇ ਜੈਸਾ, ਸੁਪਨੇ ਜੈਸਾ - 2, 2.***
***ਜਗ ਜੀਵਨ ਐਸਾ ਜੀ,.......2***

***ਜਗਿ ਜੀਵਨੁ ਐਸਾ ਸੁਪਨੇ ਜੈਸਾ.......॥***
***ਪੰਨਾ - 482***

ਸੁਪਨੇ ਦੀ ਮਿਆਦ ਕੇਵਲ 12 ਸੈਕਿੰਡ ਦੀ ਹੋਇਆ ਕਰਦੀ ਹੈ। ਸਾਧ ਸੰਗਤ ਜੀ! ਸੁਪਨੇ ਵਰਗਾ ਹੀ ਇਹ ਸੰਸਾਰ ਹੈ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***
***ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ਪੰਨਾ - 808***

ਜੋ ਕੁਝ ਸਾਨੂੰ ਦਿਸਦਾ ਹੈ, ਇਹ ਸੁਪਨਾ ਵੱਡਾ ਹੈ, ਰਾਤ ਦਾ ਸੁਪਨਾ ਛੋਟਾ ਹੈ ਪਰ ਹੈ ਸੁਪਨਾ ਹੀ। ਜਦੋਂ ਗਿਆਨ ਹੋ ਗਿਆ, ਫੇਰ ਸੋਝੀ ਪੈਂਦੀ ਹੈ ਕਿ ਇਹ ਤਾਂ ਸੁਪਨੇ ਨਾਲ ਹੀ ਚਿਤ ਲਾਇਆ ਹੋਇਆ ਹੈ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥ ਪੰਨਾ - 707***

***ਧਾਰਨਾ - ਲਾ ਲਿਆ ਮੂਰਖਾ,***
***ਚਿਤ ਨਾਲ ਸੁਪਨੇ ਦੇ - 2, 2.***
***ਨਾਲ ਸੁਪਨੇ ਦੇ, ਚਿਤ ਨਾਲ ਸੁਪਨੇ ਦੇ-2, 2***

## *ਲਾ ਲਿਆ ਮੂਰਖਾ,........2*

ਕਿਸੇ ਨੂੰ ਸੁਪਨਾ ਆ ਜਾਵੇ, ਸੁਪਨੇ ਵਿਚ ਉਹ ਰਾਜਾ ਬਣ ਜਾਵੇ ਜਾਂ ਗਰੀਬ ਹੋ ਜਾਵੇ, ਮੁੜ ਕੇ ਉਸੇ ਤਰ੍ਹਾਂ ਦਾ ਅਭਾਸ ਉਸ ਦੇ ਅੰਦਰ ਆ ਜਾਵੇ ਤਾਂ ਲੋਕ ਉਸ ਨੂੰ ਮੂਰਖ ਆਖਦੇ ਹਨ।

ਇਕ ਵਾਰੀ ਇਕ ਭੜਭੂੰਜਾ ਇਕ ਨਗਰ ਵਿਚ ਰਹਿੰਦਾ ਸੀ। ਇਕ ਰਾਜਾ ਇਕ ਦਿਨ ਉਸ ਨਗਰ ਵਿਚ ਆ ਗਿਆ। ਉਸ ਭੜਭੂੰਜੇ ਦੇ ਮਨ ਵਿਚ ਆਇਆ ਕਿ ਦੇਖਣਾ ਚਾਹੀਦਾ ਹੈ ਕਿ ਰਾਜੇ ਲੋਕ ਕਿਵੇਂ ਰਹਿੰਦੇ ਨੇ, ਕਿਵੇਂ ਖਾਂਦੇ ਪੀਂਦੇ ਨੇ, ਕਿਵੇਂ ਸੌਂਦੇ ਨੇ, ਕਿਵੇਂ ਗੱਲਾਂ ਕਰਦੇ ਨੇ। ਪਿਛਲੇ ਸਮਿਆਂ ਅੰਦਰ ਰਾਜੇ ਮਹਾਰਾਜਿਆਂ ਨੂੰ ਮਿਲਣਾ ਤਾਂ ਕੀ, ਉਨ੍ਹਾਂ ਦੇ ਦਰਸ਼ਨ ਤਕ ਵੀ ਨਹੀਂ ਸੀ ਕੋਈ ਕਰ ਸਕਿਆ ਕਰਦਾ, ਰਾਜੇ ਤੋਂ ਇਨ੍ਹਾਂ ਲੋਕਾਂ ਨੂੰ ਦੂਰ ਰੱਖਿਆ ਜਾਂਦਾ ਸੀ ਕਿਉਂਕਿ ਇਕ ਪੁਰਖੀ ਰਾਜ ਦੇ ਅੰਦਰ ਡਰ ਹੁੰਦਾ ਹੈ, ਡਰ ਕਰਕੇ ਨੇੜੇ ਨਹੀਂ ਸੀ ਆਉਣ ਦਿੰਦੇ ਕਿਸੇ ਨੂੰ। ਰਾਜਾ ਇਕ ਬਾਗ ਵਿਚ ਠਹਿਰਿਆ ਹੋਇਆ ਸੀ। ਭੜਭੂੰਜਾ ਇਕ ਉਚੇ ਦਰਖਤ ਤੇ ਚੜ੍ਹ ਕੇ ਛੁਪ ਕੇ ਬੈਠ ਗਿਆ। ਉਥੋਂ ਰਾਜੇ ਦੀ ਸਾਰੀ ਕਿਰਿਆ ਦੇਖਦਾ ਰਿਹਾ; ਕਿਵੇਂ ਰਾਣੀਆਂ ਨਾਲ ਗੱਲਾਂ ਕਰਦਾ ਹੈ, ਕਿਵੇਂ ਤੁਰਦਾ ਫਿਰਦਾ ਹੈ ਆਦਿ। ਸਾਰਾ ਕੁਝ ਦੇਖ ਕੇ ਉਸ ਨੂੰ ਪਰਪੱਕ ਹੋ ਗਿਆ ਕਿ ਜੇ ਮੈਂ ਰਾਜਾ ਬਣ ਜਾਵਾਂ ਤਾਂ ਮੇਰੀ ਕਿਸਮਤ ਕਿੰਨੀ ਪਲਟ ਜਾਵੇ। ਹਰ ਵਕਤ ਇਹੀ ਗੱਲ ਸੋਚਦਾ ਰਿਹਾ ਕਰੇ। ਇਕ ਦਿਨ ਦੁਪਹਿਰ ਦਾ ਸਮਾਂ ਸੀ, ਗਾਹਕ ਕੋਈ ਆਇਆ ਨਾ, ਛੋਲੇ ਵੇਚਦਾ-ਵੇਚਦਾ ਸੌਂ ਗਿਆ। ਸੁੱਤੇ ਪਏ ਨੂੰ ਸੁਪਨਾ ਆ ਗਿਆ ਕਿ ਮੈਂ ਰਾਜਾ ਬਣ ਗਿਆ। ਜਿੰਨੀਆਂ ਸਹੂਲਤਾਂ ਰਾਜੇ ਨੂੰ ਹੁੰਦੀਆਂ ਹਨ, ਉਹ ਸਾਰੀਆਂ ਮਿਲ ਗਈਆਂ, ਰਾਣੀਆਂ ਮਿਲ ਗਈਆਂ। ਜਿਸ ਤਰ੍ਹਾਂ ਦਾ ਅਧਿਆਸ ਪੱਕਿਆ ਹੋਇਆ ਸੀ, ਉਸੇ ਤਰ੍ਹਾਂ ਨਾਲ ਸੁਪਨੇ ਵਿਚ ਕਰਨ ਲਗ ਗਿਆ। ਜਦੋਂ ਜਾਗ ਆਈ ਤਾਂ ਜੋ ਸੁਪਨੇ ਵਿਚ ਵਾਪਰਿਆ ਸੀ, ਅਧਿਆਸ ਪੱਕਣ ਕਰਕੇ ਉਹੋ ਕੁਝ ਦੇਖ ਰਿਹਾ ਹੈ। ਇਤਨੇ ਨੂੰ ਇਕ ਗਾਹਕ ਆ ਗਿਆ ਤੇ ਕਹਿਣ ਲੱਗੇ, "ਓ ਭੜਭੂੰਜੇ! ਮੈਨੂੰ ਇਕ ਪੈਸੇ ਦੇ ਛੋਲੇ ਦੇਹ।" ਉਸ ਨੇ ਦੋ ਤਿੰਨ ਵਾਰ ਕਿਹਾ ਪਰ ਉਹ ਬੋਲੇ ਹੀ ਨਾ। ਇਤਨੇ ਨੂੰ ਆਵਾਜ਼ ਸੁਣ ਕੇ ਅੰਦਰੋਂ ਉਸ ਦੇ ਘਰ ਵਾਲੀ ਆ ਗਈ। ਕਹਿੰਦੀ, ਤੂੰ ਉਠਦਾ ਕਿਉਂ ਨਹੀਂ, ਮਸਾਂ ਗਾਹਕ ਆਇਆ ਹੈ ਦੁਪਹਿਰ ਨੂੰ। ਉਸ ਨੇ ਫੇਰ ਵੀ ਨਾ ਸੁਣਿਆ ਕਿ ਇਹ ਕਿਸੇ ਭੜਭੂੰਜੇ ਨੂੰ ਕਹਿ ਰਹੇ ਹਨ, ਮੈਂ ਤਾਂ ਰਾਜਾ ਹਾਂ। ਉਸ ਭੜਭੂੰਜੇ ਨੂੰ ਰਾਜੇ ਦਾ ਅਧਿਆਸ ਪੱਕ ਗਿਆ। ਇਤਨੇ ਨੂੰ ਜਦੋਂ ਉਹ ਨਾ ਉਠਿਆ ਤਾਂ ਉਸਦੀ ਘਰ ਵਾਲੀ ਨੇ ਲੱਤ ਮਾਰੀ। ਕਹਿਣ ਲੱਗਿਆ, "ਕੌਣ ਹੈ, ਪਕੜੋ ਇਸਨੂੰ।" ਘਰਵਾਲੀ ਕਹਿੰਦੀ, ਇਥੇ ਕੌਣ ਹੈ - ਇਕ ਮੈਂ ਹਾਂ, ਇਕ ਤੂੰ ਹੈਂ, ਇਕ ਗਾਹਕ ਖੜ੍ਹਾ ਹੈ। ਕਹਿੰਦਾ ਤੂੰ ਤਾਂ ਮੇਰਾ ਰਾਜ ਹੀ ਖਤਮ ਕਰ ਦਿਤਾ, ਮੈਂ ਤਾਂ ਰਾਜਾ ਬਣਿਆ ਹੋਇਆ ਸੀ, ਸਾਰੀਆਂ ਸਹੂਲਤਾਂ ਸਨ ਮੇਰੇ ਕੋਲ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਇਹ ਸੰਸਾਰ ਇਕ ਸੁਪਨਾ ਹੈ।

***ਜਗਿ ਜੀਵਨੁ ਐਸਾ ਸੁਪਨੇ ਜੈਸਾ.......॥***
***ਪੰਨਾ - 482***

ਇਹਨੂੰ ਕਿਉਂ ਪੱਕਾ ਕਰਕੇ ਮੰਨੀਂ ਬੈਠਾ ਹੈਂ, ਇਹ ਤਾਂ ਰਹਿਣਾ ਨਹੀਂ, ਇਥੋਂ ਸਭ ਨੇ ਚਲੇ ਜਾਣਾ ਹੈ। ਅੱਜ ਤਕ ਸੰਸਾਰ ਤੇ ਕੋਈ ਰਿਹਾ ਨਹੀਂ, ਕਾਲ ਕਿਸੇ ਦਾ ਲਿਹਾਜ਼ ਨਹੀਂ ਕਰਿਆ ਕਰਦਾ। ਜਦੋਂ ਉਸ ਨੇ ਆਉਣਾ ਹੈ, ਆ ਹੀ ਜਾਣਾ ਹੈ।

ਇਕ ਵਾਰ ਵਿਆਸ ਜੀ, ਜੋ ਚਾਰੇ ਵੇਦਾਂ ਦੇ ਗਿਆਤਾ ਸਨ, ਜਿਨ੍ਹਾਂ ਨੇ ਵੇਦਾਂਤ ਸਾਸ਼ਤਰ ਲਿਖਿਆ ਹੈ ਅਤੇ ਬਾਕੀ ਸਾਰੇ ਸਾਸ਼ਤਰਾਂ ਦਾ edit (ਸੰਪਾਦਨ) ਕੀਤਾ ਹੈ, ਆਪ ਦਾ ਜੋ ਨੌਕਰ ਸੀ, ਇਸ਼ਾਰੇ ਨਾਲ ਹੀ ਸੇਵਾ ਕਰਿਆ ਕਰਦਾ ਸੀ। ਜਦੋਂ ਇਸ਼ਾਰਾ ਹੋਣਾ ਓਸੇ ਵੇਲੇ ਕੰਮ ਕਰ ਦੇਣਾ। ਉਸ ਨੂੰ ਪਤਾ ਹੁੰਦਾ ਸੀ ਕਿ ਇਹ ਮੈਨੂੰ ਹੁਣ ਆਹ ਗੱਲ ਕਹਿਣ ਵਾਲੇ ਨੇ। ਉਹ ਵੀ ਹੈਰਾਨ ਸਨ ਕਿ ਅਸੀਂ ਅਜੇ ਇਸ ਨੂੰ ਕੰਮ ਵਾਸਤੇ ਕਹਿਣ ਲਈ ਸੋਚਦੇ ਹੀ ਹਾਂ, ਇਹ ਪਹਿਲਾਂ ਹੀ ਕਰ ਦਿੰਦਾ ਹੈ। ਵਿਆਸ ਜੀ ਦੇ ਮਨ ਵਿਚ ਆਇਆ ਕਿ ਇਸ ਦੀ ਉਮਰ ਤਾਂ ਥੋੜ੍ਹੀ ਜਿਹੀ ਹੈ, ਕਿਉਂ ਨਾ ਮੈਂ ਇਸ ਨੂੰ ਆਪਣੇ ਜਿੰਨੀ ਉਮਰ ਦਾ ਬਣਾ ਲਵਾਂ। ਬਿਆਸ ਜੀ ਦੀ ਉਮਰ 4 ਅਰਬ 32 ਕਰੋੜ ਸਾਲ (ਇਕ ਕਲਪ) ਦੀ ਹੈ, ਉਹ ਆ ਜਾਂਦਾ ਹੈ, ਚਲਿਆ ਜਾਂਦਾ ਹੈ, ਫੇਰ ਆ ਜਾਂਦਾ ਹੈ, ਫੇਰ ਚਲੇ ਜਾਂਦਾ ਹੈ। ਜਿਤਨਾ ਲਿਟਰੇਚਰ ਹੈ, knowledge (ਗਿਆਨ) ਹੈ, ਸਭ ਵਿਆਸ ਜੀ ਤੋਂ ਨਿਕਲੀ ਦਸਦੇ ਨੇ। ਇਹ ਗੱਲ ਸੋਚ ਕੇ ਉਹ ਬ੍ਰਹਮਾ ਜੀ ਨਾਲ ਗੱਲ ਕਰਨ ਲੱਗੇ। ਕਹਿੰਦੇ ਨੇ ਕਿ ਤੁਸੀਂ ਸੰਸਾਰ ਨੂੰ ਪੈਦਾ ਕਰਦੇ ਹੋਂ, ਤੁਸੀਂ ਇਸ ਤਰ੍ਹਾਂ ਕਰੋ ਕਿ ਇਹ ਜੋ ਮੇਰਾ ਨੌਕਰ ਹੈ, ਜਿਤਨੀ ਦੇਰ ਤਕ ਮੈਂ ਕਾਰਕ ਹੋਣ ਦੇ ਨਾਤੇ ਉਮਰ ਭੋਗਣੀ ਹੈ, ਓਨੀਂ ਦੇਰ ਤਕ ਇਹ ਵੀ ਮੇਰੇ ਨਾਲ ਹੀ ਰਹੇ। ਬ੍ਰਹਮਾ ਜੀ ਕਹਿਣ ਲੱਗੇ ਕਿ ਇਹ ਤਾਂ ਮੇਰੇ ਅਖਤਿਆਰ ਵਿਚ ਨਹੀਂ ਹੈ, ਕਾਲ ਤਾਂ ਸ਼ਿਵ ਜੀ ਦੇ ਅਖਤਿਆਰ ਵਿਚ ਹੈ -

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਪੰਨਾ - 7***

ਸੰਸਾਰ ਨੂੰ ਖਤਮ ਕਰਨਾ ਤਾਂ ਉਨ੍ਹਾਂ ਦੇ ਹੱਥ ਵਿਚ ਹੈ, ਤਮੋ ਗੁਣ ਨੂੰ ਉਹ ਹੀ ਖਤਮ ਕਰਿਆ ਕਰਦੇ ਹਨ। ਇਸ ਲਈ ਉਨ੍ਹਾਂ ਨਾਲ ਗੱਲ ਕੀਤੀ ਜਾਵੇ। ਉਨ੍ਹਾਂ ਪਾਸ ਚਲੇ ਗਏ। ਉਹ ਕਹਿਣ ਲੱਗੇ ਕਿ ਮੈਂ ਤਾਂ ਇਸ ਵਿਚ ਆਪਣੇ ਵਲੋਂ ਕੁਝ ਨਹੀਂ ਕਰਿਆ ਕਰਦਾ, ਇਹ ਤਾਂ ਸਭ ਕੁਝ ਪਹਿਲਾਂ ਹੀ ਸੈਟ ਹੋਇਆ ਪਿਆ ਹੈ। ਵਿਆਸ ਜੀ! ਮੈਂ ਤੁਹਾਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ, ਚੰਗਾ ਹੋਵੇਗਾ ਜੇ ਆਪਾਂ ਧਰਮਰਾਜ ਕੋਲ ਚੱਲੀਏ। ਕਿਸੇ ਜੀਵ ਨੂੰ ਲਿਆਉਣ ਵਾਸਤੇ ਧਰਮਰਾਜ ਵਲੋਂ ਹੀ ਮ੍ਰਿਤੂ ਨੂੰ ਭੇਜਿਆ ਜਾਂਦਾ ਹੈ। ਇਸ ਲਈ ਆਪਾਂ ਧਰਮਰਾਜ ਨੂੰ ਕਹਿ ਦਿੰਦੇ ਹਾਂ ਕਿ ਉਹ ਮ੍ਰਿਤੂ ਨੂੰ ਇਸ ਨੌਕਰ ਨੂੰ ਲਿਆਉਣ ਵਾਸਤੇ ਨਾ ਭੇਜੇ। ਇਸ ਤਰ੍ਹਾਂ ਬ੍ਰਹਮਾ ਜੀ, ਸ਼ਿਵ ਜੀ,

ਬਿਆਸ ਜੀ ਅਤੇ ਨੌਕਰ ਧਰਮਰਾਜ ਕੋਲ ਚਲੇ ਗਏ। ਧਰਮਰਾਜ ਨੇ ਉਨ੍ਹਾਂ ਦਾ ਬੜਾ ਸਤਿਕਾਰ ਕੀਤਾ ਅਤੇ ਆਉਣ ਦਾ ਪ੍ਰਯੋਜਨ ਪੁਛਿਆ। ਸਾਰੀ ਗੱਲ ਧਰਮਰਾਜ ਨੂੰ ਦੱਸੀ ਅਤੇ ਕਿਹਾ ਕਿ ਅਸੀਂ ਇਸ ਦੀ ਸਿਫਾਰਸ਼ ਲੈ ਕੇ ਆਏ ਹਾਂ ਕਿ ਨੌਕਰ ਦਾ ਕਾਲ ਨਾ ਆਵੇ ਅਤੇ ਤੁਸੀਂ ਮ੍ਰਿਤੂ ਨੂੰ ਕਹਿ ਦਿਉ ਕਿ ਇਸ ਨੂੰ ਮਾਰੇ ਨਾ। ਫਿਰ ਸਾਰੇ ਇਕੱਠੇ ਹੋ ਕੇ ਕਾਲ ਦੇ ਕੋਲ ਚਲੇ ਗਏ ਕਿ ਤੁਸੀਂ ਮ੍ਰਿਤੂ ਨੂੰ ਕਹਿ ਦਿਓ। ਮ੍ਰਿਤੂ ਕੋਲ ਗਏ ਤਾਂ ਉਹ ਕਹਿਣ ਲੱਗੀ ਕਿ ਮੈਂ ਤਾਂ ਕੁਝ ਨਹੀਂ ਕਰਦੀ, ਮੈਨੂੰ ਤਾਂ ਚਿਤਰ ਗੁਪਤ ਪ੍ਰਵਾਨਾ ਦਿੰਦੇ ਨੇ। ਕਾਲ ਪ੍ਰੇਰਨਾ ਕਰਦਾ ਹੈ, ਮੈਂ ਉਨ੍ਹਾਂ ਪਾਸ ਜਾਂਦੀ ਹਾਂ ਅਤੇ confirm (ਪੱਕਾ) ਕਰਦੀ ਹਾਂ ਕਿ ਕਿਸ ਦੀ ਵਾਰੀ ਆਈ ਹੋਈ ਹੈ। ਉਹ ਮੈਨੂੰ ਪ੍ਰਵਾਨਾ ਦਿੰਦੇ ਨੇ, ਉਨ੍ਹਾਂ ਕੋਲ ਚਲੋ, ਉਨ੍ਹਾਂ ਦੀਆਂ ਵਹੀਆਂ ਵਿਚ ਪੱਕੀ ਤਰ੍ਹਾਂ ਲਿਖਵਾ ਦੇਈਏ ਕਿ ਇਸ ਨੂੰ ਮਾਰਨਾ ਨਹੀਂ। ਜਦੋਂ ਉਥੇ ਗਏ ਤਾਂ ਨੌਕਰ ਬਾਹਰ ਹੀ ਬੈਠ ਗਿਆ, ਉਸ ਨੂੰ ਇਕ ਐਸੀ ਤਕਲੀਫ ਹੋਈ ਕਿ ਦੜੰਮ ਕਰਕੇ ਗਿਰ ਗਿਆ ਅਤੇ ਉਥੇ ਹੀ ਪ੍ਰਾਣ ਨਿਕਲ ਗਏ। ਓਧਰ ਉਨ੍ਹਾਂ ਸਾਰਿਆਂ ਨੇ ਚਿਤਰ ਗੁਪਤ ਨੂੰ ਕਿਹਾ ਕਿ ਇਸ ਨਾਂ ਦਾ ਜੋ ਬਿਆਸ ਜੀ ਦਾ ਨੌਕਰ ਹੈ, ਇਸ ਨੂੰ ਤੁਸੀਂ ਮਾਰਨਾ ਨਹੀਂ। ਕਹਿਣ ਲੱਗੇ ਕਿ ਉਹ ਤਾਂ ਮਰ ਗਿਆ, ਉਹ ਤਾਂ ਮਰ ਚੁਕਿਆ ਹੈ, ਸਾਡੇ ਕੋਲ ਤਾਂ ਇਹ ਲਿਖਿਆ ਹੋਇਆ ਹੈ ਕਿ ਜਦੋਂ ਬ੍ਰਹਮਾ ਜੀ, ਵਿਸ਼ਨੂੰ ਜੀ, ਬਿਆਸ ਜੀ, ਧਰਮਰਾਜ, ਕਾਲ ਤੇ ਮ੍ਰਿਤੂ, ਨੌਕਰ ਨੂੰ ਨਾਲ ਲੈ ਕੇ ਇੱਕਠੇ ਹੋ ਕੇ ਚਿਤਰ ਗੁਪਤ ਕੋਲ ਆਉਣਗੇ, ਉਸ ਵੇਲੇ ਉਸ ਦੀ ਮੌਤ ਹੋ ਜਾਏਗੀ, ਇਹ ਤਾਂ ਸਾਡੇ ਕੋਲ ਪਹਿਲਾਂ ਹੀ ਲਿਖਿਆ ਪਿਆ ਹੈ। ਹੁਣ ਤਾਂ ਉਹ ਮਰ ਚੁਕਿਆ ਹੈ। ਸੋ ਕਿਸੇ ਤਰੀਕੇ ਨਾਲ ਵੀ ਬੰਦਾ ਸੰਸਾਰ ਤੋਂ ਜਾਣ ਨੂੰ avoid ਨਹੀਂ ਕਰ ਸਕਦਾ, ਟਾਲ ਨਹੀਂ ਸਕਿਆ ਕਰਦਾ, ਇਹ ਤਾਂ ਅਟੱਲ ਸਚਾਈ ਹੈ। ਉਹ ਬੰਦਾ ਮੂਰਖ ਹੈ ਜੋ ਕਹੇ ਕਿ ਮੈਂ ਸਦਾ ਹੀ ਇਥੇ ਰਹਿਣਾ ਹੈ, ਮੈਂ ਨਹੀਂ ਸੰਸਾਰ ਤੋਂ ਜਾਣਾ। ਜਦੋਂ ਇਹ ਗੱਲ ਮਨ ਵਿਚ ਆ ਜਾਵੇ ਫਿਰ ਇਹ ਗਲਤੀਆਂ ਕਰਿਆ ਕਰਦਾ ਹੈ। ਪਰ ਜਿਸ ਨੂੰ ਇਹ ਯਾਦ ਹੋ ਜਾਵੇ ਕਿ ਸੰਸਾਰ ਤੋਂ ਚਲੇ ਜਾਣਾ ਹੈ, ਇਹ ਰਹਿਣ ਦੀ ਜਗ੍ਹਾ ਨਹੀਂ ਹੈ, ਵੱਡੇ-ਵੱਡੇ ਵੀ ਸੰਸਾਰ ਤੋਂ ਆ ਕੇ ਚਲੇ ਗਏ ਪਰ ਸਦਾ ਵਾਸਤੇ ਨਾ ਕੋਈ ਇਥੇ ਰਿਹਾ, ਨਾ ਹੀ ਕਿਸੇ ਨੇ ਰਹਿਣਾ ਹੈ। ਫੇਰ ਇਹ ਗਲਤੀਆਂ ਨਹੀਂ ਕਰਦਾ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ-

***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***

***ਭੂਮ ਹੀ ਤੇ ਹੁਇਕੈ ਫੇਰੇ ਭੂਮਿ ਹੀ ਮਿਲਏ ਹੈਂ॥***
***ਅਕਾਲ ਉਸਤਤਿ***

ਇਹ ਸੰਸਾਰ ਰਹਿਣ ਦੀ ਥਾਂ ਨਹੀਂ ਹੈ, ਜੋ ਵੀ ਸੰਸਾਰ ਤੇ ਆਇਆ ਹੈ, ਉਸ ਨੇ ਅਵੱਸ਼ ਹੀ ਜਾਣਾ ਹੈ। ਸਰਾਂ ਦੇ ਵਿਚ ਮੁਸਾਫਰ ਆ ਕੇ ਠਹਿਰਦੇ ਹਨ, ਰਾਤ ਕੱਟਦੇ ਹਨ ਤੇ ਚਲੇ ਜਾਂਦੇ ਹਨ। ਜਿਸ ਦੇ ਮਨ ਵਿਚ ਇਹ ਗੱਲ ਪੱਕੀ ਹੋ ਜਾਵੇ ਕਿ ਇਥੋਂ ਚਲੇ ਜਾਣਾ ਹੈ, ਫਿਰ ਉਹ ਸੋਚਦਾ ਹੈ ਕਿ ਜਾਣਾ ਤਾਂ ਹੈ ਪਰ ਜਾਣਾ ਕਿਥੇ ਹੈ, ਉਹ ਕਿਹੋ ਜਿਹੀ ਜਗ੍ਹਾ ਹੈ, ਉਥੇ ਜਾ ਕੇ ਮੇਰੇ ਨਾਲ ਕੀ ਵਾਪਰਨਾ ਹੈ? ਕਿਹੋ ਜਿਹਾ ਵਰਤਾਰਾ ਹੋਣਾ ਹੈ? ਮੈਂ ਸੰਸਾਰ ਉਤੇ ਆਇਆ ਕਿਸ ਵਾਸਤੇ ਹਾਂ? ਦੋ ਤਰ੍ਹਾਂ ਦੇ ਨਾਲ ਜ਼ਿੰਦਗੀ ਗੁਜ਼ਰਦੀ ਹੈ; ਇਕ ਤਾਂ ਉਹ ਨੇ ਜਿਨ੍ਹਾਂ ਨੂੰ ਇਸ ਗੱਲ ਦੀ ਸੋਝੀ ਆ ਗਈ, ਇਕ ਉਹ ਨੇ ਜਿਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਆਈ –

***ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥***

***ਪੰਨਾ – 1383***

ਇਕ ਬੇਪਰਵਾਹੀ ਵਿਚ ਗਫਲਤ ਕਰਕੇ ਆਪਣਾ ਜਨਮ ਬਰਬਾਦ ਕਰ ਲੈਂਦੇ ਨੇ। ਸੰਸਾਰ ਤੇ ਆਉਣਾ ਸਫਲ ਓਨ੍ਹਾਂ ਦਾ ਹੀ ਹੈ ਜੋ –

***ਆਇਆ ਸਫਲ ਤਾਹੂ ਕੋ ਗਨੀਐ॥***
***ਜਾਸੁ ਰਸਨ ਹਰਿ ਹਰਿ ਜਸੁ ਭਨੀਐ॥***
***ਆਇ ਬਸਹਿ ਸਾਧੂ ਕੈ ਸੰਗੇ॥***
***ਅਨਦਿਨੁ ਨਾਮੁ ਧਿਆਵਹਿ ਰੰਗੇ॥*** ***ਪੰਨਾ – 252***

ਦੂਸਰੇ ਪਾਸੇ ਇਹ ਹੈ ਕਿ ਜੋ ਇਥੇ ਆ ਕੇ ਵਿਸ਼ੇ ਵਿਕਾਰਾਂ ਵਿਚ ਪੈ ਕੇ, ਭੋਗਾਂ ਵਿਚ ਪ੍ਰਵਿਰਤ ਹੋ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਈਰਖਾ; ਸ਼ਬਦ, ਸਪਰਸ਼, ਰੂਪ, ਰਸ, ਗੰਧ – ਪੰਜ ਵਿਸ਼ਿਆਂ ਦੇ ਅਧੀਨ ਹੋ ਕੇ ਜਨਮ ਬਿਰਥਾ ਗਵਾ ਦਿੰਦਾ ਹੈ, ਮਹਾਰਾਜ ਜੀ ਉਸ ਤੇ ਸਵਾਲ ਕਰਦੇ ਨੇ ਕਿ ਸੰਸਾਰ ਤੇ ਉਸ ਦੇ ਆਉਣ ਦਾ ਕੀ ਫਾਇਦਾ ਸੀ? ਉਹਨੇ ਕੁਝ ਖਟਿਆ ਨਾ –

***ਧਾਰਨਾ – ਪਿਆਰੇ ਜੀ, ਜਗਤ ਉਤੇ ਆਏ ਕਾਸ ਨੂੰ – 2, 2.***
***ਜਿਹੜੇ ਨਾਮ ਨਾ ਹਰੀ ਦਾ ਜਪਦੇ – 2, 2.***
***ਪਿਆਰੇ ਜੀ, ਜਗਤ ਉਤੇ.......2***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥***

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ਪੰਨਾ - 450*

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ - 1073*

ਇਸ ਤਰ੍ਹਾਂ ਦੇ ਨਾਲ ਸਾਧ ਸੰਗਤ ਜੀ! ਸੰਸਾਰ ਤੇ ਦੋ ਕਿਸਮ ਦੇ ਬੰਦੇ ਨੇ। ਤੀਸਰੀ ਕਿਸਮ ਦੇ ਬੰਦੇ ਘੱਟ ਹਨ ਜਿਹੜੇ ਇਹ ਜਾਣਦੇ ਨੇ ਕਿ ਸੰਸਾਰ ਤੇ ਬੰਦਗੀ ਕਰਨ ਵਾਸਤੇ ਆਏ ਹਾਂ, ਮਾਨਸ ਦੇਹ ਸਾਨੂੰ ਪ੍ਰਾਪਤ ਹੋਈ ਹੈ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

*ਪੰਨਾ - 632*

ਮਹਾਰਾਜ ਸਮਝਾਉਂਦੇ ਨੇ ਕਿ ਤੇਰੀ ਵਾਰੀ ਆ ਗਈ ਮਿਲਣ ਦੀ, ਤੂੰ ਇਹ ਕੰਮ ਕਿਉਂ ਨਹੀਂ ਕਰਦਾ, ਕਿਉਂ ਨਹੀਂ ਨਾਮ ਜਪਦਾ। ਕਦੇ ਸੋਚ ਤਾਂ ਸਹੀ serious (ਗੰਭੀਰ) ਹੋ ਕੇ। ਤੂੰ ਪੜ੍ਹਿਆ ਲਿਖਿਆ ਬੰਦਾ ਹੈਂ, ਤੇਰੇ ਅੰਦਰ ਨਿਹਚਾ ਵੀ ਹੈ, ਫਿਰ ਕਮੀ ਕਿਸ ਗੱਲ ਦੀ ਹੈ, ਕਿਉਂ ਨਹੀਂ ਤੂੰ ਨਾਮ ਜਪਣ ਲਗਦਾ, ਬੰਦਗੀ ਕਿਉਂ ਨਹੀਂ ਕਰਦਾ, ਆਪਣੇ ਜਨਮ ਪਦਾਰਥ ਨੂੰ ਕਿਉਂ ਨਹੀਂ ਜਿੱਤ ਰਿਹਾ, ਹਾਰਦਾ ਚਲਾ ਜਾ ਰਿਹਾ ਹੈਂ।

ਸੋ ਐਸੇ ਉਪਦੇਸ਼ ਸੁਣ ਕੇ ਬੇਣੀ ਦੇ ਉਤੇ ਬਹੁਤ ਡੂੰਘਾ ਅਸਰ ਹੋਇਆ ਕਿ ਉਸ ਨੇ ਆਪਣਾ ਫੈਸਲਾ ਹੀ ਕਰ ਲਿਆ। ਸਤਿਸੰਗ ਦੋ ਕਿਸਮ ਦਾ ਹੁੰਦਾ ਹੈ - ਇਕ ਅੰਦਰਲਾ ਤੇ ਇਕ ਬਾਹਰਲਾ। ਜੋ ਬਾਹਰਲਾ ਸਤਿਸੰਗ ਸੁਣ ਕੇ, ਅੰਦਰ ਜਾ ਕੇ ਨਿਧਿਆਸਣ ਕਰਦਾ ਹੈ, ਉਹ ਉਸ ਦਾ ਫਲ ਪ੍ਰਾਪਤ ਕਰ ਲਿਆ ਕਰਦਾ ਹੈ। ਜਿਹੜਾ ਕੋਈ ਸਤਿਸੰਗ ਕਰਕੇ, ਬਾਹਰੋਂ ਸੁਣ ਕੇ ਹੀ ਛੱਡ ਦੇਵੇ, ਉਸ ਦਾ ਫਲ ਤਾਂ ਪ੍ਰਾਪਤ ਹੈ ਪਰ ਓਨਾਂ ਨਹੀਂ ਜਿੰਨਾ ਹੋਣਾ ਚਾਹੀਦਾ ਹੈ। ਸਤਿਸੰਗ ਦਾ ਰਸ ਤਾਂ ਜ਼ਰੂਰ ਪ੍ਰਾਪਤ ਹੁੰਦਾ ਹੈ, ਪਰ ਸਤਿਸੰਗ ਦਾ ਜੋ ਅਸਲ ਮਨੋਰਥ ਹੈ, ਉਹ ਸਿੱਧ ਨਹੀਂ ਹੋਇਆ ਕਰਦਾ, ਉਸ ਤੋਂ ਵਾਂਝਾ ਰਹਿ ਜਾਂਦਾ ਹੈ ਕਿਉਂਕਿ ਉਸਨੇ ਨਿਧਿਆਸਣ ਨਹੀਂ ਕੀਤਾ ਉਸ ਦਾ। ਜੋ ਸਤਿਸੰਗ ਵਿਚ ਵਿਚਾਰਾਂ ਕੀਤੀਆਂ ਗਈਆਂ ਸਨ, ਸਭ ਕੁਝ ਭੁੱਲ ਗਿਆ।

ਰੋਪੜ ਜ਼ਿਲੇ ਵਿਚ ਜਦ ਤੋਂ ਸਤਿਸੰਗ ਸ਼ੁਰੂ ਕੀਤੇ ਨੇ, ਮੈਂ ਕੋਈ

4000 ਘੰਟੇ ਬੋਲਿਆ ਹਾਂ - ਤਿੰਨ-ਚਾਰ ਸਾਲਾਂ ਦੇ ਵਿਚ। ਦੋ-ਦੋ, ਤਿੰਨ-ਤਿੰਨ ਪ੍ਰੋਗਰਾਮ ਵੀ ਰੋਜ਼ਾਨਾ ਦੇ ਹੋਏ ਨੇ ਪਰ ਉਸ ਸਾਰੇ ਦੇ ਬਾਰੇ ਕੋਈ ਬੰਦਾ ਦੋ ਘੰਟੇ ਵੀ ਨਹੀਂ ਦਸ ਸਕਦਾ - ਨਾਲ ਰਹਿਣ ਵਾਲਾ ਵੀ ਤੇ ਬਾਹਰਲਾ ਵੀ। ਲਗਾਤਾਰ ਦੋ ਘੰਟੇ ਤਾਂ ਬਹੁਤੇ ਨੇ, ਕੋਈ ਇਕ ਘੰਟੇ ਵਿਚ ਹੀ ਦਸ ਦੇਵੇ ਕਿ 4000 ਘੰਟੇ ਵਿਚ ਕੀ ਕਿਹਾ ਹੈ। ਨਿਧਿਆਸਣ ਨਾ ਹੋਣ ਕਰਕੇ ਗੱਲ ਭੁੱਲ ਜਾਂਦੀ ਹੈ, ਲੰਘ ਜਾਂਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਸਤਿਸੰਗ ਕਰਨ ਵੇਲੇ ਗੰਭੀਰ ਨਹੀਂ ਸੀ। ਗੰਭੀਰ ਤਾਂ ਸਨ, ਇਸ ਕਰਕੇ ਤਾਂ ਡੇਢ ਦੋ ਸਾਲਾਂ ਵਿਚ 25000 ਪ੍ਰਾਣੀਆਂ ਨੇ ਅੰਮ੍ਰਿਤ ਛਕ ਲਿਆ। ਜੇ ਉਹ serious (ਗੰਭੀਰ) ਨਾ ਹੁੰਦੇ, ਫੇਰ ਤਾਂ ਇਕ ਵੀ ਬੰਦਾ ਇਸ ਪਾਸੇ ਨਾ ਆਉਂਦਾ ਪਰ ਫਰਕ ਕੇਵਲ ਇਤਨਾ ਸੀ ਕਿ ਉਹ ਨਿਧਿਆਸਣ ਨਹੀਂ ਸੀ ਕਰਦੇ। ਜੇ ਨਿਧਿਆਸਣ ਕਰਦੇ ਤਾਂ ਸੁਰਤੀ ਨਾਲ ਦੀ ਨਾਲ ਚੜ੍ਹਦੀ ਚਲੀ ਜਾਣੀ ਸੀ। ਜਿਹੜੇ ਬੰਦੇ ਫੈਸਲਾ ਕਰ ਲੈਂਦੇ ਨੇ, ਉਹ ਲੇਖਾ ਪੱਤਾ ਕੱਢਦੇ ਨੇ ਕਿ ਮੇਰਾ ਕਿੰਨਾ ਜੀਵਨ ਬਤੀਤ ਹੋ ਗਿਆ ਤੇ ਮੈਂ ਕੀ ਕੁਝ ਕੀਤਾ ਹੈ ? ਉਨ੍ਹਾਂ ਨੂੰ ਛੇਤੀ ਤੋਂ ਛੇਤੀ ਰਸਤਾ ਲੱਭ ਜਾਇਆ ਕਰਦਾ ਹੈ। ਉਹ ਕਿਸੇ ਵੀ ਗੱਲ ਨੂੰ negative (ਨਖੇਧੀ ਵਾਲੇ) ਤਰੀਕੇ ਨਾਲ ਨਹੀਂ ਲੈਂਦੇ, positive way (ਉਤਸ਼ਾਹ ਜਨਕ ਢੰਗ) ਨਾਲ ਲੈਂਦੇ ਨੇ। ਉਹ ਸੋਚਦੇ ਨੇ serious ਹੋ ਕੇ ਕਿ ਮੈਂ ਕੀ ਹਾਂ, ਕਿਥੇ ਖੜ੍ਹਾ ਹਾਂ ਤੇ ਗੁਰੂ ਮੈਨੂੰ ਕਿਥੇ ਲਿਜਾਣਾ ਚਾਹੁੰਦੇ ਨੇ। ਇਸ ਤਰ੍ਹਾਂ ਦੇ ਆਦਮੀ ਲਾਈਨ ਬਦਲ ਲੈਂਦੇ ਨੇ ਤੇ ਉਨ੍ਹਾਂ ਦਾ ਉਧਾਰ ਹੋ ਜਾਇਆ ਕਰਦਾ ਹੈ।

ਇਕ ਰਾਜੇ ਦਾ ਲੜਕਾ ਹੋਇਆ ਹੈ ਜਿਸਦਾ ਨਾਂ ਸਿਧਾਰਥ ਸੀ। ਜੋਤਸ਼ੀਆਂ ਨੇ ਉਸ ਦੇ ਬਾਰੇ ਦੱਸਿਆ ਕਿ ਇਹ ਬਹੁਤ ਹੀ senistive (ਭਾਵਕ) ਹੈ। ਹੋ ਸਕਦਾ ਹੈ ਕਿ ਇਹ ਦੁਨੀਆਂ ਹੀ ਤਿਆਗ ਦੇਵੇ। ਇਸ ਕਰਕੇ ਇਸ ਨੂੰ ਭੋਗਾਂ ਵਿਚ ਹੀ ਰੱਖੋ ਤਾਂ ਕਿ ਇਸ ਨੂੰ ਯਾਦ ਭੁੱਲੀ ਰਹੇ। ਇਕ ਵਾਰ ਇਸ ਨੇ ਆਪਣੇ ਡਰਾਈਵਰ ਨੂੰ ਕਿਹਾ ਕਿ ਚੰਨੇ! ਤੂੰ ਮੈਨੂੰ ਸੈਰ ਵਾਸਤੇ ਇਸ ਪਾਸੇ ਵਲ ਨਹੀਂ ਲੈ ਕੇ ਜਾਂਦਾ, ਕੀ ਕਾਰਨ ਹੈ, ਇਕ ਪਾਸੇ ਹੀ ਕਿਉਂ ਲੈ ਕੇ ਜਾਂਦਾ ਹੈਂ। ਉਹ ਕਹਿਣ ਲੱਗਿਆ ਕਿ ਇਧਰ ਠੀਕ ਨਹੀਂ ਹੈ ਕਿਉਂਕਿ ਇਧਰ ਦੁਨੀਆਂ ਰਹਿ ਰਹੀ ਹੈ ਜਿਸ ਵਿਚ ਬਹੁਤ ਕਿਸਮ ਦੇ ਬੰਦੇ ਰਹਿੰਦੇ ਨੇ ਜਿਨ੍ਹਾਂ ਨੂੰ ਦੇਖ ਕੇ ਤੁਹਾਡੀ ਤਬੀਅਤ ਖਰਾਬ ਹੋ ਜਾਵੇਗੀ। ਇਸ ਲਈ ਮੈਨੂੰ ਹੁਕਮ ਹੈ ਕਿ ਤੁਹਾਨੂੰ ਚੰਗੀਆਂ ਥਾਵਾਂ ਤੇ ਲੈ ਕੇ ਜਾਣਾ ਹੈ, ਮਾੜੀਆਂ ਥਾਵਾਂ ਤੇ ਨਹੀਂ ਲੈ ਕੇ ਜਾਣਾ ਤਾਂ ਕਿ ਕਿਸੇ ਮਾੜੀ ਘਟਨਾ ਦਾ ਅਕਸ ਤੁਹਾਡੇ ਅੰਤਸ਼ਕਰਣ ਤੇ ਨਾ ਪੈ ਜਾਵੇ। ਉਹ ਕਹਿਣ ਲੱਗਿਆ ਕਿ ਮੈਂ ਤਾਂ ਅੱਜ ਏਧਰ ਹੀ ਜਾਣਾ ਹੈ। ਅੱਗੇ ਜਾ ਕੇ ਕੀ ਦੇਖਦਾ ਹੈ ਕਿ ਇਕ ਬਿਮਾਰ ਆਦਮੀ ਪਿਆ ਹੈ, ਹਾਏ ਹਾਏ ਕਰ ਰਿਹਾ ਹੈ। ਪੁੱਛਣ ਲੱਗਿਆ ਕਿ ਚੰਨੇ! ਇਹ ਕੌਣ ਹੈ, ਹਾਏ-ਹਾਏ ਕਿਉਂ ਕਰ ਰਿਹਾ ਹੈ, ਦੁਖੀ ਕਿਉਂ ਹੈਂ ? ਚੰਨੇ ਨੇ ਦਸਿਆ ਕਿ ਨਾ ਤਾਂ ਇਸ ਨੂੰ ਕਿਸੇ ਨੇ ਮਾਰਿਆ ਹੈ, ਨਾ ਇਸ ਨੂੰ ਪੈਸੇ ਦਾ ਦੁੱਖ ਹੈ, ਇਹਦੇ ਅੰਦਰ ਬਿਮਾਰੀ ਹੈ ਜਿਸ ਦੇ ਦੁਖ ਨਾਲ

ਇਹ ਹਾਏ-ਹਾਏ ਕਰ ਰਿਹਾ ਹੈ ਕਿਉਂਕਿ ਇਹ ਜੀਵ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਇਸ ਦੇ ਅੰਦਰ ਕਫ, ਪਿਤ ਅਤੇ ਵਾਇ ਸਮਾਨ ਅਵਸਥਾ ਵਿਚ ਹਨ। ਜਦੋਂ ਇਨ੍ਹਾਂ ਤੱਤਾਂ ਦਾ ਆਪਸ ਵਿਚ ਸੰਤੁਲਨ ਵਿਗੜ ਜਾਂਦਾ ਹੈ ਤਾਂ ਸਰੀਰ ਵਿਚ ਬਿਮਾਰੀ ਆ ਜਾਇਆ ਕਰਦਾ ਹੈ। ਇਹ ਸੰਤੁਲਨ ਗਲਤ ਖਾਣ ਪੀਣ ਨਾਲ, ਸੌਣ ਨਾਲ, ਗਲਤ ਗੱਲਾਂ ਸੋਚਣ ਨਾਲ, ਗਲਤ ਚੀਜ਼ਾਂ ਦੇ ਪ੍ਰਯੋਗ ਨਾਲ ਵਿਗੜ ਜਾਇਆ ਕਰਦਾ ਹੈ ਤੇ ਆਦਮੀ ਬਿਮਾਰ ਹੋ ਜਾਇਆ ਕਰਦਾ ਹੈ। ਉਹ ਕਹਿਣ ਲੱਗਿਆ ਕਿ ਕੀ ਮੈਂ ਵੀ ਬਿਮਾਰ ਹੋ ਸਕਦਾ ਹਾਂ? ਚੰਨੇ ਨੇ ਕਿਹਾ ਕਿ ਹਾਂ, ਆਪ ਵੀ ਬਿਮਾਰ ਹੋ ਸਕਦੇ ਹੋ, ਮੈਂ ਵੀ ਹੋ ਸਕਦਾ ਹਾਂ। ਇਸ ਗੱਲ ਦੀ ਉਸ ਨੂੰ ਬਹੁਤ ਸੱਟ ਵੱਜੀ ਕਿ ਇਵੇਂ ਵੀ ਹੋ ਸਕਦਾ ਹੈ? ਵਾਪਸ ਚਲੇ ਗਏ ਅਤੇ 2-3 ਮਹੀਨੇ ਬਾਅਦ ਫੇਰ ਉਧਰ ਆਏ ਤਾਂ ਕੀ ਦੇਖਦੇ ਨੇ ਅੱਗੇ ਇਕ ਬਿਰਧ ਆਦਮੀ ਜਾ ਰਿਹਾ ਹੈ, ਬਹੁਤ ਹੌਲੀ-ਹੌਲੀ ਚਲ ਰਿਹਾ ਹੈ, ਛੇਤੀ-ਛੇਤੀ ਉਸ ਤੋਂ ਰਸਤਾ ਨਹੀਂ ਪਾਰ ਹੋ ਰਿਹਾ। ਉਸ ਨੂੰ ਦੋ ਬੰਦਿਆਂ ਨੇ ਫੜਿਆ ਤੇ ਚੁੱਕ ਕੇ ਰਸਤੇ ਤੋਂ ਪਾਸੇ ਕਰ ਦਿਤਾ। ਸਿਧਾਰਥ ਨੇ ਪੁਛਿਆ ਕਿ ਇਹ ਕੌਣ ਹੈ, ਇਸ ਤਰ੍ਹਾਂ ਕਿਉਂ ਚਲ ਰਿਹਾ ਹੈ? ਕੀ ਇਹ ਪਹਿਲਾਂ ਤੋਂ ਹੀ ਇਸ ਤਰ੍ਹਾਂ ਦਾ ਹੈ? ਉਸ ਨੂੰ ਦਸਿਆ ਕਿ ਇਹ ਪਹਿਲਾਂ ਤੋਂ ਇਸ ਤਰ੍ਹਾਂ ਦਾ ਨਹੀਂ ਹੈ। ਉਮਰ ਦੇ ਹਿਸਾਬ ਨਾਲ ਇਹ ਬ੍ਰਿਧ ਹੋ ਗਿਆ ਹੈ। ਸਰੀਰ ਦੀਆਂ ਤਿੰਨ ਅਵਸਥਾ ਹੋਇਆ ਕਰਦੀਆਂ ਨੇ -

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***

***ਪੰਨਾ - 1428***

ਇਹ ਹਰ ਬੰਦੇ ਤੇ ਆਇਆ ਕਰਦੀਆਂ ਨੇ। ਇਕ ਬੱਚਾ ਜਿਹੜਾ ਫੁੱਲ ਵਾਂਗੂੰ ਖਿੜਿਆ ਹੋਇਆ ਹੈ, ਇਕ ਸਮਾਂ ਆਉਣਾ ਹੈ ਜਦੋਂ ਇਸ ਦੀਆਂ ਪੱਤੀਆਂ ਮੁਰਝਾ ਜਾਣੀਆਂ ਨੇ, ਸੋਹਣੇ ਰੂਪ ਨੇ ਚਲੇ ਜਾਣਾ ਹੈ, ਉਸ ਦੇ ਰੂਪ ਦੀ ਪ੍ਰਸੰਸਾ ਕਰਨ ਵਾਲੇ ਫਿਰ ਉਸ ਵਲ ਦੇਖਦੇ ਵੀ ਨਹੀਂ ਕਿਉਂਕਿ ਰੂਪ ਰਿਹਾ ਹੀ ਨਹੀਂ, ਦੰਦ ਉਖੜ ਗਏ, ਸੁਣਨ ਤੋਂ ਹਟ ਗਿਆ, ਅੱਖਾਂ ਤੋਂ ਨਜ਼ਰ ਨਹੀਂ ਆਉਂਦਾ, ਲੱਤਾਂ ਨਾਲ ਚੱਲ ਨਹੀਂ ਸਕਦਾ, ਜੁਬਾਨ ਥਥਲਾਉਂਦੀ ਹੈ।

ਬਾਬਾ ਫਰੀਦ ਜੀ ਦੀ 95 ਸਾਲ ਦੀ ਉਮਰ ਹੋਈ ਹੈ, ਬੜੀ ਤਾਕਤ ਵਾਲੇ ਸਨ। ਇਕ ਵਾਰ ਲੰਮੇ ਪਏ ਸਨ। ਪਾਣੀ ਦੀ ਪਿਆਸ ਲੱਗੀ, ਸੇਵਾਦਾਰ ਕੋਲ ਨਹੀਂ ਹੈ। ਪਾਣੀ ਦਾ ਬਰਤਨ ਭਰਿਆ ਹੋਇਆ ਨੇੜੇ ਹੀ ਪਿਆ ਹੈ। ਕਈ ਵਾਰ ਉਠਣ ਦੀ ਕੋਸ਼ਿਸ਼ ਕੀਤੀ ਪਰ ਉਠਿਆ ਨਹੀਂ ਜਾਂਦਾ, ਕੋਲ ਪਿਆ ਪਾਣੀ ਦਾ ਬਰਤਨ ਚੁੱਕਣ ਦੀ ਹਿੰਮਤ ਨਹੀਂ ਪੈ ਰਹੀ ਕਿਉਂਕਿ ਚੱਲਿਆ ਨਹੀਂ ਜਾਂਦਾ, ਸਹਾਰੇ ਨਾਲ ਚਲਦੇ ਨੇ, ਲੱਤਾਂ ਵਜ਼ਨ ਨਹੀਂ ਝੱਲਦੀਆਂ। ਉਸ ਵੇਲੇ ਕਹਿਣ ਲੱਗੇ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥***

***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥***
***ਪੰਨਾ - 1378***

ਇਨ੍ਹਾਂ ਲੱਤਾਂ ਦੇ ਨਾਲ ਮੈਂ ਜਲਾਂ ਵਿਚ, ਥਲਾਂ ਵਿਚ, ਪਹਾੜਾਂ ਵਿਚ, ਸਾਰੇ ਹਿੰਦੋਸਤਾਨ ਵਿਚ ਦੂਰ ਦਰਾਜ਼ ਤਕ ਸਫਰ ਕੀਤਾ, ਬੜੇ ਕਸ਼ਟ ਉਠਾਏ, ਬੜੇ ਭਿਆਨਕ ਤਪ ਕੀਤੇ ਪਰ ਅੱਜ ਕੀ ਹੋਇਆ? ਮੇਰੀਆਂ ਲੱਤਾਂ, ਮੇਰਾ ਸਰੀਰ ਆਪਣੇ ਆਪ ਨੂੰ ਸੰਭਾਲ ਨਹੀਂ ਰਿਹਾ, ਕੋਲ ਪਿਆ ਪਾਣੀ ਦਾ ਬਰਤਨ ਮੈਨੂੰ ਸੌ ਕੋਹ ਤੇ ਲਗ ਰਿਹਾ ਹੈ -

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥ ਪੰਨਾ - 1381***

ਦੰਦ ਕਿਥੇ ਗਏ ਤੇਰੇ, ਅੱਖਾਂ ਤੋਂ ਨਜ਼ਰ ਆਉਣੋਂ ਹਟ ਗਿਆ, ਕੰਨਾਂ ਤੋਂ ਸੁਣਨਾ ਬੰਦ ਹੋ ਗਿਆ, ਲੱਤਾਂ ਚਲ ਨਹੀਂ ਸਕਦੀਆਂ। ਦੋ ਮੀਲ ਤੋਂ ਬੰਦੇ ਨੂੰ ਪਛਾਣ ਲਿਆ ਕਰਦਾ ਸੀ ਤੇ ਹੁਣ ਮੱਥੇ ਤੇ ਹੱਥ ਰੱਖ ਕੇ ਕਹਿੰਦਾ ਹੈਂ ਕਿ ਤੂੰ ਕੌਣ ਹੈਂ, ਮੈਂ ਤਾਂ ਪਛਾਣਿਆ ਨਹੀਂ ਤੈਨੂੰ; ਕੰਨ ਦੇ ਨੇੜੇ ਹੋ ਕੇ ਜ਼ੋਰ ਦੀ ਬੋਲੋ ਤਾਂ ਸੁਣਦਾ ਹੈ, ਨਹੀਂ ਤਾਂ ਸੁਣਦਾ ਹੀ ਨਹੀਂ, ਬੋਲ ਨਹੀਂ ਹੁੰਦਾ, ਜ਼ੁਬਾਨ ਤੋਤਲੀ ਹੋ ਗਈ। ਕਹਿਣਾ ਕੁਝ ਚਾਹੁੰਦਾ ਹੈ ਪਰ ਮੂੰਹ ਤੋਂ ਨਿਕਲ ਕੁਝ ਹੋਰ ਜਾਂਦਾ ਹੈ। ਇਹ ਸਾਰੇ ਸਾਥੀ ਮੇਰੇ ਨਾਲ ਆਏ ਸੀ ਪਰ ਅੱਜ ਕੀ ਹੋ ਗਿਆ, ਕੋਈ ਵੀ ਸਾਥ ਨਹੀਂ ਦੇ ਰਿਹਾ -

***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥***
***ਪੰਨਾ - 1381***

ਜੀਵ ਆਤਮਾ ਰੋ ਰਿਹਾ ਹੈ ਕਿ ਮੇਰੇ ਨਾਲ ਆਉਣ ਵਾਲੇ ਕਿਥੇ ਚਲੇ ਗਏ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,***
***ਜਿੰਦੇ ਤੈਨੂੰ ਛੱਡ ਗਏ, ਜਿੰਦੇ ਤੈਨੂੰ ਛੱਡ ਗਏ - 2, 3.***

ਕਹਿੰਦੇ ਇਹ ਸਾਰੇ ਮੇਰੇ ਨਾਲ ਆਏ ਸੀ ਤੇ ਅੱਜ ਮੈਨੂੰ ਛੱਡ ਕੇ ਕਿਥੇ ਚਲੇ ਗਏ?

ਸੋ ਚੰਨਾ ਕਹਿਣ ਲੱਗਾ ਕਿ ਹਜ਼ੂਰ! ਇਹ ਬੁਢਾਪਾ ਸਭ ਦੇ ਉਤੇ ਆਉਣਾ ਹੈ। ਇਹ ਕਿਸੇ ਵੀ ਤਰੀਕੇ ਨਾਲ ਰੁਕ ਨਹੀਂ ਸਕਦਾ। ਇਹ ਸਰੀਰ ਦੀ ਤੀਸਰੀ ਅਵਸਥਾ ਹੈ, ਇਸ ਤੋਂ ਬਾਅਦ ਮੌਤ ਹੋਇਆ ਕਰਦੀ ਹੈ, ਮਰ ਜਾਂਦਾ ਹੈ, ਖਤਮ ਹੋ ਜਾਂਦਾ ਹੈ, ਇਸ ਸੰਸਾਰ ਤੋਂ ਚਲਿਆ ਜਾਂਦਾ ਹੈ, ਨਾਂ ਨਿਸ਼ਾਨ ਵੀ ਬਾਕੀ ਨਹੀਂ ਰਿਹਾ ਕਰਦਾ -

***ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥***
***ਪੰਨਾ - 1381***

ਪਿਤਾ, ਦਾਦਾ, ਪੜਦਾਦਾ ਆਪਣੀ ਵਾਰੀ ਸਿਰ ਸਾਰੇ ਤੁਰ ਗਏ, ਹੋਰ ਵੀ ਸਾਰੇ ਰਿਸ਼ਤੇਦਾਰ, ਸਬੰਧੀ, ਮਿਤਰ ਸਭ ਤੁਰੇ ਜਾ ਰਹੇ ਨੇ, ਪਰ ਇਹ ਜੀਵ ਅਜੇ ਵੀ ਪਤੀਜਿਆ ਨਹੀਂ, ਅਜੇ ਵੀ ਸੰਸਾਰ ਤੇ ਰਹਿਣ ਲਈ ਲੱਤਾਂ ਅੜਾਈਂ ਬੈਠਾ ਹੈ। ਜਿਵੇਂ ਬਾਕੀ ਸਾਰੇ ਤੇਰੇ ਸਾਮ੍ਹਣੇ ਸੰਸਾਰ ਨੂੰ ਛੱਡ ਗਏ, ਤੂੰ ਵੀ ਇਸੇ ਤਰ੍ਹਾਂ ਛੱਡ ਜਾਣਾ ਹੈ। ਇਹ ਸਭ ਕੁਝ ਸੁਣ ਕੇ ਫਿਰ ਹਿਰਦੇ ਤੇ ਸੱਟ ਵੱਜੀ ਤੇ ਵਾਪਸ ਮੁੜ ਗਿਆ। ਜਦੋਂ ਤੀਸਰੀ ਵਾਰ ਫੇਰ ਗਿਆ ਤਾਂ ਇਕ ਮੁਰਦਾ ਮਿਲ ਗਿਆ। ਉਸ ਦੇ ਬਾਰੇ ਦਸਿਆ ਕਿ ਇਹ ਬੰਦਾ ਮਰ ਚੁਕਿਆ ਹੈ, ਇਸ ਦੀ ਉਮਰ ਖਤਮ ਹੋ ਚੁੱਕੀ ਹੈ, ਹੁਣ ਇਸ ਨੂੰ ਜਾਲ ਦਿਤਾ ਜਾਵੇਗਾ। ਸਿਧਾਰਥ ਨੇ ਪੁਛਿਆ ਕਿ ਇਹ ਸਮਾਂ ਮੇਰੇ ਤੇ ਵੀ ਆਵੇਗਾ? ਕਹਿਣ ਲੱਗੇ ਕਿ ਇਹ ਸਮਾਂ ਤਾਂ ਸਭ ਤੇ ਆਉਣਾ ਹੈ, ਕਾਲ ਤੋਂ ਕੋਈ ਅੱਜ ਤਕ ਬਚ ਨਹੀਂ ਸਕਿਆ ਅਤੇ ਨਾ ਹੀ ਇਸ ਦੇ ਅੱਗੇ ਕਿਸੇ ਦਾ ਕੋਈ ਜ਼ੋਰ ਚਲਦਾ ਹੈ। ਜੋ ਵੀ ਸੰਸਾਰ ਤੇ ਪੈਦਾ ਹੋਇਆ ਹੈ, ਉਸ ਨੇ ਜ਼ਰੂਰ ਇਕ ਦਿਨ ਸੰਸਾਰ ਤੋਂ ਜਾਣਾ ਹੈ।

ਉਨ੍ਹਾਂ ਦਾ ਇਕ ਬੱਚਾ ਹੈ ਰਾਹੁਲ ਨਾਂ ਦਾ, ਬੜੀ ਸੁੰਦਰ ਘਰਵਾਲੀ ਹੈ। ਸਾਰੀ ਰਾਤ ਸੋਚੀ ਗਿਆ, ਅੰਮ੍ਰਿਤ ਵੇਲਾ ਹੋ ਗਿਆ, ਮਨ ਵਿਚ ਫੈਸਲਾ ਕਰ ਲਿਆ ਕਿ ਇਹ ਤਾਂ ਸਾਰਾ ਸੰਸਾਰ ਹੀ ਦੁੱਖਾਂ ਦਾ ਘਰ ਹੈ –

***ਨਾਨਕ ਦੁਖੀਆ ਸਭ ਸੰਸਾਰ।***

ਕੋਈ ਸੁਖ ਵਾਲਾ ਸਾਧਨ ਲੱਭਣਾ ਚਾਹੀਦਾ ਹੈ। ਕੋਈ ਐਸੀ ਵਿਧੀ ਸੋਚਣੀ ਚਾਹੀਦੀ ਹੈ ਜਿਹਦੇ ਨਾਲ ਦੁਖਾਂ ਦਾ ਖਾਤਮਾ ਹੋ ਜਾਵੇ। ਸੋ ਤਲਾਸ਼ ਵਿਚ ਚਲਾ ਗਿਆ। ਬਹੁਤ ਦੇਰ ਯਤਨ ਕਰਨ ਤੋਂ ਬਾਅਦ ਪ੍ਰਕਾਸ਼ ਹੋਇਆ, ਨਿਰਵਾਣ ਪਦ ਦੀ ਪ੍ਰਾਪਤੀ ਕਰ ਲਈ।

ਸੋ ਏਸ ਕੰਮ ਨੂੰ ਕਰਨ ਵਾਸਤੇ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਸੰਸਾਰ ਤੇ ਭੇਜਿਆ ਕਿ ਤੁਸੀਂ ਜਾ ਕੇ ਸੰਸਾਰ ਨੂੰ ਸਿਧੇ ਰਸਤੇ ਪਾ ਕੇ ਆਉ। ਉਨ੍ਹਾਂ ਨੂੰ ਦਸ ਕੇ ਆਓ ਕਿ ਉਹ ਕੀ ਕਰਨ। ਸੋ ਇਸ ਤਰ੍ਹਾਂ ਬੇਣੀ ਦੇ ਮਨ ਦੇ ਅੰਦਰ ਬਹੁਤ ਬੈਰਾਗ ਹੋ ਗਿਆ, ਬੈਰਾਗੀ ਹੋ ਕੇ ਤੁਰਿਆ ਫਿਰਦਾ ਹੈ, ਤਲਾਸ਼ ਕਰ ਰਿਹਾ ਹੈ ਕਿ ਕੋਈ ਮਿਲ ਜਾਵੇ ਪੂਰਾ –

***ਕੋਈ ਜਨੁ ਹਰਿ ਸਿਉ ਦੇਵੈ ਜੋਰਿ॥***
***ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥***

***ਪੰਨਾ – 701***

ਜਿਹੜੇ ਉਸ ਨੂੰ ਮਿਲੇ ਹੁੰਦੇ ਨੇ, ਉਹ ਮਿਲਾ ਦਿਆ ਕਰਦੇ ਨੇ। ਜਿਹੜੇ ਜਾਗੇ ਹੋਏ ਨੇ, ਉਹ ਹੀ ਜਗਾ ਸਕਦੇ ਨੇ। ਅਗਿਆਨੀ ਨਹੀਂ ਜਗਾ ਸਕਦੇ ਕਿਉਂਕਿ ਜਿਹੜਾ ਆਪ ਹੀ ਅੰਨ੍ਹਾ ਹੈ ਉਹ ਕਿਸ ਤਰ੍ਹਾਂ ਕਿਸੇ ਨੂੰ ਗਿਆਨ ਦੇ ਸਕਦਾ ਹੈ। ਉਸ ਨੂੰ ਤਾਂ ਆਪ ਹੀ ਰਸਤੇ ਦਾ ਪਤਾ ਨਹੀਂ। ਉਸ ਦੇ ਆਪਣੇ ਮਨ ਦੇ ਅੰਦਰ ਹਨ੍ਹੇਰਾ ਛਾਇਆ ਪਿਆ ਹੈ, ਦੂਸਰੇ ਨੂੰ

ਕਿਸ ਤਰ੍ਹਾਂ ਰਸਤਾ ਦਿਖਾ ਸਕਦਾ ਹੈ –

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ – 325***

ਅੰਧਕਾਰ ਵਿਚ ਕਦੇ ਸੁਖ ਨਹੀਂ ਹੋ ਸਕਦਾ। ਜਿਤਨੀ ਦੇਰ ਮਨ ਦੇ ਅੰਦਰ ਹਨ੍ਹੇਰਾ ਹੈ, ਆਪਣੇ ਆਪ ਤੋਂ ਆਪ ਹੀ ਡਰੀ ਜਾਂਦਾ ਹੈ। ਸੋ ਬੇਣੀ ਤਲਾਸ਼ ਵਿਚ ਤੁਰਿਆ ਫਿਰਦਾ ਹੈ ਕਿ ਕੋਈ ਪੂਰਾ ਮਿਲ ਜਾਵੇ ਅਤੇ ਪ੍ਰਭੂ ਨੂੰ ਮਿਲਾ ਦੇਵੇ। ਇਸ ਦੇ ਬਾਰੇ ਬਾਣੀ ਵਿਚ ਦੱਸ ਪਾਈ ਗਈ ਹੈ –

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ਪੰਨਾ – 1373***

ਸੰਤਾਂ ਦਾ ਕੰਮ ਹੁੰਦਾ ਹੈ ਨਾਮ ਜਪਾਉਣਾ। ਉਨ੍ਹਾਂ ਕੋਲ ਦੁਨਿਆਵੀ, ਰਾਜਨੀਤਕ ਜਾਂ ਭਾਈਚਾਰਕ ਗੱਲਾਂ ਨਹੀਂ ਹੁੰਦੀਆਂ, ਉਨ੍ਹਾਂ ਪਾਸ ਕੇਵਲ ਨਾਮ ਦੀ ਗੱਲ ਹੁੰਦੀ ਹੈ, ਉਹ ਤਾਂ ਆਪ ਨਾਮ ਜਪਦੇ ਨੇ ਤੇ ਦੂਸਰਿਆਂ ਨੂੰ ਉਸ ਸੁੱਖ ਦੇ ਵਿਚ ਪਹੁੰਚਾਉਣਾ ਚਾਹੁੰਦੇ ਨੇ ਜੋ ਉਨ੍ਹਾਂ ਨੇ ਪ੍ਰਾਪਤ ਕੀਤਾ ਹੁੰਦਾ ਹੈ ਤੇ ਉਨ੍ਹਾਂ ਦੀ ਪਦਵੀ ਕਿੰਨੀ ਉਚੀ ਹੁੰਦੀ ਹੈ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 306***

ਕਿਉਂਕਿ ਨਾਮ ਬਹੁਤ ਵੱਡੀ ਚੀਜ਼ ਹੈ ਜਿਸਦਾ ਕੋਈ ਮੁੱਲ ਨਹੀਂ ਹੈ, ਅਮੁੱਲ ਵਸਤੂ ਹੈ। ਇਸ ਦੀ ਕੋਈ ਫੀਸ ਨਹੀਂ ਲਗਦੀ ਪਰ ਇਸ ਨੂੰ ਪ੍ਰਾਪਤ ਕਰਨ ਵਾਸਤੇ ਆਪਣਾ ਆਪ ਵਾਰਨਾ ਪੈਂਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

ਜੇ ਗੁਮਾਨ ਲੈ ਕੇ ਆਉਣਾ ਹੈ, ਫੇਰ ਨਹੀਂ ਕੁਛ ਵੀ ਬਣਦਾ, ਵਿਚਾਲੇ ਹੀ ਰਹਿ ਜਾਇਆ ਕਰਦਾ ਹੈ ਕਿਉਂਕਿ ਇਹ ਇਕ ਪੜਦਾ ਪੈ ਜਾਇਆ ਕਰਦਾ ਹੈ ਜੋ ਮਿਲਣ ਨਹੀਂ ਦਿੰਦਾ। ਸੋ ਬੇਣੀ ਬੈਰਾਗ ਵਿਚ ਆਇਆ ਹੋਇਆ ਟੋਲ੍ਹਦਾ ਫਿਰਦਾ ਹੈ। ਜਿੰਨਾ ਚਿਰ ਪੂਰਾ ਨਾ ਮਿਲ ਜਾਵੇ, ਓਨੀ ਦੇਰ ਤਕ ਪੜਦਾ ਨਹੀਂ ਲਹਿੰਦਾ। ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਨੇ–

***ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***
***ਪੰਨਾ – 1263***

ਪੂਰਾ ਗੁਰੂ ਮਿਲ ਜਾਵੇ ਅਤੇ ਹਉਮੈ ਦੀ ਕੰਧ ਤੋੜ ਦੇਵੇ ਤਾਂ ਰੱਬ

ਮਿਲ ਜਾਇਆ ਕਰਦਾ ਹੈ। ਉਹ ਦੂਰ ਨਹੀਂ ਹੈ, ਕਿਤੇ ਸਤਵੇਂ ਅਸਮਾਨ ਤੇ ਨਹੀਂ ਰਹਿੰਦਾ, ਉਹ ਤਾਂ ਹਰ ਸਮੇਂ ਨਾਲ ਰਹਿੰਦਾ ਹੈ, ਤੇਰੇ ਅੰਦਰ ਬਾਹਰ ਓਹੋ ਪਰੀਪੂਰਨ ਜਲ ਥਲ ਮਹੀਅਲ ਸਾਰੇ ਪੂਰਨ ਰੂਪ ਵਿਚ ਸਮਾਇਆ ਹੋਇਆ ਹੈ, ਪਰ ਹਉਮੈ ਦਾ ਪੜਦਾ ਕਰਕੇ ਨਜ਼ਰ ਨਹੀਂ ਆਉਂਦਾ, ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਪਰਦਾ ਹਉਮੈ ਵਾਲਾ ਪੈ ਗਿਆ - 2, 2.*
*ਮੇਰੇ ਪਿਆਰੇ, ਪਰਦਾ ਹਉਮੈ ਵਾਲਾ ਪੈ ਗਿਆ - 2, 2*
*ਤੇਰੇ ਅੰਦਰ ਹਰੀ ਦਾ ਵਾਸਾ,.........2.*

ਰਹਿੰਦੇ ਦੋਵੇਂ ਇਕੱਠੇ ਹੀ ਨੇ ਲੇਕਿਨ ਅੰਦਰ ਹਉਮੈ ਦੀ ਕੰਧ ਬਣ ਗਈ, ਟੁੱਟਣ ਵਿਚ ਨਹੀਂ ਆਉਂਦੀ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ॥ ਪੰਨਾ - 624*

ਹਉਮੈ ਦੀ ਕੰਧ ਬਣੀ ਹੋਈ ਹੈ। ਗੁਰੂ ਦਾ ਦੇਸ ਤਾਂ ਬਹੁਤ ਨੇੜੇ ਹੈ ਪਰ ਹਉਮੈ ਨੇ ਵਿਚ ਕੰਧ ਕੀਤੀ ਹੋਈ ਹੈ। ਜਿਤਨਾ ਭਾਂਭੀਰੀ ਦਾ ਪਤਲਾ ਜਿਹਾ ਪਲਾਸਟਿਕ ਵਰਗਾ ਪਰਦਾ ਹੁੰਦਾ ਹੈ, ਇਤਨਾ ਕੁ ਪੜਦਾ ਪਿਆ ਹੋਇਆ ਹੈ। ਨਾਲ ਰਹਿੰਦਾ ਪ੍ਰਮੇਸ਼ਰ ਬਹੁਤ ਦੂਰ ਲਗਦਾ ਹੈ -

*ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ॥*
*ਕਹੁ ਨਾਨਕ ਹਉਮੈ ਭੀਤਿ ਖੋਈ ਤਉ ਦਇਆਰੁ ਬੀਠਲੋ ਪਾਇਓ॥ ਪੰਨਾ - 624*

ਜਦੋਂ ਹਉਮੈ ਦੀ ਕੰਧ ਟੁੱਟ ਗਈ, ਫੇਰ ਕੀ ਹੁੰਦਾ ਹੈ? ਉਸੇ ਵਕਤ ਉਸ ਦਇਆਲ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਭਰ ਜਵਾਨੀ ਦੇ ਅੰਦਰ ਪਾਉਂਟੇ ਸਾਹਿਬ ਜਾ ਕੇ ਨਿਵਾਸ ਕੀਤਾ। ਦੂਰ-ਦੂਰ ਤਕ ਆਪ ਦੀ ਕੀਰਤੀ ਫੈਲ ਗਈ ਕਿ ਭਾਵੇਂ ਗ੍ਰਹਿਸਤੀ ਨੇ, ਸ਼ਸ਼ਤਰਧਾਰੀ ਨੇ, ਰਾਜ ਭਾਗ ਦੇ ਮਾਲਕ ਨੇ ਪਰ ਪੂਰੇ ਨੇ। ਵੱਡੇ-ਵੱਡੇ ਪੀਰਾਂ ਤੱਕ, ਸਾਧੂਆਂ ਤੱਕ ਗੱਲ ਪਹੁੰਚ ਗਈ ਕਿ ਗੁਰੂ ਨਾਨਕ ਦੀ ਗੱਦੀ ਉਸੇ ਤਰ੍ਹਾਂ ਚਲ ਰਹੀ ਹੈ ਭਾਵੇਂ ਪਰਵਿਰਤੀ ਵਿਚ ਰਹਿਣ, ਭਾਵੇਂ ਨਰਵਿਰਤੀ ਵਿਚ ਰਹਿਣ, ਜ਼ਰਾ ਜਿੰਨਾ ਵੀ ਫਰਕ ਨਹੀਂ ਪਿਆ। ਇਹ ਗੱਲ ਸਢੌਰੇ ਵਾਲੇ ਬੁੱਧੂ ਸ਼ਾਹ ਨੇ ਸੁਣੀ। ਜਦੋਂ ਵੀ ਕੋਈ ਆਵੇ ਕੋਈ ਮੁਸਲਮਾਨ ਜਾਂ ਕੋਈ ਹੋਰ, ਉਨ੍ਹਾਂ ਨੂੰ ਪੁਛਣਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਹਾਲ ਹੈ। ਉਨ੍ਹਾਂ ਨੇ ਕਹਿਣਾ ਕਿ ਪੀਰ ਜੀ ਕੀ ਪੁਛਦੇ ਹੋਂ,

ਦੇਖਾ ਹੀ ਪਰਵਾਨ ਹੈ। ਉਨ੍ਹਾਂ ਦੇ ਦਰਸ਼ਨ ਕਰਕੇ ਤਾਂ ਖਿੱਚ ਪੈਂਦੀ ਹੈ, ਮਨ ਖਿੜ ਜਾਂਦਾ ਹੈ, ਦਰਸ਼ਨ ਕਰਨ ਵਾਲਾ ਉਨ੍ਹਾਂ ਦੇ ਚਰਨਾਂ ਵਿਚ ਜਾ ਕੇ ਉਨ੍ਹਾਂ ਦਾ ਹੀ ਬਣ ਜਾਂਦਾ ਹੈ। ਜਿਵੇਂ ਚੁੰਬਕ ਲੋਹੇ ਨੂੰ ਖਿਚਦਾ ਹੈ, ਇਸ ਤਰ੍ਹਾਂ ਆਦਮੀ ਖਿਚਿਆ ਜਾਂਦਾ ਹੈ। ਦਰਸ਼ਨ ਕਰਦਿਆਂ ਹੀ ਭਰਮ ਦੇ ਛੌੜ ਕੱਟੇ ਜਾਂਦੇ ਹਨ। ਦੇਖਦਿਆਂ ਹੀ ਆਦਮੀ ਮੋਹਿਤ ਹੋ ਜਾਂਦਾ ਹੈ। ਫੇਰ ਉਠਣ ਜੋਗਾ ਨਹੀਂ ਰਹਿੰਦਾ, ਉਨ੍ਹਾਂ ਦਾ ਹੀ ਬਣ ਜਾਂਦਾ ਹੈ, ਤਨ ਵੀ ਦੇ ਦਿੰਦਾ ਹੈ, ਮਨ ਵੀ ਦੇ ਦਿੰਦਾ ਹੈ, ਧਨ ਵੀ ਦੇ ਦਿੰਦਾ ਹੈ, ਉਨ੍ਹਾਂ ਦੀ ਦ੍ਰਿਸ਼ਟੀ ਹੀ ਐਸੀ ਹੈ। ਪੀਰ ਬੁੱਧੂ ਸ਼ਾਹ ਨੇ ਵੀ ਆਪਣੇ ਮਨ ਨਾਲ ਫੈਸਲਾ ਕਰ ਲਿਆ ਅਤੇ ਆਪਣੇ ਮੁਰੀਦਾਂ ਨੂੰ ਕਹਿਣ ਲੱਗਿਆ ਕਿ ਆਪਣੇ ਨੇੜੇ ਸੁਣਿਆ ਹੈ ਕਿ ਗੁਰੂ ਗੋਬਿੰਦ ਸਿੰਘ ਪੂਰੇ ਮਰਦ-ਇ-ਕਾਮਲ ਆਏ ਹੋਏ ਨੇ, ਪਰਮ ਮਨੁੱਖ ਆਏ ਹੋਏ ਨੇ, ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸਰੂਪ ਕਹਿੰਦੇ ਨੇ। ਕਿਉਂ ਨਾ ਆਪਾਂ ਵੀ ਚੱਲੀਏ ਤੇ ਇਕ ਦੂਸਰੇ ਨੂੰ ਤੋਲੀਏ ਤਾਂ ਸਹੀ, ਪਰਖ ਤਾਂ ਕਰੀਏ ਕਿ ਉਹ ਕਿੰਨੇ ਕੁ ਪਾਣੀ ਵਿਚ ਨੇ। ਇਹ ਗੱਲ ਲੈ ਕੇ ਪੀਰ ਬੁੱਧੂ ਸ਼ਾਹ ਆਪਣੇ ਮੁਰੀਦਾਂ ਨਾਲ ਉਧਰ ਨੂੰ ਚਲ ਪਿਆ। ਜਿਉਂ ਜਿਉਂ ਅੱਗੇ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਉਹਦੇ ਹਿਰਦੇ ਦੇ ਅੰਦਰ ਕੁਝ ਹੁੰਦਾ ਜਾਂਦਾ ਹੈ। ਕੁਝ ਪਿਆਰ ਵਧਦਾ ਜਾਂਦਾ ਹੈ, ਕੁਝ ਅਪਣੱਤ ਵਧਦੀ ਜਾਂਦੀ ਹੈ ਕਿਉਂਕਿ ਸਤਿ ਪੁਰਸ਼ਾਂ ਦਾ ਪ੍ਰਭਾਵ ਹੋਇਆ ਕਰਦਾ ਹੈ। ਉਨ੍ਹਾਂ ਦਾ ਪ੍ਰਭਾਵ ਇਤਨਾ ਹੋਇਆ ਕਰਦਾ ਹੈ ਕਿ ਜੰਗਲੀ ਜਾਨਵਰਾਂ ਨੂੰ ਵੀ ਉਨ੍ਹਾਂ ਦਾ ਤਮੋਗੁਣੀ ਸੁਭਾਅ ਭੁਲਾ ਦਿਆ ਕਰਦੇ ਨੇ, ਸਤੋ ਗੁਣੀ ਸੁਭਾਅ ਹੋ ਜਾਇਆ ਕਰਦਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਹੀ ਐਸੀ ਹੋਇਆ ਕਰਦੀ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥ ਪੰਨਾ - 520***

ਉਨ੍ਹਾਂ ਦੇ ਦਰਸ਼ਨ ਕਰਦੇ ਸਾਰ ਪ੍ਰਮੇਸ਼ਰ ਚਿਤ ਆ ਜਾਇਆ ਕਰਦਾ ਹੈ। ਸੋ ਜਿਉਂ ਜਿਉਂ ਬੁੱਧੂ ਸ਼ਾਹ ਉਧਰ ਨੂੰ ਜਾਂਦਾ ਹੈ, ਉਹਦੇ ਮਨ ਵਿਚ ਆ ਰਿਹਾ ਹੈ ਕਿ ਉਹ ਪੂਰੇ ਹੀ ਹੋਣੇ ਨੇ ਜਿਹੜਾ ਇਤਨਾ ਸੰਸਾਰ ਕਹਿ ਰਿਹਾ ਹੈ। ਮਨ ਦੇ ਵਿਚ ਸ਼ਰਧਾ ਧਾਰਨ ਕਰ ਲਈ, ਦਸ਼ਮੇਸ਼ ਪਿਤਾ ਦੇ ਦਰਸ਼ਨ ਹੋਣ ਲਗ ਪਏ। ਸੰਗਤ ਬੈਠੀ ਹੈ ਤੇ ਆਪ ਤਖਤ ਤੇ ਬਿਰਾਜਮਾਨ ਨੇ, ਜਿਗਾ ਕਲਗੀ ਝਿਲਮਿਲ ਝਿਲਮਿਲ ਕਰ ਰਹੀ ਹੈ, ਸਾਰੇ ਇਸ ਤਰ੍ਹਾਂ ਬੈਠੇ ਨੇ ਜਿਸ ਤਰ੍ਹਾਂ ਹਜ਼ਾਰਾਂ ਚਕੋਰਾਂ ਚੰਦਰਮਾਂ ਵਲ ਮੁਖ ਕਰ ਕੇ ਬੈਠੀਆਂ ਹੁੰਦੀਆਂ ਨੇ। ਜੇ ਚੰਦਰਮਾ ਘੁੰਮ ਜਾਵੇ ਤਾਂ ਉਸ ਦੇ ਨਾਲ ਹੀ ਉਨ੍ਹਾਂ ਦੀਆਂ ਗਰਦਨਾਂ ਓਧਰ ਨੂੰ ਘੁੰਮ ਜਾਂਦੀਆਂ ਨੇ, ਇਕ ਸਕਿੰਟ ਵਾਸਤੇ ਵੀ ਅੱਖ ਨਹੀਂ ਝਮਕਦੀਆਂ, ਜਿਧਰ ਨੂੰ ਜਾਂਦਾ ਹੈ, ਉਸੇ ਪਾਸੇ ਨੂੰ ਗਰਦਨ ਮਰੋੜ ਲੈਂਦੀਆਂ ਹਨ। ਸੰਗਤ ਵਿਚ ਇਕ ਟਿਕਾਅ ਹੈ, ਇਤਨੀ ਸ਼ਾਂਤੀ ਹੈ ਕਿ pin drop silence (ਇਕ ਦਮ ਚੁੱਪ) ਬਣੀ ਹੋਈ ਹੈ, ਕਿਸੇ ਦੇ ਸਾਹ ਲੈਣ ਦੀ ਆਵਾਜ਼ ਵੀ ਸੁਣਾਈ ਨਹੀਂ ਦਿੰਦੀ। ਸਭ ਗੁਰੂ ਦਸ਼ਮੇਸ਼ ਪਿਤਾ ਦੇ ਨੂਰਾਨੀ

ਚਿਹਰੇ ਤੇ ਇਕ ਟੱਕ ਨਜ਼ਰ ਲਗਾਈ ਬੈਠੇ ਨੇ। ਇਹ ਸਾਰਾ ਦ੍ਰਿਸ਼ ਦੇਖ ਕੇ ਉਸ ਦੇ ਮਨ ਵਿਚ ਆਇਆ ਕਿ ਇਹ ਤਾਂ ਪੂਰੇ ਹੀ ਹੋਣੇ ਨੇ, ਮਨਾਂ! ਬੇਝਿਜਕ ਹੋ ਕੇ ਚਰਨ ਫੜ ਲੈ। ਮੈਂ ਤਾਂ ਅਧੂਰਾ ਹਾਂ, ਮੈਂ ਪੂਰਾ ਨਹੀਂ ਹੋਇਆ। ਇਹ ਸੋਚਦਾ ਜਾ ਰਿਹਾ ਹੈ ਕਿ ਮੈਂ ਤਾਂ ਹੁਣ ਚਰਨਾਂ ਤੇ ਲੰਮਾ ਪੈ ਕੇ ਡੰਡਉਤ ਕਰਨੀ ਹੈ ਪਰ ਜਿਉਂ ਜਿਉਂ ਨੇੜੇ ਜਾਂਦਾ ਹੈ, ਮਨ ਵਿਚ ਕਈ ਵਿਚਾਰਾਂ ਆਉਂਦੀਆਂ ਨੇ। ਸੋਚਣਾ ਸ਼ੁਰੂ ਕਰ ਦਿਤਾ ਕਿ ਜੇ ਮੈਂ ਜਾ ਕੇ ਗੁਰੂ ਨੂੰ ਨਮਸ਼ਕਾਰ ਕੀਤੀ ਤਾਂ ਮੇਰੇ ਚੇਲੇ ਕੀ ਕਹਿਣਗੇ? ਇਹ ਤਾਂ ਸਾਰੇ ਅਸ਼ਰਧਕ ਹੋ ਜਾਣਗੇ। ਪਾਸ ਪਹੁੰਚ ਕੇ ਨਮਸ਼ਕਾਰ ਨਹੀਂ ਕੀਤੀ ਸਗੋਂ ਹੱਥ ਨਾਲ ਹੱਥ ਮਿਲਾਉਣ ਵਾਸਤੇ ਹੱਥ ਅੱਗੇ ਵਧਾਇਆ। ਕੋਲ ਆ ਕੇ ਮਨ ਵਿਚ ਹਉਮੈ ਆ ਗਈ ਕਿ ਇਹ ਤਾਂ ਥੋੜ੍ਹੀ ਜਿਹੀ ਉਮਰ ਦਾ ਨੌਜਵਾਨ ਹੈ ਮੇਰੀ ਉਮਰ ਇਸ ਤੋਂ ਕਿਤੇ ਵੱਡੀ ਹੈ। ਮਹਾਰਾਜ ਨੇ ਵੀ ਉਸ ਨਾਲ ਪੋਲਾ ਜਿਹਾ ਦਸਤਪੰਜਾ ਲੈ ਲਿਆ ਅਤੇ ਕਿਹਾ ਕਿ ਆਓ ਪੀਰ ਜੀ ਬੈਠੋ ਪਰ ਉਹ ਬੈਠਿਆ ਨਹੀਂ, ਉਸੇ ਤਰ੍ਹਾਂ ਖੜ੍ਹਾ ਰਿਹਾ। ਕਹਿਣ ਲੱਗਿਆ ਕਿ ਖੁਦਾ ਕਾ ਔਰ ਰੂਹ ਕਾ ਮੇਲ ਕੈਸੇ? ਜੀਵ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਨੇ ਜਵਾਬ ਦਿਤਾ ਕਿ ਰਾਤ ਔਰ ਦਿਨ ਕਾ ਜੈਸੇ। ਪੀਰ ਬੁੱਧੂ ਸ਼ਾਹ ਕਹਿਣ ਲੱਗਿਆ ਕਿ ਰਾਤ ਔਰ ਦਿਨ ਕਾ? ਮਹਾਰਾਜ ਕਹਿੰਦੇ, ਹਾਂ, ਜਿਵੇਂ ਰਾਤ ਅਤੇ ਦਿਨ ਦਾ ਮੇਲ ਹੁੰਦਾ ਹੈ, ਇਸੇ ਤਰ੍ਹਾਂ ਜੀਵ ਅਤੇ ਖੁਦਾ ਦਾ ਮੇਲ ਹੁੰਦਾ ਹੈ। ਸੋਚਣ ਲਗ ਪਿਆ ਕਿ ਰਾਤ ਅਤੇ ਦਿਨ ਦਾ ਤਾਂ ਅੱਜ ਤਕ ਮੇਲ ਹੋਇਆ ਹੀ ਨਹੀਂ। ਜਦੋਂ ਦਿਨ ਚੜ੍ਹ ਜਾਂਦਾ ਹੈ, ਉਦੋਂ ਰਾਤ ਨੇ ਤਾਂ ਰਹਿਣਾ ਨਹੀਂ। ਕਹਿੰਦਾ, "ਮਹਾਰਾਜ! ਮੈਂ ਸਮਝਿਆ ਨਹੀਂ।" ਆਪ ਨੇ ਕਿਹਾ, "ਪੀਰ ਜੀ! ਜਿਵੇਂ ਤੁਸੀਂ ਸਮਝੇ ਹੋਂ, ਓਵੇਂ ਹੀ ਹੈ।" ਉਹ ਫੇਰ ਚੁੱਪ ਕਰ ਗਿਆ ਅਤੇ ਸੋਚਿਆ ਕਿ ਜੇ ਮੈਂ ਕਹਿੰਦਾ ਹਾਂ ਕਿ ਸਮਝ 'ਚ ਨਹੀਂ ਆਇਆ ਤਾਂ ਮੇਰੀ ਬਹੁਤ ਬੇਇਜ਼ਤੀ ਹੋਵੇਗੀ ਤੇ ਮੇਰੇ ਚੇਲੇ ਕੀ ਕਹਿਣਗੇ?। ਕਹਿੰਦਾ, ਮਹਾਰਾਜ! ਮੇਰਾ ਬੇਨਤੀ ਕਰਨ ਦਾ ਭਾਵ ਇਹ ਹੈ ਕਿ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥*** ***ਪੰਨਾ – 550***

ਦੋ ਪੰਖੇਰੂ ਨੇ, ਇਕ ਨੂੰ ਜੀਵ ਆਤਮਾ ਕਹਿੰਦੇ ਨੇ, ਇਕ ਨੂੰ ਖੁਦਾ ਕਹਿੰਦੇ ਨੇ। ਜਿਹੜਾ ਜੀਵ ਆਤਮਾ ਹੈ, ਉਹ ਤਾਂ ਦੁੱਖ ਸੁਖ ਭੋਗਦਾ ਹੈ, ਅਹੰ ਕਹਿ ਕੇ ਕਰਮ ਕਰਦਾ ਹੈ ਤੇ ਫੇਰ ਦੁਖੀ ਹੁੰਦਾ ਹੈ, ਸੁਖੀ ਹੁੰਦਾ ਹੈ। ਦੂਸਰੀ ਆਤਮਾ ਇਹਦੇ ਅੰਦਰ ਉਹ ਹੈ ਜਿਹੜੀ ਇਹ ਕਹਿੰਦੀ ਹੈ ਕਿ ਮੈਂ ਅਖੰਡ ਹਾਂ, ਮੈਂ ਨਿਰਵਿਕਾਰ ਹਾਂ, ਮੈਂ ਸਾਖੀ ਸਰੂਪ ਹਾਂ, ਮੈਂ ਕੋਈ ਕਰਮ ਨਹੀਂ ਕਰਦੀ, ਉਹ ਸਤਿ ਚਿਤ ਅਨੰਦ ਦੇ ਵਿਚ ਲੀਨ ਹੈ। ਇਨ੍ਹਾਂ ਵਿਚ ਮੈਂ ਕਿਹੜਾ ਹਾਂ, ਮਹਾਰਾਜ ਮੈਨੂੰ ਇਹ ਨਹੀਂ ਪਤਾ ਲਗਦਾ। ਮੈਂ ਸੱਚੀ ਗੱਲ ਤੁਹਾਨੂੰ ਦਸਦਾ ਹਾਂ ਕਿ ਮੈਨੂੰ ਗੱਲ ਸਮਝ ਵਿਚ ਨਹੀਂ ਆਈ। ਮਹਾਰਾਜ

ਕਹਿੰਦੇ ਨੇ ਕਿ ਪੀਰ ਜੀ! ਗੱਲ ਤਾਂ ਕੇਵਲ ਇਤਨੀ ਹੈ ਕਿ ਬੁੱਧੀ ਰੂਪ ਦਰਖਤ ਦੇ ਉਪਰ ਦੋ ਪੰਖੀ ਬੈਠੇ ਨੇ। ਇਕ ਦੇ ਅੰਦਰ ਤਾਂ ਅਹੰਭਾਵ ਹੈ ਕਿ ਮੈਂ ਕਰਦਾ ਹਾਂ, ਮੇਰੀ ਜਾਇਦਾਦ, ਮੇਰੇ ਪੁੱਤਰ, ਮੇਰਾ ਘਰ, ਮੇਰੀ ਜ਼ਮੀਨ, ਹੰਗਤਾ ਤੇ ਮਮਤਾ ਧਾਰਨ ਕਰਦਾ ਹੈ। ਉਹ ਤਾਂ ਹੈ ਪੰਛੀ ਦਾ ਪਰਛਾਵਾਂ। ਅਸਲੀ ਪੰਛੀ ਉਹ ਹੈ ਜਿਹੜਾ ਅਸੰਗ ਹੈ, ਜਿਹੜਾ ਬਿਲਕੁਲ ਨਿਰਲੇਪ ਹੈ, ਕੇਵਲ ਸਤ੍ਹਾ ਮਾਤਰ ਦੇ ਕੇ ਸਰੀਰ ਨੂੰ ਚਲਾਉਂਦਾ ਹੈ। ਪੀਰ ਜੀ ਨੇ ਫੇਰ ਸਵਾਲ ਕੀਤਾ ਕਿ ਮਹਾਰਾਜ! ਫਿਰ ਜੀਵ ਭਾਵ ਦਾ ਤੇ ਖੁਦਾ ਦਾ ਮੇਲ ਕਿਵੇਂ ਹੋਵੇ? ਮਹਾਰਾਜ ਕਹਿੰਦੇ ਜਦੋਂ ਜੀਵ ਮਰ ਜਾਂਦਾ ਹੈ, ਉਦੋਂ ਖੁਦਾ ਦੇ ਨਾਲ ਮੇਲ ਹੋ ਜਾਂਦਾ ਹੈ। ਜਿੰਨਾਂ ਚਿਰ ਜੀਵ ਹੰਗਤਾ ਵਿਚ, ਮੈਂ ਵਿਚ ਰਹਿੰਦਾ ਹੈ, ਓਨੀ ਦੇਰ ਤਕ ਇਹਦਾ ਕੁਝ ਨਹੀਂ ਬਣਦਾ ਕਿਉਂਕਿ ਕੂੜੀ ਹਉਮੈ ਧਾਰੀ ਹੋਈ ਹੈ। ਮਹਾਰਾਜ! ਮੈਂ ਤਾਂ ਬਹੁਤ ਚਿਲੇ ਕੱਟੇ, ਵਰਤ ਰੱਖੇ, ਮੱਕੇ ਵੀ ਗਿਆ, ਕਈ ਵਾਰ ਕਾਹਬੇ ਵੀ ਗਿਆ, ਹੋਰ ਵੀ ਪ੍ਰਮੇਸ਼ਰ ਦੇ ਮਿਲਾਪ ਦੇ ਵਾਸਤੇ ਬੜੀਆਂ-ਬੜੀਆਂ ਸਾਧਨਾਂ ਕੀਤੀਆਂ, ਤਪਸਿਆ ਕੀਤੀ। ਮਹਾਰਾਜ ਕਹਿਣ ਲੱਗੇ ਕਿ ਬੁੱਧੂ ਸ਼ਾਹ! ਇਹ ਤਾਂ ਤੂੰ ਹੋਰ ਹਉਮੈ ਦੇ ਸੰਗਲ ਬੰਨ੍ਹ ਲਏ, ਹਉਮੈ ਦੀ ਜੜ੍ਹ ਹੋਰ ਡੂੰਘੀ ਹੋ ਗਈ। ਜਿਹੜੀ ਤੇਰੇ ਅੰਦਰ ਕੂੜੀ ਹਉਮੈ ਸੀ ਉਹ ਹੋਰ ਭਾਰੀ ਹੋ ਗਈ। ਉਸ ਕੂੜੀ ਹਉਮੈ ਨੇ ਸੱਚ ਨੂੰ ਢਕ ਲਿਆ ਤੇ ਉਹ ਹਉਮੈ ਦੀ ਜਬਰਦਸਤ ਕੰਧ ਬਣ ਗਈ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਪੰਨਾ - 1***

"ਮਹਾਰਾਜ! ਕ੍ਰਿਪਾ ਕਰਕੇ ਦੱਸੋ ਕਿ ਮੈਨੂੰ ਪ੍ਰਮੇਸ਼ਰ ਦੇ ਦਰਸ਼ਨ ਕਿਉਂ ਨਹੀਂ ਹੋਏ? ਮੈਨੂੰ ਇਹ ਵੀ ਪਤਾ ਹੈ ਕਿ ਮੈਂ ਪ੍ਰਮੇਸ਼ਰ ਦਾ ਸਰੂਪ ਹਾਂ ਪਰ ਮੈਨੂੰ ਉਹ ਅਵਸਥਾ ਪ੍ਰਾਪਤ ਨਹੀਂ ਹੋਈ ਜਿਥੇ ਸਤਿ, ਚਿਤ, ਅਨੰਦ ਹੁੰਦਾ ਹੈ, ਜਿਥੇ ਦੁੱਖ ਲੇਸ ਮਾਤਰ ਵੀ ਨਾ ਹੋਵੇ, ਜਿਥੇ ਦ੍ਵੈਤ ਕਦੇ ਆਵੇ ਹੀ ਨਾ, ਸਦਾ ਅਦ੍ਵੈਤ ਭਾਵ ਵਿਚ ਰਹੇ ਪਰ ਮੈਨੂੰ ਪ੍ਰਾਪਤ ਨਹੀਂ ਹੋਈ।" ਮਹਾਰਾਜ ਨੇ ਸਮਝਾਇਆ ਕਿ ਪੀਰ ਜੀ! ਜਿਹੜੇ ਤੂੰ ਕਹਿੰਦਾ ਹੈਂ ਕਿ ਮੈਂ ਚਿਲੇ ਕੱਟੇ, ਮੈਂ ਵਰਤ ਰੱਖੇ, ਸਾਧਨਾਂ ਕੀਤੀਆਂ ਇਹ ਸਾਰੀ ਕੂੜੀ ਹਉਮੈ ਹੈ ਜੋ ਕਿ ਟੁੱਟਦੀ ਨਹੀਂ। ਜਿਵੇਂ ਸੂਰਜ ਨੂੰ ਬੱਦਲ ਢਕ ਲੈਂਦਾ ਹੈ, ਇਸੇ ਤਰ੍ਹਾਂ ਕੂੜੀ ਹਉਮੈ ਨੇ ਤੇਰੇ ਅੰਦਰਲੇ ਪ੍ਰਕਾਸ਼ ਨੂੰ ਢਕਿਆ ਹੋਇਆ ਹੈ, ਸੱਚ ਨੂੰ ਢਕਿਆ ਹੋਇਆ ਹੈ। ਜਿਹੜਾ ਤੂੰ ਕਹਿ ਰਿਹਾ ਹੈਂ ਕਿ ਮੈਂ ਪੀਰ ਹਾਂ, ਇਕ ਤਾਂ ਤੂੰ ਝੂਠ ਦਾ ਚੋਲਾ ਪਾ ਕੇ ਸਾਡੇ ਕੋਲ ਆਇਆ ਹੈਂ। ਜਿੰਨੀ ਦੇਰ ਤਕ ਤੂੰ ਝੂਠ ਦਾ ਚੋਲਾ ਨਹੀਂ ਲਾਹੁੰਦਾ, ਓਨੀਂ ਦੇਰ ਤਕ ਇਹ ਕੂੜੀ ਹਉਮੈ ਦੀ ਕੰਧ ਨਹੀਂ ਟੁੱਟਣੀ। ਇਹ ਕਿਸੇ ਤਰੀਕੇ ਨਾਲ ਨਹੀਂ ਟੁੱਟਦੀ। ਜੇ ਇਹ ਕਹਿਣ ਲੱਗ ਜਾਵੇ ਕਿ ਮੈਂ ਆਤਮਾ ਹਾਂ, ਇਹਦਾ ਇਸ ਤਰ੍ਹਾਂ ਕਹਿਣ ਨਾਲ ਕੋਈ ਫਾਇਦਾ ਨਹੀਂ ਹੋਣਾ। ਮਹਾਰਾਜ ਕਹਿੰਦੇ ਹਨ -

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥ ਪੰਨਾ - 1***

ਜੀਵ ਭਾਵ ਨਹੀਂ ਜਾਣਾ ਤੇਰੇ ਅੰਦਰੋਂ, ਨਾ ਹੀ ਸੋਚਣ ਨਾਲ ਇਹ ਗੱਲ ਨਿਬੜਨੀ ਹੈ। ਇਹ ਤਾਂ ਕੋਈ ਪੂਰਾ ਮਿਲ ਜਾਵੇ, ਉਹ ਕੋਈ ਜੁਗਤੀ ਦਸ ਦੇਵੇ, ਫੇਰ ਤਾਂ ਇਸ ਦੇ ਵਿਚੋਂ ਨਿਕਲਿਆ ਜਾ ਸਕਦਾ ਹੈ, ਹੋਰ ਇਸ ਦਾ ਕੋਈ ਰਸਤਾ ਨਹੀਂ, ਕੋਈ ਤਰੀਕਾ ਨਹੀਂ ਹੈ। ਪੀਰ ਜੀ! ਜਿੰਨੇ ਤੇਰੇ ਕਰਮ ਨੇ, ਇਹ ਸਾਰੇ ਹਉਮੈ ਦੇ ਕਰਮ ਨੇ। ਸਾਰਾ ਸੰਸਾਰ ਕੂੜੀ ਹਉਮੈ ਦੇ ਅੰਦਰ ਗ੍ਰਸਿਆ ਪਿਆ ਹੈ, ਗੁਲਤਾਨ ਹੋਇਆ ਪਿਆ ਹੈ; ਕੀ ਰਾਜਾ, ਕੀ ਪਰਜਾ, ਕੀ ਸੰਸਾਰ, ਸੋਇਨਾ, ਰੁਪਾ, ਮੰਡਪ ਮਾੜੀਆਂ, ਸਭ ਕੂੜ ਦੀਆਂ ਕੰਧਾਂ ਨੇ। ਜਿਹੜਾ ਪ੍ਰਮੇਸ਼ਰ ਹਰ ਵਕਤ ਤੇਰੇ ਨਾਲ ਰਹਿੰਦਾ ਹੈ, ਇਕ ਛਿਨ ਮਾਤਰ ਵੀ ਤੇਰੇ ਨਾਲੋਂ ਵੱਖ ਨਹੀਂ ਹੁੰਦਾ, ਥੋੜ੍ਹਾ ਜਿੰਨਾਂ ਵੀ ਤੇਰੇ ਕੋਲੋਂ ਦੂਰ ਨਹੀਂ ਹੈ, ਤੇਰੇ ਰੋਮ ਰੋਮ ਦੇ ਵਿਚ ਸਮਾਇਆ ਹੋਇਆ ਹੈ ਪਰ ਇਨ੍ਹਾਂ ਝੂਠ ਦੇ ਪਹਾੜਾਂ ਨੇ ਉਹ ਪ੍ਰਮੇਸ਼ਰ ਭੁਲਾ ਰੱਖਿਆ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੈਨੂੰ ਵਿਸਰਿਆ ਕਰਤਾਰ, ਮੇਰੀ ਜਿੰਦੜੀਏ - 2*
*ਮੇਰੀ ਜਿੰਦੜੀਏ ਨੀ, ਮੇਰੀ ਜਿੰਦੜੀਏ - 2, 2.*
*ਤੈਨੂੰ ਵਿਸਰਿਆ ਕਰਤਾਰ........2*

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ ਪੰਨਾ - 468*

ਇਹ ਜਿੰਨੇ ਨੇ, ਸਾਰੇ ਕੂੜ ਦੇ ਸੰਗਲ ਨੇ। ਪੀਰ ਬੁੱਧੂ ਸ਼ਾਹ! ਇਹ ਸਾਰੀਆਂ ਚੀਜ਼ਾਂ ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਨੇ। ਜਿਵੇਂ ਬੱਦਲ ਸੂਰਜ ਨੂੰ ਢਕ ਲੈਂਦਾ ਹੈ, ਇਸੇ ਤਰ੍ਹਾਂ ਤੇਰੇ ਅੰਦਰ ਜੋ ਬ੍ਰਹਮ ਹੈ, ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਹਰ ਵਕਤ ਤੇਰੇ ਨਾਲ ਰਹਿੰਦਾ ਹੈ, ਉਹ ਕੂੜ ਦੀ ਕੰਧ ਨੇ ਢਕਿਆ ਹੋਇਆ ਹੈ। ਤੈਨੂੰ ਉਸ ਦੀ ਪਛਾਣ ਨਹੀਂ ਹੋ ਰਹੀ।

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਪੰਨਾ - 550*

ਇਕ ਜੀਵ ਆਤਮਾ ਰੂਪੀ ਪੰਖੀ ਹੈ, ਇਕ ਆਤਮਾ ਰੂਪੀ ਹੈ ਲੇਕਿਨ ਤੇਰੀ ਕੂੜੀ ਮੈਂ ਨੇ ਉਸ ਅਸਲੀ ਆਤਮਾ ਨੂੰ ਢਕ ਲਿਆ, ਇਹ ਜੀਵ ਆਤਮਾ ਨਕਲੀ ਹੈ, ਆਤਮਾ ਅਸਲੀ ਹੈ। ਜੀਵ ਭਾਵ ਹਉਮੈ ਕਰਕੇ ਆਤਮਾ ਦਾ ਪਰਛਾਵਾਂ ਹੈ, ਇਹ ਪਰਛਾਵਾਂ ਹੰਗਤਾ ਤੇ ਮਮਤਾ ਧਾਰ ਕੇ

ਕਰਮ ਕਰਦਾ ਹੈ ਤੇ ਕਰਮ ਕਰਕੇ ਬੰਨ੍ਹਿਆ ਜਾਂਦਾ ਹੈ। ਜਿੰਨੀ ਦੇਰ ਤਕ ਝੂਠੀ ਹਉਮੈ ਨਹੀਂ ਟੁੱਟਦੀ, ਓਨੀਂ ਦੇਰ ਤਕ ਸੱਚ ਦੀ ਪਛਾਣ ਨਹੀਂ ਹੋਣੀ, ਸੋਚਣ ਨਾਲ ਸੱਚ ਦੀ ਪਛਾਣ ਨਹੀਂ ਹੋਣੀ। ਉਹਦੇ ਵਾਸਤੇ ਸਾਧਨਾ ਕਰਨੀ ਪੈਂਦੀ ਹੈ। ਇਸ ਦੀਆਂ ਰਹਿਤਾਂ ਹੋਇਆ ਕਰਦੀਆਂ ਨੇ। ਸੱਚ ਨੂੰ ਪਛਾਨਣ ਵਾਸਤੇ ਸਭ ਤੋਂ ਪਹਿਲਾਂ ਸਚਿਆਰ ਹੋਣ ਦੀ ਲੋੜ ਹੈ –

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* *ਪੰਨਾ – 1*

ਰਜ਼ਾਅ ਤੇ ਹੁਕਮ ਵਿਚ ਚੱਲਣ ਨਾਲ –

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥* *ਪੰਨਾ – 2*

ਹੁਕਮ ਦੀ ਪਛਾਣ ਕਰਨੀ ਚਾਹੀਦੀ ਹੈ ਕਿ ਹੁਕਮ ਕੀ ਹੈ। ਹੁਕਮ ਹੈ ਸੱਚ ਦਾ, ਸੱਚ ਦਾ ਰੂਪ ਹੈ – ਨਾਮ। ਸੋ ਸੱਚ ਦੀ ਪਛਾਣ ਕਰਨ ਲਈ ਧਿਆਨ ਨਾਲ ਸੁਣ। ਪਹਿਲਾਂ ਤਾਂ ਰਿਦੇ ਦੀ ਸਚਾਈ ਚਾਹੀਦੀ ਹੈ। ਤੇਰੇ ਰਿਦੇ ਵਿਚ ਸਚਾਈ ਨਹੀਂ ਸੀ। ਸਾਡੇ ਨੇੜੇ ਪਹੁੰਚਣ ਤਕ ਤਾਂ ਤੂੰ ਕਹਿੰਦਾ ਹੀ ਆਉਂਦਾ ਸੀ ਕਿ ਮੈਂ ਤਾਂ ਹੁਣ ਚਰਨੀਂ ਪੈ ਜਾਣਾ ਹੈ। ਇਥੇ ਆ ਕੇ ਕੀ ਹੋ ਗਿਆ? ਚੇਲਿਆਂ ਤੋਂ ਡਰ ਗਿਆ, ਖਿਆਲ ਆ ਗਿਆ ਕਿ ਮੈਂ ਮੁਸਲਮਾਨ ਪੀਰ ਹਾਂ, ਜੇ ਮੈਂ ਹਿੰਦੂ ਦੇ ਚਰਨੀ ਪੈ ਗਿਆ ਤਾਂ ਮੇਰੇ ਮੁਰੀਦ ਇਤਰਾਜ਼ ਕਰਨਗੇ ਕਿ ਪੀਰ ਜੀ ਮੋਮਨ ਹੋ ਕੇ ਹਿੰਦੂ ਦੇ ਚਰਨੀ ਪੈ ਗਏ ਤੇ ਉਨ੍ਹਾਂ ਨੂੰ ਸਿਜਦਾ ਕੀਤਾ? ਪੀਰ ਜੀ! ਇਥੇ ਰਿਦੇ ਦੀ ਸਚਾਈ ਤਾਂ ਰਹੀ ਨਾ, ਇਹਦੇ ਵਿਚ ਤਾਂ ਝੂਠ ਆ ਗਿਆ। ਸੋ ਰਿਦੇ ਦੀ ਸਚਾਈ ਸਭ ਤੋਂ ਜ਼ਰੂਰੀ ਹੈ। ਦੂਸਰਾ, ਝੂਠ ਦੀ ਮੈਲ ਉਤਾਰਨੀ ਚਾਹੀਦੀ ਹੈ। ਤੀਸਰਾ, ਸੱਚ ਨਾਲ ਪਿਆਰ ਕਰਨਾ ਚਾਹੀਦਾ ਹੈ। ਸੱਚ ਕੀ ਹੈ – ਵਾਹਿਗੁਰੂ। ਜਿੰਨਾਂ ਚਿਰ ਸੱਚ ਦੇ ਨਾਲ, ਵਾਹਿਗੁਰੂ ਦੇ ਨਾਲ ਪਿਆਰ ਨਹੀਂ ਪੈਂਦਾ, ਓਨਾਂ ਚਿਰ ਬਾਹਰ ਵਾਰ ਘੁੰਮਦਾ ਫਿਰਦਾ ਹੈ। ਜਦੋਂ ਸੱਚ ਨਾਲ ਪਿਆਰ ਪੈਦਾ ਹੋ ਜਾਂਦਾ ਹੈ ਤਾਂ ਫਿਰ ਰਿਸ਼ਤਾ ਗੰਢਣਾ ਸ਼ੁਰੂ ਹੋ ਜਾਂਦਾ ਹੈ। ਫੇਰ ਮਨ ਦੇ ਅੰਦਰ ਸੰਸਾ ਬਿਰਤੀ ਨਹੀਂ ਚਾਹੀਦੀ, ਆਸਾ ਤੇ ਤ੍ਰਿਸ਼ਨਾਂ ਨਹੀਂ ਚਾਹੀਦੀਆਂ, ਇਹ ਦੋ ਬਹੁਤ ਵੱਡੇ ਦਰਵਾਜ਼ੇ ਨੇ, ਬਜਰ ਕਪਾਟ ਨੇ –

*ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥* *ਪੰਨਾ – 877*

ਸੋ ਮਨ ਦੇ ਅੰਦਰ ਖੇੜਾ ਚਾਹੀਦਾ ਹੈ। ਗਿਆਨ ਬੀਜਣਾ ਚਾਹੀਦਾ ਹੈ, ਸੱਚੀ ਸਿਖਿਆ ਦੀ ਪ੍ਰਾਪਤੀ ਚਾਹੀਦੀ ਹੈ। ਸਰੀਰ ਨੂੰ ਔਗੁਣਾਂ ਤੋਂ ਸਾਧ ਕੇ ਇਹਦੇ ਵਿਚ ਨਾਮ ਬੀਜਣਾ ਚਾਹੀਦਾ ਹੈ। ਜਿੰਨੀਆਂ ਮਾੜੀਆਂ ਚੀਜ਼ਾਂ ਨੇ – ਨਿੰਦਿਆ, ਚੁਗਲੀ, ਈਰਖਾ, ਬਖੀਲੀ, ਛਲ, ਕਪਟ ਆਦਿ ਇਨ੍ਹਾਂ ਨੂੰ ਖੁਰਪੇ ਨਾਲ ਗੁਡਾਈ ਕਰਕੇ ਨਦੀਣ ਵਾਂਗੂੰ ਬਾਹਰ ਕੱਢ ਦੇਣਾ ਚਾਹੀਦਾ

ਹੈ। ਵਾਹੁਣਾ ਤੇ ਗੁਡਣਾ ਕਿਵੇਂ ਹੈ, ਇਸ ਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਪੰਨਾ - 305*

ਆਦਮੀ ਦੇ ਅੰਦਰ ਅੰਮ੍ਰਿਤ ਹੈ, ਬ੍ਰਹਮਗਿਆਨ ਹੈ, ਆਤਮ ਗਿਆਨ ਹੈ, ਆਤਮਾ ਨੂੰ ਅੰਮ੍ਰਿਤ ਆਖਦੇ ਨੇ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ॥ ਪੰਨਾ - 644*

ਜੀਵ ਦੁਨੀਆਂ ਇਕੱਠੀ ਕਰਨ ਨੂੰ ਲੱਗਿਆ ਹੋਇਆ ਹੈ। ਜੋ ਅੰਦਰ ਅੰਮ੍ਰਿਤ ਦਾ ਕੁੰਡ ਭਰਿਆ ਪਿਆ ਹੈ, ਉਹਦੇ ਵਲ ਬਿਰਤੀ ਨਹੀਂ ਲੈ ਕੇ ਜਾਂਦਾ। ਉਸ ਆਤਮ ਸਮੁੰਦਰ, ਆਤਮ ਤੀਰਥ ਦੇ ਅੰਦਰ ਨਿਵਾਸ ਕਰਨਾ ਚਾਹੀਦਾ ਹੈ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਪੰਨਾ - 305*

ਸੋ ਇਸ ਤਰ੍ਹਾਂ ਦੇ ਨਾਲ ਅਨੇਕਾਂ ਰਹਿਤਾਂ ਨੇ -

*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥*
*ਪੰਨਾ - 441*

ਕਾਇਆ ਰੂਪੀ ਜੋ ਧਰਤੀ ਹੈ, ਇਹਨੂੰ ਸਾਧਣਾ ਚਾਹੀਦਾ ਹੈ। ਇਹਨੂੰ ਸੋਧ ਕੇ ਮਹਾਰਾਜ ਕਹਿੰਦੇ ਨੇ -

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*
*ਪੰਨਾ - 595*

ਨਾਮ ਦਾ ਬੀਜ ਪਾਉਣਾ ਹੈ, ਇਸ ਦੀ ਰੱਖ ਨਿਮਰਤਾ ਹੈ ਤੇ ਸੰਤੋਖ ਦਾ ਸੁਹਾਗਾ ਦੇਣਾ ਹੈ।

*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ਪੰਨਾ - 595*

ਨੌਂ ਕਿਸਮ ਦੀ ਭਗਤੀ ਕਰਨ ਦੇ ਨਾਲ ਇਹ ਫਸਲ ਜੰਮ ਪਏਗੀ। ਜਿਥੇ ਨਾਮ ਦੀ ਫਸਲ, ਬ੍ਰਹਮਗਿਆਨ ਦੀ ਫਸਲ ਜੰਮ ਪਈ, ਉਹ ਸਰੀਰ ਭਾਗਾਂ ਵਾਲਾ ਹੈ। ਭਾਗਾਂ ਵਾਲਾ ਵੀ ਇਤਨਾ ਹੈ ਕਿ ਆਪ ਵੀ ਤਰ ਜਾਂਦਾ ਹੈ ਤੇ ਨਾਲ ਦਿਆਂ ਨੂੰ ਵੀ ਸਾਰਿਆਂ ਨੂੰ ਤਾਰ ਦਿੰਦਾ ਹੈ, ਪਾਰ ਲੰਘਾ ਦਿੰਦਾ ਹੈ।

***ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥***
***ਪੰਨਾ - 418***

ਉਹਦੇ ਵਿਚ ਫੇਰ ਨਾਮ ਬੀਜ ਦੇ, ਫੇਰ ਸੱਚੀ ਸਿਖਿਆ ਦੀ ਪ੍ਰਾਪਤੀ ਕਰ। ਸੱਚੀ ਸਿਖਿਆ ਗੁਰੂ ਤੋਂ ਪ੍ਰਾਪਤ ਹੋਇਆ ਕਰਦੀ ਹੈ, ਝੂਠੀ ਸਿਖਿਆ ਸਾਰੀ ਦੁਨੀਆਂ ਕੋਲ ਹੈ। ਸੱਚੀ ਸਿਖਿਆ ਹੈ ਕਿ ਤੂੰ ਜੀਵ ਨਹੀਂ ਹੈਂ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।। ਪੰਨਾ - 441***

ਗੁਰੂ ਸਾਹਿਬ ਤਾਂ ਬਾਰ-ਬਾਰ ਕਹੀ ਜਾਂਦੇ ਨੇ ਪਰ ਅਸੀਂ ਪੜ੍ਹ ਕੇ ਅਰਥ ਕਰਕੇ ਹਟ ਜਾਂਦੇ ਹਾਂ। ਇਸ ਨੂੰ serious thought (ਗੰਭੀਰ ਸੋਚ) ਨਹੀਂ ਦਿੰਦੇ ਕਿ ਮੈਂ ਤਾਂ ਆਤਮ ਸਰੂਪ ਹਾਂ, ਜੋਤ ਸਰੂਪ ਹਾਂ। ਤੂੰ ਆਪਣੇ ਜੀਵ ਤੇ ਦਇਆ ਕਰ, ਸੰਸਾਰ ਦੇ ਅੰਦਰ ਦਇਆ ਕਮਾ। ਜਦੋਂ ਤੂੰ ਇਸ ਤਰ੍ਹਾਂ ਕਰੇਂਗਾ, ਫੇਰ ਤੈਨੂੰ ਕੁਝ ਕਰਮ ਕਰਨੇ ਪੈਣਗੇ। ਮਹਾਂਪੁਰਸ਼ਾਂ ਤੋਂ ਸੱਚੀ ਸਿਖਿਆ ਸੁਣੇਂਗਾ, ਫੇਰ ਉਸ ਨੂੰ ਮੰਨੇਂਗਾ, ਫੇਰ ਉਹਦਾ ਨਿਧਿਆਸਣ ਕਰੇਂਗਾ, ਫੇਰ ਤੂੰ ਆਪਣੇ ਸਵੈ ਸਰੂਪ ਦਾ ਅਭਿਆਸ ਕਰੇਂਗਾ। ਸਤਿਗੁਰੂ ਦਾ ਉਪਦੇਸ਼ ਸੁਣਨ ਤੋਂ ਬਾਅਦ ਤੈਨੂੰ ਆਤਮ ਤੀਰਥ ਦਾ ਨਿਵਾਸ ਮਿਲ ਜਾਵੇਗਾ -

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਪੰਨਾ - 468***

ਬੁੱਧੂ ਸ਼ਾਹ! ਜਦੋਂ ਤੈਨੂੰ ਸੱਚ ਦੀ ਪ੍ਰਾਪਤੀ ਹੋ ਗਈ, ਉਦੋਂ ਤੇਰੇ ਅੰਦਰੋਂ ਸਾਰੇ ਵਿਕਾਰ ਨਿਕਲ ਜਾਣਗੇ -

***ਧਾਰਨਾ - ਪਾਪ ਕੱਢੇ ਧੋਏ ਜੀ,***
***ਸੱਚ ਸਭਨਾ ਹੋਏ ਦਾਰੂ - 2, 2.***
***ਸੱਚ ਸਭਨਾ ਹੋਇ ਦਾਰੂ.........2, 2.***
***ਪਾਪ ਕੱਢੇ ਧੋਏ ਜੀ,............2***

***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥***
***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ ਪੰਨਾ - 468***

ਬੁੱਧੂਸ਼ਾਹ! ਕੂੜ ਦੀਆਂ ਜਿਹੜੀਆਂ ਤੂੰ ਗੰਢਾਂ ਬੰਨ੍ਹ ਰਿਹਾ ਹੈਂ - ਮੈਂ ਐਨੀ ਤਪਸਿਆ ਕੀਤੀ, ਮੇਰੇ ਐਨੇ ਚੇਲੇ, ਮੇਰਾ ਐਨਾ ਵੱਡਾ ਆਸ਼ਰਮ, ਐਨਾ ਵੱਡਾ ਮੇਰਾ ਲੰਗਰ ਚਲਦਾ ਹੈ, ਐਨੇ ਲੋਕ ਮੈਨੂੰ ਮੰਨਦੇ ਨੇ, ਮੇਰੇ

ਅੰਦਰ ਵਾਕ ਸਿੱਧੀ ਹੈ, ਪ੍ਰੇਰਨਾ ਸ਼ਕਤੀ ਹੈ, ਅੰਤਰਜਾਮਤਾ ਹੈ, ਰਿਧੀਆਂ ਸਿਧੀਆਂ ਮੇਰੇ ਅੱਗੇ ਪਿਛੇ ਕੰਮ ਕਰਦੀਆਂ ਫਿਰਦੀਆਂ ਨੇ; ਇਹ ਕਿਉਂ ਕੰਧਾਂ ਬਣਾਈ ਜਾ ਰਿਹਾ ਹੈਂ। ਇਹ ਤਾਂ ਸਾਰਾ ਸੰਸਾਰ ਹੀ ਕੂੜ ਹੈ, ਜਿੰਨਾਂ ਵੀ ਨਜ਼ਰ ਆਉਂਦਾ ਹੈ ਜਿਸ ਦਾ ਨਾਮ ਹੈ, ਰੂਪ ਹੈ, ਰੰਗ ਹੈ, ਸਭ ਕੂੜ ਹੈ। ਸੋ ਕੂੜ ਦੀ ਪਾਲ ਤਾਂ ਖਤਮ ਹੁੰਦੀ ਹੈ ਜੇ ਸੱਚ ਨੂੰ ਪਛਾਣ ਲਿਆ ਜਾਵੇ। ਸੱਚ ਨੂੰ ਪਛਾਨਣ ਵਾਸਤੇ ਤੇਰਾਂ ਰਹਿਤਾਂ ਨੇ, ਇਨ੍ਹਾਂ ਰਹਿਤਾਂ ਤੇ ਪਹਿਰਾ ਦੇਹ। ਆਤਮ ਤੀਰਥ ਤੇ ਨਿਵਾਸ ਕਰ - ਸਤਿਗੁਰੂ ਨੂੰ ਪੁੱਛ ਕੇ, ਆਪਣੇ ਆਪ ਨਹੀਂ ਹੋਣਾ। ਸਤਿਗੁਰੂ ਪਹਿਲਾਂ ਤਾਂ ਤੈਨੂੰ ਸਰਵਣ ਕਰਾਏਗਾ, ਤੈਨੂੰ ਸਰਵਣ ਦੀ ਅਵਸਥਾ ਪ੍ਰਾਪਤ ਹੋਵੇਗੀ -

> ***ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥***
> ***ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥***
> ***ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥***
>
> ***ਪੰਨਾ - 2***

ਜਦੋਂ ਤੂੰ 100% ਸੱਚ ਮੰਨਣ ਲਗ ਜਾਵੇਂਗਾ, ਉਦੋਂ ਇਹ ਸਮਝ ਲਈਂ ਕਿ ਅੱਜ ਮੈਨੂੰ ਸੁਣਨ ਦੀ ਅਵਸਥਾ ਪ੍ਰਾਪਤ ਹੋ ਗਈ। ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਸੱਚ ਮੰਨਦੇ ਹਾਂ ਪਰ ਸਾਡੇ ਅੰਦਰ ਤਾਂ ਸੰਸਾ ਖੜ੍ਹਾ ਹੈ। ਐਥੇ ਤਾਂ ਮੰਨ ਲਵਾਂਗੇ, ਥੋੜ੍ਹਾ ਅੱਗੇ ਜਾ ਕੇ ਫੇਰ ਸੰਸੇ ਵਿਚ ਰੁਲ ਜਾਵਾਂਗੇ। ਅਸੀਂ ਗੁਰੂ ਦੀ ਬਾਣੀ ਨੂੰ ਬਿਲਕੁਲ ਵੀ ਸੱਚ ਨਹੀਂ ਮੰਨਦੇ। ਜੇ ਸੱਚ ਮੰਨ ਲਈਏ, ਫੇਰ ਦੂਜੀ ਅਵਸਥਾ ਆ ਜਾਂਦੀ ਹੈ - ਮੰਨਣ ਦੀ। ਮੰਨਣ ਵਾਸਤੇ ਸਾਧਨ ਕਰਨੇ ਪੈਂਦੇ ਨੇ। ਜਿੰਨਾਂ ਚਿਰ ਉਹ ਸਾਧਨ ਪ੍ਰਾਪਤ ਨਹੀਂ ਹੁੰਦੇ, ਆਦਮੀ ਮੰਨ ਨਹੀਂ ਸਕਦਾ ਕਿਉਂਕਿ ਆਦਮੀ ਦੇ ਅੰਦਰ ਐਨੀ ਤਾਕਤ ਹੈ ਨਹੀਂ ਕਿ ਗੁਰੂ ਦੀ ਬਾਣੀ ਸੁਣ ਕੇ ਮੰਨ ਲਵੇ। ਜੇ ਮੰਨ ਲਵੇ, ਹੁਣੇ ਹੀ ਸਾਰਿਆਂ ਨੂੰ ਬ੍ਰਹਮ ਗਿਆਨ ਹੋ ਜਾਵੇ। ਉਹਦੇ ਵਾਸਤੇ ਸਾਧਨ ਕਰਨਾ ਪੈਂਦਾ ਹੈ, ਵਿਚਾਰ ਕਰਨੀ ਪੈਂਦੀ ਹੈ। ਸਤਿ, ਸੰਤੋਖ, ਵਿਚਾਰ, ਸਤਿਸੰਗ - ਚਾਰ ਸਾਧਨ ਤਾਂ ਇਹ ਨੇ। ਤੇ ਬਾਕੀ ਸਾਧਨ ਨੇ - ਸਮ, ਦਮ, ਇੰਦਰਿਆਂ ਨੂੰ ਰੋਕਣਾ, ਮਨ ਨੂੰ ਰੋਕਣਾ, ਸ਼ਰਧਾ 'ਚ ਆਉਣਾ, ਸਮਾਧਾਨ ਕਰਨਾ, ਜਿਹੜੀ ਚੀਜ਼ ਸੁਣਨੀ ਉਹਨੂੰ ਇਕਾਂਤ ਵਿਚ ਬੈਠ ਕੇ ਬਾਰ-ਬਾਰ ਵਿਚਾਰ ਕਰਕੇ ਅੰਦਰ ਲਿਜਾਣਾ, ਫੇਰ ਉਪਰਾਮ ਰਹਿਣਾ, ਨਾ ਵਿਸ਼ਿਆਂ ਦੇ ਅੰਦਰ ਫਸਣਾ, ਸਾਰਿਆਂ ਤੋਂ ਨਿਰਲੇਪ ਰਹਿ ਕੇ ਵਰਤਣ ਬੈਰਾਗ ਦੀ ਰੱਖਣੀ। ਸੰਸਾਰ ਦੇ ਅੰਦਰ ਮਹਿਮਾਨਾਂ ਵਾਂਗੂੰ ਰਹੇ। ਫਿਰ ਇਹਦੇ ਅੰਦਰ ਤਿਤਿਕਸ਼ਾ ਹੋਣੀ ਚਾਹੀਦੀ ਹੈ - ਦੁਖ ਸੁਖ ਝੱਲਣ ਦੀ ਤਾਕਤ। ਅੰਮ੍ਰਿਤ ਵੇਲੇ ਠੰਢੇ ਪਾਣੀ ਨਾਲ ਇਸ਼ਨਾਨ ਕਰਨਾ; ਜਿਨ੍ਹਾਂ ਨੇ ਆਦਤ ਵਿਗਾੜ ਲਈ, ਕਿਤੇ ਬਾਹਰ ਦੂਰ ਕਿਸੇ ਕੰਮ ਨੂੰ ਕਰਨ ਲਈ ਜਾਣਾ ਪਵੇ, ਗਰਮ ਪਾਣੀ ਨਾ ਮਿਲੇ ਤਾਂ ਦਿਨ

ਚੜ੍ਹਦੇ ਤਕ ਬੈਠੇ ਰਹਿੰਦੇ ਨੇ ਇਸ਼ਨਾਨ ਕਰਨ ਲਈ। ਸੋ ਠੰਢੇ ਪਾਣੀ ਨਾਲ ਇਸ਼ਨਾਨ ਕਰਨ ਦੀ ਆਦਤ ਪਾਓ। ਪੈਦਲ ਚਲ ਕੇ ਜਾਣਾ, ਧੁੱਪ ਸਹਿ ਲੈਣੀ, ਖੇਚਲ ਸਹਿ ਲੈਣੀ, ਇਹ ਤਿਤਿਕਸ਼ਾ ਹੋਇਆ ਕਰਦੀ ਹੈ। ਇਸ ਤੋਂ ਬਾਅਦ ਫਿਰ ਬਿਬੇਕ ਹੋਇਆ ਕਰਦਾ ਹੈ। ਆਤਮ ਅਨਾਤਮ ਦੀ ਪਰਖ ਹੋਵੇ ਕਿ ਸੱਚ ਕਿਹੜੀ ਚੀਜ਼ ਹੈ, ਝੂਠ ਕਿਹੜੀ ਚੀਜ਼ ਹੈ। ਫਿਰ ਬੈਰਾਗ ਹੋਵੇ, ਸੰਸਾਰ ਦੇ ਕਿਸੇ ਵਿਸ਼ੇ ਨੂੰ ਵੀ ਮਨ 'ਚ ਨਾ ਲਿਆਵੇ। ਚਾਰ ਪੰਜ ਕਿਸਮ ਦੇ ਵਿਸ਼ੇ ਅਨੰਦ ਦਿੰਦੇ ਨੇ, ਸਾਰੇ ਅਨੰਦਾਂ ਤੋਂ ਆਪਣੇ ਆਪ ਨੂੰ ਨਿਰਲੇਪ ਕਰਕੇ ਕੇਵਲ ਪ੍ਰਮੇਸ਼ਰ ਦੇ ਦਰਸ਼ਨ ਦੀ ਆਸਾ, ਆਪਣੇ ਅਗਿਆਨ ਨੂੰ ਖਤਮ ਕਰਨ ਦਾ ਪਰਮ ਮਨੋਰਥ ਚਿਤ ਵਿਚ ਰੱਖਣਾ, ਬਾਕੀ ਬ੍ਰਹਮ ਲੋਕ ਤਕ ਦੇ ਸੁਖਾਂ ਨੂੰ ਵਿਸ਼ਟਾ ਬਰਾਬਰ ਸਮਝਣਾ; ਇਸਨੂੰ ਬੈਰਾਗ ਕਹਿੰਦੇ ਨੇ। ਫੇਰ ਹੋਇਆ ਕਰਦੀ ਹੈ - ਸਮ ਦਮ ਅਤੇ ਫੇਰ ਆਦਮੀ ਦੇ ਅੰਦਰ ਹੋਵੇ ਕਿ ਮੈਂ ਪ੍ਰਮੇਸ਼ਰ ਨੂੰ realise (ਅਨੁਭਵ) ਕਰਕੇ, ਅਗਿਆਨ ਦੇ ਛੌੜ ਕੱਟ ਕੇ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***

***ਪੰਨਾ - 1369***

ਮੈਂ ਉਹ ਪਦਵੀ ਪ੍ਰਾਪਤ ਕਰਨੀ ਹੈ ਜਿਹੜੀ ਮੁੜ ਕੇ ਫੇਰ ਨਾ ਟਲੇ। ਜੇ ਬ੍ਰਹਮ ਲੋਕ ਵਿਚ ਜਾਵਾਂਗਾ, ਫੇਰ ਵਾਪਸ ਆਉਣਾ ਪਵੇਗਾ। ਸ਼ਿਵ ਲੋਕ ਵਿਚੋਂ ਵੀ ਫੇਰ ਆਉਣਾ ਪਏਗਾ, ਬੈਕੁੰਠ ਵਿਚ ਜਾਵਾਂਗਾ, ਫੇਰ ਖਰਬ ਸਾਲ ਰਹਿ ਕੇ ਆਉਣਾ ਪਏਗਾ। ਅਸਲ ਪਦਵੀ ਤਾਂ ਉਹ ਹੈ ਜਿਥੋਂ ਮੁੜ ਕੇ ਆਉਣਾ ਨਾ ਪਵੇ, ਦੁਬਾਰਾ ਜਨਮ ਨਾ ਲੈਣਾ ਪਵੇ। ਇਥੋਂ ਤਕ ਤੀਬਰ ਇਛਾ ਹੋਵੇ ਫੇਰ ਸੁਣਨ ਦਾ ਹੱਕਦਾਰ ਹੁੰਦਾ ਹੈ। ਗੁਰੂ ਉਸ ਨੂੰ ਅਧਿਕਾਰੀ ਕਹਿੰਦਾ ਹੈ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***

***ਪੰਨਾ - 1365***

ਕੋਈ ਗਾਹਕ ਹੀ ਨਹੀਂ ਹੈ, ਕੋਈ ਮੁੱਲ ਲੈਣ ਵਾਲਾ ਹੀ ਨਹੀਂ ਹੈ; ਓਥੇ ਨਾਮ ਦੀ ਦਾਤ ਹੈ, ਬ੍ਰਹਮ ਗਿਆਨ ਦਾ ਕੀ ਰੌਲਾ ਪਾਉਣਾ ਹੈ ਕਿਉਂਕਿ ਕੋਈ ਹੈ ਨਹੀਂ। ਫੇਰ ਦੂਸਰੀ ਅਵਸਥਾ ਆਇਆ ਕਰਦੀ ਹੈ ਮੰਨਣ ਦੀ। ਜਿਹੜੀ ਚੀਜ਼ ਮੰਨ ਲਈ, ਫੇਰ ਉਹਨੂੰ ਪਕਾਉਣਾ, ਉਹਨੂੰ ਨਿਧਿਆਸਣ ਕਹਿੰਦੇ ਨੇ - ਬਾਰ-ਬਾਰ ਪਕਾਉਣਾ। ਉਸ ਦਾ ਤਰੀਕਾ ਪਹਿਲਾਂ ਦਸਿਆ ਗਿਆ ਹੈ, ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਚੌਂਕੜਾ ਮਾਰ ਕੇ ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੋਵੇ, ਉਸ ਵੇਲੇ ਆਪਣੇ ਸਵੈ ਸਰੂਪ ਦਾ ਚਿੰਤਨ ਕਰਨਾ, ਆਪਣੀ ਬਿਰਤੀ ਖਿਚਣੀ; ਇਸ ਨੂੰ ਅਪੱਚੀਕਰਨ ਕਹਿੰਦੇ ਨੇ - ਪੱਚੀ ਪ੍ਰਕ੍ਰਿਤੀਆਂ ਵਿਚੋਂ ਬਿਰਤੀ ਖਿੱਚ ਲੈਣੀ। ਪੰਜੇ ਕਰਮ ਇੰਦਰਿਆਂ ਤੋਂ, ਪੰਜੇ ਗਿਆਨ ਇੰਦਰਿਆਂ ਤੋਂ, ਪੰਜ ਪ੍ਰਾਣਾਂ ਤੋਂ, ਮਨ ਤੋਂ, ਬੁੱਧ ਤੋਂ ਉਪਰ ਚਲੇ ਜਾਣਾ, ਉਸ ਤੋਂ ਬਾਅਦ ਚਿੱਤ ਤੋਂ ਅੱਗੇ ਲੰਘ ਕੇ ਅਹੰਭਾਵ ਵਿਚ ਚਲੇ ਜਾਣਾ। ਫੇਰ ਉਥੇ ਫੈਸਲਾ ਕਰਨਾ ਕਿ ਕੀ ਮੈਂ ਸਰੀਰ ਹਾਂ; ਜਿਹੜਾ

ਕੁਝ ਮੈਂ ਲੰਘ ਕੇ ਆਇਆਂ ਹਾਂ, ਮੈਂ ਇਹ ਹਾਂ ਜਾਂ ਇਸ ਤੋਂ ਉਪਰ ਕੁਝ ਹੋਰ ਹਾਂ। ਉਥੇ ਬੁੱਧੀ ਖਤਮ ਹੋ ਜਾਂਦੀ ਹੈ ਅਤੇ ਅਨੁਭਵ ਜਾਗ ਪੈਂਦਾ ਹੈ। ਅਨੁਭਵ ਦੇ ਨਾਲ ਸਾਖੀ ਚੇਤਨ ਆਤਮਾ ਦਾ ਧਿਆਨ ਧਰਨਾ, ਉਹਨੂੰ ਆਤਮ ਚਿੰਤਨ, ਆਤਮ ਮੰਨਣ ਅਤੇ ਆਤਮ ਸਥਿਤੀ ਕਹਿੰਦੇ ਨੇ। ਇਸ ਤਰ੍ਹਾਂ ਦੇ ਨਾਲ ਜਿਹੜਾ ਸਾਧਨ ਕਰਦਾ ਹੈ, ਇਹਨੂੰ ਨਿਧਿਆਸਣ ਕਹਿੰਦੇ ਨੇ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਇਹ ਤਾਂ ਸਾਰਾ ਆਤਮਾ ਦਾ ਹੀ ਪਸਾਰਾ ਹੈ, ਇਥੇ ਦੂਜਾ ਤਾਂ ਕੋਈ ਹੈ ਹੀ ਨਹੀਂ। ਇਹ ਮਾਇਆ ਵੀ ਉਹਦਾ ਹੀ ਖੇਲ੍ਹ ਹੋ ਰਿਹਾ ਹੈ। ਪੀਰ ਬੁੱਧੂ ਸ਼ਾਹ! ਜਦੋਂ ਤੂੰ ਏਸ ਤਰ੍ਹਾਂ ਕਰੇਂਗਾ, ਉਸ ਵੇਲੇ ਤੇਰੀ ਕੂੜ ਦੀ ਪਾਲ ਟੁੱਟ ਜਾਏਗੀ। ਕਹਿੰਦੇ ਮਹਾਰਾਜ! ਮੈਨੂੰ ਇਕ ਅੱਖਰ ਵਿਚ ਦੱਸੋ। ਮਹਾਰਾਜ ਕਹਿੰਦੇ ਕਿ ਇਕ ਅੱਖਰ ਵਿਚ ਤਾਂ ਇਸ ਤਰ੍ਹਾਂ ਹੈ ਕਿ ਘੁੰਡ ਚੁੱਕ ਕੇ ਖੁਲ੍ਹ ਕੇ ਨੱਚ ਲੈ। ਉਸ ਵੇਲੇ ਨੱਚਣ ਲਗ ਗਿਆ, ਬੇਸੁੱਧ ਹੋ ਗਿਆ। ਉਸ ਵੇਲੇ ਚੇਲਿਆਂ ਦੀ ਪ੍ਰਵਾਹ ਨਹੀਂ ਕੀਤੀ, ਦੁਨੀਆਂ ਦੀ ਪਰਵਾਹ ਨਹੀਂ ਕੀਤੀ, ਲੋਕ ਲੱਜਾ ਵੀ ਲਾਹ ਦਿਤੀ। ਮਹਾਰਾਜ ਜੀ ਨੇ ਦ੍ਰਿਸ਼ਟੀ ਕੀਤੀ ਅਤੇ ਕਿਹਾ ਕਿ ਪੀਰ ਬੁੱਧੂ ਸ਼ਾਹ! ਤੇਰੀ ਕੂੜ ਦੀ ਪਾਲ ਲਹਿ ਗਈ, ਤੂੰ ਆਪਣਾ ਆਤਮ ਸਰੂਪ ਪਛਾਣ ਕੇ ਕੂੜ ਨੂੰ ਬਾਹਰ ਕੱਢ ਦਿਤਾ। ਹੁਣ ਤੂੰ ਬ੍ਰਹਮ ਲੱਜਾ ਵਿਚ ਆ ਜਾ। ਸੋ ਇਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰਦਾ ਸੀ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ਪੰਨਾ - 1373***

ਸੰਤ ਉਹ ਰਸਤਾ ਦਸਦੇ ਨੇ ਜਿਸ ਤੇ ਚਲ ਕੇ ਆਦਮੀ ਪਰਮ ਪਦ ਦੀ ਪ੍ਰਾਪਤੀ ਕਰਦਾ ਹੈ।

ਸੋ ਬੇਣੀ ਭਗਤ ਸੰਤਾਂ ਦੀ ਤਲਾਸ਼ ਕਰਦਾ ਫਿਰਦਾ ਹੈ। ਬਾਰ-ਬਾਰ ਬੇਨਤੀ ਕਰਦਾ ਹੈ ਕਿ ਕੋਈ ਐਸਾ ਪ੍ਰਭੂ ਦਾ ਪਿਆਰਾ ਮਿਲ ਜਾਵੇ ਜਿਹੜਾ ਮੈਨੂੰ ਪ੍ਰਮੇਸ਼ਰ ਦਾ ਮਿਲਾਪ ਕਰਵਾ ਦੇਵੇ। ਅੱਜ ਤਕ ਕਦੇ ਸੰਸਾਰ ਵਿਚ ਐਸਾ ਸਮਾਂ ਨਹੀਂ ਆਇਆ ਜਦੋਂ ਕਿ ਸੰਸਾਰ ਮਹਾਂਪੁਰਸ਼ਾਂ ਤੋਂ ਖਾਲੀ ਹੋ ਜਾਵੇ ਅਤੇ ਪ੍ਰਮੇਸ਼ਰ ਦਾ ਮਿਲਾਪ ਕਰਾਉਣ ਵਾਲਾ ਕੋਈ ਨਾ ਹੋਵੇ। ਪਰ -

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ - 1411***

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***
***ਪੰਨਾ - 495***

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***

***ਪੰਨਾ – 1427***

ਹੈ ਤਾਂ ਜ਼ਰੂਰ, ਪ੍ਰਮੇਸ਼ਰ ਦੇ ਪਿਆਰਿਆਂ ਦਾ ਕਾਲ ਨਹੀਂ ਪਿਆ ਹੋਇਆ, ਪਰ ਵਿਰਲੇ ਵਿਰਲੇ ਹਨ, ਲੱਭਦਿਆਂ ਲੱਭਦਿਆਂ ਜ਼ਰੂਰ ਮਿਲ ਜਾਂਦਾ ਹੈ, ਖਰਾ ਵੀ ਮਿਲ ਜਾਂਦਾ ਹੈ। ਸੋ ਇਸੇ ਤਰ੍ਹਾਂ ਭਗਤ ਬੇਣੀ ਨੂੰ ਵੀ ਮਹਾਂਪੁਰਸ਼ ਮਿਲ ਗਏ। ਉਨ੍ਹਾਂ ਨੇ ਦੇਖਿਆ ਕਿ ਬੈਰਾਗੀ ਪੁਰਸ਼ ਹੈ। ਉਸ ਦੀ ਅਵਸਥਾ ਨੂੰ ਦੇਖ ਕੇ ਉਪਦੇਸ਼ ਕਰ ਦਿਤਾ। ਕਹਿਣ ਲੱਗੇ ਕਿ ਪ੍ਰੇਮੀਆ! ਜਿਸ ਪ੍ਰਮੇਸ਼ਰ ਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਦੋ ਤਰੀਕਿਆਂ ਨਾਲ ਮਿਲਿਆ ਕਰਦਾ ਹੈ। ਇਕ ਤਾਂ ਉਹ ਮਿਲਦਾ ਹੈ ਗਿਆਨ ਨਾਲ ਪਰ ਗਿਆਨ ਖਾਰਾ ਪਾਣੀ ਹੈ। ਜੋ ਭਗਤੀ ਹੈ, ਇਹ ਮਿੱਠਾ ਪਾਣੀ ਹੈ। ਮਿੱਠਾ ਪਾਣੀ ਜਲਦੀ ਹਜ਼ਮ ਹੋ ਜਾਂਦਾ ਹੈ, ਖਾਰਾ ਪਾਣੀ ਹਜ਼ਮ ਨਹੀਂ ਹੁੰਦਾ, ਅਤੀਸਾਰ ਲਾ ਦਿੰਦਾ ਹੈ, ਪੇਟ ਖਰਾਬ ਕਰ ਦਿੰਦਾ ਹੈ। ਇਸ ਤਰ੍ਹਾਂ ਇਕੱਲਾ ਗਿਆਨ ਆਦਮੀ ਨੂੰ ਨਾਸਤਕ ਬਣਾ ਦਿੰਦਾ ਹੈ, ਅਸ਼ਰਧਕ ਬਣਾ ਦਿੰਦਾ ਹੈ, ਗੱਲਾਂ ਕਰਨ ਵਾਲਾ ਬਣਾ ਦਿੰਦਾ ਹੈ। ਜੋ ਭਗਤੀ ਸਹਿਤ ਗਿਆਨ ਹੈ, ਉਹ ਮਿੱਠਾ ਪਾਣੀ ਹੋਇਆ ਕਰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਨੂੰ ਪੁਛਿਆ ਗਿਆ ਕਿ ਪਾਤਸ਼ਾਹ! ਆਪ ਵੇਦਾਂਤ ਦਾ ਰਸਤਾ ਕਿਉਂ ਨਹੀਂ ਅਖਤਿਆਰ ਕਰਦੇ। ਮਹਾਰਾਜ ਕਹਿੰਦੇ, ਭਾਈ ਗੁਰਮੁਖੋ! ਪਹੁੰਚਣ ਦੀ ਗੱਲ ਹੋਇਆ ਕਰਦੀ ਹੈ। ਜੇ ਕਿਸੇ ਨੂੰ ਸੇਰ ਘਿਉ ਖਲਾ ਦਿਤਾ ਜਾਵੇ ਤਾਂ ਉਸ ਨੂੰ ਅਤੀਸਾਰ ਲਗ ਜਾਣਗੇ, ਖਾ ਤਾਂ ਜ਼ਰੂਰ ਲਏਗਾ ਪਰ ਮਰੋੜੇ ਲੱਗ ਜਾਣਗੇ। ਜੇਕਰ ਓਹੀ ਘਿਓ ਸ਼ੱਕਰ ਵਿਚ ਮਿਲਾ ਕੇ ਖਾ ਲਿਆ ਜਾਵੇ ਤਾਂ ਹਜ਼ਮ ਹੋ ਜਾਏਗਾ, ਕੋਈ ਨੁਕਸਾਨ ਨਹੀਂ ਕਰੇਗਾ। ਸੋ ਇਸੇ ਤਰ੍ਹਾਂ ਭਗਤੀ ਸਹਿਤ ਗਿਆਨ ਜਦੋਂ ਆਉਂਦਾ ਹੈ ਤਾਂ ਉਹ ਪ੍ਰੈਕਟੀਕਲ ਅਤੇ ਪ੍ਰਤਖ ਰੂਪ ਵਿਚ ਗਿਆਨ ਹੁੰਦਾ ਹੈ। ਜੋ ਕੇਵਲ ਗਿਆਨ ਹੈ, ਉਹਦੇ ਵਿਚ 'ਮੈਂ' ਨਹੀਂ ਮਿਟਿਆ ਕਰਦੀ। ਭਗਤੀ ਸਹਿਤ ਜੋ ਗਿਆਨ ਆਉਂਦਾ ਹੈ, ਉਸ ਵਿਚ 'ਮੈਂ' ਮਿਟ ਜਾਇਆ ਕਰਦੀ ਹੈ। ਇਸ ਨੂੰ ਭੈ-ਭਗਤੀ ਕਹਿੰਦੇ ਹਨ। ਇਹ ਦ੍ਵੈਤ ਵਿਚੋਂ ਸ਼ੁਰੂ ਹੋ ਕੇ ਅਦ੍ਵੈਤ ਵਿਚ ਲੈ ਜਾਂਦੀ ਹੈ। ਜਦੋਂ ਅਦ੍ਵੈਤ ਵਿਚ ਪਹੁੰਚ ਗਿਆ, ਫੇਰ –

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***

***ਪੰਨਾ – 1369***

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ – 1375***

ਸੋ ਕਹਿਣ ਲੱਗੇ ਕਿ ਇਹਦੇ ਵਿਚ ਮਹਾਂਪੁਰਸ਼ਾਂ ਦੇ ਉਪਦੇਸ਼ ਸੁਣਨੇ, ਇਸ ਨੂੰ ਸਰਵਣ ਭਗਤੀ ਕਹਿੰਦੇ ਨੇ। ਦੂਸਰੀ ਹੋਇਆ ਕਰਦੀ ਹੈ ਕੀਰਤਨ ਭਗਤੀ, ਹਰੀ ਦਾ ਜਸ ਕਰਨਾ। ਉਹਦਾ ਫਲ ਕਿਤਨਾ ਹੁੰਦਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ - 546***

ਜਿਹੜੇ ਕੀਰਤਨ ਭਗਤੀ ਕਰਦੇ ਨੇ ਉਨ੍ਹਾਂ ਨੂੰ ਕਈ ਕ੍ਰੋੜ ਜੱਗਾਂ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਤੀਸਰੀ ਹੋਇਆ ਕਰਦੀ ਹੈ ਯਾਦ ਭਗਤੀ, ਜਿਹਨੂੰ ਸਿਮਰਨ ਭਗਤੀ ਕਹਿੰਦੇ ਨੇ। ਸਿਮਰਨ ਭਗਤੀ ਦੇ ਅੰਦਰ ਬਾਰ-ਬਾਰ ਨਾਮ ਜਪਣਾ ਪੈਂਦਾ ਹੈ, ਫੇਰ ਯਾਦ ਪੱਕ ਜਾਂਦੀ ਹੈ। ਜਦੋਂ ਯਾਦ ਪੱਕ ਗਈ ਫੇਰ ਅਸੀਂ ਪ੍ਰਾਪਤੀ ਦੇ ਰਸਤੇ ਤੇ ਤੁਰ ਪੈਂਦੇ ਹਾਂ। ਜਿੰਨਾਂ ਚਿਰ ਅਸੀਂ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ ਯਾਦ ਬਣੀ ਰਹਿੰਦੀ ਹੈ, ਜੇ ਵਾਹਿਗੁਰੂ ਵਾਹਿਗੁਰੂ ਕਹਿਣਾ ਬੰਦ ਕਰ ਦਿਤਾ ਤੇ ਯਾਦ ਭੁੱਲ ਗਈ, ਇਸ ਦਾ ਮਤਲਬ ਇਹ ਹੈ ਕਿ ਯਾਦ ਅਜੇ ਪੱਕੀ ਨਹੀਂ ਹੈ। ਚੌਥੀ ਹੋਇਆ ਕਰਦੀ ਹੈ ਨਮਸ਼ਕਾਰ ਭਗਤੀ। ਪੰਜਵੀਂ ਹੋਇਆ ਕਰਦੀ ਹੈ ਪੂਜਨ ਭਗਤੀ। ਛੇਵੀਂ ਚਰਨ ਸੇਵਨ ਭਗਤੀ ਹੋਇਆ ਕਰਦੀ ਹੈ। ਸੱਤਵੀਂ ਹੋਇਆ ਕਰਦੀ ਹੈ ਦਾਸਾ ਭਾਵ ਭਗਤੀ, ਆਪਣੇ ਆਪ ਨੂੰ ਦਾਸ ਸਮਝਣਾ, ਗੁਲਾਮ ਸਮਝਣਾ -

***ਗੋਲਾ ਮੁਲ ਖਰੀਦ ਕਾਰੇ ਜੋਵਣਾ। ਭਾਈ ਗੁਰਦਾਸ ਜੀ, ਵਾਰ 3/18***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ ਪੰਨਾ - 991***

ਗੁਲਾਮ ਬਣ ਜਾਣਾ, ਆਪਣੀ ਮਰਜ਼ੀ ਛੱਡ ਦੇਣੀ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,***
***ਮੇਰਾ ਨਾਉ ਸੁਭਾਗਾ ਜੀ - 2, 2.***
***ਮੇਰਾ ਨਾਉ ਸੁਭਾਗਾ ਜੀ - 4, 2.***
***ਮੁੱਲ ਖਰੀਦੀ ਲਾਲਾ ਗੋਲਾ,...........2***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ - 991***

ਜਿਥੇ ਲਾ ਦਿਤਾ, ਲਗ ਗਿਆ, ਉਸ ਵਿਚ ਅਗਰ ਮਗਰ ਨਹੀਂ ਹੋਇਆ ਕਰਦੀ, ਮਨ ਦੀ ਮਤ ਨਹੀਂ ਹੋਇਆ ਕਰਦੀ।

ਇਕ ਬਲਖ ਬੁਖਾਰੇ ਦਾ ਬਾਦਸ਼ਾਹ ਇਬਰਾਹੀਮ ਸੀ, ਉਸ ਨੇ ਇਕ ਬਹੁਤ ਵਧੀਆ slave (ਗੋਲਾ) ਮੁੱਲ ਲੈ ਲਿਆ। ਜਦੋਂ ਉਸ ਨੂੰ ਰਾਜ ਮਹਿਲਾਂ ਦੇ ਅੰਦਰ ਲੈ ਕੇ ਆਇਆ ਤਾਂ ਕੀ ਦੇਖਦਾ ਹੈ ਕਿ ਇਸਦੀ ਬੋਲ ਚਾਲ ਅਜੀਬ ਹੈ, ਇਸ ਦੀ ਦੇਖਣੀ ਵੀ ਅਜੀਬ ਹੈ, ਇਸ ਦੀ ਤੋਰ ਵੀ ਅਜੀਬ ਹੈ। ਬਾਦਸ਼ਾਹ ਨੂੰ ਉਹ ਬਹੁਤ ਚੰਗਾ ਲੱਗਿਆ, ਉਸ ਨੇ ਗੁਲਾਮ ਨੂੰ ਪਾਸ ਬੁਲਾ ਲਿਆ ਤੇ ਕਹਿਣ ਲੱਗਾ ਕਿ ਐ ਗੁਲਾਮ! ਤੂੰ ਮੈਨੂੰ ਦਸ

ਕਿ ਤੇਰਾ ਨਾਂ ਕੀ ਹੈ? ਦੂਸਰੀ ਗੱਲ ਇਹ ਦਸ ਕਿ ਤੂੰ ਕਪੜੇ ਕਿਹੋ ਜਿਹੇ ਪਾਉਣੇ ਚਾਹੁੰਦਾ ਹੈਂ? ਤੀਸਰਾ ਇਹ ਦਸ ਕਿ ਤੂੰ ਕਦ ਉਠਣਾ ਚਾਹੁੰਦਾ ਹੈਂ ਤੇ ਕਦ ਸੌਣਾ ਚਾਹੁੰਦਾ ਹੈਂ? ਚੌਥਾ ਇਹ ਕਿ ਤੇਰੀ ਖਾਣ-ਪੀਣ ਦੀ ਰੁਚੀ ਕੈਸੀ ਹੈ? ਤੂੰ ਕੀ ਖਾਣਾ ਚਾਹੁੰਦਾ ਹੈਂ, ਕਿਸ ਵੇਲੇ breakfast (ਨਾਸ਼ਤਾ) ਕਰਨਾ ਹੈ, ਦੁਪਹਿਰ ਦੀ ਰੋਟੀ ਕਿਸ ਵੇਲੇ ਖਾਣੀ ਹੈ, ਰਾਤ ਦੀ ਕਿਸ ਵੇਲੇ ਖਾਣੀ ਹੈ, ਜਲ ਪਾਣੀ ਆਦਿ ਕਦੋਂ ਪੀਣਾ ਹੈ। ਉਹ ਦੋਨੋਂ ਹੱਥ ਜੋੜ ਕੇ ਕਹਿਣ ਲੱਗਾ, ਹਜ਼ੂਰ! ਜਦੋਂ ਮੈਂ ਸੁਤੰਤਰ ਸੀ, ਆਜ਼ਾਦ ਸੀ, ਉਦੋਂ ਮੈਂ ਆਪਣੀ ਮੌਜ ਵਿਚ ਸੀ, ਆਪਣੇ ਮਨ ਦੀ ਮਰਜ਼ੀ ਕਰਦਾ ਸੀ। ਜਦੋਂ ਦਿਲ ਕਰਦਾ ਸੀ ਉਦੋਂ ਖਾਂਦਾ ਸੀ ਅਤੇ ਮਨ ਦੀ ਇਛਾ ਦੇ ਮੁਤਾਬਿਕ ਖੁਰਾਕ ਖਾਂਦਾ ਸੀ ਪਰ ਹੁਣ ਮੈਂ ਗੁਲਾਮ ਹਾਂ। ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਨੌਕਰ ਤਾਂ ਹੜਤਾਲ ਕਰ ਦਿਆ ਕਰਦੇ ਨੇ ਪਰ ਗੁਲਾਮ ਨੇ ਅੱਜ ਤਕ ਕਦੇ ਹੜਤਾਲ ਨਹੀਂ ਕੀਤੀ। ਜੇ ਧੁੱਪੇ ਬਿਠਾ ਦਿਤਾ ਤਾਂ ਵੀ ਠੀਕ ਹੈ, ਜੇ ਛਾਂਵੇਂ ਬਿਠਾ ਦਿਤਾ ਤਾਂ ਵੀ ਠੀਕ ਹੈ। ਇਸ ਵਿਚ ਗੁਲਾਮ ਦਾ ਕੋਈ ਸ਼ਿਕਵਾ ਨਹੀਂ ਹੋਇਆ ਕਰਦਾ ਕਿਉਂਕਿ ਗੁਲਾਮ ਦਾ ਕੋਈ right (ਹੱਕ) ਨਹੀਂ ਮੰਨਿਆ ਗਿਆ। ਜਦੋਂ ਸੁਤੰਤਰ ਸੀ, ਉਸ ਸਮੇਂ ਮੇਰੇ ਨਾਂ ਦੇ ਨਾਲ ਬਹੁਤ ਵੱਡੇ ਅੱਖਰ ਲਗਦੇ ਸੀ, ਉਪਾਧੀਆਂ ਲਗਦੀਆਂ ਸੀ ਪਰ ਹੁਣ ਮੈਂ ਤੁਹਾਡਾ ਗੋਲਾ ਹਾਂ। ਤੁਹਾਨੂੰ ਜਿਹੜਾ ਨਾਂ ਠੀਕ ਲਗਦਾ ਹੈ, ਰੱਖ ਲਵੋ, ਮੈਂ ਉਸੇ ਨਾਂ ਨਾਲ ਬੋਲ ਪਿਆ ਕਰਾਂਗਾ। ਜੋ ਤੁਸੀਂ ਕੱਪੜਾ ਪਹਿਨਣ ਬਾਰੇ ਪੁਛਦੇ ਹੋਂ, ਜਦੋਂ ਮੈਂ ਆਜ਼ਾਦ ਸੀ, ਉਦੋਂ ਮੈਂ ਮਨ ਮਰਜ਼ੀ ਦਾ ਪਹਿਨਿਆ ਕਰਦਾ ਸੀ; ਸੈਰ ਕਰਨ ਵੇਲੇ ਹੋਰ ਕਪੜੇ ਪਹਿਨਦਾ ਸੀ, ਖਾਣ ਵੇਲੇ ਹੋਰ, ਰਾਤ ਦੇ ਸਮੇਂ ਹੋਰ, ਬਾਹਰ ਜਾਣ ਸਮੇਂ ਹੋਰ, ਭਜਨ ਬੰਦਗੀ ਕਰਨ ਸਮੇਂ ਹੋਰ ਕਪੜੇ ਪਹਿਨਦਾ ਸੀ ਪਰ ਹੁਣ ਮੇਰੀ ਕੋਈ ਆਪਣੀ ਮਰਜ਼ੀ ਨਹੀਂ ਹੈ। ਆਪਣੀ ਪਸੰਦ ਤਾਂ ਗੁਲਾਮ ਹੋਣ ਸਮੇਂ ਹੀ ਖਤਮ ਹੋ ਗਈ। ਹੁਣ ਤਾਂ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਠੀਕ ਲਗਦੇ ਹਨ - ਨਵੇਂ, ਪੁਰਾਣੇ, ਫਟੇ ਹੋਏ, ਉਹੋ ਜਿਹੇ ਪਹਿਨ ਲਿਆ ਕਰਾਂਗਾ। ਬਾਕੀ ਰਹੀ ਗੱਲ ਖਾਣ ਦੀ। ਜਿਹੋ ਜਿਹੇ ਤੁਸੀਂ ਰੁੱਖੇ-ਮਿੱਸੇ ਟੁੱਕੜ ਦੇ ਦਿਆ ਕਰੋਂਗੇ ਉਹ ਖਾ ਲਿਆ ਕਰਾਂਗਾ ਕਿਉਂਕਿ ਗੁਲਾਮ ਦਾ ਕੋਈ ਧਰਮ ਨਹੀਂ ਹੋਇਆ ਕਰਦਾ। ਜਦੋਂ ਮੈਂ ਆਜ਼ਾਦ ਸੀ, ਉਦੋਂ ਹਰ ਵੇਲੇ ਵੱਖਰੇ-ਵੱਖਰੇ ਤਰ੍ਹਾਂ-ਤਰ੍ਹਾਂ ਦੇ ਖਾਣੇ ਮੇਰੀ ਮਰਜ਼ੀ ਨਾਲ ਬਣਿਆ ਕਰਦੇ ਸਨ ਪਰ ਹੁਣ ਮੇਰਾ ਕੋਈ ਹੱਕ ਨਹੀਂ ਹੈ। ਚੌਥੀ ਗੱਲ ਹੈ - ਸੌਣ ਤੇ ਜਾਗਣ ਦੀ। ਜਦੋਂ ਤੁਸੀਂ ਹੁਕਮ ਕਰੋਂਗੇ, ਮੈਂ ਸੌਂ ਜਾਇਆ ਕਰਾਂਗਾ, ਜਦੋਂ ਹਾਕ ਮਾਰੋਂਗੇ, ਮੈਂ ਜਾਗ ਜਾਇਆ ਕਰਾਂਗਾ। ਇਸ ਨੂੰ ਦਾਸਾ ਭਾਵ ਭਗਤੀ ਕਹਿੰਦੇ ਨੇ। ਜੇ ਵਾਹਿਗੁਰੂ ਦੇ ਨਾਲ ਇਸ ਤਰ੍ਹਾਂ ਹੋ ਜਾਵੇ -

> ***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
> ***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
> ***ਪੰਨਾ - 757***

ਸੋ ਇਹ ਦਾਸਾ ਭਾਵ ਹੋਇਆ ਕਰਦਾ ਹੈ, ਮੁਰਦਾ ਬਣਨਾ ਪੈਂਦਾ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥*
***ਭਾਈ ਗੁਰਦਾਸ ਜੀ, ਵਾਰ 3/18***

ਇਸ ਤੋਂ ਅਗਲੀ ਭਗਤੀ ਹੋਇਆ ਕਰਦੀ ਹੈ ਪਿਆਰ ਭਾਵ ਦੀ, ਉਹਨੂੰ ਸਖਾ ਭਾਵ ਕਹਿੰਦੇ ਨੇ –

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ, ਖੰਜਰ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ,*
*ਭਠ ਖੇੜਿਆਂ ਦਾ ਰਹਣਾ॥* ***ਖਿਆਲ ਪਾ: ੧੦***

ਐ ਮਿਤਰਾ! ਜੇ ਤੂੰ ਚਾਹੁੰਦਾ ਹੈਂ ਕਿ ਮਾਛੀਵਾੜੇ ਦੇ ਜੰਗਲਾਂ ਵਿਚ ਮੈਨੂੰ ਦੇਖ ਕੇ ਤੂੰ ਖੁਸ਼ ਹੁੰਦਾ ਹੈਂ, 96 ਘੰਟੇ ਦੇ ਭੁੱਖੇ ਨੂੰ ਦੇਖ ਕੇ ਖੁਸ਼ ਹੁੰਦਾ ਹੈਂ ਤਾਂ ਮੈਂ ਤਿਆਰ ਹਾਂ, ਮੈਨੂੰ ਇਸ ਵਿਚੋਂ ਹੀ ਖੁਸ਼ੀ ਪ੍ਰਾਪਤ ਹੁੰਦੀ ਹੈ। ਜੇ ਤੂੰ ਇਸ ਹਾਲਤ ਵਿਚ ਮੈਨੂੰ ਦੇਖ ਕੇ ਰਾਜ਼ੀ ਹੈਂ ਤਾਂ ਮੈਨੂੰ ਇਸ ਵਿਚ ਕੋਈ ਸ਼ਿਕਵਾ ਨਹੀਂ ਹੈ। ਇਹ ਸਖਾ ਭਾਵ ਭਗਤੀ ਹੋਇਆ ਕਰਦੀ ਹੈ। ਇਸ ਤੋਂ ਬਾਅਦ ਭਗਤੀ ਹੋਇਆ ਕਰਦੀ ਹੈ – ਆਪਾ ਸਮਰਪਣ ਦੀ। ਤਨ ਵੀ, ਮਨ ਵੀ, ਧਨ ਵੀ ਮੈਂ ਸਭ ਤੈਨੂੰ ਅਰਪਣ ਕਰ ਦਿਤਾ ਤੇ ਹੁਣ ਤੇਰੀ ਮਰਜ਼ੀ ਹੀ ਮੇਰੀ ਮਰਜ਼ੀ ਹੈ ਜਿਵੇਂ ਤੂੰ ਚਲਾਉਣਾ ਹੈ, ਮੈਂ ਉਵੇਂ ਹੀ ਰਾਜ਼ੀ ਹਾਂ, ਤੇਰੀ ਖੁਸ਼ੀ ਵਿਚ ਹੀ ਮੇਰੀ ਖੁਸ਼ੀ ਹੈ। ਤੇਰੇ ਕੀਤੇ ਹੋਏ ਤੇ ਮੈਨੂੰ ਕੋਈ ਗਿਲਾ ਨਹੀਂ ਹੋ ਸਕਦਾ। ਜੇ ਤੂੰ ਮੈਨੂੰ ਸੁੱਖ ਵਿਚ ਰੱਖੇਂਗਾ ਤਾਂ ਵੀ ਮੈਂ ਸੁਖੀ ਹਾਂ, ਜੇ ਦੁੱਖ ਵਿਚ ਰੱਖੇਂਗਾ ਤਾਂ ਵੀ ਮੈਂ ਉਸ ਨੂੰ ਸੁੱਖ ਕਰਕੇ ਹੀ ਮੰਨਾਂਗਾ। ਇਸ ਤਰ੍ਹਾਂ ਆਪਾ ਸਮਰਪਣ ਹੋਇਆ ਕਰਦਾ ਹੈ – ਸਭ ਕੁਝ ਗੁਰੂ ਦੇ ਹਵਾਲੇ ਕਰ ਦੇਣਾ, ਗੁਰੂ ਪਰਨੇ ਹੋ ਜਾਣਾ –

*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ।*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ।*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥*
***ਪੰਨਾ – 919***

ਗੁਰੂ ਪਰਨੇ ਹੋ ਜਾਣਾ ਕਿ ਜਿਥੇ ਉਹ ਰਖਦਾ ਹੈ, ਠੀਕ ਹੈ, ਉਸ ਵਿਚ ਕੋਈ ਕਿੰਤੂ ਪ੍ਰੰਤੂ ਨਾ ਕਰਨਾ। ਸਦਾ ਖੇੜੇ ਵਿਚ ਰਹਿਣਾ, ਮੱਥੇ ਤੇ ਝੁਰੜੀਆਂ ਨਾ ਪੈਣ ਦੇਣੀਆਂ।

ਇਸ ਤੋਂ ਬਾਅਦ ਇਨ੍ਹਾਂ ਨੌਂ ਭਗਤੀਆਂ ਨੂੰ ਫਲ ਲੱਗਿਆ ਕਰਦਾ ਹੈ ਪ੍ਰੇਮ ਦਾ, ਪਿਆਰ ਦਾ। ਜਦੋਂ ਪਿਆਰ ਦਾ ਫਲ ਲਗ ਗਿਆ, ਫੇਰ ਰੱਬ ਪਿਆਰ ਵਿਚ ਬਝਣਾ ਸ਼ੁਰੂ ਹੋ ਜਾਂਦਾ ਹੈ। ਕੋਈ ਚੀਜ਼ ਦੁਨੀਆਂ ਦੀ ਐਸੀ

ਨਹੀਂ ਹੈ, ਜਿਹੜੀ ਰੱਬ ਦੇ ਹੱਥਕੜੀ ਲਾ ਦੇਵੇ। ਕੇਵਲ ਇਕ ਪਿਆਰ ਹੈ ਜਿਹੜਾ ਉਹਦੇ ਹਥਕੜੀ ਲਾ ਦਿੰਦਾ ਹੈ, ਉਹਨੂੰ ਪਿਆਰ ਸਰਕਲ ਵਿਚੋਂ ਨਿਕਲਣ ਨਹੀਂ ਦਿੰਦਾ –

***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***

***ਪੰਨਾ – 1105***

ਬਲ ਦੇ ਹਿਰਦੇ ਵਿਚੋਂ ਅੱਜ ਤਕ ਨਹੀਂ ਰੱਬ ਨਿਕਲਿਆ, ਉਥੇ ਹੀ ਰਹਿੰਦਾ ਹੈ। ਉਹਨੂੰ ਤਾਂ ਉਥੇ ਰਹਿਣਾ ਕੋਈ ਔਖਾ ਨਹੀਂ ਹੈ ਕਿਉਂਕਿ ਬਲ ਨੇ ਆਪਣਾ ਆਪ ਵੇਚ ਕੇ ਰੱਬ ਨੂੰ ਮਨਾ ਲਿਆ, ਫੇਰ ਰੱਬ ਨੇ ਜਾਣਾ ਕਿਥੇ ਹੈ, ਉਥੇ ਹੀ ਰਹਿੰਦਾ ਹੈ –

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਪਿਆਰ ਬਹੁਤ ਜ਼ਰੂਰੀ ਹੈ। ਪਿਆਰ ਹੋਣ ਤੋਂ ਬਾਅਦ ਪਰਾ ਭਗਤੀ ਆਉਂਦੀ ਹੈ। ਪਰਾ ਭਗਤੀ ਵਿਚ ਫੇਰ ਕਹਿੰਦਾ ਹੈ – ਤੂੰ ਹੀ ਤੂੰ, ਤੂੰ ਹੀ ਤੂੰ –

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥*** ***ਪੰਨਾ – 407***

ਇਸ ਤੋਂ ਬਾਅਦ ਆਉਂਦੀ ਹੈ – ਅਪਰਾ ਭਗਤੀ। ਅਪਰਾ ਭਗਤੀ ਉਹ ਹੁੰਦੀ ਹੈ ਕਿ ਤੇਰੇ ਬਿਨਾਂ ਕੁਝ ਹੈ ਹੀ ਨਹੀਂ, ਨਾ ਤੂੰ ਹੈਂ, ਨਾ ਮੈਂ ਹਾਂ। ਇਹ ਹੋ ਕੀ ਗਿਆ, ਨਾ ਤੂੰ ਰਿਹਾ, ਨਾ ਮੈਂ ਰਿਹਾ, ਆਪੇ ਆਪ ਹੀ ਹੋ ਗਿਆ–

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਪੰਨਾ – 1375***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***
***ਪੰਨਾ – 969***

ਪਛਾਣ ਹੀ ਹਟ ਗਈ ਕਿ ਰਾਮ ਕਿਹੜਾ ਹੈ ਤੇ ਕਬੀਰ ਕਿਹੜਾ ਹੈ ਕਿਉਂਕਿ ਅਪਰਾ ਭਗਤੀ ਵਿਚ ਆ ਗਿਆ, ਭੇਦ ਖਤਮ ਹੋ ਗਿਆ, ਜੀਵ ਮੁੜ ਕੇ ਪ੍ਰਮੇਸ਼ਰ ਦੇ ਵਿਚ ਲੀਨ ਹੋ ਕੇ ਪ੍ਰਮੇਸ਼ਰ ਦਾ ਹੀ ਰੂਪ ਹੋ ਗਿਆ। ਫੇਰ ਅਵਸਥਾ ਕਿੰਨੀ ਉਚੀ ਹੋ ਗਈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ)***

ਕੋਈ ਭੇਦ ਹੀ ਨਹੀਂ ਰਹਿੰਦਾ, ਸਭ ਫਰਕ ਮਿਟ ਜਾਂਦਾ ਹੈ, ਗੁਰੂ ਕਿਧਰ ਚਲਾ ਗਿਆ ਤੇ ਸਿਖ ਕਿਧਰ ਚਲਾ ਗਿਆ। ਪ੍ਰਮੇਸ਼ਰ ਹੀ ਬਣ ਗਿਆ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਆਪ ਹੀ ਪ੍ਰਮੇਸ਼ਰ ਬਣ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਬੇਣੀ! ਐਸ ਤਰ੍ਹਾਂ ਭਗਤੀ ਕਰਿਆ ਕਰ ਕਿਉਂਕਿ ਭਗਤੀ ਤੋਂ ਬਗੈਰ ਕੋਈ ਤਰ ਨਹੀਂ ਸਕਦਾ ਕਿਉਂਕਿ ਅੱਜ ਤਕ ਤਾਂ ਕੋਈ ਤਰਿਆ ਨਹੀਂ। ਐਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਹਨ -

***ਧਾਰਨਾ - ਤਰਨ ਕੈਸੇ, ਬਿਨ ਭੈ ਭਗਤੀ - 2, 2.***
***ਬਿਨ ਭੈ ਭਗਤੀ ਤਰਨ ਕੈਸੇ - 2, 2.***
***ਤਰਨ ਕੈਸੇ,....................-2***

***ਬਿਨੁ ਭੈ ਭਗਤੀ ਤਰਨੁ ਕੈਸੇ॥ ਪੰਨਾ - 829***

***ਭਗਤਿ ਭਾਇ ਤਰੀਐ ਸੰਸਾਰੁ॥***
***ਬਿਨੁ ਭਗਤੀ ਤਨੁ ਹੋਸੀ ਛਾਰੁ॥ ਪੰਨਾ - 290***

ਗੁਰੂ ਦਾ ਜੋ ਮਤ ਹੈ, ਇਹਦੇ ਵਿਚ ਤਿੰਨ ਚੀਜ਼ਾਂ ਨੇ- ਵਰਤਣ ਬੈਰਾਗ, ਮੁੱਖ ਭਗਤੀ, ਨਿਹਚੇ ਗਿਆਨ।

ਸੋ ਬੇਣੀ ਨੇ ਸਾਡੇ ਵਾਂਗ ਨਹੀਂ ਸੁਣਿਆ। ਉਹਨੇ 100% (ਸੌ ਫੀ ਸਦੀ) ਸ਼ਰਧਾ ਦੇ ਨਾਲ ਗੁਰੂ ਤੋਂ ਸੁਣ ਲਿਆ ਤੇ ਹਿਰਦੇ ਦੇ ਅੰਦਰ ਪ੍ਰਕਾਸ਼ ਹੋ ਗਿਆ -

***ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਪੰਨਾ - 1192***

ਗੁਰੂ ਨੇ ਕੋਈ ਚੀਜ਼ ਲਕੋ ਕੇ ਨਹੀਂ ਰੱਖੀ, ਸਾਰੀਆਂ ਗੱਲਾਂ ਦਸ ਕੇ ਸਮਝਾ ਦਿਤਾ -

***ਰੇ ਮਨ ਤੂ ਭੀ ਹੋਹਿ ਦਾਸੁ॥ ਪੰਨਾ - 1192***

ਮਹਾਰਾਜ ਕਹਿੰਦੇ ਕਿ ਤੂੰ ਵੀ ਬਣ ਜਾ ਉਸ ਤਰ੍ਹਾਂ ਦਾ। ਤੇਰੇ ਸਾਮ੍ਹਣੇ ਹੀ ਗੁਰੂ ਦੀ ਗੱਲ ਹੋ ਰਹੀ ਹੈ। ਸੋ ਬੇਣੀ ਨੇ ਗੱਲ ਸੁਣ ਕੇ ਛੱਡੀ ਨਹੀਂ, ਉਸੇ ਸਮੇਂ ਤੋਂ ਭਗਤੀ ਕਰਨ ਲਗ ਗਿਆ, ਦਿਨ ਰਾਤ ਇਕ ਕਰ ਦਿਤਾ-

***ਗੁਰਮੁਖਿ ਬੇਣੀ ਭਗਤਿ ਕਰਿ,***
***ਜਾਇ ਇਕਾਂਤ ਬਹੈ ਲਿਵ ਲਾਵੈ।***
***ਭਾਈ ਗੁਰਦਾਸ ਜੀ, ਵਾਰ 10/14***

ਜੰਗਲ ਵਿਚ ਇਕਾਂਤ ਵਿਚ ਚਲਾ ਜਾਂਦਾ ਹੈ, ਜਿਥੇ ਕੋਈ ਆਵਾਜ਼ ਨਹੀਂ ਆਉਂਦੀ। ਦੋ ਰਸਤੇ ਨੇ - ਇਕ ਗਿਆਨ ਮਾਰਗ ਤੇ ਦੂਸਰਾ ਸਬਦਿ ਸੁਰਤਿ ਮਾਰਗ। ਸਬਦਿ ਸੁਰਤਿ ਮਾਰਗ ਦੇ ਅੰਦਰ ਜਦੋਂ ਆਦਮੀ ਨੂੰ ਨਾਦ ਸੁਣਦਾ ਹੈ, ਉਸ ਵਕਤ ਆਦਮੀ ਨੂੰ ਖੜਕਾ ਦੜਕਾ ਚੰਗਾ ਨਹੀਂ ਲਗਦਾ ਕਿਉਂਕਿ ਉਸ ਸਮੇਂ ਪ੍ਰਮੇਸ਼ਰ ਨਾਲ ਬਿਰਤੀ ਲੱਗੀ ਹੋਈ ਹੁੰਦੀ ਹੈ। ਇਸ ਤਰ੍ਹਾਂ

ਹੌਲੀ ਹੌਲੀ ਸ਼ਬਦ ਬਦਲਦਾ ਤੁਰਿਆ ਜਾਂਦਾ ਹੈ ਅਤੇ ਬਿਬੇਕ ਮੰਡਲ ਵਿਚ ਲੈ ਜਾਂਦਾ ਹੈ। ਜੇ ਕੱਚੀ ਬੁਨਿਆਦ ਨਾਲ ਬਿਬੇਕ ਮੰਡਲ ਵਿਚ ਫਰਜੀ ਤੌਰ ਤੇ ਪਹੁੰਚ ਗਿਆ ਤਾਂ ਗੱਲਾਂ ਦਾ ਗਿਆਨੀ ਬਣ ਜਾਂਦਾ ਹੈ, ਜਿਸ ਨੂੰ ਮੁਖ ਗਿਆਨੀ ਕਹਿੰਦੇ ਨੇ। ਮੁੱਖ ਗਿਆਨੀ ਨੂੰ ਮਹਾਰਾਜ ਨੇ ਜਿਉਂਦਿਆਂ ਵਿਚ ਨਹੀਂ ਗਿਣਿਆ, ਮਰਿਆਂ ਹੋਇਆਂ ਵਿਚ ਗਿਣਤੀ ਕੀਤੀ ਹੈ–

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤੁ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ - 253***

ਜੇ ਹਿਰਦੇ ਵਿਚ ਪ੍ਰੀਤ ਨਹੀਂ ਉਪਜੀ, ਪ੍ਰੀਤ ਦੇ ਨਾਲ ਜੇ ਗਿਆਨ ਹਾਸਲ ਨਹੀਂ ਹੋਇਆ ਤਾਂ ਮੁਰਦਾ ਹੈ ਕਿਉਂਕਿ ਹਿਰਦੇ ਵਿਚ ਨਾਮ ਦਾ ਵਾਸਾ ਨਹੀਂ ਹੋਇਆ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥***

***ਪੰਨਾ - 142***

ਸੋ ਬੇਣੀ ਦੀ ਨਾਮ ਧੁਨਿ ਨਾਲ ਬਿਰਤੀ ਲਗ ਗਈ, ਬਿਰਤੀ ਲੱਗਣ ਨਾਲ ਬਹੁਤ ਦੇਰ ਨਾਮ ਜਪਦਾ ਹੈ। ਅੰਮ੍ਰਿਤ ਵੇਲੇ ਉਠਦਾ ਹੈ, ਦਿਨ ਵਿਚ ਵੀ ਜਪਦਾ ਹੈ, ਕਾਰੋਬਾਰ ਸਾਰੇ ਬਿਸਰ ਗਏ, ਸੰਸਾਰ ਭੁੱਲ ਗਿਆ, ਕੰਮ ਕੋਈ ਨਹੀਂ ਕਰਦਾ–

***ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ॥***

***ਭਾਈ ਗੁਰਦਾਸ ਜੀ, ਵਾਰ 10/14***

ਦੂਜਿਆਂ ਨੂੰ ਦਸਦਾ ਨਹੀਂ ਹੈ। ਇਥੇ ਤਾਂ ਜੇ ਕਿਸੇ ਨੂੰ ਥੋੜ੍ਹੀ ਜਿੰਨੀ ਕੋਈ ਪ੍ਰਾਪਤੀ ਹੋ ਜਾਵੇ ਤਾਂ ਇਕ ਦਮ ਰੌਲਾ ਪਾ ਦਿੰਦੇ ਨੇ, ਅਖਬਾਰਾਂ ਵਿਚ ਕਢਾਉਣ ਤਕ ਵੀ ਜਾਂਦੇ ਨੇ ਕਿ ਮੇਰੀ ਬਿਰਤੀ ਇਸ ਜਗ੍ਹਾ ਪਹੁੰਚ ਗਈ, ਮੇਰੇ ਨਾਲ ਇਸ ਤਰ੍ਹਾਂ ਦਾ ਕੌਤਕ ਵਰਤਿਆ। ਸੁਣਨ ਵਾਲੇ ਪ੍ਰੇਸ਼ਾਨ ਹੋ ਜਾਂਦੇ ਨੇ ਕਿ ਮੇਰੀ ਬਿਰਤੀ ਤਾਂ ਇਥੇ ਪਹੁੰਚੀ ਨਹੀਂ। ਇਹ ਗੱਲਾਂ ਗਲਤ ਹੋਇਆ ਕਰਦੀਆਂ ਹਨ, ਤਰੱਕੀ ਨਹੀਂ ਕਰਨ ਦਿੰਦੀਆਂ, ਚਲਦਾ ਚਲਦਾ ਨਾਮ ਰੁਕ ਜਾਇਆ ਕਰਦਾ ਹੈ, ਬਿਰਤੀ ਲੱਗਣ ਤੋਂ ਹਟ ਜਾਇਆ ਕਰਦੀ ਹੈ। ਇਹ ਤਾਂ ਹੋਛੀਆਂ ਗੱਲਾਂ ਹੋਇਆ ਕਰਦੀਆਂ ਹਨ। ਜੇ ਕੋਈ ਪ੍ਰਾਪਤੀ ਇਸ ਮਾਰਗ ਤੇ ਹੁੰਦੀ ਹੈ ਤਾਂ ਉਸ ਨੂੰ ਗੁਪਤ ਰੱਖਿਆ ਜਾਂਦਾ ਹੈ, ਨਹੀਂ ਤਾਂ ਸਭ ਕੁਝ ਪ੍ਰਾਪਤ ਹੋਇਆ ਹੋਇਆ ਜਾਂਦਾ ਰਹਿੰਦਾ ਹੈ। ਇਥੇ ਤਾਂ ਅਸੰਖ ਭਾਵ ਨੇ –

***ਅਸੰਖ ਜਪ ਅਸੰਖ ਭਾਉ॥*** ***ਪੰਨਾ - 4***

ਇਕ ਭਾਵ ਨਹੀਂ ਹੈ, ਅਸੰਖਾਂ ਭਾਵ ਨੇ, ਅਸੰਖਾਂ ਤਰੀਕੇ ਨੇ, ਗਿਣਤੀ ਤੋਂ ਬਾਹਰ ਨੇ। ਆਪਣੇ ਆਪਣੇ ਤਰੀਕੇ ਨਾਲ ਸਭ ਚੜ੍ਹ ਜਾਂਦੇ ਨੇ। ਸੋ ਉਹ ਇਸ ਤਰ੍ਹਾਂ ਕਿਸੇ ਅਲੱਖ ਨੂੰ ਲਖਾਉਂਦਾ ਨਹੀਂ। ਜਦੋਂ ਘਰ ਵਾਪਸ ਮੁੜਦਾ ਹੈ ਤਾਂ ਘਰ ਵਿਚ ਮਾਂ ਕਹਿੰਦੀ ਹੈ ਕਿ ਰੋਟੀ ਪਾਣੀ ਦਾ ਕੁਝ ਸੋਚਿਆ ਹੈ? ਨਾ ਤਾਂ ਘਰ ਵਿਚ ਆਟਾ ਹੈ, ਨਾ ਲੱਕੜਾਂ ਨੇ, ਨਾ ਕੋਈ ਸਬਜ਼ੀ ਹੈ, ਨਾ ਲੂਣ ਮਿਰਚ ਹੈ; ਦਸ ਮੈਂ ਕੀ ਕਰਾਂ? ਮੈਂ ਤਾਂ ਪੜੌਸੀਆਂ ਤੋਂ ਮੰਗ ਮੰਗ ਕੇ ਥੱਕ ਗਈ, ਹੁਣ ਤਾਂ ਕੋਈ ਦਿੰਦਾ ਵੀ ਨਹੀਂ ਕਿ ਇਨ੍ਹਾਂ ਦਾ ਤਾਂ ਰੋਜ਼ ਦਾ ਇਹੀ ਕੰਮ ਹੈ। ਤੂੰ ਕੋਈ ਕੰਮ ਨਹੀਂ ਕਰਦਾ, ਕੁਝ ਤਾਂ ਕਰਨਾ ਚਾਹੀਦਾ ਹੈ, ਖਾਣ ਵਾਸਤੇ ਕਿਥੋਂ ਆਊ? ਬੇਣੀ ਕਹਿਣ ਲੱਗਿਆ, ਮਾਂ! ਜਿਹੜਾ ਸਭ ਤੋਂ ਵੱਡਾ ਰਾਜਾ ਹੈ, ਰਾਜਿਆਂ ਦਾ ਰਾਜਾ, ਮੈਂ ਉਹਦੇ ਦੁਆਰੇ ਜਾਂਦਾ ਹਾਂ, ਮੈਂ ਉਥੇ ਕਥਾ ਕਰਦਾ ਹਾਂ। ਜਦੋਂ ਰਾਜਾ ਪ੍ਰਸੰਨ ਹੋ ਗਿਆ ਤਾਂ ਸਭ ਕੁਝ ਦੇਵੇਗਾ। ਤੂੰ ਕਾਹਲ ਨਾ ਕਰ, ਜਦੋਂ ਕਥਾ ਦਾ ਭੋਗ ਪੈ ਗਿਆ, ਸਭ ਕੁਝ ਮਿਲ ਜਾਵੇਗਾ, ਤੂੰ ਫਿਕਰ ਨਾ ਕਰ, ਭਰੋਸਾ ਰੱਖ, ਸਬਰ ਕਰ, ਕਾਹਲੀ ਨਾ ਪੈ। ਉਹ ਰਾਜਾ ਬਹੁਤ ਦਿਆਲੂ ਕ੍ਰਿਪਾਲੂ ਹੈ -

***ਘਰਿ ਆਇਆ ਜਾ ਪੁਛੀਐ ਰਾਜੁ ਦੁਆਰਿ ਗਇਆ ਆਲਾਵੈ॥***
***ਘਰਿ ਸਭ ਵਥੂ ਮੰਗੀਅਨਿ ਵਲ ਛਲੁ ਕਰਿਕੈ ਝਤੁ ਲੰਘਾਵੈ॥*** ***ਭਾਈ ਗੁਰਦਾਸ ਜੀ, ਵਾਰ 10/14***

ਜਦੋਂ ਘਰ ਆਉਂਦਾ ਹੈ ਤਾਂ ਮਾਂ ਪੁਛਦੀ ਹੈ ਇਹ ਫਲਾਣੇ ਫਲਾਣੇ ਕੰਮ ਕਰਨ ਵਾਲੇ ਸੀ, ਸਾਰੇ ਰਹਿ ਗਏ ਪਰ ਉਹ ਵਲ ਛਲ ਕਰਕੇ ਗੱਲਾਂ ਬਾਤਾਂ ਕਰਕੇ ਟਾਈਮ ਲੰਘਾ ਦਿੰਦਾ ਹੈ ਕਿ ਤੂੰ ਫਿਕਰ ਨਾ ਕਰ, ਸਭ ਕੁਝ ਆ ਜਾਏਗਾ। ਉਸ ਦੇ ਮਨ ਅੰਦਰ ਵਿਸ਼ਵਾਸ਼ ਹੋ ਚੁੱਕਾ ਹੈ। ਉਹ ਵਲ ਛਲ ਇਸ ਤਰ੍ਹਾਂ ਨਹੀਂ ਸੀ ਕਰਦਾ ਕਿ ਝੂਠ ਬੋਲਦਾ ਸੀ, ਉਸ ਨੂੰ ਆਪਣੇ ਪਿਆਰੇ ਤੇ ਪੂਰਨ ਭਰੋਸਾ ਸੀ ਪਰ ਗੱਲ ਖੁਲ੍ਹ ਕੇ ਨਹੀਂ ਸੀ ਕਹਿੰਦਾ, ਗੁਪਤ ਰੱਖ ਰਿਹਾ ਸੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆਂ - 2, 2.***
***ਤੈਨੂੰ ਕਿਉਂ ਨਾ ਜੀ, ਦੇਵੇ ਬੰਦਿਆ - 2,2.***
***ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ........2.***

***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਪੰਨਾ - 10***

ਕਹਿਣ ਲੱਗਿਆ, ਪ੍ਰਮੇਸ਼ਰ ਨੇ ਰੋਜ਼ੀ ਤਾਂ ਸਭ ਨੂੰ ਦੇਣੀ ਹੈ, ਦੇਰ ਹੈ

ਅੰਧੇਰ ਨਹੀਂ ਹੈ, ਉਹ ਜ਼ਰੂਰ ਦੇਵੇਗਾ। ਸੋ ਗੱਲਾਂ ਬਾਤਾਂ ਕਰਕੇ ਟਾਲੀ ਜਾਂਦਾ ਹੈ। ਭੁੱਖ ਨੂੰ ਮਹਾਰਾਜ ਨੇ ਦੁਖ ਲਿਖਿਆ ਹੈ। ਚਾਰ ਦੁੱਖ ਨੇ –

*ਦੂਖੁ ਵੇਛੋੜਾ ਇਕੁ ਦੂਖੁ ਭੂਖ॥*
*ਇਕੁ ਦੂਖੁ ਸਕਤਵਾਰ ਜਮਦੂਤ॥*
*ਇਕੁ ਦੂਖੁ ਰੋਗੁ ਲਗੈ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥* *ਪੰਨਾ – 1256*

ਸਰੀਰ ਨੂੰ ਐਸਾ ਰੋਗ ਲਗ ਜਾਣਾ ਜਿਸ ਦਾ ਕੋਈ ਦਾਰੂ ਨਾ ਹੋਵੇ, ਜਿਸ ਦਾ ਕੋਈ ਇਲਾਜ ਨਾ ਹੁੰਦਾ ਹੋਵੇ, ਇਹ ਵੱਡਾ ਦੁਖ ਹੈ। ਇਨ੍ਹਾਂ ਵਿਚ ਭੁੱਖ ਵੀ ਇਕ ਦੁਖ ਹੈ। ਜਿਸ ਘਰ ਵਿਚ ਖਰਚ ਨਾ ਚੱਲੇ, ਘਰ ਵਿਚ ਕਲੇਸ਼ ਪਿਆ ਰਹਿੰਦਾ ਹੈ, ਵਿਖਸ਼ੇਪਤਾ ਆ ਜਾਂਦੀ ਹੈ, ਕਲਜੁਗ ਨਾਚ ਕਰਨ ਲਗ ਜਾਂਦਾ ਹੈ; ਪੁੱਤਰ ਪਿਓ ਦਾ ਕਹਿਣਾ ਨਹੀਂ ਮੰਨਦਾ, ਇਸਤ੍ਰੀ ਪਤੀ ਦਾ ਕਹਿਣਾ ਨਹੀਂ ਮੰਨਦੀ ਕਿਉਂਕਿ ਘਰ ਵਿਚ ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਸਾਰਿਆਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ, ਰੌਲਾ ਪਿਆ ਰਹਿੰਦਾ ਹੈ। ਸੋ ਐਸੇ ਰੌਲੇ ਦੇ ਵਿਚ ਪੂਰੇ ਭਰੋਸੇ ਦੇ ਨਾਲ ਅਧਿਆਤਮੀ ਕਰਮ ਕਰਦਾ ਹੈ। ਕਰਮ ਬਹੁਤ ਕਿਸਮ ਦੇ ਹੁੰਦੇ ਨੇ ਤੇ ਉਨ੍ਹਾਂ ਦੇ ਫਲ ਵੀ ਵਖਰੇ ਵਖਰੇ ਹੁੰਦੇ ਨੇ। ਕਿਉਂਕਿ ਹੁਣ ਸਮਾਂ ਇਤਨਾ ਨਹੀਂ ਹੈ, ਇਸ ਲਈ ਮੈਂ ਜ਼ਿਆਦਾ ਇਸ ਪਾਸੇ ਨਹੀਂ ਜਾਂਦਾ।

ਸੋ ਬੇਣੀ ਜੰਗਲ ਦੇ ਅੰਦਰ ਚਲਿਆ ਜਾਂਦਾ ਹੈ ਤੇ ਇਕ ਮਨ ਇਕ ਚਿੱਤ ਹੋ ਕੇ ਨਾਮ ਜਪਦਾ ਹੈ, ਬੰਦਗੀ ਕਰਦਾ ਹੈ। ਇਸ ਤਰ੍ਹਾਂ ਨਹੀਂ ਹੈ ਕਿ ਘਰ ਦੀ ਗਰੀਬੀ ਦੇ ਫੁਰਨੇ ਆਉਂਦੇ ਨੇ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਨਾਮ ਜਪਦੈ ਪ੍ਰਭ ਜੀ ਦਾ, ਪਿਆਰਿਓ,*
*ਚਿਤ ਨੂੰ ਇਕਾਗਰ ਕਰਕੇ – 2, 2.*
*ਚਿਤ ਨੂੰ ਇਕਾਗਰ ਕਰਕੇ ਪਿਆਰਿਓ*
*ਚਿਤ ਨੂੰ ਇਕਾਗਰ ਕਰਕੇ – 2, 2.*
*ਨਾਮ ਜਪਦੈ ਪ੍ਰਭ ਜੀ ਦਾ, ਪਿਆਰਿਓ,.......–*
*2*

*ਵਡਾ ਸਾਂਗੁ ਵਰਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ॥*
*ਭਾਈ ਗੁਰਦਾਸ ਜੀ, ਵਾਰ 10/14*

ਭਾਈ ਗੁਰਦਾਸ ਜੀ ਇਥੇ ਬਹੁਤ ਪਤੇ ਦੀ ਇਕ ਗੱਲ ਕਹਿ ਰਹੇ ਨੇ ਕਿ ਘਰ ਦੇ ਵਿਚ ਤੰਗੀ ਹੋਵੇ, ਘਰ ਦੀਆਂ ਲੋੜਾਂ ਹੋਣ; ਪਤਾ ਹੈ ਕਿ ਘਰ ਦੇ ਵਿਚ ਆਟਾ ਨਹੀਂ ਹੈ, ਲੂਣ ਨਹੀਂ ਹੈ, ਸਬਜ਼ੀ ਨਹੀਂ ਹੈ, ਪਹਿਨਣ ਵਾਸਤੇ ਕੱਪੜਾ ਨਹੀਂ ਹੈ, ਘਰ ਵਾਪਸ ਜਾਂਦੇ ਨਾਲ ਫੇਰ ਕਲੇਸ਼ ਹੋਵੇਗਾ। ਜੇਕਰ

ਘਰ ਦੇ ਅੰਦਰ ਜਰਾ ਜਿੰਨਾ ਵੀ ਕੋਈ ਕਲੇਸ਼ ਹੋ ਜਾਵੇ ਤਾਂ ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਤਾਂ ਕੀ ਜਪਣਾ ਹੈ, ਇਸ ਪਾਸੇ ਧਿਆਨ ਵੀ ਨਹੀਂ ਜਾਏਗਾ।

ਚਿਤ ਦੀਆਂ ਪੰਜ ਅਵਸਥਾਵਾਂ ਹੋਇਆ ਕਰਦੀਆਂ ਨੇ, ਪੰਜ ਬਿਰਤੀਆਂ ਹੋਇਆ ਕਰਦੀਆਂ ਹਨ। ਪਹਿਲੀ ਹੋਇਆ ਕਰਦੀ ਹੈ – ਲੈਅਤਾ ਬਿਰਤੀ। ਲੈਅਤਾ ਬਿਰਤੀ ਉਹ ਹੁੰਦੀ ਹੈ ਕਿ problem (ਮੁਸ਼ਕਲ) ਸਾਮ੍ਹਣੇ ਖੜ੍ਹੀ ਹੋ ਗਈ, ਉਸੇ ਦਾ ਹੀ ਹੱਲ ਸੋਚੀ ਜਾਣਾ। ਭਜਨ ਦੋ ਤਿੰਨ ਚਾਰ ਘੰਟੇ ਕਰੀ ਜਾਣਾ ਪਰ ਬਿਰਤੀ problem ਦੇ ਪਿਛੇ ਘੁੰਮਦੀ ਰਹਿੰਦੀ ਹੈ। ਜੇ ਕੋਈ ਮੁਕੱਦਮਾ ਹੈ ਤਾਂ ਵਕੀਲਾਂ ਦੇ ਪਿਛੇ ਘੁੰਮਦਾ ਫਿਰੇਗਾ, ਗਵਾਹਾਂ ਦੇ ਪਿਛੇ ਫਿਰਦਾ ਰਹੇਗਾ, ਕਿਤੇ ਪੈਸਿਆਂ ਦਾ ਬੰਦੋਬਸਤ ਕਰਦਾ ਫਿਰੇਗਾ। ਉਸੇ ਸੋਚ ਦੇ ਵਿਚੋਂ ਬਿਰਤੀ ਨਹੀਂ ਨਿਕਲਦੀ, problem ਦੇ ਵਿਚ ਲੈਅ ਹੋ ਜਾਂਦਾ ਹੈ, ਬਹੁਤ ਡੂੰਘਾ ਚਲਿਆ ਜਾਂਦਾ ਹੈ। ਹਿਰਦੇ ਦੇ ਅੰਦਰ ਪਰਤਾਂ ਹੋਇਆ ਕਰਦੀਆਂ ਹਨ। ਜਦੋਂ ਬਿਰਤੀ ਅੰਦਰ ਨੂੰ ਦਾਖਲ ਹੁੰਦੀ ਹੈ ਤਾਂ ਇਨ੍ਹਾਂ ਪਰਤਾਂ ਦੇ ਨਾਲ ਟਕਰਾਅ ਕੇ ਜਾਂਦੀ ਹੈ। ਨਾਮ ਦੀ ਪਰਤ ਸਭ ਤੋਂ ਅਖੀਰ ਤੇ ਹੈ, ਇਸ ਤੋਂ ਅੱਗੇ ਕੁਛ ਵੀ ਨਹੀਂ ਹੈ, ਇਹ ਪਰ੍ਹੇ ਤੋਂ ਪਰ੍ਹੇ ਹੈ। ਉਥੋਂ ਤੱਕ ਪਹੁੰਚਦੇ ਪਹੁੰਚਦੇ ਸਾਡੀਆਂ ਕਈ ਜ਼ਿੰਦਗੀਆਂ ਲੰਘ ਚੁੱਕੀਆਂ, ਬੀਤ ਚੁੱਕੀਆਂ ਗੱਲਾਂ ਦੇ ਨਾਲ ਵਾਹ ਪੈਂਦਾ ਹੈ ਜੋ ਕਿ ਦਬੀਆਂ ਪਈਆਂ ਨੇ। ਜਿਹੜੀਆਂ ਬਚਪਨ ਤੋਂ ਬੀਤੀਆਂ ਹਨ ਉਹ ਵੀ ਤੇ ਜਿਹੜੀਆਂ ਕਰੋੜਾਂ ਜਨਮਾਂ ਤੋਂ ਵਾਪਰਦੀਆਂ ਚਲੀਆਂ ਆ ਰਹੀਆਂ ਨੇ, ਸੰਸਕਾਰ ਬਣੇ ਹੋਏ ਨੇ ਉਹ ਵੀ, ਉਨ੍ਹਾਂ ਸਾਰੀਆਂ ਦੇ ਨਾਲ ਟਕਰਾਅ ਕੇ ਬਿਰਤੀ ਅੰਦਰ ਗਹਿਰੀ ਜਾਂਦੀ ਹੈ। ਇਸੇ ਕਰਕੇ ਸਿਆਣੇ ਕਹਿੰਦੇ ਨੇ ਕਿ ਸ਼ਬਦ ਦਾ ਆਸਰਾ ਲੈ ਕੇ, ਸਬਦਿ ਸੁਰਤਿ ਦਾ ਆਸਰਾ ਲੈ ਕੇ ਤੂੰ ਬਚ ਜਾਵੇਂਗਾ, ਲੰਘ ਜਾਵੇਂਗਾ ਨਹੀਂ ਤਾਂ ਬਹੁਤ ਮੁਸ਼ਕਲ ਹੋ ਜਾਏਗੀ। ਸੋ ਇਕ ਮਨ ਹੋਣਾ ਬਹੁਤ ਔਖਾ ਹੈ। ਲੈਅਤਾ ਬਿਰਤੀ ਵਿਚ ਇਕ ਦੋਸ਼ ਹੋਰ ਹੁੰਦਾ ਹੈ ਕਿ ਆਦਮੀ ਨੂੰ ਕੁਝ ਨਜ਼ਰ ਆ ਗਿਆ, ਉਸ ਨੂੰ ਦੇਖਣ ਲਗ ਜਾਂਦਾ ਹੈ। ਜਦੋਂ ਬਿਰਤੀ ਆਗਿਆ ਚੱਕਰ ਵਿਚ ਜਾਂਦੀ ਹੈ, ਉਥੇ ਕੁਛ ਕੌਤਕ ਹੁੰਦੇ ਨੇ, ਉਨ੍ਹਾਂ ਕੌਤਕਾਂ ਵਿਚ ਫਸਣਾ ਸ਼ੁਰੂ ਹੋ ਜਾਂਦਾ ਹੈ ਕਿ ਮੈਨੂੰ ਆਹ ਦਿਸਿਆ, ਮੈਨੂੰ ਔਹ ਦਿਸਿਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਅਸੀਂ ਦੇਸ਼ ਦੀ ਆਜ਼ਾਦੀ ਲਈ ਬਹੁਤ ਸਖਤੀਆਂ ਭਰੀ ਜੇਲ ਕਟ ਰਹੇ ਸਾਂ, ਇਕ ਕਿਰਪਾ ਸਿੰਘ ਨਾਂ ਦਾ ਸਿੰਘ ਸਾਡੇ ਨਾਲ ਜੇਲ੍ਹ ਵਿਚ ਕੈਦ ਹੋਇਆ ਰਹਿੰਦਾ ਸੀ, ਉਹ ਇਕ ਦਿਨ ਸਵੇਰੇ ਹੀ ਕਹਿਣ ਲਗ ਪਿਆ ਕਿ ਭਾਈ ਸਾਹਿਬ! ਅੱਜ ਤੁਹਾਡੇ ਦੁਧ ਪੀਣ ਲਈ ਇਕ ਗਊ ਆਏਗੀ, ਚਿੱਟੇ ਬੱਛੇ ਵਾਲੀ। ਤੁਸੀਂ ਆਪਣੇ ਹੱਥੀਂ ਸੋਧ ਦਾ ਦੁਧ ਚੋਇਆ ਕਰੋਗੇ। ਥੋੜ੍ਹੀ ਦੇਰ ਬਾਅਦ ਗਊ ਆ ਗਈ, ਚਿੱਟਾ ਬੱਛਾ ਵੀ ਨਾਲ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਭਾਈ ਗੁਰਮੁਖਾ! ਇਹ ਤਾਂ ਨਿਕੀਆਂ ਨਿੱਕੀਆਂ ਗੱਲਾਂ ਨੇ, ਜੇ ਤੂੰ ਇਨ੍ਹਾਂ

ਵਿਚ ਪਰਚ ਗਿਆ ਨਾ, ਤਾਂ ਤੇਰੀ ਭਗਤੀ ਜਾਂਦੀ ਰਹਿਣੀ ਹੈ, ਕਿਸੇ ਕੰਮ ਦਾ ਨਹੀਂ ਰਹਿਣਾ। ਤੂੰ ਤਾਂ ਅੰਦਰਲੀਆਂ ਖੇਡਾਂ ਦੇਖਣ ਲਗ ਗਿਆ, ਅਸੀਂ ਤਾਂ ਤੈਨੂੰ ਇਨ੍ਹਾਂ ਗੱਲਾਂ ਤੋਂ ਉਪਰ ਚੁਕਣਾ ਹੈ। ਤੂੰ ਤਾਂ ਤਮਾਸ਼ੇ ਦੇਖੀ ਜਾਂਦਾ ਹੈਂ, ਐਥੇ ਹੀ ਫਸ ਗਿਐਂ, ਤੂੰ ਇਨ੍ਹਾਂ ਚੀਜ਼ਾਂ ਤੋਂ ਕੀ ਲੈਣਾ ਹੈ। ਤੂੰ ਕੇਵਲ ਵਡਿਆਈ ਚਾਹੁੰਦਾ ਹੈਂ ਕਿ ਲੋਕ ਕਹਿਣ ਕਿ ਇਹਦੇ ਕੋਲ ਕੁਛ ਹੈਗਾ? ਇਸੇ ਗੱਲ ਦਾ ਮਾਰਿਆ ਤੂੰ ਆਪਣਾ ਸਮਾਂ ਨਸ਼ਟ ਕਰ ਰਿਹਾ ਹੈਂ, ਇਹਦਾ ਫਾਇਦਾ ਕੀ ਹੈ–

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***

***ਪੰਨਾ - 593***

ਨਾਮ ਨਹੀਂ ਮਨ ਵਿਚ ਵਸਿਆ ਕਰਦਾ। ਜਿਹੜੇ ਜਰ ਜਾਂਦੇ ਨੇ, ਉਹ ਪਾਰ ਲੰਘ ਜਾਇਆ ਕਰਦੇ ਨੇ। ਉਹ ਤਾਂ ਇਹ ਕਹਿੰਦੇ ਨੇ ਕਿ ਮੈਨੂੰ ਕੀ ਮਤਲਬ ਇਨ੍ਹਾਂ ਗੱਲਾਂ ਨਾਲ, ਮੈਂ ਕੀ ਲੈਣਾ ਹੈ ਕਿਸੇ ਦੀਆਂ ਗੱਲਾਂ ਤੋਂ, ਮੈਂ ਆਪਣਾ ਸਮਾਂ ਕਿਉਂ ਬਿਰਥਾ ਗਵਾਵਾਂ। ਇਨ੍ਹਾਂ ਗੱਲਾਂ ਵਿਚ ਪੈ ਕੇ ਰੂਹਾਨੀ ਤਰੱਕੀ ਰੁਕ ਜਾਇਆ ਕਰਦੀ ਹੈ, ਮਨੋਰਥ ਪੂਰਾ ਨਹੀਂ ਹੋਇਆ ਕਰਦਾ, ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਪਛਤਾਉਣਾ ਪੈਂਦਾ ਹੈ, ਜਦੋਂ ਸਮਾਂ ਲੰਘ ਜਾਂਦਾ ਹੈ।

ਦੂਸਰੀ ਬਿਰਤੀ ਹੁੰਦੀ ਹੈ - ਵਿਖਸ਼ੇਪਤਾ। ਥੋੜ੍ਹਾ ਜਿਹਾ ਕੋਈ ਹਰਖ ਹੋ ਗਿਆ, ਸੋਗ ਹੋ ਗਿਆ, ਮਾਣ ਹੋ ਗਿਆ, ਅਪਮਾਨ ਹੋ ਗਿਆ, ਉਹਦੇ ਵਿਚ ਹੀ ਬਿਰਤੀ ਲੱਗੀ ਰਹਿੰਦੀ ਹੈ।

ਇਕ ਵਾਰ ਮਹਾਰਾਜ ਜੀ (ਰਾੜਾ ਸਾਹਿਬ ਵਾਲਿਆਂ) ਦੇ ਪਾਸ ਇਕ ਮਹਾਤਮਾ ਆਏ ਤੇ ਕਹਿਣ ਲੱਗੇ ਕਿ ਮਹਾਰਾਜ! ਮੇਰੀ ਬਿਰਤੀ ਨਹੀਂ ਟਿਕਦੀ। ਕਹਿੰਦੇ ਕੀ ਗੱਲ, ਤੁਸੀਂ ਤਾਂ ਭਜਨ ਬਹੁਤ ਕਰਦੇ ਹੋਂ। ਕਹਿਣ ਲੱਗਿਆ, "ਮਹਾਰਾਜ! ਭਜਨ ਕਾਹਦਾ ਕਰਦਾ ਹਾਂ, ਮੈਂ ਤਾਂ ਕਦੇ ਕਿਸੇ ਨੂੰ ਦਸਿਆ ਨਹੀਂ ਹੈ।" ਮਹਾਰਾਜ ਕਹਿਣ ਲੱਗੇ ਕਿ ਅਸਲ ਗੱਲ ਦੱਸ। ਕਹਿੰਦਾ, ਗੱਲ ਤਾਂ ਇਸ ਤਰ੍ਹਾਂ ਹੈ ਕਿ ਜਿਹੜਾ ਮੇਰਾ ਆਸ਼ਰਮ ਹੈ ਉਹਦੇ ਉਪਰ ਦੀ ਘੁੰਮ ਕੇ ਰਸਤਾ ਜਾਂਦਾ ਹੈ ਤੇ ਜਿਹੜੇ ਇਥੇ ਆਉਣ ਵਾਲੇ ਨੇ, ਉਨ੍ਹਾਂ ਨੂੰ ਰਸਤਾ ਲੰਬਾ ਪੈ ਜਾਂਦਾ ਹੈ। ਇਸ ਕਰਕੇ ਉਹ ਸਿੱਧੇ ਹੀ ਲੰਘ ਜਾਂਦੇ ਨੇ। ਮੈਂ ਵਾੜ ਕਰ ਦਿੰਦਾ ਹਾਂ ਤੇ ਉਹ ਪੁੱਟ ਦਿੰਦੇ ਨੇ। ਤੇ ਮੈਂ ਉਪਰੋਂ ਉਪਰੋਂ ਪੁੱਛ ਲੈਂਦਾ ਹਾਂ ਕਿ ਕੋਈ ਜਲ ਪਾਣੀ ਦੀ ਸੇਵਾ ਦੱਸੋ। ਮਹਾਰਾਜ! ਜਦੋਂ ਮੈਂ ਭਜਨ ਕਰਨ ਬੈਠਦਾ ਹਾਂ ਤਾਂ ਜਿਸ ਨੇ ਵਾੜ ਪੁੱਟੀ ਹੁੰਦੀ ਹੈ, ਉਹ ਮੇਰੇ ਸਾਮ੍ਹਣੇ ਆ ਕੇ ਖੜ੍ਹ ਜਾਂਦਾ ਹੈ। ਮੈਂ ਉਸ ਨੂੰ ਪੁਛਦਾ ਹਾਂ ਕਿ ਤੂੰ ਵਾੜ ਕਿਉਂ ਪੁੱਟੀ, ਤੇ ਉਸ ਨਾਲ ਲੜ ਪੈਂਦਾ ਹਾਂ। ਉਹ ਮੈਨੂੰ ਗਾਲ੍ਹਾਂ ਕੱਢਦਾ ਹੈ ਤੇ ਮੈਂ ਉਸ ਨੂੰ ਕੱਢਦਾ ਹਾਂ। ਘਸੁੰਨ ਮੁੱਕੀ ਵੀ ਹੋ ਜਾਂਦੇ ਹਾਂ; ਕਦੇ ਉਹ ਥੱਲੇ, ਕਦੇ ਮੈਂ ਥੱਲੇ; ਕਦੇ ਉਹ ਮੇਰੇ ਕੇਸ ਪੁੱਟਦਾ ਹੈ, ਕਦੇ ਮੈਂ ਉਸ ਦੇ ਪੁੱਟਦਾ ਹਾਂ; ਕਦੇ ਉਹਦੀ ਦਾੜ੍ਹੀ ਮੇਰੇ ਹੱਥ ਵਿਚ ਆ ਜਾਂਦੀ ਹੈ, ਕਦੇ ਮੇਰੀ ਉਹਦੇ

ਹੱਥ ਵਿਚ; ਐਂਉ ਨਾਮ ਜਪਣ ਦਾ ਸਮਾਂ ਵਿਖਸ਼ੇਪਤਾ ਵਿਚ ਪਿਆਂ ਹੀ ਲੰਘ ਜਾਂਦਾ ਹੈ। ਮੈਨੂੰ ਇਸ ਦਾ ਕੋਈ ਉਪਾਅ ਦੱਸੋ। ਮਹਾਰਾਜ ਕਹਿੰਦੇ ਕਿ ਇਹ ਤਾਂ ਗੱਲ ਹੀ ਸਿੱਧੀ ਜਿਹੀ ਹੈ, ਇਹਦੇ 'ਚ ਕੀ ਔਖਾ ਹੈ, ਤੁਸੀਂ ਆਸ਼ਰਮ ਵਿਚੀਂ ਲੰਘਣ ਲਈ ਸਿਧਾ ਰਾਹ ਹੀ ਬਣਾ ਦਿਓ। ਸੰਤ ਜੀ! ਤੁਹਾਡਾ ਭਜਨ ਦਾ ਸਮਾਂ ਲੰਘਦਾ ਜਾਂਦਾ ਹੈ, ਇਹ ਮੁੜ ਕੇ ਹੱਥ ਨਹੀਂ ਆਉਣਾ। ਜੇ ਰਸਤੇ ਦੇ ਝਗੜੇ ਵਿਚ ਹੀ ਲੱਗੇ ਰਹੇ ਤਾਂ ਕੁਝ ਬਣਨਾ ਨਹੀਂ, ਲੰਘਿਆ ਸਮਾਂ ਫੇਰ ਨਹੀਂ ਆਉਣਾ। ਇਸ ਲਈ ਤੁਸੀਂ ਰਸਤਾ ਬਣਾ ਦਿਓ ਤੇ ਉਨ੍ਹਾਂ ਪ੍ਰੇਮੀਆਂ ਨੂੰ ਕਹਿ ਦਿਓ ਕਿ ਤੁਹਾਨੂੰ ਮੁਸ਼ਕਲ ਹੁੰਦੀ ਸੀ, ਤੁਹਾਡੇ ਲਈ ਹੁਣ ਅਸੀਂ ਰਸਤਾ ਬਣਾ ਦਿਤਾ ਹੈ - ਤੁਹਾਡੇ ਆਰਾਮ ਵਾਸਤੇ। ਇਸ ਲਈ ਹੁਣ ਤੁਹਾਨੂੰ ਆਉਣਾ ਜਾਣਾ ਸੌਖਾ ਹੋ ਜਾਏਗਾ। ਮਹਾਰਾਜ ਦਾ ਬਚਨ ਮੰਨ ਕੇ ਚਲਾ ਗਿਆ, ਮਹੀਨੇ ਬਾਅਦ ਫੇਰ ਮੁੜ ਕੇ ਆਇਆ ਤੇ ਕਹਿਣ ਲੱਗਾ ਕਿ ਮਹਾਰਾਜ! ਤੁਸੀਂ ਤਾਂ ਮੈਨੂੰ ਐਸੀ ਜੁਗਤ ਦਸੀ ਕਿ ਇਕ ਤਾਂ ਸਾਰਾ ਪਿੰਡ ਮੈਨੂੰ ਪ੍ਰੇਮ ਕਰਨ ਲਗ ਪਿਆ ਤੇ ਹੁਣ ਭਜਨ ਵਿਚ ਮਨ ਵੀ ਬਹੁਤ ਲਗਦਾ ਹੈ। ਪਹਿਲਾਂ ਤਾਂ ਮੈਂ ਉਨ੍ਹਾਂ ਨੂੰ ਉਪਰੋਂ ਉਪਰੋਂ ਹੀ ਜਲ ਪਾਣੀ ਨੂੰ ਕਹਿੰਦਾ ਸੀ ਪਰ ਹੁਣ ਤਾਂ ਮੈਂ ਅੰਦਰੋਂ ਇਹ ਗੱਲ ਕਹਿੰਦਾ ਹਾਂ। ਸੋ ਇਸ ਬਿਰਤੀ ਨੂੰ ਵਿਖਸ਼ੇਪਤਾ ਕਹਿੰਦੇ ਨੇ, ਇਹ ਨਾਮ ਨਹੀਂ ਜਪਣ ਦਿੰਦੀ, ਚਿਤ ਨੂੰ ਇਕਾਗਰ ਨਹੀਂ ਹੋਣ ਦਿੰਦੀ।

ਵਿਖਸ਼ੇਪਤਾ ਦੇ ਅੰਦਰ ਪੰਜ ਚੀਜ਼ਾਂ ਹੁੰਦੀਆਂ ਹਨ ਜਿਹੜੀਆਂ ਬੰਦੇ ਨੂੰ ਖਰਾਬ ਕਰਦੀਆਂ ਹਨ, ਉਹ ਪੰਜ ਵਾਸ਼ਨਾਵਾਂ ਕਹਾਉਂਦੀਆਂ ਹਨ। ਇਕ ਹੁੰਦੀ ਹੈ ਲੋਕ ਵਾਸ਼ਨਾ। ਮੇਰੇ ਪੁੱਤਰ ਹੋ ਜਾਏ, ਮੇਰੇ ਪੁੱਤਰ ਚੰਗੀ ਨੌਕਰੀ ਤੇ, ਉਚੇ ਅਹੁਦੇ ਤੇ ਲੱਗ ਜਾਣ, ਚੰਗੇ ਸੈਟ ਹੋ ਜਾਣ, ਮੇਰੀ ਕੋਠੀ ਬਣ ਜਾਵੇ, ਮੈਂ Election (ਚੋਣਾਂ) ਜਿੱਤ ਜਾਵਾਂ, ਮੇਰੀ ਮਾਨਤਾ ਹੋ ਜਾਵੇ, ਲੋਕ ਮੈਨੂੰ ਮੱਥਾ ਟੇਕਣ, ਮੇਰੀ ਇੱਜ਼ਤ ਕਰਨ; ਇਹ ਲੋਕ ਵਾਸ਼ਨਾ ਕਹਾਉਂਦੀ ਹੈ। ਇਕ ਹੁੰਦੀ ਹੈ ਦੇਹ ਵਾਸ਼ਨਾ। ਦੇਹ ਦੇ ਸੁੱਖ ਵਾਸਤੇ, ਦੇਹ ਦੇ ਭੋਗਾਂ ਵਾਸਤੇ ਬਾਰ-ਬਾਰ ਇਛਿਆ ਕਰਨੀ। ਇਹ ਦੇਹ ਅਧਿਆਸ ਕਰਕੇ ਹੋਇਆ ਕਰਦੀ ਹੈ। ਤੀਸਰੀ ਹੁੰਦੀ ਹੈ ਸਾਸ਼ਤਰ ਵਾਸ਼ਨਾ। ਪੁਸਤਕਾਂ ਪੜ੍ਹਨੀਆਂ, Quotations ਨੋਟ ਕਰਨੀਆਂ, ਯਾਦ ਕਰਕੇ ਲੋਕਾਂ ਨੂੰ ਸੁਣਾਉਣੀਆਂ। ਇਹ ਦੋ ਤਰ੍ਹਾਂ ਹੁੰਦੀ ਹੈ - ਇਕ ਤਾਂ ਆਪ ਕਮਾ ਕੇ ਬੋਲਦਾ ਹੈ, ਇਕ ਬਿਨਾਂ ਕਮਾਈ ਤੋਂ ਬੋਲਦਾ ਹੈ। ਜੋ ਬਿਨਾਂ ਕਮਾਈ ਤੋਂ ਬੋਲਦਾ ਹੈ, ਉਹ ਅੰਦਰੋਂ ਖੋਖਲਾ ਹੁੰਦਾ ਹੈ; ਉਪਰੋਂ ਦਾਣੇ ਪਾਈ ਜਾਂਦਾ ਹੈ ਤੇ ਥੱਲੋਂ ਨਿਕਲੀ ਜਾਂਦੇ ਨੇ। ਬਾਂਸ ਦੀ ਨਿਆਈ ਹੁੰਦਾ ਹੈ। ਉਹ ਸੁੱਕੇ ਦਾ ਸੁੱਕਾ ਰਹਿ ਜਾਇਆ ਕਰਦਾ ਹੈ, ਉਸ ਦਾ ਕੋਈ ਵੀ ਅਸਰ ਨਹੀਂ ਹੋਇਆ ਕਰਦਾ ਜਿਹੜਾ ਸਾਸ਼ਤਰ ਵਾਸ਼ਨਾ ਵਿਚ ਹੋਵੇ। ਚੌਥੀ ਹੁੰਦੀ ਹੈ- ਅਨੁਸ਼ਠਾਨ ਵਾਸ਼ਨਾ ਕਿ ਮੈਂ ਚਿਲਾ ਕੱਟਾਂ, ਸ਼ਬਦ ਦਾ ਅਭਿਆਸ ਕਰਾਂ ਜਿਸ ਨਾਲ ਮੇਰੇ ਅੰਦਰ ਸਿੱਧੀ ਆ ਜਾਵੇ। ਇਹਨੂੰ ਬਗਾਰੀ ਆਖਿਆ ਗਿਆ ਹੈ, ਮਹਾਂਮੂਰਖ ਆਖਿਆ ਗਿਆ ਹੈ ਕਿਉਂਕਿ ਐਨੀ ਤਪਸਿਆ ਵੀ ਕਰਦਾ ਹੈ ਤੇ ਫਲ ਵੀ ਕੋਈ ਨਹੀਂ ਹੈ,

ਉਹ ਸਭ ਲੋਕ ਲੈ ਜਾਂਦੇ ਹਨ। ਪੰਜਵੀਂ ਹੋਇਆ ਕਰਦੀ ਹੈ ਅਨਾਤਮ ਵਾਸ਼ਨਾ। ਅਨਾਤਮ ਵਾਸ਼ਨਾ ਉਹ ਹੁੰਦੀ ਹੈ ਕਿ ਸੰਸਾਰ ਦੀ ਵਾਸ਼ਨਾ ਕਰਨੀ, ਵਾਹਿਗੁਰੂ ਤੋਂ ਬਗੈਰ ਬਾਕੀ ਵਾਸ਼ਨਾਵਾਂ ਕਰਨੀਆਂ; ਇਹ ਮਨ ਨੂੰ ਨਹੀਂ ਟਿਕਣ ਦਿਆ ਕਰਦੀ।

ਤੀਸਰੀ ਬਿਰਤੀ ਹੋਇਆ ਕਰਦੀ ਹੈ – ਮੂੜ੍ਹਤਾ। ਮੂੜ੍ਹਤਾ ਬਿਰਤੀ ਵਿਚ ਆਦਮੀ ਨਾਮ ਜਪਦਾ ਜਪਦਾ ਬਹੁਤ ਸੁਖ ਅਨੁਭਵ ਕਰਦਾ ਹੈ। ਇਹ ਇਕ ਨੀਂਦ ਹੈ ਜਿਸ ਨੂੰ ਯੋਗ ਦੀ ਨੀਂਦ ਕਹਿੰਦੇ ਨੇ, ਤੁੰਦਰਾ ਕਹਿੰਦੇ ਨੇ। ਆਦਮੀ ਸਿੱਧਾ ਬੈਠਾ ਹੁੰਦਾ ਹੈ, ਗਰਦਨ ਵੀ ਸਿੱਧੀ ਹੁੰਦੀ ਹੈ। ਹੌਲੀ ਹੌਲੀ ਗਰਦਨ ਛਾਤੀ ਨਾਲ ਆ ਲਗਦੀ ਹੈ, ਦੇਖਣ ਵਾਲੇ ਸਮਝ ਜਾਂਦੇ ਨੇ ਕਿ ਇਹਦੇ ਤੇ ਤੁੰਦਰਾ ਪਈ ਹੋਈ ਹੈ, ਮੂੜ੍ਹਤਾ ਵਿਚ ਗਿਆ ਹੋਇਆ ਹੈ। ਇਹ ਬਿਰਤੀ ਵੀ ਭਜਨ ਨਹੀਂ ਕਰਨ ਦਿਆ ਕਰਦੀ। ਸੋ ਇਹ ਤਿੰਨ ਜ਼ਬਰਦਸਤ ਦੋਸ਼ ਨੇ ਜੋ ਭਜਨ ਦੇ ਰਸਤੇ ਵਿਚ ਰੁਕਾਵਟ ਬਣਦੇ ਨੇ।

ਸੋ ਬਿਰਤੀ ਟਿਕਾਉਣ ਦਾ ਤਰੀਕਾ ਤਾਂ ਹੈ – ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ; ਤਿੰਨ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ। ਤੱਤ ਗਿਆਨ ਹੁੰਦਾ ਹੈ ਕਿ ਵਾਹਿਗੁਰੂ ਜਿਵੇਂ ਹੈ, ਉਵੇਂ ਜਿਵੇਂ ਦੇਖਣਾ। ਮਨੋ ਨਾਸ਼ ਹੁੰਦਾ ਹੈ – ਪੰਜ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ – ਇਨ੍ਹਾਂ ਪੰਜਾਂ ਦੇ ਵਿਚੋਂ ਆਪਣੇ ਮਨ ਨੂੰ ਨਿਰਲੇਪ ਕਰ ਲੈਣਾ; ਪੰਜਾਂ ਬਿਰਤੀਆਂ ਪ੍ਰਮਾਣ ਬਿਰਤੀ, ਬਿਪਰਜੇ ਬਿਰਤੀ, ਨਿੰਦਰਾ ਬਿਰਤੀ, ਵਿਕਲਪ ਬਿਰਤੀ – ਇਨ੍ਹਾਂ ਤੋਂ ਮਨ ਨੂੰ ਨਿਰਲੇਪ ਕਰ ਲੈਣਾ। ਇਨ੍ਹਾਂ ਦੀ ਨਵਿਰਤੀ ਦਾ ਸੰਤਾਂ ਦੇ ਨਾਲ ਮਿਲਕੇ ਪਤਾ ਲਗ ਜਾਇਆ ਕਰਦਾ ਹੈ, ਕਿਹੜੀ ਬਿਰਤੀ ਕਿਸ ਤਰ੍ਹਾਂ ਦੇ ਨਾਲ ਦੂਰ ਹੁੰਦੀ ਹੈ। ਜਦੋਂ ਇਹ ਚੀਜ਼ਾਂ ਦੂਰ ਹੋ ਜਾਣ, ਉਸ ਵੇਲੇ ਚਿੱਤ ਸ਼ਾਂਤ ਹੋ ਜਾਇਆ ਕਰਦਾ ਹੈ।

ਫੇਰ ਚੌਥੀ ਬਿਰਤੀ ਜਿਸਨੂੰ ਇਕਾਗਰਤਾ ਦੀ ਬਿਰਤੀ ਕਹਿੰਦੇ ਨੇ, ਉਹ ਹਾਸਲ ਹੋ ਜਾਇਆ ਕਰਦੀ ਹੈ। ਉਹ ਪ੍ਰਾਪਤ ਹੋ ਜਾਣ ਦੇ ਨਾਲ ਫੇਰ ਮਨ ਟਿਕ ਕੇ ਪ੍ਰਮੇਸ਼ਰ ਵਲ ਨੂੰ ਤਰੱਕੀ ਕਰਦਾ ਹੈ, ਪਹਿਲਾਂ ਤਾਂ ਆਲੇ ਦੁਆਲੇ ਗੇੜੇ ਕਢਦਾ ਹੈ। ਸੋ–

***ਵਡਾ ਸਾਂਗੁ ਵਰਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ।***

***ਭਾਈ ਗੁਰਦਾਸ ਜੀ, ਵਾਰ 10/14***

ਇਕ ਮਨ ਹੋਣਾ ਹੀ ਬਹੁਤ ਔਖਾ ਹੈ ਕਿਉਂਕਿ ਜਿੰਨੀ ਦੇਰ ਤਕ ਅੰਤਸ਼ਕਰਣ ਦੇ ਵਿਚ ਮੈਲ ਹੈ, ਓਨੀ ਦੇਰ ਚਿੱਤ ਇਕਾਗਰ ਨਹੀਂ ਹੋਇਆ ਤੇ ਚਿੱਤ ਦੀ ਇਕਾਗਰਤਾ ਦਾ ਫਲ ਗਿਆਨ ਹੁੰਦਾ ਹੈ, ਆਤਮ ਸਰੂਪ ਦੇ ਦਰਸ਼ਨ ਹੁੰਦੇ ਨੇ। ਜਦ ਤਕ ਚਿੱਤ ਇਕਾਗਰ ਨਹੀਂ ਹੁੰਦਾ, ਭਜਨ ਦਾ ਕੁਝ ਬਣਦਾ ਨਹੀਂ, ਕੋਈ ਪ੍ਰਾਪਤੀ ਨਹੀਂ ਹੁੰਦੀ।

ਸੋ ਇਸ ਤਰ੍ਹਾਂ ਦੇ ਨਾਲ ਬੇਣੀ ਇਕ ਮਨ ਇਕ ਚਿੱਤ ਹੋ ਕੇ ਭਜਨ ਕਰਦਾ ਹੈ ਤੇ ਵੱਡਾ ਸਾਂਗ ਵਰਤ ਗਿਆ। ਉਹ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਪ੍ਰਮੇਸ਼ਰ ਕੋਈ ਐਵੇਂ ਨਹੀਂ ਹੈ ਕਿ ਸੁੰਨ-ਮੁੰਨ ਹੈ। ਕਈਆਂ ਨੂੰ ਇਹ ਭੁਲੇਖਾ ਹੋ ਜਾਂਦਾ ਹੈ ਕਿ ਜਿਸਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਬਰਨ ਨਹੀਂ; ਉਹ ਚੀਜ਼ ਕੀ ਹੋਈ। ਉਹ ਤਾਂ ਅਣਹੋਂਦ ਹੋਇਆ, ਜ਼ੀਰੋ ਹੋਇਆ। ਜ਼ੀਰੋ ਦੀ ਕੀ value (ਕੀਮਤ) ਹੁੰਦੀ ਹੈ? ਅੱਜ ਤਕ ਕੋਈ ਸੰਸਾਰ ਤੇ ਨਹੀਂ ਹੋਇਆ ਜਿਹੜਾ ਇਹ ਦਸ ਸਕੇ। ਇਥੋਂ ਲੈ ਕੇ ਕਈ ਕਿਲੋਮੀਟਰ ਤਕ 9 ਅੱਖਰ ਲਿਖਦੇ ਚਲੇ ਜਾਉ, ਫੇਰ ਜ਼ੀਰੋ ਦੇ ਨਾਲ ਗੁਣਾਂ ਕਰ ਦਿਓ, ਸਾਰੇ ਨੂੰ ਜ਼ੀਰੋ ਬਣਾ ਦੇਵੇਗਾ। ਸੋ ਜਿਹੜਾ ਨਿਰਾਕਾਰ ਪ੍ਰਮੇਸ਼ਰ ਹੈ, ਉਹ ਜ਼ੀਰੋ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਜ਼ੀਰੋ ਬਣਾ ਦਿੰਦਾ ਹੈ ਜਦੋਂ ਉਹਦਾ ਫੁਰਨਾ ਜਾਗਦਾ ਹੈ -

***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈ ਮਿਲਤ ਦੇਹ ਧਰ ਸਭਹੂੰ॥*** ***ਚੌਪਈ***

ਸਭ ਨੂੰ ਜ਼ੀਰੋ ਬਣਾ ਦਿੰਦਾ ਹੈ। ਗਿਆਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਦੋਂ ਆਦਮੀ ਦਾ ਚਿਤ ਇਕਾਗਰ ਹੁੰਦਾ ਹੈ। ਫਿਰ ਨਿਰੁੱਧ ਅਵਸਥਾ ਆ ਜਾਂਦੀ ਹੈ - ਪੰਜਵੀਂ ਬਿਰਤੀ। ਨਿਰੁੱਧ ਅਵਸਥਾ ਦੇ ਵਿਚ ਕੋਈ ਫੁਰਨਾ ਨਹੀਂ ਜਾਗਦਾ ਕਿਉਂਕਿ ਫੁਰਨੇ ਖਤਮ ਹੋ ਜਾਂਦੇ ਨੇ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***

***ਪੰਨਾ - 1369***

ਪੰਜਵੀਂ ਭੂਮਿਕਾ ਵਿਚ ਚਲਿਆ ਜਾਂਦਾ ਹੈ ਜਿਥੇ ਸਾਰੇ ਫੁਰਨੇ ਖਤਮ ਹੋ ਜਾਇਆ ਕਰਦੇ ਨੇ। ਸੋ ਐਸ ਤਰ੍ਹਾਂ ਦੇ ਨਾਲ ਬੇਣੀ ਭਜਨ ਕਰਦਾ ਹੈ। ਭਜਨ ਕਰਨ ਦੇ ਨਾਲ ਸਾਂਗ ਕੀ ਵਰਤਿਆ ਕਿ ਪ੍ਰਮੇਸ਼ਰ ਨੇ ਰਾਜੇ ਦਾ ਰੂਪ ਧਾਰ ਲਿਆ, ਨਾਲ ਗੱਡੇ ਲੈ ਲਏ, ਰਾਸ਼ਨ ਲੈ ਲਿਆ, ਕੱਪੜੇ ਲੈ ਲਏ, ਗਹਿਣੇ ਲੈ ਲਏ; ਅਣਗਿਣਤ ਪਦਾਰਥ ਨਾਲ ਲੈ ਲਏ ਜਿਹੜੇ ਗਿਣੇ ਹੀ ਨਹੀਂ ਜਾ ਸਕਦੇ। ਚੰਡੀਗੜ੍ਹ 17 ਸੈਕਟਰ ਦੀਆਂ ਦੁਕਾਨਾਂ ਵਿਚ ਚਲੇ ਜਾਓ, ਉਥੇ ਪਤਾ ਲਗਦਾ ਹੈ ਕਿ ਪਦਾਰਥ ਕੀ ਹੁੰਦੇ ਨੇ, ਸਾਨੂੰ ਤਾਂ ਪਤਾ ਹੀ ਨਹੀਂ; ਅਸੀਂ ਤਾਂ ਭਾਂਡੇ ਜਾਣਦੇ ਹਾਂ, ਕਣਕ ਵਗੈਰਾ ਜਾਣਦੇ ਹਾਂ, ਹੋਰ ਤਾਂ ਸਾਨੂੰ ਪਤਾ ਹੀ ਨਹੀਂ। ਨਵੀਆਂ ਤੋਂ ਨਵੀਆਂ ਚੀਜ਼ਾਂ ਉਥੇ ਪਈਆਂ ਨੇ, ਉਹ ਅਣਗਿਣਤ ਪਦਾਰਥ ਹੁੰਦੇ ਨੇ -

***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ॥***
***ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਨਿਰਾਕਾਰ ਪ੍ਰਮੇਸ਼ਰ ਨੇ ਰਾਜੇ ਦਾ ਰੂਪ ਧਾਰ ਲਿਆ ਜਿਹੜਾ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਕਿਉਂਕਿ ਉਹਦਾ ਭਗਤ ਸਮਾਧੀ ਵਿਚ ਬੈਠਾ ਹੈ।

ਚਾਰ ਕਿਸਮ ਦੀ ਸਮਾਧੀ ਹੁੰਦੀ ਹੈ - ਦੋ ਕਿਸਮ ਦੀ ਵਿਕਲਪ ਸਮਾਧੀ ਹੁੰਦੀ ਹੈ, ਦੋ ਕਿਸਮ ਦੀ ਨਿਰਵਿਕਲਪ ਸਮਾਧੀ ਹੁੰਦੀ ਹੈ। ਪੰਜਵੀਂ ਸਮਾਧੀ ਉਹ ਹੁੰਦੀ ਹੈ ਜਿਹੜੀ ਅੱਖਾਂ ਖੋਲ੍ਹ ਕੇ ਲਗਦੀ ਹੈ ਜਿਹਨੂੰ ਸਹਿਜ ਸਮਾਧ ਕਹਿੰਦੇ ਨੇ -

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥*** ***ਪੰਨਾ - 106***

ਜਿਹਦੀ ਸਹਿਜ ਸਮਾਧ ਲਗ ਜਾਂਦੀ ਹੈ, ਉਸ ਨੂੰ ਉਹੀ ਜਾਣਦਾ ਹੈ। ਬੇਣੀ ਸਹਿਜ ਸਮਾਧ ਦੇ ਵਿਚ ਲੀਨ ਹੋਇਆ ਬੈਠਾ ਹੈ -

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ ਜੀ - 2, 2.***
***ਸੋ ਰਸ ਸੋਈ ਜਾਣੇ ਜੀ,***
***ਸੋ ਰਸ ਸੋਈ ਜਾਣੇ ਜੀ - 2, 2.***
***ਸਹਿਜ ਸਮਾਧ ਲਗੀ ਲਿਵ ਅੰਤਰ,.......-2***

ਇਹ supreme (ਸਭ ਤੋਂ ਉਚੇਰੀ) ਸਮਾਧੀ ਹੋਇਆ ਕਰਦੀ ਹੈ ਜਿਸਨੂੰ ਅਭੇਦ ਰੂਪ ਸਮਾਧੀ ਵੀ ਆਖਦੇ ਨੇ। ਪ੍ਰਮੇਸ਼ਰ ਦਾ ਰੂਪ ਹੀ ਬਣਿਆ ਹੋਇਆ ਹੈ, ਜਿਧਰ ਦੇਖਦਾ ਹੈ ਇਕੋ ਹੀ ਨਜ਼ਰ ਆ ਰਿਹਾ ਹੈ, ਦੂਸਰਾ ਨਹੀਂ ਨਜ਼ਰ ਆਉਂਦਾ, ਐਸੀ ਸਮਾਧੀ ਵਿਚ ਲੀਨ ਹੈ। ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ, ਕਿਤੋਂ ਆਉਣਾ ਨਹੀਂ, ਕਿਤੇ ਜਾਣਾ ਨਹੀਂ, ਨਾਲ ਹੀ ਬੈਠਾ ਹੈ। ਉਹਨੇ ਕੌਤਕ ਰਚ ਦਿਤਾ -

***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ॥***

***ਭਾਈ ਗੁਰਦਾਸ ਜੀ, ਵਾਰ 10/14***

ਰਾਜੇ ਦਾ ਰੂਪ ਧਾਰ ਲਿਆ, ਪਦਾਰਥਾਂ ਦੇ ਗੱਡੇ ਭਰ ਲਏ, ਆ ਕੇ ਪੁਛਦਾ ਹੈ ਕਿ ਬੇਣੀ ਦਾ ਘਰ ਕਿਹੜਾ ਹੈ? ਮਾਂ ਸੁਣ ਕੇ ਬਾਹਰ ਨਿਕਲੀ ਤੇ ਕਹਿਣ ਲੱਗੀ, ਘਰ ਤਾਂ ਇਹ ਹੀ ਹੈ; ਕੀ ਗੱਲ? ਉਹ ਕਹਿੰਦੇ ਕਿ ਬੇਣੀ ਕਥਾ ਕਰਦਾ ਹੈ, ਰਾਜਿਆਂ ਦਾ ਰਾਜਾ - ਮਹਾਰਾਜਾ ਜੋ ਹੈ ਉਹਦੇ ਦਰਬਾਰ ਵਿਚ ਰੋਜ਼ ਕਥਾ ਕਰਦਾ ਹੈ। ਉਸ ਨੇ ਵੀ ਰਮਜ਼ ਮਾਰੀ ਕਿਉਂਕਿ ਅਕਾਲ ਪੁਰਖ ਹੀ ਸਭ ਤੋਂ ਵੱਡਾ ਰਾਜਾ ਹੈ, ਉਹਦੇ ਦਰਬਾਰ ਵਿਚ ਬਿਰਤੀ ਨਾਲ ਪਹੁੰਚਦਾ ਸੀ। ਬੇਣੀ ਝੂਠ ਨਹੀਂ ਸੀ ਬੋਲਦਾ ਕਿ ਮੈਂ ਰਾਜ-ਦੁਆਰ ਜਾਂਦਾ ਹਾਂ - ਕਥਾ ਕਰਨ ਵਾਸਤੇ। ਗੱਲ ਤਾਂ ਉਹ ਸੱਚੀ ਕਹਿੰਦਾ ਸੀ ਪਰ ਉਹ ਨਹੀਂ ਸੀ ਸਮਝਦੀ। ਰਾਜਾ ਕਹਿਣ ਲੱਗਾ ਕਿ ਅੱਜ ਕਥਾ ਦੇ ਪਹਿਲੇ ਭਾਗ ਦਾ ਭੋਗ ਪਿਆ ਹੈ, ਆਹ ਜੋ ਸਾਮਾਨ ਲਿਆਂਦਾ ਹੈ ਇਹ ਭੇਟਾ ਚੜ੍ਹੀ ਸੀ, ਇਹ ਮੈਂ ਦੇਣ ਵਾਸਤੇ ਆਇਆ ਹਾਂ, ਇਹਨੂੰ ਸਾਂਭ ਲਓ -

*ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ॥*

***ਭਾਈ ਗੁਰਦਾਸ ਜੀ, ਵਾਰ 10/14***

ਬੇਅੰਤ ਖਰਚ ਪਹੁੰਚਾ ਦਿਤਾ, ਗਿਣਤੀ ਤੋਂ ਬਾਹਰ ਚੀਜ਼ਾਂ ਪਹੁੰਚਾ ਦਿਤੀਆਂ। ਉਹ ਹੈਰਾਨ ਹੋਈ ਜਾਂਦੀ ਹੈ, ਗੱਡਿਆਂ ਤੋਂ ਉਤਾਰ ਕੇ ਰੱਖੀ ਜਾਂਦੇ ਨੇ - ਇਹ ਮੋਹਰਾਂ ਨੇ, ਇਹ ਗਹਿਣੇ ਨੇ ਤੇਰੇ ਵਾਸਤੇ, ਆਹ ਰਾਜਿਆਂ ਦੇ ਪਹਿਨਣ ਵਾਲੇ ਕਪੜੇ ਨੇ। ਅਲੌਕਿਕ ਚੀਜ਼ਾਂ ਦੇਖ ਕੇ ਪ੍ਰਸੰਨ ਹੋਈ ਜਾਂਦੀ ਹੈ, ਕਹਿੰਦੀ ਮੈਂ ਤਾਂ ਐਵੇਂ ਉਹਨੂੰ ਗਾਲ੍ਹਾਂ ਕਢਦੀ ਰਹੀ, ਨਿੰਦਿਆ ਵੀ ਕਰਦੀ ਰਹੀ, ਦੁਖੀ ਵੀ ਕੀਤਾ ਵਿਚਾਰੇ ਨੂੰ, ਪਰ ਹੈ ਬਹੁਤ ਚੰਗਾ, ਮੇਰੇ ਕਹੇ ਤੇ ਦੁਖੀ ਨਹੀਂ ਸੀ ਹੁੰਦਾ। ਪਛਤਾਉਣ ਲਗ ਪਈ ਤੇ ਕਹਿੰਦੀ ਕਿ ਇਹੋ ਜਿਹੇ ਰਾਜੇ ਦੇ ਕਥਾ ਕਰਨ ਜਾਂਦਾ ਸੀ, ਮੈਨੂੰ ਖੁਸ਼ ਹੋ ਕੇ ਤੋਰਨਾ ਚਾਹੀਦਾ ਸੀ, ਪਰ ਮੈਂ ਤਾਂ ਨਿਰਾਦਰ ਕਰਕੇ ਤੋਰਦੀ ਸੀ; ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਕਿਉਂ ਉਸ ਨੂੰ ਬੁਰਾ ਭਲਾ ਆਖਦੀ?

ਇਸਤ੍ਰੀ ਮਾਇਆ ਰੂਪ ਹੁੰਦੀ ਹੈ, ਕਈ ਵਾਰੀ ਪ੍ਰਮੇਸ਼ਰ ਨਾਲ ਲੜ ਪਿਆ ਕਰਦੀ ਹੈ। ਭਗਤ ਤਰਲੋਚਨ ਦਾ ਜਦੋਂ ਨੌਕਰ ਨੱਠ ਗਿਆ, ਉਸ ਵੇਲੇ ਉਸਦੀ ਪਤਨੀ ਬਹੁਤ ਨਰਾਜ਼ ਹੋਈ ਕਿ ਆਪ ਵੀ ਨਿਪੁਤਾ ਹੈ ਤੇ ਸਾਨੂੰ ਵੀ ਨਿਪੁਤੇ ਕਰ ਛੱਡਿਆ। ਪ੍ਰਮੇਸ਼ਰ ਦਾ ਕਿਹੜਾ ਵਿਆਹ ਹੋਇਆ ਹੋਇਆ ਹੈ, ਸਾਨੂੰ ਵੀ ਉਵੇਂ ਹੀ ਰਖਦਾ ਹੈ। ਮਸਾਂ ਇਕ ਨੌਕਰ ਆਇਆ ਸੀ, ਉਹ ਵੀ ਨਠਾ ਦਿਤਾ। ਲੋਕਾਂ ਦੇ ਬੱਚਿਆਂ ਦੀਆਂ ਧਾੜਾਂ ਫਿਰਦੀਆਂ ਨੇ, ਸਾਨੂੰ ਇਕ ਵੀ ਨਹੀਂ ਦਿਤਾ ਜੋ ਬੁਢਾਪੇ ਦਾ ਹੀ ਸਹਾਰਾ ਬਣ ਜਾਵੇ; ਇਕ ਤਾਂ ਦੇ ਦਿੰਦਾ? ਕਾਹਦੀ ਤੂੰ ਭਗਤੀ ਕਰਦਾ ਹੈਂ? ਇਸ ਤਰ੍ਹਾਂ ਗੁੱਸੇ ਹੋਈ ਜਾਂਦੀ ਹੈ। ਉਹ ਕਹਿਣ ਲੱਗਿਆ, ਕਿਉਂ ਤੂੰ ਗਲਤ ਗੱਲ ਕਰਦੀ ਹੈਂ? ਕਿਉਂ ਪ੍ਰਮੇਸ਼ਰ ਨੂੰ ਦੋਸ਼ ਦਿੰਦੀ ਹੈਂ? ਦੋਸ਼ ਤਾਂ ਤੇਰੇ ਕਰਮਾਂ ਦਾ ਹੈ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥*

*ਪੰਨਾ - 433*

ਕਿਉਂ ਦੋਸ਼ ਦੇ ਰਹੀ ਹੈਂ, ਕਿਉਂ ਨਿੰਦਿਆ ਕਰਦੀ ਹੈਂ? ਨਾਰਾਇਣ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਧਾਰਨਾ - ਤੂੰ ਤਾਂ ਭੁੱਲ ਗਈ ਐਂ ਨਾਰ ਗਵਾਰੇ,*
*ਨਿੰਦਿਆ ਨਾਰਾਇਣ ਦੀ ਕਰੇਂ - 2, 2*

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥*
*ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥* *ਪੰਨਾ - 695*

ਸੋ ਜਦੋਂ ਉਸ ਨੇ ਦੇਖਿਆ ਕਿ ਐਨਾ ਸਾਮਾਨ ਭੇਜ ਦਿਤਾ, ਮੈਂ ਤਾਂ ਐਵੇਂ ਹੀ ਰਾਜੇ ਦੀ ਨਿੰਦਿਆ ਕਰਦੀ ਰਹੀ, ਲੜਦੀ ਰਹੀ, ਗਾਲ੍ਹਾਂ ਕਢਦੀ ਰਹੀ। ਕਹਿਣ ਲੱਗੀ ਕਿ ਤੁਹਾਡਾ ਰਾਜਾ ਤਾਂ ਬਹੁਤ ਚੰਗਾ ਹੈ। ਪ੍ਰਮੇਸ਼ਰ ਤਾਂ ਸਾਮ੍ਹਣੇ ਖੜ੍ਹਾ ਹੈ। ਕਹਿੰਦੇ, ਬੀਬੀ! ਉਸ ਰਾਜੇ ਦੇ ਘਰ ਘਾਟਾ ਤਾਂ ਕੋਈ ਨਹੀਂ ਪਰ ਥੋੜ੍ਹੀ ਜਿਹੀ ਦੇਰ ਹੋ ਗਈ। ਜੋ ਕੁਝ ਕੋਈ ਮੰਗਦਾ ਹੈ, ਉਹ ਦੇ ਦਿੰਦਾ ਹੈ –

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥ ਪੰਨਾ – 714***

ਪਰ ਬੇਣੀ ਨੇ ਤਾਂ ਮੈਥੋਂ ਕੁਛ ਮੰਗਿਆ ਹੀ ਨਹੀਂ। ਉਹ ਕਹਿਣ ਲੱਗੀ, ਫੇਰ ਇਹ ਕੀ ਗੱਲ, ਬਿਨਾਂ ਮੰਗੇ ਤੋਂ ਹੀ ਦੇ ਦਿਤਾ? ਕਹਿੰਦੇ ਉਹ ਤਾਂ ਬਿਨਾਂ ਮੰਗੇ ਤੋਂ ਹੀ ਦੇ ਦਿੰਦਾ ਹੈ, ਅਣਮੰਗਿਆ ਦਾਨ ਦੇ ਦਿੰਦਾ ਹੈ; ਜਿਹੜੇ ਮੰਗਦੇ ਹਨ ਉਨ੍ਹਾਂ ਨੂੰ ਵੀ ਦਿੰਦਾ ਹੈ, ਜਿਹੜੇ ਨਹੀਂ ਮੰਗਦੇ ਉਨ੍ਹਾਂ ਨੂੰ ਵੀ ਦਿੰਦਾ ਹੈ ਕਿਉਂਕਿ ਉਹ ਰਾਜਾ ਸਭ ਦਾ ਧਿਆਨ ਰਖਦਾ ਹੈ, ਸਾਰੀ ਸ੍ਰਿਸ਼ਟੀ ਦਾ ਪਾਲਣਹਾਰਾ ਹੈ –

***ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ॥***

***ਭਾਈ ਗੁਰਦਾਸ ਜੀ, ਵਾਰ 10/14***

ਫਿਰ ਬੀਬੀ ਅਸੀਸਾਂ ਦੇਣ ਲਗ ਪਈ ਕਿ ਮਹਾਰਾਜ ਰਾਜੇ ਦੀ ਉਮਰ ਵੱਡੀ ਕਰੇ, ਇਹ ਤਾਂ ਬਹੁਤ ਚੰਗਾ ਹੈ, ਮੈਂ ਤਾਂ ਐਵੇਂ ਹੀ ਕਹਿੰਦੀ ਰਹੀ। ਰਾਜਾ ਕਹਿੰਦਾ, ਬੀਬੀ! ਹੁਣ ਬੇਣੀ ਕੋਲ ਜਾਂਦਾ ਹਾਂ ਮੈਂ। ਬੀਬੀ ਕਹਿਣ ਲੱਗੀ, ਜੇ ਭੋਗ ਪੈ ਗਿਆ ਤਾਂ ਉਸ ਨੂੰ ਛੇਤੀਂ ਘਰ ਭੇਜ ਦਿਉ –

***ਓਥਹੁ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ॥ ਭਾਈ ਗੁਰਦਾਸ ਜੀ, 10/14***

ਉਥੋਂ ਆ ਕੇ ਜੰਗਲ ਵਿਚ ਚਲਾ ਗਿਆ – ਬੇਣੀ ਦੇ ਕੋਲ। ਬੇਣੀ ਭਗਤੀ ਦੇ ਵਿਚ ਲੀਨ ਹੋਇਆ ਹੋਇਆ ਹੈ। ਉਸ ਦੀ ਬਿਰਤੀ ਬਾਹਰ ਖਿੱਚ ਲਈ। ਬੇਣੀ ਨੇ ਜਦੋਂ ਨੇਤਰ ਖੋਲ੍ਹੇ ਤਾਂ ਕੀ ਦੇਖਦਾ ਹੈ ਕਿ ਜਿਹੜੇ ਸਰੂਪ ਦਾ ਅੰਦਰ ਧਿਆਨ ਧਰਿਆ ਸੀ, ਉਹੀ ਬਾਹਰ ਦਿਸ ਰਿਹਾ ਹੈ, ਬੇਣੀ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਨੇ, ਕਹਿੰਦਾ ਹੇ ਵਾਹਿਗੁਰੂ! ਐਨਾ ਚਿਰ! ਤੁਸੀਂ ਆਪ ਆਏ! ਐਨੀ ਖੇਚਲ ਕੀਤੀ।

ਸੋ ਰੱਬ ਦੇ ਉਤੇ ਕਿਸੇ ਦੀ monopoly (ਖਾਸ ਹੱਕ, ਜ਼ੋਰ) ਨਹੀਂ ਹੁੰਦੀ ਕਿ ਵਾਹਿਗੁਰੂ ਸਾਡਾ ਹੀ ਹੈ। ਉਹ ਤਾਂ ਸਾਰੇ ਸੰਸਾਰ ਦਾ ਹੈ। ਜਿਥੇ ਵੀ ਕੋਈ ਸੁੱਚਤਾ ਦੇ ਨਾਲ ਹਿਰਦੇ ਦੇ ਅੰਦਰ ਉਹਨੂੰ ਯਾਦ ਕਰਦਾ ਹੈ ਭਾਵੇਂ ਉਹ ਹਿੰਦੂ ਹੈ, ਭਾਵੇਂ ਸਿੱਖ ਹੈ, ਭਾਵੇਂ ਮੁਸਲਮਾਨ ਹੈ, ਭਾਵੇਂ ਈਸਾਈ

ਹੈ, ਵਾਹਿਗੁਰੂ ਉਸ ਦੇ ਪਿਛੇ ਲੱਗਿਆ ਫਿਰਦਾ ਹੈ, ਉਹ ਜਾਤ ਪਾਤ ਨਹੀਂ ਦੇਖਦਾ, ਉਹ ਤਾਂ ਹਿਰਦੇ ਦੀ ਸਚਾਈ ਦੇਖਦਾ ਹੈ –

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ਪੰਨਾ – 1367*

ਪ੍ਰਮੇਸ਼ਰ ਤਾਂ ਇਹ ਕਹਿੰਦਾ ਹੈ ਕਿ ਮੈਨੂੰ ਤਾਂ ਆਪਣੇ ਪਿਆਰਿਆਂ ਦੀ ਸੇਵਾ ਕਰਕੇ ਆਨੰਦ ਆਉਂਦਾ ਹੈ। ਉਹ ਮੇਰੀ ਸੇਵਾ ਕਰਦੇ ਨੇ ਤੇ ਮੇਰੀ ਵੀ ਡਿਊਟੀ ਹੈ ਕਿ ਮੈਂ ਉਨ੍ਹਾਂ ਦੀ ਸੇਵਾ ਕਰਾਂ। ਸੋ ਉਥੇ ਪਿਆਰ ਦੇ ਵਿਚ ਦੋਵੇਂ ਇਕ-ਮਿਕ ਹੋਏ ਬੈਠੇ ਨੇ –

*ਭਗਤ ਜਨਾਂ ਜੈਕਾਰੁ ਕਰਾਵੈ ॥ ਭਾਈ ਗੁਰਦਾਸ ਜੀ, ਵਾਰ 10/14*

ਭਗਤਾਂ ਦੀ ਜੈ ਜੈਕਾਰ ਕਰਾਉਂਦਾ ਹੈ ਕਿਉਂਕਿ ਜੁਗਾਂ ਜੁਗਾਂਤਰਾਂ ਤੋਂ ਐਸਾ ਹੀ ਉਸ ਦਾ ਬਿਰਦ ਹੈ –

*ਧਾਰਨਾ – ਪੈਜ ਜੁਗੋ ਜੁਗ ਰਖਦਾ ਆਇਆ,*
*ਆਪਣਿਆਂ ਭਗਤਾਂ ਦੀ – 2, 2.*
*ਪਿਆਰੇ ਜੀ, ਆਪਣਿਆਂ ਭਗਤਾਂ ਦੀ–2, 2.*
*ਪੈਜ ਜੁਗੋ ਜੁਗ ਰਖਦਾ ਆਇਆ,........2*

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*
*ਪੰਨਾ – 451*

ਸੋ ਇਸ ਤਰ੍ਹਾਂ ਬੇਨਤੀ ਕੀਤੀ ਸੀ ਕਿ ਜਿਥੇ ਵਾਹਿਗੁਰੂ ਜੀ ਦਾ ਨਾਮ ਅਮੁੱਲਾ ਹੈ, ਉਥੇ ਵਾਹਿਗੁਰੂ ਸੁੰਨ-ਮੁੰਨ ਨਹੀਂ ਹੈ, ਜ਼ੀਰੋ ਨਹੀਂ ਹੈ ਕਿਉਂਕਿ ਬਹੁਤ ਵੱਡਾ ਭੁਲੇਖਾ ਪੈ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਉਹਦਾ ਕੋਈ ਚੱਕਰ ਚਿਹਨ ਨਹੀਂ ਹੈ, ਜਾਤ-ਪਾਤ ਨਹੀਂ ਹੈ, ਰੂਪ-ਰੰਗ ਨਹੀਂ ਹੈ, ਪਰ ਸਾਧ ਸੰਗਤ ਜੀ! ਜਿੰਨਾਂ ਕੁਝ ਦਿਸਦਾ ਹੈ, ਸੁਣਦਾ ਹੈ, ਸਭ ਕੁਝ ਉਹੀ ਹੈ। ਉਹਦਾ ਤਾਂ ਸਭ ਕੁਝ ਹੀ ਹੈ; ਉਹਦਾ ਸਰਗੁਣ ਸਰੂਪ ਦੇਖਣਾ ਹੈ ਤਾਂ ਸੰਸਾਰ ਨੂੰ ਦੇਖ ਲਉ, ਨਿਰਗੁਣ ਸਰੂਪ ਦੇਖਣਾ ਹੈ ਤਾਂ ਮਿਹਨਤ ਕਰ ਲਉ, ਹਰ ਥਾਂ ਤੇ ਨਜ਼ਰ ਆ ਜਾਏਗਾ ਤੇ ਹਿਰਦੇ ਦੇ ਵਿਚ ਹੀ ਪ੍ਰਗਟ ਹੋ ਜਾਏਗਾ। ਸੋ ਏਸ ਕਰਕੇ ਬੇਨਤੀ ਕੀਤੀ ਸੀ, ਸਾਰੇ ਪ੍ਰੇਮ ਨਾਲ ਬੋਲੋ –

*ਧਾਰਨਾ – ਤੂੰ ਪਰਬਤ ਮੇਰਾ ਓਲਾ ਜੀ,*
*ਵਾਰੀ ਵੰਞਾ, ਘੋਲੀ ਵੰਞਾ – 2, 2.*

*ਵਾਰੀ ਵੰਞਾਂ ਘੋਲੀ ਵੰਞਾਂ - 2, 2.*
*ਤੂ ਪਰਬਤ ਮੇਰਾ ਓਲਾ ਜੀ,......2*

ਸਾਧ ਸੰਗਤ ਜੀ! ਓਲਾ ਵੀ ਕਿਹੋ ਜਿਹਾ ਹੈ, ਨਾ ਹਵਾ ਨਾਲ ਉਡੇ, ਨਾ ਚੁੱਕਿਆ ਜਾਵੇ, ਐਸਾ ਓਲਾ ਪ੍ਰਮੇਸ਼ਰ ਹੈ - ਪਰਬਤ ਵਰਗਾ। ਜਦੋਂ ਇਹ ਵਿਸ਼ਵਾਸ਼ ਮਨ ਵਿਚ ਆ ਜਾਵੇ, ਫੇਰ ਉਹਦੇ ਨਾਲ ਨੇੜਤਾ ਹੋ ਜਾਂਦੀ ਹੈ। ਨਾਮ ਜਪਣ ਵਿਚ ਸੁਆਦ ਆਇਆ ਕਰਦਾ ਹੈ। ਨਾਮ ਜਪਣਾ ਕੋਈ ਨਿਰਾਰਥਕ ਕ੍ਰਿਆ ਵਾਲੀ ਗੱਲ ਨਹੀਂ ਹੈ ਕਿ ਉਹ ਸੁਣਦਾ ਵੀ ਹੈ ਕਿ ਨਹੀਂ, ਸੰਸਾ ਪੈ ਜਾਂਦਾ ਹੈ। ਸੋ ਤਿੰਨ ਦੋਸ਼ ਨੇ ਆਦਮੀ ਦੇ ਅੰਦਰ - ਅਸ਼ਰਧਾ, ਸੰਸਾ ਅਤੇ ਅਗਿਆਨ। ਇਨ੍ਹਾਂ ਤਿੰਨਾਂ ਦੋਸ਼ਾਂ ਨਾਲ ਸਾਰਾ ਸੰਸਾਰ ਦੁਖੀ ਹੈ। ਇਹ ਤਿੰਨੇ ਦੂਰ ਕਰ ਦਿਉ, ਸੁਖ ਤਾਂ ਬਿਲਕੁਲ ਨਾਲ ਹੀ ਨੇੜੇ ਹੀ ਪਿਆ ਹੈ, ਵਾਹਿਗੁਰੂ ਆਪ ਹੀ ਸੁਖ ਸਰੂਪ ਹੈ, ਸੁਖਾਂ ਦਾ ਸਮੁੰਦਰ ਹੈ। ਸੂਰਜ ਦੀਆਂ ਅਰਬਾਂ ਕਿਰਨਾਂ ਨੇ, ਸੰਸਾਰ ਰੂਪ ਹੋ ਪ੍ਰਗਟ ਹੋ ਰਿਹਾ ਹੈ। ਆਪ ਭੀ ਇਹ ਇਕ ਕਿਰਨ ਹੀ ਹੈ। ਜੋ ਸਤਿਸੰਗ ਵਿਚ ਸੁਣਦੇ ਹੋਂ, ਇਸ ਨੂੰ ਨਾਲ ਦੀ ਨਾਲ ਮਨ ਵਿਚ ਵਸਾਇਆ ਕਰੋਂ। ਫੇਰ ਰੂਹਾਨੀ ਤਰੱਕੀ ਹੋਵੇਗੀ। ਸੋ ਹੁਣ ਇਥੇ ਹੀ ਸਮਾਪਤ ਕਰਦੇ ਹਾਂ।

- ਅਨੰਦ ਸਾਹਿਬ -

- ਗੁਰ ਸਤੋਤਰ -

- ਅਰਦਾਸ -

# ਤਾਂਘਦੇ ਸਾਧਕ

ਸ਼ਾਨ ........................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਧਾਰਨਾ - ਹਰਿ ਦਰਸ਼ਨ ਕੀ ਆਸਾ,*
*ਮੇਰੇ ਮਨ ਹਰਿ ਦਰਸ਼ਨ ਕੀ ਆਸਾ -2, 2.*
*ਹਰਿ ਦਰਸ਼ਨ ਕੀ ਆਸਾ - 2, 2.*
*ਹਰਿ ਦਰਸ਼ਨ ਕੀ ਆਸਾ, ਮੇਰੇ ਮਨ ...-2.*

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥*
*ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥*
*ਉਡਹੁ ਨ ਕਾਗਾ ਕਾਰੇ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥*
*ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥*
*ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥*
*ਪੰਨਾ - 338*

ਸਾਧ ਸੰਗਤ ਜੀ, ਕਾਰੋਬਾਰ ਸੰਕੋਚਦੇ ਹੋਏ ਆਪ ਸਾਰੇ ਹਫਤਾਵਾਰੀ ਦੀਵਾਨ ਵਿਚ ਸ਼ਾਮਲ ਹੋਣ ਵਾਸਤੇ ਗੁਰੂ ਦਰਬਾਰ ਵਿਚ ਪਹੁੰਚੇ ਹੋ। ਬੇਨਤੀ ਕੀਤੀ ਗਈ ਹੈ ਕਿ ਹੇ ਪ੍ਰਭੂ! ਮੇਰੇ ਮਨ ਵਿਚ ਤੇਰੇ ਦਰਸ਼ਨ ਦੀ ਆਸ ਹੈ। ਉਸ ਜਗਿਆਸੂ ਦੀ ਇਹ ਬੇਨਤੀ ਹੋਇਆ ਕਰਦੀ ਹੈ ਜਿਸ ਦੇ ਅੰਦਰ ਪ੍ਰਮੇਸ਼ਰ ਪਿਆਰੇ ਨੂੰ ਮਿਲਣ ਦੀ ਬਹੁਤ ਗਹਿਰੀ ਲਗਨ ਲੱਗੀ ਹੋਵੇ ਅਤੇ ਉਹ ਇਕ ਛਿਨ ਮਾਤਰ ਸਮਾਂ ਵੀ ਉਸ ਦੀ ਯਾਦ ਤੋਂ ਬਿਨਾਂ ਨਾ ਰਹਿ ਸਕਦਾ ਹੋਵੇ ਅਤੇ ਹਰ ਸਮੇਂ ਉਸ ਦੇ ਅੰਦਰ ਆਪਣੇ ਪਿਆਰੇ ਨੂੰ ਮਿਲਣ ਦੀ ਤੀਬਰ ਲੋਚਾ ਬਣੀ ਰਹਿੰਦੀ ਹੋਵੇ। ਜਦੋਂ ਅਸੀਂ ਇਸ ਗੱਲ ਦੀ serious (ਗੰਭੀਰ) ਹੋ ਕੇ ਵਿਚਾਰ ਕਰਦੇ ਹਾਂ ਤਾਂ ਮਹਾਰਾਜ ਜੀ ਦਾ ਇਹ ਫੁਰਮਾਨ ਸਾਹਮਣੇ ਆ ਜਾਂਦਾ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਪੰਨਾ - 12***

ਮਹਾਰਾਜ ਜੀ ਦੱਸਦੇ ਹਨ ਕਿ ਤੇਰੀ ਵਾਰੀ ਆਈ ਹੋਈ ਹੈ, ਤੈਨੂੰ

ਮਨੁੱਖ ਦਾ ਸਰੀਰ ਪ੍ਰਾਪਤ ਹੋਇਆ ਹੈ ਜਿਸ ਨੂੰ ਸਰਬ ਸ੍ਰੇਸ਼ਟ ਜੂਨੀ ਵੀ ਆਖਿਆ ਹੈ, ਚੌਰਾਸੀ ਲੱਖ ਜੂਨੀਆਂ ਵਿਚੋਂ ਸਭ ਤੋਂ ਉਤਮ ਹੈ, ਇਸ ਸਰੀਰ ਵਿਚ ਹੁੰਦੇ ਹੋਏ ਤੂੰ ਗੋਬਿੰਦ ਨੂੰ ਮਿਲਣ ਦਾ ਉਦਮ ਕਰ ਸਕਦਾ ਹੈਂ ਕਿਉਂਕਿ ਵਾਹਿਗੁਰੂ ਜੀ ਨੇ ਤੈਨੂੰ ਹਰ ਚੰਗੀ ਮਾੜੀ ਗੱਲ ਦੀ ਵਿਚਾਰ ਕਰਨ ਦੀ ਸੋਝੀ (ਬੁੱਧੀ) ਬਖਸ਼ੀ ਹੈ ਜੋ ਕਿ ਹੋਰ ਕਿਸੇ ਜੂਨੀ ਵਿਚ ਪ੍ਰਾਪਤ ਨਹੀਂ ਹੋਇਆ ਕਰਦੀ ਪਰ ਗੋਬਿੰਦ ਤਾਂ ਤੇਰੇ ਨੇੜੇ ਤੇੜੇ ਵੀ ਨਹੀਂ ਹੈ। ਵਾਰੀ ਤਾਂ ਤੇਰੀ ਆ ਗਈ ਹੈ, ਇਸ ਵਿਚ ਕੋਈ ਸ਼ੱਕ ਵੀ ਨਹੀਂ, ਪਰ ਪਿਆਰਿਆ! ਸਮਾਂ ਤਾਂ ਤੇਰਾ ਇਕ ਇਕ ਛਿਨ ਕਰਕੇ ਲੰਘਦਾ ਜਾ ਰਿਹਾ ਹੈ। ਤੈਨੂੰ ਇਹ ਵੀ ਪਤਾ ਹੈ ਕਿ ਇਹ ਸਮਾਂ ਕਿਸੇ ਦਾ ਰੋਕਿਆ ਹੋਇਆ ਨਹੀਂ ਰੁਕਦਾ ਪਰ ਪਤਾ ਹੁੰਦੇ ਹੋਏ ਵੀ ਤੂੰ ਕਦੇ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਜਿਹੜਾ ਸਮਾਂ ਲੰਘਦਾ ਜਾ ਰਿਹਾ ਹੈ, ਇਹ ਮੁੜ ਕੇ ਕਦੇ ਵੀ ਹੱਥ ਨਹੀਂ ਆਉਂਦਾ ਤੇ ਫਿਰ ਕੇਵਲ ਪਛਤਾਵਾ ਹੀ ਪੱਲੇ ਰਹਿ ਜਾਵੇਗਾ ਕਿਉਂਕਿ ਪ੍ਰਮੇਸ਼ਰ ਨੇ ਤੇਰੇ ਜਨਮ ਸਮੇਂ ਹੀ ਤੇਰੇ ਸੁਆਸਾਂ ਦੀ ਪੂੰਜੀ ਲਿਖ ਦਿਤੀ ਸੀ ਅਤੇ ਇਹ ਗੱਲ ਤੈਥੋਂ ਗੁਪਤ ਰੱਖੀ ਹੋਈ ਹੈ ਕਿ ਪੂੰਜੀ ਕਦੋਂ ਖਤਮ ਹੋ ਜਾਣੀ ਹੈ। ਇਸ ਲਈ ਜੋ ਸਮਾਂ ਤੇਰੇ ਹੱਥ ਵਿਚ ਹੈ, ਉਸਨੂੰ ਬਿਰਥਾ ਨਾ ਗਵਾ, ਤੇਰੇ ਜੀਵਨ ਦਾ ਸਮਾਂ ਹਰ ਛਿਨ ਘਟਦਾ ਜਾ ਰਿਹਾ ਹੈ। ਮਹਾਰਾਜ ਦਾ ਫੁਰਮਾਨ ਹੈ–

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥***
***ਪੰਨਾ - 692***

ਤੇਰੀਆਂ ਸੰਸਾਰ ਵਿਚ, ਸਬੰਧੀਆਂ ਵਿਚ, ਪਰਿਵਾਰ ਵਿਚ ਪਰਚੇ ਹੋਏ ਦੀਆਂ ਘੜੀਆਂ ਲੰਘ ਜਾਂਦੀਆਂ ਨੇ, ਪਹਿਰ ਲੰਘ ਜਾਂਦੇ ਨੇ, ਦਿਨ ਲੰਘ ਜਾਂਦਾ ਹੈ, ਰਾਤ ਲੰਘ ਜਾਂਦੀ ਹੈ, ਹਫਤਾ ਲੰਘ ਜਾਂਦਾ ਹੈ, ਮਹੀਨੇ, ਸਾਲ ਲੰਘ ਜਾਂਦੇ ਨੇ, ਇਸੇ ਤਰ੍ਹਾਂ 10, 20, 30, 40, 50 ਸਾਲ ਲੰਘ ਗਏ, ਸੰਸਾਰ ਤੋਂ ਜਾਣ ਦਾ ਸਮਾਂ ਵੀ ਨੇੜੇ ਆ ਗਿਆ ਪਰ ਹੋਇਆ ਕੀ ਹੈ? ਜਿਸ ਕੰਮ ਨੂੰ ਕਰਨ ਵਾਸਤੇ ਇਸ ਸੰਸਾਰ ਤੇ ਆਇਆ ਸੀ, ਜਿਸ ਕੰਮ ਵਾਸਤੇ ਇਹ ਸੁੰਦਰ ਸਰੀਰ ਦੀ ਪ੍ਰਾਪਤੀ ਹੋਈ ਸੀ, ਉਹ ਕਰਿਆ ਹੈ ਜਾਂ ਨਹੀਂ?

***ਏ ਸਰੀਰਾ ਮੇਰਿਆ ਇਸ ਜਗ ਮਹਿ ਆਇਕੈ***
***ਕਿਆ ਤੁਧੁ ਕਰਮ ਕਮਾਇਆ॥***
***ਕਿ ਕਰਮ ਕਮਾਇਆ ਤੁਧੁ ਸਰੀਰਾ***
***ਜਾ ਤੂ ਜਗ ਮਹਿ ਆਇਆ॥***
***ਜਿਨਿ ਹਰਿ ਤੇਰਾ ਰਚਨੁ ਰਚਿਆ***
***ਸੋ ਹਰਿ ਮਨਿ ਨ ਵਸਾਇਆ॥*** ***ਪੰਨਾ - 922***

ਐਉਂ ਲਗਦੈ ਕਿ ਉਹ ਕੰਮ ਤਾਂ ਹੋਇਆ ਹੀ ਨਾ, ਉਸ ਕੰਮ ਦੇ ਤਾਂ ਨੇੜੇ ਤੇੜੇ ਵੀ ਨਹੀਂ ਗਿਆ। ਜਿਸ ਵਾਹਿਗੁਰੂ ਨੇ ਤੈਨੂੰ ਕੰਚਨ ਵਰਗੀ

ਦੇਹ ਦੀ ਬਖਸ਼ਿਸ਼ ਕੀਤੀ ਸੀ, ਉਸ ਦੀ ਤਾਂ ਕਦੇ ਤੈਨੂੰ ਯਾਦ ਵੀ ਨਹੀਂ ਆਈ, ਆਪਣੇ ਸਭ ਤੋਂ ਜ਼ਰੂਰੀ ਕਰਨ ਵਾਲੇ ਪਵਿੱਤ੍ਰ ਕੰਮ ਨੂੰ ਹੀ ਭੁੱਲ ਗਿਆ। ਪਰ ਜੋ ਉਤਮ ਜਗਿਆਸੂ ਹੁੰਦਾ ਹੈ, ਜਿਸਦੇ ਅੰਦਰ ਲਗਨ ਲਗ ਜਾਂਦੀ ਹੈ, ਉਸਦੇ ਖਿਆਲ ਹੋਰ ਹੁੰਦੇ ਹਨ, ਉਸਦੇ ਅੰਦਰ ਹਰ ਸਮੇਂ ਪ੍ਰਭੂ ਦੇ ਦਰਸ਼ਨਾਂ ਦੀ ਲੋਚਾ ਲੱਗੀ ਰਹਿੰਦੀ ਹੈ, ਪਿਆਰੇ ਦੇ ਦਰਸ਼ਨਾਂ ਦੀ ਆਸ ਵਿਚ ਲੀਨ ਰਹਿੰਦਾ ਹੈ –

ਦੂਰ ਪੂਰਬ ਵਿਚ ਜਿਥੇ ਬਰ੍ਹਮਾ ਦੀ ਹੱਦ ਹੈ, ਜੋ ਭਾਰਤ ਵਰਸ਼ ਨਾਲ ਲਗਦੀ ਹੈ ਬੰਗਾਲ ਤੋਂ ਅੱਗੇ ਬਰ੍ਹਮਾ ਦੇ ਵਿਚਾਲੇ, ਉਨ੍ਹਾਂ ਤੋਂ ਵੀ ਹੇਠਾਂ ਲੰਘ ਕੇ ਇਕ ਸੋਨ ਦੇਸ਼ ਹੈ ਜਿਥੇ ਸੋਨੇ ਦੇ ਰੰਗ ਵਾਲੀ ਮਿੱਟੀ ਹੈ। ਉਥੇ ਹੋਰ ਵੀ 16–17 ਬਹੁਤ ਛੋਟੇ–ਛੋਟੇ ਟਾਪੂ ਨੇ, ਹਰ ਟਾਪੂ ਤੇ ਇਕ ਵੱਖਰਾ ਰਾਜਾ ਰਾਜ ਕਰਦਾ ਸੀ। ਉਸ ਟਾਪੂ ਵਿਚ ਦੋ ਜਗਿਆਸੂ ਅੰਮ੍ਰਿਤ ਵੇਲੇ ਉਠ ਕੇ ਸੌਚ ਇਸ਼ਨਾਨ ਕਰਕੇ ਬੈਠੇ ਨੇ, ਧਿਆਨ ਪ੍ਰਭੂ ਚਰਨਾਂ ਵਿਚ ਜੋੜਨ ਦੀ ਕੋਸ਼ਿਸ਼ ਕਰਦੇ ਨੇ ਲੇਕਿਨ ਕੁਝ ਵੀ ਨਜ਼ਰ ਨਹੀਂ ਆ ਰਿਹਾ। ਇਕ ਭਗਤੀ ਮਾਰਗ ਦੇ ਵਿਚ ਹੈ ਤੇ ਦੂਸਰਾ ਗਿਆਨ ਮਾਰਗ ਤੇ ਚੱਲ ਰਿਹਾ ਹੈ, ਨਾਂ ਤਾਂ ਗਿਆਨ ਮਾਰਗ ਵਾਲੇ ਨੂੰ ਕੋਈ ਰਸ ਆ ਰਿਹਾ ਹੈ ਅਤੇ ਨਾ ਹੀ ਭਗਤੀ ਮਾਰਗ ਵਾਲੇ ਨੂੰ ਕੋਈ ਪ੍ਰਾਪਤੀ ਹੋ ਰਹੀ ਹੈ। ਦਿਨ ਚੜ੍ਹ ਗਿਆ, ਜਾਪ ਤੋਂ ਵਿਹਲੇ ਹੋ ਕੇ ਆਪਸ ਵਿਚ ਬਚਨ ਕਰ ਰਹੇ ਨੇ, ਇਕ ਦਾ ਨਾਂ ਭਾਈ ਝੰਡਾ ਹੈ ਅਤੇ ਦੂਸਰੇ ਦਾ ਨਾਂ ਇੰਦਰਸੈਨ ਹੈ। ਭਾਈ ਇੰਦਰਸੈਨ ਕਹਿਣ ਲੱਗਿਆ ਕਿ ਆਪਾਂ ਨੂੰ ਕਿੰਨੇ ਸਾਲ ਹੋ ਗਏ ਇਸ ਮਾਰਗ ਤੇ ਚੱਲਿਆਂ ਨੂੰ, ਕਈ ਵਾਰੀ ਤਾਂ ਹਫਤਾ ਹਫਤਾ ਅੱਖਾਂ ਵਿਚੋਂ ਵੈਰਾਗ ਦੇ ਹੰਝੂ ਨਹੀਂ ਸੁੱਕਦੇ ਪਰ ਅਜੇ ਤੱਕ ਬਣਿਆ ਤਾਂ ਕੁਝ ਵੀ ਨਹੀਂ। ਉਹੀ ਫਿਕਰ, ਉਹੀ ਚਿੰਤਾ, ਓਹੀ ਹਾਲਤ ਹੈ ਜਿਸ ਤਰ੍ਹਾਂ ਦੀ ਬਹੁਤ ਸਮਾਂ ਪਹਿਲਾਂ ਸੀ। ਕੋਈ ਧਰਵਾਸ ਨਹੀਂ ਆਇਆ, ਕੋਈ ਤਰੱਕੀ ਹੁੰਦੀ ਨਜ਼ਰ ਨਹੀਂ ਆ ਰਹੀ। ਸਾਰੇ ਸਾਧਨ ਕਰਕੇ ਦੇਖ ਲਏ ਪਰ ਕੁਝ ਨਹੀਂ ਬਣਿਆ। ਭਾਈ ਝੰਡਾ ਕਹਿਣ ਲੱਗਿਆ ਕਿ ਭਾਈ ਇੰਦਰਸੈਨ! ਏਹੋ ਹਾਲ ਮੇਰਾ ਹੈ ਜੋ ਤੁਸੀਂ ਆਪਣੇ ਬਾਰੇ ਦੱਸਿਆ ਹੈ। ਝੌਲੇ ਤਾਂ ਪੈਂਦੇ ਨੇ ਪਰ ਦਰਸ਼ਨ ਨਹੀਂ ਹੋ ਰਹੇ, ਮਨ ਟਿਕਾਉ ਵਿਚ ਨਹੀਂ ਆ ਰਿਹਾ, ਡੋਬ ਪੈਂਦੇ ਨੇ, ਖਿੱਚ ਪੈਂਦੀ ਹੈ ਹਿਰਦੇ ਦੇ ਅੰਦਰ, ਪਰ ਮਨ ਵਿਚ ਅਫਸੋਸ ਵੀ ਹੋ ਰਿਹਾ ਹੈ ਕਿ ਅਜੇ ਤੱਕ ਕੋਈ ਪੂਰਾ ਨਹੀਂ ਮਿਲਿਆ ਜੋ ਰਸਤੇ ਪਾ ਦੇਵੇ ਅਤੇ ਥੋੜੀ ਘਾਲਣਾ ਨਾਲ ਵੱਡੀ ਪ੍ਰਾਪਤੀ ਕਰਾ ਦੇਵੇ। ਬਥੇਰੇ ਸਾਧੂਆਂ ਕੋਲ ਗਏ, ਜੋਗੀਆਂ ਕੋਲ ਵੀ ਗਏ ਪ੍ਰੰਤੂ ਆਪਾਂ ਜਿਸ ਵਸਤੂ ਦੀ ਭਾਲ ਵਿਚ ਹਾਂ ਉਸ ਦੀ ਪ੍ਰਾਪਤੀ ਨਹੀਂ ਹੋ ਰਹੀ। ਕਈ ਵਾਰ ਮਨ ਵਿਚ ਉਦਾਸੀ ਵੀ ਆ ਜਾਂਦੀ ਹੈ ਕਿ ਪਤਾ ਨਹੀਂ ਸਾਡੇ ਭਾਗਾਂ ਵਿਚ ਹੈ ਵੀ ਕਿ ਨਹੀਂ। ਇਸ ਤਰ੍ਹਾਂ ਜਾਪਦਾ ਹੈ ਕਿ ਸਾਧੂਆਂ ਦਾ ਕਾਲ ਪੈ ਗਿਆ ਹੈ। ਤਾਂਤਰਿਕ ਬਹੁਤ ਜ਼ਿਆਦਾ ਵਧ ਗਏ ਹਨ ਜੋ ਲੋਕਾਂ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਨੂੰ ਤਾਂ ਆਪ ਨੂੰ ਹੀ ਇਸ ਰਸਤੇ ਦੀ ਸੋਝੀ ਨਹੀਂ ਹੈ, ਹਜ਼ਾਰਾਂ ਕੋਹਾਂ ਦੂਰ ਹਨ੍ਹੇਰੇ ਵਿਚ ਫਿਰ ਰਹੇ ਨੇ, ਆਪ ਵੀ ਧੋਖਾ ਖਾ ਰਹੇ ਹਨ ਅਤੇ ਲੋਕਾਂ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਨੂੰ ਇਸ ਗੱਲ

ਦਾ ਕਦੇ ਖਿਆਲ ਵੀ ਨਹੀਂ ਆਇਆ ਹੋਣਾ ਕਿ ਇਸਦਾ ਨਤੀਜਾ ਕੀ ਹੋਵੇਗਾ। ਦੇਖੋ, ਇਸ ਟਾਪੂ ਦੇ ਰਾਜਾ ਸੁਧਰਸੈਨ ਤੁਹਾਡੇ ਮਾਮਾ ਜੀ ਹਨ, ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਹੈ। ਕਿੰਨੇ ਮਹੀਨੇ ਤੋਂ ਉਨ੍ਹਾਂ ਦੇ ਕੋਲ ਇਕ ਤਾਂਤਰੀ ਆਇਆ ਹੋਇਆ ਹੈ ਜੋ ਇਹ ਕਹਿ ਰਿਹਾ ਹੈ ਕਿ ਮੈਂ ਜਾਪ ਕਰਕੇ, ਜੱਗ ਕਰਕੇ ਤੁਹਾਡੇ ਘਰ ਔਲਾਦ ਪੈਦਾ ਕਰ ਦੇਵਾਂਗਾ। ਤੁਹਾਡੇ ਮਾਮਾ ਜੀ ਕਰਕੇ ਸਾਰੇ ਵਜ਼ੀਰ ਉਥੇ ਜਾਣ ਲੱਗ ਪਏ, ਸਾਰੇ ਜਰਨੈਲ ਉਥੇ ਜਾਣ ਲੱਗ ਪਏ, ਸਾਰੀ ਪਰਜਾ ਜਾਣ ਲਗ ਪਈ। ਆਪਾਂ ਤਾਂ ਦੋਨੋਂ ਇਹ ਜਾਣਦੇ ਹਾਂ ਕਿ ਉਹ ਰੂਹਾਨੀਅਤ ਤੋਂ ਬਿਲਕੁਲ ਕੋਰਾ ਹੈ, ਕੌਡੀ ਜਿੰਨਾਂ ਵੀ ਉਸਨੂੰ ਗਿਆਨ ਨਹੀਂ ਹੈ, ਆਪਾਂ ਦੇਖ ਰਹੇ ਹਾਂ ਕਿ ਕਿੰਨੀਆਂ ਗਲਤ ਗੱਲਾਂ ਹੋ ਰਹੀਆਂ ਹਨ। ਆਪਣੀ ਕਿਤਨੀ ਉਮਰ ਲੰਘ ਗਈ ਹੈ, ਸੰਸਾਰ ਤੋਂ ਜਾਣ ਵਾਸਤੇ ਨਿਸ਼ਾਨੀਆਂ ਭੀ ਸਰੀਰ ਵਿਚ ਪ੍ਰਤੱਖ ਦਿਸ ਰਹੀਆਂ ਹਨ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਜਦੋਂ ਕੰਨਾਂ ਦੇ ਕੋਲ ਚਿੱਟਾ ਵਾਲ (ਧੌਲਾ) ਆ ਜਾਵੇ ਤਾਂ ਇਹ ਇਸ ਸੰਸਾਰ ਤੋਂ ਵਾਪਸੀ ਦਾ ਬੁਲਾਵਾ ਹੋਇਆ ਕਰਦਾ ਹੈ। ਜੇ ਤਾਂ ਮਨੁੱਖ ਕੁਝ ਸਮਝ ਰਖਦਾ ਹੈ ਤਾਂ ਉਸਨੂੰ ਫਿਕਰ ਲਗ ਜਾਂਦਾ ਹੈ ਕਿ ਮੇਰਾ ਤਾਂ ਸਮਾਂ ਬਿਅਰਥ ਹੀ ਲੰਘਦਾ ਜਾ ਰਿਹਾ ਹੈ ਅਤੇ ਅਉਧ ਇਕ ਇਕ ਛਿਨ ਕਰਕੇ ਘਟਦੀ ਜਾ ਰਹੀ ਹੈ। ਬਾਣੀ ਵਿਚ ਫੁਰਮਾਨ ਹੈ -

***ਧਾਰਨਾ - ਤੇਰਾ ਅੱਗਾ ਨੇੜੇ ਆਇਆ***
***ਪਿਛਾ ਦੂਰ ਰਹਿ ਗਿਆ -2, 2.***
***ਪਿਛਾ ਦੂਰ ਰਹਿ ਗਿਆ -4, 2.***
***ਤੇਰਾ ਅੱਗਾ ਨੇੜੇ ਆਇਆ,............-2.***

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥ ਪੰਨਾ - 1378***

ਦਾੜ੍ਹੀ ਦਾ ਰੰਗ ਚਿੱਟਾ ਹੋਣਾ ਸ਼ੁਰੂ ਹੋ ਗਿਆ। ਅੱਧੀ ਦੇ ਨੇੜੇ ਤੇੜੇ ਉਮਰ ਲੰਘ ਚੁੱਕੀ ਹੈ, ਜਿਹੜੀ ਬਾਕੀ ਰਹਿੰਦੀ ਹੈ, ਉਸਦਾ ਵਿਸ਼ਵਾਸ ਕੋਈ ਨਹੀਂ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਵੇ ਕਿਉਂਕਿ ਜੀਵ ਦਾ ਜਨਮ ਤੋਂ ਹੀ ਹਰ ਕਦਮ ਮੌਤ ਵੱਲ ਨੂੰ ਵਧਦਾ ਜਾਂਦਾ ਹੈ। ਜੀਵ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਉਸਦੇ ਸੁਆਸਾਂ ਦੀ ਗਿਣਤੀ ਲਿਖ ਦਿਤੀ ਜਾਂਦੀ ਹੈ। ਜਿਤਨੇ ਸੁਆਸ ਲੈ ਰਿਹਾ ਹੈ, ਉਸ ਨਿਸ਼ਚਿਤ ਕੀਤੀ ਹੋਈ ਗਿਣਤੀ ਵਿਚੋਂ ਘਟਦੇ ਜਾਂਦੇ ਨੇ ਅਤੇ ਅਖੀਰ ਇਕ ਦਿਨ ਐਸਾ ਆ ਜਾਂਦਾ ਹੈ ਜਦੋਂ ਇਸ ਨੇ ਸੰਸਾਰ ਤੋਂ ਚਲੇ ਜਾਣਾ ਹੈ। ਆਪਾਂ ਕਾਰੋਬਾਰਾਂ ਦੇ ਵਿਚ ਮਸਤ ਹਾਂ ਜਿਸ ਦਾ ਪ੍ਰਮੇਸ਼ਰ ਦੇ ਦਰ ਤੇ ਇਕ ਕੌਡੀ ਜਿੰਨਾ ਵੀ ਮੁੱਲ ਨਹੀਂ ਪੈਂਦਾ। ਗੁਰੂ ਮਹਾਰਾਜ ਐਸਾ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੂੰ ਵਕਤ ਨੂੰ ਸੰਭਾਲ ਲੈ। ਇਹ ਹੱਥਾਂ ਵਿਚੋਂ ਲੰਘਦਾ ਤੁਰਿਆ ਜਾ ਰਿਹਾ ਹੈ। ਲੰਘਿਆ ਹੋਇਆ ਸਮਾਂ ਮੁੜ ਕੇ ਕਦੇ ਹੱਥ ਨਹੀਂ ਆਉਂਦਾ ਕਿਉਂਕਿ 'ਇਹ ਠਹਿਰਨ

ਜਾਚ ਨਾ ਜਾਣਦਾ, ਲੰਘ ਗਿਆ ਨਾ ਮੁੜ ਕੇ ਆਂਵਦਾ।' ਗੁਰੂ ਮਹਾਰਾਜ ਜੀ ਵੀ ਇਸ ਬਾਰੇ ਇਸ ਤਰ੍ਹਾਂ ਸਮਝਾਉਂਦੇ ਹਨ; ਸਾਰੇ ਪਿਆਰ ਨਾਲ ਪੜ੍ਹੋ-

*ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,*
*ਚੋਗਾ ਚੁਗਦੇ ਦੇ-2, 2.*
*ਮੇਰੇ ਪਿਆਰੇ, ਚੋਗਾ ਚੁਗਦੇ ਦੇ -2, 2.*
*ਤੇਰੇ ਕਾਲ ਨੇ ਗੁਲੇਲਾ ਮਾਰਨੈ, ........-2.*

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*

*ਪੰਨਾ - 631*

ਭਾਈ ਇੰਦਰਸੈਨ! ਸਮਾਂ ਲੰਘਦਾ ਜਾ ਰਿਹਾ ਹੈ। ਯਾਦ ਹੈ ਆਪਾਂ ਨੂੰ ਕਿੰਨਾ ਸਮਾਂ ਹੋ ਗਿਆ ਭਜਨ ਕਰਦਿਆਂ ਨੂੰ? ਪਹਿਲਾਂ ਯੋਗ ਸਾਧਨਾ ਸਾਧੀ, ਉਥੇ ਕੁਝ ਨਹੀਂ ਬਣਿਆ; ਹਠ ਯੋਗ ਕਰਕੇ ਦੇਖਿਆ, ਉਥੇ ਵੀ ਕੁਝ ਨਾ ਬਣਿਆ; ਤੀਰਥ ਯਾਤਰਾ ਕਰਕੇ ਦੇਖ ਲਈ, ਮਨ ਨੂੰ ਸ਼ਾਂਤੀ ਨ ਆਈ; ਦਾਨ ਪੁੰਨ ਵੀ ਕਰਕੇ ਦੇਖ ਲਏ, ਉਸ ਨਾਲ ਵੀ ਕੋਈ ਪ੍ਰਾਪਤੀ ਨਹੀਂ ਹੋਈ; ਵੇਦ ਸਾਸ਼ਤਰ ਵੀ ਪੜ੍ਹ ਕੇ ਦੇਖ ਲਏ, ਮਨ ਦਾ ਅੰਧੇਰਾ ਦੂਰ ਨਾ ਹੋਇਆ; ਪਿਆਰਿਆ! ਮੈਨੂੰ ਤਾਂ ਇਉਂ ਲਗਦਾ ਹੈ ਕਿ ਆਪਾਂ ਨੂੰ ਕੋਈ ਪੂਰਾ ਨਹੀਂ ਮਿਲਿਆ, ਪਵਿਤ੍ਰ ਗੁਪਤ ਰਾਹ ਦਾ ਭੇਤੀ ਨਹੀਂ ਮਿਲਿਆ ਜਿਸ ਕਰਕੇ ਆਪਾਂ ਭਟਕਦੇ ਫਿਰਦੇ ਹਾਂ। ਇੰਦਰਸੈਨ ਕਹਿਣ ਲੱਗਾ, ਭਾਈ ਝੰਡਿਆ! ਆਪਾਂ ਨਿਰੰਕਾਰ ਦੀ ਆਸਾ ਕਰਦੇ ਹਾਂ, ਨਿਰੰਕਾਰ ਸਰਬ ਕਲਾਂ ਸਮਰੱਥ ਹੈ, ਘਟ-ਘਟ ਦੀ ਜਾਣਦਾ ਹੈ, ਉਸ ਤੋਂ ਕੋਈ ਚੀਜ਼ ਲੁਕੀ ਨਹੀਂ ਹੋਈ। ਉਹ ਆਪਣੀ ਪੁਕਾਰ ਜ਼ਰੂਰ ਸੁਣੇਗਾ, ਜ਼ਰੂਰ ਕਿਸੇ ਪੂਰੇ ਦਾ ਮੇਲ ਕਰਾਏਗਾ ਕਿਉਂਕਿ ਆਪਾਂ ਕੁਝ ਹੋਰ ਮੰਗਦੇ ਹੀ ਨਹੀਂ। ਹਰ ਸਮੇਂ ਉਸ ਦੇ ਦਰਸ਼ਨਾਂ ਵਿਚ ਆਪਣਾ ਸਮਾਂ ਬਤੀਤ ਕਰਦੇ ਹਾਂ। ਆਸ ਵਿਚ ਰਹਿੰਦੇ ਹਾਂ, ਲੋਚਾ ਲੱਗੀ ਰਹਿਣੀ ਭੀ ਪ੍ਰਭੂ ਮਿਹਰ ਦੀ ਹੀ ਸੂਚਕ ਹੈ। ਇਸ ਤੋਂ ਬਿਨਾਂ ਮਨ ਵਿਚ ਹੋਰ ਕੋਈ ਲੋਚਾ ਹੀ ਨਹੀਂ ਹੈ। ਬੱਸ ਇਤਨਾ ਹੀ ਹੈ ਕਿ ਏਸ ਜਨਮ ਵਿਚ ਪ੍ਰਭੂ ਦੇ ਦਰਸ਼ਨ ਹੋ ਜਾਣ। ਪਰ ਮੈਂ ਤੈਨੂੰ ਇਕ ਖੁਸ਼ਖਬਰੀ ਦੇਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਭਾਰਤ ਵਰਸ਼ ਵਿਚ ਇਕ ਬਹੁਤ ਵੱਡਾ ਮਹਾਂਪੁਰਸ਼ ਪ੍ਰਗਟ ਹੋਇਆ ਹੈ। ਉਡਦੀਆਂ-ਉਡਦੀਆਂ ਗੱਲਾਂ ਐਥੇ ਆ ਜਾਂਦੀਆਂ ਨੇ।

ਰਾਜਾ ਜੀ ਕੋਲ ਬਹੁਤ ਸਾਧੂ ਆਉਂਦੇ ਨੇ, ਸਾਧੂਆਂ ਦਾ ਉਹ ਸਤਿਕਾਰ ਕਰਦਾ ਹੈ, ਮੈਂ ਵੀ ਜਾ ਕੇ ਉਸਦੀ ਸੰਗਤ ਕਰਦਾ ਹਾਂ। ਉਥੇ ਉਹ ਇਕ ਵੱਡੇ ਮਹਾਂਪੁਰਸ਼ ਦੀਆਂ ਬਹੁਤ ਗੱਲਾਂ ਕਰਦੇ ਨੇ ਕਿ ਸੰਸਾਰ ਨੂੰ ਤਾਰਨ ਵਾਲਾ ਪ੍ਰਗਟ ਹੋ ਗਿਆ ਹੈ। ਉਹਦਾ ਕੋਈ ਆਪਣਾ ਪੱਕਾ ਟਿਕਾਣਾ ਨਹੀਂ ਹੈ ਜਿਥੇ ਉਹ ਇਕ ਜਗਾ ਬੈਠੇ। ਉਹ ਤਾਂ ਜਿਥੇ ਕੋਈ ਫਸਿਆ ਹੋਇਆ ਹੈ, ਜਿਥੇ ਕੋਈ ਰੁਕਿਆ ਹੋਇਆ ਹੈ, ਉਥੇ ਆਪ ਜਾ ਕੇ ਉਸ

ਨੂੰ ਰਸਤਾ ਦਿਖਾਉਂਦਾ ਹੈ ਤੇ ਉਸਨੂੰ ਨਿਰੰਕਾਰ ਦੇ ਲੜ ਲਾਉਂਦਾ ਹੈ। ਵੱਡੇ-ਵੱਡੇ ਕਾਫਰਾਂ ਨੂੰ, ਵੱਡੇ-ਵੱਡੇ ਪਾਖੰਡੀਆਂ ਨੂੰ ਉਹਨੇ ਸੱਚ ਦਾ ਰਾਹ ਦਿਖਾ ਦਿਤਾ।

ਆਪਣੇ ਨੇੜੇ ਹੀ ਆਸਾਮ ਵਿਚ ਇਕ ਭੂਮੀਆ ਨਾਂ ਦਾ ਜਿਮੀਦਾਰ ਰਹਿੰਦਾ ਸੀ, ਡਾਕੇ ਮਾਰਦਾ ਸੀ ਅਤੇ ਉਸ ਤੋਂ ਪ੍ਰਾਪਤ ਹੋਏ ਧਨ ਵਿਚੋਂ ਦਾਨ ਪੁੰਨ ਕਰਦਾ ਸੀ। ਉਸਨੂੰ ਬੜੇ ਸਿਧੇ ਜਿਹੇ ਢੰਗ ਨਾਲ ਉਸਨੇ ਸਮਝਾਇਆ ਕਿ ਭੂਮੀਆਂ! ਪਾਪ ਨੂੰ ਕਦੇ ਵੀ ਪੁੰਨ ਦਾ ਫਲ ਨਹੀਂ ਲੱਗਿਆ ਕਰਦਾ; ਪਾਪ ਨੂੰ ਹਮੇਸ਼ਾ ਪਾਪ ਦਾ ਹੀ ਫਲ ਲਗਦਾ ਹੈ ਅਤੇ ਪੁੰਨ ਨੂੰ ਪੁੰਨ ਦਾ ਫੱਲ ਲੱਗਿਆ ਕਰਦਾ ਹੈ। ਕਹਿਣ ਲੱਗਿਆ, ਭੂਮੀਆਂ! ਤੂੰ ਜ਼ਿਮੀਦਾਰ ਹੈਂ। ਤੂੰ ਇਹ ਦੱਸ ਕਿ ਤੈਨੂੰ ਕਦੇ ਕਿੱਕਰਾਂ ਦੇ ਬੀਜ ਬੀਜ ਕੇ ਅੰਗੂਰ ਮਿਲੇ ਨੇ? ਜੇ ਕਦੇ ਕਿਸੇ ਨੇ ਕਿੱਕਰਾਂ ਦੇ ਬੀਜ ਬੀਜੇ ਨੇ ਜੋ ਕਿ ਬਹੁਤ ਸੁੰਦਰ ਹੁੰਦੇ ਨੇ, ਗੋਲ ਹੁੰਦੇ ਨੇ, ਖ਼ੂਬਸੂਰਤ ਹੁੰਦੇ ਨੇ ਪਰ ਉਹਦੇ ਪੇਟ ਵਿਚ ਤਾਂ ਸਾਰੇ ਕੰਡੇ ਹੀ ਕੰਡੇ ਲੁਕੇ ਹੋਏ ਨੇ, ਉਥੇ ਕਿਸਾਨ ਅੰਗੂਰਾਂ ਦੇ ਫਲ ਦੀ ਆਸ ਕਿਥੋਂ ਕਰ ਸਕਦਾ ਹੈ। ਉਹਨੂੰ ਤਾਂ ਕਿਕਰਾਂ ਹੀ ਵੱਢਣੀਆਂ ਪੈਣਗੀਆਂ, ਵਢਦੇ ਸਮੇਂ ਕੰਡਿਆਂ ਦਾ ਦੁਖ ਵੀ ਸਹਿਨ ਕਰਨਾ ਪਵੇਗਾ। ਦੂਜੇ ਪਾਸੇ ਜੇਕਰ ਅੰਗੂਰਾਂ ਦਾ ਬੀਜ ਬੀਜਿਆ ਜਾਂਦਾ ਹੈ ਜਿਸਦਾ ਰੰਗ ਕਾਲਾ ਹੁੰਦਾ ਹੈ, ਵੇਖਣ ਨੂੰ ਬਹੁਤਾ ਸੁੰਦਰ ਨਹੀਂ ਲਗਦਾ ਪਰੰਤੂ ਉਸ ਦਾ ਫਲ ਮਿੱਠਾ ਹੁੰਦਾ ਹੈ। ਸੋ ਜਿਹੜਾ ਬੀਜ ਬੀਜੇਂਗਾ, ਉਸੇ ਦਾ ਹੀ ਫਲ ਪ੍ਰਾਪਤ ਹੋਵੇਗਾ, ਉਸੇ ਦੀ ਹੀ ਫਸਲ ਕੱਟੇਂਗਾ। ਜੇ ਵਧੀਆ ਬੀਜ ਬੀਜੇਂਗਾ ਤਾਂ ਉਸਦਾ ਫਲ ਵੀ ਮਿੱਠਾ ਹੋਵੇਗਾ ਅਤੇ ਸੁਖ ਦੇਣ ਵਾਲਾ ਹੋਵੇਗਾ। ਜੇਕਰ ਕਿੱਕਰਾਂ ਦੇ ਬੀਜ ਬੀਜ ਲਏ ਜਿਸ ਤੋਂ ਸੁਖ ਦੀ ਆਸ ਕਰਦਾ ਸੀ - ਸੁੰਦਰ ਦੇਖ ਕੇ, ਪਰ ਉਸਦਾ ਫਲ ਕੱਟਣ ਸਮੇਂ ਦੁਖ ਉਠਾਉਣਾ ਪਏਗਾ। ਪਰ ਫੇਰ ਵੀ ਪਿਆਰਿਆ ਤੂੰ ਇਹ ਦੱਸ ਕਿ ਜਿਹੜੇ ਤੂੰ ਡਾਕੇ ਮਾਰਦਾ ਹੈਂ, ਧਾੜੇ ਮਾਰਦਾ ਹੈਂ, ਕਦੇ ਮੁਕਾਬਲਾ ਕਰਦਿਆਂ, ਖੋਹ ਖਿੰਝ ਕਰਦਿਆਂ ਕਿਸੇ ਦੇ ਸੱਟ ਚੋਟ ਵੀ ਲਗਦੀ ਹੋਵੇਗੀ, ਕਦੇ ਬੰਦਾ ਵੀ ਮਰ ਜਾਂਦਾ ਹੋਵੇਗਾ, ਕੋਈ ਚੀਖ ਪੁਕਾਰ ਕਰਦਾ ਹੋਵੇਗਾ, ਕੋਈ ਤੇਰੀਆਂ ਮਿੰਨਤਾਂ ਵੀ ਕਰਦਾ ਹੋਵੇਗਾ ਕਿ ਮੇਰਾ ਧਨ ਨਾ ਖੋਹ, ਮੇਰੀ ਤਾਂ ਇਹ ਸਾਲ ਭਰ ਦੀ ਕਮਾਈ ਹੈ, ਮੇਰੇ ਬੱਚੇ ਭੁੱਖੇ ਮਰ ਜਾਣਗੇ, ਇਸ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਰਾ ਨਹੀਂ ਹੈ, ਏਸੇ ਦੇ ਨਾਲ ਮੈਂ ਦੋ ਵੇਲੇ ਪਰਿਵਾਰ ਦਾ ਪੇਟ ਪਾਲਦਾ ਹਾਂ, ਬੱਚੇ ਮੇਰੇ ਛੋਟੇ ਛੋਟੇ ਹਨ, ਇਸ ਸਾਰੇ ਹਾਲਾਤ ਨੂੰ ਤੂੰ ਆਪਣੀਆਂ ਅੱਖਾਂ ਨਾਲ ਦੇਖਦਾ ਹੋਵੇਂਗਾ, ਉਨ੍ਹਾਂ ਦੇ ਤਰਲੇ ਆਪਣੇ ਕੰਨਾ ਨਾਲ ਸੁਣਦਾ ਹੋਵੇਂਗਾ। ਕਹਿੰਦਾ, ਹਾਂ ਮਹਾਰਾਜ ਜੀ, ਇਹ ਤਾਂ ਤੁਹਾਡੀ ਗੱਲ ਠੀਕ ਹੈ। ਕਹਿੰਦੇ, ਫੇਰ ਪਿਆਰਿਆ ਤੂੰ ਇਹ ਸੋਚ ਕਿ ਉਹ ਤਾਂ ਤੈਨੂੰ ਬਦ-ਦੁਆਵਾਂ ਹੀ ਦੇਂਦੇ ਹੋਣਗੇ ਨਾ! ਉਨ੍ਹਾਂ ਹਿਰਦਿਆਂ ਵਿਚੋਂ ਤੇਰੇ ਵਾਸਤੇ ਦੁਆਵਾਂ, ਅਸੀਸਾਂ ਕਿਵੇਂ ਨਿਕਲ ਸਕਦੀਆਂ ਹਨ। ਤੂੰ ਇਹ ਵੀ ਦੱਸ ਕਿ ਬਦ-ਦੁਆਵਾਂ ਨੂੰ ਕਦੇ ਦੁਆ ਲਗਦੀ ਹੈ? ਬਦ-ਦੁਆਵਾਂ ਪੁੰਨ ਕਿਵੇਂ ਬਣ ਸਕਦੀਆਂ ਹਨ? ਇਕ ਗੱਲ ਤਾਂ ਤੇਰੀ ਬਹੁਤ ਚੰਗੀ ਹੈ ਕਿ ਤੂੰ ਆਏ ਸਾਧੂਆਂ ਦੀ ਸੇਵਾ ਕਰਦਾ ਹੈਂ, ਉਨ੍ਹਾਂ ਨੂੰ ਅੰਨ ਬਸਤ੍ਰ ਦਿੰਦਾ ਹੈਂ, ਲੰਗਰ ਚਲਾਉਂਦਾ ਹੈਂ, ਹੋਰ ਅਨੇਕਾਂ ਪਰਉਪਕਾਰ ਦੇ ਕੰਮ ਕਰਦਾ ਹੈਂ ਪਰ ਪਿਆਰਿਆ! ਤੂੰ ਇਹ ਦੱਸ ਕਿ ਕੀ ਇਹ ਸਾਰਾ ਕੀਤਾ ਹੋਇਆ ਦਾਨ-ਪੁੰਨ,

ਪਰਉਪਕਾਰ ਪੁੰਨ ਬਣ ਸਕਦਾ ਹੈ? ਤੂੰ ਤਾਂ ਇਹ ਲੋਕਾਂ ਤੋਂ ਧੱਕੇ ਨਾਲ ਖੋਹਿਆ ਹੋਇਆ ਹੈ, ਲੁੱਟ-ਮਾਰ ਕੀਤੀ ਹੋਈ ਹੈ, ਗਰੀਬਾਂ ਦਾ ਖ਼ੂਨ ਨਿਚੋੜਿਆ ਹੋਇਆ ਹੈ, ਇਹਦੇ ਵਿਚ ਉਨ੍ਹਾਂ ਦੀਆਂ ਆਹਾਂ ਭਰੀਆਂ ਹੋਈਆਂ ਹਨ। ਉਨ੍ਹਾਂ ਨੇ ਤੈਨੂੰ ਇਹ ਸਭ ਕੁਝ ਖੁਸ਼ੀ ਨਾਲ ਤਾਂ ਨਹੀਂ ਨਾ ਦਿਤਾ! ਇਹ ਤਾਂ ਤੂੰ ਉਨ੍ਹਾਂ ਦੀ ਰੋਜ਼ੀ-ਰੋਟੀ ਤੇ ਡਾਕਾ ਮਾਰ ਕੇ ਇਕੱਠਾ ਕੀਤਾ ਹੋਇਆ ਹੈ। ਸੋ ਇਸਨੇ ਤੈਨੂੰ ਕਦੇ ਪੁੰਨ ਫਲ ਨਹੀਂ ਦੇਣਾ ਜਿਹੜਾ ਤੈਨੂੰ ਸੁਖ ਦੇਵੇਗਾ। ਭਾਈ ਝੰਡਿਆ, ਮੈਨੂੰ ਇਸ ਤਰ੍ਹਾਂ ਪਤਾ ਲੱਗਾ ਹੈ ਕਿ ਉਨ੍ਹਾਂ ਮਹਾਂਪੁਰਸ਼ਾਂ ਨੇ ਸਿੱਧੀਆਂ ਸਾਦੀਆਂ ਗੱਲਾਂ ਹੀ ਕੀਤੀਆਂ ਤੇ ਉਹ ਕਠੋਰ ਦਿਲ ਭੂਮੀਆਂ ਚਰਨਾਂ ਤੇ ਢਹਿ ਪਿਆ ਤੇ ਉਨ੍ਹਾਂ ਦੇ ਬਚਨਾਂ ਨੂੰ ਮੰਨਦੇ ਹੋਏ ਲੁੱਟ ਦਾ ਸਾਰਾ ਧਨ-ਮਾਲ ਲੁਟਾ ਦਿਤਾ, ਲੋਕਾਂ ਵਿਚ ਵੰਡ ਦਿਤਾ, ਜਿਹੜਾ ਉਸਨੂੰ ਯਾਦ ਸੀ, ਉਨ੍ਹਾਂ ਲੋਕਾਂ ਨੂੰ ਵਾਪਸ ਕਰ ਦਿਤਾ। ਉਨ੍ਹਾਂ ਨੇ ਬਹੁਤ ਸਿੱਧੇ ਜਿਹੇ ਤਰੀਕੇ ਨਾਲ ਉਸਨੂੰ ਚੋਰੀ ਕਰਨ ਤੋਂ ਹਟਾ ਦਿਤਾ ਕਿ ਤੂੰ ਗਰੀਬ ਦੇ ਚੋਰੀ ਨਾਂ ਕਰੀਂ, ਸੱਚ ਬੋਲੀਂ, ਨਮਕ ਖਾ ਕੇ ਹਰਾਮ ਨਾ ਕਰੀਂ।

ਸੋ ਹੁਣ ਜਦੋਂ ਉਹ ਚੋਰੀ ਕਰਨ ਜਾਂਦਾ ਹੈ ਤਾਂ ਮਹਾਂਪੁਰਸ਼ਾਂ ਦਾ ਬਚਨ ਯਾਦ ਆ ਜਾਂਦਾ ਹੈ ਕਿ ਗਰੀਬ ਦੇ ਚੋਰੀ ਨਹੀਂ ਕਰਨੀ ਪਰ ਰਿਹਾ ਵੀ ਨਹੀਂ ਜਾਂਦਾ। ਇਸ ਤਰ੍ਹਾਂ ਸੋਚਦਿਆਂ ਉਸਨੇ ਰਾਜੇ ਦੇ ਮਹਿਲਾਂ ਵਿਚ ਚੋਰੀ ਕਰਨ ਦਾ ਇਰਾਦਾ ਕਰ ਲਿਆ। ਚੋਰੀ ਕਰਨ ਗਿਆ ਤਾਂ ਸਿਪਾਹੀਆਂ ਨੇ ਪੁੱਛਿਆ, ਤੂੰ ਕੌਣ ਹੈਂ? ਕਹਿੰਦਾ, ਮੈਂ ਚੋਰ ਹਾਂ? ਇਹ ਕਹਿ ਕੇ ਲੰਘ ਗਿਆ। ਅੰਦਰ ਜਾ ਕੇ ਸਭ ਕੁਝ ਇਕੱਠਾ ਕਰ ਲਿਆ, ਪੰਡਾਂ ਬੰਨ੍ਹ ਲਈਆਂ। ਮਨ ਵਿਚ ਖਿਆਲ ਆਇਆ ਕਿ ਕੁਝ ਖਾ ਪੀ ਲਈਏ। ਬਰਤਨ ਵਿਚ ਪਈ ਕੋਈ ਚੀਜ਼ ਖਾਣ ਲੱਗਾ, ਜੀਭ ਤੇ ਰੱਖੀ ਤਾਂ ਦੇਖਿਆ ਕਿ ਇਹ ਤਾਂ ਨਮਕ ਹੈ। ਮਹਾਂਪੁਰਸ਼ਾਂ ਦਾ ਬਚਨ ਯਾਦ ਆ ਗਿਆ ਕਿ ਨਮਕ ਖਾ ਕੇ ਹਰਾਮ ਨਹੀਂ ਕਰਨਾ ਕਿਉਂਕਿ ਉਸਨੇ ਮਹਾਂਪੁਰਸ਼ਾਂ ਨਾਲ ਬਚਨ ਕਮਾਉਣ ਦਾ ਵਾਅਦਾ ਕੀਤਾ ਹੋਇਆ ਸੀ। ਸੋ ਉਸਨੇ ਇਕੱਠਾ ਕੀਤਾ ਹੋਇਆ ਸਾਰਾ ਸਾਮਾਨ, ਗਹਿਣੇ, ਨਕਦੀ, ਬਸਤ੍ਰ ਆਦਿ ਸਭ ਉਥੇ ਹੀ ਛੱਡ ਦਿਤੇ ਅਤੇ ਮਹਿਲਾਂ ਤੋਂ ਬਾਹਰ ਨਿਕਲ ਗਿਆ।

ਸਵੇਰ ਹੁੰਦੇ ਹੀ ਰਾਜੇ ਨੇ ਦੇਖਿਆ ਕਿ ਕੋਈ ਚੋਰ ਆਇਆ ਹੈ। ਰਾਜੇ ਨੇ ਹੁਕਮ ਦਿਤਾ ਅਤੇ ਬਹੁਤ ਸਾਰੇ ਬੰਦੇ ਫੜ ਲਏ ਅਤੇ ਉਨ੍ਹਾਂ ਦੀ ਮਾਰ ਕੁਟਾਈ ਸ਼ੁਰੂ ਹੋ ਗਈ, ਤਸ਼ੱਦਦ ਸ਼ੁਰੂ ਹੋ ਗਿਆ ਕਿਉਂਕਿ ਰਾਜੇ ਦੇ ਮਹਿਲਾਂ ਵਿਚ ਚੋਰੀ ਹੋਣੀ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਉਸ ਸਮੇਂ ਉਹ ਆਪ ਹੀ ਰਾਜੇ ਪਾਸ ਹਾਜ਼ਰ ਹੋ ਗਿਆ ਅਤੇ ਕਹਿਣ ਲੱਗਿਆ, ਰਾਜਨ! ਇਨ੍ਹਾਂ ਨੂੰ ਨਾ ਮਾਰ, ਛੱਡ ਦੇ ਇਨ੍ਹਾਂ ਸਾਰਿਆਂ ਨੂੰ, ਇਨ੍ਹਾਂ ਨੇ ਚੋਰੀ ਨਹੀਂ ਕੀਤੀ; ਤੇਰਾ ਚੋਰ ਤਾਂ ਮੈਂ ਹਾਂ। ਉਸਨੇ ਸਾਰੀ ਗੱਲ ਦੱਸ ਦਿਤੀ। ਭਾਈ ਝੰਡਾ ਕਹਿਣ ਲੱਗਿਆ, ਇੰਦਰਸੈਨ! ਇਹ ਤਾਂ ਸੱਚ-ਮੁੱਚ ਹੀ ਕੋਈ ਵੱਡੇ ਮਹਾਂਪੁਰਸ਼ ਹਨ ਜਿਨ੍ਹਾਂ ਨੇ ਇਕੋ ਵਾਰ ਮਿਲਕੇ ਉਸਨੂੰ ਬਦਲ ਕੇ ਰੱਖ ਦਿਤਾ। ਏਥੇ ਹੀ ਬੱਸ ਨਹੀਂ, ਭੂਮੀਏ ਤੋਂ ਰਾਜਾ ਐਨਾ ਪ੍ਰਭਾਵਤ ਹੋਇਆ ਕਿ ਉਸਨੂੰ ਆਪਣਾ ਵਜ਼ੀਰ ਬਣਾ ਲਿਆ।

ਫੇਰ ਮਹਾਤਮਾ ਨੇ ਦੱਸਿਆ ਕਿ ਉਥੇ ਹੀ ਅਸਾਮ ਵਿਚ ਇਕ ਨੂਰਸ਼ਾਹ ਨਾਮ ਦੀ ਤਾਂਤਰੀ ਔਰਤ ਸੀ - ਜਾਦੂਗਰਨੀ, ਉਹਦਾ ਜਾਦੂ ਦੂਰ ਦੂਰ ਤੱਕ ਮਸ਼ਹੂਰ ਸੀ। ਕਈ ਵੱਡੇ-ਵੱਡੇ ਤਾਂਤਰੀ ਵੀ ਉਸ ਤੋਂ ਹਾਰ ਖਾ ਜਾਂਦੇ ਸੀ। ਬਹੁਤ ਸਾਰੇ ਟੂਣੇ-ਟਾਮਣ ਕਰਨ ਵਾਲੇ, ਮੁਲਾਂ ਮੁਲਾਣੇ, ਦੂਜੇ ਤਾਂਤਰੀ ਉਹਨੇ ਭੇਡਾਂ ਬੱਕਰੀਆਂ ਬਣਾ ਕੇ ਆਪਣੇ ਵਾੜੇ ਵਿਚ ਰੱਖੇ ਹੋਏ ਸੀ। ਇਸੇ ਮਹਾਂਪੁਰਸ਼ ਦਾ ਇਕ ਸਾਥੀ ਉਸ ਜਾਦੂਗਰਨੀ ਕੋਲ ਚਲਿਆ ਗਿਆ, ਉਥੇ ਉਸਨੂੰ ਭੇਡੂ ਬਣਾ ਕੇ ਉਸਨੇ ਬੰਨ੍ਹ ਦਿਤਾ। ਉਹ ਮਹਾਂਪੁਰਸ਼ ਕਿੰਨਾ ਦਲੇਰ ਹੈ, ਇਕੱਲਾ ਹੀ ਉਥੇ ਪਹੁੰਚ ਗਿਆ ਤੇ ਨੂਰਸ਼ਾਹ ਨੇ ਉਸ ਤੇ ਤਰਾਟਕ ਕੀਤਾ। ਮੰਤਰ ਉਸਦਾ ਕੋਈ ਚੱਲਿਆ ਨਾ, ਤੇ ਉਹ ਧਰਤੀ ਤੇ ਗਿਰ ਕੇ ਤੜਫਣ ਲਗ ਪਈ। ਫਜ਼ਲ-ਫਜ਼ਲ ਦੀ ਆਵਾਜ਼ ਦਿਤੀ - ਬਖਸ਼ਿਸ਼, ਬਖਸ਼ਿਸ਼। ਉਸ ਦਾ ਜੀਵਨ ਐਸਾ ਸੀ ਕਿ ਉਸਨੂੰ ਕਿਸੇ ਤੇ ਦਇਆ ਨਹੀਂ ਸੀ ਆਉਂਦੀ ਬਲਕਿ ਲੋਕਾਂ ਦਾ ਮਖੌਲ ਉਡਾਇਆ ਕਰਦੀ ਸੀ। ਉਸ ਮਹਾਂਪੁਰਸ਼ ਦੀ ਐਸੀ ਦ੍ਰਿਸ਼ਟੀ ਪਈ ਕਿ ਉਸਦਾ ਜੀਵਨ ਬਦਲ ਕੇ ਰੱਖ ਦਿਤਾ ਅਤੇ ਉਸ ਨੂੰ ਬ੍ਰਹਮ ਗਿਆਨ ਕਰਾ ਦਿਤਾ ਤੇ ਗੱਦੀ ਉਤੇ ਬਿਠਾ ਦਿਤਾ, ਨਾਮ ਦੀ ਦਾਤ ਬਖਸ਼ਿਸ਼ ਕਰ ਦਿਤੀ। ਉਸਨੂੰ ਆਪ ਜੱਪਣ ਵਾਸਤੇ ਵੀ ਪ੍ਰੇਰਨਾ ਕੀਤੀ ਅਤੇ ਇਸ ਮਹਾਨ ਰਸ ਨੂੰ ਲੋਕਾਂ ਵਿਚ ਵੰਡਣ ਵਾਸਤੇ ਵੀ ਹੁਕਮ ਦਿਤਾ। ਝੰਡਾ ਕਹਿਣ ਲੱਗਿਆ ਕਿ ਉਸ ਮਹਾਂਪੁਰਸ਼ ਦਾ ਕੋਈ ਅਤਾ-ਪਤਾ ਹੈ ਜਿਥੇ ਜਾ ਕੇ ਉਨ੍ਹਾਂ ਨੂੰ ਮਿਲਿਆ ਜਾਵੇ, ਉਨ੍ਹਾਂ ਦੇ ਦਰਸ਼ਨ ਕੀਤੇ ਜਾਣ ਤਾਂ ਜੋ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਮਨੁੱਖਾ ਜਨਮ ਨੂੰ ਸਫਲ ਕਰਨ ਵਾਸਤੇ ਸਹੀ ਰਸਤੇ ਦੀ ਸੋਝੀ ਪੈ ਜਾਵੇ। ਬਹੁਤ ਸਮਾਂ ਆਪਾਂ ਨੂੰ ਮਿਹਨਤ ਕਰਦਿਆਂ ਹੋ ਗਿਆ ਹੈ ਪਰ ਆਪਣੀ ਮੰਜ਼ਿਲ ਦਾ ਅਜੇ ਕੋਈ ਥਹੁ-ਪਤਾ ਨਹੀਂ ਲਗ ਰਿਹਾ। ਇੰਦ੍ਰਸੈਨ ਕਹਿਣ ਲੱਗਿਆ ਕਿ ਉਹਦਾ ਅਤਾ-ਪਤਾ ਤਾਂ ਕੋਈ ਨਹੀਂ ਹੈ। ਜਿਵੇਂ ਹਵਾ ਚਲਦੀ ਹੈ, ਉਸਦਾ ਕੋਈ ਪਤਾ ਨਹੀਂ ਲਗਦਾ ਕਿ ਕਿਧਰ ਨੂੰ ਜਾਂਦੀ ਹੈ। ਇਸੇ ਤਰ੍ਹਾਂ ਉਹ ਮਹਾਂਪੁਰਸ਼ ਵੀ ਇਕ ਜਗ੍ਹਾ ਟਿਕ ਕੇ ਨਹੀਂ ਬਹਿੰਦਾ। ਉਹ ਤਾਂ ਦੁਖੀਆਂ ਦੀਆਂ ਪੁਕਾਰਾਂ ਸੁਣਦਾ ਹੈ, ਜਿਧਰੋਂ ਪੁਕਾਰ ਆਉਂਦੀ ਹੈ, ਉਸੇ ਪਾਸੇ ਵੱਲ ਚੱਲ ਪੈਂਦਾ ਹੈ ਅਤੇ ਉਥੇ ਪਹੁੰਚ ਕੇ ਦੁੱਖ ਦੀ ਨਵਿਰਤੀ ਕਰਨੀ ਉਸਦਾ ਪਰਮ ਮਨੋਰਥ ਹੁੰਦਾ ਹੈ। ਇਸ ਤਰ੍ਹਾਂ ਮੇਰੇ ਮਨ ਵਿਚ ਤਾਂ ਇਕ ਆਸ ਬੱਝ ਗਈ ਹੈ - ਕੁਝ ਦਿਨਾਂ ਤੋਂ, ਕਿ ਉਹ ਸਾਡੇ ਕੋਲ ਵੀ ਜ਼ਰੂਰ ਇਕ ਦਿਨ ਪਹੁੰਚੇਗਾ ਅਤੇ ਕੋਈ ਨਾ ਕੋਈ ਰਾਹ ਸਾਨੂੰ ਜ਼ਰੂਰ ਦਿਖਾਏਗਾ। ਭਾਈ ਝੰਡਾ ਜੀ ਕਹਿਣ ਲੱਗਿਆ, ਇੰਦਰਸੈਨ! ਤੇਰਾ ਬੋਲਣਾ ਮੁਬਾਰਕ ਹੋਵੇ, ਤੇਰੇ ਇਹ ਸ਼ਬਦ ਸੱਤ ਹੋਣ ਤੇ ਸਾਡੇ ਸੁੱਤੇ ਪਏ ਭਾਗ ਜਾਗ ਪੈਣ। ਜਦੋਂ ਦੇ ਆਪਾਂ ਏਸ ਰਸਤੇ ਤੇ ਚੱਲਣ ਲੱਗੇ ਹਾਂ, ਭਜਨ ਕਰਨ ਲੱਗੇ ਹਾਂ, ਲੋਕ ਤਾਂ ਇਹ ਕਹਿੰਦੇ ਨੇ ਕਿ ਇਹ ਤਾਂ ਬਹੁਤ ਵੱਡੇ ਸਾਧੂ ਹਨ, ਵੱਡੇ ਸੰਤ ਹਨ, ਬਹੁਤ ਤਪੱਸਿਆ ਕਰਦੇ ਹਨ। ਜਦੋਂ ਆਪਾਂ ਹਠ ਯੋਗ ਕਰਦੇ ਸੀ, ਕਿੰਨੇ ਔਖੇ ਹੁੰਦੇ ਸੀ, ਨੇਤੀ, ਧੋਤੀ, ਬਸਤੀ, ਕਪਾਲੀ, ਤ੍ਰਾਟਕ ਆਦਿ ਕਰਦੇ ਸੀ। ਫੇਰ ਆਪਾਂ ਅਸ਼ਟਾਂਗ ਯੋਗ ਕਰਿਆ, ਉਸ ਵੇਲੇ ਦਾ ਵੀ ਸਾਰਿਆਂ ਨੂੰ ਪਤਾ ਹੈ। ਲਗਨ ਤਾਂ ਆਪਾਂ ਨੂੰ ਅੰਦਰੋਂ

ਲੱਗੀ ਹੋਈ ਹੈ ਪਰ ਕਿਸੇ ਕਿਨਾਰੇ ਤਾਂ ਪਹੁੰਚ ਨਹੀਂ ਸਕੇ ਨਾ। ਸੋ ਮੇਰਾ ਮਨ ਸ਼ਾਹਦੀ ਭਰਦਾ ਹੈ ਕਿ ਉਹ ਜ਼ਰੂਰ ਆਉਣਗੇ ਅਤੇ ਅਸਾਡੇ ਲਈ ਮਾਰਗ ਦਰਸ਼ਨ ਜ਼ਰੂਰ ਕਰਨਗੇ।

ਏਧਰ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਚੱਲ ਬਈ ਆਪਾਂ ਨੂੰ ਸਮੁੰਦਰ ਦੇ ਰੁਖ ਨੂੰ ਜਾਣ ਦਾ ਹੁਕਮ ਆ ਗਿਆ ਹੈ। ਮਰਦਾਨੇ ਨੂੰ ਨਾਲ ਲੈ ਕੇ ਹੇਠਾਂ ਨੂੰ ਦੱਖਣ ਦਿਸ਼ਾ ਨੂੰ ਚਲ ਪਏ। ਕਿੰਨੇ ਹੀ ਦਿਨ ਚਲਦੇ ਰਹੇ, ਅਖੀਰ ਉਥੇ ਹੀ ਆ ਗਏ ਜਿਥੇ ਸੁਦਰਸੈਨ ਰਾਜਾ ਸੀ। ਮਹਾਰਾਜ ਕਹਿਣ ਲੱਗੇ, 'ਮਰਦਾਨਿਆਂ! ਮੈਂ ਅਤੇ ਭਾਈ ਬਾਲਾ ਐਥੇ ਬੈਠਦੇ ਹਾਂ, ਕਈ ਦਿਨਾਂ ਦਾ ਆਪਾਂ ਸਫਰ ਕੀਤਾ ਹੈ, ਤੂੰ ਜਾ ਕੇ ਪ੍ਰਸ਼ਾਦ ਪਾਣੀ ਛਕ ਆ। ਕਹਿਣ ਲੱਗਾ, ਸੱਚੇ ਪਾਤਸ਼ਾਹ ਮੈਂ ਪ੍ਰਸ਼ਾਦਾ ਕਿਵੇਂ ਛਕਾਂ? ਇਹ ਤਾਂ ਇਲਾਕਾ ਹੀ ਹੋਰ ਤਰ੍ਹਾਂ ਦਾ ਹੈ। ਜਦੋਂ ਮੇਰਾ ਪਤਾ ਲਗਦਾ ਹੈ ਕਿ ਮੈਂ ਇਸਲਾਮ ਨਾਲ ਸਬੰਧ ਰਖਦਾ ਹਾਂ ਤਾਂ ਮੇਰੇ ਨੇੜੇ ਵੀ ਨਹੀਂ ਕੋਈ ਆਉਂਦਾ, ਕੋਈ ਕੁਛ ਦਿੰਦਾ ਵੀ ਨਹੀਂ, ਕੋਈ ਮੇਰੇ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਹੁੰਦਾ। ਪਾਤਸ਼ਾਹ! ਕਿਹੋ ਜਿਹੇ ਦੇਸ਼ ਵਿਚ ਆ ਗਏ ਆਪਾਂ। ਏਥੇ ਤਾਂ ਕੋਈ ਬਾਤ ਵੀ ਨਹੀਂ ਕਰਦਾ - ਮੈਨੂੰ ਦੇਖ ਕੇ, ਪ੍ਰਸ਼ਾਦਾ ਛਕਾਉਣਾ ਤਾਂ ਇਕ ਪਾਸੇ ਰਹਿ ਗਿਆ। ਬੜੇ ਤਰਲੇ ਕੀਤਿਆਂ ਕੋਈ ਦੇ ਦੇਵੇ ਤਾਂ ਭਾਵੇਂ ਦੇ ਦੇਵੇ। ਮਹਾਰਾਜ ਕਹਿੰਦੇ, ਮਰਦਾਨਿਆਂ! ਤੂੰ ਇਉਂ ਕਰ, ਇਥੇ ਇਕ ਭਾਈ ਝੰਡਾ ਹੈ - ਪਾਖਰ ਬੇਢੀ ਦਾ ਲੜਕਾ, ਉਹ ਤਰਖਾਣਾ ਕੰਮ ਕਰਦਾ ਹੈ, ਬੜਾ ਸੱਚਾ ਸੁੱਚਾ ਪ੍ਰੇਮੀ ਹੈ। ਤੂੰ ਉਹਦਾ ਘਰ ਪੁੱਛ ਕੇ ਚਲਿਆ ਜਾਹ। ਮਹਾਰਾਜ, ਮੈਨੂੰ ਤਾਂ ਘਰ ਵੀ ਨਹੀਂ ਕਿਸੇ ਨੇ ਦੱਸਣਾ। ਮਹਾਰਾਜ ਕਹਿੰਦੇ, ਮਰਦਾਨਿਆਂ ਤੂੰ ਬਚਨ ਮੰਨ ਕੇ ਚਲਿਆ ਜਾਹ, ਤੈਨੂੰ ਘਰ ਭੀ ਦੱਸ ਦੇਣਗੇ ਅਤੇ ਝੰਡੇ ਬਾਢੀ ਦੇ ਘਰ ਆਪ ਛੱਡ ਕੇ ਆਉਣਗੇ। ਆਪਾਂ ਨਿਰੰਕਾਰ ਦੇ ਚਾਕਰ ਹਾਂ, ਆਪਣੇ ਚਾਕਰਾਂ ਦੀ ਉਸ ਨੂੰ ਆਪ ਲਾਜ ਰੱਖਣ ਦੀ ਬਾਣ ਹੈ। ਕੋਈ ਫਿਕਰ ਨਾ ਕਰੀਂ।

ਗੁਰੂ ਨਾਨਕ ਪਾਤਸ਼ਾਹ ਤੇ ਭਾਈ ਬਾਲਾ ਉਥੇ ਰਹਿ ਜਾਂਦੇ ਨੇ, ਭਾਈ ਬਾਲਾ ਚੌਰ ਕਰਦਾ ਹੈ, ਬੜੀ ਸ਼ਰਧਾ ਹੈ ਉਸਨੂੰ, ਚੁੱਪ ਕਰਕੇ ਬਹੁਤ ਸ਼ਾਂਤੀ ਨਾਲ ਰਹਿੰਦਾ ਹੈ। ਮਹਾਰਾਜ ਆਪ ਆਪਣੀ ਮੌਜ ਵਿਚ ਰਹਿੰਦੇ ਨੇ, ਕਦੇ ਸਮਾਧੀ ਸਥਿਤ ਹੋ ਜਾਂਦੇ ਨੇ, ਕਦੇ ਬਚਨ ਕਰਨ ਲਗ ਜਾਂਦੇ ਨੇ ਜੇ ਸੰਗਤਾਂ ਆ ਜਾਣ। ਪਰ ਇਥੇ ਅਜੇ ਤੱਕ ਕੋਈ ਸੰਗਤ ਨਹੀਂ ਸੀ ਪਹੁੰਚੀ। ਦੋ ਚਾਰ ਦਿਨ ਇਥੇ ਆਇਆਂ ਨੂੰ ਲੰਘ ਚੁਕੇ ਨੇ। ਉਧਰ ਮਰਦਾਨਾ ਭਾਈ ਝੰਡੇ ਦਾ ਘਰ ਪੁੱਛਦਾ ਜਾਂਦਾ ਹੈ ਪਰ ਕੁਝ ਪਤਾ ਨਹੀਂ ਲਗਦਾ ਕਿ ਕਿਹੜਾ ਹੈ। ਸ਼ਹਿਰ ਕਾਫੀ ਵੱਡਾ ਹੈ, ਅਖੀਰ ਇਕ ਰਾਜਸੀ ਲਿਬਾਸ ਪਹਿਨੇ ਹੋਏ, ਜਿਵੇਂ ਕੋਈ ਸ਼ਹਿਜ਼ਾਦਾ ਹੋਵੇ, ਐਸ ਤਰ੍ਹਾਂ ਘੋੜੇ ਤੇ ਚੜ੍ਹਿਆ ਹੋਇਆ ਕੋਈ ਜਾ ਰਿਹਾ ਹੈ, ਨਾਲ ਬਹੁਤ ਸਾਰੇ ਬੰਦੇ ਨੇ। ਐਸ ਤਰ੍ਹਾਂ ਪ੍ਰਤੀਤ ਦਿੰਦਾ ਹੈ ਕਿ ਕਿਸੇ ਕੰਮ ਨੂੰ ਬੰਦਿਆਂ ਨੂੰ ਨਾਲ ਲਈ ਜਾ ਰਿਹਾ ਹੈ। ਉਥੇ ਭਾਈ ਮਰਦਾਨੇ ਨੇ ਇਸ ਨੂੰ ਵੇਖ ਕੇ ਸਤਿ

ਕਰਤਾਰ ਦੀ ਆਵਾਜ਼ ਦਿਤੀ। ਉਹ ਵੀ ਰੁਕ ਗਿਆ ਤੇ ਮਰਦਾਨੇ ਦੇ ਨੇੜੇ ਆ ਗਿਆ। ਸੋਚਣ ਲੱਗਿਆ ਕਿ ਇਸ ਕਿਸਮ ਦੇ ਲਿਬਾਸ ਵਾਲੇ ਬੰਦੇ ਤਾਂ ਇਥੇ ਦੇਖੇ ਨਹੀਂ ਕਦੇ, ਇਹਦੀ ਬੋਲੀ ਬਹੁਤ ਦੂਰ ਦੀ ਹੈ, ਮਧੁਰ ਦੇਸ਼ ਦੀ ਬੋਲੀ ਹੈ ਇਹ; ਪੰਜਾਬ ਨੂੰ ਉਦੋਂ ਮਧੁਰ ਦੇਸ਼ ਕਹਿੰਦੇ ਹੁੰਦੇ ਸੀ। ਉਹਨੇ ਵੀ ਆਵਾਜ਼ ਦਿਤੀ ਤੇ ਕਹਿਣ ਲੱਗਿਆ, ਪਰਦੇਸੀਓ! ਕਿਸ ਤਰ੍ਹਾਂ ਤੁਸੀਂ ਏਥੇ ਦਰਸ਼ਨ ਦੇ ਰਹੇ ਹੋ; ਕੋਈ ਕਾਰਜ ਹੈ? ਕਹਿੰਦਾ, ਹਾਂ, ਪ੍ਰਮੇਸ਼ਰ ਤੇਰਾ ਰਾਖਾ ਹੋਵੇ। ਮੈਂ ਝੰਡੇ ਦਾ ਘਰ ਪੁੱਛਦਾ ਫਿਰਦਾ ਹਾਂ, ਉਹਨੂੰ ਝੰਡਾ ਬਾਢੀ ਕਹਿੰਦੇ ਨੇ, ਪਾਖਰ ਉਹਦੇ ਪਿਤਾ ਦਾ ਨਾਂ ਹੈ। ਉਹ ਕਹਿਣ ਲੱਗਿਆ, ਤੈਨੂੰ ਕਾਫੀ ਖੇਚਲ ਹੋਣੀ ਹੈ ਕਿਉਂਕਿ ਰਸਤੇ ਵਿਚ ਕਈ ਭੁਲ ਭੁਲਾਈਆਂ, ਮੋੜ ਆਉਂਦੇ ਨੇ। ਮੈਂ ਤੇਰੇ ਨਾਲ ਚਲਦਾ ਹਾਂ ਤੇ ਤੁਹਾਨੂੰ ਭਾਈ ਝੰਡੇ ਦੇ ਘਰ ਪਹੁੰਚਾ ਦਿੰਦਾ ਹਾਂ। ਉਸਨੇ ਆਪਣੇ ਨਾਲ ਦੇ ਸੇਵਕ ਨੂੰ ਕਿਹਾ ਕਿ ਇਹ ਕੋਈ ਭਲਾ ਪੁਰਸ਼ ਲਗਦਾ ਹੈ, ਇਹ ਮੇਰੇ ਮਿੱਤਰ ਕੋਲ ਜਾ ਰਿਹਾ ਹੈ। ਇਹਦੇ ਚਿਹਰੇ-ਮੋਹਰੇ ਤੋਂ ਤਾਂ ਇਉਂ ਲਗਦਾ ਹੈ ਕਿ ਇਹਦੇ ਅੰਦਰ ਕੋਈ ਨਾਮ ਦਾ ਰੰਗ ਗੁਪਤ ਵਰਤ ਰਿਹਾ ਹੈ, ਕੋਈ ਅਮੀਰ ਹੈ - ਅੰਦਰਲੇ ਨਾਮ ਦਾ ਧਨੀ। ਇਹ ਅਵੱਗਿਆ ਮੈਂ ਨਹੀਂ ਕਰਨਾ ਚਾਹੁੰਦਾ ਕਿ ਇਹ ਘਰ ਪੁੱਛਦਾ ਭਟਕਦਾ ਫਿਰੇ। ਤੂੰ ਮੇਰਾ ਘੋੜਾ ਫੜ ਲੈ ਤੇ ਐਥੇ ਹੀ ਰਹੀਂ, ਮੈਂ ਇਨ੍ਹਾਂ ਨੂੰ ਘਰ ਦੱਸ ਕੇ ਆਇਆ ਕਿਉਂਕਿ ਮੈਨੂੰ ਵੀ ਬਹੁਤ ਕੰਮ ਹਨ, ਮੈਂ ਵੀ ਜਲਦੀ ਜਾਣਾ ਹੈ।

ਭਾਈ ਝੰਡੇ ਦੇ ਘਰ ਜਾ ਕੇ ਆਵਾਜ਼ ਦਿਤੀ, ਭਾਈ ਝੰਡਿਆ! ਆਹ ਤੁਹਾਡਾ ਮਹਿਮਾਨ ਆਇਆ ਹੈ, ਤੁਹਾਡਾ ਘਰ ਪੁੱਛਦਾ ਫਿਰਦਾ ਸੀ ਤੇ ਮੈਂ ਸੁਣ ਲਿਆ, ਇਸ ਕਰਕੇ ਤੁਹਾਡੇ ਪਾਸ ਛੱਡਣ ਆਇਆ ਹਾਂ। ਤੁਸੀਂ ਹੁਣ ਬੈਠ ਕੇ ਗੱਲਾਂ ਬਾਤਾਂ ਕਰੋ ਤੇ ਮੈਨੂੰ ਆਗਿਆ ਦਿਉ, ਮੈਂ ਚਲਦਾ ਹਾਂ। ਭਾਈ ਝੰਡਾ ਹੈਰਾਨ ਹੋ ਰਿਹਾ ਹੈ ਕਿ ਇਹ ਤਾਂ ਕੋਈ ਪ੍ਰਦੇਸੀ ਬੰਦਾ ਹੈ, ਮੈਂ ਤਾਂ ਇਸ ਨੂੰ ਜਾਣਦਾ ਨਹੀਂ, ਨਾ ਕਦੇ ਪਹਿਲਾਂ ਦੇਖਿਆ ਹੈ। ਇਹਦੀ ਬੋਲੀ ਵੀ ਕਿਸੇ ਦੂਰ ਦੇਸ਼ ਦੀ ਹੈ। ਬਹੁਤ ਹੀ ਸੰਕੋਚ ਨਾਲ ਗੱਲ ਕਰ ਰਿਹਾ ਹੈ, ਟਾਵੇਂ-ਟਾਵੇਂ ਚੁਣਵੇਂ ਅੱਖਰ ਬੋਲ ਰਿਹਾ ਹੈ, ਭਲਾ ਪੁਰਸ਼ ਲਗਦਾ ਹੈ ਪਰ ਸਮਝ ਵਿਚ ਨਹੀਂ ਆ ਰਿਹਾ ਕਿ ਇਹ ਕੌਣ ਹੋਇਆ, ਕਿਥੋਂ ਆਇਆ ਹੋਵੇਗਾ ਅਤੇ ਇਸ ਦਾ ਮੇਰੇ ਕੋਲ ਆਉਣ ਦਾ ਕੀ ਪ੍ਰਯੋਜਨ ਹੋਵੇਗਾ।

ਉਸ ਵੇਲੇ ਭਾਈ ਝੰਡਾ ਉਸਨੂੰ ਆਦਰ ਸਤਿਕਾਰ ਨਾਲ ਅੰਦਰ ਲੈ ਗਿਆ ਅਤੇ ਬਹੁਤ ਹੈਰਾਨ ਹੋ ਰਿਹਾ ਹੈ। ਮਰਦਾਨਾ ਕਿਉਂਕਿ ਹਰ ਰੋਜ਼ ਹੀ ਏਸ ਤਰ੍ਹਾਂ ਦੇ ਬੰਦਿਆਂ ਨੂੰ ਮਿਲਦਾ ਸੀ, ਉਹ ਕਹਿਣ ਲੱਗਿਆ ਕਿ ਭਾਈ ਝੰਡਾ! ਤੂੰ ਹੈਰਾਨ ਨਾ ਹੋ। ਭਾਈ ਝੰਡੇ ਨੇ ਪੁੱਛਿਆ ਕਿ ਤੇਰਾ ਨਾਉਂ ਕੀ ਹੈ? ਉਸ ਨੇ ਜਵਾਬ ਦਿੱਤਾ ਕਿ ਮੇਰਾ ਨਾਂ ਮਰਦਾਨਾ ਹੈ, ਮੈਂ ਗੁਰੂ ਨਾਨਕ ਦਾ ਢਾਡੀ ਹਾਂ। ਭਾਈ ਮਰਦਾਨਾ! ਮੈਂ ਤਾਂ ਤੈਨੂੰ ਨਹੀਂ ਜਾਣਦਾ। ਮਰਦਾਨਾ ਕਹਿਣ ਲੱਗਿਆ ਕਿ ਭਾਈ ਝੰਡਾ, ਮੈਂ ਵੀ ਤੈਨੂੰ ਨਹੀਂ ਜਾਣਦਾ ਪਰ ਮੇਰੇ ਗੁਰੂ ਤੈਨੂੰ ਜਾਣਦੇ ਨੇ। ਭਾਈ ਮਰਦਾਨਾ! ਉਹ ਪਹਿਲਾਂ ਕਦੇ ਇਥੇ ਆਏ ਨੇ? ਉਹ ਮੈਨੂੰ ਕਿਵੇਂ ਜਾਣਦੇ ਨੇ? ਝੰਡਿਆ! ਉਹ ਪਹਿਲਾਂ ਇਥੇ ਕਦੇ ਵੀ ਨਹੀਂ ਆਏ ਪਰ ਫੇਰ ਵੀ ਉਹ ਤੈਨੂੰ ਚੰਗੀ ਤਰ੍ਹਾਂ ਜਾਣਦੇ ਨੇ, ਉਨ੍ਹਾਂ

ਨੇ ਹੀ ਮੈਨੂੰ ਤੇਰਾ ਨਾਉਂ ਦੱਸਿਆ ਹੈ ਅਤੇ ਮੈਂ ਪੁਛਦਾ ਪੁਛਦਾ ਤੁਹਾਡੇ ਤੱਕ ਪਹੁੰਚਿਆ ਹਾਂ। ਭਾਈ ਝੰਡਾ ਕਹਿਣ ਲਗਿਆ ਕਿ ਭਾਈ ਮਰਦਾਨਾ, ਤੂੰ ਮੇਰੀ ਗੱਲ ਦਾ ਗੁੱਸਾ ਨਾ ਕਰੀਂ ਕਿਉਂਕਿ ਇਥੇ ਬਹੁਤ ਸਾਰੇ ਭੇਖੀ ਲੋਕ ਆਉਂਦੇ ਨੇ, ਨਾਂ ਬਗੈਰਾ ਪੁੱਛ ਕੇ ਖੂਬ ਗੱਲਾਂ ਬਾਤਾਂ ਕਰਦੇ ਨੇ, ਫਿਰ ਧੋਖਾ ਦਿੰਦੇ ਨੇ, ਠੱਗੀਆਂ ਮਾਰਦੇ ਨੇ। ਸੋ ਜੋ ਅੱਗ ਦਾ ਜਲਿਆ ਹੁੰਦਾ ਹੈ, ਉਹ ਟਟਹਿਣੇ ਤੋਂ ਵੀ ਡਰਦਾ ਹੈ। ਤੂੰ ਮੇਰੀ ਗੁਸਤਾਖੀ ਮਾਫ ਕਰੀਂ। ਮੈਂ ਇਹ ਗੱਲ ਇਸ ਕਰਕੇ ਕੀਤੀ ਹੈ ਕਿ ਅੱਜ ਦੇ ਸਮੇਂ ਦੇ ਅੰਦਰ ਇਹ ਗੱਲਾਂ ਆਮ ਹੁੰਦੀਆਂ ਨੇ, ਲੋਕ ਧੋਖਾ ਦੇ ਕੇ ਲੁੱਟਾਂ-ਖੋਹਾਂ ਕਰਦੇ ਹਨ, ਇਥੋਂ ਤੱਕ ਕਿ ਬੰਦੇ ਨੂੰ ਮਾਰਨ ਤੋਂ ਵੀ ਨਹੀਂ ਡਰਦੇ ਤੇ ਘਰ ਬਾਰ ਲੁੱਟ ਕੇ ਲੈ ਜਾਂਦੇ ਹਨ। ਪਰ ਮੈਨੂੰ ਤੂੰ ਇਉਂ ਦੱਸ ਕਿ ਗੁਰੂ ਨਾਨਕ ਮੈਨੂੰ ਕਿਵੇਂ ਜਾਣਦੇ ਨੇ?

ਮਰਦਾਨਾ ਕਹਿਣ ਲੱਗਿਆ, ਭਾਈ ਝੰਡਾ! ਮੇਰੇ ਸਤਿਗੁਰੂ ਇਸ ਸੰਸਾਰ ਵਿਚ ਪੂਰਨ ਆਏ ਨੇ, ਉਹ ਸਭ ਕੁਝ ਜਾਣਦੇ ਨੇ, ਕੋਈ ਚੀਜ਼ ਉਨ੍ਹਾਂ ਤੋਂ ਭੁੱਲੀ ਹੋਈ ਨਹੀਂ ਹੈ, ਉਹ ਤ੍ਰਿਕਾਲ ਦਰਸ਼ੀ ਨੇ। ਉਨ੍ਹਾਂ ਨੇ ਤਾਂ ਬਹੁਤ ਦੂਰ ਬੈਠਿਆਂ ਨੇ ਹੀ ਤੁਹਾਡੀ ਪਛਾਣ ਕਰ ਲਈ ਸੀ ਤੇ ਉਨ੍ਹਾਂ ਨੇ ਕਿਹਾ ਸੀ ਕਿ ਭਾਈ ਮਰਦਾਨਾ, ਇਥੋਂ ਬਹੁਤ ਦੂਰ ਪ੍ਰਮੇਸ਼ਰ ਦੇ ਪਿਆਰ ਵਾਲੇ ਪ੍ਰੇਮੀ ਰਹਿੰਦੇ ਨੇ, ਉਹ ਬਹੁਤ ਭਜਨ ਬੰਦਗੀ ਕਰਦੇ ਨੇ ਪਰ ਉਨ੍ਹਾਂ ਨੂੰ ਰਾਹ ਨਹੀਂ ਲੱਭ ਰਿਹਾ, ਕੋਈ ਸੇਧ ਦੇਣ ਵਾਲਾ ਉਨ੍ਹਾਂ ਨੂੰ ਨਹੀਂ ਮਿਲ ਰਿਹਾ। ਉਨ੍ਹਾਂ ਦੇ ਅੰਦਰ ਵੀ ਇਸ ਗੱਲ ਦੀ ਆਸ ਲੱਗੀ ਹੋਈ ਹੈ ਕਿ ਕੋਈ ਪੂਰਨ ਮਹਾਂਪੁਰਸ਼ ਮਿਲ ਜਾਵੇ, ਰਸਤਾ ਦੱਸਣ ਵਾਲਾ ਮਿਲ ਜਾਵੇ। ਸੋ ਉਹ ਸਾਡੀ ਇੰਤਜ਼ਾਰ ਕਰ ਰਹੇ ਨੇ, ਆਪਾਂ ਉਥੇ ਜਾਣਾ ਹੈ। ਭਾਈ ਝੰਡਾ ਕਹਿਣ ਲੱਗਿਆ, "ਬਲਿਹਾਰ! ਭਾਈ ਮਰਦਾਨਾ, ਬਲਿਹਾਰ! ਤੂੰ ਤਾਂ ਐਹੋ ਜਿਹੇ ਸ਼ੁਭ ਬਚਨ ਕੀਤੇ ਨੇ, ਮੈਨੂੰ ਤਾਂ ਹੌਸਲਾ ਹੋ ਗਿਆ ਹੈ, ਮੇਰਾ ਮਨ ਤਾਂ ਫੁੱਲ ਦੀ ਤਰ੍ਹਾਂ ਖਿੜ ਗਿਆ ਹੈ, ਹੁਣ ਤਾਂ ਸਾਡੀਆਂ ਆਸਾਂ ਪ੍ਰਮੇਸ਼ਰ ਨੇ ਪੂਰੀਆਂ ਕਰ ਦੇਣੀਆਂ ਨੇ। ਤੇਰੀਆਂ ਗੱਲਾਂ ਸੁਣ ਕੇ ਮੈਨੂੰ ਇਤਨੀ ਖੁਸ਼ੀ ਹੋਈ ਹੈ ਕਿ ਮੈਂ ਸ਼ਬਦਾਂ ਦੇ ਨਾਲ ਤੈਨੂੰ ਦੱਸ ਨਹੀਂ ਸਕਦਾ। ਹੁਣ ਮੈਨੂੰ ਲਗਦਾ ਹੈ ਕਿ ਉਹ ਸਾਡੇ ਵਾਸਤੇ ਹੀ ਆਏ ਨੇ ਪਰ ਪਿਆਰਿਆ! ਮੈਂ ਜੋ ਪਹਿਲਾਂ ਆਪਣੇ ਮਨ ਦੇ ਭਾਵ ਪ੍ਰਗਟ ਕੀਤੇ ਸਨ, ਮੈਂ ਉਨ੍ਹਾਂ ਦੀ ਖਿਮਾਂ ਮੰਗਦਾ ਹਾਂ। ਮੈਨੂੰ ਨਹੀਂ ਸੀ ਪਤਾ ਕਿ ਇਹ ਤਾਂ ਸਾਨੂੰ ਹੀ ਤਾਰਨ ਵਾਸਤੇ, ਸਾਡੇ ਭਲੇ ਵਾਸਤੇ ਕਿਤਨੀ ਦੂਰੋਂ ਚੱਲ ਕੇ, ਸਾਡੇ ਮਨ ਦੀ ਪੁਕਾਰ ਸੁਣ ਕੇ ਇਥੇ ਪਹੁੰਚੇ ਨੇ। ਮੈਨੂੰ ਆਪਣੀ ਜੁਬਾਨ ਤੋਂ ਬੋਲੇ ਕੌੜੇ ਬੋਲਾਂ ਦਾ ਬਹੁਤ ਪਛਤਾਵਾ ਹੋ ਰਿਹਾ ਹੈ, ਮੈਨੂੰ ਮੁਆਫ ਕਰੀਂ। ਭਾਈ ਮਰਦਾਨਾ, ਤੂੰ ਇਉਂ ਦੱਸ ਕਿ ਉਨ੍ਹਾਂ ਦੀ ਕ੍ਰਿਆ ਕੀ ਹੈ।" "ਭਾਈ ਝੰਡਾ, ਕ੍ਰਿਆ ਤਾਂ ਉਨ੍ਹਾਂ ਦੀ ਇਹੀ ਹੈ ਕਿ ਇਸ ਸੰਸਾਰ ਦੇ ਅੰਦਰ ਜਿਥੇ ਵੀ ਕੋਈ ਰੁਕਿਆ ਹੋਇਆ ਹੈ - ਪਿਛਲੇ ਯੁੱਗਾਂ ਦਾ, ਜਿਸਨੂੰ ਕੋਈ ਰਸਤਾ ਨਹੀਂ ਮਿਲ ਰਿਹਾ, ਉਸ ਨੂੰ ਤਾਰਨਾ, ਰਸਤਾ ਦਿਖਾ ਕੇ ਉਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਣਾ। ਭਾਈ ਝੰਡਾ, ਉਹ ਤੈਨੂੰ ਹੁਣ ਦੇ ਨਹੀਂ ਜਾਣਦੇ, ਉਹ ਤਾਂ ਤੈਨੂੰ ਪਿਛਲੇ ਜਨਮ ਤੋਂ ਹੀ ਜਾਣਦੇ ਨੇ ਬਲਕਿ ਉਸ ਤੋਂ ਵੀ ਪਹਿਲਾਂ ਦੇ ਜਾਣਦੇ ਨੇ। ਉਨ੍ਹਾਂ ਨੇ ਤਾਂ

ਮੈਨੂੰ ਇਹ ਕਿਹਾ ਸੀ ਕਿ ਉਹ ਕਈ ਯੁਗਾਂ ਦੇ ਰੁਕੇ ਹੋਏ ਨੇ ਤੇ ਹੁਣ ਕਲਜੁਗ ਵਿਚ ਆ ਗਏ ਨੇ ਤੇ ਆਪਾਂ ਹੁਣ ਉਨ੍ਹਾਂ ਪਾਸ ਚਲਣਾ ਹੈ। ਸੋ ਏਸ ਕਰਕੇ ਉਨ੍ਹਾਂ ਨੇ ਮੈਨੂੰ ਤੇਰੇ ਕੋਲ ਭੇਜਿਆ ਹੈ।" "ਭਾਈ ਮਰਦਾਨਾ, ਹੁਣ ਮੇਰੇ ਵਾਸਤੇ ਕੀ ਹੁਕਮ ਹੈ?" ਕਹਿਣ ਲੱਗਿਆ, ਝੰਡਾ ਜੀ! ਹੁਕਮ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਤੁਹਾਨੂੰ ਬੁਲਾਇਆ ਹੈ। ਤੁਸੀਂ ਜਲਦੀ ਨਾਲ ਤਿਆਰ ਹੋ ਕੇ ਮੇਰੇ ਨਾਲ ਚਲੋ।" "ਫੇਰ ਪਰਸ਼ਾਦਾ ਪਾਣੀ?" ਮਰਦਾਨਾ ਕਹਿੰਦਾ, "ਪ੍ਰਸ਼ਾਦਾ ਤਾਂ ਮੈਂ ਵੀ ਨਹੀਂ ਛਕਿਆ, ਉਨ੍ਹਾਂ ਨੇ ਵੀ ਕਈ ਦਿਨ ਤੋਂ ਨਹੀਂ ਛਕਿਆ। ਉਹ ਆਪ ਤਾ ਪੌਣਅਹਾਰੀ ਨੇ, ਕੋਈ ਪ੍ਰੇਮੀ ਲੈ ਕੇ ਆ ਜਾਵੇ ਤਾਂ ਛਕ ਲੈਂਦੇ ਨੇ, ਨਹੀਂ ਤਾਂ ਭਜਨ ਵਿਚ ਹੀ ਲੀਨ ਰਹਿੰਦੇ ਨੇ, ਕਈ-ਕਈ ਦਿਨ ਪ੍ਰਸ਼ਾਦਾ ਛਕਣ ਤੋਂ ਬਿਨਾਂ ਭੁਖੇ ਹੀ ਲੰਘ ਜਾਂਦੇ ਨੇ।" ਹੁਣ ਇਥੇ ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਹੋ ਜਾਂਦਾ ਹੈ ਕਿ ਰੋਟੀ ਖਾਧੇ ਤੋਂ ਬਗੈਰ ਵੀ ਸਰ ਜਾਂਦਾ ਹੈ? ਸਾਧ ਸੰਗਤ ਜੀ, ਜੋ ਨਾਮ ਦਾ ਰਸ ਹੈ, ਉਹਦੇ ਵਿਚ ਬਹੁਤ ਜ਼ਿਆਦਾ ਸ਼ਕਤੀ ਹੈ। ਉਹ ਰਸ ਜੇ ਥੋੜਾ ਜਿਹਾ ਵੀ ਪ੍ਰਾਪਤ ਹੋ ਜਾਵੇ, ਉਥੇ ਭੁੱਖ, ਨੀਂਦ ਕੋਈ ਚੀਜ਼ ਰਹਿੰਦੀ ਹੀ ਨਹੀਂ। ਇਸ ਬਾਰੇ ਮਹਾਰਾਜ ਫੁਰਮਾਨ ਕਰਦੇ ਹਨ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀਂ ਜਿਥੈ ਆਤਮ ਰਾਮ ਪ੍ਰਗਾਸੁ॥***

***ਪੰਨਾ - 1414***

ਉਹਨਾਂ ਦੇ ਅੰਦਰ ਹੀ ਕੋਈ ਐਸਾ ਰਸ ਪ੍ਰਾਪਤ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਪ੍ਰਸ਼ਾਦੇ ਦੀ ਲੋੜ ਹੀ ਨਹੀਂ ਮਹਿਸੂਸ ਹੁੰਦੀ। ਸੋ ਭਾਈ ਝੰਡਿਆ, "ਜੇ ਮਿਲ ਜਾਵੇ ਤਾਂ ਛਕ ਲੈਂਦੇ ਨੇ। ਉਹ ਵੀ ਤਾਂ ਛਕਦੇ ਨੇ ਜੇਕਰ ਅੰਨ ਸ਼ੁਧ ਹੋਵੇ ਕਿਸੇ ਦਾ। ਜਿਥੇ ਉਨ੍ਹਾਂ ਨੂੰ ਕਿਸੇ ਦੀ ਕਮਾਈ ਵਿਚ ਕੋਈ ਖੋਟ ਨਜ਼ਰ ਆਵੇ, ਹੱਕ ਹਲਾਲ ਦੀ ਕਮਾਈ ਨਾ ਹੋਵੇ, ਉਸਨੂੰ ਅੰਗੀਕਾਰ ਨਹੀਂ ਕਰਿਆ ਕਰਦੇ। ਕਈ ਵਾਰ ਤਾਂ ਇਸੇ ਕਰਕੇ ਕਈ ਕਈ ਦਿਨ ਬਗੈਰ ਛਕਿਆਂ ਲੰਘ ਜਾਂਦੇ ਨੇ।" ਕਹਿਣ ਲੱਗਿਆ, "ਭਾਈ ਮਰਦਾਨਾ! ਕਿੰਨੀਆਂ ਕੁ ਮੂਰਤੀਆਂ ਨੇ, ਮੈਂ ਓਨਾਂ ਕੁ ਪ੍ਰਸ਼ਾਦਾ ਤਿਆਰ ਕਰਵਾ ਦਿੰਦਾ ਹਾਂ।" ਮਰਦਾਨਾ ਕਹਿੰਦਾ, "ਅੱਜ ਤਾਂ ਅਸੀਂ ਤਿੰਨ ਹੀ ਹਾਂ, ਕਈ ਵਾਰ ਤਾਂ ਬਹੁਤ ਹੋ ਜਾਂਦੇ ਹਨ। ਫੇਰ ਵੀ ਤੁਸੀਂ ਪੰਜ ਸੱਤ ਬੰਦਿਆਂ ਦਾ ਪ੍ਰਸ਼ਾਦਾ ਤਿਆਰ ਕਰਵਾ ਲਉ।" ਘਰ ਵਿਚ ਪ੍ਰਸ਼ਾਦਾ ਤਿਆਰ ਕਰਨ ਲਈ ਕਹਿ ਦਿਤਾ, ਪ੍ਰਸ਼ਾਦਾ ਤਿਆਰ ਹੋਣ ਲੱਗ ਗਿਆ ਤੇ ਉਸ ਵੇਲੇ ਕਹਿਣ ਲੱਗਿਆ, "ਭਾਈ ਮਰਦਾਨਾ! ਸਾਧੂ ਤਾਂ ਬਹੁਤ ਸੁਣੀਂਦੇ ਨੇ, ਆਉਂਦੇ ਵੀ ਬਹੁਤ ਨੇ, ਕਈਆਂ ਦੇ ਦਰਸ਼ਨ ਵੀ ਕੀਤੇ ਨੇ। ਇਹ ਕਿਤੇ ਓਹੀ ਤਾਂ ਨਹੀਂ ਜਿਨ੍ਹਾਂ ਨੇ ਭੂਮੀਏਂ ਨੂੰ ਸੁਮੱਤਿ ਦਿਤੀ ਸੀ, ਨੂਰਸ਼ਾਹ ਨੂੰ ਸਿਧੇ ਰਸਤੇ ਪਾਇਆ ਤੇ ਚਮੱਖਾ ਦੇਵੀ ਦੇ ਮੰਦਰ ਤੇ ਜਾ ਕੇ ਮਨੁੱਖਾਂ ਦੀ ਬਲੀ ਦੇਣ ਤੋਂ ਹਟਾਇਆ, ਤਾਂਤਰੀਆਂ ਨੂੰ ਗਿਆਨ ਦੇ ਕੇ ਪ੍ਰਮੇਸ਼ਰ ਦੀ ਭਗਤੀ ਵਿਚ ਲਗਾਇਆ, ਹੋਰ ਕਿੰਨਿਆਂ

ਨੂੰ ਪਾਪ ਕਰਨ ਤੋਂ ਹਟਾਇਆ। ਇਹ ਕਿਤੇ ਓਹੀ ਮਹਾਂਪੁਰਸ਼ ਤਾਂ ਨਹੀਂ? ਇਹ ਓਹੀ ਸਾਧੂ ਤਾਂ ਨਹੀਂ ਜੋ ਸੰਸਾਰ ਦੇ ਉਧਾਰ ਲਈ ਇਸ ਧਰਤੀ ਤੇ ਪ੍ਰਗਟ ਹੋਇਆ ਹੈ? ਕੀ ਇਹ ਓਹੀ ਤਾਂ ਨਹੀਂ ਜਿਹਦੇ ਬਾਰੇ ਚਲਦੇ ਫਿਰਦੇ ਸਾਧੂ, ਸੰਤ, ਬਿਹੰਗਮ ਬੇਅੰਤ ਕਿਸਮ ਦੀਆਂ ਕਹਾਣੀਆਂ ਸੁਣਾਉਂਦੇ ਰਹਿੰਦੇ ਨੇ?" ਮਰਦਾਨਾ ਕਹਿੰਦਾ, "ਭਾਈ ਝੰਡਾ! ਤੇਰਾ ਅਨੁਮਾਨ ਠੀਕ ਹੈ। ਗੁਰੂ ਨਾਨਕ ਪਾਤਸ਼ਾਹ ਸੰਸਾਰ ਵਿਚ ਪ੍ਰਗਟ ਹੋਏ ਨੇ ਕਿਉਂਕਿ ਚਾਰੇ ਪਾਸੇ ਧੁੰਦ ਫੈਲ ਗਈ।" ਹਨ੍ਹੇਰਾ ਹੀ ਹਨ੍ਹੇਰਾ ਹੋ ਗਿਆ ਸੀ। ਸੱਚ ਦਾ ਕਾਲ ਪੈ ਗਿਆ ਸੀ ਤੇ ਕੂੜ ਦਾ ਪਸਾਰਾ ਹੋ ਚੁੱਕਾ ਸੀ। ਹਨ੍ਹੇਰੇ ਨੂੰ ਦੂਰ ਕਰਨਾ ਹੋਵੇ ਤਾਂ ਲਾਈਟ ਦੀ ਲੋੜ ਪੈਂਦੀ ਹੈ।" ਸਾਧਸੰਗਤ ਜੀ! ਹਨ੍ਹੇਰਾ ਹੋਵੇ ਜਾਂ ਧੁੰਦ ਪਈ ਹੋਵੇ, ਹਜ਼ਾਰ ਵਾਟ ਦਾ ਬਲਬ ਵੀ ਲਗਾ ਦੇਵੋ ਤਾਂ ਵੀ ਪ੍ਰਕਾਸ਼ ਨਹੀਂ ਹੁੰਦਾ ਕਿਉਂਕਿ ਧੁੰਦ ਪ੍ਰਕਾਸ਼ ਨੂੰ ਬਾਹਰ ਜਾਣ ਹੀ ਨਹੀਂ ਦਿੰਦੀ। ਜੇ ਹਨ੍ਹੇਰਾ ਪੈ ਜਾਵੇ ਤਾਂ ਰੋਸ਼ਨੀ ਨਾਲ ਦੂਰ ਹੋ ਜਾਇਆ ਕਰਦਾ ਹੈ। ਧੁੰਦ ਦਾ ਕੋਈ ਇਲਾਜ ਨਹੀਂ ਹੈ। ਆਪਾਂ ਦੇਖਦੇ ਹਾਂ ਕਿ ਜਦੋਂ ਸਰਦੀਆਂ ਦਾ ਮੌਸਮ ਹੁੰਦਾ ਹੈ ਤਾਂ ਕਦੇ ਕਦੇ ਸਵੇਰ ਸਮੇਂ ਇਤਨੀ ਜ਼ਿਆਦਾ ਧੁੰਦ ਆ ਜਾਂਦੀ ਹੈ ਕਿ ਪਾਸ ਖੜ੍ਹਾ ਹੋਇਆ ਬੰਦਾ ਵੀ ਨਜ਼ਰ ਨਹੀਂ ਆਉਂਦਾ। ਗੱਡੀਆਂ ਦੀਆਂ ਲਾਈਟਾਂ ਜਲਾ ਕੇ ਚਲਦੇ ਨੇ। ਦੂਸਰੇ ਪਾਸਿਓਂ ਜਦੋਂ ਗੱਡੀ ਬਿਲਕੁਲ ਨੇੜੇ ਆ ਜਾਂਦੀ ਹੈ ਤਾਂ ਨਜ਼ਰੀ ਪੈਂਦੀ ਹੈ, ਐਕਸੀਡੈਂਟ ਦਾ ਖਤਰਾ ਹੋ ਜਾਂਦਾ ਹੈ। ਜੇਕਰ ਰਾਤ ਹੋਵੇ ਤਾਂ ਲਾਈਟ ਜਲਾ ਦੇਵੋ, ਹਨ੍ਹੇਰਾ ਦੂਰ ਹੋ ਜਾਂਦਾ ਹੈ, ਪ੍ਰਕਾਸ਼ ਹੋ ਜਾਂਦਾ ਹੈ ਅਤੇ ਦੇਖਣ ਵਿਚ ਕੋਈ ਔਖ ਨਹੀਂ ਹੁੰਦੀ। ਮਰਦਾਨਾ ਜੀ ਨੇ ਕਿਹਾ ਕਿ ਲੋਕਾਂ ਦੇ ਮਨਾਂ ਅੰਦਰ ਤਾਂ ਧੁੰਦ ਪੈ ਚੁੱਕੀ ਹੈ। ਸੋ ਮੇਰੇ ਸਤਿਗੁਰੂ ਧੁੰਦ ਨੂੰ ਦੂਰ ਕਰਨ ਦਾ ਇਲਾਜ ਕਰਦੇ ਫਿਰਦੇ ਨੇ। ਸੋ ਲੋਕਾਂ ਵਿਚ ਬੇਅੰਤ ਕਿਸਮ ਦੀਆਂ ਧਾਰਨਾਵਾਂ ਪੈਦਾ ਹੋ ਚੁੱਕੀਆਂ ਹਨ। ਲੋਕ ਤਾਂਤਰੀਆਂ ਨੂੰ, ਜੰਤਰ ਮੰਤਰ ਕਰਨ ਵਾਲਿਆਂ ਨੂੰ ਸਾਧੂ ਕਹਿਣ ਲਗ ਪਏ, ਸੰਤ ਕਹਿਣ ਲਗ ਪਏ ਜਦ ਕਿ ਉਹ ਤਾਂ ਸੰਤ-ਪੁਣੇ ਤੋਂ ਕ੍ਰੋੜਾਂ ਕੋਹ ਦੂਰ ਬੈਠੇ ਨੇ। ਲੋਕ ਭਰਮ ਗਏ, ਗਲਤ ਹੋ ਗਏ, ਭੁਲੇਖੇ ਵਿਚ ਪੈ ਗਏ। ਮੇਰੇ ਸਤਿਗੁਰੂ ਤਾਂ ਏਸ ਤਰ੍ਹਾਂ ਬਚਨ ਕਰਦੇ ਨੇ -

***ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ।***
***ਮੇਰੇ ਪਿਆਰੇ, ਸੱਚ ਵਾਲਾ ਕਾਲ ਪੈ ਗਿਆ - 2***
***ਸਾਰੇ ਕੂੜ ਦਾ ਹੋ ਗਿਆ ਵਰਤਾਰਾ........-2***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥***
***ਪੰਨਾ - 468***

ਭਾਈ ਝੰਡਿਆ, ਮੇਰੇ ਸਤਿਗੁਰੂ ਜੀ ਫੁਰਮਾਉਂਦੇ ਨੇ ਕਿ ਮਨ ਦੇ ਅੰਦਰ ਨਿਸ਼ਚਾ ਨਹੀਂ ਰਿਹਾ। ਜਿਵੇਂ ਦਾਲ ਹੁੰਦੀ ਹੈ, ਉਸ ਨੂੰ ਧਰਤੀ ਵਿਚ ਬੀਜ ਦਿਉ, ਉਹ ਕਦੇ ਨਹੀਂ ਹਰੀ ਹੁੰਦੀ। ਇਸੇ ਤਰ੍ਹਾਂ ਜਿਹੜਾ ਟੁੱਟਿਆ ਹੋਇਆ

ਮਨ ਹੈ, ਜੋ ਕਦੇ ਥਿਰ ਰਹਿੰਦਾ ਹੀ ਨਹੀਂ, ਕਦੇ ਕਿਤੇ ਚਲਾ ਗਿਆ, ਕਦੇ ਕਿਤੇ ਚਲਾ ਗਿਆ, ਇਕ ਥਾਂ ਨਹੀਂ ਲਗਦਾ, ਉਹ ਕਿਸੇ ਨਤੀਜੇ ਤੇ ਨਹੀਂ ਪਹੁੰਚਿਆ ਕਰਦਾ; ਮੇਰੇ ਸਤਿਗੁਰੂ ਨੇ ਸਾਰੀ ਜ਼ਿੰਦਗੀ ਇਨ੍ਹਾਂ ਗੱਲਾਂ ਨੂੰ ਪਰਖਿਆ ਹੈ। ਹੁਣ ਰਾਜੇ ਕਸਾਈ ਬਣ ਗਏ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***

***ਪੰਨਾ – 145***

ਧਰਮ ਨਾਂ ਦੀ ਕੋਈ ਚੀਜ਼ ਕਿਤੇ ਰਹੀ ਹੀ ਨਹੀਂ, ਚਾਰੇ ਪਾਸੇ ਝੂਠ ਹੀ ਝੂਠ, ਪਾਪ ਹੀ ਪਾਪ ਫੈਲ ਗਿਆ, ਤੇ ਝੂਠ ਦੀ ਮੱਸਿਆ ਹੋ ਗਈ –

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***

***ਪੰਨਾ – 145***

ਕੂੜ ਦਾ ਇਤਨਾ ਪ੍ਰਭਾਵ ਵਧ ਗਿਆ, ਇਤਨਾ ਹਨ੍ਹੇਰਾ ਹੋ ਗਿਆ ਕਿ ਸੱਚ ਦਾ ਚੰਦਰਮਾ ਤਾਂ ਇਸ ਦੇ ਅੰਦਰ ਕਿਤੇ ਨਜ਼ਰ ਹੀ ਨਹੀਂ ਆਉਂਦਾ, ਕੂੜ ਦੀ ਮੱਸਿਆ ਵਿਚ ਪਤਾ ਨਹੀਂ ਕਿਧਰ ਚਲਿਆ ਗਿਆ।

***ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥***

***ਪੰਨਾ – 145***

ਭਾਈ ਝੰਡਿਆ, ਅੰਧੇਰਾ ਪੈ ਗਿਆ, ਕੋਈ ਰਾਹ ਨਹੀਂ ਲਭਦਾ। ਨਾ ਤਾਂ ਰਾਜੇ ਵਿਚ ਸੱਚ ਹੈ, ਨਾਂ ਪਰਜਾ ਵਿਚ ਸੱਚ ਹੈ, ਨਾ ਸੰਤਾਂ ਵਿੱਚ ਸੱਚ ਹੈ, ਨਾ ਇਸਤਰੀ ਪਤੀ ਦੀ ਵਫਾਦਾਰ ਹੈ। ਜਿਹੜਾ ਪਤੀਬਰਤਾ ਦਾ ਧਰਮ ਸੀ, ਉਹ ਜਾਂਦਾ ਰਿਹਾ, ਖਤਮ ਹੋ ਗਿਆ। ਨਾ ਰਾਜਾ ਪਰਜਾ ਨੂੰ ਪਾਲਦਾ ਹੈ, ਨਾ ਪਰਜਾ ਦੀ ਰਾਜੇ ਪ੍ਰਤੀ ਕੋਈ ਵਫਾਦਾਰੀ ਹੈ; ਸਾਰੇ ਹੀ ਹਿਤ ਦੇ ਬਣ ਗਏ, ਆਪਣਾ ਹਿਤ ਸਭ ਨੂੰ ਪਿਆਰਾ ਲਗਦਾ ਹੈ ਕਿਉਂਕਿ ਕਿਸੇ ਨੂੰ ਵੀ ਕਿਸੇ ਤੇ ਨਿਸ਼ਚਾ ਨਹੀਂ ਰਿਹਾ, ਵਿਸ਼ਵਾਸ ਨਹੀਂ ਰਿਹਾ, ਆਪੋ-ਧਾਪੀ ਪੈ ਗਈ। ਆਪਣੇ ਹਿਤ ਵਾਸਤੇ ਸਭ ਕੁਝ ਕੁਰਬਾਨ ਕਰ ਦਿੰਦਾ ਹੈ; ਨਾ ਸੱਚ ਦੀ ਪ੍ਰਵਾਹ, ਨਾ ਧਰਮ ਦੀ ਪ੍ਰਵਾਹ, ਨਾ ਲੋਕ ਲਾਜ ਦੀ ਪ੍ਰਵਾਹ; ਸਭ ਕੁਝ ਭੁੱਲ ਗਿਆ। ਚੇਲੇ ਸਾਜ ਵਜਾਉਂਦੇ ਨੇ ਤੇ ਗੁਰੂ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਨੱਚਦੇ ਨੇ, ਆਪਣੇ ਚੇਲਿਆਂ ਦੀ ਗਿਣਤੀ ਵਧਾਉਂਦੇ ਨੇ ਕਿਉਂਕਿ ਆਪਣੇ ਵਿਚ ਉਹ ਗੁਣ ਨਹੀਂ ਰਹੇ, ਉਹ ਸ਼ਕਤੀ ਨਹੀਂ ਰਹੀ ਜਿਸ ਦੇ ਨਾਲ ਲੋਕਾਂ ਦੀ ਸ਼ਰਧਾ ਬਣੇ। ਸਾਰੇ ਪਾਸੇ ਮਾਇਆ ਦਾ ਪਸਾਰਾ ਹੋ ਗਿਆ, ਪੈਸਾ ਹੀ ਪੈਸਾ ਹੋ ਗਿਆ; ਜਨਤਾ ਤੋਂ ਰਾਜੇ ਲੋਕ, ਹਾਕਮ ਲੋਕ ਰਿਸ਼ਵਤਾਂ ਲੈਂਦੇ ਨੇ, ਵੱਢੀਆਂ ਲੈ ਕੇ ਹੱਕ ਗੁਆ ਦਿੰਦੇ ਨੇ। ਇਨਸਾਫ ਖਤਮ ਹੋ ਗਿਆ – ਨਾ ਮੰਦਰਾਂ ਵਿਚ, ਨਾ ਮਸਜਿਦਾਂ ਵਿਚ; ਕੇਵਲ ਪੈਸੇ ਵਾਲੇ ਦਾ ਬੋਲ-ਬਾਲਾ ਹੋ ਗਿਆ। ਮਸਜਿਦ ਨੂੰ ਮੰਨਣ ਵਾਲਾ ਮੰਦਰ ਨੂੰ ਨਹੀਂ ਦੇਖਣਾ ਚਾਹੁੰਦਾ, ਹਰ ਵਕਤ ਢਾਹੁਣ ਦੀ ਸੋਚਦਾ ਹੈ ਅਤੇ ਮੰਦਰ ਵਾਲਾ ਮਸਜਿਦ ਨੂੰ ਬੁਰੀ ਨਿਗ੍ਹਾ ਨਾਲ ਦੇਖਦਾ ਹੈ, ਈਰਖਾ ਕਰਦਾ ਹੈ, ਪਰ ਹੈ ਦੋਵੇਂ ਹੀ ਰੱਬ ਦੇ ਘਰ। ਦੋਵੇਂ ਥਾਵਾਂ ਤੇ ਰੱਬ ਦੀ ਪੂਜਾ ਹੁੰਦੀ ਹੈ; ਮਸਜਿਦ

ਨੂੰ ਮੰਨਣ ਵਾਲੇ ਲਈ ਮਸਜਿਦ ਬਣਾ ਦਿਤੀ ਅਤੇ ਮੰਦਰ ਨੂੰ ਮੰਨਣ ਵਾਲੇ ਲਈ ਮੰਦਰ ਬਣਾ ਦਿਤਾ; ਇਕੋ ਧਰਤੀ ਤੇ ਬਣੇ ਹੋਏ ਨੇ, ਓਹੀ ਇੱਟਾਂ ਲੱਗੀਆਂ ਹੋਈਆਂ ਨੇ, ਇਕ ਹੀ ਰੱਬ ਦੀ ਪੂਜਾ ਹੋ ਰਹੀ ਹੈ, ਫਿਰ ਈਰਖਾ ਇਕ ਦੂਜੇ ਦੇ ਪ੍ਰਤੀ ਇਤਨੀ ਵੱਧ ਗਈ ਕਿ ਦੇਖਣਾ ਨਹੀਂ ਚਾਹੁੰਦੇ ਕਿਉਂਕਿ ਸੱਚ ਖਤਮ ਹੋ ਗਿਆ ਜੋ ਕਿ ਧੁਰੇ ਦਾ ਕੰਮ ਕਰਦਾ ਸੀ। ਧਰਮ ਦਾ ਨਾਂ-ਨਿਸ਼ਾਨ ਨਹੀਂ ਰਿਹਾ, ਕੇਵਲ ਦਿਖਾਵਾ ਹੀ ਦਿਖਾਵਾ ਰਹਿ ਗਿਆ ਹੈ। ਭਾਈ ਝੰਡਿਆ, ਜੇ ਆਮ ਲੋਕਾਂ ਦਾ ਜੀਵਨ ਦੇਖੀਏ ਤਾਂ ਉਹ ਝੂਠ ਦੇ ਉਤੇ ਹੈ, ਛਲ ਕਪਟ ਦੇ ਉਤੇ ਹੈ, ਪਿਆਰ ਨਾਂ ਦੀ ਚੀਜ਼ ਖਤਮ ਹੋ ਗਈ, ਪਿਆਰ ਨਫਰਤ ਵਿਚ ਬਦਲ ਚੁੱਕਾ ਹੈ, ਭਾਈਚਾਰਾ ਖਤਮ ਹੋ ਗਿਆ, ਜੇ ਰਾਜਸੀ ਤੌਰ ਤੇ ਦੇਖਦੇ ਹਾਂ ਤਾਂ ਪਰਜਾ ਆਪਣੇ ਹੱਕਾਂ ਦੀ ਰਾਖੀ ਨਹੀਂ ਕਰ ਰਹੀ। ਜਿਵੇਂ ਭੇਡਾਂ ਨੂੰ ਕੋਈ ਅੱਗੇ ਲਗਾ ਕੇ ਤੁਰ ਪਵੇ, ਐਸ ਤਰ੍ਹਾਂ ਦੀ ਹਾਲਤ ਹੋ ਗਈ। ਕਿਸੇ ਦੇ ਅੰਦਰ ਅਣਖ ਨਾ ਰਹੀ, ਕੋਈ ਆਪਣੀ ਇਜ਼ਤ ਨਹੀਂ ਬਚਾ ਸਕਦਾ, ਇਸਤਰੀਆਂ ਦੀ ਪੱਤ ਆਮ ਲਹਿੰਦੀ ਹੈ। ਭਾਈ ਝੰਡਿਆ, ਸਤਿ ਵਾਲੀ ਇਸਤਰੀ ਤਾਂ ਸੀ - ਦਰੋਪਤੀ। ਉਸਦੇ ਅੰਦਰ ਸੱਤਿ ਦੀ ਹੋਂਦ ਕਾਇਮ ਸੀ ਜਿਸ ਕਰਕੇ ਬੇਅੰਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਸਦੇ ਕੋਈ ਵਸਤਰ ਨਾ ਉਤਾਰ ਸਕਿਆ, ਉਸਨੂੰ ਕੋਈ ਨਗਨ ਨਾ ਕਰ ਸਕਿਆ। ਸਤਿ ਹੋਣ ਕਰਕੇ ਹੀ ਉਸਦੀ ਪੱਤ ਰੱਖਣ ਲਈ ਪ੍ਰਮੇਸ਼ਰ ਨੂੰ ਆਉਣਾ ਪਿਆ। ਹੁਣ ਤਾਂ ਸਮਾਜ ਦਾ ਢਾਂਚਾ ਹੀ ਵਿਗੜ ਗਿਆ। ਸੱਚ ਦਾ ਤਾਂ ਪਤਾ ਹੀ ਨਹੀਂ ਕਿਧਰ ਚਲਾ ਗਿਆ, ਕਾਲ ਪੈ ਗਿਆ। ਜਿਹੜੇ ਸਾਧੂ ਨੇ, ਉਨ੍ਹਾਂ ਦੇ ਪਹਿਰਾਵੇ ਬਹੁਤ ਵਧੀਆ ਨੇ, ਭੇਖ ਬਹੁਤ ਵਧੀਆ ਬਣਾਏ ਹੋਏ ਨੇ। ਉਨ੍ਹਾਂ ਨੇ ਸੱਤਿ ਦੀ ਘਾਟ ਹੋਣ ਕਰਕੇ ਏਜੰਟ ਰੱਖੇ ਹੋਏ ਨੇ, ਉਨ੍ਹਾਂ ਨਾਲ ਕਮਿਸ਼ਨ ਬੰਨ੍ਹੇ ਹੋਏ ਨੇ, ਉਹ ਲੋਕਾਂ ਵਿਚ ਜਾਂਦੇ ਨੇ ਤੇ ਝੂਠੀਆਂ ਕਹਾਣੀਆਂ ਦੱਸ-ਦੱਸ ਕੇ ਲੋਕਾਂ ਨੂੰ ਉਥੇ ਲੈ ਕੇ ਆਉਂਦੇ ਨੇ, ਦੂਜਿਆਂ ਦੀ ਨਿੰਦਿਆ ਕਰਦੇ ਨੇ। ਸੰਸਾਰ ਕਿੱਧਰ ਨੂੰ ਜਾਏਗਾ, ਜਗਿਆਸੂ ਨੂੰ ਸੇਧ ਕਿਥੋਂ ਮਿਲੇਗੀ? ਦੱਸਣ ਵਾਲਾ ਹੀ ਕੋਈ ਨਹੀਂ ਰਿਹਾ ਕਿਉਂਕਿ ਦੱਸਣ ਵਾਲੇ ਤਾਂ ਆਪ ਹੀ ਭੁੱਲੇ ਹੋਏ ਨੇ। ਮੇਰੇ ਸਤਿਗੁਰੂ ਤਾਂ ਇਉ ਕਹਿੰਦੇ ਨੇ ਕਿ ਅੰਨ੍ਹੇ ਬੰਦੇ ਆਗੂ ਬਣ ਗਏ ਤੇ ਇਸ ਤਰ੍ਹਾਂ ਦੀ ਜਦੋਂ ਹਾਲਤ ਹੋ ਜਾਵੇ, ਫੇਰ-

***ਅੰਨ੍ਹੈ ਅੰਨਾ ਖੂਹੀ ਠੇਲੇ॥*** ***ਭਾਈ ਗੁਰਦਾਸ ਜੀ, ਵਾਰ 15/5***

ਅੰਨ੍ਹਾ ਅੰਨ੍ਹੇ ਨੂੰ ਖੂਹ ਦੇ ਵਿਚ ਧੱਕਾ ਦੇ ਕੇ ਸੁੱਟ ਰਿਹਾ ਹੈ। ਸੋ ਭਾਈ ਝੰਡਿਆ, ਏਸ ਕਰਕੇ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜਗ੍ਹਾ-ਜਗ੍ਹਾ ਜਾਂਦੇ ਨੇ। ਜਿਥੇ ਵੀ ਕੋਈ ਜਗਿਆਸੂ ਰੁਕਿਆ ਹੋਇਆ ਹੈ, ਜਿਥੇ ਲਗਨ ਵਾਲੇ ਨੂੰ ਕੋਈ ਰਾਹ ਨਹੀਂ ਮਿਲਦਾ, ਉਥੇ ਪਹੁੰਚ ਕੇ ਉਸਨੂੰ ਰਸਤਾ ਦਸਦੇ ਨੇ। ਹੁਣ ਤੂੰ ਇਸ ਤੋਂ ਅੰਦਾਜ਼ਾ ਲਗਾ ਕਿ ਕਿਥੇ ਤਾਂ ਅਸੀਂ ਅਸਾਮ ਵਿਚ ਸੀ ਅਤੇ ਕਿਥੇ ਅਸੀਂ ਆ ਗਏ ਸੋਨ ਨਗਰੀ ਦੇ ਅੰਦਰ, ਸੋਨ ਦੇਸ਼ ਦੇ ਅੰਦਰ। ਤੁਸੀਂ ਕਿਥੇ ਬੈਠੇ ਹੋਂ - ਜਖੀਰੇ ਦੇ ਵਿਚ-ਚਿਟਾਂਗਾਂਗ, ਤੇ ਮੇਰੇ ਸਤਿਗੁਰੂ ਨੇ ਏਥੇ ਆ ਕੇ ਟੋਲ੍ਹ (ਲੱਭ) ਲਿਆ ਤੇ ਮੈਨੂੰ ਉਨ੍ਹਾਂ ਨੇ ਭੇਜਿਆ

ਹੈ। ਜ਼ਰੂਰ ਉਨ੍ਹਾਂ ਨੇ ਤੁਹਾਡੇ ਅੰਦਰੋਂ ਕੋਈ ਖਾਮੀਆਂ ਦੂਰ ਕਰਨੀਆਂ ਹੋਣੀਆਂ ਨੇ ਜਿਹੜੇ ਇਤਨੀ ਦੂਰੋਂ ਆਏ ਨੇ ਤੇ ਤੁਹਾਨੂੰ ਬੁਲਾਇਆ ਹੈ। ਭਾਈ ਝੰਡਾ ਕਹਿਣ ਲੱਗਿਆ ਕਿ ਭਾਈ ਮਰਦਾਨਾ, ਮੈਂ ਤੇਰੇ ਬਚਨਾਂ ਦੀ ਕੀਮਤ ਕਿਵੇਂ ਦੇਵਾਂ? ਮੇਰੇ ਹਿਰਦੇ ਦੇ ਅੰਦਰ ਤਾਂ ਤਰੰਗਾਂ ਉਠਣੀਆਂ ਸ਼ੁਰੂ ਹੋ ਗਈਆਂ ਨੇ ਕਿ ਤੂੰ ਐਨੀਆਂ ਪਿਆਰੀਆਂ ਤੇ ਮਿੱਠੀਆਂ ਗੱਲਾਂ ਉਸ ਦੀਆਂ ਸੁਣਾ ਰਿਹਾ ਹੈਂ, ਤੇਰਾ ਸਤਿਗੁਰੂ ਐਨਾ ਵੱਡਾ ਪਰਉਪਕਾਰੀ ਹੈ, ਪਿਆਰਿਆ! ਤੂੰ ਐਨੇ ਪਿਆਰੇ ਬਚਨ ਸੁਣਾ ਰਿਹਾ ਹੈਂ; ਮੈਂ ਇਸਦੇ ਬਦਲੇ ਵਿਚ ਤੈਨੂੰ ਕੀ ਦੇਵਾਂ? ਪੈਸੇ ਦੇਣ ਨਾਲ ਤਾਂ ਇਸ ਦਾ ਮੁੱਲ ਨਹੀਂ ਉਤਾਰਿਆ ਜਾ ਸਕਦਾ। ਗੁਰੂ ਮਹਾਰਾਜ ਕਹਿੰਦੇ ਨੇ ਕਿ ਪਿਆਰਿਆ! ਜੇ ਮੁੱਲ ਦੇਣਾ ਹੈ ਤਾਂ –

***ਧਾਰਨਾ – ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆਂ –2, 2.***
***ਮੇਰੇ ਪਿਆਰੇ, ਗੱਲਾਂ ਜੋ ਸੁਣਾਵੇ ਤੇਰੀਆਂ–2, 2***
***ਸੀਸ ਵੱਢ ਕੇ..................–2.***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ – 558***

"ਭਾਈ ਮਰਦਾਨਾ, ਮੈਂ ਤਾਂ ਕੁਰਬਾਨ ਜਾਂਦਾ ਹਾਂ, ਮੇਰਾ ਜੀਅ ਕਰਦਾ ਹੈ ਕਿ ਮੈਂ ਹੁਣੇ ਹੀ ਜਾ ਕੇ ਤੇਰੇ ਸਤਿਗੁਰੂ ਦੇ ਦਰਸ਼ਨ ਕਰਾਂ। ਮੇਰੇ ਤਾਂ ਸੁੱਤੇ ਪਏ ਦੇ ਭਾਗ ਜਾਗ ਪਏ, ਮੇਰੇ ਅੰਦਰ ਸ਼ਾਂਤੀ ਆ ਰਹੀ ਹੈ।"

"ਝੰਡਿਆ! ਤੇਰੇ ਵਾਸਤੇ ਹੀ ਗੁਰੂ ਨਾਨਕ ਏਥੇ ਪਹੁੰਚੇ ਨੇ।"

"ਬਹੁਤ ਨਮੋਸ਼ੀ ਆਈ ਹੋਈ ਸੀ। ਮੈਂ ਤੇ ਮੇਰਾ ਮਿੱਤਰ ਬਹੁਤ ਉਦਾਸ ਹੋਏ ਹੋਏ ਸੀ। ਉਹ ਜੇ ਇਥੇ ਹੁੰਦਾ, ਕਿੰਨਾਂ ਖੁਸ਼ ਹੋਣਾ ਸੀ ਤੇਰੀਆਂ ਗੱਲਾਂ ਸੁਣ ਕੇ। ਪਰ ਭਾਈ ਮਰਦਾਨਾ! ਪ੍ਰਸ਼ਾਦਾ ਤਾਂ ਤਿਆਰ ਹੋ ਰਿਹਾ ਹੈ, ਤੂੰ ਮੈਨੂੰ ਇਹ ਤਾਂ ਦੱਸ ਕਿ ਗੁਰੂ ਨਾਨਕ ਦਾ ਮਾਰਗ ਕੀ ਹੈ?"

ਮਰਦਾਨਾ ਕਹਿਣ ਲੱਗਿਆ, ਭਾਈ ਝੰਡਾ! ਜੁਗ ਜੁਗ ਜੀਉ। ਤੂੰ ਬਹੁਤ ਚੰਗਾ ਸਵਾਲ ਕੀਤਾ ਹੈ। ਗੁਰੂ ਨਾਨਕ ਦਾ ਮਾਰਗ ਪਿਛਲੇ ਮਾਰਗਾਂ ਤੋਂ ਵਿਪਰੀਤ ਹੈ, ਵੱਖਰਾ ਹੈ। ਉਨ੍ਹਾਂ ਨੇ ਸੰਸਾਰ ਦੀ ਨਬਜ਼ ਪਛਾਣੀ ਹੈ, ਬੰਦੇ ਦੀ Psychology (ਮਨੋਭਾਵ) ਦੇਖੀ ਹੈ, ਮਨੋਵਿਗਿਆਨਕ ਤੌਰ ਤੇ ਬੰਦੇ ਨੂੰ ਸਮਝਿਆ ਹੈ। ਬੰਦਾ ਕਲਜੁਗ ਵਿਚ ਜਾ ਰਿਹਾ ਹੈ ਜਿਥੇ ਵਿਸ਼ੇ ਵਾਸ਼ਨਾ ਨੇ ਇਸਨੂੰ ਘੇਰਿਆ ਹੋਇਆ ਹੈ। ਭਾਈ ਝੰਡਾ! ਮੇਰੇ ਸਤਿਗੁਰੂ ਲੰਮੀ ਸਾਧਨਾ ਦੇ ਵਿਚ ਨਹੀਂ ਪਾਉਂਦੇ। ਪ੍ਰਾਣਾਯਾਮ ਦਾ ਸਾਧਨ ਕਿੰਨਾ ਔਖਾ ਹੈ। ਹੈ ਕੋਈ ਬੰਦਾ ਐਸਾ ਕਲਜੁਗ ਦੇ ਅੰਦਰ ਜਿਹਦਾ ਆਚਾਰ, ਵਿਚਾਰ, ਵਿਹਾਰ ਸ਼ੁੱਧ ਹੋਵੇ। ਜੇ ਆਚਾਰ, ਵਿਚਾਰ, ਵਿਹਾਰ ਸ਼ੁਧ ਨਹੀਂ ਹੈ, ਉਹ ਤਾਂ ਪ੍ਰਾਣਾਯਾਮ ਕਰ ਹੀ ਨਹੀਂ ਸਕਦਾ ਕਿਉਂਕਿ ਭਾਈ ਝੰਡਾ, ਤੂੰ ਜਾਣਦਾ ਹੈਂ ਕਿ

ਪ੍ਰਾਣਾਯਾਮ ਪੂਰਨ ਬ੍ਰਹਮਚਰੀਆ ਤੋਂ ਬਗੈਰ ਹੋ ਨਹੀਂ ਸਕਿਆ ਕਰਦਾ ਕਿਉਂਕਿ ਇਸ ਨਾਲ ਦਿਮਾਗ ਦੇ ਉਤੇ pressure (ਦਬਾਅ) ਪੈਂਦਾ ਹੈ। ਬ੍ਰਹਮਚਰੀਆ ਕਿਸੇ ਦਾ ਹੈ ਨਹੀਂ - ਕਲਜੁਗ ਦੇ ਅੰਦਰ। ਕੋਈ ਜਾਣਦਾ ਹੀ ਨਹੀਂ, ਕੋਈ ਇਹ ਗੱਲ ਸੁਣਨ ਲਈ ਤਿਆਰ ਹੀ ਨਹੀਂ ਹੈ। ਕਲਜੁਗ ਦੇ ਬੰਦਿਆਂ ਦੀਆਂ ਬਿਰਤੀਆਂ ਬਹੁਤ ਨੀਵੀਆਂ ਆ ਗਈਆਂ, ਭੋਗ ਬਿਰਤੀਆਂ ਹੋ ਗਈਆਂ, ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਜਾ ਸਕਦਾ। ਇਨ੍ਹਾਂ ਮੂਰਖਾਂ ਨੂੰ ਪਤਾ ਨਹੀਂ ਹੈ ਕਿ ਭੋਗਾਂ ਵਿਚ ਪੈ ਕੇ ਕੀ ਹੁੰਦਾ ਹੈ -

*...........ਬਹੁ ਸਾਦਹੁ ਵਧਿਆ ਰੋਗੁ॥* *ਪੰਨਾ - 785*

ਭੋਗਾਂ ਦੇ ਵਿਚ, ਸਵਾਦਾਂ ਦੇ ਵਿਚ ਪੈ ਕੇ ਰੋਗ ਉਪਜਦੇ ਹਨ, ਪਰਮੇਸ਼ਰ ਨੂੰ ਭੁੱਲ ਕੇ ਬਿਮਾਰੀਆਂ ਆ ਜਾਂਦੀਆਂ ਨੇ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* *ਪੰਨਾ - 135*

ਇਹ ਐਸੀ ਭੁੱਲ ਦੇ ਵਿਚ ਪਏ ਹੋਏ ਨੇ ਕਿ ਨਾਮ ਦੀ ਦਵਾਈ ਬਾਰੇ ਜਾਣਦੇ ਹੀ ਨਹੀਂ। ਪ੍ਰਾਣਾਯਾਮ ਦੇ ਨਾਲ ਕਿੰਨੀ heat (ਗਰਮੀ) ਵੱਧ ਜਾਂਦੀ ਹੈ - ਸਰੀਰ ਦੇ ਅੰਦਰ, ਬਹੁਤ ਸਖਤ ਰਸਤਾ ਹੈ। ਫੇਰ ਜਾ ਕੇ ਕਿਤੇ ਭੁਜੰਗਾ ਨਾੜੀ ਦਾ ਮੂੰਹ ਖੁਲ੍ਹਦਾ ਹੈ, ਫੇਰ ਉਹਦੀ ਸ਼ਕਤੀ ਦੇ ਨਾਲ ਹੌਲੀ ਹੌਲੀ ਮੂਲਧਾਰ ਚੱਕਰ ਤੋਂ ਬਿਰਤੀ ਚੜ੍ਹਨੀ ਸ਼ੁਰੂ ਹੁੰਦੀ ਹੈ, ਫੇਰ ਸਵਾਧਿਸ਼ਠਾਨ ਚੱਕਰ ਦੇ ਕੋਲ ਚਲੀ ਗਈ, ਨਾਭੀ ਦੇ ਕੋਲ ਮਨੀਪੂਰਕ ਚੱਕਰ ਕੋਲ ਚਲੀ ਗਈ। ਜਿਥੇ ਕੌਡੀ ਹੈ ਉਥੇ ਅਨਾਹਤ ਚੱਕਰ ਹੈ, ਗਲ ਦੇ ਵਿਚ, ਕੰਠ ਦੇ ਵਿਚ ਵਿਸ਼ੁੱਧ ਚੱਕਰ ਆ ਗਿਆ। ਵੱਖਰੀਆਂ-ਵੱਖਰੀਆਂ ਅਵਾਜ਼ਾਂ ਨੇ, ਵੱਖਰੇ ਵੱਖਰੇ ਅੱਖਰ ਨੇ, ਫੁੱਲ ਵਖਰੇ ਨੇ, ਫੁੱਲਾਂ ਦੇ ਰੰਗ ਵੱਖਰੇ ਨੇ, ਲਾਈਟਾਂ ਦੇ ਰੰਗ ਵੱਖਰੇ ਨੇ। ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਵਿਚ ਆਗਿਆ ਚੱਕਰ ਹੈ। ਉਸ ਤੋਂ ਬਾਅਦ ਤ੍ਰਿਕੁਟੀ ਆ ਗਈ, ਦਸਵਾਂ ਦੁਆਰ ਆ ਗਿਆ। ਫੇਰ ਉਸ ਤੋਂ ਅੱਗੇ ਜਿਥੇ ਜਾਣਾ ਹੈ, ਰਾਹ ਨਹੀਂ ਲਭਦਾ। ਦਸਵੇਂ ਦੁਆਰ ਤੱਕ ਤਾਂ ਪਹੁੰਚ ਗਿਆ ਲੇਕਿਨ ਅਗਲਾ ਕਦਮ ਕਿਵੇਂ ਪੁਟੇਗਾ? ਕੋਈ ਨਹੀਂ ਐਸੀ ਸੋਝੀ ਵਾਲਾ। ਬੜੇ ਬੜੇ ਮਹਾਤਮਾ ਦੇਖੇ ਨੇ ਦੋਹਾਂ ਦੇ - ਇਸਲਾਮ ਵਾਲਿਆਂ ਦੇ ਵੀ ਦੇਖੇ ਤੇ ਹਿੰਦੂਆਂ ਦੇ ਵੀ ਦੇਖੇ; ਮੈਂ ਤਾਂ ਗੁਰੂ ਮਹਾਰਾਜ ਦੇ ਨਾਲ ਹੀ ਰਹਿੰਦਾ ਹਾਂ। ਉਨ੍ਹਾਂ ਸਾਧੂਆਂ ਕੋਲ ਸ਼ਕਤੀਆਂ ਨੇ, ਜਾਦੂ ਨੇ, ਛੋਟੀ ਜਿਹੀ ਗੱਲ ਤੇ ਉਨ੍ਹਾਂ ਨੂੰ ਕ੍ਰੋਧ ਆ ਜਾਂਦਾ ਹੈ, ਸਰਾਪ ਦੇ ਦਿੰਦੇ ਨੇ। ਇਕ ਮੇਰੀ ਹੀ ਜਾਤ ਦਾ ਪੀਰ ਸੀ-ਹਮਜਾਗੌਂਸ, ਉਹ ਸ਼ਹਿਰ ਹੀ ਗਰਕ ਕਰਨ ਲੱਗਿਆ ਸੀ। ਸ਼ਕਤੀਆਂ ਦੇ ਨਾਲ ਕ੍ਰੋਧ ਹੱਦ ਤੋਂ ਜ਼ਿਆਦਾ ਵਧ ਜਾਂਦਾ ਹੈ, ਮਾਣ ਹੱਦ ਤੋਂ ਜਿਆਦਾ ਵਧ ਜਾਂਦਾ ਹੈ, ਇਥੋਂ ਤੱਕ ਪਹੁੰਚ ਜਾਂਦਾ ਹੈ ਕਿ ਜ਼ਰਾ ਕੁ ਜਿੰਨਾ ਮਾਣ-ਮਰਿਯਾਦਾ ਭੰਗ ਹੋਈ, ਉਸੇ ਵੇਲੇ ਸਰਾਪ ਦੇ ਕੇ ਬੇੜਾ ਗਰਕ ਕਰ ਦਿੰਦਾ ਹੈ। ਝੰਡਿਆ! ਹੁਣ ਸ਼ਾਂਤੀ ਨਹੀਂ ਕਿਸੇ ਵਿਚ ਰਹੀ, ਅਸ਼ਾਂਤੀ ਦੇ ਹੀ ਭਾਂਬੜ ਮਚ ਰਹੇ ਨੇ। ਮੇਰੇ ਸਤਿਗੁਰੂ ਨੇ ਇਹਨਾਂ ਸਾਰੀਆਂ ਗੱਲਾਂ ਦਾ ਅਧਿਐਨ ਕੀਤਾ ਹੈ। ਇਹ ਦੇਖਿਆ ਹੈ ਕਿ ਇਥੇ ਸਾਰਾ ਪਾਖੰਡ ਹੀ

ਪਾਖੰਡ ਹੈ, ਝੂਠ ਹੀ ਝੂਠ ਹੈ, ਕੂੜ ਹੈ, ਪਾਪ ਹੈ, ਸੱਚ ਨਾਂ ਦੀ ਕੋਈ ਚੀਜ਼ ਨਜ਼ਰੀ ਨਹੀਂ ਪੈਂਦੀ, ਰੋਸ਼ਨੀ ਖਤਮ ਹੋ ਗਈ, ਹਨ੍ਹੇਰਾ ਛਾ ਗਿਆ, ਕੂੜ ਦੀ ਮੱਸਿਆ ਹੋ ਗਈ। ਮੇਰੇ ਸਤਿਗੁਰੂ ਤਾਂ ਸੱਚ ਦੀ ਤਲਾਸ਼ ਵਿਚ ਹੀ ਤੁਰੇ ਹੋਏ ਨੇ, ਹਨ੍ਹੇਰੇ ਵਿਚ ਰਾਹ ਨਹੀਂ ਦਿਸ ਰਿਹਾ। ਜਗਿਆਸੂ ਕੋਈ ਵਿਰਲਾ ਹੈ ਜਿਸ ਦੇ ਮਨ ਅੰਦਰ ਤਾਂਘ ਹੈ, ਭਾਵੇਂ ਉਹ ਕਿਤੇ ਵੀ ਹੈ, ਤੜਪ ਰਿਹਾ ਹੈ, ਉਹਨੂੰ ਕੋਈ ਰਾਹ ਨਹੀਂ ਲੱਭ ਰਿਹਾ। ਕਿਤੇ ਤਾਂਤਰਿਕ ਆ ਗਏ, ਮੰਤਰਾਂ ਦਾ ਜਾਪ ਕਰਾਈ ਜਾਂਦੇ ਨੇ। ਇਹਦੇ ਨਾਲ ਹੁੰਦਾ ਕੀ ਹੈ; ਰਿਧੀਆਂ ਸਿਧੀਆਂ ਆ ਜਾਂਦੀਆਂ ਨੇ, ਸ਼ਕਤੀਆਂ ਆ ਜਾਂਦੀਆਂ ਨੇ ਤੇ ਲੋਕਾਂ ਵਿਚ ਮਾਨਤਾ ਹੋਣੀ ਸ਼ੁਰੂ ਹੋ ਜਾਂਦੀ ਹੈ, ਇਕੱਠ ਹੋਣੇ ਸ਼ੁਰੂ ਹੋ ਜਾਂਦੇ ਨੇ, ਲੋਕ ਆ ਕੇ ਪੈਸੇ ਦਿੰਦੇ ਨੇ, ਮੱਥੇ ਟੇਕਦੇ ਨੇ ਪਰ ਇਸ ਵਿਚ ਲੋਕਾਂ ਨੂੰ ਰਾਹ ਤਾਂ ਕੋਈ ਨਾ ਲੱਭਿਆ, ਰੱਬ ਦੀ ਗੱਲ ਤਾਂ ਕੋਈ ਹੋਈ ਨਾ। ਕੇਵਲ ਸ਼ਕਤੀਆਂ ਦੇ ਬਲ ਨਾਲ ਲੋਕਾਂ ਨੂੰ ਪਿਛੇ ਲਾ ਲਿਆ।

ਝੰਡਿਆ! ਜੋ ਸਿਆਣਾ ਬੰਦਾ ਹੁੰਦਾ ਹੈ, ਉਹ ਇਸ ਗੱਲ ਦੀ ਵਿਚਾਰ ਕਰਦਾ ਹੈ ਕਿ ਜਿਹਦੇ ਮਗਰ ਮੈਂ ਲੱਗਿਆ ਹੋਇਆ ਹਾਂ, ਕੀ ਇਹ ਪਾਰ ਲਗਾ ਦੇਵੇਗਾ? ਪਰ ਉਹ ਤਾਂ ਆਪ ਹੀ ਡੁਬੇ ਹੋਏ ਨੇ। ਜਿਹੜਾ ਆਪ ਡੁੱਬਿਆ ਹੋਇਆ ਹੈ ਉਹ ਕਿਸੇ ਨੂੰ ਕਿਵੇਂ ਪਾਰ ਲਾ ਦੇਵੇਗਾ, ਉਹਨੂੰ ਤਾਂ ਆਪਣਾ ਹੀ ਖਤਰਾ ਹੈ। ਇਕ ਕਿਸ਼ਤੀ ਪਾਣੀ ਵਿਚ ਡੁੱਬੀ ਹੋਈ ਹੈ। ਜੇ ਬੰਦਾ ਕਹੇ ਮੈਂ ਇਹਦੇ ਉਤੇ ਚੜ੍ਹ ਕੇ ਪਾਰ ਲੰਘ ਜਾਵਾਂ, ਇਹ ਕਿਵੇਂ ਹੋ ਸਕਦਾ ਹੈ? ਉਸਦੇ ਬਾਰੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਇਸ ਦਾ ਦਿਮਾਗ ਉਥੇ ਤੱਕ ਕੰਮ ਨਹੀਂ ਕਰਦਾ ਕਿ ਇਹ ਆਪਣੇ ਭਲੇ ਵਾਸਤੇ ਵੀ ਸੋਚ ਸਕੇ। ਸੋ ਇਹ ਹਾਲਤ ਸੰਸਾਰ ਦੀ ਬਣੀ ਹੋਈ ਹੈ। ਮੇਰੇ ਸਤਿਗੁਰੂ ਨੇ ਤਾਂ ਬੜਾ ਹੀ ਸੁਖੈਨ (ਸੁਖਾਲਾ) ਮਾਰਗ ਚੁਣਿਆ ਹੈ। ਉਹ ਇਹ ਹੈ ਕਿ ਉਨ੍ਹਾਂ ਨੇ ਸੁਰਤਿ ਨੂੰ ਫੜਿਆ ਹੈ, ਸਾਹ ਨੂੰ ਨਹੀਂ ਫੜਿਆ। ਝੰਡਿਆ! ਤੂੰ ਸੁਰਤਿ ਨੂੰ ਜਾਣਦਾ ਹੈਂ ਨਾ! ਆਪਾਂ ਹਰ ਵਕਤ ਕੁਛ ਨਾ ਕੁਛ ਸੋਚੀ ਜਾਂਦੇ ਹਾਂ। ਇਹ ਜਿਹੜਾ ਸੋਚਣਾ ਹੈ –

***ਚਿੰਤਤ ਹੀ ਦੀਸੈ ਸਭੁ ਕੋਇ॥***
***ਚੇਤਹਿ ਏਕੁ ਤਹੀ ਸੁਖੁ ਹੋਇ॥*** ***ਪੰਨਾ – 932***

ਮੇਰੇ ਸਤਿਗੁਰੂ ਕਹਿੰਦੇ ਨੇ ਕਿ ਇਹ ਤਾਂ ਬੇ-ਮਤਲਬ ਦੀ ਸੋਚ ਹੈ, ਇਹਦੇ ਨਾਲ ਕੁਝ ਵੀ ਸੰਵਰਦਾ ਨਹੀਂ। ਇਸ ਸੋਚ ਦੇ ਵਿਚੋਂ ਮਨ ਖਿਚ ਲਿਆ ਜਾਵੇ ਅਤੇ ਸੁਰਤ ਇਕ ਨੂੰ ਚੇਤਣ ਲਗ ਜਾਵੇ। ਬੱਸ ਐਨੀ ਹੀ ਗੱਲ ਹੈ। ਭਾਈ ਝੰਡਾ ਕਹਿਣ ਲਗਿਆ, ਭਾਈ ਮਰਦਾਨਾ! ਮੈਂ ਤੁਹਾਡੀ ਗੱਲ ਸਮਝ ਨਹੀਂ ਸਕਿਆ। ਤੇਰੀ ਗੱਲ ਤਾਂ ਸੁਖਾਲੀ ਜਿਹੀ ਹੈ, ਦੋ ਅੱਖਰੀ ਗੱਲ ਹੈ ਪਰ ਇਹਦੇ ਅੰਦਰ ਬਹੁਤ ਗਹਿਰਾ ਸਿਧਾਂਤ ਛੁਪਿਆ ਹੋਇਆ ਲਗਦਾ ਹੈ ਪਰ ਮੇਰੀ ਸਮਝ ਵਿਚ ਨਹੀਂ ਆਇਆ। ਇਹ ਗੱਲ ਮੈਂ ਤਾਂ ਸੁਣੀ ਨਹੀਂ ਅੱਜ ਤੱਕ। ਭਾਈ ਝੰਡਾ! ਆਦਮੀ ਦੇ ਅੰਦਰ ਕੁਛ ਤਾਂ ਜਾਗਦਾ ਹੈ। ਕਹਿੰਦਾ ਹਾਂ, ਸੁਰਤ ਜਾਗਦੀ ਹੈ। ਕਹਿੰਦੇ ਬੱਸ ਫੇਰ ਸੁਰਤ ਨੂੰ ਫੜ ਲੈ। ਮੇਰੇ ਸਤਿਗੁਰੂ ਇਹੋ ਗੱਲ ਦੱਸਦੇ ਨੇ, ਉਹ ਸੁਰਤ ਨੂੰ ਸ਼ਬਦ ਦੇ ਨਾਲ ਲਾ ਦਿੰਦੇ ਨੇ, ਸ਼ਬਦ ਦੀ ਜਿਹੜੀ ਧੁਨੀ ਹੈ,

ਉਹਦੇ ਨਾਲ ਲਾ ਦਿੰਦੇ ਨੇ। ਇਹਨੂੰ ਸੁਰਤਿ ਸਬਦਿ ਦਾ ਮਾਰਗ ਕਹਿੰਦੇ ਨੇ, ਇਹੀ ਮਾਰਗ ਉਨ੍ਹਾਂ ਨੇ ਸੰਸਾਰ ਨੂੰ ਦੱਸਿਆ ਹੈ ਜੇ ਕਿ ਬਹੁਤ ਸੁਖਾਲਾ ਜਿਹਾ ਹੈ। ਉਹਦੇ ਵਿਚ ਗ੍ਰਹਿਸਤੀ ਨੂੰ ਕੋਈ ਤਕਲੀਫ ਨਹੀਂ ਹੁੰਦੀ, ਜਿਹਦਾ ਦਿਮਾਗ ਕਮਜ਼ੋਰ ਹੈ ਉਹਨੂੰ ਕੋਈ ਮੁਸ਼ਕਲ ਨਹੀਂ ਆਉਂਦੀ। ਜੇ ਕੋਈ ਬੰਦਾ ਕਾਰੋਬਾਰ ਕਰਦਾ ਹੈ, ਖੇਤੀ ਕਰਦਾ ਹੈ, ਉਹਨੂੰ ਵਿਹਲ ਕੱਢਣ ਦੀ ਲੋੜ ਨਹੀਂ ਹੈ। ਕਾਰੋਬਾਰ ਵੀ ਕਰੋ ਤੇ ਸੁਰਤਿ ਨੂੰ ਲਾ ਰੱਖੋ ਸ਼ਬਦਿ ਦੇ ਨਾਲ। ਮਨ ਨੂੰ ਰੋਕ ਕੇ ਸੁਰਤਿ ਨੂੰ ਸ਼ਬਦ ਦੇ ਨਾਲ ਲਾ ਲੈਣਾ ਹੈ। ਮੇਰੇ ਸਤਿਗੁਰੂ ਕਹਿੰਦੇ ਨੇ -

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥***
***ਪੰਨਾ - 938***

ਸੋ ਉਨ੍ਹਾਂ ਨੇ ਨਾਮ ਨੂੰ ਮਹੱਤਤਾ ਦੇ ਕੇ ਹੋਕਾ ਦਿਤਾ ਹੈ ਕਿ ਪਿਆਰਿਓ! ਜਿਹੜੇ ਪਹਿਲੇ ਜੁਗ ਸਨ, ਉਨ੍ਹਾਂ ਦਾ ਵਾਤਾਵਰਣ ਬਹੁਤ ਸਾਫ ਸੁਥਰਾ ਸੀ। ਸਤਿਜੁਗ ਦੇ ਵਿਚ ਸਾਰੇ ਸੱਤਿ ਬੋਲਦੇ ਸੀ, ਕੋਈ ਝੂਠ ਨਹੀਂ ਸੀ ਬੋਲਦਾ, ਪਰਮਹੰਸ ਸੀ ਸਾਰੇ। ਤ੍ਰੇਤੇ ਤੇ ਦੁਆਪਰ ਵਿਚ ਮਨੁੱਖਾਂ ਦੀ ਨੀਵੇਂ ਪੱਧਰ ਤੇ ਸੁਰਤਿ ਆ ਗਈ, ਮਨੁੱਖਾਂ ਵਿਚ ਵੱਖਰਾ-ਪਣ ਆ ਗਿਆ ਜਿਹਨੂੰ ਮੇਰੇ ਸਤਿਗੁਰੂ ਹਉਮੈ ਕਹਿੰਦੇ ਨੇ। ਹਉਮੈ ਆਉਣ ਦੇ ਨਾਲ ਇਸ ਦੀ ਆਪਣੀ ਹਸਤੀ ਵੱਖਰੀ ਹੋ ਗਈ ਅਤੇ ਨਿਰੰਕਾਰ ਵੱਖਰਾ ਹੋ ਗਿਆ। ਨਿਰੰਕਾਰ ਤੋਂ ਭਰੋਸਾ ਉਠ ਗਿਆ ਤੇ ਦੇਵਤਿਆਂ ਉਤੇ ਭਰੋਸਾ ਕਰਨ ਲਗ ਪਏ, ਉਨ੍ਹਾਂ ਦੀ ਪੂਜਾ ਕਰਨ ਲਗ ਪਏ, ਯੱਗ ਕਰਨ ਲਗ ਪਏ, ਨਿਰੰਕਾਰ ਤੋਂ ਦੂਰ ਹੋ ਗਏ। ਦੇਵਤਿਆਂ ਦੀ ਪੂਜਾ ਕਰਕੇ ਆਪਣੇ ਕੰਮ ਸ਼ੁਰੂ ਕਰਨ ਦਾ ਰਿਵਾਜ ਪੈ ਗਿਆ, ਉਨ੍ਹਾਂ ਨੂੰ ਪ੍ਰਸੰਨ ਕਰਕੇ ਪ੍ਰਗਟ ਕਰਨਾ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਹੌਲੀ-ਹੌਲੀ ਸੱਚ ਅਲੋਪ ਹੁੰਦਾ ਚਲਾ ਗਿਆ ਅਤੇ ਕੂੜ ਦਾ ਪਸਾਰਾ ਸ਼ੁਰੂ ਹੋ ਗਿਆ। ਭਾਈ ਝੰਡਾ! ਹੁਣ ਕਲਜੁਗ ਆ ਗਿਆ, ਇਹਦੇ ਵਿਚ ਨਾਮ ਨਹੀਂ ਜਪਿਆ ਜਾ ਸਕਦਾ, ਭਜਨ ਬੰਦਗੀ ਦੇ ਸਾਧਨ ਹੋ ਹੀ ਨਹੀਂ ਸਕਦੇ। ਝੂਠ ਦਾ ਐਨਾ ਬੋਲ ਬਾਲਾ ਹੋ ਗਿਆ ਹੈ ਕਿ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ। ਸਤਿਗੁਰੂ ਜੀ ਕਹਿੰਦੇ ਨੇ -

***ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥ ਪੰਨਾ - 346***

ਹੁਣ ਮਨੁੱਖ ਦੇ ਪਾਸ ਸਮਾਂ ਨਹੀਂ ਹੈ ਲੰਮੀ ਪੂਜਾ ਕਰਨ ਦਾ, ਲੰਮੀਆਂ ਸਮਾਧੀਆਂ ਲਾਉਣ ਦਾ। ਇਤਨਾ ਸਮਾਂ ਨਹੀਂ ਹੈ ਕਿ ਅਠਾਹਟ ਤੀਰਥਾਂ ਤੇ ਪੈਦਲ ਘੁੰਮਦੇ ਫਿਰੋ। ਉਤੋਂ ਜਰਵਾਣਾ ਆ ਗਿਆ, ਉਹ ਧੜਾ-ਧੜ ਮੰਦਰ ਢਾਹ ਰਿਹਾ ਹੈ, ਬੰਦਿਆਂ ਨੂੰ ਮਾਰ ਰਿਹਾ ਹੈ, ਉਨ੍ਹਾਂ ਦਾ ਧਰਮ ਬਦਲੀ ਕਰ ਰਿਹਾ ਹੈ, ਪ੍ਰਮੇਸ਼ਰ ਦੀ ਕੀਤੀ ਹੋਈ ਨੂੰ ਬਦਲ ਰਿਹਾ ਹੈ। ਨਤੀਜਾ ਕੀ ਹੋਇਆ? ਬੰਦੇ ਦੁਖੀ ਹੋ ਰਹੇ ਨੇ, ਲੁੱਟੇ ਜਾ ਰਹੇ ਨੇ, ਮਾਰੇ ਜਾ ਰਹੇ ਨੇ ਪਰ ਕਿਸੇ ਨੂੰ ਬੋਲਣ ਨਹੀਂ ਦਿਤਾ ਜਾ ਰਿਹਾ, ਕਿਸੇ ਦਾ ਵੀ ਮਨ ਨਹੀਂ ਲਗਦਾ, ਸਭ ਦੇ ਚਿਹਰਿਆਂ ਤੇ ਉਦਾਸੀ ਛਾਈ ਹੋਈ ਹੈ, ਕਿਸੇ ਦਾ ਇਕ ਦੂਜੇ ਤੇ ਵਿਸ਼ਵਾਸ ਨਹੀਂ ਰਿਹਾ, ਦੂਜੇ ਬੰਦੇ ਨੂੰ ਸੁਖੀ ਦੇਖ ਕੇ ਮਨ ਵਿਚ ਈਰਖਾ ਜਾਗਦੀ ਹੈ। ਤੇ ਹੁਣ ਤੂੰ ਹੀ ਦੱਸ ਕਿ ਇਹੋ ਜਿਹੇ ਹਾਲਾਤਾਂ ਵਿਚ

ਸੰਸਾਰ ਦਾ ਉਧਾਰ ਕਿਵੇਂ ਹੋਵੇ। ਮੇਰੇ ਸਤਿਗੁਰੂ ਨੇ ਤਾਂ ਸੰਸਾਰ ਤੇ ਆ ਕੇ ਇਹ ਹੋਕਾ ਦਿਤਾ ਹੈ, ਇਸ ਤਰ੍ਹਾਂ ਪੜ੍ਹ ਲਉ ਪਿਆਰ ਨਾਲ –

***ਧਾਰਨਾ – ਕਲੂ ਆਇਉ ਰੇ ਇਕ ਨਾਮ ਬੀਜ ਲਓ–2, 2.***
***ਨਾਮ ਬੀਜ ਲਓ, ਇਕ ਨਾਮ ਬੀਜ ਲਓ–2***
***ਕਲੂ ਆਇਓ ਰੇ,..................–2.***

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥***
***ਪੰਨਾ – 1185***

ਭਾਈ ਝੰਡਾ! ਮੇਰੇ ਸਤਿਗੁਰੂ ਕਹਿੰਦੇ ਨੇ ਕਿ ਹੁਣ ਨਾਮ ਬੀਜਣ ਦੀ ਰੁੱਤ ਆ ਗਈ ਹੈ। ਜਿਹੜਾ ਪਹਿਲਾਂ ਅਸ਼ਟਾਂਗ ਯੋਗ ਕਰਦੇ ਸੀ, ਸਾਹ ਖਿੱਚਦੇ ਸੀ – ਪ੍ਰਾਣਾਯਾਮ ਦੇ ਬਲ ਨਾਲ, ਮਹਾਰਾਜ ਕਹਿੰਦੇ ਇਹ ਹੁਣ ਹੁੰਦਾ ਨਹੀਂ। ਮੇਰੇ ਸਤਿਗੁਰੂ ਨੇ ਬਹੁਤ ਹੀ ਸੁਖਾਲਾ ਤਰੀਕਾ ਲਿਆਂਦਾ ਹੈ ਜਿਸ ਨੂੰ ਨਾਮ ਯੋਗ ਆਖਦੇ ਨੇ। ਇਸਦੇ ਨਾਲ ਖੇਚਲ ਨਹੀਂ ਹੁੰਦੀ, ਕਸ਼ਟ ਨਹੀਂ ਹੁੰਦਾ। ਉਹ ਰੁਕੇ ਹੋਇਆਂ ਨੂੰ ਰਾਹ ਦੱਸਣ ਵਾਸਤੇ ਜਗ੍ਹਾ–ਜਗ੍ਹਾ ਤੁਰੇ ਫਿਰਦੇ ਨੇ। ਉਹ ਇਹ ਦਸਦੇ ਨੇ ਕਿ ਏਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਸਭ ਜਗ੍ਹਾ ਅਤੇ ਹਰ ਸਮੇਂ ਹਾਜ਼ਰ ਹੈ – ***'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥'***

ਸੋ ਇਹ ਬਚਨ ਕਰਦਿਆਂ ਕਰਦਿਆਂ ਪ੍ਰਸ਼ਾਦਾ ਵੀ ਤਿਆਰ ਹੋ ਗਿਆ। ਅਵਾਜ਼ ਆਈ ਕਿ ਪ੍ਰਸ਼ਾਦਾ ਤਿਆਰ ਹੈ, ਟੋਕਰੇ ਵਿਚ ਪਾ ਦਿਤਾ ਹੈ, ਹੋਰ ਦਾਲ ਸਬਜ਼ੀ, ਫਲ ਆਦਿ ਸਭ ਕੁਝ ਤਿਆਰ ਕਰ ਕੇ ਰੱਖਿਆ ਪਿਆ ਹੈ। ਸੋ ਟੋਕਰਾ ਚੁੱਕ ਕੇ ਭਾਈ ਮਰਦਾਨਾ ਅਤੇ ਭਾਈ ਝੰਡਾ ਦੋਨੋਂ ਜਣੇ ਹੌਲੀ–ਹੌਲੀ ਬਚਨ ਕਰਦੇ ਤੁਰੇ ਜਾਂਦੇ ਨੇ। ਭਾਈ ਝੰਡਾ ਕ੍ਰਿਤ–ਕ੍ਰਿਤ ਹੋ ਰਿਹਾ ਹੈ, ਭਾਵਨਾ ਬੱਝ ਰਹੀ ਹੈ, ਮਨ ਵਿਚ ਸ਼ਰਧਾ ਉਤਪੰਨ ਹੋ ਰਹੀ ਹੈ, ਚਿਹਰੇ ਤੇ ਖੇੜਾ ਆ ਰਿਹਾ ਹੈ, ਜਿਉਂ ਜਿਉਂ ਕਦਮ ਵੱਧ ਰਿਹਾ ਹੈ, ਹੋਰ ਵੀ ਜ਼ਿਆਦਾ ਪਿਆਰ ਜਾਗ ਰਿਹਾ ਹੈ, ਦਰਸ਼ਨਾਂ ਦੀ ਤਾਂਘ ਵਧ ਰਹੀ ਹੈ। ਕਹਿਣ ਲੱਗਿਆ, ਭਾਈ ਮਰਦਾਨਾ! ਮੇਰੀ ਤਾਂ ਕਿਸਮਤ ਜਾਗ ਪਈ ਹੈ, ਮੈਂ ਕਿਹੜੇ ਮੂੰਹ ਨਾਲ, ਕਿਨ੍ਹਾਂ ਸ਼ਬਦਾਂ ਨਾਲ ਤੇਰੀ ਵਡਿਆਈ ਕਰਾਂ, ਕਿਵੇਂ ਮੈਂ ਇਸਦਾ ਬਦਲਾ ਦੇਵਾਂ।

ਭਾਈ ਮਰਦਾਨਾ ਅਤੇ ਭਾਈ ਝੰਡਾ ਦੋਵੇਂ ਬਚਨ ਕਰਦੇ ਜਾ ਰਹੇ ਨੇ, ਦੂਰੋਂ ਹੀ ਮਹਾਰਾਜ ਜੀ ਦੇ ਦਰਸ਼ਨ ਹੋਏ। ਭਾਈ ਮਰਦਾਨਾ ਕਹਿਣ ਲੱਗੇ ਕਿ ਉਹ ਜਿਹੜੇ ਚੌਰ ਕਰ ਰਹੇ ਨੇ, ਉਹ ਭਾਈ ਬਾਲਾ ਜੀ ਨੇ, ਮੇਰੀ ਤਰ੍ਹਾਂ ਉਹ ਵੀ ਨਾਲ ਹੀ ਰਹਿੰਦੇ ਨੇ; ਮੈਂ ਗੁਰੂ ਦਾ ਜਸ, ਹਰੀ ਦਾ ਕੀਰਤਨ ਕਰਦਾ ਹਾਂ ਤੇ ਉਹ ਚੌਰ ਕਰਦੇ ਨੇ। ਔਹ ਜਿਹੜੇ ਆਸਣ ਦੇ ਉਤੇ ਬੈਠੇ ਨੇ, ਉਹ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਨੇ। ਕੋਲ ਪਹੁੰਚ ਗਏ, ਜਾ ਕੇ ਟੋਕਰਾ ਇਕ ਪਾਸੇ ਰੱਖ ਦਿਤਾ। ਭਾਈ ਝੰਡੇ ਨੇ ਮਹਾਰਾਜ ਜੀ ਦੇ ਚਰਨਾਂ

ਤੇ ਨਮਸ਼ਕਾਰ ਕੀਤੀ। ਨਮਸ਼ਕਾਰ ਕਰਕੇ ਜਦੋਂ ਬੈਠੇ, ਮਹਾਰਾਜ ਨੇ ਪੁੱਛਿਆ, "ਭਾਈ ਝੰਡਿਆ! ਇਹ ਪ੍ਰਸ਼ਾਦਾ ਕਿਸ ਦਾ ਹੈ?" ਕਹਿਣ ਲੱਗਿਆ, "ਪਾਤਸ਼ਾਹ! ਪ੍ਰਸ਼ਾਦਾ ਤਾਂ ਪ੍ਰਮੇਸ਼ਰ ਨੇ ਭੇਜਿਆ ਹੈ।" "ਭਾਈ ਝੰਡਾ! ਤੂੰ ਪ੍ਰਮੇਸ਼ਰ ਨੂੰ ਜਾਣਦਾ ਹੈਂ?" ਚੁੱਪ ਕਰ ਗਿਆ। ਮਹਾਰਾਜ ਕਹਿੰਦੇ, "ਕੀ ਗਲ ਭਾਈ? ਜਿਹਨੇ ਪ੍ਰਸ਼ਾਦਾ ਭੇਜਿਆ ਹੈ, ਉਹਨੂੰ ਤੂੰ ਜਾਣਦਾ ਹੈਂ?" ਕਹਿੰਦਾ, "ਹਾਂ ਜੀ, ਉਹ ਪ੍ਰਮੇਸ਼ਰ ਹੈ।" "ਜੇ ਤੂੰ ਜਾਣਦਾ ਹੈਂ ਤਾਂ ਫਿਰ ਚਿੰਤਾ ਕਿਸ ਗੱਲ ਦੀ, ਰੋਣਾ ਧੋਣਾ ਕਿਸ ਗੱਲ ਦਾ? ਜੇ ਤੂੰ ਪ੍ਰਮੇਸ਼ਰ ਨੂੰ ਪਛਾਣ ਲਿਆ ਫੇਰ ਤਾਂ ਤੈਨੂੰ ਮਹਾਨ ਖੁਸ਼ੀ ਹੋਣੀ ਚਾਹੀਦੀ ਹੈ।" ਗਲ ਸਮਝ ਵਿਚ ਆ ਗਈ ਕਿ ਮਹਾਂਪੁਰਸ਼ ਕਿਥੇ ਦੀ ਬਾਤ ਕਰ ਰਹੇ ਨੇ। ਉਸੇ ਵੇਲੇ ਚਰਨਾਂ ਤੇ ਢਹਿ ਪਿਆ, ਕਹਿੰਦਾ, "ਪਾਤਸ਼ਾਹ! ਕੁਛ ਵੀ ਪਤਾ ਨਹੀਂ ਲੱਗਿਆ ਅਜੇ – ਪ੍ਰਮੇਸ਼ਰ ਬਾਰੇ। ਬਹੁਤ ਉਮਰ ਬੀਤ ਗਈ ਹੈ ਮੇਰੀ, ਅੱਧ ਤੋਂ ਵੀ ਉਪਰ ਚਲੇ ਗਈ ਹੈ ਪਰ ਇਸ ਗੱਲ ਦੀ ਅਜੇ ਸੋਝੀ ਨਹੀਂ ਪਈ। ਪਾਤਸ਼ਾਹ! ਮੇਰਾ ਮਿੱਤਰ ਇੰਦਰਸੈਨ ਵੀ ਹੈ, ਉਹ ਨੌਜਵਾਨ ਹੈ, ਜਵਾਨੀ ਵਿਚ ਹੈ।" "ਤੁਸੀਂ ਕੀ ਕਰਦੇ ਹੋ?" "ਮਹਾਰਾਜ! ਕਰਨਾ ਕੀ ਹੈ, ਤਰਲੇ ਲੈਂਦੇ ਹਾਂ, ਘੰਟਿਆਂ ਬੱਧੀ ਰੋਂਦੇ ਰਹਿੰਦੇ ਹਾਂ – ਦੋਏ ਜਣੇ ਬੈਠੇ। ਆਸ ਲੱਗੀ ਹੋਈ ਹੈ ਦਰਸ਼ਨ ਦੀ।" ਮਹਾਰਾਜ ਕਹਿੰਦੇ, "ਬਲਿਹਾਰ, ਬਲਿਹਾਰ, ਬਲਿਹਾਰ। ਐਸ ਕਲਜੁਗ ਦੇ ਅੰਦਰ ਆਸ? ਭਾਈ ਬਲਿਹਾਰ ਜਾਂਦੇ ਹਾਂ ਅਸੀਂ ਤੁਹਾਥੋਂ"–

***ਧਾਰਨਾ – ਜਾਵਾਂ ਬਲਿਹਾਰ,***
***ਜਿਹਨੂੰ ਆਸ ਦਰਸ਼ਨ ਦੀ –2, 2.***
***ਆਸ ਦਰਸ਼ਨ ਦੀ ਜਿਹਨੂੰ ਆਸ ਦਰਸ਼ਨ ਦੀ –2,2***
***ਜਾਵਾਂ ਬਲਿਹਾਰ ..........................–2.***

***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥***
***ਨਾਨਕ ਤਾ ਕੈ ਬਲਿ ਬਲਿ ਜਾਸਾ॥ ਪੰਨਾ – 266***

"ਧੰਨ ਹੈ ਭਾਈ ਝੰਡਾ ਤੂੰ, ਜਿਹਨੂੰ ਕਲਜੁਗ ਦੇ ਅੰਦਰ ਪ੍ਰਮੇਸ਼ਰ ਦੇ ਦਰਸ਼ਨ ਦੀ ਆਸ ਲੱਗੀ ਹੋਈ ਹੈ। ਸੰਸਾਰ ਨੂੰ ਪ੍ਰਮੇਸ਼ਰ ਦੇ ਦਰ ਤੇ ਆ ਕੇ, ਮੰਦਰਾਂ 'ਚ ਆ ਕੇ, ਸਤਿਸੰਗਾਂ 'ਚ ਆ ਕੇ ਦਰਸ਼ਨ ਦੀ ਪਿਆਸ ਨਹੀਂ ਲਗਦੀ। ਉਨ੍ਹਾਂ ਦੇ ਅੰਦਰ ਮਾਇਆ ਦੀ ਪਿਆਸ ਹੈ, ਕੰਮਾਂ ਕਾਰਾਂ ਦੀ ਪਿਆਸ ਹੈ, ਬਾਲ ਬੱਚਿਆਂ ਦੀ ਪਿਆਸ ਹੈ, ਬਿਮਾਰੀਆਂ ਦੂਰ ਕਰਨ ਦੀ ਪਿਆਸ ਹੈ, ਕੁਝ ਬਣਨ ਦੀ ਆਸ ਹੈ, ਦੁਨਿਆਵੀ ਸੁੱਖਾਂ ਦੀ ਪਿਆਸ ਹੈ, ਕੁਰਸੀਆਂ ਦੀ ਪਿਆਸ ਹੈ, ਆਪਣੇ ਮਾਣ ਦੀ ਪਿਆਸ ਹੈ; ਹੋਰ ਪਤਾ ਨਹੀਂ ਕੀ ਕੁਝ ਆਸਾਂ ਮਨ ਵਿਚ ਲਈ ਬੈਠਾ ਹੈ – ਸੰਸਾਰ, ਪਰ ਝੰਡਿਆ! ਬਲਿਹਾਰ ਜਾਂਦੇ ਹਾਂ ਤੈਥੋਂ, ਤੂੰ ਜਿਉਂਦਿਆਂ ਦੇ ਵਿਚ ਹੈਂ। ਜਿਹਦੇ ਅੰਦਰ ਪ੍ਰਮੇਸ਼ਰ ਦੇ ਪਿਆਰ ਦੀ, ਉਸਦੇ ਦਰਸ਼ਨਾਂ ਦੀ ਪਿਆਸ ਨਹੀਂ ਹੈ, ਉਹ ਤਾਂ ਮਰਿਆ ਹੋਇਆ ਹੈ, ਉਸਦੀ ਗਿਣਤੀ ਜਿਉਂਦਿਆਂ ਵਿਚ ਨਹੀਂ ਕੀਤੀ ਜਾਂਦੀ" –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***

*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥* *ਪੰਨਾ - 142*

"ਕੀ ਸਾਧਨ ਕਰਦੇ ਹੋ ਭਾਈ?" ਕਹਿੰਦਾ, "ਮਹਾਰਾਜ! ਹੁਣ ਹੋਰ ਕੀ ਦੱਸਣਾ ਹੈ, ਮੈਂ ਸਾਰਾ ਭਾਈ ਮਰਦਾਨੇ ਨੂੰ ਦੱਸ ਹੀ ਦਿਤਾ ਹੈ। ਵੈਸੇ ਵੀ ਤੁਸੀਂ ਆਪ ਹੀ ਸਭ ਕੁਝ ਜਾਣਦੇ ਹੋ।" ਮਹਾਰਾਜ ਕਹਿਣ ਲੱਗੇ ਕਿ ਇਹ ਸਾਧਨ ਤਾਂ ਕਲਜੁਗ ਦੇ ਸਾਧਨ ਨਹੀਂ ਹਨ। ਪਹਿਲੇ ਯੁਗਾਂ ਵਿਚ ਆਦਮੀਆਂ ਦੀਆਂ ਉਮਰਾਂ ਲੰਮੀਆਂ ਹੁੰਦੀਆਂ ਸਨ, ਸਰੀਰ ਮਜ਼ਬੂਤ ਹੁੰਦੇ ਸਨ, ਆਚਾਰ ਵਿਚਾਰ ਸ਼ੁਧ ਹੁੰਦੇ ਸਨ ਜਿਸ ਕਰਕੇ ਉਹ ਪ੍ਰਾਣਾਯਾਮ ਦੀ ਝਾਲ ਝੱਲ ਲੈਂਦੇ ਸੀ। ਝੰਡਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਭਜਨ ਕਰਦੇ ਦੀ ਉਮਰ ਬੀਤ ਗਈ ਪਰ ਬਣਿਆਂ ਕੁਝ ਵੀ ਨਹੀਂ। ਅੰਮ੍ਰਿਤ ਵੇਲੇ ਜਾਗਦੇ ਹਾਂ, ਸ਼ਾਸਤਰਾਂ ਦੀ ਵਿਚਾਰ ਕਰਦੇ ਹਾਂ, ਵੇਦਾਂਤ ਵੀ ਪੜ੍ਹਿਆ ਹੈ, ਯੋਗ ਸ਼ਾਸਤਰ ਵੀ ਪੜ੍ਹਿਆ ਹੈ, ਪਾਤੰਜਲ ਪੜ੍ਹਿਆ ਹੈ, ਸਾਂਖ ਵੀ ਪੜ੍ਹਿਆ ਹੈ; ਸਾਧੂ ਆਉਂਦੇ ਰਹਿੰਦੇ ਨੇ, ਉਨ੍ਹਾਂ ਦੇ ਸਤਿਸੰਗਾਂ ਤੋਂ ਸੁਣਦੇ ਰਹਿੰਦੇ ਹਾਂ ਪਰ ਪਾਤਸ਼ਾਹ! ਅੱਜ ਤੱਕ ਐਸਾ ਕੋਈ ਨਹੀਂ ਮਿਲਿਆ ਜਿਹੜਾ ਅੰਦਰਲੀ ਪਿਆਸ ਬੁਝਾ ਦੇਵੇ।

"ਭਾਈ ਝੰਡਿਆ! ਫੇਰ ਤੈਨੂੰ ਕਿਵੇਂ ਪਤਾ ਲੱਗਿਆ ਕਿ ਇਹ ਪ੍ਰਸ਼ਾਦਾ ਪ੍ਰਮੇਸ਼ਰ ਦਾ ਹੈ?"

"ਮਹਾਰਾਜ! ਪਤਾ ਨਹੀਂ ਹੈ, ਕੇਵਲ ਰਸਮੋ ਰਸਮੀਂ ਮੈਂ ਇਹ ਗੱਲ ਕਹਿ ਦਿਤੀ ਸੀ। ਮੈਂ ਸੱਚ ਬੋਲਦਾ ਹਾਂ, ਆਪ ਮੇਰੇ ਤੇ ਕ੍ਰਿਪਾ ਕਰੋ।"

"ਝੰਡਿਆ! ਦੇਖ, ਪ੍ਰਮੇਸ਼ਰ ਕਿਤੇ ਦੂਰ ਨਹੀਂ ਹੈ। ਉਹ ਕਿਤੇ ਸੱਤਵੇਂ ਆਸਮਾਨ ਤੇ ਨਹੀਂ ਰਹਿੰਦਾ, ਉਸਦੇ ਰਹਿਣ ਦੀ ਕੋਈ ਵੱਖਰੀ ਥਾਂ ਨਹੀਂ ਹੈ; ਉਹ ਤਾਂ ਹਰੇਕ ਦੇ ਅੰਦਰ ਹੈ, ਹਰੇਕ ਦੇ ਬਾਹਰ ਹੈ; ਕੋਈ ਥਾਂ ਐਸੀ ਨਹੀਂ ਜਿਥੇ ਉਹ ਨਾ ਹੋਵੇ।" ਸਾਧਸੰਗਤ ਜੀ ਗੁਰੂ ਮਹਾਰਾਜ ਸੁਖਮਨੀ ਸਾਹਿਬ ਵਿਚ ਵੀ ਫੁਰਮਾਨ ਕਰਦੇ ਹਨ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥* *ਪੰਨਾ - 294*

ਇਸ ਗੱਲ ਤੇ ਯਕੀਨ ਆਉਂਦਾ ਹੈ ਤੈਨੂੰ?

*ਤਿਸ ਤੇ ਭਿੰਨ ਨਹੀ ਕੋ ਠਾਉ॥*

***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 294***

ਝੰਡਿਆ! ਪ੍ਰਮੇਸ਼ਰ ਤਾਂ ਘਟ-ਘਟ ਦੇ ਵਿਚ ਵਿਆਪਕ ਹੈ ਅਤੇ ਨੇੜੇ ਤੋਂ ਨੇੜੇ ਹੈ। ਜਿਤਨਾ ਪ੍ਰਮੇਸ਼ਰ ਨੇੜੇ ਹੈ, ਇਤਨੀ ਨੇੜੇ ਹੋਰ ਕੋਈ ਚੀਜ਼ ਨਹੀਂ ਹੈ। ਪਰ ਇਹ ਬਚਨ ਪਹਿਲਾਂ ਸੁਣਿਆਂ ਜਾਂਦਾ ਹੈ; ਸੁਣਨ ਦੀ ਮਹੱਤਤਾ ਹੈ-

***ਸੁਣਿਐ ਦੀਪ ਲੋਅ ਪਾਤਾਲ॥***
***ਸੁਣਿਐ ਪੋਹਿ ਨ ਸਕੈ ਕਾਲੁ॥***
***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥ ਪੰਨਾ - 2***

ਸੁਣਨ ਤੋਂ ਬਾਅਦ ਮੰਨਣ ਦੀ ਅਵਸਥਾ ਆਉਂਦੀ ਹੈ। ਬਚਨ ਸੁਣ ਤਾਂ ਲਿਆ, ਮਨ ਦੇ ਅੰਦਰ ਨਿਸ਼ਚਾ ਵੀ ਆਉਣਾ ਸ਼ੁਰੂ ਹੋ ਗਿਆ ਪਰ ਅਜੇ ਮੰਨ ਨਹੀਂ ਸਕਿਆ ਕਿ ਪ੍ਰਮੇਸ਼ਰ ਹਰ ਥਾਂ ਦੇ ਉਤੇ ਹੈ -

***ਧਾਰਨਾ - ਚਾਰ ਕੁੰਟ ਦਹਿ-ਦਿਸ ਭਵਨ,***
***ਸਗਲ ਬਿਆਪਤ ਰਾਮ -2, 2.***
***ਸਗਲ ਬਿਆਪਤ ਰਾਮ, ਸਗਲ ਬਿਆਪਤ ਰਾਮ-2, 2***
***ਚਾਰ ਕੁੰਟ ਦਹਿਦਿਸ ਭਵਨ...............-2.***

***ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥ ਪੰਨਾ - 299***

ਚਾਰੇ ਕੁੰਟਾਂ - ਪੂਰਬ, ਪੱਛਮ, ਉਤਰ, ਦੱਖਣ; ਇਨ੍ਹਾਂ ਦੇ ਵਿਚਾਲੇ ਲਕੀਰਾਂ ਕੱਢ ਦਿਉ, ਅੱਠ ਹਿੱਸੇ ਹੋ ਜਾਂਦੇ ਨੇ, ਉਪਰਲਾ ਤੇ ਥੱਲੇ ਦਾ ਹਿੱਸਾ ਵੀ ਮਿਲਾ ਦਿਉ ਤਾਂ ਇਹ ਦਹਿ-ਦਿਸ ਹੋ ਜਾਇਆ ਕਰਦਾ ਹੈ - ਦਸ ਦਿਸ਼ਾਵਾਂ। ਚੌਦਾਂ ਲੋਕਾਂ ਦੇ ਵਿਚ ਪ੍ਰਮੇਸ਼ਰ ਪਰੀਪੂਰਨ ਹੈ। ਉਂਞ ਤਾਂ ਭਾਈ ਝੰਡੇ! ਵਾਹਿਗੁਰੂ ਦੇ ਖੰਡਾਂ ਬ੍ਰਹਿਮੰਡਾਂ ਦਾ ਕੋਈ ਅੰਤ ਨਹੀਂ ਹੈ -

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਪੰਨਾ - 5***

ਪਰ ਜਿਸ ਧਰਤੀ ਮੰਡਲ ਉਪਰ ਆਪਾਂ ਵਿਚਰ ਰਹੇ ਹਾਂ ਇਹ ਸੂਰਜ ਮੰਡਲ ਇਕ ਵੱਖਰੀ ਹੋਂਦ ਹੈ ਜਿਸ ਵਿਚ 14 ਭਵਨ ਹਨ, ਜਿਸ ਨੂੰ ਸੱਤ ਪਾਤਾਲ, ਸੱਤ ਆਕਾਸ਼ ਕਹਿੰਦੇ ਹਨ। ਅਸਾਡੀ ਧਰਤੀ ਵਿਚ ਦੋਹਾਂ ਦੀ ਸਾਂਝੀ ਹੈ।

ਇਸ ਦਾ ਕੋਈ ਵੀ ਹਿਸਾ ਐਸਾ ਨਹੀਂ ਹੈ ਜਿਥੇ ਪ੍ਰਮੇਸ਼ਰ ਦੀ ਅਣਹੋਂਦ ਹੋਵੇ। ਸੋ ਭਾਈ ਝੰਡਾ! ਪ੍ਰਮੇਸ਼ਰ ਹਰ ਥਾਂ ਹੈ, ਉਸ ਤੋਂ ਖਾਲੀ ਕੋਈ ਥਾਂ ਨਹੀਂ

ਹੈ।"

"ਮਹਾਰਾਜ! ਸੁਣਦੇ ਤਾਂ ਹਾਂ ਪਰ ਵਿਸ਼ਵਾਸ ਨਹੀਂ ਆਇਆ।"

"ਭਾਈ ਝੰਡਾ! ਤੂੰ ਕੇਵਲ ਸੁਣਿਆ ਹੀ ਹੈ, ਮੰਨਿਆ ਤਾਂ ਨਹੀਂ ਨਾ! ਇਥੇ ਆ ਕੇ ਫਰਕ ਪੈ ਗਿਆ। ਮੰਨਣ ਦੇ ਨਾਲ ਹੀ ਪਤਾ ਲਗਦਾ ਹੈ ਕਿ ਹਰ ਥਾਂ ਪ੍ਰਮੇਸ਼ਰ ਹੈ, ਜਲ, ਥਲ, ਪਰਬਤ, ਪਾਤਾਲ, ਜ਼ਮੀਨ, ਆਸਮਾਨ – ਸਭ ਜਗ੍ਹਾ ਪ੍ਰਮੇਸ਼ਰ ਹੈ। ਉਹ ਦਇਆਲਤਾ ਦਾ ਰੂਪ ਹੋ ਕੇ ਵਸਦਾ ਹੈ – ਹਰ ਥਾਂ ਦੇ ਉਤੇ –

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*** ***ਪੰਨਾ – 275***

***ਜਲ ਥਲ ਬਨ ਪਰਬਤ ਪਾਤਾਲ॥***
***ਪਰਮੇਸੂਰ ਤਹ ਬਸਹਿ ਦਇਆਲ॥*** ***ਪੰਨਾ – 299***

ਉਹ ਸੂਖਮ ਅਸਥੂਲ ਹਰ ਥਾਂ ਦੇ ਉਤੇ ਹੈ, ਸੂਖਮ ਸਰੀਰ ਜਿਹੜੇ ਦਿਸਦੇ ਨਹੀਂ ਹਨ, ਉਨ੍ਹਾਂ ਵਿਚ ਵੀ ਹੈ –

***ਸੂਖਮ ਅਸਥੂਲ ਸਗਲ ਭਗਵਾਨ॥*** ***ਪੰਨਾ – 299***

ਪਰ ਇਹ ਗੁਰਮੁਖ ਨੂੰ ਮਿਲ ਕੇ ਪਛਾਣਿਆਂ ਜਾਂਦਾ ਹੈ, ਉਸ ਤੋਂ ਬਿਨਾਂ ਇਸ ਦੀ ਪਛਾਣ ਨਹੀਂ ਹੁੰਦੀ, ਸੋਝੀ ਨਹੀਂ ਪੈਂਦੀ –

***ਨਾਨਕ ਗੁਰਮੁਖਿ ਬ੍ਰਹਮੁ ਪਛਾਨ॥*** ***ਪੰਨਾ – 299***

ਜਿਸਨੇ ਪਛਾਣਿਆ ਹੋਇਆ ਹੈ, ਜਿਸ ਨੇ ਜਾਣਿਆ ਹੋਇਆ ਹੈ, ਉਸਨੂੰ ਮਿਲ ਕੇ ਹੀ ਇਸਦੀ ਪਛਾਣ ਆਉਂਦੀ ਹੈ, ਉਸ ਤੋਂ ਬਿਨਾਂ ਨਹੀਂ ਆਉਂਦੀ ਕਿਉਂਕਿ ਹੋਰ ਕੋਈ ਇਸ ਦੇ ਬਾਰੇ ਜਾਣਦਾ ਨਹੀਂ। ਜੇ ਕੋਈ ਰਸਤੇ ਦੇ ਬਾਰੇ ਜਾਣਦਾ ਹੋਏਗਾ, ਉਹੀ ਤਾਂ ਰਸਤਾ ਦੱਸੇਗਾ; ਜੋ ਜਾਣਦਾ ਨਹੀਂ ਪਰ ਵੈਸੇ ਹੀ ਕਹਿੰਦਾ ਹੈ ਕਿ ਮੈਂ ਜਾਣਦਾ ਹਾਂ, ਮੈਨੂੰ ਸਾਰਾ ਪਤਾ ਹੈ, ਉਹ ਤਾਂ ਔਝੜ ਵਿਚ ਪਾ ਦੇਵੇਗਾ, ਫੇਰ ਬੰਦਾ ਭਟਕਦਾ ਫਿਰਦਾ ਹੈ – ਕੁਰਾਹੇ ਪੈ ਕੇ।"

"ਮਹਾਰਾਜ! ਬਚਨ ਤਾਂ ਇਹੋ ਜਿਹੇ ਪਹਿਲਾਂ ਵੀ ਸੁਣੇ ਨੇ ਪਰ ਅੰਦਰ ਨਹੀਂ ਵਸਦੇ।"

"ਝੰਡਿਆ! ਤੈਨੂੰ ਪਤਾ ਹੈ ਤੇਰੇ ਅੰਦਰ ਕਿੰਨਾਂ ਕੁਝ ਪਿਆ ਹੈ? ਜੇ ਭਲਾ ਘੜਾ ਭਰਿਆ ਹੋਵੇ ਤੇ ਉਸਦੇ ਵਿਚ ਕੋਈ ਹੋਰ ਚੀਜ਼ ਪਾਉਣੀ ਹੋਵੇ ਤਾਂ ਪੈ ਸਕਦੀ ਹੈ? ਹੋਰ ਤਾਂ ਉਸ ਦੇ ਵਿਚ ਤਾਂ ਪਏਗੀ ਜੇ ਪਹਿਲੀ ਨੂੰ ਉਲਟਾਅ ਕੇ ਕੱਢ ਦਿਓ –

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥*** ***ਪੰਨਾ – 474***

ਝੰਡਿਆ! ਮਨ ਦਾ ਆਚਰਣ ਵਿਚਾਰਨਾ ਪੈਂਦਾ ਹੈ, ਮਨ ਨੂੰ ਖੋਜਣਾ ਪੈਂਦਾ ਹੈ; ਮਨ ਦੇ ਵਿਚ ਹੀ ਹੈ ਪ੍ਰਮੇਸ਼ਰ ਵੀ –

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ਪੰਨਾ – 1378***

ਉਸ ਨੇ ਕਿਤੋਂ ਬਾਹਰੋਂ ਨਹੀਂ ਆਉਣਾ, ਉਹ ਤਾਂ ਤੇਰੇ ਨਾਲ ਰਹਿੰਦਾ ਹੈ – ਹਰ ਥਾਂ ਦੇ ਉਤੇ। ਪਰ ਇਸ ਸਰੀਰ ਦੇ ਅੰਦਰ ਤਾਂ ਕਿੰਨਾਂ ਕੂੜ ਕਬਾੜ ਭਰਿਆ ਪਿਆ ਹੈ। ਪਹਿਲਾਂ ਰਸ ਹੀ ਬੇਅੰਤ ਨੇ – ਖਾਣ ਪੀਣ ਦਾ ਰਸ ਹੈ, ਕੱਪੜਾ ਪਹਿਨਣ ਦਾ ਰਸ ਹੈ, ਮਕਾਨਾਂ ਦਾ ਰਸ ਹੈ, ਪ੍ਰਾਪਰਟੀ, ਪੈਸੇ ਕਮਾਉਣ ਦਾ ਰਸ, ਤਰੱਕੀਆਂ ਦਾ ਰਸ, ਬਾਲ ਬੱਚੇ ਪਾਲਣ ਦਾ ਰਸ, ਸਵਾਰੀਆਂ ਦਾ ਰਸ, ਅਨੇਕ ਕਿਸਮ ਦੇ ਭੋਗਾਂ ਦਾ ਰਸ ਹੈ; ਝੰਡਿਆ! ਜੇ ਐਨੇ ਰਸ ਪਹਿਲਾਂ ਹੀ ਭਰੇ ਪਏ ਨੇ, ਪਹਿਲਾਂ ਹੀ ਲਬਾ-ਲਬ ਭਰਿਆ ਹੋਇਆ ਹੈ ਤਾਂ ਤੂੰ ਹੀ ਦੱਸ ਕਿ ਇਥੇ ਪ੍ਰਮੇਸ਼ਰ ਦੀ ਹੋਂਦ ਦਾ ਨਿਸ਼ਚਾ ਕਿਵੇਂ ਸਮਾਅ ਜਾਏਗਾ –

***ਧਾਰਨਾ – ਮਨ ਕੂੜਿਆਂ ਰਸਾਂ ਦੇ ਨਾਲ ਭਰਿਆ,***
***ਕਿਥੇ ਵਾਸਾ ਹੋਵੇ ਨਾਮ ਦਾ -2, 2.***
***ਪਿਆਰੇ ਜੀ, ਕਿਥੇ ਵਾਸਾ ਹੋਵੇ ਨਾਮ ਦਾ – 2, 2.***
***ਮਨ ਕੂੜਿਆਂ ਰਸਾਂ ਦੇ ਨਾਲ ਭਰਿਆ....-2.***

ਝੰਡਿਆ! ਆਦਮੀ ਦੇ ਮਨ ਵਿਚ ਬੇਅੰਤ ਕਿਸਮ ਦੇ ਝੂਠੇ ਰਸ ਪਏ ਹਨ ਜਿਹੜੇ ਇਸਨੂੰ ਡੋਬਦੇ ਤੁਰੇ ਜਾਂਦੇ ਨੇ, ਇਹ ਤਾਰਨ ਵਾਲੇ ਰਸ ਨਹੀਂ ਹਨ –

***ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥***
***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥***
***ਪੰਨਾ – 15***

ਇਸ ਤੋਂ ਵੀ ਅੱਗੇ ਇਹ ਰਸ ਏਨੇ ਭਿਆਨਕ ਨੇ ਕਿ–

***ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥***
***ਪੰਨਾ – 403***

ਕਿਹੋ ਜਿਹੇ ਭਿਆਨਕ ਕੁ-ਰਸਾਂ ਦੇ ਨਾਲ ਭਰਿਆ ਪਿਆ ਹੈ ਅੰਦਰ, ਤੇ ਇਥੇ ਪ੍ਰਮੇਸ਼ਰ ਦਾ ਵਾਸਾ ਕਿਵੇਂ ਹੋ ਜਾਏਗਾ? ਇਹ ਤਾਂ ਮਨ ਦਾ ਨਿਰੀਖਣ ਕਰਨਾ ਪੈਂਦਾ ਹੈ, ਇਨ੍ਹਾਂ ਨੂੰ ਮਨ ਵਿਚੋਂ ਕੱਢਣਾ ਪੈਂਦਾ ਹੈ। ਬੇਅੰਤ ਚੀਜ਼ਾਂ ਨੇ – ਕਬਾੜਖਾਨਾ ਜਿਹੜਾ ਆਦਮੀ ਦੇ ਮਨ ਵਿਚ ਭਰਿਆ ਪਿਆ

ਹੈ - ਕਿਤੇ ਨਿੰਦਿਆ ਪਈ ਹੈ, ਕਿਤੇ ਝੂਠ ਪਿਆ ਹੈ, ਕਿਤੇ ਛਲ, ਕਿਤੇ ਕਪਟ ਪਿਆ ਹੈ, ਕਿਤੇ ਵਾਸ਼ਨਾਵਾਂ ਨੇ, ਬੇਅੰਤ ਰਸ ਨੇ। ਇਕ-ਇਕ ਵਾਸ਼ਨਾ ਕਿੰਨਾਂ ਤੰਗ ਕਰਦੀ ਹੈ।

ਇਕ ਵਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਕਥਾ ਸੁਣ ਰਹੇ ਸੀ। ਆਪ ਅਚਾਨਕ ਉਚੀ ਉਚੀ ਹੱਸ ਪਏ। ਰਿਸ਼ੀ ਮੁਨੀ ਸਾਰੇ ਬੈਠੇ ਨੇ, ਸਭ ਹੈਰਾਨ ਹੋ ਗਏ। ਵਸਿਸ਼ਟ ਜੀ ਨੇ ਪੁੱਛਿਆ, "ਹੇ ਰਾਮ ਜੀ! ਆਪ ਇਤਨੇ ਜ਼ੋਰ ਨਾਲ ਹੱਸੇ ਹੋ, ਇਸ ਦਾ ਕੀ ਕਾਰਨ ਹੈ?" ਕਹਿੰਦੇ, "ਐਸ ਕੀੜੇ ਨੂੰ ਦੇਖ ਕੇ ਹੱਸੇ ਹਾਂ।" ਧਿਆਨ ਨਾਲ ਦੇਖਿਆ ਤਾਂ ਕਹਿਣ ਲੱਗੇ, "ਮਹਾਰਾਜ! ਇਸ ਦੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਨੇ, ਇਹ ਕੰਧ ਤੇ ਚੜ੍ਹਦਾ ਹੈ ਫਿਰ ਗਿਰ ਜਾਂਦਾ ਹੈ, ਇਸ ਦੇ ਵਿਚ ਹੱਸਣ ਦੀ ਤਾਂ ਕੋਈ ਗੱਲ ਹੈ ਨਹੀਂ, ਜ਼ਰੂਰ ਇਸ ਗੱਲ ਦੇ ਅੰਦਰ ਕੋਈ ਭੇਦ ਹੈ। ਮਹਾਰਾਜ! ਕ੍ਰਿਪਾ ਕਰੋ, ਉਹ ਦਿੱਬਯ ਦ੍ਰਿਸ਼ਟੀ ਦਿਉ ਜਿਸ ਦੇ ਨਾਲ ਸਾਰੀ ਸਭਾ ਨੂੰ ਪਤਾ ਲੱਗ ਜਾਵੇ।" ਕਹਿਣ ਲੱਗੇ, "ਵਸਿਸ਼ਟ ਜੀ! ਇਹ ਜਿਹੜਾ ਕੀੜਾ ਹੈ, ਇਹ ਇਸ ਤੋਂ ਪਹਿਲਾਂ ਚੌਦਾਂ ਵਾਰੀ ਇੰਦਰ ਦੇ ਤਖਤ ਤੇ ਬੈਠ ਚੁਕਿਆ ਹੈ ਤੇ ਜਿਹੜੇ ਇੰਦਰਪੁਰੀ ਦੇ ਭੋਗ-ਰਸ ਨੇ, ਉਹ ਇਸਨੂੰ ਐਨਾ ਭਟਕਾ ਰਹੇ ਨੇ ਕਿ ਇਸ ਦੇ ਰੋਮ ਰੋਮ ਵਿਚ ਸਮਾਏ ਹੋਏ ਨੇ। ਹੁਣ ਦੇਖੋ, ਇਹ ਚੌਰਾਸੀ ਲੱਖ ਜੂਨੀਆਂ ਦੇ ਵਿਚ ਚੱਕਰ ਕੱਟ ਰਿਹਾ ਹੈ, ਕੰਧ ਤੇ ਚੜ੍ਹ ਰਿਹਾ ਹੈ, ਦੋ ਲੱਤਾਂ ਇਸ ਦੀਆਂ ਟੁੱਟੀਆਂ ਹੋਈਆਂ ਨੇ; ਅਸੀਂ ਤਾਂ ਇਸਦੀ ਵਾਸ਼ਨਾ ਨੂੰ ਦੇਖ ਕੇ ਹੱਸੇ ਹਾਂ। ਇਸ ਦੇ ਮਨ ਵਿਚ ਵਾਸ਼ਨਾ ਹੈ ਕਿ ਹੁਣ ਛੇਤੀਂ ਹੀ ਮੇਰੀ ਚੌਰਾਸੀ ਪੂਰੀ ਹੋ ਜਾਣੀ ਹੈ, ਮੈਂ ਫੇਰ ਮੁੜ ਕੇ ਮਨੁੱਖ ਬਣ ਕੇ ਸੌ ਯੱਗ ਕਰਨਾ ਹੈ ਤੇ ਫੇਰ ਇੰਦਰ ਦੇ ਤਖਤ ਤੇ ਬੈਠਾਂਗਾ। ਇਸ ਮੂਰਖ ਨੂੰ ਇਹ ਨਹੀਂ ਪਤਾ ਕਿ ਮੈਂ ਨਿਰਵਾਣ ਪਦ ਨੂੰ ਪ੍ਰਾਪਤ ਕਰਨ ਦਾ ਕੋਈ ਉਪਾਅ ਕਰਾਂ ਜਿਸਨੂੰ ਹਾਸਲ ਕਰਕੇ ਸੰਸਾਰ ਤੋਂ ਆਉਣਾ ਜਾਣਾ ਖਤਮ ਹੋ ਜਾਵੇ। ਸੋ ਅਸੀਂ ਏਸ ਕਰਕੇ ਹੱਸੇ ਹਾਂ।"

ਬੰਦੇ ਦੀਆਂ ਵਾਸ਼ਨਾਵਾਂ ਕਿਥੇ ਤੋਂ ਕਿਥੇ ਲੈ ਜਾਂਦੀਆਂ ਹਨ, ਇਸ ਦੇ ਬਾਰੇ ਬਾਣੀ ਵਿਚ ਫੁਰਮਾਨ ਹੈ -

***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਪ੍ਰੇਤ ਬਣ ਜਾਂਦਾ ਹੈ - ਵਾਸ਼ਨਾਵਾਂ ਦੇ ਨਾਲ, ਜੇਕਰ ਅੰਤ ਦੇ ਸਮੇਂ ਮਕਾਨਾਂ ਦਾ ਖਿਆਲ ਮਨ ਵਿਚ ਰਹਿ ਜਾਵੇ, ਉਥੇ ਹੀ ਪ੍ਰੇਤ ਬਣ ਕੇ ਘਰ ਵਾਲਿਆਂ ਨੂੰ ਤੰਗ ਕਰੇਗਾ।

ਗੁਰੂ ਦਸਵੇਂ ਪਾਤਸ਼ਾਹ ਜਦੋਂ ਬੰਦਾ ਸਿੰਘ ਬਹਾਦਰ (ਮਾਧੋ ਦਾਸ) ਨੂੰ ਮਿਲੇ, ਮਹਾਰਾਜ ਜੀ ਜਾ ਕੇ ਪਲੰਘ ਤੇ ਬੈਠ ਗਏ। ਉਸ ਪਲੰਘ ਤੇ ਕੋਈ ਬਹਿੰਦਾ ਨਹੀਂ ਸੀ। ਚੇਲਿਆਂ ਨੇ ਜਾ ਕੇ ਉਸਨੂੰ ਦੱਸਿਆ ਕਿ ਕੋਈ ਆਇਆ ਹੈ। ਉਹ ਸਾਧੂ ਵੀ ਨਹੀਂ ਲਗਦਾ ਤੇ ਉਹ ਰਾਜਾ ਵੀ ਨਹੀਂ ਹੈ; ਕੋਈ ਬਹੁਤ

ਵੱਡੇ ਅਵਤਾਰੀ ਪੁਰਸ਼ ਨੇ - ਰਾਮ ਚੰਦਰ ਜੀ, ਕ੍ਰਿਸ਼ਨ ਜੀ ਦੀ ਤਰ੍ਹਾਂ। ਅਸੀਂ ਤਾਂ ਸਮਝ ਨਹੀਂ ਸਕੇ। ਉਹ ਤੁਹਾਡੇ ਪਲੰਘ ਤੇ ਬੈਠੇ ਨੇ।

ਬੰਦਾ ਬਹਾਦਰ ਦੇ ਅੰਦਰ ਬੜਾ ਅਭਿਮਾਨ ਸੀ ਕਿਉਂਕਿ ਉਸਨੇ ਯੱਗ ਕਰ ਕਰ ਕੇ, ਬਹੁਤ ਸਾਧਨ ਕਰ ਕਰ ਕੇ ਸ਼ਕਤੀਆਂ ਹਾਸਲ ਕੀਤੀਆਂ ਹੋਈਆਂ ਸਨ। ਯੱਗ ਇਸ ਤਰ੍ਹਾਂ ਹੁੰਦੇ ਨੇ ਕਿ ਅੱਗ ਜਾਲ ਕੇ ਮੰਤਰ ਪੜ੍ਹਦੇ ਨੇ ਤੇ ਉਸਦੇ ਵਿਚ ਅਹੂਤੀਆਂ ਪਾਉਂਦੇ ਨੇ - ਕਈ ਕਈ ਸਾਲ ਲੰਘ ਜਾਂਦੇ ਨੇ ਤੇ ਉਸਦੇ ਵਿਚੋਂ ਸ਼ਕਤੀਆਂ ਪ੍ਰਗਟ ਕਰਦੇ ਨੇ। ਉਸਨੇ ਚਾਰ ਬੀਰ ਵੱਸ ਵਿਚ ਕੀਤੇ ਹੋਏ ਸਨ। ਜੋ ਵੀ ਕੋਈ ਸਾਧੂ ਸੰਤ ਉਸਦੇ ਪਾਸ ਆਉਂਦਾ ਸੀ, ਉਸਦੀ ਬੇਅਦਬੀ ਕਰਦਾ ਸੀ। ਪਹਿਲਾਂ ਉਸਦਾ ਸਤਿਕਾਰ ਕਰਦਾ ਸੀ ਪਰ ਪਿਛੋਂ ਬੇਅਦਬੀ ਕਰਦਾ ਸੀ। ਜਦੋਂ ਗੁਰੂ ਮਹਾਰਾਜ ਜੀ ਦਾਦੂ ਦੇ ਦੇਹੁਰੇ ਠਹਿਰ ਕੇ ਸੰਤਾਂ ਦੇ ਕੋਲੋਂ ਲੰਘੇ ਤਾਂ ਉਥੋਂ ਦੇ ਸ੍ਰੀ ਮਹੰਤ ਜੀ ਨੇ ਕਿਹਾ ਕਿ ਮਹਾਰਾਜ ਜੀ ਤੁਸੀਂ ਅੱਗੇ ਜਾ ਰਹੇ ਹੋ, ਅੱਗੇ ਇਕ ਮਾਧੋ ਦਾਸ ਨਾਂ ਦਾ ਸੰਤ ਹੈ, ਉਹ ਸੰਤਾਂ ਦੀ ਬਹੁਤ ਬੇਅਦਬੀ ਕਰਦਾ ਹੈ, ਓਧਰ ਨਾ ਜਾਇਓ। ਮਹਾਰਾਜ ਕਹਿੰਦੇ, "ਅਸੀਂ ਤਾਂ ਉਹਦੇ ਕੋਲ ਹੀ ਜਾਣਾ ਹੈ।" ਕਹਿੰਦੇ, "ਕੀ ਗੱਲ ?" ਇਕ ਕਹਿਣ ਲੱਗਿਆ ਕਿ ਮੈਂ ਉਥੇ ਚਲਿਆ ਗਿਆ, ਪਹਿਲਾਂ ਉਹਨੇ ਮੇਰਾ ਬਹੁਤ ਸਤਿਕਾਰ ਕੀਤਾ, ਜਦੋਂ ਮੈਂ ਤੁਰਨ ਲੱਗਿਆ ਤਾਂ ਉਹਨੇ ਪਲੰਘ ਉਲਟਾ ਦਿਤਾ। ਮੈਂ ਬਥੇਰਾ ਜ਼ੋਰ ਲਾਇਆ ਪਰ ਮੈਂ ਥੱਲਿਓਂ ਨਿਕਲ ਨਾ ਸਕਿਆ। ਉਹ ਕਹਿੰਦਾ, ਸੰਤ ਜੀ! ਕੋਈ ਤਾਕਤ ਵੀ ਹੋਣੀ ਚਾਹੀਦੀ ਹੈ, ਐਵੇਂ ਸੰਤ ਨਹੀਂ ਬਣਨਾ ਚਾਹੀਦਾ। ਮਹਾਰਾਜ ਉਸਨੇ ਬਹੁਤ ਬੇਇਜ਼ਤੀ ਕੀਤੀ।

ਮਹਾਰਾਜ ਜੀ ਪਲੰਘ ਤੇ ਬੈਠੇ ਨੇ। ਜਦੋਂ ਉਸਨੂੰ ਦੱਸਿਆ ਤਾਂ ਉਸਨੇ ਬੀਰਾਂ ਨੂੰ ਕਿਹਾ ਕਿ ਜਾ ਕੇ ਪਲੰਘ ਉਲਟਾ ਦਿਉ। ਜਦੋਂ ਜਰਾ ਕੁ ਪਲੰਘ ਹਿਲਿਆ ਤਾਂ ਮਹਾਰਾਜ ਆਪ ਤਾਂ ਨੇੜੇ ਪਈ ਇਕ ਕੁਰਸੀ ਤੇ ਬੈਠ ਗਏ ਅਤੇ ਪਲੰਘ ਦੇ ਉਪਰ ਆਪਣਾ ਤੀਰ ਰੱਖ ਦਿਤਾ। ਉਨ੍ਹਾਂ ਨੇ ਬਥੇਰਾ ਜ਼ੋਰ ਲਾਇਆ ਪਰ ਕੋਈ ਪੇਸ਼ ਨਾ ਗਈ। ਹਾਰ ਕੇ ਜਾ ਕੇ ਦੱਸਿਆ ਕਿ ਉਹ ਆਪ ਤਾਂ ਪਲੰਘ ਤੋਂ ਉਠ ਕੇ ਕੁਰਸੀ ਤੇ ਬੈਠ ਗਏ, ਪਰ ਆਪਣਾ ਤੀਰ ਉਨ੍ਹਾਂ ਨੇ ਉਸ ਤੇ ਰੱਖ ਦਿਤਾ। ਉਸ ਤੀਰ ਵਿਚ ਐਨੀ ਜ਼ਬਰਦਸਤ ਸੱਤਿਆ ਹੈ ਕਿ ਸਾਥੋਂ ਉਹ ਪਲੰਘ ਉਠਿਆ ਹੀ ਨਹੀਂ, ਅਸੀਂ ਤੁਹਾਨੂੰ ਇਹ ਨਹੀਂ ਕਹਿ ਸਕਦੇ ਕਿ ਉਨ੍ਹਾਂ ਵਿਚ ਕਿੰਨੀ ਕੁ ਸ਼ਕਤੀ ਹੋਵੇਗੀ, ਅਸਾਡੇ ਅੰਦਾਜ਼ੇ ਤੋਂ ਬਾਹਰ ਉਹ ਸ਼ਕਤੀ ਦੇ ਭੰਡਾਰ ਹਨ। ਮਾਧੋ ਦਾਸ ਨੇ ਕਿਹਾ ਕਿ ਪਲੰਘ ਚੁੱਕ ਨਹੀਂ ਹੁੰਦਾ ਤਾਂ ਧਰਤੀ ਵਿਚ ਦਬਾ ਦਿਉ। ਜਦੋਂ ਧਰਤੀ ਵਲ ਨੂੰ ਪਲੰਘ ਜਾਣ ਲੱਗਿਆ ਤਾਂ ਮਹਾਰਾਜ ਜੀ ਨੇ ਪਾਵੇ ਨਾਲ ਤੀਰ ਖੜ੍ਹਾ ਕਰ ਦਿਤਾ। ਬੀਰਾਂ ਨੇ ਫੇਰ ਜਾ ਕੇ ਦੱਸਿਆ ਕਿ ਅਸੀਂ ਤਾਂ ਕੁਝ ਵੀ ਨਹੀਂ ਕਰ ਸਕਦੇ ਉਨ੍ਹਾਂ ਦੇ ਮੁਕਾਬਲੇ ਵਿਚ, ਉਹ ਤਾਂ ਕੋਈ ਮਹਾਂਬਲੀ ਹੈ, ਸਾਡਾ ਉਥੇ ਕੋਈ ਬਲ ਨਹੀਂ ਚਲਦਾ। ਮਾਧੋ ਦਾਸ ਕਹਿਣ ਲੱਗਿਆ ਕਿ ਮੇਰੇ ਨਾਲੋਂ ਤਾਂ ਮਹਾਂਬਲੀ ਕੋਈ ਹੈ ਨਹੀਂ ਸੰਸਾਰ ਦੇ ਅੰਦਰ। ਨਾਲ ਦੀ ਨਾਲ

ਉਸਦੇ ਮਨ ਵਿਚ ਖਿਆਲ ਆ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਵਾਲੇ ਨਾ ਆ ਗਏ ਹੋਣ ਕਿਉਂਕਿ ਇਹ ਗੱਲ ਸਾਰੇ ਮਸ਼ਹੂਰ ਸੀ ਕਿ ਜੇ ਕੋਈ ਸਭ ਤੋਂ ਵੱਡਾ ਹੈ ਭਰਤਵਰਸ਼ ਵਿਚ, ਤਾਂ ਓਹੀ ਨੇ। ਉਸ ਵੇਲੇ ਉਹਨੇ ਤ੍ਰਾਟਕ ਕੀਤਾ। ਨੂਰਸ਼ਾਹ ਨੇ ਵੀ ਗੁਰੂ ਨਾਨਕ ਪਾਤਸ਼ਾਹ ਤੇ ਤ੍ਰਾਟਕ ਕਰਿਆ ਸੀ। ਉਹ ਇਹ ਹੁੰਦਾ ਹੈ ਕਿ ਜਾਂ ਤਾਂ ਦੂਜੇ ਤੇ ਵਾਰ ਕਰਕੇ ਉਸਨੂੰ ਲੈ ਲਵੇਗਾ, ਨਹੀਂ ਤਾਂ ਫਿਰ ਆਪ ਗਿਰ ਜਾਏਗਾ। ਉਹ ਧਰਤੀ ਤੇ ਡਿਗ ਕੇ ਤੜਪਣ ਲੱਗ ਪਿਆ। ਉਸ ਵੇਲੇ ਅੰਦਰ ਹੀ ਅੰਦਰ ਅਰਦਾਸ ਕੀਤੀ ਕਿ ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ, ਮੈਂ ਆਪ ਦੇ ਦਰਸ਼ਨ ਚਾਹੁੰਦਾ ਹਾਂ। ਮਹਾਰਾਜ ਜੀ ਨੇ ਕ੍ਰਿਪਾ ਕਰ ਦਿਤੀ, ਉਸ ਨੂੰ ਬੁਲਾ ਲਿਆ ਤੇ ਫੇਰ ਪਲੰਘ ਦੀ ਬਾਤ ਨਹੀਂ ਕੀਤੀ, ਦੂਸਰੀਆਂ ਗੱਲਾਂ ਕੀਤੀਆਂ। ਉਸਨੇ ਆ ਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਅਤੇ ਥੱਲੇ ਬਹਿ ਗਿਆ।

ਮਹਾਰਾਜ ਜੀ ਨੇ ਕਿਹਾ –

"ਮਾਧੋ ਦਾਸ! ਤੇਰੇ ਗੁਰੂ ਦਾ ਕੀ ਨਾਂ ਸੀ?"

"ਜੀ, ਉਨ੍ਹਾਂ ਦਾ ਨਾ ਅਘੜ ਨਾਥ ਸੀ।"

"ਕਰਨੀ ਕਮਾਈ ਵਿਚ ਕਿਹੋ ਜਿਹੇ ਸਨ?"

"ਮਹਾਨ ਸ਼ਕਤੀਸ਼ਾਲੀ ਸਨ। ਬੀਰ ਉਨ੍ਹਾਂ ਦੇ ਵੱਸ ਵਿਚ ਸਨ, ਰਿਧੀਆਂ ਸਿਧੀਆਂ ਸਾਰੀਆਂ ਸਨ, ਹਵਾਂ ਵਿਚ ਵੀ ਉਡ ਜਾਂਦੇ ਸਨ।"

"ਹੁਣ ਉਹ ਕਿਥੇ ਨੇ?"

"ਹੁਣ ਤਾਂ ਉਹ ਬ੍ਰਹਮ ਲੋਕ ਜਾਂ ਬੈਕੁੰਠ ਵਿਚ ਹੋਣਗੇ।"

ਮਹਾਰਾਜ ਜੀ ਹੱਸ ਪਏ। ਉਹ ਵੀ ਸਾਧੂ ਸੀ, ਜਾਣ ਗਿਆ ਰਮਜ਼ ਕਿ ਜ਼ਰੂਰ ਮੈਥੋਂ ਕੋਈ ਗਲਤ ਗੱਲ ਹੋ ਗਈ। ਕਹਿਣ ਲੱਗਿਆ, "ਪਾਤਸ਼ਾਹ! ਆਪ ਕ੍ਰਿਪਾ ਕਰਕੇ ਮੈਨੂੰ ਦੱਸ ਦਿਉ।" ਮਹਾਰਾਜ ਕਹਿਣ ਲੱਗੇ, "ਔਹ ਜਿਹੜਾ ਦਰਖਤ ਨੂੰ ਪੱਕਾ ਬਿੱਲ ਲੱਗਿਆ ਹੋਇਆ ਹੈ ਨਾ, ਉਹਦੇ ਵਿਚ ਤੇਰਾ ਗੁਰੂ ਕੀੜਾ ਬਣਿਆ ਬੈਠਾ ਹੈ, ਉਹ ਬਿੱਲ ਤੋੜ ਕੇ ਲਿਆਉ।" ਬਿਲ ਤੋੜ ਕੇ ਲਿਆਂਦਾ, ਉਸਨੂੰ ਭੰਨਿਆਂ ਤਾਂ ਵਿਚੋਂ ਕੀੜਾ ਨਿਕਲਿਆ, ਕ੍ਰਿੜ-ਕ੍ਰਿੜ ਕਰ ਰਿਹਾ ਹੈ। ਮਹਾਰਾਜ ਕਹਿੰਦੇ, "ਤੇਰੇ ਸਮਝ ਵਿਚ ਆਉਂਦੀ ਹੈ ਬੋਲੀ ਇਹਦੀ?"

"ਨਹੀਂ ਮਹਾਰਾਜ! ਆਪ ਕ੍ਰਿਪਾ ਕਰੋ, ਮੈਨੂੰ ਬੋਲੀ ਸਮਝਣ ਦੀ ਸ਼ਕਤੀ ਦਿਉ। ਮਹਾਰਾਜ ਮੈਂ ਸ਼ਕਤੀ ਦੇ ਸਾਧਨ ਤਾਂ ਕੀਤੇ ਹਨ ਪਰ ਮੈਂ ਸਰਬ ਵਿਦਿਆ ਯੋਗ ਦੇ ਸਾਧਨ ਨਹੀਂ ਕੀਤੇ।"

ਇਹ ਯੋਗ ਦੀ ਇਕ ਪ੍ਰਕ੍ਰਿਆ ਹੈ ਜਿਸ ਨਾਲ ਭਾਰਤ ਵਰਸ਼ ਵਿਚ ਸੁਣਦੇ ਹਾਂ ਕਿ ਸਿਰਫ ਦੋ ਸੰਤ ਜੀਵਤ ਹਨ, ਤੀਸਰੇ ਸੰਤ ਡਾ. ਸਵਾਮੀ ਰਾਮ ਜੀ, ਜੋ ਥੋੜ੍ਹਾ ਚਿਰ ਪਹਿਲਾਂ ਬ੍ਰਹਮਲੀਨ ਹੋਏ ਹਨ, ਉਹ ਵੀ ਸੰਤ

ਸਨ ਜਿਸ ਨੇ ਇਹ ਸਾਧਨ ਕਰ ਲਿਆ, ਉਹ ਸਾਰੇ ਜੀਵਾਂ, ਦਰਖਤਾਂ, ਜਾਨਵਰਾਂ ਦੀਆਂ ਬੋਲੀਆਂ ਸਮਝ ਲੈਂਦੇ ਹਨ ਕਿਉਂਕਿ ਸਾਰੀਆਂ ਬੋਲੀਆਂ ਪਰਾ ਬਾਣੀ ਵਿਚੋਂ ਨਿਕਲਦੀਆਂ ਹਨ, ਪਰਾ ਬਾਣੀ ਨਾਲ ਸਾਡੀ ਹਰ ਜੀਵਤ ਚੀਜ਼ ਦੀ ਸਾਂਝ ਹੈ। ਗੁਰੂ ਨਾਨਕ ਪਾਤਸ਼ਾਹ ਜਿਥੇ ਵੀ ਜਾਂਦੇ ਸਨ, ਉਹ ਉਨ੍ਹਾਂ ਦੀ ਹੀ ਬੋਲੀ ਵਿਚ ਉਪਦੇਸ਼ ਦਿੰਦੇ ਸਨ।

ਸੋ ਗੁਰੂ ਮਹਾਰਾਜ ਨੇ ਸ਼ਕਤੀ ਦੇ ਦਿਤੀ - ਉਹਦੀ ਗੱਲ ਸਮਝਣ ਦੀ। ਉਹਦਾ ਗੁਰੂ ਕਹਿ ਰਿਹਾ ਹੈ ਕਿ ਮਾਧੋ ਦਾਸ! ਪ੍ਰਤੱਖ ਪ੍ਰਮੇਸ਼ਰ ਤੇਰੇ ਘਰ ਆ ਗਿਆ ਹੈ। ਇਨ੍ਹਾਂ ਦਾ ਲੜ ਫੜ ਲੈ, ਜੋ ਕੁਝ ਇਹ ਕਹਿੰਦੇ ਨੇ, ਉਵੇਂ ਹੀ ਮੰਨ ਲੈ, ਤੇਰਾ ਭਲਾ ਹੋ ਜਾਵੇਗਾ। ਕਹਿਣ ਲੱਗਿਆ, "ਹੇ ਗੁਰਦੇਵ! ਤੁਸੀਂ ਕੀੜਾ ਕਿਉਂ ਬਣ ਗਏ? ਤੁਹਾਡੀ ਤਾਂ ਕਰਨੀ-ਕਮਾਈ ਬਹੁਤ ਉਚੀ ਸੀ। ਅਸੀਂ ਤਾਂ ਤੁਹਾਡੇ ਹਰ ਸਾਲ ਭੰਡਾਰੇ ਕਰਦੇ ਹਾਂ। ਇਹ ਅਵਸਥਾ ਤੁਹਾਨੂੰ ਕਿਉਂ ਪ੍ਰਾਪਤ ਹੋ ਗਈ?"

"ਮਾਧੋ ਦਾਸ! ਵਾਸ਼ਨਾ ਵਿਚ ਬਹੁਤ ਵੱਡੀ ਸ਼ਕਤੀ ਹੈ। ਨਾ ਉਹ ਸੰਤਾਂ ਨੂੰ ਛੱਡਦੀ ਹੈ, ਨਾ ਦੁਨੀਆਦਾਰਾਂ ਨੂੰ ਛਡਦੀ ਹੈ। ਇਸ ਤੋਂ ਤਾਂ ਕੋਈ ਪ੍ਰਮੇਸ਼ਰ ਦਾ ਪਿਆਰਾ ਹੀ ਬਚ ਸਕਦਾ ਹੈ, ਹੋਰ ਨਹੀਂ ਇਸ ਦੇ ਅਸਰ ਤੋਂ ਕੋਈ ਬਚਦਾ। 'ਅੰਤ ਮਤੇ ਸੋ ਗਤੇ।' ਜਿਹੋ ਜਿਹੀ ਅੰਤ ਵੇਲੇ ਮੱਤ ਹੋ ਗਈ, ਉਹੋ ਜਿਹੀ ਹੀ ਗਤੀ ਹੁੰਦੀ ਹੈ। ਮੈਂ ਜਿਸ ਵਕਤ ਚੜ੍ਹਾਈ ਕਰ ਰਿਹਾ ਸੀ, ਮੇਰੀ ਨਿਗ੍ਹਾ ਇਸ ਬਿੱਲ ਤੇ ਪੈ ਗਈ, ਬਿੱਲ ਪੱਕਿਆ ਹੋਇਆ ਸੀ। ਕਿਉਂਕਿ ਅੰਤ ਸਮੇਂ ਮੇਰੀ ਵਾਸ਼ਨਾ ਬਿੱਲ ਖਾਣ ਦੀ ਸੀ, ਇਸ ਕਰਕੇ ਮੈਨੂੰ ਇਸ ਜੂਨੀ ਵਿਚ ਆਉਣਾ ਪਿਆ।"

ਸੋ ਸਾਧ ਸੰਗਤ ਜੀ! ਵਾਸ਼ਨਾ ਵਿਚ ਬਹੁਤ ਸ਼ਕਤੀ ਹੈ। ਅੰਤ ਸਮੇਂ ਜੇ ਮਹਾਂ ਪਾਪੀ ਨੂੰ ਵੀ ਪ੍ਰਮੇਸ਼ਰ ਯਾਦ ਆ ਜਾਵੇ ਤਾਂ ਉਸਦੇ ਸਾਰੇ ਪਾਪ ਉਸੇ ਛਿਨ, ਇਕ ਵਾਰ ਅੱਖ ਝਪਕਣ ਜਿੰਨੇ ਚਿਰ ਵਿਚ ਖਤਮ ਹੋ ਜਾਂਦੇ ਨੇ। ਜੇ ਪ੍ਰਮੇਸ਼ਰ ਦਾ ਨਾਮ ਸਾਰੀ ਜ਼ਿੰਦਗੀ ਨਹੀਂ ਲਿਆ ਤਾਂ ਅੰਤ ਸਮੇਂ ਮੂੰਹ ਤੋਂ ਵਾਹਿਗੁਰੂ ਕਿਵੇਂ ਨਿਕਲੇਗਾ?

ਇਕ ਸੇਠ ਸੀ, ਉਸਨੇ ਅਜਾਮਲ ਦੀ ਕਹਾਣੀ ਸੁਣੀ ਹੋਈ ਸੀ ਕਿ ਉਸਨੂੰ ਅੰਤ ਸਮੇਂ ਰਾਮ ਚਿੱਤ ਆ ਗਿਆ, ਨਾਰਾਇਣ ਚਿਤ ਆ ਗਿਆ ਤੇ ਉਸਦੇ ਸਾਰੀ ਜ਼ਿੰਦਗੀ ਦੇ ਪਾਪ ਕਰਮ ਖਤਮ ਹੋ ਗਏ। ਉਸਦੇ ਚਾਰ ਲੜਕੇ ਹੋਏ - ਇਕ ਦਾ ਨਾਮ ਰਾਮ ਚੰਦਰ, ਇਕ ਦਾ ਗੋਵਿੰਦ, ਇਕ ਦਾ ਨਾਰਾਇਣ ਅਤੇ ਇਕ ਦਾ ਨਾਂ ਕ੍ਰਿਸ਼ਨ ਚੰਦਰ ਰੱਖਿਆ ਗਿਆ। ਜਦੋਂ ਸੇਠ ਚੜ੍ਹਾਈ ਕਰਨ ਲੱਗਿਆ ਤਾਂ ਰਿਸ਼ਤੇਦਾਰ ਸਬੰਧੀ ਬੈਠੇ ਨੇ, ਹੋਰ ਸਿਆਣੇ ਬੰਦੇ ਬੈਠੇ ਨੇ। ਉਸ ਵੇਲੇ ਉਸ ਦੇ ਅੰਦਰੋਂ ਇਹੋ ਗੱਲਾਂ ਨਿਕਲ ਰਹੀਆਂ ਹਨ ਕਿ ਫਲਾਣੇ ਬੰਦੇ ਤੋਂ ਐਨੇ ਪੈਸੇ ਲੈਣੇ ਨੇ, ਫਲਾਣਾ ਬੰਦਾ ਬਹੁਤ ਗਲਤ ਹੈ ਉਸ ਦਾ ਵਸਾਹ ਨਾ ਕਰਿਓ; ਇਸ ਤਰ੍ਹਾਂ ਦੀਆਂ ਗੱਲਾਂ ਕਰੀ ਜਾਂਦਾ ਹੈ। ਜਿਸ ਵੇਲੇ ਉਸ ਦਾ ਅੰਤ ਸਮਾਂ ਆਇਆ ਤਾਂ ਉਸ ਨੂੰ ਕਹਿ ਰਹੇ ਨੇ

ਕਿ ਸੇਠ ਜੀ! ਤੁਸੀਂ ਹੁਣ ਪ੍ਰਮੇਸ਼ਰ ਦਾ ਧਿਆਨ ਧਰੋ ਪਰ ਉਹ ਫੇਰ ਵੀ ਨਹੀਂ ਕਰਦਾ। ਚਾਰੇ ਪੁੱਤਰਾਂ ਨੂੰ ਲਿਆ ਕੇ ਉਸਦੇ ਪੈਰਾਂ ਵਲ ਖੜ੍ਹੇ ਕਰ ਦਿਤਾ ਤੇ ਕਹਿਣ ਲੱਗੇ ਕਿ ਸੇਠ ਜੀ! ਇਨ੍ਹਾਂ ਨੂੰ ਪਛਾਣਦੇ ਹੋ ਤੁਸੀਂ? ਇਨ੍ਹਾਂ ਦੇ ਇਕੱਲੇ-ਇਕੱਲੇ ਦੇ ਨਾਂ ਲਉ ਤੁਸੀਂ। ਜਦੋਂ ਉਸਨੇ ਚਾਰੇ ਪੁੱਤਰਾਂ ਵਲ ਦੇਖਿਆ ਤਾਂ ਕਹਿੰਦਾ, "ਓ ਤੁਸੀਂ ਸਾਰੇ ਹੀ ਦੁਕਾਨਾਂ ਬੰਦ ਕਰਕੇ ਆ ਗਏ?" ਐਨਾ ਕਹਿ ਕੇ ਮਰ ਗਿਆ ਪਰ ਪ੍ਰਮੇਸ਼ਰ ਦਾ ਨਾਂ ਨਹੀਂ ਲੈ ਸਕਿਆ। ਨਹੀਂ ਕਹਿ ਸਕਦਾ, ਇਸ ਤਰ੍ਹਾਂ ਧਿਆਨ ਨਹੀਂ ਆਇਆ ਕਰਦਾ। ਜੇ ਜ਼ੁਬਾਨ ਨਾਲ ਵਾਹਿਗੁਰੂ-ਵਾਹਿਗੁਰੂ ਕਹੀ ਵੀ ਜਾਵੋ; ਵਾਹਿਗੁਰੂ-ਵਾਹਿਗੁਰੂ ਤਾਂ ਬੰਦਾ ਸਾਰੀ ਜ਼ਿੰਦਗੀ ਹੀ ਕਰਦਾ ਰਹਿੰਦਾ ਹੈ ਪਰ ਵਾਹਿਗੁਰੂ ਦਾ ਪਤਾ ਨਹੀਂ ਲੱਗਿਆ। ਮੈਂ ਵੀ ਕਈ ਦੇਖੇ ਨੇ, ਉਨ੍ਹਾਂ ਨੂੰ ਕਹੀਦਾ ਹੈ ਕਿ ਤੂੰ ਨਾਮ ਜਪਿਆ ਕਰ ਪਰ ਨਹੀਂ ਜਪਦੇ। ਇਕ ਸਾਡਾ ਹੀ ਬਹੁਤ ਨੇੜੇ ਦਾ ਰਿਸ਼ਤੇਦਾਰ ਸੀ। ਜਦੋਂ ਉਹ ਮਰਨ ਲੱਗਿਆ ਤਾਂ ਕਹਿੰਦਾ ਕਿ ਤੁਸੀਂ ਤੂੜੀ ਢੋਅ ਲਉ, ਉਡ ਜਾਏਗੀ; ਰਾਤੋ ਰਾਤ ਦਾਣੇ ਵਗੈਰਾ ਢੋਅ ਲਉ। ਜੇ ਮੈਂ ਮਰ ਗਿਆ ਮੇਰੇ ਤੇ ਖੇਸ ਪਾ ਦਿਉ ਤੇ ਕਿਸੇ ਨੂੰ ਦੱਸਿਉ ਨਾ। ਸਾਰਾ ਕੰਮ ਕਰਕੇ ਫੇਰ ਰੋਇਓ, ਨਹੀਂ ਤਾਂ ਤੁਹਾਡਾ ਸਾਰਾ ਕੰਮ ਵਿਚ ਹੀ ਰਹਿ ਜਾਏਗਾ। ਉਸਦੇ ਮਨ ਵਿਚ ਇਹ ਗੱਲ ਬਿਲਕੁਲ ਨਹੀਂ ਆ ਰਹੀ ਕਿ ਇਸ ਵੇਲੇ ਗੁਰੂ ਨਾਨਕ ਸਾਹਿਬ ਨੂੰ ਧਿਆਨ ਵਿਚ ਲਿਆਵਾਂ। ਇਹ ਗੱਲਾਂ ਕਰਦਾ-ਕਰਦਾ ਉਹ ਚੜ੍ਹਾਈ ਕਰ ਗਿਆ। ਧਿਆਨ ਹੀ ਨਹੀਂ ਆਇਆ ਪ੍ਰਮੇਸ਼ਰ ਦਾ। ਫੇਰ ਮੈਂ ਸੋਚਿਆ ਕਿ ਇਸਦੀ ਗਤੀ ਕਰਾ ਦੇਈਏ। ਪੰਦਰਾਂ ਅਖੰਡ ਪਾਠ ਕਰਾਏ ਉਸ ਦੀ ਗਤੀ ਕਰਾਉਣ ਲਈ।

ਸੋ ਇਸ ਤਰ੍ਹਾਂ ਬਹੁਤ ਸਾਰੇ ਸਾਧੂ ਸੰਤਾਂ ਨੂੰ ਵੀ ਨਹੀਂ ਪਤਾ ਲਗਦਾ ਕਿ ਵਾਹਿਗੁਰੂ ਕਿਥੇ ਹੈ। ਕਿਸੇ ਵਿਰਲੇ ਨੂੰ ਹੀ ਪਤਾ ਲਗਦਾ ਹੈ ਕਿ ਉਹ ਮੇਰੇ ਅੰਦਰ ਬਾਹਰ ਹਰ ਥਾਂ ਦੇ ਉਤੇ ਹੈ। ਉਸਦੇ ਨਾਲ ਪਿਆਰ ਹੋਣਾ ਚਾਹੀਦਾ ਹੈ - ਹੱਦ ਦਰਜੇ ਦਾ, ਤਾਂ ਉਸਦੀ ਯਾਦ ਮਨ ਵਿਚ ਵਸਦੀ ਹੈ, ਤਾਂ ਉਹ ਹਰ ਥਾਂ ਨਜ਼ਰ ਆਉਂਦਾ ਹੈ। ਇਹ ਕੇਵਲ ਜਾਣਨ ਨਾਲ ਨਹੀਂ ਹੋਇਆ ਕਰਦਾ, ਇਹ ਤਾਂ ਬੁੱਝਣ ਨਾਲ ਸੋਝੀ ਪੈਂਦੀ ਹੈ। ਸੋ ਉਸ ਦਾ ਗੁਰੂ ਕਹਿਣ ਲੱਗਿਆ, "ਮਾਧੋ ਦਾਸ! ਇਸ ਤਰ੍ਹਾਂ ਮੇਰੀ ਸੁਰਤਿ ਰਹਿ ਗਈ ਇਸ ਬਿੱਲ ਦੇ ਵਿਚ, ਮੈਂ ਉਸ ਸਮੇਂ ਤੋਂ ਹੀ ਕੀੜਾ ਬਣਦਾ ਆ ਰਿਹਾ ਹਾਂ। ਹੁਣ ਇਹ ਤੇਰੇ ਕੋਲ ਪੂਰਨ ਸਤਿਗੁਰੂ ਆ ਗਏ, ਪ੍ਰਮੇਸ਼ਰ ਰੂਪ ਨੇ, ਇਹ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਨੇ, ਤੂੰ ਇਨ੍ਹਾਂ ਦੇ ਚਰਨੀਂ ਲਗ ਜਾ।" ਸੋ ਏਸ ਤਰ੍ਹਾਂ ਸਾਧਸੰਗਤ ਜੀ! ਮੈਂ ਵਾਸ਼ਨਾ ਦੀ ਗੱਲ ਕਰ ਰਿਹਾ ਹਾਂ। ਵਾਸ਼ਨਾ ਜਪ-ਤਪ ਕੀਤੇ ਹੋਏ ਵੀ ਨਹੀਂ ਰਹਿਣ ਦਿੰਦੀ। ਜਿਹੜੀ ਅੰਤ ਸਮੇਂ ਵਾਸ਼ਨਾ ਆ ਜਾਵੇ, ਉਹ ਪ੍ਰਬਲ ਹੋਇਆ ਕਰਦੀ ਹੈ।

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਭਾਈ ਝੰਡਾ! ਮਨ ਦਾ ਨਿਰੀਖਣ ਕਰਨਾ ਚਾਹੀਦਾ ਹੈ - ਹਰ ਵਕਤ। ਇਸ ਦੇ ਵਿਚ ਆਸੁਰੀ ਸੰਪਰਦਾ ਨੂੰ ਦਾਖਲ ਨਹੀਂ ਹੋਣ ਦੇਣਾ ਚਾਹੀਦਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਚੁਗਲੀ; ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਭਾਵ;

ਰਾਜ, ਮਾਲ, ਰੂਪ, ਜਾਤ, ਜੋਬਨ; ਵਿਦਿਆ ਵਗੈਰਾ ਦਾ ਮਾਣ ਆਦਿ ਇਹ ਨਹੀਂ ਅੰਦਰ ਆਉਣ ਦੇਣੇ ਚਾਹੀਦੇ। ਇਨ੍ਹਾਂ ਦੀ ਥਾਂ ਤੇ ਤੂੰ ਪਿਆਰ, ਖਿਮਾ, ਧੀਰਜ, ਸੌਚ, ਸ਼ੀਲ, ਅਹਿੰਸਾ, ਸੰਤੋਖ, ਸਰਬੱਤ ਦਾ ਭਲਾ – ਇਹ ਚੀਜ਼ਾਂ ਮਨ ਦੇ ਅੰਦਰ ਵਸਾਉਂਦਾ ਚਲਿਆ ਜਾਹ। ਮਨ ਦੀ ਪੜਚੋਲ ਕਰਕੇ ਸ਼ੁਭ ਗੁਣ ਧਾਰਨ ਕਰ ਅਤੇ ਅਵਗੁਣਾਂ ਨੂੰ ਅੰਦਰੋਂ ਕਢਦਾ ਜਾਹ। ਪਾਖੰਡ ਤੋਂ ਦੂਰ ਰਹਿ, ਇਸ ਦੀ ਥਾਂ ਤੇ ਸਰਲਤਾ ਨੂੰ ਅੰਦਰ ਲਿਆ। ਪੰਜ ਵਿਸ਼ੇ – ਪੰਜ ਚੋਰ, ਈਰਖਾ, ਆਸਾ, ਅੰਦੇਸਾ ਤੋਂ ਦੂਰ ਰਹਿ।

ਦੂਸਰੀ ਗੱਲ ਇਹ ਹੈ ਕਿ ਅੰਦਰ ਲਗਨ ਹੋਣੀ ਚਾਹੀਦੀ ਹੈ ਕਿ ਮੈਂ ਪ੍ਰਮੇਸ਼ਰ ਨੂੰ ਮਿਲਣਾ ਹੈ ਭਾਵੇਂ ਕੁਝ ਵੀ ਹੋ ਜਾਵੇ। ਭਾਈ ਝੰਡਾ! ਜਿਹੜਾ ਕੰਮ ਕਰਨ ਲਈ ਤੂੰ ਆਇਆ ਹੈਂ, ਉਹਨੂੰ ਤਰਜੀਹ ਦੇਹ, ਉਹਨੂੰ ਪਹਿਲੇ ਨੰਬਰ ਤੇ ਰੱਖ। ਠੀਕ ਹੈ ਤੁਸੀਂ ਨੇਕ ਬੰਦੇ ਹੋ ਪਰ ਊਣਤਾਈ ਕਿਥੇ ਰਹਿ ਗਈ? ਤੁਸੀਂ ਅਜੇ ਤਕ ਪ੍ਰਮੇਸ਼ਰ ਨੂੰ ਨਹੀਂ ਪਛਾਣਿਆ। ਪ੍ਰਮੇਸ਼ਰ ਨੂੰ ਪਛਾਣੋ, ਉਹ ਘਟ ਘਟ ਵਿਚ ਵਿਆਪਕ ਹੈ। ਕਹਿਣ ਲੱਗਿਆ, "ਪਾਤਸ਼ਾਹ! ਅਸੀਂ ਬਹੁਤ ਤਰਲੇ ਲੈਂਦੇ ਹਾਂ। ਇਹ ਸਾਰੀਆਂ ਗੱਲਾਂ ਅਸੀਂ ਸਾਸ਼ਤਰਾਂ ਵਿਚ ਵੀ ਪੜ੍ਹੀਆਂ ਹਨ ਪਰ ਕਿਸੇ ਮੰਜ਼ਲ ਤੇ ਨਹੀਂ ਪਹੁੰਚ ਰਹੇ, ਪ੍ਰਾਪਤੀ ਨਹੀਂ ਹੋ ਰਹੀ। ਆਪ ਕ੍ਰਿਪਾ ਕਰਕੇ ਸਮਝਾ ਦਿਓ।

ਮਹਾਰਾਜ ਕਹਿੰਦੇ ਇਕ ਜ਼ਬਰਦਸਤ ਪੜਦਾ ਹੈ ਜਿਹੜਾ ਪ੍ਰਮੇਸ਼ਰ ਤੋਂ ਦੂਰ ਰੱਖ ਰਿਹਾ ਹੈ, ਤੁਹਾਡੇ ਧਿਆਨ ਵਿਚ ਨਹੀਂ ਆਉਣ ਦਿੰਦਾ, ਉਹ ਹੈ 'ਹਉਮੈ', 'ਮੈਂ' ਤੇ 'ਮੇਰੀ'। ਇਹ ਜਿਹੜੀ ਭਾਵਨਾ ਹੈ ਇਹ ਸਾਰਿਆਂ ਦੇ ਅੰਦਰ ਕੰਮ ਕਰ ਰਹੀ ਹੈ। ਕੋਈ ਵੀ ਜੀਵ-ਜੰਤੂ, ਪਸ਼ੂ-ਪੰਛੀ, ਆਦਮੀ, ਦੇਵਤਾ, ਦੈਂਤ ਸੰਸਾਰ ਵਿਚ ਐਸਾ ਨਹੀਂ ਹੈ ਜਿਹੜਾ 'ਮੈਂ ਤੇ ਮੇਰੀ' ਤੋਂ ਉਪਰ ਹੋਵੇ। ਜਿੰਨਾਂ ਚਿਰ ਇਹ ਕਾਇਮ ਹੈ, ਓਨਾਂ ਚਿਰ ਇਹ ਜੀਵਨ ਵਾਹਿਗੁਰੂ ਤੋਂ ਵੱਖਰਾ ਹੈ, ਇਹ ਵਾਹਿਗੁਰੂ ਦੀ ਪਰੀਪੂਰਨਤਾ ਨੂੰ ਸਵੀਕਾਰ ਨਹੀਂ ਕਰਦਾ। ਇਹ ਗੱਲ ਮੰਨਣ ਵਾਸਤੇ ਤਿਆਰ ਨਹੀਂ ਹੈ ਕਿ ਸਭ ਦੇ ਅੰਦਰ ਵਾਹਿਗੁਰੂ ਹੈ, ਚੋਰਾਂ ਚਕਾਰਾਂ ਦੇ ਵਿਚ ਵੀ ਵਾਹਿਗੁਰੂ ਹੈ। ਇਹ ਤਾਂ ਹੈ ਹੀ ਸਾਰਾ ਵਾਹਿਗੁਰੂ ਦਾ ਖੇਲ੍ਹ, ਇਥੇ ਹੋਰ ਕੋਈ ਹੈ ਨਹੀਂ, ਕੇਵਲ ਸਾਡੀ ਦ੍ਰਿਸ਼ਟੀ ਵਿਚ ਫਰਕ ਹੈ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।*** ***ਜਾਪੁ ਸਾਹਿਬ***

ਪਿਆਰਿਆ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
*ਪੰਨਾ – 624*

ਜਿਹੜੀ ਹਉਮੈ ਦੀ ਦੀਵਾਰ ਬਣੀ ਹੋਈ ਹੈ, ਇਸ ਨੂੰ ਤਿਆਗ ਦੇ, ਛੱਡ ਦੇ।

ਇਕ ਰਾਜਾ ਸੀ, ਉਸ ਨੇ ਤੇ ਉਸ ਦੀ ਰਾਣੀ ਨੇ ਜੰਗਲ ਵਿਚ ਜਾ ਕੇ ਤਪ ਕੀਤਾ। ਤਪ ਕਰਨ ਤੋਂ ਬਾਅਦ ਰਾਣੀ ਨੂੰ ਗਿਆਨ ਹੋ ਗਿਆ, ਰਾਜੇ ਨੂੰ ਨਾ ਹੋਇਆ। ਜਦੋਂ ਰਾਣੀ ਨੇ ਗੱਲ ਕੀਤੀ ਕਿ ਮੈਨੂੰ ਤਾਂ ਉਸ ਪਰਮਪਦ ਦੀ ਪ੍ਰਾਪਤੀ ਹੋ ਗਈ, ਮਹਾਨ ਰਸ ਦੀ ਪ੍ਰਾਪਤੀ ਹੋ ਗਈ ਜਿਸ ਨੂੰ ਪ੍ਰਾਪਤ ਕਰਕੇ ਹੋਰ ਅੱਗੇ ਕੁਛ ਪ੍ਰਾਪਤ ਕਰਨ ਦੀ ਲੋੜ ਹੀ ਨਹੀਂ ਰਹਿੰਦੀ; ਮੈਂ ਤਾਂ ਪਰਮ ਅਨੰਦਤ ਹੋ ਗਈ ਹਾਂ, ਕ੍ਰਿਤ-ਕ੍ਰਿਤ ਹੋ ਗਈ ਹਾਂ। ਉਹ ਕਹਿੰਦਾ ਕਿ ਮੇਰੇ ਮਨ ਵਿਚੋਂ ਤਾਂ ਅਜੇ ਕਲਪਣਾ ਹੀ ਨਹੀਂ ਹਟੀ, ਮੇਰ-ਤੇਰ ਨਹੀਂ ਹਟੀ, ਮੈਂ ਤਾਂ ਅਜੇ ਵੀ ਤੈਨੂੰ ਆਪਣੀ ਸਮਝਦਾ ਹਾਂ, ਮੈਂ ਕੀ ਕਰਾਂ; ਆਪਾਂ ਆਏ ਤਾਂ ਦੋਨੋਂ ਇਕੱਠੇ ਸੀ। ਕਹਿਣ ਲੱਗੀ ਕਿ ਤੁਸੀਂ ਹੋਰ ਤਪ ਕਰੋ ਅਤੇ ਨਾਲ ਹੀ ਉਸ ਦੇ ਮਨ ਵਿਚ ਦਇਆ ਆਈ ਕਿ ਮੈਂ ਇਸ ਦਾ ਗੁਰੂ ਬਣ ਕੇ ਇਸ ਨੂੰ ਗਿਆਨ ਦੇਵਾਂ। ਜਦੋਂ ਕਾਫੀ ਸਮਾਂ ਤਪ ਕਰਦੇ ਨੂੰ ਹੋ ਗਿਆ ਤਾਂ ਇਕ ਦਿਨ ਉਹ ਆਈ ਤੇ ਆ ਕੇ ਕਹਿਣ ਲੱਗੀ ਕਿ ਮਨ ਨੂੰ ਕੁਝ ਸ਼ਾਂਤੀ ਆਈ? ਕਹਿੰਦਾ, "ਮੈਨੂੰ ਤਾਂ ਬਿਲਕੁਲ ਨਹੀਂ ਆਈ।" ਰਾਣੀ ਨੇ ਕਿਹਾ ਕਿ ਰਾਜਨ! ਤੁਸੀਂ ਤਿਆਗ ਕਰੋ, ਤੁਹਾਡੇ ਅੰਦਰ ਪਕੜ ਹੈ। ਹੌਲੀ-ਹੌਲੀ ਉਸ ਨੇ ਸਾਰੀਆਂ ਚੀਜ਼ਾਂ ਦਾ ਤਿਆਗ ਕਰ ਦਿਤਾ; ਇਕ ਦਰੀ ਰੱਖ ਲਈ, ਇਕ ਸਰ੍ਹਾਣਾ ਰੱਖ ਲਿਆ, ਗੜਵੀ ਰੱਖ ਲਈ, ਇਕ ਝੌਂਪੜੀ ਰੱਖ ਲਈ। ਜਦੋਂ ਕਈ ਮਹੀਨਿਆਂ ਤੋਂ ਬਾਅਦ ਰਾਣੀ ਫੇਰ ਆਈ ਤਾਂ ਕਹਿੰਦਾ ਕਿ ਮੈਨੂੰ ਤਾਂ ਅਜੇ ਵੀ ਸ਼ਾਂਤੀ ਨਹੀਂ ਆਈ। ਕਹਿਣ ਲੱਗੀ, "ਤੁਸੀਂ ਤਿਆਗ ਨਹੀਂ ਕੀਤਾ।" ਰਾਜਾ ਕਹਿੰਦਾ, "ਮੈਂ ਤਾਂ ਸਭ ਕੁਝ ਤਿਆਗ ਦਿਤਾ, ਕੋਈ ਚੀਜ਼ ਨਹੀਂ ਕੋਲ ਰੱਖੀ। ਜਦੋਂ ਅਸੀਂ ਜੰਗਲ ਵਿਚ ਆਏ ਸੀ ਤਾਂ ਮੈਂ ਸੋਨੇ ਦੇ ਗਹਿਣੇ ਪਹਿਨੇ ਹੋਏ ਸੀ – ਕੜੇ, ਮੁੰਦਰੀਆਂ ਆਦਿ, ਹੋਰ ਚੀਜ਼ਾਂ ਵੀ ਸਨ, ਉਹ ਮੈਂ ਸਭ ਛੱਡ ਦਿਤੀਆਂ।" ਰਾਣੀ ਨੇ ਕਿਹਾ ਕਿ ਨਹੀਂ ਰਾਜਨ! ਤੁਸੀਂ ਅਜੇ ਤਿਆਗ ਨਹੀਂ ਕਰਿਆ, ਤੁਹਾਡੇ ਅੰਦਰ ਪਕੜ ਹੈ। ਉਸ ਨੇ ਝੌਂਪੜੀ ਨੂੰ ਅੱਗ ਲਗਾ ਦਿਤੀ ਤੇ ਹੋਰ ਚੀਜ਼ਾਂ ਵੀ ਛੱਡ ਦਿਤੀਆਂ। ਕੁਝ ਦੇਰ ਬਾਅਦ ਰਾਣੀ ਫੇਰ ਆਈ ਤੇ ਪੁਛਿਆ –

"ਹੁਣ ਮਨ ਦੀ ਕੀ ਅਵਸਥਾ ਹੈ?"

"ਮੇਰਾ ਮਨ ਤਾਂ ਓਹਾ ਜਿਹਾ ਹੀ ਹੈ, ਕੋਈ ਅਸਰ ਨਹੀਂ ਹੋਇਆ।"

"ਰਾਜਨ! ਤੁਸੀਂ ਤਿਆਗ ਕਰੋ।"

"ਤਿਆਗ ਤਾਂ ਮੈਂ ਕਰ ਦਿਤਾ ਹੈ; ਹੁਣ ਮੇਰੇ ਕੋਲ ਹੈ ਕੀ? ਤਨ ਦੇ ਉਤੇ ਕਪੜਾ ਪਹਿਨਿਆ ਹੋਇਆ ਹੈ, ਇਹ ਵੀ ਤਿਆਗ ਦਿੰਦਾ ਹਾਂ।"

ਇਸ ਤੋਂ ਬਾਅਦ ਰਾਣੀ ਚਲੀ ਗਈ ਅਤੇ ਕਾਫੀ ਸਮੇਂ ਬਾਅਦ ਫੇਰ ਆਈ ਤੇ ਕਹਿਣ ਲੱਗੀ –

"ਮਨ ਸ਼ਾਂਤ ਹੋਇਆ?"

"ਨਹੀਂ।"

"ਤੁਸੀਂ ਤਿਆਗ ਕਰੋ।"

"ਹੁਣ ਮੇਰੇ ਕੋਲ ਤਿਆਗ ਕਰਨ ਨੂੰ ਕੀ ਹੈ। ਮੇਰਾ ਸਰੀਰ ਜ਼ਰੂਰ ਹੈ, ਇਹ ਵੀ ਤਿਆਗ ਦਿੰਦਾ ਹਾਂ।"

ਚਿਖਾ ਬਣਾ ਲਈ, ਉਪਰ ਬੈਠ ਗਿਆ; ਜਦੋਂ ਆਪਣੇ ਆਪ ਨੂੰ ਅੱਗ ਲਾਉਣ ਲੱਗਿਆ ਤਾਂ ਰਾਣੀ ਕਹਿੰਦੀ, ਹੁਣ ਸੋਚੋ, ਸਰੀਰ ਤਿਆਗ ਕੇ ਤੁਹਾਡੇ ਕੋਲ ਸੂਖਸ਼ਮ ਸਰੀਰ ਰਹਿ ਜਾਣਾ ਹੈ - 19 ਇੰਦ੍ਰਿਆਂ ਦਾ - ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧ, ਅਹੰਭਾਵ; ਜੇ ਅੰਤਸ਼ਕਰਣ ਨੂੰ ਇਕ ਗਿਣੀਏ ਤਾਂ 16 ਇੰਦ੍ਰਿਆਂ ਦਾ ਸੂਖਸ਼ਮ ਸਰੀਰ, ਇਕ ਇਹਦੇ ਵਿਚ ਜੋਤ ਹੁੰਦੀ ਹੈ। ਇਸ ਤਰ੍ਹਾਂ 17 ਗਿਣੇ ਜਾਂਦੇ ਹਨ। ਤਿਆਗੀ ਤਾਂ ਤੁਸੀਂ ਹੋਏ ਨਾ, ਫੇਰ ਮੇਰਾ ਤੇ ਤੁਹਾਡਾ ਮਿਲਾਪ ਨਹੀਂ ਹੋਣਾ। ਉਸ ਤੋਂ ਵੀ ਅੱਗੇ ਤੁਹਾਡਾ ਕਾਰਨ ਸਰੀਰ ਰਹਿ ਜਾਣਾ ਹੈ - ਅਗਿਆਨ ਦਾ ਸਰੀਰ। ਜਿਹੜੀ ਚੀਜ਼ ਤਿਆਗਣ ਵਾਲੀ ਹੈ, ਉਹ ਤਿਆਗ ਦੇ। ਤੂੰ ਅਜੇ ਤਿਆਗੀ ਨਹੀਂ ਹੋਇਆ ਕਿਉਂਕਿ ਤੇਰੇ ਕੋਲ ਅਜੇ 'ਮੈਂ' ਬਾਕੀ ਬਚਦੀ ਹੈ। ਜਦੋਂ ਤਕ ਇਸ ਨੂੰ ਨਹੀਂ ਤਿਆਗਦਾ, ਤਿਆਗੀ ਨਹੀਂ ਹੋ ਸਕਦਾ।

***ਧਾਰਨਾ - ਕਹਾਂ ਕੋਈ ਤਿਆਗੀ,***
***ਬਿਨ ਹਉਂ ਤਿਆਗੇ - 2, 2.***
***ਬਿਨ ਹਉਂ ਤਿਆਗੇ,***
***ਕਹਾਂ ਕੋਈ ਤਿਆਗੀ,.........- 2, 2.***

***ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥ ਪੰਨਾ - 1140***

ਤੂੰ ਅਜੇ 'ਮੈਂ' ਭਾਵ ਨਹੀਂ ਛੱਡਿਆ, ਅਜੇ ਤੂੰ ਮੈਨੂੰ ਆਪਣੀ ਇਸਤਰੀ ਸਮਝਦਾ ਹੈਂ ਤੇ ਤੂੰ ਖੁਦ ਅਜੇ ਵੀ ਰਾਜਾ ਬਣਿਆ ਬੈਠਾ ਹੈਂ। ਇਹ ਭਾਵ ਅੰਦਰੋਂ ਕੱਢ ਦੇ, ਆਪਣਾ ਆਪਾ ਤਿਆਗ ਦੇ। ਜਦੋਂ ਤੂੰ ਆਪਣਾ ਆਪਾ ਤਿਆਗ ਕਰ ਦੇਵੇਂਗਾ, ਉਸੇ ਵੇਲੇ ਤੈਨੂੰ ਗਿਆਨ ਹੋ ਜਾਏਗਾ।

ਮਸਤ ਹੋ ਗਿਆ, ਸਮਾਧੀ ਲਗ ਗਈ। ਤਿੰਨ ਚਾਰ ਮਹੀਨੇ ਬਾਅਦ ਰਾਣੀ ਫੇਰ ਆਈ। ਉਸ ਨੇ ਆਪਣੀ ਮਾਇਆ ਦੇ ਨਾਲ ਸੰਸਾਰ ਰਚ ਲਿਆ; ਬਹੁਤ ਸਾਰੇ ਦੇਵਤੇ ਦਿਖਾਈ ਦੇਣ ਲਗ ਗਏ, ਉਨ੍ਹਾਂ ਦੇ ਨਾਲ ਨੱਚਦੀ ਹੈ, ਕਿਰਿਆ ਕਰਦੀ ਹੈ ਪਰ ਰਾਜੇ ਨੂੰ ਕੋਈ ਖਿਆਲ ਨਹੀਂ ਆਇਆ। ਜਦੋਂ ਪੂਰਾ ਟੈਸਟ ਲੈ ਲਿਆ ਤਾਂ ਕਹਿਣ ਲੱਗੀ -

"ਰਾਜਨ! ਹੁਣ ਕਿਸ ਤਰ੍ਹਾਂ ਹੈ?"

"ਮੈਂ ਜਿਹੜੀ ਚੀਜ਼ ਪ੍ਰਾਪਤ ਕਰਨੀ ਸੀ, ਉਹ ਪ੍ਰਾਪਤ ਹੋ ਗਈ, ਹੁਣ ਮੈਨੂੰ ਕੋਈ ਇੱਛਾ ਨਹੀਂ ਰਹੀ ਸੰਸਾਰ ਦੀ।"

"ਜਦੋਂ ਮੈਂ ਦੇਵਤਿਆਂ ਦੇ ਨਾਲ ਨਚਦੀ ਸੀ, ਤੈਨੂੰ ਕਿਵੇਂ ਮਹਿਸੂਸ ਹੋਇਆ?"

"ਮੈਨੂੰ ਕੁਝ ਵੀ ਨਹੀਂ ਹੋਇਆ, ਮੇਰਾ ਕੋਈ ਹੈ ਹੀ ਨਹੀਂ, ਮੈਂ ਤਾਂ ਆਪ ਵੀ ਨਹੀਂ ਹਾਂ।"

"ਤੈਨੂੰ ਹੁਣ ਬ੍ਰਹਮਗਿਆਨ ਹੋ ਗਿਆ ਹੈ। ਹੁਣ ਜੇ ਆਪਾਂ ਘਾਹ ਖੋਤਾਂਗੇ ਤਾਂ ਖੋਤ ਨਹੀਂ ਹੋਣਾ; ਰਾਜ ਕਰਨ ਜਾਣਦੇ ਹਾਂ, ਤੁਸੀਂ ਹੁਣ ਚੱਲੋ ਤੇ ਆਪਾਂ ਚੱਲ ਕੇ ਹੁਣ ਹਉਂ ਰਹਿਤ ਹੋ ਕੇ ਰਾਜ ਕਰਾਂਗੇ।"

ਸੋ ਏਸ ਤਰ੍ਹਾਂ ਗੁਰੂ ਮਹਾਰਾਜ ਕਹਿਣ ਲੱਗੇ ਕਿ ਭਾਈ ਝੰਡਾ! ਆਦਮੀ ਦੇ ਅੰਦਰ ਹਉਂ ਦਾ ਪੜਦਾ ਪਿਆ ਹੈ - 'ਮੈਂ' ਤੇ 'ਮੇਰੀ' ਦਾ, ਜੋ ਬਹੁਤ ਹੀ ਸਖਤ ਹੈ। ਇਸ ਨੂੰ ਦੂਰ ਕਰਨ ਦਾ ਕੋਈ ਵੀ ਉਪਾਅ ਨਹੀਂ ਹੈ, ਨਾ ਤਾਂ ਇਹ ਤੀਰਥ ਨਾਤ੍ਹਿਆਂ ਤੋਂ ਦੂਰ ਹੁੰਦਾ ਹੈ, ਨਾ ਇਹ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਕੇ ਦੂਰ ਹੁੰਦਾ ਹੈ, ਇਥੋਂ ਤਕ ਵੀ ਬਾਣੀ ਵਿਚ ਵਿਚਾਰ ਆਉਂਦੀ ਹੈ ਕਿ ਜੇ ਇਕ-ਇਕ ਰੱਤੀ ਕਰਕੇ ਸਰੀਰ ਹੋਮ ਦਿਤਾ ਜਾਵੇ ਤਾਂ ਵੀ ਇਹ ਘਟਦਾ ਨਹੀਂ, ਵਧਦਾ ਹੀ ਹੈ, ਨਾ ਹੀ ਕੋਈ ਤਪ ਕਰਕੇ, ਨਾ ਹੀ ਕੋਈ ਯੋਗਿਕ ਸਾਧਨ ਹਨ ਜਿਨ੍ਹਾਂ ਕਰਕੇ ਇਹ ਦੂਰ ਹੋਵੇ, ਜੈਨ ਮੱਤ ਅਤੇ ਬੁੱਧ ਮਤ ਦੇ ਕਠਨ ਸਾਧਨ ਇਸ ਹਉਮੈ ਦੇ ਪੜਦੇ ਨੂੰ ਕੱਟ ਨਹੀਂ ਸਕਦੇ। ਇਸ ਨੂੰ ਇਉਂ ਸਮਝੋ ਕਿ ਅਕੱਟ ਪੜਦਾ ਹੈ। ਪਰੀਪੂਰਨ ਵਾਹਿਗੁਰੂ ਜਿਸ ਨੂੰ ਸਮਸ਼ਟ ਬ੍ਰਹਮ ਕਹਿੰਦੇ ਹਨ, ਉਹ ਆਪੇ ਆਪ ਹੀ ਪਰੀਪੂਰਨ ਹੈ। ਭਾਈ ਝੰਡੇ! ਇਥੇ ਨਿਰੰਕਾਰ ਤੋਂ ਬਗੈਰ ਹੋਰ ਕੋਈ ਚੀਜ਼ ਨਹੀਂ ਹੈ ਪਰ ਇਹ ਹਉਮੈ ਦੇ ਪੜਦੇ ਨੇ ਸਾਰਾ ਕੁਝ ਢਕਿਆ ਹੋਇਆ ਹੈ। ਉਸ ਵਾਹਿਗੁਰੂ ਦੀ ਅਖੰਡਤਾ ਦਾ ਜੋ ਭਾਵ ਇਸ ਮਾਨਸ ਨੇ ਆਪਣੇ ਅੰਦਰ ਲੈਣਾ ਸੀ, ਉਸ ਨੂੰ ਵਲੱਗਣ ਪਾ ਕੇ ਵਿਅਸ਼ਟ ਵਿਚ ਬਦਲ ਦਿੰਦਾ ਹੈ। ਸਮਸ਼ਟ ਕਹਿੰਦੇ ਨੇ ਸਮੁੱਚਤਾ ਨੂੰ, ਵਿਅਸ਼ਟ ਹੁੰਦਾ ਹੈ ਇਸ ਦੇ ਵਿਪਰੀਤ ਵੱਖਰੀ-ਵੱਖਰੀ ਹਸਤੀ। ਇਹ ਭਾਵਨਾ ਹੁਣ ਐਨੀ ਪੱਕ ਚੁਕੀ ਹੈ ਕਿ ਇਹ ਮਨੁੱਖ ਇਸ ਦੇ ਵਿਚੋਂ ਨਿਕਲਣ ਲਈ ਤਿਆਰ ਹੀ ਨਹੀਂ, ਭਾਵੇਂ ਸਾਰੇ ਦੁੱਖ ਇਸ ਪੜਦੇ ਕਰਕੇ ਪਏ ਹੋਏ ਹਨ, ਆਦਮੀ ਜੰਮਦਾ ਹੈ, ਮਰਦਾ ਹੈ, ਕਰਮਾਂ ਦਾ ਬੰਧਨ ਇਸ ਦੇ ਗਲ ਪੈਂਦਾ ਹੈ, ਕਦੇ ਪੁੰਨੀ ਪਾਪੀ ਬਣਦਾ ਹੈ, ਕਿਤੇ ਰਾਜਾ ਬਣ ਕੇ ਰਾਜ ਕਰਦਾ ਹੈ, ਕਿਤੇ ਭਿਖਾਰੀ ਬਣ ਕੇ ਮੰਗਦਾ ਫਿਰਦਾ ਹੈ, ਕਿਤੇ ਮਹਾਂਦਾਨੀ ਹੋ ਕੇ ਬਹੁਤ ਵੱਡੇ-ਵੱਡੇ ਦਾਨ ਕਰਦਾ ਹੈ ਪਰ ਇਹ ਪੜਦਾ ਪਤਲਾ ਹੋਣ ਦੀ ਥਾਂ ਮੋਟਾ ਹੁੰਦਾ ਜਾਂਦਾ ਹੈ। ਇਹ ਅਸਾਧ ਰੋਗ ਹੈ ਜੋ ਮਨੁੱਖ ਦੇ ਹਿੱਸੇ ਵਿਚ ਆਇਆ ਹੈ। ਤੂੰ ਦੱਸਿਆ ਹੈ ਇਸ ਟਾਪੂ ਦੇ ਰਾਜੇ ਦਾ ਭਣੇਵਾਂ, ਇੰਦਰਸੈਨ ਵੀ ਰਲ ਕੇ ਸੰਗਤ ਕਰਦਾ ਹੈ। ਪਰ ਇਸ ਪੜਦੇ ਦੇ ਕਾਰਨ ਭਾਵੇਂ ਬੁੱਧੀ ਦੇ ਤੌਰ ਤੇ ਜਾਣ ਵੀ ਲਵੇ ਕਿ ਵਾਹਿਗੁਰੂ ਜੀ ਆਪਣੀ ਖੇਲ੍ਹ ਆਪ ਕਰ ਰਹੇ ਹਨ, ਪਰ ਫੇਰ ਭੀ ਅਸਾਡੀ ਜੋ ਗਿਆਤ ਹੈ ਜਿਸ ਵਿਚ 'ਮੈਂ' ਤੇ 'ਮੇਰੀ' ਦਾ ਪ੍ਰਬਲ ਵੇਗ ਚਲਦਾ ਹੈ, ਉਹ ਇਸ ਸਤਿ

ਬਚਨ ਉਤੇ ਕਦਾਂਚ ਵੀ ਨਿਸ਼ਚਾ ਨਹੀਂ ਆਉਣ ਦਿੰਦੇ। ਭਾਈ ਝੰਡਾ ਜੀ ਵਾਹਿਗੁਰੂ ਸਮਸ਼ਟ ਰੂਪ ਵਿਚ ਆਪੇ ਆਪ ਹੈ, ਪਰ ਇਕ ਹੈ ਕਿ ਜਿਵੇਂ ਬਹੁਤ ਵਿਸਥਾਰ ਵਾਲਾ ਦਰਖਤ ਇਕੋ ਰੂਪ ਹੁੰਦਾ ਹੈ ਪਰ ਜਦੋਂ ਅਸੀਂ ਉਸ ਨੂੰ ਦੇਖਦੇ ਹਾਂ, ਛੂੰਹਦੇ ਹਾਂ ਤਾਂ ਅਸਾਡਾ ਹੱਥ ਪੱਤਿਆਂ ਨੂੰ ਲਗਦਾ ਹੈ, ਟਾਹਣੀਆਂ ਨੂੰ ਲਗਦਾ ਹੈ, ਦਰਖਤ ਨੂੰ ਲਗਦਾ ਹੈ, ਫੁੱਲ ਨੂੰ ਲਗਦਾ ਹੈ, ਦਰਖਤ ਉਤੇ ਲੱਗੇ ਫਲ ਨੂੰ ਲਗਦਾ ਹੈ ਅਤੇ ਜੜ੍ਹਾਂ ਨੂੰ ਵੀ ਲਗ ਜਾਂਦਾ ਹੈ ਪਰ ਅਸੀਂ ਇਸ ਦੇ ਨਾਮ ਵਖਰੇ-ਵੱਖਰੇ ਲੈਂਦੇ ਹਾਂ, ਕਦੇ ਪੱਤੇ ਨੂੰ ਦਰਖਤ ਨਹੀਂ ਕਹਿੰਦੇ, ਪੱਤਾ ਹੀ ਕਹਿੰਦੇ ਹਾਂ, ਫਲ ਨੂੰ ਫਲ ਹੀ ਕਹਿੰਦੇ ਹਾਂ ਹਾਲਾਂਕਿ ਉਹ ਇਕੋ ਦਰਖਤ ਸਮੁੱਚੇ ਤੌਰ ਤੇ ਪੂਰਨ ਹੈ। ਇਸੇ ਤਰ੍ਹਾਂ ਨਾਲ ਇਹ ਸਾਰਾ ਵਿਸ਼ਵ ਉਸ ਦਾ ਆਪਣਾ ਹੀ ਰੂਪ ਹੈ ਜਿਸ ਦੇ ਪਸਾਰੇ ਬਾਰੇ ਕੋਈ ਵੀ ਅਨੁਮਾਨ ਨਹੀਂ ਲਗ ਸਕਦਾ। ਜਿੰਨਾਂ ਕੁ ਕਿਸੇ ਨੇ ਜਾਣ ਲਿਆ ਹੈ, ਉਸ ਤੋਂ ਲੱਖਾਂ ਗੁਣਾਂ ਹੋਰ ਹੈ। ਕੋਈ ਵੀ ਐਸੀ ਅੱਖ ਨਹੀਂ ਜਿਹੜੀ ਵਾਹਿਗੁਰੂ ਦੀ ਸਮੁੱਚਤਾ ਨੂੰ ਦੇਖ ਸਕੇ। ਉਸ ਨੂੰ ਬਿਆਨਿਆਂ ਨਹੀਂ ਜਾਂਦਾ, ਕੇਵਲ ਅਨੁਭਵ ਕੀਤਾ ਜਾਂਦਾ ਹੈ। ਇਸ ਸਾਰੀ ਸਮਸ਼ਟਤਾ ਦੇ ਪਸਾਰੇ ਨੂੰ ਇਕ ਇਕਾਈ ਜਾਣਦੇ ਹੋਏ ਆਤਮਾ ਵੀ ਆਖਿਆ ਜਾਂਦਾ ਹੈ। ਕਈ ਸਿਆਣੇ ਬ੍ਰਹਮ ਕਹਿੰਦੇ ਹਨ। ਇਹ ਏਕੰਕਾਰ ਹੈ ਜੋ ਆਪਣੇ ਆਪ ਤੋਂ ਹੀ ਬਹੁਰੂਪਾਂ ਵਿਚ ਪ੍ਰਗਟ ਹੋਇਆ ਹੈ। ਭਾਈ ਝੰਡੇ! ਅਸੀਂ ਇਸ ਨੂੰ ਵਾਹਿਗੁਰੂ ਆਖਦੇ ਹਾਂ। ਜਦੋਂ ਵਾਹਿਗੁਰੂ ਆਖਦੇ ਹਾਂ ਤਾਂ ਉਹ ਵਾਹਿਗੁਰੂ ਸੰਸਾਰ ਤੋਂ ਵਖਰਾ ਨਜ਼ਰ ਨਹੀਂ ਆਉਂਦਾ। ਇਸ ਬੇਅੰਤ ਸਮੁੱਚਤਾ ਨੂੰ ਅਸੀਂ ਵਾਹਿਗੁਰੂ ਕਹਿੰਦੇ ਹਾਂ। ਹਉਮੈ ਦੀ ਪੱਧਰ ਤੇ ਸਾਨੂੰ ਇਹ ਭਾਸ ਨਹੀਂ ਸਕਦਾ, ਅਸੀਂ ਵੱਖਰੇ-ਵੱਖਰੇ ਨਾਮ ਦਿੰਦੇ ਹਾਂ, ਇਸ ਇਕਾਈ ਨੂੰ ਤੋੜਦੇ ਹੋਏ, ਦਿਸਣ ਵਾਲੀ, ਸੁੰਘਣ ਵਾਲੀ, ਜਾਣੀ ਜਾਣ ਵਾਲੀ ਜੋ ਵੀ ਵਸਤੂ ਹੈ ਜਿਸ ਨੂੰ ਅਸੀਂ ਜਾਣ ਸਕਦੇ ਹਾਂ, ਉਸ ਨੂੰ ਅਸੀਂ ਮਾਇਆ ਦਾ ਨਾਮ ਦਿੰਦੇ ਹਾਂ। ਪਰ ਭਾਈ ਝੰਡਾ! ਇਹ ਵੱਖੋ ਵੱਖਰੀ ਚੀਜ਼ ਨਹੀਂ ਹੈ, ਇਕੋ ਪ੍ਰਮੇਸ਼ਰ ਦੇ ਅਨੇਕਾਂ ਰੂਪ ਵਰਤ ਰਹੇ ਹਨ। ਉਹ ਅਨੇਕਾਂ ਰੂਪਾਂ ਵਿਚ ਆਪਣੀ ਮਾਇਆ ਪਸਾਰ ਕੇ ਆਪਣੀ ਇਕਾਈ ਨੂੰ ਭੰਗ ਨਾ ਕਰਦਾ ਹੋਇਆ ਆਪਣੇ ਆਪ ਨੂੰ ਅਨੇਕਾਂ ਰੂਪਾਂ ਵਿਚ ਦੇਖਦਾ ਹੈ ਅਤੇ ਆਪ ਨਿਆਰਾ ਵੀ ਰਹਿੰਦਾ ਹੈ। ਉਹ ਜੋ ਪਰਮ ਹਸਤੀ ਹੈ ਉਸ ਦਾ ਅਨੁਭਵ ਵਾਹਿਗੁਰੂ ਦੀ ਲਗਾਤਾਰ ਯਾਦ ਤੋਂ ਬਿਨਾਂ ਪਰਪੱਕ ਨਹੀਂ ਹੁੰਦਾ, ਇਸ ਕਰਕੇ ਅਸੀਂ ਇਸ ਸਾਰੀ ਸਮੁੱਚਤਾ ਨੂੰ, ਜਿਸ ਨੂੰ ਅਸੀਂ ਵਾਹਿਗੁਰੂ ਆਖਦੇ ਹਾਂ, ਨਾਮ ਵੀ ਆਖਦੇ ਹਾਂ, ਸਾਰੀ ਸਮੁੱਚਤਾ ਦਾ ਅਨੁਭਵ ਨਾਮ ਦਾ ਪ੍ਰਗਟ ਹੋਣਾ ਹੈ। ਸੋ ਇਥੇ ਤਕ ਪਹੁੰਚਣ ਵਾਸਤੇ ਅਸੀਂ ਕਹਿੰਦੇ ਹਾਂ ਕਿ ਪਿਆਰਿਓ! ਜੇ ਪ੍ਰਮੇਸ਼ਰ ਨੂੰ ਮਿਲਣ ਦੀ ਅਭਿਲਾਖਾ ਹੈ ਤਾਂ ਤੁਸੀਂ ਇਸ ਵਾਹਿਗੁਰੂ ਮੰਤਰ ਦਾ ਹਰ ਸਮੇਂ ਹਰ ਸ੍ਵਾਸ ਸੌਂਦੇ ਜਾਗਦੇ, ਖਾਂਦੇ-ਪੀਂਦੇ, ਅਨੁਭਵ ਕਰਕੇ ਜਾਪ ਕਰਦੇ ਰਹੋ ਕਿਉਂਕਿ ਭੁੱਲ ਨੂੰ ਤੋੜਨ ਦਾ ਕੋਈ ਉਪਾਅ ਨਹੀਂ। ਇਸ ਭੁੱਲ ਜਾਣ ਦੇ ਜਜ਼ਬੇ ਨੂੰ ਹੀ ਅਸੀਂ ਹਉਮੈ ਕਹਿੰਦੇ ਹਾਂ, ਅਸੀਂ ਮਾਇਆ ਵੀ ਕਹਿੰਦੇ ਹਾਂ, ਪ੍ਰਕ੍ਰਿਤੀ ਵੀ ਕਹਿੰਦੇ ਹਾਂ; ਅਨੇਕਾਂ ਨਾਮ ਧਰੇ ਹਨ ਪਰ ਅਸੀਂ ਹਉਮੈ ਕਹਿੰਦੇ ਹਾਂ। ਇਸ ਦਾ ਇਲਾਜ ਕੇਵਲ ਵਾਹਿਗੁਰੂ ਮੰਤਰ ਹੈ, ਜਿਸ ਨੂੰ ਬਾਰ-ਬਾਰ ਜਪ ਕੇ ਇਹ ਹਉਮੈ ਦਾ ਕਰੜਾ ਪੜਦਾ ਟੁਟਣਾ ਸ਼ੁਰੂ ਹੋ ਜਾਂਦਾ ਹੈ। ਸੋ ਇਸ ਕਰਕੇ ਭਾਈ ਝੰਡਾ,

ਕੋਈ ਸਾਧਨ ਕਰਨ ਤੋਂ ਪਹਿਲਾਂ ਆਪਣੇ ਮਨ ਦਾ ਨਰੀਖਣ ਕਰਕੇ ਇਹ ਗੱਲਾਂ ਅਨੁਭਵ ਕਰ ਲੈਣੀਆਂ ਚਾਹੀਦੀਆਂ ਹਨ ਕਿ ਮੇਰੇ ਸਾਮ੍ਹਣੇ ਨਾਮ ਜਪਣ ਦਾ ਕੀ ਮਹੱਤਵ ਹੈ। ਅਸੀਂ ਦਸਦੇ ਹਾਂ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ – 466***

ਸਾਰੇ ਬੰਧਨ ਹਉਮੈ ਕਰਕੇ ਹਨ। ਜਦੋਂ ਆਦਮੀ ਕਰਮ ਨੂੰ ਅਪਣਾਅ ਲੈਂਦਾ ਹੈ ਅਤੇ ਇਹ ਹਉਮੈ ਕਰਕੇ ਬੰਨ੍ਹਿਆਂ ਜਾਂਦਾ ਹੈ, ਉਸ ਨੂੰ ਇਹ ਕਰਮ ਭੋਗਣ ਲਈ ਬਾਰ-ਬਾਰ ਜੰਮਣਾ ਪੈਂਦਾ ਹੈ। ਇਹ ਇਸ ਦੀ ਭੁੱਲ ਨੂੰ, ਆਪਣੀ ਹਸਤੀ ਨੂੰ ਇਕੱਲੇ ਜਾਣ ਕੇ ਉਸ ਦਾ ਦ੍ਰਿੜ੍ਹ ਹੋ ਜਾਣਾ ਇਹ ਹਉਮੈ ਕਰਕੇ ਹੁੰਦਾ ਹੈ। ਸੋ ਸਵਾਲ ਹੁੰਦਾ ਹੈ ਕਿ ਹਉਮੈ ਕਿਥੋਂ ਪੈਦਾ ਹੁੰਦੀ ਹੈ, ਕਿਸ ਤਰੀਕੇ ਨਾਲ ਇਹ ਜਾਵੇ, ਕਿਉਂਕਿ ਇਹ ਮਹਾਂ ਰੋਗ ਹੈ –

***ਹਉਮੈ ਕਿਥਹੁ ਉਪਜੈ ਕਿਤੁ ਸੰਜਮਿ ਇਹ ਜਾਇ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥***

***ਪੰਨਾ – 466***

ਇਹ ਆਪਣਾ ਆਪ ਕੋਈ ਸੁਤੰਤਰ ਪੜਦਾ ਨਹੀਂ, ਜਿਸ ਨੇ ਇਸ ਜੀਵ ਨੂੰ ਘੇਰਿਆ ਹੋਇਆ ਹੈ। ਇਹ ਇਕ ਖੇਡ ਹੈ ਜੋ ਪ੍ਰਭੂ ਦੇ ਹੁਕਮ ਵਿਚੋਂ ਹੋਈ; ਜਦੋਂ ਹੁਕਮ ਨੂੰ ਬੁੱਝ ਲਿਆ, ਹਉਮੈ ਦਾ ਨਾਸ਼ ਹੋ ਜਾਂਦਾ ਹੈ।

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***

***ਪੰਨਾ – 466***

ਇਹ ਦੀਰਘ ਰੋਗ ਹੈ ਜਿਸ ਦਾ ਕੇਵਲ ਇਕੋ ਇਕ ਇਲਾਜ ਹੈ ਕਿ ਸਤਿਗੁਰੂ ਦਾ ਮਿਲਾਪ ਹੋਵੇ, ਪੂਰੇ ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਹੋਵੇ ਯਾਨਿ ਕਿ ਉਸ ਤੋਂ ਵਾਹਿਗੁਰੂ ਮੰਤਰ ਦੀ ਦਾਤ ਪ੍ਰਾਪਤ ਹੋਵੇ। ਜਿਸ ਤਰ੍ਹਾਂ ਉਪਰ ਵਾਹਿਗੁਰੂ ਮੰਤਰ ਦਾ ਜਾਪ ਦਸ ਆਏ ਹਾਂ, ਉਸੇ ਤਰ੍ਹਾਂ ਕੀਤਾ ਜਾਵੇ ਤਾਂ ਇਹ ਰੋਗ ਖਤਮ ਹੋ ਜਾਂਦਾ ਹੈ, ਇਸ ਤਰ੍ਹਾਂ ਆਪਣੇ ਆਪ ਦੀ ਸੋਝੀ ਪੈ ਜਾਂਦੀ ਹੈ। ਸੋ ਭਾਈ ਝੰਡਾ! ਸਾਰੀ ਵਿਚਾਰ ਦਾ ਸਾਰ ਇਹ ਹੈ ਕਿ ਅਸੀਂ ਵਿਚਾਰਾਂ ਤਾਂ ਕਰਦੇ ਹਾਂ, ਗ੍ਰੰਥ ਵੀ ਪੜ੍ਹਦੇ ਹਾਂ ਪਰ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਰੁਕਾਵਟ ਕਿਥੇ ਹੈ। ਸੋ ਪੜਦੇ ਨੂੰ ਜਦ ਬੁੱਝ ਲਵੇ, ਹੁਕਮ ਦੀ ਕ੍ਰਿਆ ਨੂੰ ਜਾਣ ਲਵੇ, ਫੇਰ ਨਾਮ ਪ੍ਰਗਟ ਹੋ ਕੇ ਹੁਕਮ ਦੀ ਕ੍ਰਿਆ ਨੂੰ ਕੱਟ ਦਿੰਦਾ ਹੈ। ਸੋ ਇਹ ਵਿਅਸ਼ਟ ਦੀ ਕ੍ਰਿਆ ਸਮਸ਼ਟ ਰੂਪ ਵਿਚ ਪ੍ਰਤੀਤ ਦੇਣ ਲਗ ਜਾਂਦੀ ਹੈ।

ਸੋ ਗੁਰੂ ਮਹਾਰਾਜ ਕਹਿਣ ਲੱਗੇ ਕਿ ਇਹ ਜੀਵ ਇਸ ਹਉਮੈ ਨੂੰ ਛੱਡਣ ਵਾਸਤੇ ਤਿਆਰ ਨਹੀਂ ਹੁੰਦਾ। ਵੇਦ ਸੁਣ ਲਵੇ, ਸ਼ਾਸਤਰ ਸੁਣ ਲਵੇ, ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣ ਲਵੇ, ਮਹਾਂਪੁਰਸ਼ਾਂ ਦੇ ਬਚਨ ਸੁਣ ਲਵੇ,

ਪਰ 'ਮੈਂ' ਤੇ 'ਮੇਰੀ' ਦਾ ਤਿਆਗ ਨਹੀਂ ਕਰ ਸਕਦਾ। ਇਹ ਜੀਵ ਦੇ ਆਪਣੇ ਵਸ ਵਿਚ ਨਹੀਂ ਹੈ। ਚਾਹੁੰਦੇ ਹੋਏ ਵੀ ਨਹੀਂ ਤਿਆਗ ਸਕਦਾ ਕਿਉਂਕਿ ਇਸ ਦੀ ਦਾਰੂ ਨਹੀਂ ਹੈ –

***ਹਉਮੈ ਰੋਗੁ ਮਾਨੁਖ ਕਉ ਦੀਨਾ॥ ਪੰਨਾ – 1140***

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

***ਪੰਨਾ – 560***

ਦਾਰੂ ਕੀ ਹੈ ਇਸਦੀ?

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***

***ਭਾਈ ਗੁਰਦਾਸ ਜੀ, ਵਾਰ 13/2***

ਜਦੋਂ ਗਿਆਨ ਹੋ ਜਾਂਦਾ ਹੈ, ਉਸ ਵੇਲੇ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਸੋ ਮਹਾਰਾਜ ਜੀ ਕਹਿਣ ਲੱਗੇ ਕਿ ਝੰਡਿਆ! ਮਨ ਵਿਚ ਪ੍ਰਤੀਤ ਹੋਣੀ ਚਾਹੀਦੀ ਹੈ। ਜੇ ਪ੍ਰਤੀਤ ਆ ਗਈ, ਫੇਰ ਤਾਂ ਇਥੇ ਵਾਹਿਗੁਰੂ ਆਪ ਹੀ ਹੈ, ਉਸ ਤੋਂ ਬਿਨਾਂ ਹੋਰ ਕੋਈ ਹੈ ਨਹੀਂ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਇਥੇ ਦੂਜਾ ਕੋਈ ਹੈ ਹੀ ਨਹੀਂ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ – 1291***

ਭਾਈ ਝੰਡਾ! ਹੋ ਸਾਵਧਾਨ! ਕਹਿ ਵਾਹਿਗੁਰੂ! ਕਹਿ ਵਾਹਿਗੁਰੂ! ਪੰਜ ਵਾਰੀ ਵਾਹਿਗੁਰੂ ਕਹਾ ਦਿਤਾ ਤੇ ਭਾਈ ਝੰਡਾ ਹੁਣ ਪਹਿਲਾਂ ਵਾਲਾ ਝੰਡਾ ਨਾ ਰਿਹਾ। ਸੁਰਤ ਚੜ੍ਹ ਗਈ – ਦਸਵੇਂ ਦੁਆਰ ਅੰਦਰ, ਤੇ ਹੁਣ ਅਨੁਭਵ ਕਰ ਰਿਹਾ ਹੈ ਕਿ ਮੈਂ ਤਾਂ ਹਾਂ ਹੀ ਨਹੀਂ, ਮੈਂ ਤਾਂ ਬਿਲਕੁਲ ਖਤਮ ਹੋ ਗਿਆ। ਹੁਣ ਰਹਿ ਕੀ ਗਿਆ? ਬ੍ਰਹਮ ਭਾਵ, ਵਾਹਿਗੁਰੂ ਰਹਿ ਗਿਆ। ਪੂਰਨ ਰੂਪ ਵਿਚ ਅਨੰਦਿਤ ਹੋ ਗਿਆ। ਮਹਾਰਾਜ ਜੀ ਨੇ ਤਿੰਨ ਘੰਟੇ ਤੋਂ ਬਾਅਦ ਸੁਚੇਤ ਕੀਤਾ ਕਿ ਭਾਈ ਝੰਡਾ! ਨੇਤਰ ਖੋਲ੍ਹ। ਚਰਨਾਂ ਤੇ ਢਹਿ ਪਿਆ ਕਿ ਹੇ ਪ੍ਰਭੂ! ਜਨਮਾਂ-ਜਨਮਾਂਤਰਾਂ ਤੋਂ ਵਿਛੜੇ ਹੋਏ ਨੂੰ ਤੂੰ ਮੇਲ ਲਿਆ। ਪਾਤਸ਼ਾਹ! ਮੇਰੇ ਮਿੱਤਰ ਉਤੇ ਵੀ ਕ੍ਰਿਪਾ ਕਰ ਦਿਓ, ਉਹ ਵੀ ਤੇਰੇ ਚਰਨਾਂ ਦਾ ਭਉਰਾ ਹੈ, ਕ੍ਰਿਪਾ ਕਰੋ। ਮਹਾਰਾਜ ਜੀ ਨੇ ਉਸ ਦਾ ਵੀ ਉਧਾਰ ਕੀਤਾ।

ਸੋ ਜੋ ਬੇਨਤੀ ਕੀਤੀ ਗਈ ਸੀ ਕਿ ਦਰਸ਼ਨ ਦੀ ਆਸ ਹੈ – ਮਨ ਦੇ ਅੰਦਰ, ਪਰ ਦਰਸ਼ਨ ਕਰਨ ਵਾਸਤੇ ਗੁਰਮੁਖ ਦੀ ਲੋੜ ਹੈ –

***ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ॥ ਪੰਨਾ – 1318***

ਜਿਹੜੇ ਸੱਜਣ ਨੂੰ ਟੋਲ੍ਹਦੀ ਫਿਰਦੀ ਹਾਂ, ਉਹ ਤਾਂ ਮੇਰੇ ਨਾਲ ਹੀ ਹੈ–

***ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ॥***

*ਪੰਨਾ – 1318*

ਉਹ ਇਸ ਤਰ੍ਹਾਂ ਨਹੀਂ ਦਿਸਿਆ ਕਰਦਾ। ਗੁਰਮੁਖ ਦਾ, ਤੱਤ-ਬੇਤੇ ਮਹਾਂਪੁਰਸ਼ਾਂ ਦਾ, ਗੁਰੂ ਦਾ, ਬਚਨ ਮੰਨ ਕੇ ਹਉਮੈ ਛੱਡ ਦੇਵੇ, ਉਸ ਦੇ ਨਾਲ ਪ੍ਰਮੇਸ਼ਰ ਸਾਖਸ਼ਾਤਕਾਰ (ਪ੍ਰਤੱਖ) ਹੋ ਜਾਂਦਾ ਹੈ। ਆਤਮਾ ਸਾਖਸ਼ਾਤਕਾਰ ਕਹਿ ਲਓ, ਪ੍ਰਮੇਸ਼ਰ ਕਹਿ ਲਓ, ਬ੍ਰਹਮ ਕਹਿ ਲਓ; ਇਹ ਸਾਰੇ ਇਕੋ ਹੀ ਚੀਜ਼ ਦੇ ਨਾਮ ਨੇ; ਉਸੇ ਨੂੰ ਆਤਮਾ ਕਹਿੰਦੇ ਨੇ, ਉਸੇ ਨੂੰ ਬ੍ਰਹਮ ਕਹਿੰਦੇ ਨੇ, ਉਸੇ ਨੂੰ ਵਾਹਿਗੁਰੂ ਕਹਿੰਦੇ ਨੇ, ਉਸੇ ਨੂੰ ਓਅੰਕਾਰ, ਏਕੰਕਾਰ, ਨਿਰੰਕਾਰ ਕਹਿੰਦੇ ਨੇ। ਜਿਤਨੇ ਵੀ ਨਾਂ ਨੇ, ਸਭ ਉਸੇ ਦੇ ਨੇ। ਉਹ ਆਪ ਹੀ ਪਰੀਪੂਰਨ ਹੋ ਕੇ ਆਪਣੀ ਖੇਡ ਕਰ ਰਿਹਾ ਹੈ। ਪਰ ਅਸੀਂ ਹਉਮੈ ਦੇ ਵਿਚ ਹੋਣ ਕਰਕੇ ਏਸ ਭੇਦ ਨੂੰ ਸਮਝ ਨਹੀਂ ਸਕਦੇ। ਜੇ ਸਮਝਦੇ ਵੀ ਹਾਂ, ਤਾਂ ਮੰਨ ਨਹੀਂ ਸਕਦੇ। ਮਹਾਰਾਜ ਕਹਿੰਦੇ ਕਿ ਜੇ ਮੰਨ ਲਵੇ ਤਾਂ –

***ਮੰਨੇ ਕੀ ਗਤਿ ਕਹੀ ਨ ਜਾਇ॥***
***ਜੇ ਕੋ ਕਹੈ ਪਿਛੈ ਪਛੁਤਾਇ॥***
***ਕਾਗਦਿ ਕਲਮ ਨ ਲਿਖਣਹਾਰੁ॥***
***ਮੰਨੇ ਕਾ ਬਹਿ ਕਰਨਿ ਵੀਚਾਰੁ॥*** *ਪੰਨਾ – 3*

ਫੇਰ ਹੁੰਦਾ ਕੀ ਹੈ?

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

*ਪੰਨਾ – 8*

ਉਹ ਆਪ ਵੀ ਤਰਦੇ ਨੇ ਅਤੇ ਜਹਾਜ਼ ਬਣ ਕੇ ਸੰਸਾਰ ਨੂੰ ਵੀ ਤਾਰ ਦਿੰਦੇ ਨੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤ ਕਰਦੇ ਹਾਂ। ਸਾਰੀ ਸੰਗਤ ਨੂੰ ਬੇਨਤੀ ਹੈ ਕਿ ਜੋ ਵੀ ਬਚਨ ਮਹਾਰਾਜ ਜੀ ਵਲੋਂ ਬਖਸ਼ਿਸ਼ ਹੋਏ ਹਨ, ਇਨ੍ਹਾਂ ਨੂੰ ਹਿਰਦੇ ਦੇ ਅੰਦਰ ਵਸਾ ਕੇ ਇਨ੍ਹਾਂ ਤੇ ਅਮਲ ਕਰੋ, ਅਮਲੀ ਜੀਵਨ (practical) ਵਿਚ ਲਿਆਉ, ਇਕ-ਇਕ ਕਦਮ ਕਰਕੇ ਅੱਗੇ ਵਧਦੇ ਜਾਉ ਤਾਂ ਜੋ ਜੀਵਨ ਮਨੋਰਥ ਦੀ ਪ੍ਰਾਪਤੀ ਹੋ ਜਾਵੇ।

– ਅਨੰਦ ਸਾਹਿਬ –

– ਗੁਰ ਸਤੋਤਰ –

– ਅਰਦਾਸ –

# ਸਿੱਖੀ ਕਮਾਉਣੀ ਔਖੀ

ਸ਼ਾਨ.............................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥*
*ਪੰਨਾ - 791*

*ਧਾਰਨਾ - ਤੁਝ ਬਿਨ ਕਵਨ ਹਮਾਰਾ*
*ਤੁਝ ਬਿਨ ਕਵਨ ਹਮਾਰਾ -2, 2*
*ਮੇਰੇ ਪ੍ਰੀਤਮ ਪ੍ਰਾਣ ਅਧਾਰਾ - 2, 2.*

*ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥*
*ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥*
*ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥*
*ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥*
*ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥*
*ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ॥*
*ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ॥*
*ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥*
*ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ॥*
*ਜਨ ਨਾਨਕ ਪ੍ਰਿਅ ਸੰਗਿ ਸਿਰੀਆ॥ ਪੰਨਾ - 206*

ਸਾਧਸੰਗਤ ਜੀ! ਤੁਸੀਂ ਦੂਰ ਦੂਰ ਨਗਰਾਂ ਤੋਂ ਆਏ ਹੋ, ਗੁਰੂ ਤੇਗ ਬਹਾਦਰ ਜੀ ਦੇ ਪਾਵਨ ਅਸਥਾਨ (ਪਿੰਡ ਘੜੂਆਂ) ਪਹੁੰਚੇ ਹੋ। ਜਿਸ ਥਾਂ ਤੇ ਗੁਰੂ ਮਹਾਰਾਜ ਦੇ ਚਰਨ ਪੈ ਗਏ, ਜਿਸ ਥਾਂ ਨੂੰ ਗੁਰੂ ਮਹਾਰਾਜ ਨੇ ਆਪਣੀ ਦ੍ਰਿਸ਼ਟੀ ਨਾਲ ਨਿਹਾਲ ਕਰ ਦਿਤਾ, ਜਦੋਂ ਤਕ ਇਹ ਸੰਸਾਰ ਰਹਿਣਾ ਹੈ, ਇਹ ਧਰਤੀ ਰਹਿਣੀ ਹੈ, ਇਸ ਥਾਂ ਦੀ ਪਵਿੱਤਰਤਾ ਐਵੇਂ ਜਿਵੇਂ ਹੀ ਰਹੇਗੀ। ਇਹ ਥਾਂ ਸਭ ਨੂੰ ਪ੍ਰੇਰਨਾ ਦਿੰਦੀ ਰਹੇਗੀ ਕਿਉਂਕਿ ਜਿਸ ਥਾਂ ਤੇ ਨਿਗੁਰਾ ਪੁਰਸ਼ ਬੈਠ ਜਾਵੇ, ਉਥੇ ਸਵਾ ਗਜ ਧਰਤੀ ਭ੍ਰਿਸ਼ਟ ਜਾਂਦੀ ਹੈ; ਜਿਥੇ ਆਪ ਹੀ ਗੁਰੂ ਆ ਕੇ ਬੈਠ ਜਾਵੇ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥ ਪੰਨਾ - 319*

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ*

*ਰਾਜੇ ॥*

*ਪੰਨਾ - 450*

ਉਹ ਥਾਨ ਸੁਹਾਵੇ ਹੋ ਜਾਇਆ ਕਰਦੇ ਹਨ, ਉਸ ਦੀ ਧੂੜੀ ਨੂੰ ਦੇਵਤਾ ਲੋਕ ਵੀ ਲੋਚਦੇ ਹਨ, ਬਾਰ-ਬਾਰ ਅਰਦਾਸਾਂ ਕਰਦੇ ਹਨ ਕਿ ਐਸੇ ਪਵਿੱਤਰ ਥਾਂ ਦੀ ਧੂੜੀ ਪ੍ਰਾਪਤ ਹੋ ਜਾਵੇ।

ਇਕ ਵਾਰੀ ਸ਼ਿਵ ਜੀ ਮਹਾਰਾਜ ਪਾਰਬਤੀ ਦੇ ਨਾਲ ਜਾ ਰਹੇ ਹਨ, ਜਾਂਦੇ ਜਾਂਦੇ ਅਚਾਨਕ ਇਕ ਥਾਂ ਤੇ ਰੁਕ ਗਏ ਤੇ ਉਥੇ ਸ਼ਿਵ ਜੀ ਨੇ ਮੱਥਾ ਟੇਕਣਾ ਸ਼ੁਰੂ ਕਰ ਦਿਤਾ, ਪਾਰਬਤੀ ਬੜੇ ਗੌਰ ਨਾਲ ਦੇਖ ਰਹੀ ਹੈ ਕਿ ਉਪਰ ਟਿੱਬਾ ਜਿਹਾ ਹੈ, ਉਤੇ ਦਰਖਤ ਖੜ੍ਹੇ ਹਨ, ਕੋਈ ਮੰਦਰ ਨਹੀਂ ਹੈ, ਕੋਈ ਡੇਰਾ ਨਹੀਂ ਹੈ, ਕੋਈ ਸਾਧੂ ਨਹੀਂ ਬੈਠਾ; ਸ਼ਿਵ ਜੀ ਮਹਾਰਾਜ ਕਿਸਨੂੰ ਮੱਥਾ ਟੇਕਦੇ ਹਨ? ਨਮਸ਼ਕਾਰ ਕਰਨ ਤੋਂ ਬਾਅਦ ਉਹਦੀ ਪ੍ਰਕਰਮਾ ਕਰਨੀ ਸ਼ੁਰੂ ਕਰ ਦਿਤੀ, ਪੰਜ ਪ੍ਰਕਰਮਾ ਕਰਕੇ ਫੇਰ ਮੱਥਾ ਟੇਕਿਆ। ਪਾਰਬਤੀ ਪੁੱਛਣ ਲੱਗੀ, "ਮਹਾਰਾਜ! ਮੈਨੂੰ ਤਾਂ ਕੋਈ ਸਮਝ ਨਹੀਂ ਆਉਂਦੀ, ਇਥੇ ਕੀ ਗੱਲ ਹੈ? ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਕੇਵਲ ਝਾੜ ਨਜ਼ਰ ਆਉਂਦੇ ਹਨ, ਕੋਈ ਡੇਰਾ ਨਹੀਂ ਹੈ, ਕੋਈ ਮਹਾਂਪੁਰਸ਼ ਨਹੀਂ ਬੈਠਾ ਤੇ ਆਪ ਬਾਰ-ਬਾਰ ਐਨੇ ਪਿਆਰ ਨਾਲ ਮੱਥਾ ਕਿਉਂ ਟੇਕ ਰਹੇ ਹੋ, ਕਿਉਂ ਸੀਸ ਨਿਵਾ ਰਹੇ ਹੋ? ਆਪ ਸਭ ਤੋਂ ਮੁਖ ਦੇਵਤਾ ਹੋ, ਸਾਰੀ ਸ੍ਰਿਸ਼ਟੀ ਆਪ ਦਾ ਧਿਆਨ ਧਰਦੀ ਹੈ; ਆਪ ਵਾਸਤੇ ਵੀ ਕੋਈ ਐਸਾ ਹੈ ਜਿਸ ਦੇ ਧਿਆਨ ਵਿਚ ਆਪ ਦਾ ਸੀਸ ਵੀ ਨਿਵ ਜਾਂਦਾ ਹੋਵੇ? ਸ਼ਿਵ ਜੀ ਨੇ ਕਿਹਾ, "ਪਾਰਬਤੀ! ਤੂੰ ਨਹੀਂ ਜਾਣਦੀ ਕਿ ਮੈਨੂੰ ਵੀ ਖੋਜ ਹੋਇਆ ਕਰਦੀ ਹੈ, ਉਹ ਇਹ ਹੈ ਕਿ ਪ੍ਰਮੇਸ਼ਰ ਰੂਪ ਰੰਗ ਰੇਖ ਭੇਖ ਤੋਂ ਨਿਆਰਾ ਹੈ, ਕੋਈ ਉਹਦਾ ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਰੂਪ ਨਹੀਂ ਹੈ, ਰੰਗ ਨਹੀਂ ਹੈ, ਉਹ ਪਰ੍ਹੇ ਤੋਂ ਪਰ੍ਹੇ ਹੈ, ਅਗੰਮ ਅਤੇ ਅਗੋਚਰ ਹੈ, ਧਿਆਨ ਵਿਚ ਉਹ ਆਉਂਦਾ ਨਹੀਂ -

***ਨਾਰਦ ਸੇ ਚਤੁਰਾਨਨ ਸੇ ਰੁਮਨਾਰਿਖ ਸੇ ਸਭਹੂੰ ਮਿਲ ਗਾਇਓ,***
***ਵੇਦ ਪੁਰਾਨ ਨ ਭੇਦ ਲਖਿਓ ਸਭ ਹਾਰ ਪਰੇ ਪਰ ਹਾਥ ਨਾ ਆਇਓ।***

ਕਹਿਣ ਲੱਗੇ ਜਿਹੜਾ ਐਸਾ ਪਾਰਬ੍ਰਹਮ ਪ੍ਰਮੇਸ਼ਰ ਨਿਰਾਕਾਰ ਸਰੂਪ ਹੈ, ਜਿਸ ਦਾ ਸੂਖਸ਼ਮ ਤੋਂ ਸੂਖਸ਼ਮ ਸਰੂਪ ਹੈ, ਜਿਥੇ ਸੂਖਸ਼ਮ ਦੀ ਵੀ ਹਦ ਖਤਮ ਹੋ ਜਾਂਦੀ ਹੈ, ਓਥੇ ਕੇਵਲ ਸਾਖੀ ਮਾਤਰ ਭਾਸਦਾ ਹੈ, ਐਸਾ ਪ੍ਰਮੇਸ਼ਰ ਨਜ਼ਰ ਤਾਂ ਨਹੀਂ ਆਉਂਦਾ ਪਰ ਉਹ ਕੇਵਲ ਕਿਤੇ ਕਿਤੇ ਮਨੁੱਖ ਦੇ ਸਰੀਰ ਵਿਚ ਨਜ਼ਰ ਆ ਜਾਂਦਾ ਹੈ ਤੇ ਮੈਂ ਉਸਦੀ ਖੋਜ ਵਿਚ ਟੁਰਿਆ ਫਿਰਦਾ ਹਾਂ। ਇਹ ਥਾਂ, ਜਿਥੇ ਮੈਂ ਬਾਰ-ਬਾਰ ਨਮਸਕਾਰ ਕਰ ਰਿਹਾ ਹਾਂ, ਬੜੀ ਦੇਰ ਹੋਈ, ਇਕ ਪ੍ਰਮੇਸ਼ਰ ਦੇ ਪਿਆਰੇ ਨੇ ਇਥੇ ਬੈਠ ਕੇ, ਪਿਆਰ ਵਿਚ ਆ ਕੇ ਆਪਣੇ ਪ੍ਰਭੂ ਨੂੰ ਯਾਦ ਕੀਤਾ ਸੀ ਤੇ ਪ੍ਰਮੇਸ਼ੂਰ ਨੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਆਪਣਾ ਹੀ ਸਰੂਪ ਬਣਾ ਲਿਆ, ਬ੍ਰਹਮਗਿਆਨੀ ਬਣਾ ਲਿਆ ਸੀ।

ਏਸ ਥਾਂ ਤੇ ਕਿਸੇ ਪੂਰਨ ਬ੍ਰਹਮ ਗਿਆਨੀ ਨੇ ਬੈਠ ਕੇ ਬੜੀ ਦੇਰ ਤਕ ਪ੍ਰਮੇਸ਼ਰ ਦੀ ਯਾਦ ਵਿਚ ਆਪਣੀ ਉਮਰ ਬਿਤਾਈ ਤੇ ਇਹ ਥਾਂ ਦੂਰ ਦੂਰ ਤਕ ਖੁਸ਼ਬੂ ਦੇ ਰਿਹਾ ਹੈ, ਦੂਰ ਦੂਰ ਤਕ ਇਥੋਂ ਪਿਆਰ ਦੀਆਂ ਲਪਟਾਂ ਆ ਰਹੀਆਂ ਹਨ, ਸੁਗੰਧੀਆਂ ਆ ਰਹੀਆਂ ਹਨ। ਏਸ ਥਾਂ ਦਾ ਕਣ ਕਣ ਪਵਿੱਤਰ ਹੋਇਆ ਪਿਆ ਹੈ, ਸੋ ਮੈਂ ਤਾਂ ਆਪ ਐਸੇ ਮਹਾਂਪੁਰਸ਼ਾਂ ਨੂੰ ਖੋਜਦਾ ਫਿਰਦਾ ਹਾਂ –

*ਧਾਰਨਾ – ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮਗਿਆਨੀ ਨੂੰ–2, 2*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ – 273*

ਜੇ ਪ੍ਰਮੇਸ਼ਰ ਦਾ ਸਾਕਾਰ ਰੂਪ ਵਿਚ ਦਰਸ਼ਨ ਕਰਨਾ ਹੋਵੇ– ਕਿਸੇ ਰੰਗ ਰੂਪ ਰੇਖ ਭੇਖ ਵਾਲੇ ਸਰੀਰ ਵਿਚ, ਤਾਂ ਉਹ ਬ੍ਰਹਮਗਿਆਨੀਆਂ ਦੇ ਜਿਸਮ ਵਿਚੋਂ ਹੋ ਜਾਇਆ ਕਰਦਾ ਹੈ। ਇਥੇ ਬਹੁਤ ਦੇਰ ਤਕ ਮਹਾਂਪੁਰਸ਼ ਪ੍ਰਭੂ ਦੀ ਯਾਦ ਵਿਚ ਲੀਨ ਹੋ ਕੇ ਆਪਣੀਆਂ ਉਮਰਾਂ ਬਿਤਾਉਂਦੇ ਰਹੇ ਹਨ ਤੇ ਇਸ ਦਾ ਕਣ ਕਣ ਪਵਿੱਤਰ ਹੋ ਗਿਆ।

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥ ਪੰਨਾ – 319*

ਸੋ ਇਸ ਕਰਕੇ ਮੈਂ ਬਾਰ–ਬਾਰ ਨਮਸਕਾਰ ਕਰ ਰਿਹਾ ਹਾਂ ਕਿਉਂਕਿ 'ਬ੍ਰਹਮਗਿਆਨੀ ਆਪ ਪ੍ਰਮੇਸਰ' ਹੋਇਆ ਕਰਦਾ ਹੈ। ਇਸ ਤਰ੍ਹਾਂ ਆਪ ਸਾਰੇ ਹੀ ਬੜੇ ਭਾਗਾਂ ਵਾਲੇ ਹੋ, ਇਹ ਉਹ ਅਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਜੀ ਦੇ ਚਰਨ ਪਏ ਹਨ, ਚਰਣ ਧੂੜੀ ਵਿਚ ਅਜੇ ਵੀ ਓਨੀ ਹੀ ਪ੍ਰੇਰਨਾ ਹੈ। ਜਦ ਤਕ ਇਹ ਧਰਤੀ ਰਹਿਣੀ ਹੈ, ਇਹ ਸੰਸਾਰ ਰਹਿਣਾ ਹੈ, ਉਸ ਵੇਲੇ ਤਕ ਇਸ ਦੀ ਪਵਿਤਰਤਾ ਵਧਦੀ ਹੀ ਚਲੀ ਜਾਣੀ ਹੈ, ਘਟਣੀ ਨਹੀਂ। ਸਾਧਸੰਗਤ ਜੀ! ਕਿਉਂਕਿ ਨੌਂਵੇਂ ਪਾਤਸ਼ਾਹ ਆਪ ਅਕਾਲ ਪੁਰਖ ਸਰੂਪ ਏਥੇ ਬਿਰਾਜੇ ਹਨ। ਸਾਡੇ ਬੜੇ ਧੰਨ ਭਾਗ ਹਨ ਕਿ ਅਸੀਂ ਇਥੇ ਆ ਕੇ ਸੀਸ ਨਿਵਾਇਆ ਹੈ।

ਇਕ ਵਾਰੀ ਦੀ ਗੱਲ ਹੈ ਜੋ ਰਾਮਾ ਕ੍ਰਿਸ਼ਨਾ ਮਿਸ਼ਨ ਹੈ, ਇਨ੍ਹਾਂ ਦੇ ਜਿਹੜੇ ਵੱਡੇ ਮੁਖੀਆ ਹਨ, ਉਨ੍ਹਾਂ ਦਾ ਨਾਮ ਸਵਾਮੀ ਮੁਖੀਆ ਅਨੰਦ ਹੈ; ਕੋਈ 20–22 ਸਾਲ ਪੁਰਾਣੀ ਗੱਲ ਹੈ, ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ। ਇਥੇ ਚੰਡੀਗੜ੍ਹ ਦੇ 15 ਸੈਕਟਰ ਵਿਚ ਇਨ੍ਹਾਂ ਦੀ ਬਰਾਂਚ ਖੁਲ੍ਹੀ ਹੋਈ ਹੈ, ਕਲਕੱਤੇ ਵਿਚ ਇਨ੍ਹਾਂ ਦਾ ਸਭ ਤੋਂ ਵੱਡਾ ਦਫਤਰ ਹੈ, ਇਸ ਨੂੰ ਰਾਮਾ ਕ੍ਰਿਸ਼ਨਾ ਮਿਸ਼ਨ ਆਖਦੇ ਹਨ। ਉਸ ਨੇ ਯੂਨੀਵਰਸਿਟੀ ਦੇ ਵੱਡੇ ਵੱਡੇ ਪ੍ਰੋਫੈਸਰਾਂ ਨੂੰ, ਵੱਡੇ ਵੱਡੇ ਅਧਿਕਾਰੀਆਂ ਨੂੰ, ਸਭ ਨੂੰ ਸੱਦਾ ਪੱਤਰ ਦਿਤਾ। ਸਾਰਾ ਹਾਲ ਭਰਿਆ ਹੋਇਆ ਸੀ, ਉਥੇ ਇਕ ਮੇਰੇ ਮਿਤਰ ਸਨ – ਹਰਬੰਸ ਸਿੰਘ ਦੁਆਬੀਆ, ਐਡਵੋਕੇਟ ਜਰਨਲ ਸਨ, ਉਨ੍ਹਾਂ ਨੇ ਲੈਕਚਰ ਦੇਣਾ ਸੀ। ਉਹ ਮੈਨੂੰ ਕਹਿਣ ਲੱਗੇ ਕਿ ਤੁਸੀਂ ਵੀ ਨਾਲ

ਚੱਲੋ। ਮੈਂ ਵੀ ਨਾਲ ਚਲਿਆ ਗਿਆ। ਜਦੋਂ ਉਸ ਦੀ ਵਾਰੀ ਆਈ, ਦੋ ਮਿੰਟ ਖੜ੍ਹਾ ਹੋ ਕੇ ਕਹਿਣ ਲੱਗਾ ਕਿ ਮੈਂ ਤਾਂ ਅੱਗੇ ਨਹੀਂ ਬੋਲਣਾ, ਮੇਰੀ ਥਾਂ ਤੇ ਇਹ ਵਰਿਆਮ ਸਿੰਘ ਜੀ ਬੋਲਣਗੇ। ਮੈਂ ਬੜਾ ਹੈਰਾਨ ਹੋਇਆ ਕਿਉਂਕਿ ਜਦੋਂ ਆਦਮੀ ਸੁਣਨ ਜਾਵੇ, ਓਦੋਂ ਕੁਝ ਕਹਿਣ ਦੀ ਗੁੰਜਾਇਸ਼ ਨਹੀਂ ਹੁੰਦੀ ਕਿਉਂਕਿ ਕੋਈ ਫੁਰਨਾ ਨਹੀਂ ਹੋਇਆ ਕਰਦਾ। ਜਦੋਂ ਮੈਂ ਖੜ੍ਹਾ ਹੋ ਕੇ ਬੋਲਿਆ, ਕੋਈ ਸਵਾ ਕੁ ਘੰਟਾ ਗੱਲਬਾਤ ਕੀਤੀ। ਮੁਖੀਆ ਆਨੰਦ ਜੀ ਬੜੇ ਪ੍ਰਭਾਵਿਤ ਹੋਏ ਕਿ ਐਸੇ ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਬਾਰੇ ਤੁਸੀਂ ਜ਼ਿਕਰ ਕੀਤਾ ਹੈ, ਮੈਂ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਤੀਸਰੇ ਦਿਨ ਅਸੀਂ ਚਲੇ ਗਏ, ਜਦੋਂ ਦੂਰੋਂ ਅਨੰਦਪੁਰ ਸਾਹਿਬ ਦਾ ਕਿਲਾ ਦਿਸਣ ਲਗ ਪਿਆ, ਮੁਖੀਆਆਨੰਦ ਜੀ ਉਥੇ ਹੀ ਗੱਡੀ ਵਿਚੋਂ ਉਤਰ ਗਏ। ਅਸੀਂ ਸਾਰੇ ਹੀ ਪੈਦਲ ਤੁਰ ਪਏ, ਉਹ ਥੋੜ੍ਹੀ ਜਿਹੀ ਦੂਰ ਤੁਰਿਆ ਕਰਨ, ਕਦੀ ਵੱਟੇ ਚੁਕ ਕੇ ਮਸਤਕ ਨਾਲ ਲਾ ਲਿਆ ਕਰਨ, ਕਦੇ ਲੰਮੇ ਪੈ ਕੇ ਸਾਰਾ ਸਰੀਰ ਜ਼ਮੀਨ ਨਾਲ ਲਾ ਕੇ ਡੰਡਉਤ ਕਰਦੇ ਜਾਣ, ਕਦੀ ਮਿੱਟੀ ਚੁੱਕ ਚੁੱਕ ਕੇ ਮਸਤਕ ਤੇ ਮਲੀ ਜਾਣ ਤੇ ਬਾਰ-ਬਾਰ ਕਹੀ ਜਾਣ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀਆਂ ਟਾਪਾਂ ਲਗ ਕੇ ਇਹ ਧਰਤੀ ਪਵਿੱਤਰ ਹੋਈ ਪਈ ਹੈ, ਹੁਣ ਵੀ ਮੈਨੂੰ ਪ੍ਰੇਰਨਾ ਦੇ ਰਹੀ ਹੈ, ਹੁਣ ਵੀ ਮੈਨੂੰ ਕਰੰਟ ਦੇ ਰਹੀ ਹੈ। ਉਹ ਮੇਰੇ ਕੋਲੋਂ ਦਸਵੇਂ ਪਾਤਸ਼ਾਹ ਦੀ ਤਸਵੀਰ ਲੈ ਕੇ ਗਿਆ ਸੀ, ਕਹਿਣ ਲੱਗਾ ਕਿ ਮੈਂ ਇਹ ਤਸਵੀਰ ਵਾਪਸ ਨਹੀਂ ਕਰਨੀ ਕਿਉਂਕਿ ਕਦੇ ਮੈਨੂੰ ਕ੍ਰਿਸ਼ਨ ਮਹਾਰਾਜ ਹੋ ਕੇ ਦਿਖਾਈ ਦਿੰਦੇ ਹਨ, ਕਦੇ ਰਾਮਚੰਦਰ ਜੀ ਮਹਾਰਾਜ ਹੋ ਕੇ ਦਰਸ਼ਨ ਦਿੰਦੇ ਹਨ। ਇਹ ਤਸਵੀਰ ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲਗੇਗੀ। ਸੋ ਸਾਧਸੰਗਤ ਜੀ! ਇਸ ਤਰ੍ਹਾਂ ਇਹ ਪਵਿੱਤਰ ਅਸਥਾਨ ਹੁੰਦੇ ਹਨ ਜਿਨ੍ਹਾਂ ਦੇ ਅਸੀਂ ਚੰਗੇ ਭਾਗ ਹੋਣ ਕਰਕੇ ਦਰਸ਼ਨ ਕਰਦੇ ਹਾਂ।

ਅਸੀਂ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਅਸਥਾਨ ਤੇ ਬੈਠੇ ਹਾਂ। ਗੁਰੂ ਕਿਧਰੇ ਜਾਇਆ ਨਹੀਂ ਕਰਦਾ, ਸਦਾ ਹਾਜ਼ਰ ਹੁੰਦਾ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਪੰਨਾ - 394***

ਗੁਰੂ, ਭਾਵਨਾ ਤੇ ਪਿਆਰ ਦਾ ਭੁੱਖਾ ਹੁੰਦਾ ਹੈ। ਸੋ ਏਸ ਤਰ੍ਹਾਂ ਦੀਆਂ ਵੀਚਾਰਾਂ ਕਰਦੇ ਸੀ।

ਇਕ ਸਿੱਖ ਜੋ ਦੁਆਬੇ ਦੇ ਰਹਿਣ ਵਾਲਾ ਸੀ, ਨਿਗਾਹੀਏ ਨੂੰ ਮੰਨਦਾ ਸੀ - ਸਰਵਰ ਨੂੰ, ਕਿਸੇ ਗੁਰਸਿੱਖ ਦੇ ਨਾਲ ਉਸ ਦੀ ਸੰਗਤ ਹੋ ਗਈ। ਉਸ ਤੋਂ ਕੁਝ ਪ੍ਰੇਰਿਤ ਹੋਇਆ, ਗੁਰਸਿੱਖਾਂ ਦਾ ਰਹਿਣ ਸਹਿਣ ਭਜਨ ਬੰਦਗੀ ਦਾ ਤਰੀਕਾ ਦੇਖਿਆ, ਇਕ ਦੋ ਦਿਨ ਉਥੇ ਠਹਿਰ ਕੇ, ਸੰਗ ਲੈ ਕੇ ਜਾ ਰਿਹਾ ਹੈ। ਗੁਰਸਿੱਖ ਦੇ ਬਚਨ ਸੁਣ ਕੇ ਉਸ ਦੇ ਮਨ ਵਿਚ ਬਹੁਤ ਪਿਆਰ ਜਾਗ ਰਿਹਾ ਹੈ ਅਤੇ ਆਪਣੇ ਆਪ ਨੂੰ ਕਹਿ ਰਿਹਾ ਹੈ ਕਿ ਮਨਾ! ਜ਼ਿੰਦਗੀ ਬਰਬਾਦ ਕਰ ਦਿਤੀ; ਕੀ ਖੱਟਿਆ ਇਹ ਪੀਰ ਦੀਆਂ ਖੇਲ੍ਹਾਂ ਖੇਲ ਕੇ, ਮਨ ਨੂੰ ਤਾਂ ਸ਼ਾਂਤੀ ਨਹੀਂ ਆਈ, ਓਹੀ ਕ੍ਰੋਧ ਮਨ ਵਿਚ ਭਰਿਆ ਹੋਇਆ ਹੈ,

ਓਹੀ ਲੋਭ, ਓਹੀ ਅਭਿਮਾਨ ਭਰਿਆ ਹੋਇਆ ਹੈ, ਓਹੀ ਵਿਸ਼ੇ ਕਾਇਮ ਹਨ, ਹਾਲੀ ਤਕ ਮਨ ਇਕਾਗਰ ਨਹੀਂ ਹੋਇਆ; ਉਸ ਦੀ ਸੇਵਾ ਕੀਤੀ ਦਾ ਕੀ ਫਾਇਦਾ ਜੋ ਮਨ ਨੂੰ ਇਕਾਗਰ ਨਹੀਂ ਕਰ ਸਕਦਾ। ਜਦੋਂ ਇਸ ਨੇ ਗੁਰੂ ਜੀ ਬਾਰੇ ਸੁਣਿਆ ਤਾਂ ਕਹਿਣ ਲੱਗਾ, ਮੈਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਪਾਤਸ਼ਾਹ ਦੇ ਚਰਨਾਂ ਵਿਚ ਜਲਦੀ ਲੈ ਜਾਓ ਕਿਉਂਕਿ ਆਪ ਦੀਆਂ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਮੇਰੇ ਮਨ ਵਿਚ ਪ੍ਰੇਰਨਾ ਜਾਗੀ ਹੈ, ਮੇਰੇ ਮਨ ਵਿਚ ਐਸੀ ਤਰੰਗ ਉਠੀ ਹੈ ਕਿ ਮੈਂ ਗੁਰੂ ਜੀ ਦੇ ਚਰਨ ਜਲਦੀ ਜਾ ਕੇ ਫੜ ਲਵਾਂ। ਸੋ ਉਹ ਗੁਰਸਿੱਖ ਭਾਈ ਤੀਰਥੇ ਨੂੰ ਅੰਮ੍ਰਿਤਸਰ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਚਰਨਾਂ ਵਿਚ ਲੈ ਗਿਆ। ਗੁਰੂ ਜੀ ਪੁਛਣ ਲੱਗੇ, "ਭਾਈ ਕੌਣ ਹੈ?" ਕਹਿਣ ਲੱਗਾ, "ਮਹਾਰਾਜ! ਮੈਂ ਦੁਆਬੇ ਦੇ ਰਹਿਣ ਵਾਲਾ ਹਾਂ, ਮੇਰਾ ਨਾਮ ਤੀਰਥਾ ਹੈ। ਕਈ ਮੰਝ ਵੀ ਕਹਿ ਦਿੰਦੇ ਹਨ। ਮੈਂ ਸੰਗ ਲੈ ਕੇ ਜਾ ਰਿਹਾ ਹਾਂ, ਇਕ ਦੋ ਦਿਨ ਅਸੀਂ ਦਰਸ਼ਨ ਕਰਨ ਵਾਸਤੇ ਠਹਿਰ ਗਏ, ਸਾਨੂੰ ਇਥੇ ਕੁਝ ਚੰਗਾ ਲੱਗਾ ਹੈ, ਏਸ ਗੁਰਸਿੱਖ ਦੇ ਬਚਨ ਸੁਣ ਕੇ ਮੈਨੂੰ ਇਕ ਤਰ੍ਹਾਂ ਦੀ ਸੂਝ ਆਈ ਹੈ। ਸੋ ਮੈਂ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ, ਆਪ ਕ੍ਰਿਪਾ ਕਰੋ।" ਗੁਰੂ ਜੀ ਨੇ ਪੁਛਿਆ, "ਭਾਈ! ਤੂੰ ਕੀ ਚਾਹੁੰਦਾ ਹੈਂ?" ਕਹਿਣ ਲੱਗਿਆ, "ਮੈਂ ਇਨ੍ਹਾਂ ਤੋਂ ਸ੍ਰਵਣ ਕੀਤਾ ਹੈ ਕਿ ਨਾਮ ਤੋਂ ਬਗੈਰ ਸ਼ਾਂਤੀ ਨਹੀਂ ਆਉਂਦੀ ਅਤੇ ਨਾਮ ਤੋਂ ਬਗੈਰ ਆਦਮੀ ਦਾ ਆਉਣਾ ਜਾਣਾ ਖਤਮ ਨਹੀਂ ਹੁੰਦਾ, ਨਾਮ ਤੋਂ ਬਗੈਰ ਸਰੀਰਕ ਰੋਗ, ਆਰਥਕ ਰੋਗ, ਮਾਨਸਿਕ ਰੋਗ ਅਤੇ ਰਾਜਸੀ ਰੋਗਾਂ ਦਾ ਨਾਸ ਨਹੀਂ ਹੋਇਆ ਕਰਦਾ।"

ਉਸ ਸਮੇਂ ਮਹਾਰਾਜ ਬਚਨ ਕਰ ਰਹੇ ਸਨ ਕਿ ਜੋ ਸੇਵਾ ਕਰਦਾ ਹੈ, 'ਗੁਰ ਕੀ ਸੇਵਾ ਪਾਏ ਮਾਨੁ' ਉਸ ਨੂੰ ਮਾਣ ਮਿਲਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** ***ਪੰਨਾ – 26***

ਜੋ ਦੁਨੀਆਂ ਵਿਚ ਸੇਵਾ ਕਰ ਜਾਂਦਾ ਹੈ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥*** ***ਪੰਨਾ – 252***

ਸਭ ਕਹਿੰਦੇ ਨੇ – ਆਓ ਜੀ, ਆਓ, ਕਿਉਂਕਿ ਸੇਵਾ ਕਰਕੇ ਆਇਆ ਹੈ–

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਜਦੋਂ ਪ੍ਰਮੇਸ਼ਰ ਦੀ ਦੁਨੀਆਂ ਦੀ ਸੇਵਾ ਕਰਦਾ ਹੈ, ਗੁਰੂ ਦੀ ਸੇਵਾ ਕਰਦਾ ਹੈ, ਉਸ ਵੇਲੇ ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ, ਫਿਰ ਉਸ ਨੂੰ ਦਰਗਾਹ ਵਿਚ ਮਾਨ ਮਿਲਦਾ ਹੈ, ਜੈ ਜੈ ਕਾਰ ਹੁੰਦੀ ਹੈ, ਧੰਨ ਧੰਨ ਹੁੰਦੀ ਹੈ –

*ਧੰਨਿ ਧੰਨਿ ਕਹੈ ਸਭੁ ਕੋਇ।।*
*ਮੁਖ ਊਜਲ ਹਰਿ ਦਰਗਹ ਸੋਇ॥* *ਪੰਨਾ - 283*

ਸੋ ਇਸ ਕਰਕੇ -

*ਗੁਰ ਕੇ ਸੇਵਕ ਕਉ ਦੂਖੁ ਨ ਬਿਆਪੈ॥* *ਪੰਨਾ - 864*

ਦੁਖਾਂ ਦਾ ਖਾਤਮਾ ਹੋ ਜਾਂਦਾ ਹੈ -

*ਗੁਰ ਕਾ ਸੇਵਕੁ ਦਹਦਿਸਿ ਜਾਪੈ॥* *ਪੰਨਾ - 864*

ਦਸਾਂ ਦਿਸ਼ਾਂ ਦੇ ਅੰਦਰ ਉਸ ਦੀ ਮਹਿਮਾ ਹੋ ਜਾਂਦੀ ਹੈ।

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥*

*ਪੰਨਾ - 644*

ਸੇਵਾ ਕਿਸ ਦੀ ਸਫਲ ਹੈ? ਜਿਹੜਾ ਚਿੱਤ ਲਾ ਕੇ ਕਰਦਾ ਹੈ, ਬੱਧਾ ਰੁੱਧੀ ਨਹੀਂ ਕਰਦਾ, ਉਹਦੀ ਸੇਵਾ ਸਫਲ ਹੋ ਜਾਂਦੀ ਹੈ-

*ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥*
*ਪੰਨਾ - 644*

ਜਿਸ ਫਲ ਦੀ ਵੀ ਉਹ ਆਸਾ ਕਰਦਾ ਹੈ, ਪ੍ਰਾਪਤ ਹੋ ਜਾਂਦਾ ਹੈ। ਜਿਹੜਾ ਵੱਡਾ ਰੋਗ ਹੈ, ਉਹਦਾ ਖਾਤਮਾ ਹੋ ਜਾਂਦਾ ਹੈ। ਆਦਮੀ ਦੇ ਅੰਦਰ ਬੇਅੰਤ ਦੁੱਖ ਹਨ, ਸੰਸਾਰ ਵਿਚ ਕੋਈ ਵੀ ਬੰਦਾ ਨਹੀਂ, ਜਿਸ ਨੂੰ ਕੋਈ ਨਾ ਕੋਈ ਦੁੱਖ ਨਾ ਹੋਵੇ। ਗੁਰੂ ਨਾਨਕ ਪਾਤਸ਼ਾਹ ਤਾਂ ਫੁਰਮਾਉਂਦੇ ਹਨ ਕਿ ਸੰਸਾਰ ਵਿਚ ਜਿਤਨੇ ਵੀ ਵੱਡੇ-ਵੱਡੇ ਹੋਏ ਹਨ, ਉਹ ਵੀ ਦੁਖ ਨਾਲ ਸੰਸਾਰ ਤੋਂ ਰੋਂਦੇ ਗਏ ਹਨ -

*ਸਹੰਸਰਦਾਨ ਦੇ ਇੰਦ੍ਰ ਰੋਆਇਆ॥*
*ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹ ਮਿਲੈ ਸਜਾਇ।।*
*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਵ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥*
*ਏਕੀ ਕਾਰਣਿ ਪਾਪੀ ਭਇਆ॥*
*ਰੋਵਹਿ ਸੇਖ ਮਸਾਇਕ ਪੀਰ॥*
*ਅੰਤਿ ਕਾਲਿ ਮਤੁ ਲਾਗੈ ਭੀੜ।।*
*ਰੋਵੈ ਕਿਰਪਨ ਸੰਚਹਿ ਧਨੁ ਜਾਇ॥*

***ਪੰਡਿਤ ਰੋਵਹਿ ਗਿਆਨੁ ਗਵਾਇ॥***
***ਬਾਲੀ ਰੋਵੈ ਨਾਹਿ ਭਤਾਰੁ।। ਨਾਨਕੁ ਦੁਖੀਆ ਸਭੁ ਸੰਸਾਰੁ॥***

***ਪੰਨਾ - 954***

ਸੋ ਇਸ ਤਰ੍ਹਾਂ ਦੇ ਨਾਲ ਰਾਵਣ ਰੋਂਦਾ ਹੈ, ਪਾਂਡਵ ਰੋਂਦੇ ਹਨ, ਜਨਮੇਜਾ ਰੋਂਦਾ ਹੈ, ਵੱਡੇ-ਵੱਡੇ ਸਭ ਸੰਸਾਰ ਤੋਂ ਰੋਂਦੇ ਗਏ ਹਨ। ਕੁਝ ਬੰਦੇ ਹਨ ਜਿਨ੍ਹਾਂ ਦੇ ਮਨ ਵਿਚ ਨਾਮ ਦਾ ਵਿਸ਼ਵਾਸ਼ ਹੋ ਗਿਆ। ਇਹ ਗੱਲ ਸਮਝਣ ਵਾਲੀ ਹੈ ਕਿ ਨਾਮ ਦਾ ਵਿਸ਼ਵਾਸ਼ ਕੀ ਹੁੰਦਾ ਹੈ? ਇਹ ਸਾਰਾ ਸੰਸਾਰ ਜੋ ਆਪ ਨੂੰ ਨਜ਼ਰ ਆਉਂਦਾ ਹੈ, ਇਹ ਨਾਮ ਨੇ ਧਾਰਨ ਕੀਤਾ ਹੋਇਆ ਹੈ -

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਪੰਨਾ - 284***

ਨਾਮ ਤੋਂ ਹੀ ਇਸ ਸੰਸਾਰ ਦੀ ਉਤਪਤੀ ਹੋਈ ਹੈ।

***ਓਅੰਕਾਰਿ ਬ੍ਰਹਮਾ ਉਤਪਤਿ॥***
***ਓਅੰਕਾਰੁ ਕੀਆ ਜਿਨਿ ਚਿਤਿ॥*** ***ਪੰਨਾ - 929***

ਸਾਰਾ ਸੰਸਾਰ, ਭਾਵੇਂ ਉਹ ਸਥੂਲ ਪਦਾਰਥ ਹੈ ਜਾਂ ਸੂਖਸ਼ਮ ਹੈ, ਉਸ ਸਾਰੇ ਦੀ ਉਤਪਤੀ ਸ਼ਬਦ ਵਿਚੋਂ ਹੋਈ ਹੈ। ਜਿਹੜਾ ਉਹਦੀ ਮਹਿਮਾ ਤੇ, ਪਰੀਪੂਰਨ ਸ਼ਕਤੀ ਤੇ ਵਿਸ਼ਵਾਸ਼ ਕਰ ਲਵੇ, ਮਹਾਰਾਜ ਕਹਿੰਦੇ, ਉਹਦੀ ਮਹਿਮਾ ਕਹੀ ਨਹੀਂ ਜਾ ਸਕਦੀ -

***ਮੰਨੇ ਕੀ ਗਤਿ ਕਹੀ ਨ ਜਾਇ॥*** ***ਪੰਨਾ - 3***

ਸੋ ਪਰੀਪੂਰਨ ਨਾਮ ਨੂੰ ਮੰਨ ਲੈਣਾ, ਉਹਦੀ ਮਹਿਮਾ ਨੂੰ ਮੰਨ ਲੈਣਾ, ਇਹਦੇ ਨਾਲ ਕੋਈ ਦੁਖ ਨਹੀਂ ਰਹਿੰਦਾ -

***ਬਾਲੀ ਰੋਵੈ ਨਾਹਿ ਭਤਾਰੁ।।***
***ਨਾਨਕ ਦੁਖੀਆ ਸਭੁ ਸੰਸਾਰੁ।।***
***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ।।*** ***ਪੰਨਾ - 954***

ਸੋ ਬਾਕੀ ਕਰਮ ਲੇਖੇ ਵਿਚ ਨਹੀਂ ਲਗਦੇ। ਆਦਮੀ ਨੂੰ ਦੁਖ ਚਿੰਬੜਿਆ ਹੋਇਆ ਹੈ, ਦੁਖ ਦਾ ਖਾਤਮਾ ਕੇਵਲ ਨਾਮ ਨਾਲ ਹੁੰਦਾ ਹੈ। ਦੁਖ ਇਕ ਨਹੀਂ ਹੈ, ਬੇਅੰਤ ਕਿਸਮ ਦੇ ਦੁਖ ਹਨ, ਸਰੀਰਕ ਦੁਖ ਹਨ, ਭਾਈਚਾਰਕ ਦੁਖ ਹਨ, ਰਾਜਸੀ ਦੁਖ ਹਨ, ਆਰਥਕ ਦੁਖ ਹਨ - ਪੈਸਾ ਘਟ ਜਾਣਾ, ਪੈਸੇ ਦੇ ਉਤੇ ਕੋਈ ਦੰਡ ਪੈ ਜਾਣਾ। ਮਾਨਸਿਕ ਦੁਖ ਸਭ ਤੋਂ ਵੱਡਾ ਹੈ। ਜੋ ਮਨ ਦੇ ਦੁਖ ਹਨ, ਜੇ ਮਨ ਰੋਗੀ ਹੋਵੇ ਤਾਂ ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਕਿਸੇ ਬੰਦੇ ਨੂੰ ਗੁੱਸਾ ਚੜ੍ਹਿਆ ਹੋਵੇ ਜਾਂ ਮਨ ਦੇ ਅੰਦਰ ਚਿੰਤਾ ਹੋਵੇ ਜੇ ਉਸ ਨੂੰ ਕੋਈ ਪੁੱਛੇ ਕਿ ਭਾਈ! ਪ੍ਰਸ਼ਾਦਾ ਛਕ ਲੈ। ਕਹੇਗਾ, ਮੈਨੂੰ ਤੇ ਭੁੱਖ ਨਹੀਂ, ਪਹਿਲੀ ਰੋਟੀ ਹੀ ਅਜੇ ਹਜ਼ਮ ਨਹੀਂ ਹੋਈ। ਪਹਿਲਾ ਛਕਿਆ ਪ੍ਰਸ਼ਾਦਾ ਕਿਉਂ ਹਜ਼ਮ ਨਹੀਂ ਹੋਇਆ ਕਿਉਂਕਿ ਅੰਦਰ ਇਕ ਚਿੰਤਾ ਦਾ ਖਿਆਲ ਹੋ ਗਿਆ। ਜੋ ਕਿ ਸਾਰੇ ਸਰੀਰ ਦੇ ਅੰਦਰ ਘੁੰਮ ਰਿਹਾ ਹੈ, ਉਸ ਖਿਆਲ ਨੇ ਸਰੀਰ ਦਾ ਸੰਤੁਲਨ ਵਿਗਾੜ ਦਿਤਾ ਹੈ। ਖਿਆਲ

ਇਥੋਂ ਤਕ ਅਸਰ ਕਰ ਜਾਂਦਾ ਹੈ ਕਿ ਆਦਮੀ ਨੂੰ heart trouble (ਦਿਲ ਦੀ ਬੀਮਾਰੀ) ਹੋ ਜਾਂਦੀ ਹੈ। ਖਿਆਲ ਕੀ ਹੈ? ਨਾ ਤਾਂ ਕਿਸੇ ਨੇ ਡੰਡਾ ਮਾਰਿਆ ਹੈ, ਨਾ ਕੋਈ ਹੋਰ ਗੱਲ ਹੈ, ਬੱਸ ਇਕ ਖਿਆਲ ਮਨ ਵਿਚ ਉਠ ਖਲੋਤਾ ਤੇ ਮਨ ਰੋਗੀ ਹੋ ਗਿਆ। ਜੇਕਰ ਮਨ ਰੋਗੀ ਹੋ ਜਾਵੇ ਤਾਂ ਸਰੀਰ ਰੋਗੀ ਹੋ ਜਾਂਦਾ ਹੈ। ਮਹਾਰਾਜ ਦਾ ਫੁਰਮਾਨ ਹੈ –

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** *ਪੰਨਾ – 1256*

ਮਨ ਦੇ ਵੱਡੇ ਵੱਡੇ ਰੋਗ ਹਨ, ਹਉਮੈ ਸਭ ਤੋਂ ਵੱਡਾ ਰੋਗ ਹੈ, ਹਉਮੈ ਕਰਕੇ ਆਦਮੀ ਜੰਮਣ ਤੇ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*** *ਪੰਨਾ – 466*

ਜੰਮਣ ਮਰਨ ਆਦਮੀ ਦੇ ਗਲ ਵਿਚੋਂ ਨਹੀਂ ਲਹਿੰਦਾ ਜਦੋਂ ਤਕ ਹਉਮੈ (ego) ਨਹੀਂ ਜਾਂਦੀ। ਜੇ ਨਿੰਦਿਆ ਕਰ ਲਓ ਤਾਂ ਕੁੰਭੀ ਨਰਕ ਵਿਚ ਜਾਣਾ ਪੈਂਦਾ ਹੈ। ਏਸੇ ਤਰ੍ਹਾਂ ਈਰਖਾ ਦੀ ਬਿਮਾਰੀ ਹੈ। ਮਹਾਰਾਜ ਕਹਿੰਦੇ ਹਨ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥*** *ਪੰਨਾ – 308*

ਉਹਦਾ ਕਦੀ ਭਲਾ ਨਹੀਂ ਹੋ ਸਕਦਾ। ਸੋ ਇਸ ਤਰ੍ਹਾਂ ਆਦਮੀ ਦੁਖਾਂ ਵਿਚ ਪਿਆ ਹੋਇਆ ਹੈ, ਦੁਖਾਂ ਦਾ ਖਾਤਮਾ ਕਰਨ ਵਾਸਤੇ ਮਹਾਰਾਜ ਨੇ ਇਹ ਇਲਾਜ ਦੱਸਿਆ ਹੈ –

***ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ – 2, 2.***

ਜਿੰਨੇ ਵੀ ਸੰਸਾਰ ਵਿਚ ਦੁੱਖ ਹਨ ਇਨ੍ਹਾਂ ਸਾਰਿਆਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਸ ਨੂੰ ਤਾਂ ਡਾਕਟਰ ਨਹੀਂ ਮੰਨਦੇ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਸਰਬ ਰੋਗ ਕਾ ਅਉਖਦੁ ਨਾਮੁ॥*** *ਪੰਨਾ – 274*

ਮੈਂ ਇਕ ਬੇਨਤੀ ਕਰਦਾ ਹਾਂ ਕਿ ਦੋ ਸਾਲ ਹੋਏ, ਇਕ ਬੀਬੀ ਸਾਡੇ ਕੋਲ ਆਈ, ਉਸ ਦੀਆਂ ਦੋਨੋਂ ਅੱਖਾਂ ਬੰਦ ਹੋ ਗਈਆਂ, ਬਹੁਤ ਥੋੜ੍ਹਾ-ਥੋੜ੍ਹਾ ਦਿਖਾਈ ਦਿੰਦਾ ਸੀ। ਡਾਕਟਰਾਂ ਨੇ ਕਿਹਾ ਕਿ ਅੱਖਾਂ ਦੀਆਂ ਨਾੜੀਆਂ ਪਿਚਕ ਗਈਆਂ ਹਨ, ਬਲੱਡ ਪਰੈਸ਼ਰ 240, ਬਲੱਡ ਸ਼ੂਗਰ ਵੀ 240 ਹੈ, ਜੇ ਉਹ ਓਪਰੇਸ਼ਨ ਕਰਾਵੇ ਤਾਂ ਸ਼ੂਗਰ ਕਰਕੇ ਉਸ ਦਾ ਜਖਮ ਰਾਜ਼ੀ ਨਹੀਂ ਸੀ ਹੁੰਦਾ, ਥੋੜ੍ਹਾ ਜ਼ਿਆਦਾ ਵਧ ਜਾਵੇ ਤਾਂ ਸਰੀਰ ਗਲ ਜਾਂਦਾ ਹੈ। ਗੁਰਦੇ ਵਿਚ ਪੱਥਰੀ ਸੀ। ਡਾਕਟਰਾਂ ਨੇ ਆਪਰੇਸ਼ਨ ਨਾ ਕੀਤਾ ਕਿਉਂਕਿ ਬਲੱਡ ਪਰੈਸ਼ਰ ਹਾਈ ਸੀ। ਡਾਕਟਰ ਕਹਿਣ ਲੱਗੇ, "ਬੀਬੀ! ਅਸੀਂ ਤੇਰਾ ਕੋਈ ਇਲਾਜ ਨਹੀਂ ਕਰ ਸਕਦੇ। ਮੈਡੀਕਲ ਸਾਇੰਸ ਇਲਾਜ ਨਹੀਂ ਕਰ ਸਕਦੀ,

ਤੇਰੀਆਂ ਤਕਲੀਫਾਂ ਐਸੀਆਂ ਹਨ।" ਉਹ ਬੀਬੀ ਸਾਡੇ ਕੋਲ ਆਈ, ਅਸੀਂ ਕਿਹਾ, "ਬੀਬੀ! ਦੇਖ, ਤਪ ਕਰਨਾ ਪੈਣਾ ਹੈ, ਕਰ ਲਏਂਗੀ? ਸਾਡੇ ਕੋਲ ਤਾਂ ਮਹਾਰਾਜ ਜੀ ਦਾ ਇਹੀ ਸਿਧਾਂਤ ਹੈ ਕਿ ਜਿਤਨੇ ਵੀ ਦੁੱਖ ਹਨ, ਭਾਵੇਂ ਸਰੀਰਕ ਹਨ, ਭਾਵੇਂ ਮਾਨਸਿਕ; ਜੇਕਰ ਦਵਾਈ ਵੀ ਖਾਂਦਾ ਹੈ, ਦਵਾਈ ਲੱਗਣ ਲਗ ਜਾਂਦੀ ਹੈ-

***ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥***

***ਪੰਨਾ - 1363***

ਤੂੰ ਰਤਵਾੜਾ ਸਾਹਿਬ ਬੈਠ ਕੇ ਇਕ ਸਾਲ ਤਪ ਕਰ, ਪ੍ਰਮੇਸ਼ਰ ਦਾ ਨਾਮ ਜਪ।" ਉਹ ਬੀਬੀ ਰਹਿ ਪਈ, ਉਸ ਨੂੰ ਪਾਠ ਦਸ ਦਿਤਾ ਸੀ, ਪਹਿਲੇ ਮਹੀਨੇ ਹੀ ਉਸ ਦਾ ਬਲੱਡ ਪਰੈਸ਼ਰ, ਬਲੱਡ ਸ਼ੂਗਰ ਠੀਕ ਨਾਰਮਲ ਹੋ ਗਈ; ਜਦੋਂ ਪੀ.ਜੀ.ਆਈ ਦਿਖਾਉਣ ਗਈ ਤਾਂ ਡਾਕਟਰ ਪੁੱਛਣ ਲੱਗੇ ਕਿ ਤੂੰ ਕਿਹੜੀ ਦਵਾਈ ਖਾਧੀ ਹੈ, ਜਿਹੜਾ ਐਨੀ ਛੇਤੀਂ ਰਾਜ਼ੀ ਹੋ ਗਈ? ਕਹਿਣ ਲੱਗੀ, "ਦਵਾਈ ਤਾਂ ਕੋਈ ਨਹੀਂ ਖਾਧੀ, ਉਥੇ ਕੜਾਹ ਪ੍ਰਸ਼ਾਦ ਰੋਜ਼ ਮਿਲਦਾ ਹੈ, ਲੱਡੂ ਜਲੇਬੀਆਂ ਵੀ ਮਿਲਦੇ ਰਹਿੰਦੇ ਹਨ।" ਡਾਕਟਰ ਹੈਰਾਨ ਹੋ ਗਿਆ। ਕੁਝ ਦਿਨ ਬਾਅਦ ਉਸਦੀ ਇਕ ਅੱਖ ਠੀਕ ਹੋ ਗਈ ਅਤੇ ਉਸ ਤੋਂ ਵੀਹ ਦਿਨ ਬਾਅਦ ਉਸਦੀ ਦੂਸਰੀ ਅੱਖ ਵੀ ਖੁਲ੍ਹ ਗਈ। ਅਸੀਂ ਉਸ ਨੂੰ ਕਿਹਾ ਸੀ ਕਿ ਤੂੰ ਇਥੇ ਸੋਲ੍ਹਾਂ ਮਹੀਨੇ ਰਹਿ ਪਰ ਕੁਝ ਘਰ ਦਾ ਮੋਹ ਜਾਗ ਪਿਆ, ਤੇ ਚੌਦਵੇਂ ਮਹੀਨੇ ਉਹ ਚਲੀ ਗਈ। ਮੈਨੂੰ ਪਿਛੋਂ ਪ੍ਰੇਮੀਆਂ ਨੇ ਦੱਸਿਆ ਕਿ ਬੀਬੀ ਦੀ ਐਨਕ ਦਾ ਨੰਬਰ ਸਾਢੇ ਤਿੰਨ ਸੀ। ਹੁਣ ਗੁਰੂ ਮਹਾਰਾਜ ਨੇ ਵਧੀਆਂ ਅੱਖਾਂ ਦੇ ਦਿਤੀਆਂ। ਡਾਕਟਰ ਇਨ੍ਹਾਂ ਗੱਲਾਂ ਨੂੰ ਨਹੀਂ ਮੰਨਦੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਇਕ ਬੀਬੀ ਹੋਰ ਆਈ ਕਿ ਡਾਕਟਰ ਸ਼ੂਗਰ ਕਰਕੇ ਮੇਰੀ ਬਾਂਹ ਕਟਣਾ ਚਾਹੁੰਦੇ ਹਨ। ਹੱਥ ਦਾ ਮਾਸ ਝੜ ਗਿਆ ਸੀ, ਨਹੁੰ ਝੜ ਗਏ ਸਨ; ਜਦੋਂ ਉਹਨੇ ਆਪਣੀ ਬਾਂਹ ਦਿਖਾਈ, ਦੇਖੀ ਨਹੀਂ ਸੀ ਜਾਂਦੀ। ਪਰ ਜਦੋਂ ਥੋੜ੍ਹੀ ਥੋੜ੍ਹੀ ਸੇਵਾ ਕਰਨ ਲਗ ਪਈ ਤਾਂ ਵੀਹ ਦਿਨ ਬਾਅਦ ਉਸਦੀ ਬਾਂਹ ਵਿਚ ਮਾਸ ਭਰ ਗਿਆ, ਦੋ ਚਾਰ ਮਹੀਨੇ ਬਾਅਦ ਬਾਂਹ ਠੀਕ ਹੋ ਗਈ, ਪਹਿਲੀ ਬਾਂਹ ਨਾਲੋਂ ਦੂਜੀ ਬਾਂਹ ਜ਼ਿਆਦਾ ਸੋਹਣੀ ਬਣ ਗਈ। ਡਾਕਟਰ ਮੰਨਣ ਜਾਂ ਨਾ ਮੰਨਣ ਪਰ ਬਾਣੀ ਦਾ ਫੁਰਮਾਨ ਹੈ -

***ਸਰਬ ਰੋਗ ਕਾ ਅਉਖਦੁ ਨਾਮੁ॥*** ***ਪੰਨਾ - 274***

ਨਾਮ ਪਰੀਪੂਰਨ ਸ਼ਕਤੀ ਹੈ, ਤੁਹਾਡੇ ਅੰਦਰ ਵੀ ਹੈ, ਬਾਹਰ ਵੀ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ - 293***

ਸੋ ਗੁਰੂ ਮਹਾਰਾਜ ਸਾਨੂੰ ਨਾਮ ਵਲ ਲਾਉਂਦੇ ਹਨ ਕਿ ਸਾਡੇ ਦੁਖਾਂ

ਦਾ ਖਾਤਮਾ ਹੋ ਜਾਵੇ। ਦੂਜੀ ਹੈ ਸੇਵਾ ਜੋ ਇਸ ਕਰਕੇ ਹੋਈ ਹੈ ਕਿ ਕਲਜੁੱਗ ਦਾ ਜ਼ਮਾਨਾ ਹੈ, ਅਸੀਂ ਵੱਡੇ-ਵੱਡੇ ਸਾਧਨ ਨਹੀਂ ਕਰ ਸਕਦੇ, ਪ੍ਰਾਣਾਯਾਮ ਨਹੀਂ ਕਰ ਸਕਦੇ, ਖੂਹਾਂ ਵਿਚ ਨਹੀਂ ਲਟਕ ਸਕਦੇ, ਧੂਣੀਆਂ ਨਹੀਂ ਤਾਪ ਸਕਦੇ। ਬਾਲ ਬੱਚੇ ਪਾਲਣੇ ਹਨ ਕਿਉਂਕਿ ਜ਼ਿੰਮੇਵਾਰੀਆਂ ਸਾਡੇ ਸਿਰ ਤੇ ਹਨ, ਇਸ ਲਈ ਗੁਰੂ ਮਹਾਰਾਜ ਨੇ ਸਾਰਿਆਂ ਤੋਂ ਸੁਖਾਲਾ ਰਸਤਾ ਸੇਵਾ ਦਾ ਪਰਵਾਨ ਕੀਤਾ ਹੈ। ਸੇਵਾ ਦਾ ਫਲ ਇਸ ਤਰ੍ਹਾਂ ਹੈ ਕਿ ਇਕ ਸਾਧੂ ਤਿੰਨ ਮਹੀਨੇ ਬੈਠ ਕੇ ਧੂਣੀਆਂ ਤਾਪੀ ਜਾਵੇ, ਸਾਰੀਆਂ ਗਰਮੀਆਂ ਧੂਣੀਆਂ ਲਾਈ ਜਾਵੇ, ਉਹਦੀ ਵਾਹ ਵਾਹ ਵਾਹ ਵਾਹ ਹੋਈ ਜਾਵੇਗੀ। ਦੂਜੇ ਪਾਸੇ ਇਕ ਬੀਬੀ, ਆਈਆਂ ਸੰਗਤਾਂ ਵਾਸਤੇ ਜੇਠ ਦੇ ਮਹੀਨੇ ਵਿਚ ਬੈਠ ਕੇ ਪ੍ਰਸ਼ਾਦੇ ਲਾਹ ਦੇਵੇ, ਉਹਨੂੰ ਧੂਣੀਆਂ ਤਾਪਣ ਨਾਲੋਂ ਵੀ ਵੱਡਾ ਫਲ ਪ੍ਰਾਪਤ ਹੋਏਗਾ; ਧੂਣੀਆਂ ਵਾਲੇ ਨੂੰ ਤਾਂ ਕ੍ਰੋਧ ਆਏਗਾ, ਇਹਦੇ ਵਿਚ ਬਰਕਤ ਆਏਗੀ। ਸੋ ਸੇਵਾ ਕਰਨ ਵਾਲਿਆਂ ਦਾ ਹਮੇਸ਼ਾ ਹੀ ਮਾਣ ਹੁੰਦਾ ਹੈ - ਇਥੇ ਵੀ ਤੇ ਦਰਗਾਹ ਵਿਚ ਜਾ ਕੇ ਵੀ।

ਬਹੁਤ ਦੁਨੀਆਂ ਕਬਰਾਂ ਨੂੰ ਮੰਨਦੀ ਹੈ ਪਰ ਪਤਾ ਨਹੀਂ ਲੋਕ ਐਸਾ ਕਿਉਂ ਮੰਨਦੇ ਹਨ; ਜਦੋਂ ਜਿਉਂਦਾ ਕੁਝ ਨਹੀਂ ਦੇ ਸਕਦਾ, ਮਰ ਕੇ ਕੀ ਦੇਵੇਗਾ? ਜੇ ਕਬਰ ਵਿਚ ਇਤਨੀ ਤਾਕਤ ਹੈ ਤਾਂ ਗੁਰੂ ਨਾਨਕ ਸਾਹਿਬ ਕਿਥੇ ਚਲੇ ਗਏ? ਗੁਰੂ ਕਿਥੇ ਚਲੇ ਗਏ? ਗੁਰੂ ਨਾਨਕ ਸਭ ਤੋਂ ਵੱਡਾ ਹੈ -

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥***

***ਪੰਨਾ - 750***

ਭਾਈ ਤੀਰਥੇ ਨੂੰ ਗਲਤ ਵਿਸ਼ਵਾਸ਼ ਸੀ। ਨਾ ਪਤਾ ਹੋਣ ਕਰਕੇ ਖੇਡ ਵੀ ਪਾਉਂਦਾ ਸੀ, ਸੰਗ ਲੈ ਕੇ ਜਾਇਆ ਕਰਦਾ ਸੀ ਪਰ ਚਿੱਤ ਵਿਚ ਕੋਈ ਐਸੇ ਸੰਸਕਾਰ ਪੈਦਾ ਹੁੰਦੇ ਸਨ ਕਿ ਮਨਾਂ! ਸ਼ਾਂਤੀ ਤਾਂ ਕੋਈ ਆਈ ਨਹੀਂ। ਐਵੇਂ ਲੋਹੇ ਨਾਲ ਪਿੱਠ ਕੁੱਟੀ ਜਾਂਦਾ ਸੀ, ਲੋਕ ਵਾਹ ਵਾਹ ਵਾਹ ਵਾਹ ਕਰੀ ਜਾਂਦੇ ਸੀ ਪਰ ਗੱਲ ਤਾਂ ਕੋਈ ਬਣਦੀ ਨਹੀਂ ਸੀ। ਉਹਦੇ ਹਿਰਦੇ ਵਿਚੋਂ ਪੁਰਾਣੇ ਸੰਸਕਾਰ ਬਾਹਰ ਆਉਣ ਦਾ ਯਤਨ ਕਰਦੇ ਸੀ। ਜਿਸ ਤਰ੍ਹਾਂ ਅਸੀਂ ਖੇਤ ਵਿਚ ਬੀਜ ਪਾਇਆ ਹੋਵੇ, ਸਹੀ ਗਿੱਲ ਮਿਲ ਜਾਵੇ, ਉਸ ਵੇਲੇ ਬੀਜ ਹੇਠੋਂ ਹੀ ਆਪਣਾ ਜ਼ੋਰ ਲਾਉਂਦਾ ਹੈ ਕਿ ਮੈਂ ਧਰਤੀ ਤੋਂ ਬਾਹਰ ਨਿਕਲ ਜਾਵਾਂ। ਸੋ ਇਸ ਤਰ੍ਹਾਂ ਅਸੀਂ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੋਣ ਉਹ ਫਲ ਦੇਣ ਨੂੰ ਤਿਆਰ ਹੁੰਦੇ ਹਨ, ਅੰਦਰੋਂ ਅੰਦਰ ਹੀ ਜ਼ੋਰ ਲਗਦਾ ਹੈ, ਸ਼ੁਭ ਖਿਆਲ ਆਉਣੇ ਸ਼ੁਰੂ ਹੋ ਜਾਂਦੇ ਹਨ। ਦੋ ਕਿਸਮ ਦੇ ਖਿਆਲ ਹੁੰਦੇ ਹਨ - ਇਕ ਮਾੜੇ ਤੇ ਇਕ ਚੰਗੇ। ਬਹੁਤੇ ਪਾਪ ਬੀਜੇ ਹੋਣ ਤਾਂ ਮਾੜੇ ਖਿਆਲ ਆਉਂਦੇ ਹਨ, ਪੁੰਨ ਬੀਜੇ ਹੋਣ ਤਾਂ ਚੰਗੇ ਖਿਆਲ ਆਉਂਦੇ ਹਨ, ਲੇਕਿਨ ਆਦਮੀ ਆਪਣੇ ਆਪ ਕੁਝ ਨਹੀਂ ਕਰ ਸਕਦਾ। ਅੰਦਰ ਸ਼ੌਕ ਸੀ, ਲਗਨ ਸੀ, ਏਸੇ ਕਰਕੇ ਪੰਜਵੇਂ ਪਾਤਸ਼ਾਹ ਕੋਲੋਂ ਨਾਮ ਦੀ ਦਾਤ ਮੰਗ

ਰਿਹਾ ਸੀ। ਸੋਚਦਾ ਰਿਹਾ ਕਿ ਗੁਰੂ ਸਾਹਿਬ ਕੋਲ ਇਤਨੀ ਦੁਨੀਆਂ ਕਿਉਂ ਆਉਂਦੀ ਹੈ? ਉਸ ਸਮੇਂ ਗੁਰੂ ਜੀ ਨੇ ਐਸੇ ਬਚਨਾਂ ਦਾ ਉਚਾਰਨ ਕੀਤਾ –

***ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਓਹ ਦੇਹੀ ਤੈਨੂੰ ਮਿਲ ਗਈ–2.***
***ਪਿਆਰਿਆ, ਪਿਆਰਿਆ***
***ਓਹ ਦੇਹੀ ਤੈਨੂੰ ਮਿਲ ਗਈ –2, 2.***
***ਜਿਹੜੀ ਦੇਹੀ ਨੂੰ ਲੋਚਦੇ ਦੇਵਤੇ .......–2.***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥ ਪੰਨਾ – 1159***

ਗੁਰੂ ਮਹਾਰਾਜ ਨੇ ਵਿਸਥਾਰ ਨਾਲ ਸਮਝਾਉਣ ਦਾ ਯਤਨ ਕੀਤਾ ਕਿ ਉਹ ਦੇਹੀ ਜਿਸਨੂੰ ਸਵਰਗਾਂ ਵਿਚ ਬੈਠੇ ਦੇਵਤੇ ਲੋਚ ਰਹੇ ਹਨ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਕਦੋਂ ਅਸੀਂ ਮਨੁੱਖ ਬਣੀਏ, ਮਨੁੱਖ ਬਣ ਕੇ ਗੁਰੂ ਧਾਰਨ ਕਰਕੇ ਨਾਮ ਜਪੀ – ਕਰਮ, ਉਪਾਸਨਾ, ਗਿਆਨ, ਵਿਗਿਆਨ, ਚਾਰ ਅਵਸਥਾਵਾਂ ਵਿਚੋਂ ਲੰਘ ਕੇ ਪਰਮ ਸੁਖ ਨੂੰ ਪ੍ਰਾਪਤ ਕਰੀਏ। ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਨਾਲ ਸੰਗਤ ਨੂੰ ਸਮਝਾਉਣਾ ਕੀਤਾ। ਸੋ ਭਾਈ ਤੀਰਥਾ (ਮੰਝ) ਜੋ ਕੋਲ ਬੈਠਾ ਸੀ, ਸੋਚਣ ਲੱਗ ਪਿਆ ਕਿ ਕੀ ਮਨੁੱਖਾ ਦੇਹੀ ਇਸ ਵਾਸਤੇ ਮਿਲੀ ਹੈ –

***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥ ਪੰਨਾ – 1159***

ਗੋਬਿੰਦ ਨੂੰ ਯਾਦ ਕਰੋ, ਹਰੀ ਦਾ ਜਸ ਕਰੋ, ਮਹਾਰਾਜ ਕਹਿੰਦੇ, ਦੇਖਿਉ ਕਿਤੇ ਉਹਨੂੰ ਭੁਲ ਨਾ ਜਾਇਓ, ਮਾਨਸ ਜਨਮ ਦਾ ਏਹੀ ਲਾਹਾ ਹੈ, ਕਿਧਰੇ ਪੈਸੇ ਇਕੱਠੇ ਕਰਨ ਵਿਚ ਹੀ ਜੀਵਨ ਨਾ ਬਿਤਾ ਦੇਣਾ। ਤੁਸੀਂ ਦੁਨੀਆਂਦਾਰੀ ਵਿਚ ਆਪਣੇ ਆਪ ਨੂੰ ਉੱਚਾ ਪਹੁੰਚਾਉਣ ਦਾ ਯਤਨ ਕਰਦੇ ਹੋ ਜੋ ਕਿ ਕਿਸੇ ਵੀ ਕੰਮ ਨਹੀਂ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਪੰਨਾ – 12***

ਸਭ ਦੁਨਿਆਵੀ ਕੰਮ ਫਜ਼ੂਲ (worthless) ਹਨ, ਨਿਕੰਮੇ ਹਨ, ਕਿਧਰੇ ਕੰਮ ਨਹੀਂ ਆਉਣੀ।

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ –***

ਸੰਤਾਂ ਦੀ ਸੰਗਤ ਕਰਕੇ ਕੇਵਲ ਨਾਮ ਜਪ –

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ – 12***

ਮਾਇਆ ਦੇ ਪਿਆਰ ਵਿਚ ਤੇਰਾ ਜਨਮ ਬਿਰਥਾ ਜਾ ਰਿਹਾ ਹੈ; ਨਾ ਬੱਚਿਆਂ ਨੇ, ਨਾ ਜ਼ਮੀਨ ਨੇ, ਨਾ ਕੋਠੀਆਂ ਵਗੈਰਾ ਨੇ ਨਾਲ ਜਾਣਾ ਹੈ, ਇਹ ਤਾਂ ਤੇਰੀ ਪ੍ਰਾਲਬਧ ਹੈ ਜੋ ਵਰਤਣੀ ਹੀ ਵਰਤਣੀ ਹੈ, ਤੈਨੂੰ ਪਰਮੇਸ਼ਰ ਨੇ ਪ੍ਰਾਲਬਧ ਦੇ ਕੇ ਸੰਸਾਰ ਵਿਚ ਭੇਜਿਆ ਹੈ –

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ ਪੰਨਾ – 653***

ਤੇਰਾ ਕੰਮ ਤਾਂ ਸੀ ਭਜਨ ਕਰਨਾ, ਪਰ ਤੂੰ ਸਾਰਾ ਸਮਾਂ ਵਿਅਰਥ ਗੁਆ ਦਿਤਾ –

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥***
***ਪੰਨਾ – 1075***

ਬੰਦਾ ਮੁੜ ਕੇ ਚੁਰਾਸੀ ਦੇ ਚੱਕਰ ਵਿਚ ਫੇਰ ਪੈ ਜਾਂਦਾ ਹੈ। ਭਾਈ ਤੀਰਥਾ ਸਭ ਕੁਝ ਬੜੇ ਧਿਆਨ ਨਾਲ ਸਰਵਣ ਕਰ ਰਿਹਾ ਸੀ –

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥***
***ਜਬ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥***
***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤ ਨ ਭਜਿਆ ਜਾਈ॥ ਪੰਨਾ – 1159***

ਜੇਕਰ ਹੁਣ ਨਾਮ ਨਾ ਜਪਿਆ, ਫੇਰ ਦਸ ਕਦੋਂ ਜਪੇਂਗਾ? ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਮੁੰਡੇ ਦਾ ਵਿਆਹ ਕਰ ਲਈਏ, ਫੇਰ ਨਾਮ ਜਪਾਂਗੇ; ਕੋਈ ਸੋਚਦਾ ਹੈ ਕਿ ਨੌਕਰੀ ਚਾਕਰੀ ਕਰ ਲਈਏ, ਫੇਰ ਜਪਾਂਗੇ; ਕੋਈ ਕਹਿੰਦਾ ਹੈ ਸਾਰੀਆਂ ਜੁੰਮੇਵਾਰੀਆਂ ਨਜਿੱਠ ਲਈਏ, ਫੇਰ ਜਪਾਂਗੇ। ਕੀ ਪਤਾ ਹੈ ਟਾਈਮ ਦਾ, ਕਦੋਂ ਕਾਲ ਗੁਲੇਲਾ ਮਾਰ ਦੇਵੇ–

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***

***ਪੰਨਾ – 631***

ਪਤਾ ਨਹੀਂ ਕਦੋਂ ਗੁਲੇਲਾ ਵੱਜ ਜਾਏ। ਇਸ ਲਈ ਨਾਮ ਹੁਣੇ ਹੀ

ਜਪਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਭਾਈ ਤੀਰਥਾ ਉਤਮ ਜਗਿਆਸੂ ਸੀ। ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਨਿਕਲ ਰਹੀ ਹਰ ਗੱਲ ਨੂੰ ਪੂਰੇ ਧਿਆਨ ਨਾਲ ਸੁਣ ਰਿਹਾ ਸੀ।

ਸੰਗਤ ਵਿਚ ਚਾਰ ਕਿਸਮ ਦੇ ਬੰਦੇ ਆਉਂਦੇ ਹਨ; ਇਕ ਤਾਂ ਉਹ ਹੁੰਦੇ ਹਨ ਜੋ ਸਿਰਫ ਸੁੰਘਣ ਵਾਸਤੇ ਆਉਂਦੇ ਹਨ ਕਿ ਇਹ ਕੀ ਬੋਲਦਾ ਹੈ, ਕਿਸ ਤਰ੍ਹਾਂ ਬੋਲਦਾ ਹੈ, ਕਿਸ ਤਰ੍ਹਾਂ ਦੀਆਂ ਮਿਸਾਲਾਂ ਦਿੰਦਾ ਹੈ। ਉਹ ਨਿਰਣਾ ਹੀ ਕਰਦਾ ਰਹਿੰਦਾ ਹੈ। ਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨ ਦੀ ਰੁਚੀ ਨਹੀਂ ਹੁੰਦੀ। ਦੂਜੀ ਕਿਸਮ ਦੇ ਬੰਦੇ ਸੰਗਤ ਵਿਚ ਉਹ ਆਉਂਦੇ ਹਨ ਪਰ ਜਿਨ੍ਹਾਂ ਦਾ ਮਨ ਦੌੜਦਾ ਰਹਿੰਦਾ ਹੈ। ਥੋੜ੍ਹਾ ਸੁਖ ਵੀ ਪ੍ਰਾਪਤ ਕਰਦੇ ਹਨ, ਕੁਝ ਦੇਰ ਬਾਅਦ ਉਹਨਾਂ ਨੂੰ ਨੀਂਦ ਆਉਣ ਲਗ ਜਾਂਦੀ ਹੈ, ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ। ਤੀਜੇ ਉਹ ਹੁੰਦੇ ਹਨ ਜੋ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੱਥਾ ਟੇਕਣ ਵਾਲਿਆਂ ਨੂੰ ਦੇਖਦੇ ਹਨ, ਕਦੀ ਘੜੀ ਦੇਖਣ ਲੱਗ ਜਾਂਦੇ ਹਨ, ਆਪ ਵੀ ਉਖੜੇ ਹੁੰਦੇ ਹਨ, ਦੂਜਿਆਂ ਦੀ ਬਿਰਤੀ ਵੀ ਖਰਾਬ ਕਰਦੇ ਹਨ। ਚੌਥੇ ਉਹ ਆਉਂਦੇ ਹਨ ਜਿਹੜੇ ਸੋਚਦੇ ਹਨ ਕਿ ਏਸੇ ਜਨਮ ਵਿਚ ਹੀ ਪਰਮੇਸ਼ਰ ਨੂੰ ਮਿਲਣਾ ਹੈ। ਕੀ ਏਸ ਸਤਸੰਗ ਵਿਚ ਕੋਈ ਐਸੀ ਗੱਲ ਹੈ ਜਿਥੋਂ ਮੈਨੂੰ ਕੋਈ ਰਾਹ ਲਭ ਜਾਏਗਾ? ਕੀ ਮੈਂ ਕਿਸੇ ਕਿਨਾਰੇ ਵੀ ਲਗ ਜਾਵਾਂਗਾ? ਉਹ ਭਾਗਾਂ ਵਾਲੇ ਉਤਮ ਜਗਿਆਸੂ ਹੁੰਦੇ ਹਨ, ਜਿਨ੍ਹਾਂ ਨੇ ਸ਼ੁਭ ਕਰਮ ਕੀਤੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਐਸੀ ਸੰਗਤ ਪ੍ਰਾਪਤ ਹੁੰਦੀ ਹੈ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ - 204***

ਗੁਰੂ ਮਹਾਰਾਜ ਨੇ ਦੀਵਾਨ ਦੀ ਸਮਾਪਤੀ ਕੀਤੀ ਤੇ ਸੰਗਤਾਂ ਦੀਆਂ ਅਰਜੋਈਆਂ ਸੁਣਨੀਆਂ ਸ਼ੁਰੂ ਕਰ ਦਿਤੀਆਂ। ਭਾਈ ਤੀਰਥਾ ਬਹੁਤ ਗਹਿਰੇ ਖਿਆਲਾਂ ਵਿਚ ਚਲਾ ਗਿਆ, ਨੇਤਰਾਂ ਵਿਚੋਂ ਜਲ ਜਾ ਰਿਹਾ ਹੈ, ਪੂਰੇ ਜ਼ੋਰ ਨਾਲ ਬਾਣ ਲਗਿਆ ਕਿਉਂਕਿ ਭਰੀ ਹੋਈ ਰਾਈਫਲ ਸੀ। ਗੋਲੀਆਂ ਤੋਂ ਬਗੈਰ ਤਾਂ ਅਸਰ ਨਹੀਂ ਹੁੰਦਾ, ਭੜਾਕਾ ਓਨਾਂ ਹੀ ਹੁੰਦਾ ਹੈ ਪਰ ਅਸਰ ਨਹੀਂ ਹੁੰਦਾ। ਜਿਸਦੇ ਅੰਦਰ ਪਰਮੇਸ਼ਰ ਨੂੰ ਮਿਲਣ ਦੀ ਲਗਨ ਹੈ, ਬਾਤ ਸੁਣਦੇ ਸਾਰ ਉਹਦੇ ਅੰਦਰ ਚਲੀ ਜਾਂਦੀ ਹੈ। ਗੁਰੂ ਮਹਾਰਾਜ ਦੇ ਬਚਨ ਇਹਦੇ ਅੰਦਰ ਘਾਵ ਕਰ ਗਏ। ਸੋਚੀ ਜਾਂਦਾ ਹੈ ਕਿ ਮਨਾ ਤੂੰ ਤਾਂ ਜਨਮ ਬਰਬਾਦ ਕਰ ਲਿਆ ਹੈ। ਕਬਰਾਂ ਤੇ ਮਥੇ ਟੇਕੀ ਜਾਂਦਾ ਹੈਂ, ਹਾਲੀ ਤਕ ਮਿਲਿਆ ਤਾਂ ਕੁਝ ਵੀ ਨਹੀਂ। ਖੈਰ, ਸੱਚੇ ਪਾਤਸ਼ਾਹ ਇਹ ਨਾਮ ਦੀ ਗੱਲ ਕਰਦੇ ਹਨ, ਇਹ ਨਾਮ ਕਿਥੋਂ ਮਿਲਦਾ ਹੈ? ਸੋ ਭਾਈ ਤੀਰਥਾ, ਗੁਰਸਿੱਖ ਪ੍ਰੇਮੀ ਕੋਲੋਂ ਪੁਛਦਾ ਹੈ ਕਿ ਮੈਨੂੰ ਕੁਛ-ਕੁਛ ਸਮਝ ਤਾਂ ਆਈ ਹੈ; ਮੈਂ ਪਹਿਲੇ ਦਿਨ ਹੀ ਸੰਗਤ ਵਿਚ ਆਇਆ ਹਾਂ ਪਰ ਮੈਨੂੰ ਇਹ ਤਾਂ ਦੱਸ ਕਿ ਨਾਮ ਕਿਥੋਂ ਮਿਲਦਾ ਹੈ? ਉਹ ਕਹਿਣ ਲੱਗਾ, "ਪ੍ਰੇਮੀਆਂ! ਤੂੰ ਨਵਾਂ ਆਇਆ ਹੈਂ, ਮੈਂ

ਤੈਨੂੰ ਦਸਦਾ ਹਾਂ –

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥* **ਪੰਨਾ – 283**

ਤੇ ਨਾਮ ਪ੍ਰਾਪਤੀ ਲਈ ਮੁੱਲ ਕੀ ਦੇਣਾ ਪੈਂਦਾ ਹੈ? ਕਹਿਣ ਲਗਾ –

*ਤਜਿ ਅਭਿਮਾਨੁ ਲੇਹੁ ਮਨੁ ਮੋਲਿ॥* **ਪੰਨਾ – 283**

ਤੂੰ ਆਪਣਾ ਅਭਿਮਾਨ ਛੱਡ ਦੇ –

*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥* **ਪੰਨਾ – 283**

ਕਹਿਣ ਲੱਗੇ ਪ੍ਰੇਮੀਆਂ ਜਿਥੇ ਤੂੰ ਬੈਠਾ ਹੈਂ –

*ਨਾਨਕ ਕੈ ਘਰਿ ਕੇਵਲ ਨਾਮੁ॥* **ਪੰਨਾ – 1136**

ਇਥੇ ਤਾਂ ਨਾਮ ਹੀ ਨਾਮ ਹੈ, ਕਰ ਲੈ ਬੇਨਤੀ ਸਤਿਗੁਰਾਂ ਦੇ ਪਾਸ। ਗਲ ਵਿਚ ਪੱਲਾ ਪਾ ਲਿਆ, ਗੁਰੂ ਮਹਾਰਾਜ ਦੇ ਪਾਸ ਆ ਕੇ ਖੜ੍ਹਾ ਹੋ ਗਿਆ। ਗੁਰੂ ਜੀ ਨੇ ਪੁਛਿਆ, "ਭਾਈ ਕਿਥੋਂ ਆਇਆ ਹੈਂ?" ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੇਰੇ ਪਿਛਲੇ ਕੋਈ ਕਰਮ ਜਾਗ ਪਏ, ਮੇਰੀ ਸੁੱਤੀ ਹੋਈ ਕਿਸਮਤ ਜਾਗ ਪਈ। ਮੈਂ ਤਾਂ ਇਕ ਸਰਵਰੀਆ ਹਾਂ, ਸੰਗ ਲੈ ਕੇ ਜਾ ਰਿਹਾ ਹਾਂ ਅਤੇ ਇਲਾਕੇ ਦਾ ਚੌਧਰੀ ਹਾਂ। ਜਾਂਦੇ ਜਾਂਦੇ ਮੈਂ ਆਪ ਜੀ ਦੇ ਮੁਖਾਰਬਿੰਦ ਤੋਂ ਜੋ ਗੱਲ ਸੁਣੀ ਉਹ ਮੈਂ ਕਦੀ ਵੀ ਪਹਿਲਾਂ ਨਹੀਂ ਸੀ ਸੁਣੀ। ਮੇਰਾ ਪਹਿਲਾ ਜਨਮ ਤਾਂ ਸਾਰਾ ਹੀ ਬਿਰਥਾ ਚਲਾ ਗਿਆ। ਪਾਤਸ਼ਾਹ! ਮੈਂ ਤਾਂ ਨਾਮ ਦਾ ਗਾਹਕ ਹਾਂ, ਮੈਨੂੰ ਨਾਮ ਦੇ ਦਿਓ। ਮਹਾਰਾਜ ਕਹਿਣ ਲੱਗੇ, "ਬਲਿਹਾਰ, ਬਲਿਹਾਰ।" ਨਾਮ ਦਾ ਗਾਹਕ ਤਾਂ ਤੂੰ ਠੀਕ ਹੈਂ, ਪਰ ਇਸ ਦੇ ਕੁਝ ਅਸੂਲ ਹਨ –

*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ॥*
*ਗੁਣ ਕਾ ਗਾਹਕ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥*
**ਪੰਨਾ – 1086**

ਨਾਮ ਦੀ ਕੀਮਤ ਬਹੁਤ ਵੱਡੀ ਹੈ, ਇਸ ਦੀ ਕੀਮਤ ਅੱਜ ਤਕ ਕੋਈ ਜਾਣ ਨਹੀਂ ਸਕਿਆ, ਇਹ ਅਮੁੱਲ ਵਸਤੂ ਹੈ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥* **ਪੰਨਾ – 81**

ਜਿਹੜੀ ਅਮੁਲ ਵਸਤੂ ਹੈ, ਇਹਦੀ ਕੀਮਤ ਕੋਈ ਨਹੀਂ ਜਾਣਦਾ, ਉਹ ਤਾਂ ਭਾਈ ਪ੍ਰੇਮੀਆਂ! ਜਿਥੇ ਪੂਰਾ ਗਾਹਕ ਮਿਲੇ, ਉਥੇ ਹੀ ਗਠੜੀ ਖੋਲ੍ਹੀ

ਜਾਂਦੀ ਹੈ।" ਇਸ ਤਰ੍ਹਾਂ ਫੁਰਮਾਨ ਕੀਤਾ–

*ਧਾਰਨਾ – ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ –2, 2.*
*ਮੇਰੇ ਪਿਆਰੇ ਗੱਠੜੀ, ਨਾ ਖੋਲ੍ਹੀਂ ਨਾਮ ਦੀ –2, 2.*
*ਜਿਥੇ ਮਿਲੇ ਨਾ ਸੌਦਾਗਰ ਪੂਰਾ .......–2.*

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥*
*ਪੰਨਾ – 1365*

ਬਹੁਤ ਕੀਮਤੀ ਪਦਾਰਥ, ਬੇਕਦਰਿਆਂ ਨੂੰ ਦੇਣ ਵਾਲੀ ਚੀਜ਼ ਨਹੀਂ ਹੈ। ਉਹ ਤਾਂ ਲੈ ਕੇ ਰੱਖ ਦਿੰਦੇ ਹਨ, ਉਹਦਾ ਕੋਈ ਫਾਇਦਾ ਨਹੀਂ ਹੁੰਦਾ।

ਇਕ ਦਿਨ ਮੇਰੇ ਕੋਲ ਇਕ ਬੰਦਾ ਆਇਆ, ਕਹਿਣ ਲੱਗਾ, "ਬਾਬਾ ਜੀ! ਮੈਂ ਬਹੁਤ ਦੁਖੀ ਹਾਂ।" ਬੀਬੀ ਵੀ ਕਹਿਣ ਲਗੀ, "ਸਾਡੇ ਵਰਗਾ ਸਾਰੇ ਸੰਸਾਰ ਤੇ ਕੋਈ ਦੁਖੀ ਨਹੀਂ ਹੈਣਾ, ਪਤਾ ਨਹੀਂ ਕਿੰਨੀਆਂ ਬਦ-ਰੂਹਾਂ (ਗਲਤ ਰੂਹਾਂ) ਸਾਡੇ ਉਤੇ ਹੱਲਾ ਕਰ ਰਹੀਆਂ ਹਨ। ਜਿਹੜੇ ਕੰਮ ਨੂੰ ਵੀ ਹੱਥ ਪਾਉਂਦੇ ਹਾਂ, ਕੰਮ ਵਿਗੜ ਜਾਂਦਾ ਹੈ।" ਮੈਂ ਪੁਛਿਆ, "ਭਾਈ! ਅਜੇ ਗੁਰੂ ਵਾਲੇ ਬਣੇ ਹੋ ਕਿ ਨਹੀਂ?" ਕਹਿਣ ਲੱਗੇ, "ਜੀ ਅਸੀਂ ਸਮਝ ਨਹੀਂ ਸਕੇ, ਆਪ ਦੀ ਗੱਲ ਨੂੰ।" ਮੈਂ ਪੁਛਿਆ, "ਤੁਸੀਂ ਅੰਮ੍ਰਿਤ ਛਕਿਆ ਹੈ ਜਾਂ ਨਹੀਂ?" ਕਹਿਣ ਲੱਗੇ, "ਜੀ ਅਸੀਂ ਅੰਮ੍ਰਿਤ ਤਾਂ ਛਕਿਆ ਸੀ।" ਮੈਂ ਕਿਹਾ, "ਫੇਰ ਪੰਜ ਪਿਆਰਿਆਂ ਨੇ ਤੁਹਾਨੂੰ ਨਾਮ ਦਿਤਾ ਹੋਵੇਗਾ।" ਕਹਿਣ ਲੱਗੇ, "ਉਹ ਤਾਂ ਸਾਨੂੰ ਪਤਾ ਨਹੀਂ ਕਿ ਕਿਹੜਾ ਨਾਮ ਦਿਤਾ ਹੈ।" ਮੈਂ ਕਿਹਾ, "ਮੂਲ ਮੰਤਰ ਦਸਿਆ ਹੋਵੇਗਾ।" ਕਹਿਣ ਲੱਗੇ, "ਸਾਡੇ ਤਾਂ ਯਾਦ ਨਹੀਂ।" ਮੈਂ ਕਿਹਾ, "ਭਾਈ ਬੜੀ ਕਮਾਲ ਦੀ ਗੱਲ ਹੈ। ਅੰਮ੍ਰਿਤ ਤੁਸੀਂ ਛਕ ਲਿਆ, ਜਿਸ ਚੀਜ਼ ਵਾਸਤੇ ਤੁਸੀਂ ਅੰਮ੍ਰਿਤ ਛਕਿਆ ਹੈ ਉਹ ਤੁਸੀਂ ਸਾਂਭ ਕੇ ਨਹੀਂ ਰੱਖੀ। ਅੰਮ੍ਰਿਤ ਐਵੇਂ ਤਾਂ ਨਹੀਂ ਹੈ – ਭੇਡਾਂ ਤੇ ਰੰਗ ਪਾਉਣ ਵਾਲੀ ਚੀਜ਼। ਇਹ ਤਾਂ ਗੁਰੂ ਵਾਲੇ ਬਨਾਉਣ ਦੀ ਇਕ ਕਿਰਿਆ ਹੈ ਕਿਉਂਕਿ ਨਾਮ ਦੇਣਾ ਹੈ। ਪਹਿਲਾਂ ਭਾਂਡਾ ਸਾਫ ਹੋਣਾ ਚਾਹੀਦਾ ਹੈ। ਉਹਦੇ ਵਾਸਤੇ ਜਦੋਂ ਪੰਜ ਪਿਆਰੇ ਜਲ ਮੰਤਰ ਕੇ ਦਿੰਦੇ ਹਨ, ਉਦੋਂ ਭਾਂਡਾ ਸ਼ੁਧ ਹੋ ਜਾਂਦਾ ਹੈ, ਉਸ ਤੋਂ ਬਾਅਦ ਪੰਜ ਪਿਆਰੇ ਨਾਮ ਦੀ ਦਾਤ ਦੇਂਦੇ ਹਨ, ਇਕੱਠੇ ਹੋ ਕੇ ਕਹਿੰਦੇ ਹਨ – "ਬੋਲ ਵਾਹਿਗੁਰੂ, ਬੋਲ ਵਾਹਿਗੁਰੂ।" ਮੈਂ ਉਹਨਾਂ ਪ੍ਰੇਮੀਆਂ ਨੂੰ ਕਿਹਾ ਕਿ ਤੁਸੀਂ ਤਾਂ ਬਿਲਕੁਲ ਹੀ ਰਹਿ ਗਏ, ਅਸਲੀ ਤਾਂ ਨਾਮ ਹੈ ਜੋ ਅੰਮ੍ਰਿਤ ਛਕਣ ਤੋਂ ਬਾਅਦ ਮਿਲਦਾ ਹੈ, ਜਿਸਦੀ ਕਮਾਈ ਕਰਨੀ ਪੈਂਦੀ ਹੈ। ਦਰਅਸਲ ਬੇਕਦਰਿਆਂ ਦੇ ਹੱਥ ਇਹ ਚੀਜ਼ ਆਉਣ ਕਰਕੇ, ਏਹਦਾ ਪੂਰਾ ਫਾਇਦਾ ਨਹੀਂ ਉਠਾਇਆ ਜਾਂਦਾ।

ਪਹਿਲੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ ਹੁੰਦਾ। ਜਦੋਂ ਪੰਜ ਪਿਆਰੇ

ਨਾਮ ਦਿੰਦੇ ਸੀ, ਜਗਿਆਸੂ ਵੀ ਪੂਰਾ ਹੁੰਦਾ ਸੀ। ਉਸ ਜਗਿਆਸੂ ਤੇ ਉਸੇ ਵਕਤ ਅਸਰ ਹੋ ਜਾਂਦਾ ਸੀ। ਫੇਰ ਜ਼ੁਬਾਨ ਰੁਕਦੀ ਨਹੀਂ ਸੀ। ਉਸੇ ਵੇਲੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਹੋਣ ਲੱਗ ਜਾਂਦਾ ਸੀ। ਇਹਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜੋ ਕਿ ਨਾਰੰਗਵਾਲ, ਜ਼ਿਲਾ ਲੁਧਿਆਣਾ ਦੇ ਸਨ, ਲੁਧਿਆਣੇ ਦੇ ਖਾਲਸਾ ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਾਉਣਾ ਸੀ। ਜਦੋਂ ਅੰਮ੍ਰਿਤ ਤਿਆਰ ਕੀਤਾ, ਓਦੋਂ ਤੁਹਾਡੇ ਬੀਜੀ ਦੇ ਪਿਤਾ ਜੀ ਪੰਜ ਪਿਆਰਿਆਂ ਵਿਚ ਸਨ। ਜਦੋਂ ਅੰਮ੍ਰਿਤ ਪਹਿਲੇ ਬੱਚੇ ਨੂੰ ਛਕਾਉਣ ਲੱਗੇ ਤਾਂ ਬਾਪੂ ਜੀ ਨੇ ਪੰਜ ਚੂਲੇ ਪਹਿਲਾਂ ਸੀਸ ਵਿਚ ਪਾਏ। ਜਦੋਂ ਨੇਤਰਾਂ ਵਿਚ ਨੇਤਰ ਪਾ ਕੇ ਚੂਲਾ ਦਿਤਾ, ਛਿੱਟਾ ਮਾਰਿਆ ਤੇ ਨਾਲ ਕਿਹਾ, 'ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਉਸ ਬੱਚੇ ਨੇ ਅਜੇ ਅੱਧਾ ਹੀ ਕਿਹਾ ਸੀ – 'ਵਾਹਿਗੁਰੂ ਜੀ ਕਾ ਖਾਲਸਾ', ਅਗੋਂ ਨਾ ਕਹਿ ਸਕਿਆ, ਉਸੇ ਵੇਲੇ ਸਮਾਧੀ ਵਿਚ ਚਲਾ ਗਿਆ। ਭਾਈ ਸਾਹਿਬ ਨੇ ਪੁਛਿਆ ਕਿ ਹੁਣ ਕੀ ਹੋਏਗਾ? ਬਾਪੂ ਜੀ ਕਹਿਣ ਲਗੇ, ਸਾਡੇ ਕੋਲੋਂ ਜਰਾ ਜ਼ੋਰ ਜ਼ਿਆਦਾ ਲੱਗ ਗਿਆ, ਤੇ ਕਿਹਾ ਕਿ ਹੁਣ ਇਹ ਬੱਚਾ 56 ਘੰਟੇ ਏਸੇ ਤਰ੍ਹਾਂ ਹੀ ਬੈਠੇਗਾ, 56 ਘੰਟੇ ਬਾਅਦ ਇਸਨੂੰ ਸੁਰਤ ਆਵੇਗੀ। ਸਾਰੇ ਬੱਚਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡਪਾਠ ਸਾਹਿਬ ਰੱਖ ਦਿਤੇ ਅਤੇ 56 ਘੰਟੇ ਬਾਅਦ ਬੱਚਾ ਭਾਰ ਰਹਿਤ (weight-less) ਹੋ ਗਿਆ, ਧਰਤੀ ਤੋਂ ਉਪਰ ਉਠਣਾ ਸ਼ੁਰੂ ਹੋ ਗਿਆ। ਉਹ ਸੰਗਤ ਦੇ ਉਤੇ ਇਸ ਤਰ੍ਹਾਂ ਤੈਰਨ ਲੱਗ ਪਿਆ, ਜਿਸ ਤਰ੍ਹਾਂ ਮੱਛੀ ਪਾਣੀ ਵਿਚ ਤੈਰਦੀ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਸਾਡੇ ਵਾਜਿਆਂ ਦੇ ਉਤੋਂ ਦੀ ਹੋ ਕੇ ਗੁਰੂ ਮਹਾਰਾਜ ਜੀ ਦੇ ਤਾਬਿਆਂ ਆ ਕੇ ਜਦੋਂ ਲੰਮਾ ਪਿਆ, ਤਾਂ ਫੇਰ ਬਾਪੂ ਜੀ ਉਠੇ ਤੇ ਭਾਈ ਸਾਹਿਬ ਨੂੰ ਕਹਿਣ ਲੱਗੇ ਕਿ ਹੁਣ ਤੁਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਇਸ ਵੇਲੇ ਇਸ ਬੱਚੇ ਦੀ ਰੂਹ ਸਚਖੰਡ ਦੇ ਦਰ ਤੇ ਖੜ੍ਹੀ ਹੋ ਕੇ ਸੰਜੋਗ ਮੰਗ ਰਹੀ ਹੈ। ਉਸੇ ਵੇਲੇ ਭਾਈ ਸਾਹਿਬ ਨੇ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਜਗਿਆਸੂ ਨੂੰ ਕਿਥੇ ਪਹੁੰਚਾ ਦਿਤਾ, ਕਿਉਂਕਿ ਨਾਮ ਦੀ ਕਮਾਈ ਕੀਤੀ ਹੋਈ ਸੀ।

ਪਰ ਸਾਨੂੰ ਪਤਾ ਨਹੀਂ ਲਗਦਾ। ਅਸੀਂ ਅੰਮ੍ਰਿਤ ਤਾਂ ਛਕ ਲੈਂਦੇ ਹਾਂ, ਨਾਮ ਲੈ ਲੈਂਦੇ ਹਾਂ, ਪਰ ਇਹ ਇਕ ਅਸੂਲ ਹੈ ਕਿ ਜਦੋਂ ਤੱਕ ਪੂਰਾ ਗਾਹਕ ਨਾ ਹੋਵੇ।

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥*** ***ਪੰਨਾ – 1372***

ਹੀਰੇ ਕੌਡੀਆਂ ਦੇ ਭਾਅ ਚਲੇ ਜਾਂਦੇ ਹਨ, ਕਿਉਂਕਿ ਵਣਜਾਰਾ ਨਹੀਂ ਹੁੰਦਾ, ਗਾਹਕ ਨਹੀਂ ਹੈ; ਜੇ ਗਾਹਕ ਹੋਵੇ ਤਾਂ–

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਪੰਨਾ - 1102***

ਸਾਰਿਆਂ ਦੇ ਚਰਨਾਂ ਦੀ ਧੂੜ ਬਣ ਜਾ ਅਤੇ ਆਪਣੇ ਆਪ ਨੂੰ ਕਹਿ-

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਪੰਨਾ - 1364***

ਜੇ ਆਪਣੇ ਵਿਚ 'ਮੈਂ' ਰਖੀ ਹੋਈ ਹੈ ਅਤੇ ਕਹਿਣ ਲੱਗ ਪਿਆ ਹੈਂ ਕਿ ਮੈਂ ਹੀ ਚੰਗਾ ਹਾਂ, ਪਰ ਮਾਰਨਾ ਤਾਂ 'ਮੈਂ' ਨੂੰ ਹੈ। ਗੁਰੂ ਮਹਾਰਾਜ ਕਹਿੰਦੇ ਪਹਿਲਾਂ ਮੈਂ ਨੂੰ ਮਾਰ, ਜਿਹੜੀ ਤੇਰੇ ਅੰਦਰ ਵਾਧੂ ਦੀ ਚੀਜ਼ ਹੈ ਜਿਸਨੇ ਤੈਨੂੰ ਰੱਬ ਨਾਲੋਂ ਤੋੜਿਆ ਹੈ। ਤੂੰ ਇਹ ਗੱਲ ਕਬੂਲ ਕਰ ਲੈ ਕਿ ਇਹ 'ਮੈਂ' ਸਚਮੁਚ ਮਰਨੀ ਚਾਹੀਦੀ ਹੈ। ਤੂੰ ਆਪਣੇ ਧੁਰ ਅੰਦਰ ਤੋਂ ਕਹਿ ਕਿ ਮਹਾਰਾਜ, ਇਸ 'ਮੈਂ' ਨੂੰ ਮਾਰ ਦਿਓ। ਫਿਰ ਗਾਹਕ ਬਣਦਾ ਹੈ।

ਇਸਨੂੰ ਖਤਮ ਕਰਨ ਵਾਸਤੇ ਪਹਿਲਾਂ ਤਾਂ ਆਪਣੇ ਅੰਦਰ ਪ੍ਰਤੀਤ ਲਿਆਉਣੀ ਪੈਂਦੀ ਹੈ। ਜਿਸ ਨੂੰ ਭਰੋਸਾ ਕਹਿੰਦੇ ਹਨ। ਜਦੋਂ ਤੱਕ ਭਰੋਸਾ ਨਾ ਹੋਵੇ, ਗੱਲ ਨਹੀਂ ਬਣਦੀ। ਧੰਨੇ ਨੂੰ ਭਰੋਸਾ ਸੀ, ਚਾਰ-ਪੰਜ ਘੰਟੇ ਬੈਠ ਕੇ ਰੱਬ ਨੂੰ ਰੋਟੀ ਖੁਆ ਦਿੱਤੀ, ***"ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥"*** ਰੋਟੀ ਵੀ ਖੁਆ ਦਿਤੀ ਤੇ ਲੱਸੀ ਵੀ ਪਿਲਾ ਦਿੱਤੀ। ਕਿਉਂਕਿ ਮਨ ਵਿਚ ਪ੍ਰਤੀਤ ਸੀ। ਦੂਜਾ ਹੁੰਦਾ ਹੈ ਰਜ਼ਾਅ ਵਿਚ ਰਹਿਣਾ- ਭਾਵੇਂ ਸੁਖ ਆ ਜਾਵੇ, ਭਾਵੇਂ ਦੁਖ ਆ ਜਾਵੇ। ਕਈ ਕਹਿੰਦੇ ਹਨ ਕਿ ਜਦੋਂ ਤੋਂ ਅਸੀਂ ਬਾਣੀ ਪੜ੍ਹਨੀ ਸ਼ੁਰੂ ਕੀਤੀ ਹੈ, ਸਾਡੇ ਕੰਮ ਹੀ ਖਰਾਬ ਹੋਣ ਲੱਗ ਪਏ। ਭਾਈ! ਕਿਸਨੇ ਕਿਹਾ ਸੀ ਤੁਹਾਨੂੰ ਬਾਣੀ ਪੜ੍ਹਣ ਨੂੰ? ਜੇ ਤੁਹਾਡੇ ਵਿਚ ਰਜ਼ਾ ਵਿਚ ਰਹਿਣ ਦੀ ਸ਼ਕਤੀ ਨਹੀਂ ਹੈ ਜਾਂ ਤੁਸੀਂ ਗਲਤ ਹੋ ਗਏ, ਐਵੇਂ ਨਾ ਇਸ ਤਰ੍ਹਾਂ ਕਹੀ ਜਾਓ, ਇਹ ਤਾਂ ਤੁਹਾਡੇ ਮਾੜੇ ਕਰਮਾਂ ਦਾ ਫਲ ਮਿਲਦਾ ਰਿਹਾ ਹੈ। ਸੋ ਰਜ਼ਾ ਵਿਚ ਰਹਿਣਾ ਜ਼ਰੂਰੀ ਹੈ, ਭਾਵੇਂ ਦੁਖ ਆਵੇ, ਭਾਵੇਂ ਸੁਖ ਆਵੇ -

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥*** ***ਪੰਨਾ - 5***

ਦੁਖ ਤੇ ਸੁਖ ਨੂੰ ਸਮਾਨ ਸਮਝੇ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***

***ਪੰਨਾ - 757***

ਗੁਰੂ ਪੰਜਵੇਂ ਪਾਤਸ਼ਾਹ ਨੂੰ ਇਕ ਗੁਰਸਿਖ ਕਹਿਣ ਲੱਗਾ, "ਮਹਾਰਾਜ!

ਐਸੇ ਗੁਰਸਿਖ ਦੇ ਦਰਸ਼ਨ ਤਾਂ ਕਰਾ ਦਿਓ।" ਗੁਰੂ ਮਹਾਰਾਜ ਨੇ ਕਿਹਾ ਕਿ ਤੂੰ ਗੁਜਰਾਤ ਚਲਾ ਜਾ - ਚਾਰ ਦਿਨ ਦੇ ਅੰਦਰ। ਉਥੇ ਇਕ ਭਾਈ ਭਿਖਾਰੀ ਨਾਮ ਦਾ ਗੁਰਸਿਖ ਰਹਿੰਦਾ ਹੈ। ਉਥੇ ਤੈਨੂੰ ਸਾਰੀ ਗੱਲ ਸਮਝ ਆ ਜਾਵੇਗੀ। ਸੋ ਗੁਰਸਿਖ ਗੁਜਰਾਤ ਪਹੁੰਚ ਜਾਂਦਾ ਹੈ। ਉਥੇ ਜਾ ਕੇ ਦੇਖਿਆ ਕਿ ਭਾਈ ਭਿਖਾਰੀ ਆਪਣੀ ਬੈਠਕ ਵਿਚ ਬੈਠ ਕੇ ਇਕ ਤਪੜ ਗੰਢ ਰਹੇ ਹਨ ਅਤੇ ਨਾਲ ਨਾਲ ਬਚਨ ਵੀ ਕਰੀ ਜਾ ਰਹੇ ਹਨ, ਨਾਲ ਨਾਲ ਆਪਣਾ ਕੰਮ ਵੀ ਕਰੀ ਜਾ ਰਹੇ ਹਨ। ਗੁਰਸਿਖ ਨੇ ਦੇਖਿਆ ਕਿ ਨਾਲ ਇਕ ਪੂਲਾ ਵੀ ਪਿਆ ਹੈ, ਇਕ ਘੜਾ ਵੀ ਪਿਆ ਹੈ, ਏਥੇ ਨਾਲ ਹੀ ਮਿਰਤਕ ਦਾ ਸਮਾਨ ਵੀ ਪਿਆ ਹੈ ਅਤੇ ਨਾਲ ਹੀ ਇਕ ਅਰਥੀ ਬਣੀ ਪਈ ਹੈ। ਇਸ ਗੁਰਸਿਖ ਨੇ ਉਸ ਵੇਲੇ ਨਹੀਂ ਪੁਛਿਆ ਕਿਉਂਕਿ ਦੂਜੇ ਦਿਨ ਭਾਈ ਭਿਖਾਰੀ ਦੇ ਲੜਕੇ ਦੀ ਸ਼ਾਦੀ ਸੀ। ਲੜਕੇ ਨੂੰ ਵਿਆਹੁਣ ਜਾਂਦੇ ਹਨ, ਇਹ ਗੁਰਸਿਖ ਵੀ ਨਾਲ ਚਲਾ ਗਿਆ। ਜਦੋਂ ਵਾਪਸ ਆਉਂਦੇ ਹਨ, ਮਾਤਾ ਦਰਵਾਜੇ ਤੇ ਪਾਣੀ ਵਾਰਨ ਵਾਸਤੇ ਖੜ੍ਹੀ ਹੈ, ਭੈਣਾਂ ਨੇ ਦਰਵਾਜ਼ਾ ਰੋਕਿਆ ਹੋਇਆ ਹੈ ਕਿ ਵੀਰ ਨੂੰ, ਤਾਂ ਲੰਘਣ ਦੇਣਾ ਹੈ ਜੇ ਪਹਿਲਾਂ ਸਾਡੀ ਮੰਗ ਪੂਰੀ ਕਰੇਗਾ। ਉਸ ਵੇਲੇ ਕੀ ਖਬਰ ਆਈ ਕਿ ਤੁਹਾਡਾ ਵੀਰ ਤਾਂ ਰਸਤੇ ਵਿਚ ਮਰ ਗਿਆ। ਮਾਂ ਨੂੰ ਖਬਰ ਆਈ ਕਿ ਰਸਤੇ ਵਿਚ ਤੇਰੇ ਪੁੱਤਰ ਦੇ ਢਿੱਡ ਵਿਚ ਸੂਲ ਉਠਿਆ ਤੇ ਉਹ ਮਰ ਗਿਆ। ਉਸ ਵੇਲੇ ਘਰ ਵਿਚ ਕੁਰਲਾਹਟ ਮਚ ਗਈ। ਉਸ ਵਕਤ ਭਾਈ ਭਿਖਾਰੀ ਨੇ ਤੱਪੜ ਲਿਆ ਕੇ ਵਿਛਾ ਦਿਤਾ ਤੇ ਕਹਿਣ ਲਗੇ, ਭਾਈ ਤੁਸੀਂ ਸਾਰੇ ਰਿਸ਼ਤੇਦਾਰ ਆਏ ਤਾਂ ਹੋਏ ਹੋ, ਹੁਣ ਇਸ ਤਪੜ ਤੇ ਬੈਠ ਜਾਵੋ, ਲੜਕੇ ਦਾ ਛੇਤੀਂ ਇਸ਼ਨਾਨ ਕਰਾਓ ਤਾਂਕਿ ਸਸਕਾਰ ਛੇਤੀਂ ਹੋ ਸਕੇ। ਜਦੋਂ ਸਸਕਾਰ ਕਰਕੇ ਵਾਪਿਸ ਆਏ ਤਾਂ ਭਾਈ ਭਿਖਾਰੀ ਕਹਿਣ ਲਗੇ, ਭਾਈ ਰਹਿਰਾਸ ਸਾਹਿਬ ਦਾ ਪਾਠ ਨਹੀਂ ਹੋਇਆ, ਚਲੋ ਬੈਠ ਕੇ ਪਹਿਲਾਂ ਪਾਠ ਕਰ ਲਈਏ। ਜੋ ਗੁਰਸਿਖ ਉਥੇ ਗਿਆ ਸੀ, ਉਹ ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਭਾਈ ਭਿਖਾਰੀ ਕਿਹੜੀ ਮਿੱਟੀ ਦਾ ਬਣਿਆ ਹੋਇਆ ਹੈ। ਜਵਾਨ ਪੁੱਤਰ ਮਰ ਗਿਆ, ਨੂੰਹ ਘਰ ਵਿਚ ਆਈ ਹੈ, ਅਜੇ ਉਹਦਾ ਕੰਗਣਾ ਵੀ ਨਹੀਂ ਖੋਲ੍ਹਿਆ, ਪਰ ਭਾਈ ਭਿਖਾਰੀ ਦੇ ਮਨ ਤੇ ਕੋਈ ਅਸਰ ਨਹੀਂ ਹੈ। ਕਹਿਣ ਲਗਿਆ, "ਭਾਈ ਭਿਖਾਰੀ ਜੀ! ਤੁਹਾਨੂੰ ਪਤਾ ਸੀ ਕਿ ਤੁਹਾਡੇ ਪੁੱਤਰ ਨੇ ਚੜ੍ਹਾਈ ਕਰ ਜਾਣਾ ਹੈ?" ਕਹਿਣ ਲਗੇ, "ਹਾਂ।" "ਫੇਰ ਤੁਸੀਂ ਉਸਦਾ ਵਿਆਹ ਕਿਉਂ ਕੀਤਾ?" ਭਾਈ ਭਿਖਾਰੀ ਨੇ ਉਤਰ ਦਿੱਤਾ ਕਿ ਉਸਨੇ ਵਿਆਹ ਕਰਾ ਕੇ ਹੀ ਗੁਜ਼ਰਨਾ ਸੀ। ਕਹਿਣ ਲਗੇ ਫੇਰ ਤੁਸੀਂ ਗੁਰੂ ਮਹਾਰਾਜ ਤੋਂ ਉਸਦੀ ਉਮਰ ਮੰਗ ਲੈਂਦੇ। ਭਾਈ ਭਿਖਾਰੀ ਕਹਿਣ ਲਗੇ ਜੇਕਰ ਮੈਂ ਇਸਦੀ ਉਮਰ ਮੰਗ ਲੈਂਦਾ, ਇਸਨੇ ਫੇਰ ਵੀ ਜਾਣਾ ਸੀ। ਜੋ ਇਸ ਸੰਸਾਰ ਤੇ ਆਇਆ ਹੈ, ਉਸਨੇ ਜਾਣਾ ਹੀ ਜਾਣਾ ਹੈ; ਕੋਈ ਅੱਗੇ ਚਲਾ ਜਾਂਦਾ ਹੈ, ਕੋਈ ਪਿਛੇ ਚਲਾ ਜਾਂਦਾ ਹੈ। ਸੋ ਇਸ ਨੂੰ ਕਹਿੰਦੇ ਹਨ ਰਜ਼ਾਅ ਵਿਚ ਰਾਜ਼ੀ ਰਹਿਣਾ।

ਨਾਮ ਜਪਣ ਵਾਲਿਆਂ ਵਾਸਤੇ ਇਸ ਤੋਂ ਅੱਗੇ ਹੋਇਆ ਕਰਦਾ ਹੈ - ਧੀਰਜ> ਪਹਿਲਾਂ ਤਾਂ ਸਾਡੇ ਮਨ ਵਿਚ ਬਹੁਤ ਵਾਸ਼ਨਾਵਾਂ ਘੇਰਾ ਪਾਈ ਰਖਦੀਆਂ ਹਨ - ਮੇਰਾ ਇਹ ਕੰਮ ਹੋ ਜਾਵੇ, ਮੇਰਾ ਉਹ ਕੰਮ ਹੋ ਜਾਵੇ,

ਮੇਰੀ ਕੋਠੀ ਬਣ ਜਾਵੇ, ਮੇਰਾ ਪੈਸਾ ਜੁੜ ਜਾਵੇ, ਮੈਨੂੰ ਨੌਕਰੀ ਮਿਲ ਜਾਵੇ; ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਹਨ। ਇਕ ਤਾਂ ਹੈ ਪੁੱਤਰ ਵਾਸ਼ਨਾ। ਜਿਸਦੇ ਪੁੱਤਰ ਨਹੀਂ ਹੁੰਦਾ, ਦਿਨ ਰਾਤ ਕੋਸ਼ਿਸ਼ਾਂ ਕਰਦਾ ਹੈ ਕਿ ਕਿਧਰੋਂ ਖੈਰ ਪੈ ਜਾਵੇ, ਮਾੜੇ ਤੋਂ ਮਾੜੇ ਕੰਮ ਕਰਨ ਨੂੰ ਵੀ ਤਿਆਰ ਹੋ ਜਾਂਦਾ ਹੈ, ਕਿਧਰੇ ਮਥੇ ਟਿਕਾ ਲਓ, ਧਰਮ ਤੋਂ ਬੇਦੀਨ ਹੋ ਜਾਂਦਾ ਹੈ ਕਿਉਂਕਿ ਵਾਸ਼ਨਾ ਦੇ ਅਧੀਨ ਹੋ ਗਿਆ। ਦੂਜੀ ਵਾਸ਼ਨਾ ਬੰਦੇ ਨੂੰ ਤੰਗ ਕਰਦੀ ਹੈ - ਧਨ ਦੀ ਕਿ ਮੇਰੇ ਕੋਲ ਬਹੁਤ ਧਨ ਹੋਣਾ ਚਾਹੀਦਾ ਹੈ। ਅਸੀਂ ਦਿਨ ਰਾਤ ਧਨ ਵਾਸਤੇ ਤੁਰੇ ਫਿਰਦੇ ਹਾਂ। ਤੀਜੀ ਦੇਹ ਵਾਸ਼ਨਾ ਹੁੰਦੀ ਹੈ। ਬੰਦਾ ਦੇਹ ਨੂੰ ਸ਼ਿੰਗਾਰੀ ਜਾਂਦਾ ਹੈ, ਆਪਣੇ ਆਪ ਨੂੰ ਸਾਢੇ ਤਿੰਨ ਹਥ ਦੀ ਦੇਹ ਸਮਝਦਾ ਹੈ। ਚੌਥੀ ਹੁੰਦੀ ਹੈ - ਲੋਕ ਵਾਸ਼ਨਾ, ਲੋਕ ਮੈਨੂੰ ਚੰਗਾ ਕਹਿਣ; ਵਿਆਹ ਤੇ ਭਾਵੇਂ ਕਰਜਾ ਲੈ ਕੇ ਖਰਚ ਕਰਨਾ ਪਵੇ ਪਰ ਲੋਕਾਂ ਵਿਚ ਮੇਰੀ ਵਾਹ-ਵਾਹ ਹੋ ਜਾਵੇ, ਲੋਕ ਮੈਨੂੰ ਮਾੜਾ ਨਾ ਕਹਿਣ। ਅਸੂਲ ਤਾਂ ਇਹ ਹੈ ਕਿ ਸਾਰੇ ਲੋਕ ਕਿਸੇ ਨੂੰ ਚੰਗਾ ਨਹੀਂ ਕਹਿੰਦੇ ਤੇ ਸਾਰੇ ਲੋਕ ਕਿਸੇ ਨੂੰ ਮਾੜਾ ਨਹੀਂ ਕਹਿੰਦੇ, ਮਾੜਾ ਕਹਿਣ ਵਾਲੇ ਵੀ ਓਨੇ ਹੀ ਹੁੰਦੇ ਹਨ ਤੇ ਚੰਗਾ ਕਹਿਣ ਵਾਲੇ ਵੀ ਓਨੇ ਹੀ।

ਜਦੋਂ ਰਾਮਚੰਦਰ ਜੀ ਮਹਾਰਾਜ ਅਤੇ ਲੱਛਮਣ ਜੀ ਸੀਤਾ ਨੂੰ ਵਾਪਸ ਲੈ ਕੇ ਆਏ ਤਾਂ ਉਸ ਨੂੰ ਬਾਲਮੀਕ ਦੇ ਆਸ਼ਰਮ ਵਿਚ ਛੱਡ ਕੇ, ਪੂਰਬ ਵੱਲ ਨੂੰ ਜਾ ਰਹੇ ਸੀ। ਉਥੇ ਇਕ ਕਿਸਾਨ ਸੀ, ਹਲ ਵਾਹ ਰਿਹਾ ਸੀ, ਗੋਡਿਆਂ ਤੱਕ ਚਮੜੇ ਦੇ ਬੂਟ ਪਾਏ ਹੋਏ ਸਨ, ਲੋਹੇ ਦੀਆਂ ਤਾਰਾਂ ਦਾ ਕੋਟ ਪਾਇਆ ਹੋਇਆ ਸੀ ਤੇ ਲੋਹੇ ਦਾ ਸਿਰ ਤੇ ਟੋਪ ਪਾਇਆ ਹੋਇਆ ਸੀ, ਬਲਦਾਂ ਦੇ ਉਪਰ ਵੀ ਤਾਰਾਂ ਦੇ ਝੁੱਲ ਪਾਏ ਹੋਏ ਸੀ, ਲੱਤਾਂ ਵਿਚ ਤਾਰਾਂ ਦੇ ਫੁਟਲੈਸ ਪਾਏ ਹੋਏ ਸਨ। ਰਾਮਚੰਦਰ ਜੀ ਹੈਰਾਨ ਹੋ ਗਏ ਕਿ ਇਹ ਕਿਸਾਨ ਕੀ ਕਰੀਂ ਫਿਰਦਾ ਹੈ। ਗਰਮੀ ਦਾ ਮਹੀਨਾ ਹੈ, ਕਿਸਾਨ ਨੇ ਦੋਨੋਂ ਭਰਾਵਾਂ ਨੂੰ ਖੂਹ ਵਿਚੋਂ ਪਾਣੀ ਕੱਢ ਕੇ ਪਿਲਾਇਆ ਤੇ ਫੇਰ ਰਾਮਚੰਦਰ ਜੀ ਨੇ ਪੁਛਿਆ ਕਿ ਕਿਸਾਨ ਭਾਈ, ਤੂੰ ਇਹ ਕੀ ਕਰਦਾ ਹੈਂ? ਤਾਂ ਉਸਨੇ ਉਤਰ ਦਿੱਤਾ ਕਿ ਮਹਾਰਾਜ! ਏਥੇ ਇਕ ਐਸੀ ਕਿਸਮ ਦਾ ਬਿਛੂ ਹੈ, ਜੇ ਡੰਗ ਮਾਰ ਦੇਵੇ ਉਸੇ ਵੇਲੇ ਪ੍ਰਾਣ ਨਿਕਲ ਜਾਂਦੇ ਹਨ। ਇਸ ਕਰਕੇ ਚਮੜੇ ਦੇ ਬੂਟ ਪਾਉਣੇ ਪੈਂਦੇ ਹਨ; ਤਾਰਾਂ ਦੇ ਝੁੱਲ ਤਾਂ ਪਾਉਣੇ ਪੈਂਦੇ ਹਨ ਕਿ ਏਥੇ ਇਕ ਪੰਛੀ ਹੈ, ਉਸ ਦੀ ਚੁੰਝ ਇੰਨੀ ਤਿਖੀ ਹੈ ਕਿ ਮਾਸ ਕੱਢ ਕੇ ਲੈ ਜਾਂਦਾ ਹੈ। ਰਾਮ ਚੰਦਰ ਜੀ ਨੇ ਕਿਹਾ ਕਿ ਫੇਰ ਐਸੀ ਜ਼ਮੀਨ ਵਿਚ ਰਹਿਣ ਦਾ ਕੀ ਫਾਇਦਾ ਹੈ; ਹਿੰਦੁਸਤਾਨ ਐਨਾ ਵੱਡਾ ਹੈ, ਕਿਧਰੇ ਹੋਰ ਜ਼ਮੀਨ ਲੈ ਲੈ, ਮੈਂ ਤੈਨੂੰ ਜ਼ਮੀਨ ਦੇ ਦਿੰਦਾ ਹਾਂ। ਕਿਸਾਨ ਕਹਿਣ ਲੱਗਾ, ਵਾਹ ਜੀ ਵਾਹ, ਤੁਸੀਂ ਮੈਨੂੰ ਰਾਮ ਚੰਦਰ ਹੀ ਸਮਝ ਲਿਆ ਹੈ ਜਿਸਨੇ ਆਪਣੀ ਇਸਤ੍ਰੀ ਸੀਤਾ ਛੱਡ ਦਿਤੀ, ਕਦੀ ਕੋਈ ਆਪਣੀ ਜ਼ਮੀਨ ਜਾਂ ਇਸਤ੍ਰੀ ਵੀ ਛੱਡਦਾ ਹੈ? ਕਿਸਾਨ ਨੂੰ ਪਤਾ ਨਹੀਂ ਸੀ ਕਿ ਉਹ ਰਾਮਚੰਦਰ ਜੀ ਨਾਲ ਹੀ ਗੱਲ ਕਰ ਰਿਹਾ ਹੈ। ਕਹਿਣ ਲੱਗਿਆ, ਇਸਤਰੀ ਚਾਹੇ ਕੈਸੀ ਵੀ ਹੋਵੇ, ਕੋਲ ਹੀ ਰਖੀ ਜਾਂਦੀ ਹੈ।

ਦੂਜੇ ਪਾਸੇ ਇਕ ਧੋਬੀ ਦੀ ਘਰ ਵਾਲੀ ਪਤੀ ਨੂੰ ਪੁਛੇ ਬਿਨਾਂ ਆਪਣੇ

ਪਿਤਾ ਦੀ ਖਬਰ ਲੈਣ ਚਲੀ ਗਈ ਜੋ ਕਿ ਬਿਮਾਰ ਸੀ, ਹਾਲਾਂਕਿ ਉਸਦਾ ਘਰ ਕਾਫੀ ਨੇੜੇ ਹੀ ਸੀ ਜਦੋਂ ਵਾਪਸ ਆਈ ਤਾਂ ਧੋਬੀ ਉਸਨੂੰ ਘਰ ਨਾ ਵੜਨ ਦੇਵੇ। ਕਹਿਣ ਲੱਗਾ ਕਿ ਮੈਂ ਕੋਈ ਰਾਮਚੰਦਰ ਹਾਂ ਜਿਸਦੀ ਇਸਤਰੀ ਸੀਤਾ ਐਨੀ ਦੇਰ ਰਾਵਣ ਦੇ ਕਬਜੇ ਵਿਚ ਲੰਕਾ ਰਹੀ ਅਤੇ ਫਿਰ ਰਾਮਚੰਦਰ ਜੀ ਨੇ ਸਵੀਕਾਰ ਕਰ ਲਈ? ਜਦੋਂ ਰਾਮਚੰਦਰ ਜੀ ਨੇ ਇਹ ਸੁਣਿਆ ਤਾਂ ਲੱਛਮਣ ਜੀ ਨੂੰ ਕਹਿਣ ਲੱਗੇ ਕਿ ਹੁਣ ਦੱਸ, ਇਕ ਪਾਸੇ ਲੋਕ ਇਹ ਗੱਲ ਕਹਿੰਦੇ ਹਨ, ਦੂਜੇ ਪਾਸੇ ਇਹ ਗੱਲ, ਹੁਣ ਦੱਸ। ਇਸਨੂੰ ਲੋਕ ਵਾਸ਼ਨਾ ਕਹਿੰਦੇ ਹਨ, ਲੋਕ ਵਾਸ਼ਨਾ ਵਿਚ ਕਦੀ ਕੋਈ ਪੂਰਾ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਸ਼ਾਸਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ ਹੁੰਦੀ ਹੈ। ਸੋ ਇਹਨਾਂ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰਕੇ ਇਕ ਵਾਸ਼ਨਾ ਰੱਖਣੀ ਹੈ ਕਿ ਮੇਰਾ ਅੰਮ੍ਰਿਤ ਵੇਲਾ ਨਾ ਲੰਘ ਜਾਵੇ, ਮੈਂ ਨਾਮ ਜਪ ਕੇ ਨਾਮ ਦਾ ਧਨ ਇਕੱਠਾ ਕਰ ਲਵਾਂ। ਇਹ ਵਾਸ਼ਨਾ ਪ੍ਰਬਲ ਹੋਣੀ ਚਾਹੀਦੀ ਹੈ ਕਿ ਅੱਜ ਦਾ ਦਿਨ ਮੇਰਾ ਕਿਧਰੇ ਐਵੇਂ ਨਾ ਲੰਘ ਜਾਵੇ, ਬਹੁਤੀਆਂ ਗੱਲਾਂ ਨਹੀਂ ਮੈਂ ਮਾਰਨੀਆਂ। ਮੈਂ ਤਾਂ ਵਾਹਿਗੁਰੂ, ਵਾਹਿਗੁਰੂ ਕਰਕੇ ਨਾਮ ਜਪਣਾ ਹੈ। ਉਸ ਤੋਂ ਅੱਗੇ ਹੁੰਦਾ ਹੈ - ਪ੍ਰਭਤਾ ਦਾ ਤਿਆਗ, ਕਿ ਲੋਕ ਮੇਰੀ ਵਾਹ-ਵਾਹ ਕਰੀ ਜਾਣ। ਉਹਦਾ ਤਿਆਗ ਕਰ ਦੇਣਾ, ਕੋਈ ਬੁਰਾ ਕਹੋ, ਚਾਹੇ ਚੰਗਾ ਕਹੋ, ਫੇਰ ਉਸਤਤ ਤੇ ਨਿੰਦਿਆ ਦੋਨਾਂ ਦਾ ਤਿਆਗ ਕਰ ਦੇਣਾ। ਨਾ ਨਿੰਦਿਆ ਤੋਂ ਡਰਨਾ, ਨਾ ਉਸਤਤ ਕਰਾਉਣੀ। ਫੇਰ ਇਸੇ ਤਰ੍ਹਾਂ ਨਾਲ ਆਪਣਾ ਸਰਬੰਸ ਗੁਰੂ ਦੇ ਅਰਪਣ ਕਰ ਦੇਣਾ,

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ ਪੰਨਾ - 918***

ਇਹ ਗੱਲ ਸਾਰਿਆਂ ਤੋਂ ਮੁਸ਼ਕਿਲ ਹੈ; ਸਾਧ ਸੰਗਤ ਜੀ ਇਹ ਗੱਲ ਕਹਿਣੀ ਸੌਖੀ ਹੈ ਪਰ ਕਰਨੀ ਮੁਸ਼ਕਿਲ ਹੈ। ਕੋਈ ਵਿਰਲਾ ਹੀ ਹੈ ਜੋ ਆਪਣਾ ਸਰਬੰਸ ਗੁਰੂ ਦੇ ਅਰਪਨ ਕਰਦਾ ਹੈ; ਕੋਈ ਕੋਈ ਸਿਖ ਹੁੰਦਾ ਹੈ, ਸਾਰੇ ਨਹੀਂ ਕਰ ਸਕਦੇ। ਫਿਰ ਮੰਤਰ ਤੇ ਭਰੋਸਾ ਕਰਨਾ ਜ਼ਰੂਰੀ ਹੈ। ਜਿਹੜਾ ਮੰਤਰ ਪੰਜ ਪਿਆਰਿਆਂ ਨੇ ਦੇ ਦਿੱਤਾ, ਇਹ ਨਹੀਂ ਕਿ ਇਹ ਮੰਤਰ ਛੱਡ ਕੇ ਕਿਧਰੇ ਹੋਰ ਭੱਜਦੇ ਫਿਰੋ ਨਾਮ ਲੈਣ ਵਾਸਤੇ, ਨਾਮ ਤਾਂ ਤੁਹਾਡੇ ਅੰਦਰ ਹੈ ਜਿਸਨੂੰ ਮੰਤਰ ਨੇ ਪ੍ਰਗਟ ਕਰਨਾ ਹੈ। ਜਿਹੜਾ ਵੀ ਮੰਤਰ ਮਿਲ ਗਿਆ, ਉਸ ਤੇ ਪੂਰਾ ਭਰੋਸਾ ਕਰਨਾ, ਸਾਧਨਾ ਕਰਨੀ, ਫੇਰ ਸੇਵਾ ਕਰਨੀ, ਅਭਿਮਾਨ ਦਾ ਤਿਆਗ ਕਰਨਾ, ਸ਼ੁਭ ਗੁਣ ਧਾਰਨ ਕਰਨੇ, ਦ੍ਰਿੜ੍ਹਤਾ ਰੱਖਣੀ। ਮਹਾਰਾਜ ਕਹਿੰਦੇ ਜਿਸ ਵਿਚ ਇਹ ਗੁਣ ਹੋਣ, ਉਹ ਨਾਮ ਦਾ ਅਧਿਕਾਰੀ ਹੋਇਆ ਕਰਦਾ ਹੈ।

ਗੁਰੂ ਮਹਾਰਾਜ ਕਹਿਣ ਲੱਗੇ, "ਭਾਈ ਤੀਰਥੇ! ਤੂੰ ਮੰਨਦਾ ਹੈਂ ਸਰਵਰ ਨੂੰ, ਤੇਰੇ ਘਰ ਵਿਚ ਮੁਕਾਮ ਹੈ, ਇਹ ਦੋ ਗੱਲਾਂ ਤਾਂ ਨਹੀਂ ਚੱਲ ਸਕਦੀਆਂ। ਚੰਗਾ ਹੈ ਤੂੰ ਸਰਵਰੀਆ ਹੀ ਰਹਿ, ਨਹੀਂ ਤਾਂ ਲੋਕ ਤੇਰੀ ਨਿੰਦਿਆ ਕਰਨਗੇ, ਤੇਰੇ ਨਾਲ ਖਾਰ ਖਾਣਗੇ।" ਭਾਈ ਤੀਰਥਾ ਕਹਿਣ ਲੱਗਾ, "ਮਹਾਰਾਜ! ਚਾਹੇ ਕੁਝ ਹੋ ਜਾਵੇ, ਤੁਸੀਂ ਮੈਨੂੰ ਨਾਮ ਦੇਵੋ।" ਗੁਰੂ ਜੀ ਕਹਿਣ ਲੱਗੇ ਜੇ ਨਾਮ ਲੈਣਾ ਹੈ ਤਾਂ ਪਹਿਲਾਂ ਘਰ ਜਾ ਕੇ ਮੁਕਾਮ ਢਾਹ ਕੇ ਆ। ਕਹੀ ਫੜ ਲਈ,

ਘਰ ਵਾਲੀ ਕਹਿਣ ਲੱਗੀ, ਇਹ ਕੀ ਕਰਨ ਲੱਗਾ ਹੈਂ? ਏਥੇ ਤਾਂ ਸਾਰਾ ਪਿੰਡ ਮੁਕਾਮ ਤੇ ਖੇਲ ਪਾਉਣ ਆਉਂਦਾ ਹੈ, ਲੋਕਾਂ ਵਿਚ ਬੜੀ ਭਾਰੀ ਬਦਨਾਮੀ ਹੋਵੇਗੀ। ਕਹਿੰਦਾ, ਜੋ ਹੋਣਾ ਹੈ ਹੋ ਜਾਵੇ। ਕਹੀ ਫੜੀ ਤੇ ਮਕਾਮ ਢਾਹੁਣਾ ਸ਼ੁਰੂ ਕਰ ਦਿਤਾ, ਘਰ ਵਾਲੀ ਮੋਢਿਆਂ ਤੋਂ ਫੜ ਕੇ ਹਟਾਉਂਦੀ ਹੈ ਪਰ ਭਾਈ ਤੀਰਥਾ ਰੁਕਦਾ ਨਹੀਂ, ਮੁਕਾਮ ਢਾਹ ਕੇ ਸਿੱਧਾ ਗੁਰੂ ਸਾਹਿਬ ਕੋਲ ਆ ਗਿਆ, ਕਿਉਂਕਿ ਉਸ ਦੇ ਅੰਦਰ ਲਗਨ ਸੀ। ਸਾਧ ਸੰਗਤ ਜੀ! ਇਹ ਲਗਨ ਕਿਸੇ ਵਿਰਲੇ-ਵਿਰਲੇ ਪੁਰਸ਼ ਵਿਚ ਹੁੰਦੀ ਹੈ। ਤਾਹੀਓਂ ਤਾਂ ਭਾਈ ਮੰਝ ਦਾ ਨਾਮ ਸਦਾ ਲਈ ਰਹਿ ਗਿਆ। ਕਹਿਣ ਲੱਗਾ, "ਮਹਾਰਾਜ! ਮੈਂ ਤਾਂ ਮੁਕਾਮ ਢਾਹ ਕੇ ਆ ਗਿਆ ਹਾਂ।" ਮਹਾਰਾਜ ਜੀ ਨੇ ਫੁਰਮਾਇਆ ਕਿ ਕੋਈ ਮੁਖਾਲਫਤ ਤਾਂ ਨਹੀਂ ਹੋਈ ਤੇਰੀ? ਕਹਿਣ ਲੱਗਾ, "ਮਹਾਰਾਜ! ਉਹ ਤਾਂ ਹੋਣੀ ਹੀ ਸੀ, ਪਰ ਮਹਾਰਾਜ ਮੈਨੂੰ ਤਾਂ ਸਿਰਫ ਤੁਸੀਂ ਚਾਹੀਦੇ ਹੋ। ਭਾਵੇਂ ਸਾਰਾ ਸੰਸਾਰ ਮੇਰੀ ਮੁਖਾਲਫਤ ਕਰਨ ਲਗ ਲਵੇ। ਕੇਵਲ ਮੇਰਾ ਗੁਰੂ ਮੇਰੇ ਵੱਲ ਹੋਣਾ ਚਾਹੀਦਾ ਹੈ।" ਦ੍ਰਿੜ੍ਹ ਇਰਾਦਾ ਦੇਖ ਕੇ ਗੁਰੂ ਮਹਾਰਾਜ ਨੇ ਭਾਈ ਤੀਰਥੇ ਨੂੰ ਨਾਮ ਦੀ ਦਾਤ ਦੇ ਦਿੱਤੀ। ਉਸੇ ਵੇਲੇ ਨਾਮ ਜਪਣਾ ਸ਼ੁਰੂ ਕਰ ਦਿਤਾ; ਇਹ ਨਹੀਂ ਕਿ ਸਵੇਰੇ ਨਾਮ ਜਪਣਾ ਸ਼ੁਰੂ ਕਰਾਂਗਾ, ਉਸੇ ਸਮੇਂ ਤੋਂ ਜਪਣਾ ਸ਼ੁਰੂ ਕਰ ਦਿਤਾ।

ਨਾਮ ਰਸਨਾ ਨਾਲ ਜਪਿਆ ਜਾਂਦਾ ਹੈ, ਰਸਨਾ ਤੋਂ ਬਾਅਦ ਕੰਠ ਵਿਚ ਚਲਾ ਜਾਂਦਾ ਹੈ, ਦਸ ਗੁਣਾਂ ਫਲ ਵੱਧ ਜਾਂਦਾ ਹੈ, ਰਸਨਾ ਨਾਲ ਬੋਲ ਕੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਸ ਵਾਰੀ ਕਹੋ, ਮਨ ਇਕਾਗਰ ਕਰਕੇ ਕੰਠ ਵਿਚ ਇਕ ਵਾਰੀ ਕਹੋ। ਹਿਰਦੇ ਵਿਚ ਨਾਮ ਚਲਾ ਜਾਂਦਾ ਹੈ ਫਲ ਹੋਰ ਦਸ ਗੁਣਾਂ ਵੱਧ ਜਾਂਦਾ ਹੈ। ਬੋਲ ਕੇ ਸੌ (100) ਵਾਰੀ ਕਹੋ, ਹਿਰਦੇ ਵਿਚ ਇਕ ਵਾਰੀ ਕਹੋ। ਫਿਰ ਨਾਮ ਨਾਭੀ ਵਿਚ ਚਲਾ ਜਾਂਦਾ ਹੈ, ਬੋਲ ਕੇ ਇਕ ਹਜ਼ਾਰ ਵਾਰੀ ਕਹੋ ਤੇ ਸੁਰਤ ਇਕਾਗਰ ਕਰਕੇ ਇਕ ਵਾਰੀ ਕਹੋ ਤਾਂ ਫਲ ਬਰਾਬਰ ਹੋ ਜਾਂਦਾ ਹੈ; ਏਥੇ ਤੱਕ ਬਾਣੀ ਜਾਂਦੀ ਹੈ। ਫਿਰ mental ਨਾਮ ਆ ਜਾਂਦਾ ਹੈ - ਮਾਨਸਿਕ ਨਾਮ-ਆਗਿਆ ਚੱਕਰ ਵਿਚ, ਜਿਥੇ ਦੋਨੋਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਏਸ ਥਾਂ ਤੇ ਅਨਹਦ ਸ਼ਬਦ ਦੀ ਮੱਦਦ ਨਾਲ ਨਾਮ ਜਪਿਆ ਜਾਂਦਾ ਹੈ। ਤ੍ਰਿਕੁਟੀ ਵਿਚ ਨਾਮ ਜਪਿਆ ਜਾਂਦਾ ਹੈ। ਦਸਵੇਂ ਦੁਆਰ ਵਿਚ ਅਸੀਂ ਸਵਾਸ ਨਹੀਂ ਚਾੜ੍ਹਦੇ, ਸੁਰਤ ਚਾੜ੍ਹਦੇ ਹਾਂ ਤੇ ਸੁਰਤ ਦੇ ਨਾਲ ਨਾਮ ਜਪਿਆ ਜਾਂਦਾ ਹੈ। ਇਸ ਤਰ੍ਹਾਂ ਭਾਈ ਤੀਰਥੇ ਨੇ ਥੋੜ੍ਹੇ ਵਕਤ ਵਿਚ ਹੀ ਨਾਮ ਜਪਿਆ, ਬਹੁਤਾ ਟਾਈਮ ਨਹੀਂ ਲਗਾਇਆ। ਦ੍ਰਿੜ੍ਹ ਲਗਨ ਸੀ, ਲਗਨ ਹੋਣ ਕਰਕੇ ਨਾਮ ਵੱਧਦਾ ਹੀ ਚਲਾ ਗਿਆ। ਅਖੀਰ ਇਹ ਅਵਸਥਾ ਆ ਗਈ ਕਿ ਉਸਦੀ ਸਮਾਧੀ ਲੱਗਣ ਲੱਗ ਪਈ। ਰਸ ਵਿਚ ਆ ਗਿਆ, ਕਿਸੇ ਨਾਲ ਗੱਲ ਨਹੀਂ ਕਰਦਾ, ਦਿਨ ਰਾਤ ਸੇਵਾ ਕਰਦਾ ਹੈ। ਅੱਖਾਂ ਵਿਚ ਇਕ ਨਸ਼ਾ ਹਰ ਵਕਤ ਰਹਿੰਦਾ ਹੈ, ਸਰੀਰ ਵਿਚ ਹਰ ਵਕਤ ਇਕ ਮਸਤੀ ਰਹਿੰਦੀ ਹੈ, ਹਰ ਸਮੇਂ ਮਹਾਨ ਰਸ ਵਿਚ ਰਹਿੰਦਾ ਹੈ। ਉਸ ਅਵਸਥਾ ਨੂੰ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ।

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ-2, 2.***
***ਸੋ ਰਸ ਸੋਈ ਜਾਣੇ-4, 2.***
***ਸਹਿਜ ਸਮਾਧ ਲਗੀ ਲਿਵ ਅੰਤਰ..... - 2***

ਆਦਮੀ ਹੌਲੀ-ਹੌਲੀ ਤਰੱਕੀ ਕਰਦਾ-ਕਰਦਾ ਸਮਾਧੀ ਵਿਚ ਚਲਾ ਜਾਂਦਾ ਹੈ। ਤਿੰਨ ਕਿਸਮ ਦੀ ਸਮਾਧੀ ਹੁੰਦੀ ਹੈ- ਪਹਿਲੀ ਸਾ-ਵਿਕਲਪ ਸਮਾਧੀ, ਦੂਜੀ ਨਿਰਵਿਕਲਪ ਸਮਾਧੀ, ਤੀਜੀ ਸਹਿਜ ਸਮਾਧ ਜਿਹੜੀ ਅੱਖਾਂ ਖੁਲ੍ਹੀਆਂ ਨਾਲ ਵੀ ਹਰ ਵੇਲੇ ਲੱਗੀ ਰਹਿੰਦੀ ਹੈ। ਮਹਾਰਾਜ ਦਾ ਫੁਰਮਾਨ ਹੈ-

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ ॥ ਪੰਨਾ - 106***

ਉਹੋ ਹੀ ਜਾਣਦਾ ਹੈ ਜਿਸਦੀ ਸਮਾਧੀ ਲਗੀ ਹੁੰਦੀ ਹੈ, ਦੂਜਾ ਨਹੀਂ ਜਾਣਦਾ ਕਿਉਂਕਿ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***

***ਪੰਨਾ - 1414***

ਦਸਵੇਂ ਦੁਆਰ ਵਿਚ ਸੁਰਤ ਚੜ੍ਹ ਜਾਂਦੀ ਹੈ। ਉਥੇ ਦੀ ਨਿਸ਼ਾਨੀ ਕੀ ਹੈ ? ਉਹ ਇਹ ਹੈ -

***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਪੰਨਾ - 1414***

ਉਥੇ ਅੰਮ੍ਰਿਤ ਨਾਮ ਦੀ ਧੁਨ ਉਠਦੀ ਹੈ ਤੇ ਸੁਖਾਂ ਦਾ ਵਾਸਾ ਹੈ -

***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥***

***ਪੰਨਾ - 1414***

ਦੁਖ ਸੁਖ ਤੋਂ ਉਚੀ ਅਵਸਥਾ ਹੋ ਜਾਂਦੀ ਹੈ-

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਪੰਨਾ - 954***

ਜਦੋਂ ਬਜਰ ਕਪਾਟ ਖੁਲ੍ਹ ਗਏ ਫੇਰ ਸ਼ਬਦ ਸੁਣਾਈ ਦਿੰਦਾ ਹੈ-

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਪੰਨਾ - 954***

ਜਦੋਂ ਪ੍ਰਕਾਸ਼ ਹੋ ਗਿਆ ਫਿਰ ਦਿਸਦਾ ਕੀ ਹੈ -

***'ਸਭ ਮਹਿ ਏਕੁ ਵਰਤਦਾ'*** ਸਾਰਿਆਂ ਵਿਚ ਵਾਹਿਗੁਰੂ ਦਿੱਸਣ ਲੱਗ ਜਾਂਦਾ ਹੈ-

***ਜਿਨਿ ਆਪੇ ਰਚਨ ਰਚਾਈ ॥***

***ਵਾਹੁ ਵਾਹੁ ਸਚੇ ਪਾਤਸ਼ਾਹ ਤੂੰ ਸਚੀ ਨਾਈ॥ ਪੰਨਾ - 954***

ਜਦੋਂ ਗੁਰੂ ਮਹਾਰਾਜ ਨੇ ਦੇਖਿਆ ਕਿ ਇਹ ਗੁਰਸਿਖ ਤਾਂ ਪੁੱਗ ਗਿਆ, ਪੀ ਐਚ.ਡੀ (Ph.d) ਕਰਨ ਵਾਲਾ ਹੋ ਗਿਆ, ਹੁਣ ਇਹਦੇ ਤੇ ਪੇਪਰ ਪਾਈਏ, ਕੋਈ ਪਰਚਾ ਪਾਈਏ, ਕੋਈ ਸਮੱਸਿਆ ਦੇਈਏ ਤਾਂ ਕਿ ਪਤਾ ਲੱਗ ਜਾਏ ਕਿ ਇਹ ਪਾਸ ਹੈ ਕਿ ਫੇਲ੍ਹ ਹੈ। ਗੁਰਮਤਿ ਦੇ ਅੰਦਰ ਸੌ 'ਚੋਂ ਸੌ ਨੰਬਰ ਲੈਣਾ ਪੈਂਦਾ ਹੈ; ਇਹ ਨਹੀਂ ਹੈ ਕਿ ਤੇਤੀ ਨੰਬਰ ਲੈ ਕੇ ਪਾਸ ਹੋ ਜਾਏਗਾ। ਸਾਧ ਸੰਗਤ ਜੀ! ਏਥੇ ਬੜਾ ਔਖਾ ਇਮਤਿਹਾਨ ਹੈ, ਸੌ ਵਿਚੋਂ ਸੌ ਹੀ ਨੰਬਰ ਲੈਣੇ ਪੈਂਦੇ ਹਨ। ਭਾਈ ਤੀਰਥਾ ਕਿਉਂਕਿ ਮੰਝਕੀ ਦਾ ਰਹਿਣ ਵਾਲਾ ਸੀ ਇਸ ਕਰਕੇ ਉਸ ਦਾ ਨਾਮ ਵੀ ਭਾਈ ਮੰਝ ਹੀ ਰੱਖ ਦਿਤਾ। ਇਕ ਦਿਨ ਗੁਰੂ ਮਹਾਰਾਜ ਨੇ ਉਸ ਨੂੰ ਬੁਲਾਇਆ ਤੇ ਹੁਕਮ ਦਿਤਾ, "ਭਾਈ! ਤੂੰ ਹੁਣ ਆਪਣੇ ਘਰ ਜਾਹ, ਕਹਿਣ ਲੱਗਾ, "ਮਹਾਰਾਜ! ਮੈਂ ਤਾਂ ਆਪ ਦੇ ਦਰਸ਼ਨਾਂ ਬਗੈਰ ਰਹਿ ਹੀ ਨਹੀਂ ਸਕਦਾ।" ਗੁਰੂ ਮਹਾਰਾਜ ਨੇ ਫੁਰਮਾਇਆ ਕਿ ਹੁਣ ਤੂੰ ਜਾਹ, ਫੇਰ ਅਸੀਂ ਸੁਨੇਹਾ ਭੇਜਾਂਗੇ, ਫੇਰ ਤੂੰ ਆ ਜਾਈਂ; ਜਿੰਨੀ ਦੇਰ ਅਸੀਂ ਸੁਨੇਹਾ ਨਹੀਂ ਭੇਜਦੇ, ਤੂੰ ਨਹੀਂ ਆਉਣਾ। ਹੁਣ ਇਹ ਅਵਸਥਾ ਗੁਰਸਿਖ ਵਾਸਤੇ ਬਹੁਤ ਅਉਖੀ ਹੈ, ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾ -2, 2.***
***ਜੈਸੇ ਨੀਰ ਬਿਨ ਮਛਲੀ,***
***ਜਿੰਦ ਬਚਦੀ ਨਹੀਂ ............-2.***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ - 708***

ਮੱਛੀ ਨੂੰ ਪਾਣੀ ਤੋਂ ਬਗੈਰ ਜਿਉਣਾ ਔਖਾ ਹੈ। ਗੁਰਸਿਖ ਨੂੰ ਗੁਰੂ ਦੇ ਦਰਸ਼ਨਾਂ ਤੋਂ ਬਗੈਰ ਜਿਉਣਾ ਮੁਸ਼ਕਿਲ ਹੈ, ਰਜ਼ਾਅ ਸਿਰ ਤੇ ਮੰਨੀ, ਹੁਕਮ ਮੰਨਿਆ, ਕਿਉਂਕਿ 'ਆਗਿਆ ਸਮ ਨਹੀਂ ਸਹਿਬ ਸੇਵਾ।' ਭਾਈ ਤੀਰਥਾ ਘਰ ਆ ਗਿਆ। ਪਸ਼ੂਆਂ ਨਾਲ ਖੁਰ੍ਹਲੀਆਂ ਭਰੀਆਂ ਸੀ, ਨਵੀਆਂ ਲਵੇਰੀਆਂ ਦੁੱਧ ਦੇਣ ਵਾਲੀਆਂ, ਬਲਦ ਬਹੁਤ ਵਧੀਆ, ਦੇਖਣ ਵਾਲੇ ਸੀ, ਦੂਰ-ਦੂਰ ਤੋਂ ਲਿਆ ਕੇ ਨਸਲਾਂ ਪਾਲੀਆਂ ਸਨ। ਰੋਜ਼ ਇਕ ਡੰਗਰ-ਕਦੀ ਮੱਝ, ਕਦੀ ਬਲਦ ਮਰਨ ਲੱਗ ਪਏ। ਹੁੰਦੇ-ਹੁੰਦੇ ਸਾਰੇ ਪਸ਼ੂ ਮਰ ਗਏ। ਪਿੰਡ ਨੇ ਇਕੱਠ ਕੀਤਾ, ਇਲਾਕੇ ਨੇ ਇਕੱਠ ਕੀਤਾ, ਕਹਿਣ ਲੱਗੇ ਦੇਖੋ, ਭਾਈ ਤੀਰਥੇ ਨੇ ਪੀਰ ਨੂੰ ਨਾਰਾਜ਼ ਕਰ ਲਿਆ ਹੈ, ਹੁਣ ਅਸੀਂ ਸਾਰਿਆਂ ਨੇ ਇਸ ਨਾਲ ਕੋਈ ਸਬੰਧ ਨਹੀਂ ਰੱਖਣਾ, ਜੇਕਰ ਇਹ ਪਿੰਡ ਵਿਚ ਰਹਿ ਗਿਆ, ਪਤਾ ਨਹੀਂ

ਪਿੰਡ ਵਿਚ ਕੀ ਕਹਿਰ ਵਰਤ ਜਾਵੇ ਕਿਉਂਕਿ ਪੀਰ ਨਰਾਜ਼ ਹੋ ਗਿਆ ਹੈ। ਚੰਗਾ ਏਹੋ ਹੀ ਹੈ ਕਿ ਇਸ ਨੂੰ ਪਿੰਡ ਵਿੱਚੋਂ ਕੱਢ ਦੇਈਏ। ਸਾਰੀ ਸਕੀਮ ਬਣ ਗਈ, ਜ਼ਮੀਨ ਸਾਰੀ ਖੋਹ ਲਈ -

***ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ।***
***ਸਰਬ ਸ਼ਰੀਕਨਿ ਦੀਨ ਨਿਕਾਰੀ।***
***ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ।***
***ਰਹਜੋ ਜਾਇ ਕਿਸਿ ਪੁਰੀ ਮਝਾਰਾ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1817***

ਲੋਕਾਂ ਨੇ ਭਾਈ ਤੀਰਥੇ ਨੂੰ ਪਿੰਡ ਵਿਚੋਂ ਕੱਢ ਦਿੱਤਾ, ਪਰ ਡੋਲਿਆ ਨਹੀਂ; ਘਰਵਾਲੀ ਨੂੰ, ਲੜਕੀ ਨੂੰ ਵੀ ਵਾਹਿਗੁਰੂ ਜੀ ਨੇ ਸੁਮੱਤ ਬਖਸ਼ ਦਿੱਤੀ, ਉਹਨਾਂ ਦੀ ਵੀ ਬਿਰਤੀ ਉਚੀ ਹੋ ਗਈ, ਗੁਰੂ ਮਹਾਰਾਜ ਨਾਲ ਪਿਆਰ ਪੈ ਗਿਆ।

ਐਸੇ ਹਾਲਾਤ ਇਕ ਗ੍ਰਹਿਸਤੀ ਵਾਸਤੇ ਬਹੁਤ ਵੱਡੀ ਮੁਸੀਬਤ (clamity) ਹੈ। ਜੇਕਰ ਸਭ ਕੁਝ ਬਨਿਆ ਬਣਾਇਆ ਇਕ ਦਮ ਖਤਮ ਹੋ ਜਾਵੇ, ਫੇਰ ਵੱਡੀ ਸਰਦਾਰੀ ਜਾਂਦੀ ਰਹੇ। ਹੁਣ ਕੋਲ ਕੋਈ ਚੀਜ਼ ਨਾ ਰਹੀ, ਅਖੀਰ ਸ਼ਰੀਕਾਂ ਨੇ ਇਕੱਠੇ ਹੋ ਕੇ ਇਸ ਨੂੰ ਪਿੰਡ ਵਿਚੋਂ ਕੱਢ ਦਿੱਤਾ। ਤਿੰਨ ਤਰ੍ਹਾਂ ਦੇ ਮੁਰੀਦ ਹੁੰਦੇ ਹਨ - ਮੁਰੀਦ, ਮਰੀਦ-ਏ-ਸਾਦਕ, ਮਰੀਦ-ਏ-ਫਿਦਾਈ; (ਸਿੱਖ, ਸਿਦਕੀ ਸਿੱਖ, ਮਰਜੀਵੜੇ ਸਿਖ।)

ਸਿੰਘਾਂ ਨੇ ਇਕ ਵਾਰੀ 10ਵੇਂ ਪਾਤਸ਼ਾਹ ਕੋਲ ਸਵਾਲ ਕੀਤਾ ਕਿ ਮਹਾਰਾਜ! ਆਪ ਦੇ ਬਚਨਾਂ ਦਾ ਸਾਰੇ ਸਿੱਖਾਂ ਤੇ ਇਕੋ ਜਿਹਾ ਅਸਰ ਕਿਉਂ ਨਹੀਂ ਹੁੰਦਾ? ਮਹਾਰਾਜ ਜੀ ਨੇ ਫੁਰਮਾਇਆ ਕਿ ਦਰਜਿਆਂ ਵਿਚ ਫਰਕ ਹੁੰਦਾ ਹੈ। ਇਕ ਤਾਂ ਸਿਖੀ ਹੈ ਭੇਖ ਦੀ - ਦਸਤਾਰਾ ਸਜਾਇਆ ਹੋਇਆ ਹੈ, ਕਿਰਪਾਨ ਪਾਈ ਹੋਈ ਸੋਹਣੀ ਲਗਦੀ ਹੈ। ਸੋਚਦਾ ਹੈ ਮੇਰਾ ਰੂਪ ਦੇਖ ਕੇ ਲੋਕ ਮੈਨੂੰ ਵੀ ਸਲਾਹੁਣਗੇ, ਲੋਕ ਨਿਗੁਰਾ ਨਿਗੁਰਾ ਤਾਂ ਨਹੀਂ ਕਹਿਣਗੇ। ਦੂਜੀ ਸਿਖੀ ਹੁੰਦੀ ਹੈ ਹਿਰਸ ਦੀ - ਕੋਈ ਮਤਲਬ ਪਿਛੇ ਸਿਖੀ ਧਾਰਨ ਕਰਦਾ ਹੈ। ਜੇਕਰ ਮੈਂ ਸਿਖ ਬਣ ਗਿਆ ਤਾਂ ਮੇਰੀ ਦੁਕਾਨ ਬਹੁਤ ਵਧੀਆ ਚਲੇਗੀ, ਸਾਰੇ ਆ ਕੇ ਮੇਰੇ ਗਾਹਕ ਬਣ ਜਾਣਗੇ। ਤੀਜੀ ਸਿਖੀ ਹੁੰਦੀ ਹੈ ਜੋ ਪਿਛੇ ਮੁੜ ਮੁੜ ਵੇਖਦੀ ਹੈ - ਸਿਖ ਤਾਂ ਬਣ ਗਿਆ, ਪਰ ਪਿਛਲੀਆਂ ਮਾੜੀਆਂ ਆਦਤਾਂ ਯਾਦ ਆਉਂਦੀਆਂ ਹਨ। ਜਦੋਂ ਮੀਂਹ ਪੈਂਦਾ ਹੈ, ਠੰਢੀ-ਠੰਢੀ ਹਵਾ ਚਲਦੀ ਹੈ, ਫੇਰ ਪੀਣ ਨੂੰ ਦਿਲ ਕਰ ਪੈਂਦਾ ਹੈ, ਪਰ ਅੱਗੇ ਵਧਣ ਦੀ ਨਹੀਂ ਸੋਚਦਾ, ਪਿਛੇ ਗਿਰਨ ਦਾ ਸੋਚਦਾ ਹੈ। ਕਿਸੇ ਵਿਆਹ ਤੇ ਚਲਾ ਗਿਆ, ਦੂਜੇ ਬੰਦੇ ਦੇ ਮਾੜਾ ਜਿਹਾ ਹੀ ਕਹਿਣ ਦੀ ਦੇਰ ਹੈ, ਛੇਤੀਂ ਦੇ ਕੇ ਗਲਾਸ ਹੱਥ ਵਿਚ ਫੜ ਲੈਂਦਾ ਹੈ; ਪਿਲਾਉਣ ਵਾਲਾ ਵੀ ਕਹਿੰਦਾ ਹੈ, ਭਾਈ ਤੂੰ ਐਵੇਂ ਹੀ ਸਾਡੇ ਤੋਂ ਵਖਰਾ ਹੋ ਗਿਆ। ਚੌਥੀ ਸਿੱਖੀ ਸਿਦਕ ਦੀ ਹੁੰਦੀ ਹੈ ਤੇ ਪੰਜਵੀ ਭਾਵਨੀ ਦੀ। ਸਿੰਘ ਕਹਿਣ ਲੱਗੇ, "ਮਹਾਰਾਜ ਪਤਾ ਕਿਵੇਂ ਲਗੇ?"

ਵਿਸਾਖੀ ਦਾ ਦੀਵਾਨ ਲੱਗਿਆ ਤੇ ਗੁਰੂ ਮਹਾਰਾਜ ਨੇ ਹੁਕਮ ਦਿੱਤਾ ਕਿ ਭਾਈ! ਕੋਈ ਵੀ ਸਿੱਖ ਸਾਡੀ ਆਗਿਆ ਤੋਂ ਬਗੈਰ ਆਪਣੇ ਘਰਾਂ ਨੂੰ ਵਾਪਸ ਨਹੀਂ ਜਾਏਗਾ। ਪਹਿਰੇ ਲਗਾ ਦਿਤੇ ਗਏ। ਚਾਰ ਪੰਜ ਦਿਨ ਤਾਂ ਸਾਰੇ ਠਹਿਰੇ, ਫਿਰ ਗੱਲਾਂ ਕਰਨ ਲੱਗ ਪਏ ਕਿ ਸਾਡੇ ਤਾਂ ਪਿਛੇ ਡੰਗਰ ਭੁਖੇ ਮਰ ਜਾਣਗੇ, ਅਸੀਂ ਤਾਂ ਦੂਰ-ਦੂਰ ਤੋਂ ਆਏ ਹਾਂ - ਕੋਈ ਬਠਿੰਡੇ ਤੋਂ, ਕੋਈ ਵਜੀਦਪੁਰ ਤੋਂ, ਕੋਈ ਕਿਤੋਂ, ਕੋਈ ਕਿਤੋਂ ਆ ਕੇ ਸਾਰੇ ਅਨੰਦਪੁਰ ਸਾਹਿਬ ਇਕੱਠੇ ਹੋਏ ਹਾਂ। ਹੁਣ ਬਣੇਗਾ ਕੀ? ਤਿੰਨ ਚਾਰ ਦਿਨ ਤਾਂ ਸਾਨੂੰ ਵਾਪਸ ਪਹੁੰਚਣ ਨੂੰ ਲੱਗ ਜਾਣਗੇ। ਜਦੋਂ ਪੰਦਰਾਂ ਦਿਨ ਲੰਘ ਗਏ ਤਾਂ ਸੰਗਤ ਕਾਹਲੀ ਪੈ ਗਈ, ਵਿਸ਼ਵਾਸ ਹਿਲ ਗਿਆ। ਗੁਰੂ ਮਹਾਰਾਜ ਜੀ ਨੂੰ ਅੰਤਰਜਾਮੀ ਨਹੀਂ ਸਮਝਦੇ। ਇਕ ਬੰਦਾ ਕਹਿਣ ਲੱਗਾ ਕਿ ਮੈਂ ਤੁਹਾਨੂੰ ਇਕ ਗੱਲ ਦਸਦਾ ਹਾਂ। ਪਹਿਲਾਂ ਤਾਂ ਸਹੁੰ ਖਾਓ ਕਿ ਦਸੋਗੇ ਨਹੀਂ ਕਿਸੇ ਨੂੰ, ਛੁਟਕਾਰਾ ਸਭ ਦਾ ਮੈਂ ਕਰਵਾ ਦੇਵਾਂਗਾ। ਬਾਕੀ ਪੁੱਛਣ ਲੱਗੇ - ਕਿਸ ਤਰ੍ਹਾਂ? ਕਹਿਣ ਲਗਾ ਕਿ ਮੈਨੂੰ ਸਾਹ ਖਿਚਣਾ ਆਉਂਦਾ ਹੈ, ਤੁਸੀਂ ਮੈਨੂੰ ਅਰਥੀ ਤੇ ਪਾ ਦਿਓ। ਮੇਰੀਆਂ ਨਾਸ੍ਹਾਂ ਨਾਲ ਰੂੰ ਲਗਾ ਕੇ ਦੇਖੋ, ਜੇ ਕਦੀ ਰੂੰਈ ਵੀ ਹਿਲ ਜਾਵੇ। ਲੰਮਾ ਸਾਹ ਮੈਂ ਅੰਦਰ ਖਿਚ ਲੈਂਦਾ ਹਾਂ। ਪ੍ਰੇਮੀਆਂ ਨੇ ਦੇਖ ਲਿਆ ਕਿ ਠੀਕ ਹੈ। ਲੰਮੀ ਪੈੜੀ ਜਿਹੀ ਬਣਾ ਕੇ ਬਾਣ ਤੇ ਰੱਸੀ ਨਾਲ ਬੰਨ੍ਹ ਦਿੱਤਾ। ਉਸ ਦੇ ਉਤੇ ਪਾ ਲਿਆ ਤੇ ਸ਼ਬਦ ਪੜ੍ਹਦੇ ਹੋਏ ਗੁਰੂ ਸਾਹਿਬ ਦੇ ਅੱਗੋਂ ਦੀ ਲੰਘ ਰਹੇ ਹਨ। ਜਦੋਂ ਗੁਰੂ ਮਹਾਰਾਜ ਨੇ ਪੁਛਿਆ ਕਿ ਭਾਈ ਕੀ ਗੱਲ ਹੈ, ਤਾਂ ਸਿੰਘ ਕਹਿਣ ਲਗੇ ਕਿ ਵਿਚਾਰੇ ਦੇ ਛੋਟੇ ਛੋਟੇ ਬੱਚੇ ਹਨ, ਦੂਰੋਂ ਵਿਸਾਖੀ ਦੇ ਦੀਵਾਨ ਤੇ ਆਇਆ ਸੀ ਪਰ ਹੁਣ ਚੜ੍ਹਾਈ ਕਰ ਗਿਆ ਹੈ, ਅਸੀਂ ਇਸਦਾ ਸਸਕਾਰ ਕਰਨ ਵਾਸਤੇ ਲਿਜਾ ਰਹੇ ਹਾਂ। ਗੁਰੂ ਮਹਾਰਾਜ ਜੀ ਫੁਰਮਾਨ ਕਰਨ ਲੱਗੇ, "ਭਾਈ! ਇਸਨੂੰ ਐਨੀ ਦੂਰ ਸਸਕਾਰ ਵਾਸਤੇ ਕਾਹਨੂੰ ਲਿਜਾਂਦੇ ਹੋ? ਇਥੇ ਹੀ ਇਸ ਦਾ ਸਸਕਾਰ ਕਰ ਦਿੰਦੇ ਹਾਂ। ਏਥੇ ਹੀ ਅਰਥੀ ਰੱਖ ਦਿਓ।" ਅਰਥੀ ਰੱਖ ਦਿੱਤੀ ਗਈ। ਜਿਹੜਾ ਭਾਈ ਉਪਰ ਲੇਟਿਆ ਹੋਇਆ ਸੀ, ਉਸ ਨੂੰ ਫਿਕਰ ਪੈ ਗਿਆ ਕਿ ਮੇਰਾ ਤਾਂ ਸਚਮੁਚ ਹੀ ਸਸਕਾਰ ਕਰਨ ਲੱਗੇ ਹਨ ਕਿਉਂਕਿ ਗੁਰੂ ਮਹਾਰਾਜ ਜੀ ਲਾਂਗਰੀ ਸਿੰਘ ਨੂੰ ਕਹਿ ਚੁੱਕੇ ਸਨ ਕਿ ਲੱਕੜਾਂ ਇਥੇ ਹੀ ਲੈ ਆਵੋ, ਇਕ ਸਿੰਘ ਦਾ ਸਸਕਾਰ ਹੋਣਾ ਹੈ। ਜਦੋਂ ਅੱਗ ਲਾ ਦਿੱਤੀ ਗਈ, ਘਾਹ ਤਿੜ ਤਿੜ ਕਰਨ ਲੱਗ ਪਿਆ। ਬਾਣ ਤਾਂ ਵੈਸੇ ਹੀ ਕੱਚਾ ਜਿਹਾ ਸੀ, ਉਹ ਰਸੀਆਂ ਤੋੜ ਕੇ ਛਾਲ ਮਾਰਕੇ ਨੱਠ ਗਿਆ। ਮਹਾਰਾਜ ਨੇ ਤਾੜੀ ਮਾਰੀ ਤੇ ਹੱਸ ਕੇ ਕਹਿਣ ਲਗੇ, ਭਾਈ ਦੇਖੋ ਤੁਹਾਡਾ ਬੰਦਾ ਤਾਂ ਸਣਦੇਹੀ ਸਚਖੰਡ ਨੂੰ ਦੌੜਿਆ ਜਾਂਦਾ ਹੈ। ਗੁਰੂ ਮਹਾਰਾਜ ਨੇ ਹੁਕਮ ਦਿੱਤਾ ਕਿ ਇਹਨੂੰ ਫੜਕੇ ਲਿਆਓ। ਜਦੋਂ ਲਿਆਂਦਾ ਤਾਂ ਮਹਾਰਾਜ ਨੇ ਕਿਹਾ, ਸਿੰਘੋ! ਇਹ ਕੀ ਰਾਜ਼ ਹੈ? ਮਹਾਰਾਜ ਕਹਿਣ ਲੱਗੇ ਕਿ ਇਹ ਸਿਖੀ ਭੇਖ ਦੀ ਹੈ, ਜੋ ਪਿਛੇ ਮੁੜ ਮੁੜ ਦੇਖਦੀ ਹੈ, ਇਹ ਹਿਰਸ ਦੀ ਸਿਖੀ ਹੈ। ਜੋ ਸਿਦਕ ਦੀ ਸਿਖੀ ਹੁੰਦੀ ਹੈ ਉਸ ਵਿਚ ਭਾਵੇਂ ਸੀਸ ਚਲਾ ਜਾਵੇ, ਪਰ ਸਿਦਕ ਨਹੀਂ ਟੁੱਟਦਾ।

ਭਾਈ ਡੱਲੇ ਨੇ ਦਮਦਮੇ ਸਾਹਿਬ ਗੁਰੂ ਮਹਾਰਾਜ ਦੀ ਬਹੁਤ ਸੇਵਾ ਕੀਤੀ - ਨੌਂ ਮਹੀਨੇ ਤੇ ਨੌਂ ਦਿਨ। ਇਕ ਦਿਨ ਰਾਤ ਨੂੰ ਗੁਰੂ ਮਹਾਰਾਜ

ਨੇ ਆਵਾਜ਼ ਦਿੱਤੀ ਤੇ ਪੁਛਿਆ, "ਭਾਈ ਪਹਿਰੇ ਤੇ ਕੌਣ ਹੈ?" ਜਵਾਬ ਆਇਆ, "ਮਹਾਰਾਜ! ਮੈਂ ਭਾਈ ਡੱਲਾ।" ਦੋ ਘੰਟੇ ਬਾਅਦ ਗੁਰੂ ਮਹਾਰਾਜ ਨੇ ਫੇਰ ਪੁਛਿਆ, "ਭਾਈ ਪਹਿਰੇ ਤੇ ਕੌਣ ਹੈ?" ਫੇਰ ਜਵਾਬ ਆਇਆ, "ਮਹਾਰਾਜ! ਮੈਂ ਡੱਲਾ।" ਸਾਰੀ ਰਾਤ ਭਾਈ ਡੱਲੇ ਨੇ ਪਹਿਰਾ ਦਿੱਤਾ। ਅੰਮ੍ਰਿਤ ਵੇਲੇ ਗੁਰੂ ਮਹਾਰਾਜ ਨੇ ਕੋਲ ਬੁਲਾਇਆ, ਭਾਈ ਡੱਲਾ ਇਸ਼ਨਾਨ ਆਦਿ ਕਰਕੇ ਗੁਰੂ ਜੀ ਪਾਸ ਪਹੁੰਚਿਆ। ਗੁਰੂ ਮਹਾਰਾਜ ਨੇ ਬਚਨ ਕੀਤਾ, "ਭਾਈ ਡੱਲੇ! ਅਸੀਂ ਤੇਰੀ ਸੇਵਾ ਤੋਂ ਬਹੁਤ ਪ੍ਰਸੰਨ ਹਾਂ; ਕੁਝ ਮੰਗ ਲੈ।" ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਮੰਗਣਾ ਕੀ ਹੈ ਤੁਸੀਂ ਸਿਰਫ ਆਪਣੀ ਦਰਗਾਹ ਵਿਚ ਮੈਨੂੰ ਇਕ ਪੀੜ੍ਹੀ ਜਿਨ੍ਹਾਂ ਥਾਂ ਦੇ ਦੇਓ।" ਮਹਾਰਾਜ ਕਹਿਣ ਲੱਗੇ ਇਹ ਤਾਂ ਹੋ ਹੀ ਨਹੀਂ ਸਕਦਾ ਕਿਉਂਕਿ ਤੂੰ ਤਾਂ ਅਜੇ ਤੱਕ ਸਿਖ ਹੀ ਨਹੀਂ ਬਣਿਆ। ਉਹ ਥਾਂ ਤਾਂ ਸਿੱਖਾਂ ਵਾਸਤੇ ਰਾਖਵੀਂ ਹੈ, ਤੈਨੂੰ ਨਹੀਂ ਮਿਲ ਸਕਦੀ। ਇਸ ਤਰ੍ਹਾਂ ਸੇਵਾ ਕਰਦੇ ਕਰਦੇ ਇਕ ਦਿਨ ਫਿਰ ਗੱਲ ਕੀਤੀ ਕਿ ਮਹਾਰਾਜ! ਸਾਹਿਬਜ਼ਾਦੇ ਸ਼ਹੀਦ ਹੋ ਗਏ, ਕਿੰਨੇ ਸਿੰਘ ਸ਼ਹੀਦ ਹੋ ਗਏ। ਮੇਰੇ ਬਰਾੜ, ਜਿਨ੍ਹਾਂ ਦੀਆਂ ਛਾਤੀਆਂ ਪੰਤਾਲੀ-ਪੰਤਾਲੀ ਇੰਚ ਤੋਂ ਘੱਟ ਨਹੀਂ ਹਨ। ਆਪ ਜੀ ਨਾਲ ਹੁੰਦੇ ਤਾਂ ਗੱਲ ਹੋਰ ਹੋਣੀ ਸੀ। ਤਾਹੀਓਂ ਮਹਾਰਾਜ ਨੇ ਔਰੰਗਜ਼ੇਬ ਨੂੰ ਕਿਹਾ ਸੀ ਕਿ 'ਈ ਕੌਮ ਬਰਾੜਾਂ' ਇਹ ਬਰਾੜਾਂ ਦੀ ਕੌਮ ਮੇਰੀ ਸਿੱਖੀ ਵਿਚ ਹੈ। ਔਰੰਗਜੇਬ ਤੂੰ ਮੇਰੇ ਕੋਲ ਆ, ਤੈਨੂੰ ਕੁਝ ਨਹੀਂ ਕਹਿਣਗੇ। ਡਰਦੇ ਮਾਰੇ ਉਹ ਆਇਆ ਹੀ ਨਹੀਂ ਸੀ। ਇਸ ਇਲਾਕੇ ਤੇ ਜਿਥੇ ਅਸੀਂ ਬੈਠੇ ਹਾਂ, ਏਥੇ ਫੌਜ ਨਹੀਂ ਸੀ ਚੜ੍ਹਦੀ ਹੁੰਦੀ। ਇਹ ਇਲਾਕਾ ਹੋਰ ਤਰ੍ਹਾਂ ਦਾ ਸੀ। ਮਹਾਰਾਜ ਨੇ ਭਾਈ ਡੱਲੇ ਦੀ ਗੱਲ ਸੁਣ ਲਈ ਤੇ ਬਚਨ ਕੀਤਾ ਕਿ ਭਾਈ! ਗੱਲ ਤਾਂ ਦਿਲ ਦੀ ਹੁੰਦੀ ਹੈ, ਕੱਦ ਦੀ ਨਹੀਂ। ਕਹਿਣ ਲੱਗਿਆ, ਜਿਹੜਾ ਜਵਾਨ ਤਲਵਾਰ ਚਲਾਉਂਦਾ ਹੈ, ਘੋੜੇ ਦੀ ਕਾਠੀ ਵੱਢ ਕੇ ਧਰਤੀ ਤੱਕ ਚਲੀ ਜਾਂਦੀ ਹੈ। ਇਤਨਾ ਬਲ ਹੈ ਮੇਰੇ ਜਵਾਨਾਂ ਵਿਚ। ਮਹਾਰਾਜ ਨੇ ਫੁਰਮਾਇਆ ਕਿ ਕਿਸੇ ਦਿਨ ਗੱਲ ਕਰਾਂਗੇ। ਡੱਲਿਆ! ਤੇਰੇ ਬੰਦੇ ਸਿਦਕ ਤੋਂ ਹੀਣੇ ਹਨ, ਹੌਲੇ ਹਨ।

ਭਾਈ ਰਾਮ ਸਿੰਘ ਗੁਰੂ ਮਹਾਰਾਜ ਦੇ ਨਾਲ ਸੀ, ਜਦੋਂ ਤਲਵੰਡੀ ਦੀ ਜੂਹ ਵਿਚ ਦਾਖਲ ਹੋਣ ਲੱਗੇ ਤਾਂ ਉਸ ਨੇ ਗੁਰੂ ਮਹਾਰਾਜ ਦੇ ਘੋੜੇ ਦੀ ਵਾਗਾਂ ਫੜ ਲਈਆਂ। ਮਹਾਰਾਜ ਕਹਿਣ ਲੱਗੇ, "ਭਾਈ! ਕੀ ਗੱਲ, ਘੋੜੇ ਦੀਆਂ ਵਾਗਾਂ ਫੜ ਲਈਆਂ?" ਭਾਈ ਰਾਮ ਸਿੰਘ ਨੇ ਕਿਹਾ, "ਮਹਾਰਾਜ ਅੱਗੇ ਤਾਂ ਤਲਵੰਡੀ ਦਾ ਇਲਾਕਾ ਆ ਗਿਆ, ਸਾਡੀ ਤਨਖਾਹ ਕੌਣ ਦੇਵੇਗਾ?" ਮਹਾਰਾਜ ਨੇ ਕਿਹਾ, ਤੁਸੀਂ ਸਿੱਖੀ ਲੈਣੀ ਹੈ ਕਿ ਤਨਖਾਹ ਲੈਣੀ ਹੈ? ਦਾਨ ਸਿੰਘ ਨੇ ਕਿਹਾ," ਮਹਾਰਾਜ ਸਿੱਖ ਤਾਂ ਅਸੀਂ ਤੁਹਾਡੇ ਹੈਗੇ ਹੀ, ਹੋਰ ਸਿੱਖ ਕਿਸ ਤਰ੍ਹਾਂ ਬਣੀਦਾ ਹੈ? ਸਾਨੂੰ ਪੈਸੇ ਜ਼ਰੂਰ ਚਾਹੀਦੇ ਹਨ; ਬਾਲ ਬੱਚਿਆਂ ਨੂੰ ਅਸੀਂ ਕੀ ਦਈਏ?" ਰਾਮ ਸਿੰਘ ਕਹਿਣ ਲੱਗਾ ਸਾਡੇ ਤਾਂ ਛੋਲੇ ਵੀ ਸੁੱਕ ਗਏ, ਕ੍ਰਿਪਾ ਕਰਕੇ ਮੀਂਹ ਤਾਂ ਪਵਾ ਦਿਓ। ਗੁਰੂ ਮਹਾਰਾਜ ਨੇ ਉਪਰ ਤੀਰ ਮਾਰਿਆ, ਉਸੇ ਵਕਤ ਬਾਰਸ਼ ਹੋਣ ਲੱਗ ਪਈ। ਫੇਰ ਕਿਹਾ

ਕਿ ਭਾਈ ਮੀਂਹ ਤਾਂ ਪੈ ਗਿਆ, ਦਸੋਂ ਹੁਣ ਸਿਖੀ ਲੈਣੀ ਹੈ ਜਾਂ ਪੈਸੇ? ਰਾਮ ਸਿੰਘ ਨੇ ਫੇਰ ਏਹੋ ਜਵਾਬ ਦਿਤਾ ਕਿ ਸਿੱਖ ਤਾਂ ਅਸੀਂ ਤੁਹਾਡੇ ਹੈਗੇ, ਪਰ ਸਾਨੂੰ ਪੈਸੇ ਚਾਹੀਦੇ ਹਨ। ਬਸ ਏਹੋ ਗੱਲ ਬਾਰ-ਬਾਰ ਕਹੀ ਜਾਵੇ। ਏਨੇ ਨੂੰ ਕੋਈ ਪ੍ਰੇਮੀ ਦਸਵੰਧ ਲੈ ਕੇ ਆ ਗਿਆ। ਗੁਰੂ ਮਹਾਰਾਜ ਨੇ ਢਾਲੇ ਭਰ-ਭਰ ਕੇ ਦੇਣੇ ਸ਼ੁਰੂ ਕਰ ਦਿਤੇ; ਜਦੋਂ ਰਾਮ ਸਿੰਘ ਦੀ ਵਾਰੀ ਆਈ ਉਸਨੇ ਫਿਰ ਕਿਹਾ ਕਿ ਸਿੱਖ ਤਾਂ ਮੈਂ ਹੈਗਾ ਹੀ ਪਰ ਮੈਨੂੰ ਪੈਸੇ ਚਾਹੀਦੇ ਹਨ। ਉਸ ਤੋਂ ਬਾਅਦ ਵਾਰੀ ਆਈ, ਦਾਨ ਸਿੰਘ ਦੀ। ਜਦੋਂ ਉਹਨੂੰ ਪੁਛਿਆ ਤਾਂ ਜਵਾਬ ਦਿੱਤਾ, "ਮਹਾਰਾਜ ਮੈਨੂੰ ਤਾਂ ਸਿਖੀ ਚਾਹੀਦੀ ਹੈ।" ਤਾਂ ਗੁਰੂ ਮਹਾਰਾਜ ਨੇ ਫੁਰਮਾਇਆ, "ਦਾਨ ਸਿੰਘ! ਤੂੰ ਤਾਂ ਮਾਲਵੇ ਦੀ ਰਖ ਲਈ ਤੇ ਭਾਈ ਮਹਾਂ ਸਿੰਘ ਨੇ ਮਾਝੇ ਦੀ ਰੱਖ ਲਈ।"

ਜਦੋਂ ਉਥੇ ਭਾਈ ਡੱਲੇ ਸ਼ਾਹ ਨੇ ਗੱਲ ਕੀਤੀ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਡੱਲਿਆ, ਸਿਦਕ ਹੋਰ ਚੀਜ਼ ਹੈ ਤੇ ਜ਼ੋਰ ਹੋਰ ਚੀਜ਼ ਹੈ। ਏਨੀ ਦੇਰ ਵਿਚ ਇਕ ਪ੍ਰੇਮੀ ਨਵੀਂ ਬੰਦੂਕ ਲੈ ਕੇ ਆ ਗਿਆ। ਗੁਰੂ ਮਹਾਰਾਜ ਕਹਿਣ ਲੱਗੇ, "ਡਲਿਆ! ਅਸੀਂ ਇਸ ਰਾਈਫਲ ਦਾ ਨਿਸ਼ਾਨਾ ਪਰਖਣਾ ਹੈ। ਇਹ ਪ੍ਰੇਮੀ ਜੋ ਲਿਆਇਆ ਹੈ, ਕਹਿੰਦਾ ਹੈ ਇਸ ਦਾ ਨਿਸ਼ਾਨਾ ਇਕ ਵਾਲ ਜਿੰਨਾਂ ਵੀ ਏਧਰ ਉਧਰ ਨਹੀਂ ਹੁੰਦਾ। ਤੂੰ ਜਾ ਕੇ ਆਪਣੇ ਦੋ ਜਵਾਨ ਲੈ ਕੇ ਆ - ਪੰਤਾਲੀ-ਪੰਤਾਲੀ ਇੰਚ ਵਾਲੀਆਂ ਛਾਤੀਆਂ ਵਾਲੇ। ਅਸੀਂ ਉਹਨਾਂ ਦੋਨਾਂ ਤੇ ਇਸਦਾ ਨਿਸ਼ਾਨਾ ਪਰਖਣਾ ਚਾਹੁੰਦੇ ਹਾਂ। ਜਦੋਂ ਇਹ ਸੁਣਿਆ, ਸਾਰੇ ਹੌਲੀ-ਹੌਲੀ ਖਿਸਕਣੇ ਸ਼ੁਰੂ ਹੋ ਗਏ। ਭਾਈ ਡੱਲਾ ਆ ਕੇ ਆਪਣੇ ਜਵਾਨਾਂ ਨੂੰ ਕਹਿਣ ਲੱਗਾ ਕਿ ਭਲੇ ਮਾਣਸੋ! ਤੁਸੀਂ ਤਾਂ ਮੇਰੀ ਬੇਇਜ਼ਤੀ ਕਰਵਾ ਦਿਤੀ। ਜਵਾਨ ਕਹਿਣ ਲੱਗੇ, ਸਰਦਾਰ ਜੀ! ਲੜਾਈ ਵਿਚ ਤਾਂ ਮਰ ਜਾਈਦਾ ਹੈ; ਐਵੇਂ ਥੋੜ੍ਹਾ ਬੰਦੂਕ ਦੇ ਸਾਮ੍ਹਣੇ ਨਿਸ਼ਾਨਾ ਪਰਖਣ ਵਾਸਤੇ ਖਲੋ ਕੇ ਮਰਨਾ ਹੈ। ਭਾਈ ਡੱਲੇ ਨੇ ਆ ਕੇ ਮਹਾਰਾਜ ਨੂੰ ਕਿਹਾ ਕਿ ਜਵਾਨ ਤਾਂ ਇਸ ਤਰ੍ਹਾਂ ਕਹਿੰਦੇ ਹਨ। ਮਹਾਰਾਜ ਕਹਿਣ ਲੱਗੇ ਫਿਰ ਤੂੰ ਆਪ ਖੜ੍ਹਾ ਹੋ ਜਾ, ਅਸੀਂ ਰਾਈਫਲ ਟੈਸਟ ਕਰਨੀ ਹੈ। ਡੱਲਾ ਕਹਿਣ ਲੱਗਾ, "ਮਹਾਰਾਜ! ਮੇਰੇ ਤਾਂ ਬੱਚੇ ਛੋਟੇ-ਛੋਟੇ ਹਨ।" ਤਾਂ ਮਹਾਰਾਜ ਨੇ ਕਿਹਾ, ਜਾਹ, ਜਾ ਕੇ ਸਾਡੇ ਕਿਸੇ ਸਿਖ ਨੂੰ ਕਹਿ। ਦੋ ਸਿਖ ਦਸਤਾਰੇ ਬੰਨ੍ਹ ਰਹੇ ਸਨ। ਇਕ ਬੰਨ੍ਹ ਚੁਕਾ ਸੀ, ਦੂਜਾ ਬੰਨ੍ਹ ਰਿਹਾ ਸੀ। ਭਾਈ ਡੱਲੇ ਨੇ ਜਾਕੇ ਆਵਾਜ਼ ਦਿੱਤੀ ਕਿ ਗੁਰੂ ਮਹਾਰਾਜ ਨੇ ਨਿਸ਼ਾਨਾ ਪਰਖਣਾ ਹੈ, ਇਕ ਸਿਖ ਦੀ ਲੋੜ ਹੈ। ਦੋਨੋਂ ਦੌੜੇ ਆ ਰਹੇ ਹਨ। ਇਕ ਪਹਿਲਾਂ ਆ ਕੇ ਖੜ੍ਹਾ ਹੋ ਗਿਆ, ਦੂਜਾ ਉਸਦੇ ਅੱਗੇ, ਪਿਛਲਾ ਫੇਰ ਉਸ ਦੇ ਅੱਗੇ। ਇਸ ਤਰ੍ਹਾਂ ਕਰਦੇ-ਕਰਦੇ ਗੁਰੂ ਸਾਹਿਬ ਕੋਲ ਪਹੁੰਚ ਗਏ। ਸਿੱਖ ਕਹਿਣ ਲੱਗੇ, ਅਸੀਂ ਦੋਨਾਂ ਨੇ ਆਪ ਜੀ ਦਾ ਹੁਕਮ ਇਕੱਠਾ ਸੁਣਿਆ ਸੀ। ਗੁਰੂ ਮਹਾਰਾਜ ਨੇ ਕਿਹਾ ਕਿ ਠੀਕ ਹੈ, ਤੁਸੀ ਦੋਨੋਂ ਅੱਗੇ ਪਿਛੇ ਖੜ੍ਹੇ ਹੋ ਜਾਵੋ। ਉਹ ਖੜ੍ਹੇ ਹੋ ਗਏ। ਭਾਈ ਡੱਲਾ ਦੇਖ ਕੇ ਹੈਰਾਨ ਹੋ ਗਿਆ ਕਿ ਗੁਰੂ ਜੀ ਨੇ ਤਾਂ ਸਿਧਾ ਨਿਸ਼ਾਨਾ ਉਹਨਾਂ ਤੇ ਹੀ ਲਗਾਇਆ ਹੈ। ਗੁਰੂ ਮਹਾਰਾਜ ਨੇ ਗੋਲੀ ਛੱਡ ਦਿੱਤੀ, ਦੋਨਾਂ ਦੀਆਂ ਦਸਤਾਰਾਂ ਨੂੰ ਛੋਂਹਦੀ ਹੋਈ ਪਾਰ ਹੋ ਗਈ ਤਾਂ ਗੁਰੂ ਮਹਾਰਾਜ ਨੇ

ਫੁਰਮਾਇਆ ਕਿ ਇਹ ਸਿਦਕੀ ਸਿੱਖ ਹਨ। ਦੇਖਣ ਨੂੰ ਤਾਂ ਮਾੜੇ ਲਗਦੇ ਹਨ ਪਰ ਚਮਕੌਰ ਸਾਹਿਬ ਵਿਚ ਸਵਾ-ਸਵਾ ਲੱਖ ਨਾਲ ਲੜੇ ਹਨ; ਇਹ ਸਿਦਕੀ ਸਿੱਖ ਹਨ। ਦੂਜੇ ਹੁੰਦੇ ਹਨ ਭਾਵਨੀ ਦੇ ਸਿੱਖ ਜੋ ਗੁਰੂ ਨੂੰ ਪਰਮੇਸ਼ਰ ਸਮਝਿਆ ਕਰਦੇ ਹਨ। ਉਹ ਕਦੀ ਨਹੀਂ ਡੋਲਦੇ। ਬਾਕੀ ਜੋ ਕੱਚੇ ਹੁੰਦੇ ਹਨ ਉਹ ਤਾਂ ਡੋਲ ਜਾਂਦੇ ਹਨ ਪਰ ਸਿਦਕੀ ਨਹੀਂ ਡੋਲਦਾ, ਭਾਵਨੀ ਵਾਲਾ ਨਹੀਂ ਡੋਲਦਾ।

ਸੋ ਪਿੰਡ ਵਾਲਿਆਂ ਨੇ ਭਾਈ ਤੀਰਥੇ ਨੂੰ ਜੂਹ ਤੋਂ ਬਾਹਰ ਕੱਢ ਦਿੱਤਾ। ਉਸ ਵਕਤ ਐਸੀ ਹਾਲਤ ਸੀ, ਬਾਣੀ ਦਾ ਫੁਰਮਾਨ ਹੈ -

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਪੰਨਾ - 70***

ਐਨੀ ਮੁਸ਼ਕਲ ਬਣਨ ਤੇ ਕੋਈ ਵੀ ਬੰਦਾ ਆਸਰਾ ਨਹੀਂ ਦਿੰਦਾ।

***ਧਾਰਨਾ - ਢੋਈ ਕੋਈ ਦੇਵੇ ਨਾ,***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਢੋਈ ਕੋਈ ਦੇਵੇ ਨਾ, ...........2***

ਐਨਾ ਵੱਡਾ ਸਰਦਾਰ, ਕਿੰਨੇ ਪਿੰਡਾਂ ਦਾ ਚੌਧਰੀ ਅੱਜ ਮੰਗਤਾ ਬਣਾ ਦਿੱਤਾ। ਕੋਲ ਕੋਈ ਵੀ ਚੀਜ਼ ਨਾ ਰਹੀ। ਮਹਾਰਾਜ ਕਹਿੰਦੇ ਹਨ -

***'ਜਾ ਕਉ ਮੁਸਕਲੁ ਅਤਿ ਬਣੈ'*** ਅਤਿ (extreme) ਨੂੰ ਕਹਿੰਦੇ ਹਨ ***'ਢੋਈ ਕੋਇ ਨਾ ਦੇਇ॥'*** ਜਿਹੜੇ ਭਰਾ ਕੱਲ੍ਹ ਤੱਕ ਕੋਲ ਆ ਕੇ ਬੈਠਦੇ ਸੀ, ਕਹਿੰਦੇ ਸੀ ਅਸੀਂ ਤੇਰੀਆਂ ਬਾਹਵਾਂ ਹਾਂ, ਖੁਸ਼ਾਮਦ ਕਰਦੇ ਸੀ, ਪਰ ਹੁਣ ਆ ਕੇ ਕੋਲ ਨਹੀਂ ਕੋਈ ਖਲੋਂਦਾ।

***ਧਾਰਨਾ - ਭੈਣਾਂ ਤੇ ਭਾਈ ਜੀ,***
***ਲਾਗੂ ਸਭ ਦੁਸ਼ਮਨ ਬਣ ਗਏ -2, 2.***
***ਲਾਗੂ ਸਭ ਦੁਸ਼ਮਨ ਬਣ ਗਏ -2, 2.***
***ਭੈਣਾਂ ਤੇ ਭਾਈ ਜੀ, ............2***

ਕੋਈ ਆ ਕੇ ਆਸਰਾ ਨਹੀਂ ਦਿੰਦਾ, ਬੜੀ ਮੁਸ਼ਕਲ ਬਣ ਗਈ। ਐਸੀ ਅਵਸਥਾ ਦੇ ਵਿਚ ਕੁਦਰਤੀ ਤੌਰ ਤੇ ਮਾੜੇ ਖਿਆਲ ਆ ਜਾਂਦੇ ਹਨ।

***ਧਾਰਨਾ - ਝੱਟ ਕਿਥੇ ਲੰਘਾਵਾਂ ਓ,***
***ਮਾਲਕਾ, ਦੁਨੀਆਂ ਟਿਕਣ ਨਾ ਦੇਵੇ -2, 2.***
***ਦੁਨੀਆਂ ਟਿਕਣ ਨਾ ਦੇਵੇ ਮਾਲਕਾ -2, 2.***
***ਝੱਟ ਕਿਥੇ ਲੰਘਾਵਾਂ ਓ, ..........-2***

***ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾ ਪਤਿ॥***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥***

*ਜੇ ਬਹਿ ਰਹਾ ਤਾ ਆਖੀਐ ਬੈਠਾ ਸਥਰ ਘਤ॥*
*ਉਠ ਜਾਈ ਤਾ ਆਖੀਐ ਛਾਰੁ ਗਇਆ ਸਿਰ ਘਤਿ॥*
*ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥*
*ਕਾਈ ਗਲੀ ਨ ਮੇਵਨੀ ਕਿਥੇ ਕਢਾ ਝਤਿ॥*
*ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥*

ਐਸੀ ਹਾਲਤ ਕਿਸੇ ਦੀ ਹੋ ਜਾਵੇ ਤਾਂ ਕੇਵਲ ਉਸਨੂੰ ਹੀ ਪਤਾ ਹੁੰਦਾ ਹੈ ਕਿ ਉਸ ਉਪਰ ਕੀ ਬੀਤਦੀ ਹੈ। ਦੂਜਿਆਂ ਵਾਸਤੇ ਤਾਂ ਕੇਵਲ ਇਕ ਕਹਾਣੀ ਜਿਹੀ ਬਣ ਜਾਂਦੀ ਹੈਂ। ਪਤਨੀ ਨਾਲ ਜਾ ਰਹੀ ਹੈ, ਲੜਕੀ ਨਾਲ ਜਾ ਰਹੀ ਹੈ। ਕੋਈ ਪਾਣੀ ਨਹੀਂ ਦਿੰਦਾ। ਲੋਕ ਸੋਚਦੇ ਰਹੇ ਕਿ ਜੇ ਅਸੀਂ ਇਸ ਦੀ ਮੱਦਦ ਕਰਾਂਗੇ ਤਾਂ ਪੀਰ ਸਾਡੇ ਨਾਲ ਨਾਰਾਜ਼ ਹੋ ਜਾਵੇਗਾ। ਇਹਨਾਂ ਦਾ ਤਾਂ ਸਭ ਕੁਝ ਖਤਮ ਹੋ ਗਿਆ, ਸਾਡਾ ਵੀ ਸਭ ਕੁਝ ਖਤਮ ਹੋ ਜਾਵੇਗਾ। ਸੋਚਦੇ ਹਨ ਕਿ ਪਤਾ ਨਹੀਂ ਪ੍ਰਸ਼ਾਦਾ ਵੀ ਕਿਥੇ ਮਿਲੇਗਾ। ਭਾਈ ਤੀਰਥਾ ਕਹਿਣ ਲੱਗਾ ਕਿ ਗੁਰੂ ਸਾਹਿਬ ਦਾ ਹੁਕਮ ਹੈ, ਜਦੋਂ ਤੱਕ ਅਸੀਂ ਬੁਲਾਈਏ ਨਾ, ਉਦੋਂ ਤੱਕ ਤੂੰ ਆਉਣਾ ਨਹੀਂ। ਘਰਵਾਲੀ ਕਹਿਣ ਲੱਗੀ ਕਿ ਨਾ ਸਾਡੇ ਕੋਲ ਕੋਈ ਕਪੜਾ ਹੈ, ਨਾ ਕੋਈ ਪੈਸਾ ਹੈ, ਅਸੀਂ ਕੀ ਕਰਾਂਗੇ? ਭਾਈ ਤੀਰਥਾ ਕਹਿਣ ਲੱਗਾ ਕਿ ਦੇਖ, ਵਾਹਿਗੁਰੂ ਜੀ ਦਾ ਇੰਤਜ਼ਾਮ ਬਹੁਤ ਵੱਡਾ ਹੈ, ਤੂੰ ਇਹਨਾਂ ਪੰਛੀਆਂ ਨੂੰ ਦੇਖਦੀ ਹੈਂ?

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ - 10*

ਉਹ ਤਾਂ ਰਾਜ਼ਕ ਹੈ, ਉਸਨੇ ਰਿਜਕ ਤਾਂ ਦੇਣਾ ਹੀ ਦੇਣਾ ਹੈ। ਭਾਈ ਤੀਰਥੇ ਵਾਸਤੇ ਚਾਰੇ ਪਾਸੇ ਦੁਖ ਹੀ ਦੁਖ ਨਜ਼ਰ ਆ ਰਿਹਾ ਹੈ ਪਰ ਕੋਈ ਸ਼ਿਕਵਾ ਨਹੀਂ ਕਰ ਰਿਹਾ, ਕੋਈ ਦਿਲ ਵਿਚ ਗੁੱਸਾ ਨਹੀਂ ਕਿ ਮੈਂ ਸਿੱਖੀ ਧਾਰਨ ਕੀਤੀ ਹੈ, ਤਾਂ ਮੇਰਾ ਇਹ ਹਾਲ ਹੋ ਗਿਆ ਹੈ, ਕਿਥੇ ਮੈਂ ਪਿੰਡ ਦਾ ਚੌਧਰੀ ਸੀ। ਮਨ ਵਿਚ ਐਸਾ ਧਿਆਨ ਆ ਰਿਹਾ ਹੈ -

*ਧਾਰਨਾ - ਕਿਤੇ ਡੋਲ ਨਾ ਜਾਈਂ ਓ ਮਨਾ ਮੇਰਿਆ,*
*ਦੁਖਾਂ ਦੇ ਪਹਾੜ ਵੇਖ ਕੇ -2, 2.*
*ਮੇਰੇ ਪਿਆਰੇ, ਦੁਖਾਂ ਦੇ ਪਹਾੜ ਵੇਖ ਕੇ - 2, 2.*
*ਕਿਤੇ ਡੋਲ ਨਾ ਜਾਈਂ ਓ ਮਨਾ ਮੇਰਿਆ,...2*

*ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥*
*ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥*

***ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥***
***ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥***

***ਤ੍ਵ ਪ੍ਰਸਾਦਿ ਸਵੱਯੇ***

ਵਾਹਿਗੁਰੂ ਤਾਂ ਸਾਰਿਆਂ ਨੂੰ ਪਾਲਦਾ ਹੈ –

***ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥***
***ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ਪੰਨਾ – 724***

ਉਹ ਹੀ ਆਧਾਰ ਵੀ ਦੇਵੇਗਾ –

***ਘਟਿ ਘਟਿ ਮਾਲਕੁ ਦਿਲਾ ਦਾ ਸਚਾ ਪਰਵਦਗਾਰੁ॥ ਪੰਨਾ – 724***

ਸੋ ਸਾਧਸੰਗਤ ਜੀ! ਪਰਮੇਸ਼ਰ ਰੋਜ਼ੀ ਤਾਂ ਦਿੰਦਾ ਹੀ ਹੈ, ਇਹ ਵਾਹਿਗੁਰੂ ਜੀ ਦੀ ਡਿਊਟੀ ਹੈ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਦਮਦਮਾ ਸਾਹਿਬ ਸਨ। ਜਦੋਂ ਉਹ ਹਜ਼ੂਰ ਸਾਹਿਬ ਕੰਮ ਕਰ ਰਹੇ ਸੀ ਉਦੋਂ ਉਹ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸੀ, ਉਸ ਵੇਲੇ ਉਹਨਾਂ ਦੇ ਮਨ ਵਿਚ ਆਇਆ ਕਿ ਪਾਣੀ ਵਿਚ ਬੈਠ ਕੇ ਪਾਠ ਕਰੀਏ। ਉਹ ਗੋਦਾਵਰੀ ਨਦੀ, ਜੋ ਹਜ਼ੂਰ ਸਾਹਿਬ ਤੋਂ ਕੋਈ ਚਾਰ ਕੁ ਮੀਲ ਅੱਗੇ ਸੀ, ਜਾ ਕੇ ਬੈਠ ਗਏ। ਪਹਿਲਾ ਦਿਨ ਲੰਘਿਆ ਤਾਂ ਗੁਰਦਵਾਰੇ ਦੇ ਹੈਡ ਗ੍ਰੰਥੀ ਜੀ ਨੂੰ ਸੁਪਨਾ ਆਇਆ, 'ਮੇਰਾ ਇਕ ਪਿਆਰਾ ਪਾਣੀ ਵਿਚ ਬੈਠਾ ਹੈ, ਉਸਨੂੰ ਪ੍ਰਸ਼ਾਦਾ ਦੇ ਕੇ ਆ। ਉਸਨੇ ਸੁਪਨੇ ਵੱਲ ਕੋਈ ਧਿਆਨ ਹੀ ਨਾ ਦਿੱਤਾ। ਤੀਜੇ ਦਿਨ ਹੈਡ ਗ੍ਰੰਥੀ ਨੂੰ ਫੇਰ ਸੁਪਨਾ ਆਇਆ ਕਿ ਤੂੰ ਕੱਲ ਮੇਰੇ ਪਿਆਰੇ ਵਾਸਤੇ ਪ੍ਰਸ਼ਾਦਾ ਹੀ ਨਹੀਂ ਲੈ ਕੇ ਗਿਆ। ਜਦੋਂ ਉਸਨੇ ਘਰਵਾਲੀ ਨਾਲ ਗੱਲ ਕੀਤੀ ਤਾਂ ਕਹਿਣ ਲੱਗੀ, ਤੁਹਾਨੂੰ ਕੋਈ ਲੜਾਈਆਂ ਦੇ ਸੁਪਨੇ ਥੋੜ੍ਹੀ ਆਉਣਗੇ, ਨਾ ਖੇਤਾਂ ਦੇ, ਤੁਹਾਨੂੰ ਤਾਂ ਲੰਗਰਾਂ ਦੇ ਸੁਪਨੇ ਹੀ ਆਉਣੇ ਹਨ। ਚੌਥਾ ਦਿਨ ਵੀ ਲੰਘ ਗਿਆ, ਪੰਜਵਾਂ ਦਿਨ ਆ ਗਿਆ। ਪੰਜਵੇਂ ਦਿਨ ਫਿਰ ਸੁਪਨਾ ਆਇਆ ਤੇ ਗੁਰੂ ਮਹਾਰਾਜ ਨੇ ਕੁਝ ਕਰੜੇ ਹੋ ਕੇ ਕਿਹਾ ਕਿ ਸਿੱਖਾ ਅਸੀਂ ਤੈਨੂੰ ਰੋਜ਼ ਕਹਿੰਦੇ ਹਾਂ ਕਿ ਸਾਡਾ ਪਿਆਰਾ ਪੰਜ ਦਿਨ ਦਾ ਭੁੱਖਾ ਬੈਠਾ ਹੈ, ਜਾ ਕੇ ਉਸਨੂੰ ਪ੍ਰਸ਼ਾਦਾ ਦੇ ਕੇ ਆ। ਘਰਵਾਲੀ ਕਹਿਣ ਲੱਗੀ ਕਿ ਤੈਨੂੰ ਬਾਰ-ਬਾਰ ਖਿਆਲ ਆਉਂਦੇ ਹਨ, ਤੇਰੇ ਚਿੱਤ ਵਿਚ ਗੱਲ ਗਹਿਰੀ ਬੈਠ ਗਈ ਹੈ। ਉਹ ਕਹਿਣ ਲੱਗਾ, ਨਹੀਂ, ਐਸੀ ਗੱਲ ਨਹੀਂ, ਮੈਨੂੰ ਤਾਂ ਮਹਾਰਾਜ ਜੀ ਸੱਚੀਂ ਹੀ ਕਹਿੰਦੇ ਹਨ। ਪ੍ਰਸ਼ਾਦਾ ਲੈ ਕੇ ਤੁਰ ਪਿਆ। ਦੋ ਤਿੰਨ ਮੀਲ ਜਾ ਕੇ ਸੋਚਣ ਲੱਗ ਪਿਆ ਕਿ ਮਨਾ, ਨਾ ਜਾਣ ਨਾ ਪਹਿਚਾਨ, ਐਵੇਂ ਪ੍ਰਸ਼ਾਦਾ ਚੁਕੀ ਫਿਰਦਾ ਹੈਂ; ਕਿਸਨੂੰ ਜਾ ਕੇ ਪ੍ਰਸ਼ਾਦਾ ਦੇਵੇਂਗਾ? ਏਥੇ ਤਾਂ ਬੇਅੰਤ ਹੀ ਤੁਰੇ ਫਿਰਦੇ ਹਨ, ਵਾਪਸ ਮੁੜ ਆਇਆ। ਛੇਵੇਂ ਦਿਨ ਫੇਰ ਸੁਪਨਾ ਆ ਗਿਆ, ਫੇਰ ਪ੍ਰਸ਼ਾਦਾ ਲੈ ਕੇ ਗਿਆ। ਸੰਤ

ਅੱਠ ਮੀਲ ਦੀ ਦੂਰੀ ਤੇ ਪਾਣੀ ਵਿਚ ਬੈਠੇ ਪਾਠ ਕਰ ਰਹੇ ਹਨ, ਉਸ ਵੇਲੇ ਫਤਹਿ ਬੁਲਾਈ ਤੇ ਸੰਤ ਬਾਹਰ ਆਏ, ਸਾਰੀ ਵਾਰਤਾ ਦੱਸੀ ਸੰਤਾਂ ਨੂੰ ਕਿ ਮੈਨੂੰ ਰੋਜ਼ ਕਲਗੀਧਰ ਪਾਤਸ਼ਾਹ ਆ ਕੇ ਕਹਿੰਦੇ ਹਨ ਕਿ ਮੇਰਾ ਪਿਆਰਾ ਭੁੱਖਾ ਹੈ, ਜਾ ਕੇ ਪ੍ਰਸ਼ਾਦਾ ਦੇ ਕੇ ਆ। ਪਹਿਲਾਂ ਤਾਂ ਮੈਂ ਗੌਲਿਆ ਹੀ ਨਹੀਂ, ਮੇਰੀ ਭੁਲ ਮਾਫ ਕਰੋ, ਖਿਮਾਂ ਕਰੋ। ਸੰਤ ਕਹਿਣ ਲੱਗੇ ਕਿ ਗੁਰੂ ਕਲਗੀਧਰ ਨੂੰ ਐਨੀ ਖੇਚਲ ਕਰਨੀ ਪੈਂਦੀ ਹੈ ਸਾਡੇ ਵਾਸਤੇ, ਅਸੀਂ ਉਥੇ ਬਾਹਰ ਬੈਠ ਕੇ ਹੀ ਭਜਨ ਕਰ ਲਵਾਂਗੇ। ਸੋ ਰੋਟੀ ਤਾਂ ਗੁਰੂ ਨੇ ਦੇਣੀ ਹੀ ਦੇਣੀ ਹੈ। ਇਸ ਤਰ੍ਹਾਂ ਕਿੰਨੇ ਮਹਾਂਪੁਰਸ਼ ਹੋਏ, ਬੇਅੰਤ ਮਿਸਾਲਾਂ ਹਨ।

ਸੋ ਭਾਈ ਤੀਰਥਾ ਮਨ ਨੂੰ ਸਮਝਾਉਂਦਾ ਜਾਂਦਾ ਹੈ ਕਿ ਤੂੰ ਡੋਲੀਂ ਨਾ। ਚਲਦਿਆਂ ਚਲਦਿਆਂ ਭਲੇ ਪੁਰਸ਼ਾਂ ਦਾ ਪਿੰਡ ਆ ਗਿਆ ਜਿਥੇ ਲੋਕ ਪਰਮੇਸ਼ਰ ਨੂੰ ਮੰਨਦੇ ਸੀ, ਉਥੇ ਜਾ ਕੇ ਪਿੰਡ ਦੇ ਚੌਧਰੀ ਨਾਲ ਗੱਲ ਕੀਤੀ ਕਿ ਮੇਰੇ ਨਾਲ ਇਸ ਤਰ੍ਹਾਂ ਭਾਣਾ ਵਰਤਿਆ ਹੈ, ਮੇਰੀ ਥੋੜ੍ਹੀ ਜਿਹੀ ਮੱਦਦ ਕਰ ਦਿਓ। ਚੌਧਰੀ ਨੇ ਪੁਛਿਆ, ਤੈਨੂੰ ਕੀ ਚਾਹੀਦਾ ਹੈ? ਤਾਂ ਕਹਿਣ ਲਗਾ ਕਿ ਇਕ ਤਾਂ ਮੈਨੂੰ ਤੰਗਾੜ ਲੈ ਦਿਓ ਜਿਸ ਵਿਚ ਮੈਂ ਘਾਹ ਖੋਤ ਕੇ ਬੰਨ੍ਹ ਕੇ ਲੈ ਆਇਆ ਕਰਾਂ, ਇਕ ਦਾਤੀ ਦੇ ਦਿਓ, ਜਾਂ ਖੁਰਪਾ ਦੇ ਦਿਓ, ਇਕ ਥੋੜ੍ਹੀ ਜੇਹੀ ਥਾਂ ਦੇ ਦਿਓ ਜਿਥੇ ਮੈਂ ਇਕ ਝੌਂਪੜੀ ਪਾ ਲਵਾਂ। ਕੱਲ ਜੋ ਆਪ ਐਨੇ ਪਿੰਡਾਂ ਦਾ ਵੱਡਾ ਚੌਧਰੀ ਸੀ, ਅੱਜ ਇਕ ਝੌਂਪੜੀ ਲਈ ਖੁਦ ਥਾਂ ਮੰਗ ਰਿਹਾ ਹੈ। ਝੌਂਪੜੀ ਪਾ ਲਈ, ਥੋੜ੍ਹੇ ਜਿਹੇ ਪੈਸਿਆਂ ਦਾ ਘਾਹ ਵੇਚਦਾ ਹੈ, ਲੱਕੜਾਂ ਚੁਗ ਕੇ ਲਿਆਉਂਦਾ ਹੈ, ਉਹ ਵੇਚ ਦਿੰਦਾ ਹੈ। ਇਸ ਤਰ੍ਹਾਂ ਆਪਣਾ ਗੁਜ਼ਾਰਾ ਕਰਦਾ ਹੈ। ਚੌਥਾ ਹਿੱਸਾ ਗੁਰੂ ਦੇ ਨਮਿੱਤ ਰੱਖ ਦਿੰਦਾ ਹੈ। ਰੋਜ਼ ਇਕ ਆਨੇ ਦੀ ਕਿਰਤ ਕਰਦਾ ਹੈ। ਉਦੋਂ ਆਨਾ (ਚਾਰ ਪੈਸੇ) ਬਹੁਤ ਵੱਡਾ ਸੀ, ਬਹੁਤ ਵੱਡੀ ਕੀਮਤ ਸੀ। ਉਦੋਂ ਇਕ ਰੁਪੈ ਦੇ ਸਾਢੇ ਨੌਂ ਮਣ ਛੋਲੇ ਆਉਂਦੇ ਸੀ। ਉਦੋਂ ਸੋਲ੍ਹਾਂ ਆਨਿਆਂ ਦਾ ਇਕ ਰੁਪਿਆ ਹੁੰਦਾ ਸੀ। ਸਾਧ ਸੰਗਤ ਜੀ! ਆਪੇ ਹੀ ਜਰਾ ਹਿਸਾਬ ਲਗਾ ਕੇ ਦੇਖੋ ਕਿ ਇਕ ਆਨੇ ਦੇ ਕਿੰਨੇ ਛੋਲੇ ਆਉਂਦੇ ਸੀ। 20 ਸੇਰ ਤੋਂ ਵੱਧ ਆਉਂਦੇ ਸੀ। ਉਹ ਪੈਸੇ ਰਖੀ ਗਿਆ। ਜਦੋਂ ਕਾਫੀ ਸਮਾਂ ਲੰਘ ਗਿਆ ਤਾਂ ਗੁਰੂ ਮਹਾਰਾਜ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਭਾਈ ਤੀਰਥਾ ਅਜੇ ਤੱਕ ਤਾਂ ਦ੍ਰਿੜ੍ਹ ਹੈ, ਇਸ ਤੇ ਦੂਜਾ ਪੇਪਰ ਪਾਈਏ। ਉਸ ਵੇਲੇ ਆਪਣੇ ਇਕ ਗੁਰਸਿਖ ਨੂੰ ਹੁਕਮਨਾਮਾ ਦੇ ਕੇ ਭੇਜ ਦਿੱਤਾ ਤੇ ਕਿਹਾ ਕਿ ਜਾਹ ਭਾਈ, ਫਲਾਣੇ ਪਿੰਡ ਵਿਚ ਸਾਡਾ ਇਕ ਪ੍ਰੇਮੀ ਰਹਿੰਦਾ ਹੈ ਜਿਸਨੂੰ ਲੋਕ ਭਾਈ ਮੰਝ ਕਰਕੇ ਕਹਿੰਦੇ ਹਨ, ਤੀਰਥਾ ਉਹਦਾ ਨਾਮ ਹੈ, ਆਹ ਸਾਡਾ ਹੁਕਮਨਾਮਾ ਉਸਨੂੰ ਦੇ ਦੇਵੀਂ; ਪਰ ਦੇਣਾ ਤਾਂ ਹੈ ਜੇਕਰ ਉਹ ਇਸਦੀ ਦਰਸ਼ਨ ਭੇਟ ਵੀਹ ਰੁਪਏ ਪਹਿਲਾਂ ਦੇਵੇ। ਸਖਤ ਰਹੀਂ, ਗਰੀਬੀ ਦੇਖ ਕੇ ਕਿਧਰੇ ਪਿਘਲ ਨਾ ਜਾਈਂ। ਜਦੋਂ ਹੁਕਮਨਾਮਾ ਪਹੁੰਚ ਗਿਆ, ਉਹਦੇ ਵਾਸਤੇ 20 ਰੁਪਏ ਦੇਣੇ ਕਿਤਨੇ ਮੁਸ਼ਕਲ ਸਨ ਜਦਕਿ ਕੇਵਲ ਚਾਰ ਪੈਸੇ ਦੀ ਕਿਰਤ ਰੋਜ਼ ਕਰਦਾ ਸੀ। ਵੀਹ ਰੁਪਏ ਵੀ ਕਿਹੜੇ ਅੱਜ ਵਾਲੇ ਸਨ। ਉਦੋਂ ਦੇ ਵੀਹ ਰੁਪਏ ਤਾਂ ਕਈ ਹਜ਼ਾਰਾਂ ਦੇ ਬਰਾਬਰ ਸਨ। ਅੱਜ ਕੱਲ ਦੇ ਦਸ ਹਜ਼ਾਰ ਤੋਂ ਵੱਧ ਸਨ। ਇਕ ਮਜ਼ਦੂਰੀ

ਕਰਨ ਵਾਲਾ ਐਨਾ ਨਹੀਂ ਦੇ ਸਕਦਾ। ਜਦੋਂ ਮੇਵੜੇ ਨੇ ਦਸਿਆ ਕਿ ਮੈਂ ਗੁਰੂ ਮਹਾਰਾਜ ਕੋਲੋਂ ਆਇਆ ਹਾਂ, ਤੇ ਗੁਰੂ ਮਹਾਰਾਜ ਨੇ ਹੁਕਮਨਾਮਾ ਭੇਜਿਆ ਹੈ ਤਾਂ ਸਾਰੇ ਪਰਿਵਾਰ ਨੇ ਮੇਵੜੇ ਦੇ ਚਰਣ ਧੋਤੇ, ਚਰਣਾਮਿਤ ਲਿਆ, ਸੇਵਾ ਕੀਤੀ। ਕਹਿਣ ਲੱਗੇ ਕੋਈ ਹੁਕਮ ਦੱਸੋ। ਸਾਧ ਸੰਗਤ ਜੀ! ਜਦੋਂ ਕੋਈ ਆਪਣੇ ਪਿਆਰੇ ਕੋਲੋਂ ਆਉਂਦਾ ਹੁੰਦਾ ਹੈ ਉਸ ਦੀਆਂ ਗੱਲਾਂ ਨਹੀਂ ਮੁਕਦੀਆਂ; ਜੇ ਇਕ ਵਾਰੀ ਸੁਣਾ ਦਿੱਤੀ ਤਾਂ ਕਹਿੰਦਾ ਹੈ ਫੇਰ ਸੁਣਾ, ਫੇਰ ਸੁਣਾ। ਉਸਦੀ ਕੀਮਤ ਕਿੰਨੀ ਹੁੰਦੀ ਹੈ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***

***ਪੰਨਾ – 558***

ਖੁਸ਼ੀ ਨਾਲ ਭਾਈ ਮੰਝ ਦਾ ਪੈਰ ਧਰਤੀ ਤੇ ਨਹੀਂ ਲਗਦਾ, ਪਰਿਵਾਰ ਦਾ ਪੈਰ ਨਹੀਂ ਲਗਦਾ। ਕਹਿਣ ਲਗੇ ਸ਼ੁਕਰ ਹੈ, ਗੁਰੂ ਸਾਹਿਬ ਨੇ ਯਾਦ ਤਾਂ ਰੱਖਿਆ। ਲੋਕਾਂ ਨੇ ਸਾਨੂੰ ਛੱਡ ਦਿੱਤਾ ਪਰ ਮਹਾਰਾਜ ਨੇ ਤਾਂ ਯਾਦ ਰਖਿਆ; ਚੰਗਾ ਹੁਣ ਸਾਨੂੰ ਹੁਕਮਨਾਮਾ ਤਾਂ ਦੇ ਦਿਓ। ਮੇਵੜੇ ਨੇ ਕਿਹਾ ਕਿ ਭਾਈ ਮੰਝ! ਹੁਕਮਨਾਮਾ ਤਾਂ ਮਿਲੇਗਾ ਜੇਕਰ ਵੀਹ ਰੁਪਏ ਦਰਸ਼ਨੀ ਭੇਟ ਦਿਓਂਗੇ। ਉਸ ਵੇਲੇ ਚੁੱਪ ਕਰ ਗਏ, ਕੋਈ ਰਾਹ ਨਹੀਂ ਲਭਦਾ ਕਿ 20 ਰੁਪਏ ਕਿਥੋਂ ਲਿਆਈਏ! ਅਸੀਂ ਨਵੇਂ-ਨਵੇਂ ਏਥੇ ਆਏ ਹਾਂ, ਸਾਨੂੰ ਵੀਹ ਰੁਪਏ ਤਾਂ ਕਿਸੇ ਨੇ ਦੇਣੇ ਨਹੀਂ। ਉਸ ਵੇਲੇ ਸਾਰੇ ਉਠ ਕੇ ਅੰਦਰ ਚਲੇ ਗਏ ਤਾਂ ਲੜਕੀ ਕਹਿਣ ਲੱਗੀ, "ਪਿਤਾ ਜੀ! ਤੁਸੀਂ ਮੇਰੀ ਮਿਹਨਤ ਗਹਿਣੇ ਕਰ ਦਿਓ, (ਜਿਹਨੂੰ ਅੱਜ-ਕੱਲ bouded labour ਕਹਿੰਦੇ ਹਨ), ਤੁਸੀਂ 20 ਰੁਪਏ ਪੇਸ਼ਗੀ ਲੈ ਲਓ, ਜੋ ਕਿ ਹੌਲੀ-ਹੌਲੀ ਚਾਰ ਪੰਜ ਸਾਲ ਵਿਚ ਉਤਰ ਜਾਣਗੇ। ਉਸ ਵੇਲੇ ਗੱਲ ਦੀ ਸੋਝੀ ਆ ਗਈ, ਕਿਸੇ ਭਲੇ ਪੁਰਸ਼ ਦੇ ਘਰ ਚਲੇ ਗਏ ਤੇ ਜਾ ਕੇ ਸਾਰੀ ਗੱਲ ਦੱਸੀ। ਸੋ ਉਹ ਪ੍ਰੇਮੀ ਮੰਨ ਗਿਆ ਤੇ ਕਹਿਣ ਲੱਗਾ ਕਿ ਠੀਕ ਹੈ, ਮੈਂ 20 ਰੁਪਏ ਦੇ ਦਿੰਦਾ ਹਾਂ। 20 ਰੁਪਏ ਲੈ ਕੇ ਲੜਕੀ ਨੂੰ ਉਥੇ ਛੱਡ ਦਿੱਤਾ। ਚੌਧਰੀ ਦੀ ਲੜਕੀ ਹੈ ਜਿਸਨੇ ਕਦੀ ਕੰਮ ਨਹੀਂ ਸੀ ਕੀਤਾ, ਉਥੇ ਫਰਸ਼ ਲਿਪਦੀ ਹੈ, ਗੋਹੇ ਪੱਥਦੀ ਹੈ, ਬਚਿਆਂ ਨੂੰ ਖਿਡਾਉਂਦੀ ਹੈ, ਚੱਕੀ ਪੀਂਹਦੀ ਹੈ। ਭਾਈ ਮੰਝ ਨੂੰ ਪਤਾ ਸੀ ਕਿ ਮੇਰੀ ਲੜਕੀ ਨੂੰ ਸਾਰੇ ਕੰਮ ਕਰਨੇ ਪੈਣਗੇ, ਪਰ ਡੋਲਿਆ ਨਹੀਂ ਸਾਧ ਸੰਗਤ ਜੀ।

***ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥***

***ਪੰਨਾ – 1425***

ਸ਼ੁਕਰ ਕੀਤਾ, ਮੇਵੜੇ ਨੂੰ 20 ਰੁਪਏ ਦੇ ਦਿਤੇ ਤੇ ਹੁਕਮਨਾਮਾ ਲੈ ਕੇ ਪੜ੍ਹਿਆ ਜਿਸ ਵਿਚ ਗੁਰੂ ਮਹਾਰਾਜ ਨੇ ਲਿਖਿਆ ਸੀ, "ਭਾਈ ਮੰਝ! ਅਸੀਂ ਤੇਰੇ ਤੇ ਬੜੇ ਖੁਸ਼ ਹਾਂ, ਤੂੰ ਏਸੇ ਤਰ੍ਹਾਂ ਨਾਮ ਜਪੀ ਜਾਹ।"

ਜਦੋਂ ਫੇਰ ਦੋ ਤਿੰਨ ਮਹੀਨੇ ਲੰਘ ਗਏ, ਗੁਰੂ ਮਹਾਰਾਜ ਨੇ ਫੇਰ ਗੁਰਸਿਖ ਦੇ ਹੱਥ ਹੁਕਮਨਾਮਾ ਭੇਜਿਆ ਅਤੇ ਫੇਰ 20 ਰੁਪਏ ਦਰਸ਼ਨੀ ਭੇਟ

ਲੈ ਕੇ ਹੁਕਮਨਾਮਾ ਦੇਣ ਲਈ ਹੁਕਮ ਕੀਤਾ। ਜਦੋਂ ਗੁਰਸਿੱਖ ਭਾਈ ਮੰਝ ਕੋਲ ਹੁਕਮਨਾਮਾ ਲੈ ਕੇ ਪਹੁੰਚਿਆ, ਉਸਨੂੰ ਚਾਓ ਚੜ੍ਹ ਗਿਆ, ਬੜੀ ਸੇਵਾ ਕੀਤੀ ਤੇ ਕਿ ਪੁਛਿਆ ਗੁਰੂ ਮਹਾਰਾਜ ਦਾ ਕੀ ਹੁਕਮ ਹੈ? ਗੁਰਸਿਖ ਨੇ ਕਿਹਾ, ਗੁਰੂ ਮਹਾਰਾਜ ਨੇ ਹੁਕਮਨਾਮਾ ਭੇਜਿਆ ਹੈ ਪਰ ਪਹਿਲਾਂ ਵੀਹ ਰੁਪਏ ਦਰਸ਼ਨ ਭੇਟ ਦੇਵੋ, ਫੇਰ ਮਿਲੇਗਾ। ਭਾਈ ਮੰਝ ਡੋਲਿਆ ਨਹੀਂ। ਐਸੇ ਮੌਕਿਆਂ ਤੇ ਵੱਡੇ-ਵੱਡੇ ਡੋਲ ਜਾਂਦੇ ਹਨ, ਪਰ ਉਹ ਗੁਰੂ ਦਾ ਪਿਆਰਾ ਜਿਸਨੇ ਤਨ, ਮਨ, ਧਨ ਸਭ ਗੁਰੂ ਨੂੰ ਦਿਤਾ ਹੋਇਆ ਹੈ, ਉਹ ਨਹੀਂ ਡੋਲਦਾ।

*ਧਾਰਨਾ - ਪਰਬਤ ਵੀ ਡੋਲਦੇ,*
*ਡੋਲੇ ਨਾ ਸਿਖ ਗੁਰਾਂ ਦਾ - 2, 2.*
*ਡੋਲੇ ਨਾ ਸਿਖ ਗੁਰਾਂ ਦਾ - 2, 2.*
*ਪਰਬਤ ਵੀ ਡੋਲਦੇ,..........2*

*ਧਰਤੀ ਉਪਰਿ ਕੋਟਗੜ ਭੁਇਚਾਲ ਕਮੰਦੇ।*
*ਝਖੜਿ ਆਏ ਤਰੁਵਰਾ ਸਰਬਤ ਹਲੰਦੇ।*
*ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।*
*ਹੜ ਆਏ ਕਿਨਿ ਥੰਮੀਅਨਿ ਦਰੀਆਉ ਕਰੰਦੇ।*
*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥*
*ਭਾਈ ਗੁਰਦਾਸ ਜੀ, ਵਾਰ 35/21*

ਕੋਈ ਕੋਈ ਵਿਰਲਾ ਬੰਦਾ ਹੈ ਜੋ ਸਾਂਗ ਵਿਚ, ਗੁਰੂ ਦੇ ਇਮਤਿਹਾਨ ਵਿਚ ਪੂਰਾ ਉਤਰਦਾ ਹੈ। ਗੁਰੂ ਦਾ ਇਮਤਿਹਾਨ ਕੋਈ ਛੋਟਾ ਜਿਹਾ ਨਹੀਂ ਹੁੰਦਾ, ਬਹੁਤ ਵੱਡਾ ਹੁੰਦਾ ਹੈ। ਸੋ ਹੁਣ ਮੇਵੜੇ ਨੂੰ ਗੁਰੂ ਜੀ ਦੇ ਹੁਕਮਨਾਮੇ ਦੀ ਦਰਸ਼ਨ ਭੇਟਾ 20 ਰੁਪਏ ਦੇਣੀ ਸੀ। ਅਜੇ ਥੋੜ੍ਹਾ ਸੋਚ ਹੀ ਰਿਹਾ ਸੀ ਕਿ ਘਰਵਾਲੀ ਨੇ ਭਾਈ ਤੀਰਥੇ ਨੂੰ ਕਿਹਾ ਕਿ ਜਿਸ ਤਰ੍ਹਾਂ ਲੜਕੀ ਦੀ ਮਿਹਨਤ ਗਹਿਣੇ ਕੀਤੀ ਹੈ, ਮੇਰੀ ਵੀ ਮਿਹਨਤ ਗਹਿਣੇ ਕਰ ਦੇਵੋ ਤੇ ਪੇਸ਼ਗੀ 20 ਰੁਪਏ ਲੈ ਕੇ ਗੁਰੂ ਸਾਹਿਬ ਨੂੰ ਦਰਸ਼ਨ ਭੇਟਾ ਭੇਜ ਦਿਓ; ਜਦੋਂ ਮਿਹਨਤ ਕਰਕੇ ਗਿਰਵੀ ਦੇ ਪੈਸੇ ਉਤਰ ਜਾਣਗੇ ਤਾਂ ਮੈਂ ਵੀ ਆਜ਼ਾਦ ਹੋ ਜਾਵਾਂਗੀ, ਸੋ ਏਸੇ ਤਰ੍ਹਾਂ ਹੀ ਕੀਤਾ।

ਜਦੋਂ ਹੁਕਮਨਾਮਾ ਲੈ ਲਿਆ ਤਾਂ ਖੋਲ੍ਹ ਕੇ ਪੜ੍ਹਿਆ, ਉਸ ਵਿਚ ਲਿਖਿਆ ਹੋਇਆ ਸੀ ਕਿ ਭਾਈ ਮੰਝ ਅਸੀਂ ਤੇਰੇ ਤੇ ਬੜੇ ਪ੍ਰਸੰਨ ਹਾਂ; ਤੂੰ ਏਥੇ ਆ ਜਾ, ਰਾਮਦਾਸਪੁਰੇ ਆ ਕੇ ਸੇਵਾ ਕਰ। ਗੁਰੂ ਮਹਾਰਾਜ ਸਭ ਕੁਝ ਜਾਣਦੇ ਸੀ, ਪਰ ਹੁਣ ਪਰਚਾ ਪਾ ਦਿੱਤਾ। ਲੜਕੀ ਕਿਸੇ ਪਾਸ ਹੈ, ਘਰਵਾਲੀ ਕਿਸੇ ਪਾਸ ਹੈ, ਆਪ ਇਕੱਲਾ ਤੁਰਿਆ ਜਾਂਦਾ ਹੈ ਪਰ ਹਿਰਦੇ ਵਿਚ ਬਹੁਤ ਖੁਸ਼ੀ ਹੈ ਕਿ ਗੁਰੂ ਸਾਹਿਬ ਨੇ ਮੈਨੂੰ ਬੁਲਾ ਲਿਆ ਤੇ ਪਰਵਾਨ ਕਰ ਲਿਆ। ਭਾਈ ਮੰਝ ਗੁਰੂ ਮਹਾਰਾਜ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ, ਜਾ ਕੇ ਨਮਸਕਾਰ ਕੀਤੀ ਪਰ ਮਹਾਰਾਜ ਨੇ ਅੱਖ ਚੁੱਕ ਕੇ ਵੀ ਨਹੀਂ ਦੇਖਿਆ। ਦੇਖਿਆ ਹੀ ਨਹੀਂ, ਨਾ ਪੁਛਿਆ ਕਿ ਭਾਈ ਮੰਝ ਤੂੰ ਆ ਗਿਆ? ਕਿੰਨਾ ਵੱਡਾ ਇਮਤਿਹਾਨ ਹੈ। ਅਸੀਂ ਹੁੰਦੇ ਤਾਂ ਉਸੇ ਵੇਲੇ ਹੀ ਫੇਲ੍ਹ ਹੋ

ਜਾਣਾ ਸੀ, ਕਹਿਣਾ ਸੀ, "ਮਹਾਰਾਜ! ਮੈਂ ਤਾਂ ਘਰਵਾਲੀ ਦੀ ਤੇ ਲੜਕੀ ਦੀ ਮਿਹਨਤ ਵੀ ਗਹਿਣੇ ਰਖ ਕੇ, ਆਪ ਜੀ ਨੂੰ 20-20 ਰੁਪਏ ਭੇਜਦਾ ਰਿਹਾ, ਪਰ ਭਾਈ ਮੰਝ ਤਾਂ ਇਸ ਹਾਲਤ ਵਿਚ ਸਨ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥*** ***ਪੰਨਾ - 918***

ਤਨ ਵੀ ਗੁਰੂ ਦਾ ਕਰ ਦੇਣਾ, ਮਨ ਵੀ ਗੁਰੂ ਦਾ ਕਰ ਦੇਣਾ, ਧਨ ਵੀ ਗੁਰੂ ਦਾ ਕਰ ਦੇਣਾ।

***ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ॥***

***ਪੰਨਾ - 431***

ਕਹਿੰਦੇ ਇਸ ਤਨ ਨੂੰ ਉਸ ਕੋਲ ਵੇਚ ਦੇਈਏ, ਜਿਹੜਾ ਸਾਨੂੰ ਵਾਹਿਗੁਰੂ ਨੂੰ ਮਿਲਾ ਦੇਵੇ -

***ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ॥***

***ਪੰਨਾ - 431-32***

ਮਹਾਰਾਜ ਨੇ ਭਾਈ ਮੰਝ ਨੂੰ ਬੁਲਾਇਆ ਨਹੀਂ। ਉਹ ਦਿਨ ਰਾਤ ਸੇਵਾ ਕਰ ਰਿਹਾ ਹੈ, ਨਾ ਦਿਨੇ ਟਿਕਦਾ ਹੈ, ਨਾ ਰਾਤੀਂ ਟਿਕਦਾ ਹੈ, ਪਹਿਲੇ ਨੰਬਰ ਤੇ ਹੋ ਕੇ ਸੇਵਾ ਕਰ ਰਿਹਾ ਹੈ। ਜਦੋਂ ਕੁਝ ਸਮਾਂ ਲੰਘ ਗਿਆ ਤਾਂ ਗੁਰੂ ਮਹਾਰਾਜ ਨੇ ਪੁਛਿਆ, "ਭਾਈ! ਏਥੇ ਇਕ ਸਿਖ ਭਾਈ ਮੰਝ ਆਇਆ ਸੀ।" ਮਹਾਰਾਜ ਆਪ ਤਾਂ ਜਾਣੀ-ਜਾਣ ਸਨ, ਸਭ ਕੁਛ ਜਾਣਦੇ ਸੀ। ਸੇਵਕਾਂ ਨੇ ਦਸਿਆ ਕਿ ਉਹ ਤਾਂ ਬੜੀ ਸੇਵਾ ਕਰ ਰਿਹਾ ਹੈ, ਨਾ ਦਿਨੇ ਟਿਕਦਾ ਹੈ, ਨਾ ਰਾਤ ਨੂੰ ਟਿਕਦਾ ਹੈ, ਸਿਮਰਨ ਹੱਦ ਤੋਂ ਜ਼ਿਆਦਾ ਕਰਦਾ ਹੈ। ਜਦੋਂ ਦੇਖੋ ਤਾਂ ਉਹਦੇ ਮੁਖ ਤੋਂ ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ। ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ ਲਗਾਤਾਰ ਇਕ ਹੀ ਆਵਾਜ਼ ਆ ਰਹੀ ਹੈ। ਸੱਚੇ ਪਾਤਸ਼ਾਹ ਉਸਦੀ ਬਿਰਤੀ ਬਹੁਤ ਚੰਗੀ ਹੈ, ਕਿਸੇ ਨਾਲ ਔਖਾ ਭਾਰਾ ਨਹੀਂ ਹੁੰਦਾ। ਕੋਈ ਕੰਮ ਕਹੋ, ਭਾਵੇਂ ਪਰਸ਼ਾਦਾ ਛਕ ਰਿਹਾ ਹੋਵੇ, ਉਥੇ ਹੀ ਛੱਡ ਕੇ ਕੰਮ ਵਾਸਤੇ ਕਹਿ ਦਿੰਦਾ ਹੈ - ਸਤਿ ਬਚਨ ਜੀ। ਮਹਾਰਾਜ ਨੇ ਪੁਛ ਲਿਆ, ਇਹ ਦਸੋ ਕਿ ਪ੍ਰਸ਼ਾਦਾ ਕਿਥੋਂ ਛਕਦਾ ਹੈ? ਕਹਿਣ ਲੱਗੇ, "ਮਹਾਰਾਜ ਉਹ ਤਾਂ ਲੰਗਰ ਵਿੱਚੋਂ ਛਕਦਾ ਹੈ।" ਗੁਰੂ ਮਹਾਰਾਜ ਨੇ ਕਿਹਾ ਕਿ ਫਿਰ ਉਹਦੀ ਸੇਵਾ ਕਾਹਦੀ ਹੋਈ, ਲੰਗਰ ਵਿਚੋਂ ਪਰਸ਼ਾਦੇ ਛੱਕ ਜਾਂਦਾ ਹੈ ਤੇ ਉਸਦੇ ਬਦਲੇ ਸੇਵਾ ਕਰ ਲੈਂਦਾ ਹੈ। ਉਸਨੂੰ ਜਾ ਕੇ ਕਹੋ ਕਿ ਲੰਗਰ ਵਿਚੋਂ ਪਰਸ਼ਾਦਾ ਨਾ ਛਕਿਆ ਕਰੇ। ਤਾੜਨਾ ਕਰ ਦਿਤੀ। ਭਾਈ ਮੰਝ ਜਦੋਂ ਪਰਸ਼ਾਦਾ ਛਕਣ ਲਈ ਪੰਗਤ ਵਿਚ ਬੈਠਾ ਤਾਂ ਸ੍ਰੀ ਮਾਨ ਜੀ ਸਭ ਨੂੰ ਪਰਸ਼ਾਦਾ ਵਰਤਾਈ ਗਏ ਪਰ ਭਾਈ ਮੰਝ ਦੀ ਜਦੋਂ ਵਾਰੀ ਆਈ ਤਾਂ ਪਰਸ਼ਾਦਾ ਦਿੱਤੇ ਬਗੈਰ ਅਗੇ ਲੰਘ ਗਏ। ਭਾਈ ਮੰਝ ਨੇ ਸੋਚਿਆ ਕਿ ਬਾਕੀ ਤਾਂ ਸਭ ਨੂੰ ਪਰਸ਼ਾਦਾ ਮਿਲ ਰਿਹਾ ਹੈ; ਮੈਨੂੰ ਨਾ ਪਾਣੀ, ਨਾ ਸਬਜ਼ੀ ਦਾਲਾ, ਨਾ ਪ੍ਰਸ਼ਾਦਾ ਕੁਝ ਨਹੀਂ ਮਿਲ ਰਿਹਾ। ਜਦੋਂ ਸਾਰੀ ਪੰਗਤ ਪਰਸ਼ਾਦਾ ਛਕ

ਕੇ ਉਠ ਜਾਂਦੀ ਹੈ, ਭਾਈ ਮੰਝ ਵੀ ਨਾਲ ਹੀ ਉਠ ਜਾਂਦਾ ਹੈ। ਮਨ ਵਿਚ ਕੋਈ ਰੋਸ ਪ੍ਰਗਟ ਨਹੀਂ ਕੀਤਾ। ਸਾਧ ਸੰਗਤ ਜੀ! ਇਹ ਗੱਲ ਬੜੀ ਔਖੀ ਹੈ, ਕਹਿਣੀ ਸੁਖਾਲੀ ਹੈ। ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ–

***ਧਾਰਨਾ – ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ ਕੋਈ ਹੈ –2, 2.***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥***
***ਪੰਨਾ – 474***

ਬਹੁਤੀ ਦੁਨੀਆਂ ਗੱਲਾਂ ਨਾਲ ਤਾਂ ਸੇਵਕ ਬਣਦੀ ਹੈ ਪਰ ਅੰਦਰੋਂ ਸੇਵਾਦਾਰ ਨਹੀਂ ਬਣਦੀ। ਗੁਰੂ ਮਹਾਰਾਜ ਕਹਿੰਦੇ ਉਹ ਸਭ ਗੱਲਾਂ ਵਾਲੇ ਹੀ ਹਨ। ਜਦੋਂ ਤੱਕ ਆਪਣਾ ਆਪ ਗਵਾ ਕੇ ਸੇਵਾ ਨਹੀਂ ਕਰਦਾ, ਓਦੋਂ ਤੱਕ ਗੱਲ ਨਹੀਂ ਬਣਦੀ। ਸਾਧਸੰਗਤ ਜੀ! ਅਸੀਂ ਗੱਲਾਂ ਵਾਲੇ ਤਾਂ ਹਾਂ, ਸਚਮੁਚ ਚਾਕਰ ਨਹੀਂ ਹਾਂ। ਮਹਾਰਾਜ ਦਾ ਫੁਰਮਾਨ ਹੈ –

***ਗਲੀ ਅਸੀਂ ਚੰਗੀਆ ਆਚਾਰੀ ਬੁਰੀਆਹ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥***
***ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥***
***ਪੰਨਾ – 85***

ਜੋ ਸੱਚੀ ਸੇਵਾ ਕਰਦੇ ਹਨ, ਅਸੀਂ ਉਨ੍ਹਾਂ ਦੀਆਂ ਰੀਸਾਂ ਕਰਦੇ ਹਾਂ।

***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥***

***ਪੰਨਾ – 433***

ਗੱਲਾਂ ਨਾਲ ਅਸੀਂ ਸੁਹਾਗਣਾਂ ਬਣਦੇ ਹਾਂ ਭਾਵੇ ਪਤੀ ਮਿਲਿਆ ਹੈ ਜਾਂ ਨਹੀਂ। ਪਰ ਭਾਈ ਮੰਝ ਤੇ ਕਿੰਨੀ ਵੱਡੀ ਕਸਵੱਟੀ ਲਗ ਗਈ। ਹੁਣ ਪ੍ਰਸ਼ਾਦਾ ਕਿਥੋਂ ਛਕੇ? ਸੇਵਾ ਤਾਂ ਕਰਨੀ ਹੈ ਗੁਰੂ ਘਰ ਦੀ। ਉਸ ਵੇਲੇ ਭਾਈ ਮੰਝ ਨੂੰ ਹੁਕਮ ਸੁਣਾਇਆ ਗਿਆ ਕਿ ਭਾਈ ਮੰਝ! ਗੁਰੂ ਸਾਹਿਬ ਦਾ ਹੁਕਮ ਹੈ ਕਿ ਤੂੰ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਣਾ। ਮਨ ਵਿਚ ਕੋਈ ਗੱਲ ਨਹੀਂ ਆਈ ਮੈਂ ਤਾਂ ਐਡਾ ਵੱਡਾ ਚੌਧਰੀ ਸੀ, ਸਿੱਖੀ ਤਾਂ ਬੜੀ ਮਹਿੰਗੀ ਪੈ ਗਈ, ਪਰ ਭਾਈ ਮੰਝ ਨੂੰ ਭੁੱਲ ਕੇ ਵੀ ਇਹੋ ਜਿਹਾ ਖਿਆਲ ਨਹੀਂ ਆਇਆ – ਨਾ ਆਪਣੀ ਲੜਕੀ ਦਾ, ਨਾ ਆਪਣੀ ਘਰਵਾਲੀ ਦਾ ਧਿਆਨ ਆਇਆ ਕਿ ਉਹ ਕਿਥੇ-ਕਿਥੇ ਮਿਹਨਤਾਂ ਕਰ ਰਹੀਆਂ ਹਨ। ਬਸ ਏਹ ਧਿਆਨ ਸੀ ਕਿ ਮੈਂ ਗੁਰੂ ਮਹਾਰਾਜ ਦੀ ਸੇਵਾ ਕਰਨੀ ਹੈ।

ਇਕ ਤਾਂ ਉਹ ਹਨ – ਜਿਹਨਾਂ ਨੇ ਜ਼ਿੰਦਗੀ ਗੁਰੂ ਘਰ ਨੂੰ ਦਿੱਤੀ ਹੋਈ ਹੈ, ਇਕ ਉਹ ਹਨ ਜੋ ਕਦੀ ਕਦੀ ਆ ਜਾਂਦੇ ਹਨ ਤੇ ਲੰਗਰ ਵਿਚ

ਪ੍ਰਸ਼ਾਦਾ ਛਕ ਲੈਂਦੇ ਹਨ। ਜਿਨ੍ਹਾਂ ਨੇ ਆਪਣਾ ਜੀਵਨ ਦਿੱਤਾ ਹੋਇਆ ਹੈ, ਉਨ੍ਹਾਂ ਨੇ ਤਾਂ ਲੋੜ ਮਾਤਰ ਛਕਣਾ ਹੀ ਛਕਣਾ ਹੈ। ਪਰ ਜਿਹੜਾ ਇਥੇ ਲਾਲਚ ਕਰਦਾ ਹੈ, ਗੁਰੂ ਘਰ ਤੋਂ ਪੈਸੇ ਕਮਾਉਣ ਦਾ ਯਤਨ ਕਰਦਾ ਹੈ ਫੇਰ ਆਪਣੇ ਵਾਸਤੇ ਵਰਤਦਾ ਹੈ, ਉਸ ਨੂੰ ਤਾਂ ਮਹਾਰਾਜ ਨੇ ਬਹੁਤ ਬੁਰਾ ਮੰਨਿਆ ਹੈ। ਇਸ ਤਰ੍ਹਾਂ ਪੜ੍ਹੋ ਸਾਰੇ –

***ਧਾਰਨਾ – ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,***
***ਧਾਨ ਬੁਰਾ ਪੂਜਾ ਦਾ –2, 2.***
***ਮੇਰੇ ਪਿਆਰੇ, ਧਾਨ ਬੁਰਾ ਪੂਜਾ ਦਾ – 2, 2.***
***ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ......2***

***ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।***
***ਭਾਈ ਗੁਰਦਾਸ ਜੀ, ਵਾਰ 35/12***

ਗਊ ਦਾ ਮਾਸ ਨਹੀਂ ਖਾਂਦੇ।

***ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।***
***ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥***
***ਭਾਈ ਗੁਰਦਾਸ ਜੀ, ਵਾਰ 35/12***

ਜਿਹੜਾ ਜਵਾਈ ਸਹੁਰੇ ਘਰ ਰਹਿੰਦਾ ਹੈ, ਜੇ ਉਹ ਪਾਣੀ ਵੀ ਪੀਂਦਾ ਹੋਵੇਗਾ ਤਾਂ ਲੋਕ ਕਹਿਣਗੇ ਕਿ ਸ਼ਰਾਬ ਪੀ ਰਿਹਾ ਹੈ। ਕੋਈ ਨਹੀਂ ਮੰਨਦਾ–

***ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।***
***ਭਾਈ ਗੁਰਦਾਸ ਜੀ, ਵਾਰ 35/12***

ਕਿੰਨਾ ਵੀ ਗਰੀਬ ਹੋਵੇ, ਸਹਾ ਨਹੀਂ ਖਾਂਦਾ।

***ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।***
***ਭਾਈ ਗੁਰਦਾਸ ਜੀ, ਵਾਰ 35/12***

ਜਿਸ ਤਰ੍ਹਾਂ ਕਿਸੇ ਖਾਣ ਵਾਲੀ ਚੀਜ਼ ਵਿਚ ਮੱਖੀ ਪੈ ਜਾਵੇ, ਉਹ ਖਾਣ ਦੇ ਕਾਬਲ ਨਹੀਂ ਰਹਿੰਦੀ।

***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥***
***ਭਾਈ ਗੁਰਦਾਸ ਜੀ, ਵਾਰ 35/12***

ਜਿਸ ਤਰ੍ਹਾਂ ਖੰਡ ਦੇ ਕੈਪਸੂਲਾਂ ਵਿਚ ਜ਼ਹਿਰ ਪਾਈ ਹੋਵੇ, ਇਸੇ ਤਰ੍ਹਾਂ ਹੀ ਧਰਮਸਾਲਾ ਦੀਆਂ ਰੋਟੀਆਂ ਹਨ –

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ।***
***ਹੱਡ ਗਾਲਣ, ਮਤ ਮਾਰਨ, ਭਜਨ ਕਰਨ ਨ ਦੇਣ।***

ਸੋ ਮਹਾਰਾਜ ਨੇ ਸਿੱਖਾਂ ਤੇ ਬਹੁਤ ਜ਼ਿਆਦਾ ਪਾਬੰਦੀ ਲਾਈ ਹੈ, ਕਹਿੰਦੇ –

*ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।*

*ਭਾਈ ਗੁਰਦਾਸ ਜੀ, ਵਾਰ 35/14*

ਦੁਧ ਵਿਚ ਜਰਾ ਕੁ ਕਾਂਜੀ ਦਾ ਖੱਟਾ ਪਾ ਦਿਓ, ਦੁਧ ਉਸੇ ਵਕਤ ਹੀ ਫੁਟ ਜਾਂਦਾ ਹੈ।

*ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।*

*ਭਾਈ ਗੁਰਦਾਸ ਜੀ, ਵਾਰ 35/14*

ਹਜ਼ਾਰਾਂ ਮਣ ਰੂੰ ਵਿਚ ਇਕ ਚੰਗਿਆਰੀ ਪਾ ਲਓ, ਸਾਰੀ ਜਲ ਜਾਏਗੀ।

*ਬੂਰ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।*

*ਭਾਈ ਗੁਰਦਾਸ ਜੀ, ਵਾਰ 35/14*

ਪਾਣੀ ਵਿਚ ਬੂਰ ਪੈ ਜਾਏ ਤਾਂ ਸਾਰਾ ਪਾਣੀ ਖਰਾਬ ਹੋ ਜਾਂਦਾ ਹੈ; ਜੇਕਰ ਦਰਖਤ ਨੂੰ ਲਾਖ ਲਗ ਜਾਵੇ, ਚੋਣ ਲੱਗ ਜਾਵੇ ਤਾਂ ਦਰਖਤ ਦਾ ਨਾਸ਼ ਹੋ ਜਾਂਦਾ ਹੈ।

*ਜਿਉ ਉਦਮਾਦੀ ਅਤੀਸਾਰੁ ਖਈ ਰੋਗ ਮਨੁਖੈ॥*

*ਭਾਈ ਗੁਰਦਾਸ ਜੀ, ਵਾਰ 35/14*

ਜਿਵੇਂ ਆਦਮੀ ਨੂੰ ਵੀ ਕੋਹੜ ਆਦਿ ਹੋ ਜਾਂਦਾ ਹੈ।

*ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ॥*

*ਭਾਈ ਗੁਰਦਾਸ ਜੀ, ਵਾਰ 35/14*

ਜਾਲ ਦੇ ਹੇਠਾਂ ਚੋਗ ਪਿਆ ਹੁੰਦਾ ਹੈ। ਪੰਛੀਆਂ ਨੂੰ ਭੁਖ ਲਗੀ ਹੁੰਦੀ ਹੈ, ਉਹ ਵਿਚਾਰੇ ਚੋਗੀ ਦੇ ਲਾਲਚ ਵਿਚ ਆ ਕੇ ਜਾਲ ਵਿਚ ਫਸੀ ਜਾਂਦੇ ਹਨ।

*ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥*

*ਭਾਈ ਗੁਰਦਾਸ ਜੀ, ਵਾਰ 35/14*

ਬੇਮੁਖਾਂ ਨੂੰ ਪੈਸੇ ਦੀ ਭੁੱਖ ਵਿਆਪਦੀ ਹੈ ਕਿ ਗੁਰੂ ਦਾ ਪੈਸਾ ਖਾ ਲਈਏ। ਸੋ ਭਾਈ ਤੀਰਥੇ ਨੇ ਲੰਗਰ ਵਿਚੋਂ ਰੋਟੀ ਖਾਣੀ ਬੰਦ ਕਰ ਦਿਤੀ। ਉਹ ਸਾਰਾ ਦਿਨ ਸੇਵਾ ਕਰਦਾ ਹੈ। ਕਿਸੇ ਸਿੱਖ ਦੇ ਮਨ ਵਿਚ ਮਿਹਰ ਪੈ ਗਈ ਤਾਂ ਆਵਾਜ਼ ਮਾਰ ਦਿਤੀ ਕਿ ਭਾਈ ਮੰਝ ਪਰਸ਼ਾਦਾ ਛੱਕ ਲੈ। ਸ਼ੁਕਰ, ਸ਼ੁਕਰ ਕਰਦਾ ਹੈ। ਜੇ ਇਕ ਮਿਲ ਗਿਆ ਤਾਂ ਵੀ, ਜੇ ਦੋ ਮਿਲ ਗਏ ਤਾਂ ਵੀ ਸ਼ੁਕਰ ਕਰਦਾ ਹੈ। ਸਬਰ ਵਿਚ ਰਹਿੰਦਾ ਹੈ। ਮੰਗਦਾ ਨਹੀਂ, ਮੁਰੀਦ ਬਣਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਮੁਰਦਾ ਹੋਇਕੇ ਮੁਰੀਦ ਬਣ ਜਾਵਣਾ -2, 2.*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*

*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥*
*ਭਾਈ ਗੁਰਦਾਸ ਜੀ ਵਾਰ 3/18*

ਮੁਰਦਾ ਹੋਏ ਤੋਂ ਬਗੈਰ ਨਾ ਸਿੱਖ ਬਣ ਸਕਦਾ ਹੈ, ਨਾ ਮੁਰੀਦ ਬਣ ਸਕਦਾ ਹੈ ਕਿਉਂਕਿ ਇਸ ਵਿਚ ਪਹਿਲੀ ਸ਼ਰਤ ਹੈ –

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ – 1412*

ਏਥੇ ਜਿਉਂਦੇ ਦਾ ਕੰਮ ਨਹੀਂ, ਪਹਿਲਾਂ ਮਰਨਾ ਪੈਂਦਾ ਹੈ, ਫੇਰ ਅਸਲੀ ਜੀਵਨ ਮਿਲਦਾ ਹੈ। ਮਰਦੇ ਉਹ ਹਨ ਜਿਨ੍ਹਾਂ ਨੂੰ ਮਰਨ ਦੀ ਜਾਚ ਨਹੀਂ ਆਉਂਦੀ। ਉਹ ਹਉਮੈਂ ਵਿਚ ਰਹਿੰਦੇ ਹਨ, ਹਉਮੈ ਦਾ ਕੰਮ ਹੈ – ਜੰਮਦੇ ਰਹਿਣਾ, ਮਰਦੇ ਰਹਿਣਾ।

'ਸਾਬਰ ਸਿਦਕ ਸ਼ਹੀਦ' ਉਹ ਹੁੰਦੇ ਹਨ ਜਿਨ੍ਹਾਂ ਵਿਚ ਹੱਦ ਤੋਂ ਜ਼ਿਆਦਾ ਸਬਰ ਹੋਵੇ, ਸਭ ਕੁਝ ਕਰਨ ਦੀ ਤਾਕਤ ਰਖਦਾ ਹੋਇਆ ਫੇਰ ਵੀ ਕੁਝ ਨਾ ਕਰੇ।

ਇਕ ਵਾਰੀ ਈਰਾਨ ਦੇ ਬਾਦਸ਼ਾਹ ਦੇ ਦਰਬਾਰ ਵਿਚ ਸਵਾਲ ਪੈਦਾ ਹੋ ਗਿਆ ਕਿ ਸਬਰ ਤੇ ਸ਼ੁਕਰ ਦਾ ਕੀ ਭਾਵ ਹੋਇਆ ਕਿਉਂਕਿ ਇਹਦੀ ਬਹੁਤ ਵੱਡੀ ਵਡਿਆਈ ਹੈ ਤੇ ਸਾਰੇ ਮਹਾਂਪੁਰਸ਼ ਕਹਿੰਦੇ ਹਨ ਕਿ ਸਬਰ ਹੋਣਾ ਚਾਹੀਦਾ ਹੈ

*ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥ ਪੰਨਾ – 1381*

ਰੁਖਾਂ ਵਰਗਾ ਜਿਗਰਾ ਚਾਹੀਦਾ ਹੈ –

*ਫਰੀਦਾ ਥੀਉ ਪਵਾਹੀ ਦਭੁ॥*
*ਜੇ ਸਾਂਈ ਲੋੜਹਿ ਸਭੁ॥*
*ਇਕੁ ਛਿਜਹਿ ਬਿਆ ਲਤਾੜੀਅਹਿ॥*
*ਤਾ ਸਾਈ ਦੈ ਦਰਿ ਵਾੜੀਅਹਿ॥ ਪੰਨਾ – 1378*

ਉਤੋਂ ਪੈਰਾਂ ਨਾਲ ਲਤਾੜਿਆ ਜਾਂਦਾ ਹੈ ਟੁੱਟਦਾ ਭਜਦਾ ਹੈ ਤਾਂ ਕਿਤੇ ਸਾਈਂ ਦੇ ਦਰਬਾਰ ਜਾ ਕੇ ਕਬੂਲ ਹੁੰਦਾ ਹੈ। ਸੋ ਇਸ ਤਰ੍ਹਾਂ ਸਬਰ ਤੇ ਸ਼ੁਕਰ ਦੇ ਅਰਥ ਸਮਝ ਨਹੀਂ ਆਉਂਦੇ। ਵਿਦਵਾਨਾਂ ਨੇ, ਬੜੇ ਵਿਦਵਤਾ ਭਰੇ ਅਰਥ ਕੀਤੇ ਨੇ, ਲੇਕਿਨ ਤਸੱਲੀ ਨਹੀਂ ਹੋਈ। ਫੇਰ ਇਹ ਸਲਾਹ ਹੋਈ ਕਿ ਔਰੰਗਜ਼ੇਬ

ਦੇ ਦਰਬਾਰ ਵਿਚ ਬੜੇ ਆਲਮ ਹਨ, ਉਥੇ ਬੰਦਾ ਭੇਜਿਆ ਜਾਏ ਜੋ ਅਰਥ ਸਮਝ ਕੇ ਆਵੇ। ਸਿਆਣੇ ਬੰਦੇ ਕਹਿਣ ਲੱਗੇ ਇਹ ਆਲਮਾਂ ਦਾ ਕੰਮ ਨਹੀਂ, ਇਹ ਤਾਂ ਕੋਈ ਬ੍ਰਹਮਗਿਆਨੀ ਮਹਾਂਪੁਰਸ਼ ਚਾਹੀਦਾ ਹੈ, ਕੇਵਲ ਉਹ ਹੀ ਇਸਦੇ ਅਰਥ ਸਮਝਾ ਸਕਦਾ ਹੈ ਕਿ ਸਬਰ ਤੇ ਸ਼ੁਕਰ ਕੀ ਹੁੰਦਾ ਹੈ? ਕਹਿਣ ਲੱਗੇ ਕਿ ਔਰੰਗਜ਼ੇਬ ਦੀ ਕੈਦ ਵਿਚ ਇਕ ਪੂਰਨ ਮਹਾਤਮਾ ਹੈ ਜਿਸਦਾ ਨਾਮ 'ਸਰਮੱਦ' ਹੈ, ਉਹਨਾਂ ਕੋਲ ਜਾ ਕੇ ਅਰਥ ਪੁੱਛੇ ਜਾ ਸਕਦੇ ਹਨ। ਵਜ਼ੀਰ ਨੂੰ ਉਥੇ ਭੇਜਿਆ ਗਿਆ ਜੋ ਸਫਰ ਕਰਦਾ ਕਰਦਾ ਉਥੇ ਪਹੁੰਚਿਆ, ਉਥੇ ਆ ਕੇ ਅਰਥ ਹੋਰਾਂ ਕੋਲੋਂ ਪੁਛੇ ਪਰ ਕੋਈ ਤਸੱਲੀ ਨਾ ਹੋਈ। ਸੋ ਵਜ਼ੀਰ ਨੇ ਸਰਮੱਦ ਨੂੰ ਮਿਲਣ ਦੀ ਖਾਹਸ਼ ਪ੍ਰਗਟ ਕੀਤੀ, ਆਗਿਆ ਮਿਲ ਗਈ। ਜਿਸ ਤਹਿ ਖਾਨੇ ਵਿਚ ਉਹ ਕੈਦ ਸੀ, ਉਥੇ ਪਹੁੰਚ ਗਏ। ਜਦੋਂ ਵਜ਼ੀਰ ਨੇ ਉਸਨੂੰ ਆਵਾਜ਼ ਦਿੱਤੀ ਤਾਂ ਸਰਮੱਦ ਸੀਖਾਂ ਕੋਲ ਆ ਗਿਆ। ਉਸਦਾ ਸਰੀਰ ਨਗਨ ਹੈ, ਉਪਰ ਕੋਈ ਕੱਪੜਾ ਨਹੀਂ ਸੀ, ਵਜ਼ੀਰ ਦਾ ਦਿਲ ਹਿਲ ਗਿਆ, ਸਰਮੱਦ ਦੀ ਹਾਲਤ ਦੇਖ ਕੇ ਮਨ ਵਿਚ ਸੋਚਣ ਲੱਗਾ ਕਿ ਸਰਮੱਦ ਇਤਨਾ ਵੱਡਾ ਸਾਧੂ ਹੈ, ਮਹਾਂਪੁਰਸ਼ ਹੈ, ਪਰ ਔਰੰਗਜ਼ੇਬ ਨੇ ਇਸਦਾ ਕੀ ਹਾਲ ਕੀਤਾ ਹੋਇਆ ਹੈ। ਸਰਮੱਦ ਐਸੀਆਂ ਕਰਨੀਆਂ ਵਾਲਾ ਸੀ ਕਿ ਇਕ ਵਾਰੀ ਉਸ ਕੋਲ ਇਕ ਲੜਕਾ ਆਇਆ ਤੇ ਕਹਿਣ ਲੱਗਾ ਕਿ ਮੇਰੀ ਸ਼ਾਦੀ ਹੈ ਤੇ ਮੈਨੂੰ ਦੱਸ ਹਜ਼ਾਰ ਰੁਪਿਆ ਚਾਹੀਦਾ ਹੈ। ਸਰਮੱਦ ਕਹਿਣ ਲੱਗਾ ਕਿ ਮੈਂ ਤੈਨੂੰ ਕਿਥੋਂ ਦਿਆਂ? ਲੜਕਾ ਕਹਿਣ ਲੱਗਾ ਮੈਨੂੰ ਜਿਥੋਂ ਮਰਜ਼ੀ ਦਿਓ। ਉਨ੍ਹਾਂ ਨੇ ਚਾਰ ਕਾਨੇ ਤੋੜ ਕੇ ਚਾਰ ਪਾਵੇ ਬਣਾ ਦਿਤੇ, ਚਾਰ ਬਾਹੀਆਂ ਬਣਾਂ ਦਿਤੀਆਂ, ਫੂਸ ਉਪਰ ਜੋੜ ਦਿਤਾ ਜਿਸ ਤਰ੍ਹਾਂ ਮੰਜਾ ਬਣਾਈਦਾ ਹੈ। ਕਹਿਣ ਲੱਗੇ, "ਇਹ ਲੈ ਜਾ ਤੇ ਬਜ਼ਾਰ ਵਿਚ ਜਾ ਕੇ ਹੋਕਾ ਦੇ ਦੇ ਕਿ ਔਰੰਗਜ਼ੇਬ ਦਾ ਤਖਤ ਅੱਠ ਆਨੇ ਨੂੰ ਵਿਕ ਰਿਹਾ ਹੈ। ਉਸਨੇ ਜਾ ਕੇ ਹੋਕਾ ਦੇ ਦਿੱਤਾ ਕਿ ਦਿੱਲੀ ਦਾ ਤਖਤ ਅੱਠ ਆਨੇ ਵਿਚ ਵਿਕ ਰਿਹਾ ਹੈ, ਸਰਮੱਦ ਨੇ ਇਸਦਾ ਮੁਲ ਪਾਇਆ ਹੈ। ਜਦੋਂ ਔਰੰਗਜੇਬ ਨੇ ਸਰਮੱਦ ਦਾ ਨਾਮ ਸੁਣਿਆ ਤਾਂ ਉਹ ਘਬਰਾ ਗਿਆ ਤੇ ਸੋਚਣ ਲੱਗਾ ਕਿ ਸਰਮੱਦ ਤਾਂ ਸਾਈਂ ਲੋਕ ਹੈ। ਉਸਨੇ ਐਸਾ ਬਚਨ ਕਰ ਦਿਤਾ ਤਾਂ ਮੇਰਾ ਤਾਂ ਰਾਜ ਹੀ ਚਲਾ ਜਾਏਗਾ। ਔਰੰਗਜ਼ੇਬ ਨੇ ਉਸੇ ਵੇਲੇ ਲੜਕੇ ਨੂੰ ਬੁਲਾ ਕੇ ਪੁਛਿਆ, ਤੈਨੂੰ ਕਿੰਨਾ ਪੈਸਾ ਚਾਹੀਦਾ ਹੈ? ਲੜਕੇ ਨੇ ਕਿਹਾ ਕਿ ਮੈਨੂੰ ਦੱਸ ਹਜ਼ਾਰ ਰੁਪਏ ਚਾਹੀਦੇ ਹਨ। ਔਰੰਗਜ਼ੇਬ ਨੇ ਲੜਕੇ ਨੂੰ ਦੱਸ ਹਜ਼ਾਰ ਰੁਪਏ ਦੇ ਦਿਤੇ।

ਇਕ ਵਾਰੀ ਔਰੰਗਜ਼ੇਬ ਨੇ ਹੁਕਮ ਕੀਤਾ ਕਿ ਸਰਮੱਦ ਨੂੰ ਕਤਲ ਕਰ ਦਿਓ। ਸਰਮੱਦ ਨੇ ਕਿਹਾ, ਮੈਨੂੰ ਦੇਖ ਕੇ ਕਤਲ ਕਰੀਂ, ਮੇਰੇ ਮਰਨ ਨਾਲ ਤੇਰਾ ਸਾਰਾ ਖਾਨਦਾਨ ਹੀ ਖਤਮ ਹੋ ਜਾਵੇਗਾ। ਔਰੰਗਜ਼ੇਬ ਨੇ ਕਿਹਾ, ਇਹਦਾ ਕੀ ਸਬੂਤ ਹੈ? ਉਥੇ ਕਿਹਾ ਕਿ ਮੇਰੀ ਇਕ ਚੀਚੀ ਉਂਗਲੀ ਨੂੰ ਚੀਰਾ ਦੇ ਕੇ ਦੇਖ ਲੈ। ਜਦੋਂ ਉਸਦੀ ਚੀਚੀ ਤੇ ਚੀਰਾ ਦਿੱਤਾ ਤਾਂ ਔਰੰਗਜ਼ੇਬ, ਉਸਦੀਆਂ ਬੇਗਮਾਂ, ਸਾਰੇ ਪਰਿਵਾਰ ਦੀਆਂ ਚੀਚੀਆਂ ਤੇ ਚੀਰਾ ਆ ਗਿਆ। ਸਰਮੱਦ ਬੇਅੰਤ ਸ਼ਕਤੀਆਂ ਦਾ ਮਾਲਕ ਸੀ। ਉਹ ਵਸਤਰ ਨਹੀਂ ਸੀ ਪਾਉਂਦਾ ਹੁੰਦਾ, ਜਾਮਾ ਮਸਜਿਦ ਕੋਲ ਜੋ ਪਿੱਪਲ ਸੀ, ਉਸਦੇ ਹੇਠਾਂ ਬੈਠਦਾ ਸੀ। ਔਰੰਗਜ਼ੇਬ ਨਮਾਜ਼ ਪੜ੍ਹਨ ਜਾਂਦਾ ਹੁੰਦਾ ਸੀ, ਇਕ ਦਿਨ ਸਰਮੱਦ ਨੂੰ ਕਹਿਣ

ਲੱਗਾ, "ਦਰਵੇਸ਼ ਸਾਂਈ! ਤੂੰ ਕਪੜੇ ਕਿਉਂ ਨਹੀਂ ਪਾਂਦਾ, ਉਪਰ ਕੰਬਲ ਕਿਉਂ ਨਹੀਂ ਲੈਂਦਾ ਜੋ ਤੇਰੇ ਕੋਲ ਪਿਆ ਹੈ।" ਕਹਿਣ ਲੱਗਾ, "ਤੂੰ ਮੇਰੇ ਉਪਰ ਕੰਬਲ ਪਾ ਦੇ।" ਹਾਥੀ ਤੋਂ ਉਤਰ ਕੇ ਆਇਆ। ਜਦੋਂ ਕੰਬਲ ਚੁੱਕ ਕੇ ਸਰਮੱਦ ਦੇ ਉਪਰ ਦੇਣ ਲੱਗਾ ਤਾਂ ਇਕ ਦਮ ਵਾਪਸ ਰੱਖ ਦਿਤਾ। ਸਰਮੱਦ ਨੇ ਪੁਛਿਆ, "ਕੰਬਲ ਵਾਪਸ ਕਿਉਂ ਰੱਖ ਦਿਤਾ?" ਤੈਨੂੰ ਕੀ ਦਿਸਿਆ ਹੈ? ਤੇਰੇ ਪਿਓ ਦਾ ਸਿਰ ਹੇਠਾਂ ਪਿਆ ਹੈ, ਭਰਾਵਾਂ ਦੇ ਸਿਰ ਹੇਠਾਂ ਪਏ ਹਨ, ਦਾਦੇ ਦਾ ਸਿਰ ਵੀ ਹੇਠਾਂ ਪਿਆ ਹੈ, ਬਹੁਤ ਸਾਰੇ ਸੂਫੀ ਪੀਰਾਂ ਦੇ, ਹਿੰਦੂ ਮਹਾਂਪੁਰਸ਼ਾਂ ਦੇ ਸਿਰ ਹੇਠਾਂ ਪਏ ਹਨ।" ਕਹਿਣ ਲੱਗਾ, "ਕਿਉਂ, ਡਰ ਗਿਆ ਤੂੰ? ਹੁਣ ਦੱਸ, ਤੇਰੇ ਔਗੁਣ ਢਕਾਂ ਕਿ ਮੈਂ ਆਪਣਾ ਸਰੀਰ ਢਕਾਂ।" ਔਰੰਗਜ਼ੇਬ ਉਹਦੇ ਨਾਲ ਬੜਾ ਖਿਝਦਾ ਰਹਿੰਦਾ ਸੀ। ਇਕ ਦਿਨ ਕਹਿਣ ਲੱਗਾ, "ਸਾਂਈ! ਤੈਨੂੰ ਦੇਹ ਅਧਿਆਸ ਬੜਾ ਹੈ।" ਸਰਮੱਦ ਕਹਿਣ ਲੱਗਾ, "ਤੈਨੂੰ ਮੇਰੇ ਸਰੀਰ ਦਾ ਚਮੜਾ ਚਾਹੀਦਾ ਹੈ, ਲੈ ਲੈ, ਸਰਮੱਦ ਨੂੰ ਕੈਦ ਵਿਚ ਪਾ ਦਿਤਾ ਤੇ ਹੁਕਮ ਦੇ ਦਿਤਾ ਕਿ ਇਸਨੂੰ ਸੌ ਕੋਰੜੇ ਰੋਜ਼ ਲੱਗਿਆ ਕਰਨ। ਇਸਨੂੰ ਛੋਲਿਆਂ ਦੀ, ਬਾਜਰੇ ਦੀ ਖੁਸ਼ਕ ਰੋਟੀ, ਖੂਬ ਸਾਰਾ ਨਮਕ ਪਾ ਕੇ ਦਿਓ। ਉਸੇ ਵੇਲੇ ਜਦੋਂ ਵਜ਼ੀਰ ਪਹੁੰਚਦਾ ਹੈ ਤਾਂ ਉਸਨੇ ਕਿਹਾ ਸਾਈਂ! ਮੈਂ ਤਾਂ ਤੁਹਾਡੇ ਕੋਲੋਂ ਅਰਥ ਪੁੱਛਣ ਆਇਆ ਹਾਂ। ਐਨੀ ਦੇਰ ਵਿਚ ਜਲਾਦ ਆ ਜਾਂਦਾ ਹੈ। ਜਲਾਦ ਅੰਦਰ ਵੜ ਗਿਆ, ਸਰਮੱਦ ਚੌਂਕੜਾ ਮਾਰ ਕੇ ਬੈਠ ਗਿਆ। ਜਲਾਦ ਨੇ ਪੰਜਾਹ ਕੋਰੜੇ ਮਾਰੇ ਤੇ ਥੋੜ੍ਹਾ ਦਮ ਲੈਣ ਲਗ ਗਿਆ। ਫੇਰ ਪੰਜਾਹ ਕੋਰੜੇ ਮਾਰੇ, ਸਰਮੱਦ ਚੁੱਪ ਕੀਤਾ ਉਪਰ ਹੱਥ ਕਰਕੇ ਉਂਗਲੀ ਹਿਲਾਈ ਜਾਂਦਾ ਹੈ। ਵਜ਼ੀਰ ਦੇ ਸਮਝ ਵਿਚ ਨਾ ਆਇਆ। ਜਦੋਂ ਜਲਾਦ ਚਲਾ ਗਿਆ ਤਾਂ ਵਜ਼ੀਰ ਨੇ ਕਿਹਾ ਕਿ ਸਾਈਂ ਲੋਕ ਤੇਰੇ ਨਾਲ ਤਾਂ ਬਹੁਤ ਬੁਰੀ ਹੁੰਦੀ ਹੈ। ਮੈਂ ਤਾਂ ਅਰਥ ਪੁੱਛਣ ਆਇਆ ਸੀ। ਸਰਮੱਦ ਕਹਿਣ ਲੱਗਾ, "ਤੂੰ ਇੰਨ੍ਹਾਂ ਗੱਲਾਂ ਤੋਂ ਕੀ ਲੈਣਾ ਹੈ। ਤੂੰ ਆਪਣੇ ਅਰਥ ਪੁੱਛ। ਤੂੰ ਇਸ ਤਰ੍ਹਾਂ ਕਰੀਂ, ਕੱਲ ਇਕ ਮਸ਼ਕ ਪਾਣੀ ਦੀ ਲਿਆਈਂ, ਦੋ ਗੱਜ ਕੱਪੜਾ ਲਿਆਈਂ, ਮੈਂ ਤੇੜ ਪਾ ਲਵਾਂਗਾ। ਦੂਜੇ ਦਿਨ ਜਦੋਂ ਵਜ਼ੀਰ ਗਿਆ ਤਾਂ ਆਵਾਜ਼ ਦਿੱਤੀ, "ਸਾਈਂ ਲੋਕ! ਮੈਂ ਕੱਪੜਾ ਤੇ ਮਸ਼ਕ ਲੈ ਆਇਆ ਹਾਂ ਪਰ ਦਰਵਾਜ਼ਾ ਬੰਦ ਹੈ।" ਸਰਮੱਦ ਨੇ ਨਿਗਾਹ ਕੀਤੀ ਤਾਂ ਦਰਵਾਜ਼ਾ ਤੜੱਕ ਕਰਕੇ ਖੁਲ੍ਹ ਗਿਆ। ਤਾਲਾ ਗਿਰ ਕੇ ਪਰ੍ਹਾਂ ਜਾ ਪਿਆ। ਵਜ਼ੀਰ ਨੂੰ ਅੰਦਰ ਹੀ ਬੁਲਾ ਲਿਆ। ਆਪਣੀ ਨਿਗਾਹ ਨਾਲ ਪਹਿਰੇਦਾਰ ਵੀ ਸੁਲਾ ਦਿੱਤੇ। ਇਸ਼ਨਾਨ ਕੀਤਾ, ਵਸਤ੍ਰ ਪਾਇਆ, ਵਜ਼ੀਰ ਸਾਂਈ ਲੋਕ ਦੀ ਤਾਕਤ ਨੂੰ ਦੇਖ ਕੇ ਹੈਰਾਨ ਹੋ ਗਿਆ। ਐਨੀ ਦੇਰ ਨੂੰ ਕੋਰੜੇ ਮਾਰਨ ਵਾਲਾ ਜਲਾਦ ਆ ਗਿਆ। ਉਹ ਕੋਰੜੇ ਮਾਰਨ ਲੱਗ ਪਿਆ, ਸਰਮੱਦ ਖਾਈ ਜਾਂਦਾ ਹੈ। ਤੇ ਜਦੋਂ ਪੰਜਾਹ ਕੋਰੜੇ ਲੱਗ ਗਏ ਤਾਂ ਕਹਿਣ ਲੱਗੇ ਕਿ ਅਰਥ ਸਮਝ ਗਿਆ? ਵਜ਼ੀਰ ਕਹਿਣ ਲੱਗਾ, ਨਾ ਮਹਾਰਾਜ! ਮੈਂ ਤਾਂ ਸਮਝਿਆ ਨਹੀਂ। ਉਹਦੇ ਸਿਰ ਤੇ ਹੱਥ ਰੱਖ ਦਿਤਾ ਤੇ ਕਿਹਾ, ਤੂੰ ਹੁਣ ਸਮਝ। ਜਦੋਂ ਬਾਕੀ ਦੇ ਪੰਜਾਹ ਕੋਰੜੇ ਲੱਗੇ ਤਾਂ ਵਜ਼ੀਰ ਕੀ ਦੇਖਦਾ ਹੈ ਕਿ ਸਭ ਅਸਮਾਨੀ ਤਾਕਤਾਂ ਹੱਥ ਬੰਨ੍ਹੀ ਖੜ੍ਹੀਆਂ ਹਨ ਤੇ ਕਹਿ ਰਹੀਆਂ ਹਨ ਕਿ ਸਰਮੱਦ ਐਨਾ ਦੁਖ ਕਿਉਂ ਸਹੀ ਜਾਂਦਾ ਹੈਂ? ਸਾਨੂੰ ਹੁਕਮ ਦੇਹ, ਅਸੀਂ ਇਸ

ਜ਼ਾਲਮ ਬਾਦਸ਼ਾਹ ਦੀ ਬਾਦਸ਼ਾਹੀ ਗਰਕ ਕਰ ਦਿੰਦੇ ਹਾਂ, ਇਹਦਾ ਖਾਨਦਾਨ ਗਰਕ ਕਰ ਦੇਈਏ, ਦਿੱਲੀ ਗਰਕ ਕਰ ਦੇਈਏ। ਸਰਮੱਦ ਉਂਗਲੀ ਨਾਲ ਨਾ-ਨਾ ਕਹੀ ਜਾਂਦਾ ਹੈ। ਫੇਰ ਵਜ਼ੀਰ ਨੂੰ ਪੁਛਿਆ, ਕੀ ਤੈਨੂੰ ਸਮਝ ਆ ਗਿਆ। ਜਦੋਂ ਕੋਰੜੇ ਲਗ ਹਟੇ, ਕਹਿਣ ਲੱਗੇ ਕਿ ਅਸੀਂ ਤਾਂ ਤੈਨੂੰ ਪ੍ਰਤੱਖ (practically) ਦਿਖਾ ਦਿਤਾ ਹੈ, ਮੈਂ ਐਨੀਆਂ ਤਾਕਤਾਂ ਦਾ ਮਾਲਕ ਹਾਂ ਕਿ ਜੇ ਇਕ ਵਾਰੀ ਚੁਟਕੀ ਵਜਾ ਦਿਆਂ ਤਾਂ ਸਾਰੀ ਦਿੱਲੀ ਗਰਕ ਹੋ ਜਾਵੇਗੀ। ਐਨੀ ਤਾਕਤ ਹੁੰਦੇ ਹੋਏ ਵੀ ਮੈਂ ਫੇਰ ਕੋਰੜੇ ਖਾ ਰਿਹਾ ਹਾਂ। ਐਨੀ ਤਾਕਤ ਹੁੰਦੇ ਹੋਏ ਵੀ ਮੈਂ ਲੂਣ ਵਾਲਾ ਪਾਣੀ ਪੀ ਕੇ, ਬਾਜਰੇ ਦੀ ਰੋਟੀ ਖਾ ਕੇ ਅੱਲਾ ਤਾਲਾ ਦਾ ਸ਼ੁਕਰ ਕਰ ਰਿਹਾ ਹਾਂ ਤੇ ਕਹਿੰਦਾ ਹਾਂ ਕਿ ਹੇ ਪ੍ਰਭੂ! ਤੂੰ ਮੇਰੇ ਵਾਸਤੇ ਭੇਜਦਾ ਤਾਂ ਹੈ ਨਾ-ਕੁਝ ਨਾ ਕੁਝ। ਸੋ ਇਹ ਮੁਰੀਦ ਦੇ ਲੱਛਣ ਹੁੰਦੇ ਹਨ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ॥***

***ਭਾਈ ਗੁਰਦਾਸ ਜੀ ਵਾਰ 3/18***

ਗੁਲਾਮ ਦੀ ਕੋਈ ਮਰਜ਼ੀ ਨਹੀਂ ਹੁੰਦੀ। ਕਦੀ ਕਹਿ ਦਿਓ ਸੌਂ ਜਾ, ਕਦੀ ਕਹਿ ਦਿਓ ਉਠ ਜਾ, ਉਸਨੇ ਤਾਂ ਉਸ ਦੇ ਮੁਤਾਬਿਕ ਕੰਮ ਕਰਨਾ ਹੈ। ਕਦੀ ਉਸਦੀ ਕੋਈ ਮਰਜ਼ੀ ਜਾਂ ਹੱਕ ਨਹੀਂ ਹੁੰਦਾ। ਸੋ ਇਸ ਤਰ੍ਹਾਂ ਭਾਈ ਮੰਝ ਸੇਵਾ ਕਰਦੇ ਹਨ। ਸੇਵਾ ਕਰਦੇ-ਕਰਦੇ ਸਰੀਰ ਕ੍ਰਿਸ ਹੋਇਆ ਹੋਇਆ ਹੈ, ਕਮਜ਼ੋਰ ਹੋ ਗਿਆ। ਲਕੜੀਆਂ ਦਾ ਭਰਾ ਵੱਡਾ ਸੀ, ਚੁਕਿਆ ਨਹੀਂ ਸੀ ਜਾ ਰਿਹਾ। ਸੰਗਲ ਨਾਲ ਲੈ ਜਾਂਦੇ ਹਨ, ਸੰਗਲ ਦੀ ਮੱਦਦ ਦੇ ਨਾਲ ਦਰਖਤ ਨਾਲ ਲਾ ਕੇ ਭਰ੍ਹਾ ਚੁਕਿਆ, ਟੁਰਦੇ-ਟੁਰਦੇ ਚਾਰ ਵਜੇ ਕਾਲੀ ਬੋਲੀ ਹਨੇਰੀ ਆ ਗਈ। ਭਰ੍ਹਾ ਸਿਰ ਤੇ ਰੱਖਿਆ ਹੋਇਆ ਹੈ। ਜਿਥੇ ਥੱਕ ਜਾਂਦੇ ਹਨ, ਉਥੇ ਦਮ ਲੈ ਲੈਂਦੇ ਹਨ। ਕਾਲੀ ਬੋਲੀ ਹਨ੍ਹੇਰੀ ਵਿਚ ਰਸਤਾ ਭੁਲ ਗਏ। ਜੰਗਲ ਵਿਚ ਇਕ ਖੂਹ ਸੀ ਜਿਸ ਦੇ ਉਪਰ ਮੌਣ ਨਹੀਂ ਸੀ ਤੇ ਖੂਹ ਵਿਚ ਦੜੰਮ ਕਰਕੇ ਗਿਰ ਗਏ। ਨੇੜੇ-ਤੇੜੇ ਕੋਈ ਵੀ ਨਹੀਂ ਸੀ। ਉਸ ਵਕਤ ਪੰਜਵੇ ਪਾਤਸ਼ਾਹ ਨੇੜੇ ਹੀ ਕਿਸੇ ਪਿੰਡ ਵਿਚ ਦੀਵਾਨ ਵਿਚ ਗਏ ਹੋਏ ਸਨ। ਇਕ ਦਮ ਆਸਣ ਤੋਂ ਖੜ੍ਹੇ ਹੋ ਗਏ। ਖੜ੍ਹੇ ਹੋ ਕੇ ਕਹਿਣ ਲਗੇ, "ਜਲਦੀ ਰੱਸੇ ਲੈ ਕੇ ਆਓ।" ਆਪ ਨੇ ਜੋੜਾ ਵੀ ਨਹੀਂ ਪਾਇਆ, ਉਸੇ ਤਰ੍ਹਾਂ ਦੌੜੇ ਜਾਂਦੇ ਹਨ। ਇਸ ਤਰ੍ਹਾਂ ਪੜ੍ਹ ਲਓ।

***ਧਾਰਨਾ - ਔਖੀ ਘੜੀ ਨਾ ਦੇਖਣ ਦੇਵੇ,***
***ਆਪਣਾ ਬਿਰਦ ਸੰਮਾਲਦਾ -2, 2.***
***ਆਪਣਾ ਬਿਰਦ ਸੰਮਾਲਦਾ -4, 2.***
***ਔਖੀ ਘੜੀ ਨਾ ਦੇਖਣ ਦੇਵੇ,.........2***

***ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥***
***ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥***

*ਪੰਨਾ - 682*

ਗੁਰੂ, ਸਿਖ ਦੀ ਹਰ ਵਕਤ ਪ੍ਰਤਿਪਾਲਨਾ ਕਰਦਾ ਹੈ, ਨਿਗਾਹ ਤੋਂ ਉਹਲੇ ਨਹੀਂ ਹੁੰਦਾ। ਇਹ ਤਾਂ ਨਹੀਂ ਸੀ ਕਿ ਗੁਰੂ ਮਹਾਰਾਜ ਨੂੰ ਪਤਾ ਨਹੀਂ ਸੀ ਕਿ ਇਸ ਦੇ ਨਾਲ ਕੀ ਭਾਵੀ ਬੀਤੀ ਹੈ। ਉਸਦਾ ਚੌਧਰੀਪੁਣਾ ਜਾਂਦਾ ਰਿਹਾ, ਪਿੰਡ ਵਿਚੋਂ ਕਢਿਆ ਗਿਆ, ਲੜਕੀ ਗਹਿਣੇ ਪੈ ਗਈ, ਘਰਵਾਲੀ ਗਹਿਣੇ ਪੈ ਗਈ ਤੇ ਅਸੀਂ ਇਸਨੂੰ ਲੰਗਰ ਵਿਚੋਂ ਪ੍ਰਸ਼ਾਦਾ ਵੀ ਨਹੀਂ ਛੱਕਣ ਦਿਤਾ। ਅੰਦਰੋਂ ਗੁਰੂ ਮਹਾਰਾਜ ਸਭ ਕੁਝ ਜਾਣਦੇ ਸੀ। ਉਸ ਵੇਲੇ ਗੁਰੂ ਧਾਈ ਕਰੀ ਆਉਂਦੇ ਹਨ। ਤਖਤ ਤੇ ਬੈਠ ਨਹੀਂ ਸਕੇ। ਸੰਗਤਾਂ 'ਚੋ ਇਕ ਦਮ ਉਠ ਕੇ ਖੜ੍ਹੇ ਹੋ ਗਏ। ਜੋੜਾ ਨਹੀਂ ਮੰਗਿਆ, ਇਕ ਦਮ ਹੁਕਮ ਕੀਤਾ ਕਿ ਸਾਡੇ ਪਿਛੇ ਲੱਜ ਲੈ ਕੇ ਆਓ। ਹਨ੍ਹੇਰੀ ਜ਼ੋਰਾਂ ਨਾਲ ਚੱਲ ਰਹੀ ਹੈ। ਸੇਵਕ ਦੌੜ ਕੇ ਜੋੜਾ ਲੈ ਕੇ ਆਇਆ, ਪਰ ਜੋੜਾ ਪਾਉਣ ਦਾ ਵਿਹਲ ਨਹੀਂ ਸੀ।

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,***
***ਪਿਆਰਿਆਂ ਦੇ ਰਖਣੇ ਨੂੰ - 2, 2.***
***ਵਾਹਵਾ-ਵਾਹਵਾ, ਪਿਆਰਿਆਂ ਦੇ ਰੱਖਣੇ ਨੂੰ - 2, 2.***
***ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,.......2***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***

*ਪੰਨਾ - 403*

ਕੈਸਾ ਨਜ਼ਾਰਾ ਹੈ - ਗੁਰੂ ਮਹਾਰਾਜ ਦੌੜੇ ਆ ਰਹੇ ਹਨ। ਜੋੜੇ ਵਾਲਾ ਜੋੜਾ ਚੁੱਕੀ ਆਉਂਦਾ ਹੈ, ਘੋੜੇ ਵਾਲਾ ਘੋੜੇ ਨੂੰ ਫੜੀ ਲਿਆ ਰਿਹਾ ਹੈ, ਲੱਜਾਂ ਵਾਲੇ ਲੱਜਾਂ ਇਕੱਠੀਆਂ ਕਰਕੇ ਲਿਆ ਰਹੇ ਹਨ। ਮਹਾਰਾਜ ਦੌੜੇ ਜਾ ਰਹੇ ਹਨ, ਕਿਸੇ ਦੀ ਗੱਲ ਨਹੀਂ ਸੁਣ ਰਹੇ। ਜਾ ਕੇ ਖੂਹ ਦੇ ਕੋਲ ਖੜ੍ਹੇ ਹੋ ਗਏ। ਉਸ ਵੇਲੇ ਖੂਹ ਵਿਚੋਂ ਆਵਾਜ਼ ਆ ਰਹੀ ਸੀ। ਸਤਿਨਾਮ-ਵਾਹਿਗੁਰੂ, ਸਤਿਨਾਮ-ਵਾਹਿਗੁਰੂ। ਮਹਾਰਾਜ ਖੂਹ ਦੇ ਨੇੜੇ ਨਹੀਂ ਗਏ, ਪਿਛੇ ਹਟ ਕੇ ਖਲੋ੍ਹ ਗਏ। ਸਿੱਖਾਂ ਨੂੰ ਕਿਹਾ ਇਸ ਨੂੰ ਪੁਛੋ ਖੂਹ ਵਿਚ ਕੌਣ ਹੈ? ਆਪ ਜਾਣਦੇ ਤਾਂ ਸਭ ਕੁਝ ਸੀ। ਇਕ ਸਿਖ ਨੇ ਆਵਾਜ਼ ਦਿੱਤੀ ਤੇ ਪੁਛਿਆ ਕਿ ਪ੍ਰੇਮੀਆਂ ਤੂੰ ਕੌਣ ਹੈਂ? ਖੂਹ ਵਿਚੋਂ ਆਵਾਜ਼ ਆਈ ਕਿ ਮੈਂ ਪੰਜਵੇਂ ਪਾਤਸ਼ਾਹ ਦਾ ਇਕ ਗਰੀਬ ਜਿਹਾ, ਅਦਨਾ ਜਿਹਾ ਸਿਖ ਹਾਂ, ਮਾਮੂਲੀ ਜਿਹਾ ਸਿਖ ਹਾਂ। ਭਾਈ ਮੰਝ ਦੇ ਮਨ ਵਿਚ ਕੋਈ ਮਾਣ ਨਹੀਂ ਹੈ। ਸਿੱਖਾਂ ਨੇ ਕਿਹਾ ਕਿ ਅਸੀਂ ਲੱਜਾਂ ਫੜਾਉਂਦੇ ਹਾਂ, ਤੂੰ ਫੜਕੇ ਬਾਹਰ ਨਿਕਲ ਆ। ਭਾਈ ਮੰਝ ਕਹਿਣ ਲਗੇ, "ਪਿਆਰਿਓ! ਜੇ ਮੈਨੂੰ ਕਢਣਾ ਹੈ ਤਾਂ ਪਹਿਲਾਂ ਬਾਲਣ ਕੱਢ ਲਓ, ਅਜੇ ਤੱਕ ਇਹ ਬਾਲਣ ਮੈਂ ਭਿੱਜਣ ਨਹੀਂ ਦਿਤਾ।" ਜੇਕਰ ਅਸੀਂ ਹੁੰਦੇ ਤਾਂ ਅਸੀਂ ਕੀ ਕਰਨਾ ਸੀ ਕਿ ਪਹਿਲਾਂ ਐਸੀ ਕਾਲੀ ਬੋਲੀ ਹਨ੍ਹੇਰੀ ਵਿਚ ਘਰੋਂ ਬਾਹਰ ਹੀ ਨਹੀਂ ਸੀ ਨਿਕਲਣਾ,

ਵੀਹ ਬਹਾਨੇ ਲਗਾ ਦੇਣੇ ਸਨ। ਸਾਧ ਸੰਗਤ ਜੀ! ਅੱਜ ਕੱਲ ਕੋਈ ਸੇਵਾ ਕਰਦਾ ਹੈ? ਬਹੁਤ ਔਖੀ ਗੱਲ ਹੈ। ਇਹ ਤਾਂ ਉਨ੍ਹਾਂ ਗੁਰਸਿਖਾਂ ਦੇ ਹੀ ਜੀਵਨ ਸਨ ਜੋ ਕਿ ਚਾਨਣ ਮੁਨਾਰੇ ਦੀ ਤਰ੍ਹਾਂ ਸਨ ਅਤੇ ਅੱਜ ਵੀ ਸਾਨੂੰ ਰਸਤਾ ਦਿਖਾ ਰਹੇ ਹਨ। ਉਨ੍ਹਾਂ ਦੀ ਰੋਸ਼ਨੀ ਲੈ ਕੇ ਅਸੀਂ ਮਾੜਾ ਮੋਟਾ ਤੁਰਨ ਦੀ ਕੋਸ਼ਿਸ਼ ਕਰਦੇ ਹਾਂ। ਉਹ ਜੀਵਨ ਅੱਜ ਦੇ ਗੁਰਸਿਖਾਂ ਨੂੰ ਪ੍ਰਾਪਤ ਨਹੀਂ ਹਨ। ਅੱਜ ਕੱਲ ਤਾਂ ਖੁਦਗਰਜ਼ੀਆਂ ਹੱਦ ਤੋਂ ਜ਼ਿਆਦਾ ਹਨ, ਵੱਡਾ ਬਣਨ ਦੀ ਲਾਲਸਾ ਬਣੀ ਰਹਿੰਦੀ ਹੈ, ਭਾਵੇਂ ਸਾਰਿਆਂ ਨੂੰ ਧੋਖਾ ਦੇਣਾ ਪੈ ਜਾਵੇ। ਕੋਈ ਕਿਸੇ ਵਾਸਤੇ ਨਹੀਂ ਜਿਉਂਦਾ, ਸਿੱਖੀ ਵਾਸਤੇ ਨਹੀਂ ਜਿਉਂਦਾ; ਸਾਰੇ ਆਪਣੇ ਵਾਸਤੇ ਜੀਅ ਰਹੇ ਹਨ। ਉਸ ਵੇਲੇ ਤੋਂ ਹੁਣ ਬਿਲਕੁਲ ਉਲਟਾ ਕੰਮ ਹੋ ਗਿਆ ਹੈ। ਤੇ ਉਥੇ ਕੀ ਸੀ? ਸਿਰ ਤੇ ਗੁਰੂ ਦੇ ਲੰਗਰ ਦਾ ਬਾਲਣ ਹੈ, ਭਾਈ ਮੰਝ ਪਾਣੀ ਵਿਚ ਖੜ੍ਹਾ ਹੈ। ਗਲ-ਗਲ ਤੱਕ ਪਾਣੀ ਹੈ; ਜੇ ਅਸੀਂ ਹੁੰਦੇ ਤਾਂ ਕੀ ਕਰਦੇ? ਬਾਲਣ ਪੈਰਾਂ ਥਲੇ ਰਖਣਾ ਸੀ ਤੇ ਆਪ ਉਸ ਉਪਰ ਖੜ੍ਹੇ ਹੋ ਜਾਣਾ ਸੀ ਕਿ ਕਿਧਰੇ ਡੁਬ ਨਾ ਜਾਈਏ। ਪਰ ਧੰਨ ਸੀ ਉਹ ਗੁਰਸਿਖ, ਕਿੰਨੀ ਦੇਰ ਹੋ ਗਈ ਪਾਣੀ ਵਿਚ ਖੜ੍ਹੇ ਨੂੰ। ਬਾਲਣ ਭਿੱਜਣ ਨਹੀਂ ਦਿਤਾ, ਕਹਿਣ ਲੱਗਾ ਕਿ ਜੇ ਮੈਨੂੰ ਬਾਹਰ ਕੱਢਣਾ ਹੈ ਤਾਂ ਪਹਿਲਾਂ ਬਾਲਣ ਕੱਢੋ। ਗੁਰੂ ਦੇ ਲੰਗਰ ਦਾ ਬਾਲਣ ਹੈ, ਕਿਧਰੇ ਗਿੱਲਾ ਨਾ ਹੋ ਜਾਵੇ। ਇਹ ਗੱਲ ਸੁਣ ਕੇ ਸਾਰਿਆਂ ਦੇ ਨੇਤਰਾਂ ਵਿਚੋਂ ਜਲ ਜਾਣ ਲੱਗ ਪਿਆ। ਧੰਨ ਹੈ ਤੂੰ ਭਾਈ, ਧੰਨ ਹੈ ਤੇਰੀ ਸਿੱਖੀ, ਧੰਨ ਤੇਰੀ ਕਮਾਈ, ਸਚਮੁੱਚ ਤੇਰਾ ਤਾਂ ਜੀਵਨ ਹੀ ਬਹੁਤ ਉਚਾ ਹੈ। ਗੁਰੂ ਮਹਾਰਾਜ ਦੇ ਨੇਤਰਾਂ ਵਿਚੋਂ ਵੀ ਜਲ ਜਾ ਰਿਹਾ ਹੈ। ਸਿੱਖਾਂ ਨੇ ਖੂਹ ਵਿਚ ਦੋ ਲੱਜਾਂ ਸੁਟੀਆਂ ਇਕ ਨਾਲ ਤਾਂ ਭਾਈ ਮੰਝ ਨੇ ਪਹਿਲਾਂ ਬਾਲਣ ਬੰਨ੍ਹਿਆ ਤੇ ਬਾਹਰ ਕਢਵਾਇਆ। ਦੂਜੀ ਲੱਜ ਨਾਲ ਆਪ ਬਾਹਰ ਆਇਆ। ਜਦੋਂ ਭਾਈ ਮੰਝ ਬਾਹਰ ਨਿਕਲਿਆ ਤਾਂ ਕੀ ਦੇਖਿਆ ਕਿ ਗੁਰੂ ਮਹਾਰਾਜ ਸਾਮ੍ਹਣੇ ਖੜ੍ਹੇ ਹਨ ਤੇ ਪੈਰਾਂ ਵਿਚ ਜੋੜਾ ਵੀ ਨਹੀਂ ਹੈ। ਗੁਰੂ ਮਹਾਰਾਜ ਉਸ ਸਮੇਂ ਕੋਈ ਬਚਨ ਨਾ ਕਰ ਸਕੇ। ਇਕ ਦਮ ਅੱਗੇ ਵਧੇ ਤੇ ਸਿੱਖ ਨੂੰ ਛਾਤੀ ਨਾਲ ਲਾ ਲਿਆ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਛਾਤੀ ਨਾਲ ਲਾ ਲਿਆ,***
***ਗੁਰਾਂ ਨੇ ਸਿੱਖ ਪਿਆਰਾ -2, 2.***
***ਗੁਰਾਂ ਨੇ ਸਿੱਖ ਪਿਆਰਾ - 2, 2.***
***ਛਾਤੀ ਨਾਲ ਲਾ ਲਿਆ,.........-2***

ਗੁਰੂ ਜੀ ਨੇ ਭਾਈ ਮੰਝ ਨੂੰ ਛਾਤੀ ਨਾਲ ਲਾ ਲਿਆ। ਜੇ ਕੋਈ ਔਗੁਣ ਰਹਿੰਦਾ ਵੀ ਸੀ ਤਾਂ ਸਭ ਖਤਮ ਕਰ ਦਿਤੇ। ਗੁਰੂ ਮਹਾਰਾਜ ਦੇ ਨੇਤਰਾਂ ਤੋਂ ਜਲ ਜਾ ਰਿਹਾ ਹੈ। ਭਾਈ ਮੰਝ ਦੇ ਨੇਤਰਾਂ ਵਿਚੋਂ ਵੀ ਇਸ ਤਰ੍ਹਾਂ ਜਲ ਜਾ ਰਿਹਾ ਹੈ ਜਿਸ ਤਰ੍ਹਾਂ ਕੋਈ ਉਭਲ ਲੱਗ ਜਾਂਦੀ ਹੈ। ਭਾਈ ਮੰਝ ਦਾ ਤਨ, ਮਨ, ਧਨ ਦਿਤਾ ਹੋਇਆ ਥਾਂ ਪੈ ਗਿਆ।

ਗੁਰੂ ਮਹਾਰਾਜ ਨੇ ਕਿਹਾ, ਭਾਈ ਮੰਝ ਅਸੀਂ ਤੇਰੇ ਤੇ ਅਤੀ ਪ੍ਰਸੰਨ ਹੋਏ ਹਾਂ, ਤੂੰ ਐਡਾ ਵੱਡਾ ਇਮਤਿਹਾਨ ਪਾਸ ਕਰ ਲਿਆ। ਅੱਜ ਮੰਗ ਲੈ ਜੋ ਮੰਗਣਾ ਹੈ, ਗੁਰੂ ਨਾਨਕ ਦੇ ਘਰੋਂ ਦਿਵਾ ਦਿੰਦੇ ਹਾਂ। ਪਰ ਭਾਈ ਮੰਝ

ਤਾਂ ਹੌਕਿਆਂ ਨਾਲ ਰੋ ਰਿਹਾ ਸੀ, ਬੋਲ ਨਹੀਂ ਸੀ ਸਕਦਾ। ਉਸ ਵੇਲੇ ਮਹਾਰਾਜ ਕਹਿੰਦੇ, ਕੁਝ ਮੁਖ ਤੋਂ ਤਾਂ ਬੋਲ। ਭਾਈ ਮੰਝ ਕਹਿਣ ਲੱਗਾ, "ਮਹਾਰਾਜ ਮੈਂ ਕਿਸੇ ਦਾ ਮੁਹਥਾਜ ਨਾ ਹੋਵਾਂ।" ਮਹਾਰਾਜ ਕਹਿੰਦੇ, "ਕੁਝ ਹੋਰ ਮੰਗ। ਉਸ ਵੇਲੇ ਉਸਦਾ ਗਲ ਰੁਕ ਗਿਆ, ਹੰਝੂ ਆ ਰਹੇ ਹਨ। ਬੋਲਿਆ ਨਹੀਂ ਜਾਂਦਾ। ਫੇਰ ਮਹਾਰਾਜ ਕਹਿਣ ਲੱਗੇ, ਕੁਝ ਤਾਂ ਮੰਗ। ਫੇਰ ਭਾਈ ਮੰਝ ਬੋਲਿਆ, "ਸੱਚੇ ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਐਡਾ ਵੱਡਾ ਸਿੱਖ, ਜਿੱਡਾ ਵੱਡਾ ਤੁਸੀਂ ਚਾਹੁੰਦੇ ਹੋ, ਆਪ ਦੀ ਕ੍ਰਿਪਾ ਦੇ ਬਗੈਰ ਬਣ ਨਹੀਂ ਸਕਦਾ। ਅੱਜ ਤੋਂ ਬਾਅਦ ਕਿਸੇ ਸਿੱਖ ਤੇ ਕਸਵੱਟੀ ਨਾ ਲਾਇਓ ਕਿਉਂਕਿ ਪਾਸ ਹੋਣਾ ਬੜਾ ਮੁਸ਼ਕਿਲ ਹੈ। ਰਿਆਇਤੀ ਪਾਸ ਕਰ ਦਿਓ, ਪਾਤਸ਼ਾਹ! ਆਪ ਕ੍ਰਿਪਾ ਕਰੋ।" ਸਾਡੇ ਸਾਰਿਆਂ ਵਾਸਤੇ ਮੰਗ ਰਹੇ ਹਨ। ਕਸਵੱਟੀ ਤਾਂ ਕੋਈ ਸਹਿ ਹੀ ਨਹੀਂ ਸਕਦਾ। ਇਹ ਤਾਂ ਭਾਈ ਮੰਝ ਦੀ ਮਿਹਰਬਾਨੀ ਹੋ ਗਈ ਕਿ ਗੁਰੂ ਮਹਾਰਾਜ ਸਾਨੂੰ ਰਿਆਇਤੀ ਨੰਬਰ ਦੇ ਕੇ ਪਾਸ ਕਰਨ ਲੱਗ ਪਏ। ਉਸ ਵੇਲੇ ਮਹਾਰਾਜ ਕਹਿਣ ਲਗੇ, "ਭਾਈ ਮੰਝ! ਜੇ ਸੋਨੇ ਵਿਚ ਖੋਟ ਹੋਵੇ ਤਾਂ ਉਹ ਬਾਰਾਂ ਵੰਨੀ ਦਾ ਸੋਨਾ ਨਾ ਹੋਣ ਕਰਕੇ ਉਸਦੀ ਪੂਰੀ ਕੀਮਤ ਨਹੀਂ ਪੈਂਦੀ। ਇਸ ਲਈ ਅਸੀਂ ਗੁਰਸਿਖਾਂ ਨੂੰ ਤਾਅ ਲਾ ਕੇ ਪੂਰੇ ਕਰਦੇ ਹਾਂ, ਉਹਦੇ ਬਾਅਦ ਅਸੀਂ ਉਸਨੂੰ ਦਾਤਾ ਬਣਾਉਂਦੇ ਹਾਂ - ਸੰਸਾਰ ਨੂੰ ਤਾਰਨ ਵਾਸਤੇ।" ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਬ੍ਰਹਮ ਗਿਆਨ ਦੀ ਦਾਤ ਦੇ ਦਿਤੀ, ਰਿੱਧੀਆਂ ਸਿੱਧੀਆਂ, ਨੌਂ ਨਿਧੀਆਂ, ਬੇਅੰਤ ਸ਼ਕਤੀਆਂ ਭਾਈ ਮੰਝ ਦੇ ਤਾਬੇ ਕਰ ਦਿਤੀਆਂ। ਕਹਿਣ ਲੱਗੇ, "ਭਾਈ ਮੰਝ! ਇਹ ਜਿੰਨਾਂ ਇਮਤਿਹਾਨ ਸੀ - ਤੇਰੀ ਸਰਦਾਰੀ ਜਾਣੀ, ਤੇਰੀ ਲੜਕੀ ਤੇ ਤੇਰੀ ਘਰਵਾਲੀ ਦੀ ਮਿਹਨਤ ਗਹਿਣੇ ਪੈਣੀ, ਲੋਕਾਂ ਨੇ ਤੇਰੀ ਮੁਖਾਲਫਤ ਕਰਨੀ, ਇਹ ਅਸੀਂ ਹੀ ਕਸਵੱਟੀ ਲਾਈ ਸੀ, ਉਨ੍ਹਾਂ ਲੋਕਾਂ ਦਾ ਕੋਈ ਕਸੂਰ ਨਹੀਂ ਸੀ। ਅਸੀਂ ਉਨ੍ਹਾਂ ਦੇ ਮਨ ਪ੍ਰੇਰ ਦਿਤੇ ਸਨ, ਸਖਤ ਬਣਾ ਦਿਤੇ ਸੀ। ਸੋ ਅੱਜ ਤੂੰ ਪੂਰਾ ਗੁਰਸਿਖ ਨਿਤਰ ਗਿਆ। ਪੂਰਾ ਬਣ ਗਿਆ, ਤੂੰ ਸਾਨੂੰ ਬਹੁਤ ਪਿਆਰਾ ਹੋ ਗਿਆ।

***ਧਾਰਨਾ - ਮੰਝ ਪਿਆਰਾ ਗੁਰੂ ਨੂੰ, - 2, 2.***
***ਗੁਰੂ ਮੰਝ ਪਿਆਰਾ, ਮੰਝ ਪਿਆਰਾ.....-2, 2.***
***ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ -2, 2.***
***ਮੰਝ ਪਿਆਰਾ ਗੁਰੂ ਨੂੰ..................-2.***

ਭਾਈ ਮੰਝ! ਮੈਂ ਤਾਂ ਤੈਨੂੰ ਜਹਾਜ਼ ਬਣਾ ਦਿਤਾ, ਜਿੰਨਿਆਂ ਨੂੰ ਦਿਲ ਕਰਦਾ ਹੈ ਜਹਾਜ਼ ਤੇ ਚਾੜ੍ਹ ਕੇ ਭਵਜਲ ਪਾਰ ਕਰਾ ਦੇਵੀਂ। ਉਸ ਵੇਲੇ ਸਾਰੀਆਂ ਰਿਧੀਆਂ ਸਿਧੀਆਂ, ਸ਼ਕਤੀਆਂ, ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਘਰ ਭੇਜ ਦਿੱਤਾ।" ਸਾਰਿਆਂ ਨੂੰ ਸੁਮੱਤ ਆ ਗਈ। ਜਿਸ ਦੇ ਪਾਸ ਇਸ ਦੀ ਲੜਕੀ ਸੀ, ਲੈ ਕੇ ਹਾਜ਼ਰ ਹੋ ਗਿਆ ਅਤੇ ਕਹਿਣ ਲੱਗਾ, "ਭਾਈ ਮੰਝ! ਮੇਰੇ ਤੋਂ ਬੜੀ ਭੁੱਲ ਹੋਈ। ਤੂੰ ਦੇਵਤਾ ਹੈਂ, ਤੂੰ ਮਹਾਂਪੁਰਸ਼ ਹੈਂ। ਤੇਰੀ ਲੜਕੀ ਕੋਲੋਂ ਮੈਂ ਘਰ ਦਾ ਕੰਮ ਕਰਾਉਂਦਾ ਰਿਹਾ, ਮੈਂ ਕਿੰਨੀ ਮਾੜੀ ਗੱਲ ਕੀਤੀ, ਸੋ ਮੇਰੀ ਭੁੱਲ ਬਖਸ਼।" ਜਿਸ ਕੋਲ ਘਰਵਾਲੀ ਸੀ, ਉਹ ਵੀ ਲੈ ਕੇ

ਆ ਗਿਆ, ਸਾਰਾ ਭਾਈਚਾਰਾ ਆ ਕੇ ਹਾਜ਼ਰ ਹੋ ਗਿਆ। ਜਿਨ੍ਹਾਂ ਨੇ ਮੱਝਾਂ ਖੋਹੀਆਂ ਸੀ, ਜ਼ਮੀਨ ਖੋਹੀ ਸੀ, ਰੋ ਰੋ ਕੇ ਪਛਤਾਅ-ਪਛਤਾਅ ਕੇ ਕਹਿੰਦੇ ਹਨ, "ਭਾਈ ਮੰਝ! ਤੇਰੇ ਜਾਣ ਤੋਂ ਬਾਅਦ ਸਾਡਾ ਬੁਰਾ ਹਾਲ ਹੋ ਗਿਆ। ਕ੍ਰਿਪਾ ਕਰ ਸਾਡੇ ਤੇ, ਜਿਹੜੇ ਗੁਰੂ ਦੇ ਲੜ ਤੂੰ ਲੱਗਾ ਹੈਂ, ਸਾਰੀ ਮੰਝਕੀ ਨੂੰ ਉਸ ਗੁਰੂ ਦੇ ਲੜ ਲਗਾ ਦੇ। ਤੂੰ ਆਪਣੀ ਚੌਧਰ ਸੰਭਾਲ; ਜਿਹੜੇ ਤੇਰੇ ਪਿੰਡ ਸਨ, ਤੂੰ ਉਹ ਵੀ ਸੰਭਾਲ; ਪਰ ਸਾਨੂੰ ਗੁਰੂ ਜੀ ਕੋਲ ਜਲਦੀ ਲੈ ਚਲ।" ਸੋ ਇਸ ਤਰ੍ਹਾਂ ਇਕ ਗੁਰਸਿੱਖ ਨੇ ਸਾਰੀ ਮੰਝਕੀ ਤਾਰ ਦਿਤੀ। ਸਾਧ ਸੰਗਤ ਜੀ, ਮੈਂ ਬੇਨਤੀ ਕੀਤੀ ਸੀ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥***
***ਪੰਨਾ - 26***

ਸੇਵਾ ਕਰਨ ਦੇ ਨਾਲ ਕਿੱਡਾ ਵੱਡਾ ਮਾਣ ਪ੍ਰਾਪਤ ਹੋਇਆ, ਕਿੰਨੇ ਗੁਰਸਿਖਾਂ ਦਾ ਭਲਾ ਹੋਇਆ।

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ -2, 2.***

***ਸਰਬ ਰੋਗ ਕਾ ਅਉਖਦੁ ਨਾਮੁ॥***
***ਪੰਨਾ - 274***

ਗੁਰਸਿੱਖੋ! ਨਾਮ ਬੜੀ ਵੱਡੀ ਚੀਜ਼ ਹੈ। ਨਾਮ ਨਾਲੋਂ ਅਸੀਂ ਟੁੱਟ ਗਏ ਤੇ ਹੋਇਆ ਕੀ? ਬੜਾ ਭਾਰਾ ਦੁਖ ਸਾਡੇ ਸਾਹਮਣੇ ਖੜ੍ਹਾ ਹੋ ਗਿਆ। ਦੁਖੀ ਹੋ ਰਹੇ ਹਾਂ, ਚੈਨ ਨਹੀਂ ਆ ਰਿਹਾ, ਗੁਰੂ ਮਹਾਰਾਜ ਨੇ ਬਹੁਤ ਕੀਮਤੀ ਚੀਜ਼ ਦਰਗਾਹ ਤੋਂ ਲਿਆ ਕੇ ਸਾਨੂੰ ਬਖਸ਼ਿਸ਼ ਕੀਤੀ ਹੈ। ਪਰ ਅਸੀਂ ਐਨੇ ਨ-ਸ਼ੁਕਰੇ, ਨ-ਸਬਰੇ ਹੋ ਕੇ ਉਸ ਕੀਮਤੀ ਨਾਮ ਨੂੰ ਨਹੀਂ ਜਪਦੇ। ਜੋ ਪੰਜ ਪਿਆਰਿਆਂ ਨੇ ਸਾਨੂੰ ਦਿੱਤਾ ਹੈ ਉਸ ਨੂੰ ਅੰਮ੍ਰਿਤ ਵੇਲੇ ਉਠ ਕੇ ਜਪਿਆ ਕਰੋ। ਵਾਹਿਗੁਰੂ ਮੰਤਰ ਸਾਰਿਆਂ ਨਾਲੋਂ ਸ਼੍ਰੋਮਣੀ ਮੰਤਰ ਹੈ। ਕਲਜੁਗ ਦੇ ਅੰਦਰ ਤਾਰਨ ਨੂੰ ਸਮਰੱਥ ਹੈ। ਏਸ ਨਾਮ ਨੂੰ ਜਪ ਕੇ ਫੇਰ ਨਾ ਡਾਵਾਂਡੋਲ ਹੋਇਆ ਕਰੋ, ਸਿੱਖੀ ਵਿਚ ਪਰਪੱਕ ਰਹੋ। ਸਭ ਦਾ ਭਲਾ ਮੰਗੋ - 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।' ਜਦੋਂ ਅਸੀਂ ਸਰਬੱਤ ਦਾ ਭਲਾ ਮੰਗਾਂਗੇ, ਸਾਡਾ ਬੁਰਾ ਕੋਈ ਨਹੀਂ ਮੰਗੇਗਾ। ਖਿਆਲ ਪ੍ਰਤੀ ਖਿਆਲ ਹੋਇਆ ਕਰਦਾ ਹੈ। ਗੁਰੂ ਮਹਾਰਾਜ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਜੋ ਸਿਖਿਆ ਦਿਤੀ ਹੈ, ਉਸਨੂੰ ਪੂਰੀ ਤਰ੍ਹਾਂ ਕਮਾਉਣ ਦਾ ਯਤਨ ਕਰੋ। ਜਦੋਂ ਅਸੀਂ ਕਮਾਵਾਂਗੇ, ਓਦੋਂ ਸਿੱਖੀ ਸਾਡੇ ਵਿਚ ਪ੍ਰਵੇਸ਼ ਕਰ ਜਾਏਗੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

- ਅਨੰਦ ਸਾਹਿਬ -

- ਗੁਰ ਸਤੋਤਰ -

- ਅਰਦਾਸ -

# ਪੰਚ ਪਰਵਾਨ

ਸ਼ਾਨ – .....................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ – 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ – 289*

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ–2, 2*
*ਮੇਰੇ ਪਿਆਰੇ,*
*ਸੇਵਾ ਕਰਕੇ ਮਾਣ ਪਾਈਦੈ–2,2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,......–2.*

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26*

ਸਾਧਸੰਗਤ ਜੀ, ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਹਰ ਵਾਰੀ ਇਹ ਬੇਨਤੀ ਕੀਤੀ ਜਾਂਦੀ ਹੈ ਕਿ –

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ – 72*

ਨਾਮ ਦੀ ਮਹਿਮਾ, ਨਾਮ ਜਪਣ ਵਾਲਿਆਂ ਦੀ ਮਹਿਮਾਂ ਤੇ ਨਾਮੀ ਦੀ ਮਹਿਮਾ, ਜਿਸ ਥਾਂ ਤੇ ਹੋਵੇ, ਉਸ ਨੂੰ ਸਤਿਸੰਗਤ ਆਖਦੇ ਹਨ, ਕਿਉਂਕਿ ਵਾਹਿਗੁਰੂ ਸਤਿ ਹੈ। ਸੰਗਤ ਕਹਿੰਦੇ ਹਨ ਕਿਸੇ ਚੀਜ਼ ਨਾਲ ਜੁੜਨ ਨੂੰ; ਉਹਦੇ ਨਾਲ ਜਦੋਂ ਮਨ ਜੁੜ ਜਾਂਦਾ ਹੈ, ਮਨ ਇਕਾਗਰ ਹੋ ਜਾਂਦਾ ਹੈ ਤਾਂ ਉਸ ਨੂੰ ਸਤਿਸੰਗ ਕਹਿੰਦੇ ਹਨ। ਸਤਿਸੰਗ collective (ਸਮੂਹਕ) ਵੀ ਹੁੰਦੀ ਹੈ, individual (ਵਿਅਕਤੀਗਤ) ਵੀ। ਇਸ ਕਰਕੇ ਜਦੋਂ ਕੋਈ ਪ੍ਰੇਮੀ ਸੁਰਤੀ ਨੂੰ ਖਿਚ ਕੇ ਚਿੱਤ ਬਿਰਤੀ ਨੂੰ ਇਕਾਗਰ ਕਰੇ, ਫੁਰਨਿਆਂ ਨੂੰ ਰੋਕ ਕੇ, ਕਲਪਨਾਵਾਂ ਨੂੰ ਰੋਕ ਕੇ, ਚਿਤ ਬਿਰਤੀ ਨੂੰ ਨਾਮ ਵਿਚ ਇਕਾਗਰ ਕਰੇ,

ਸਤਿ ਨਾਲ ਜੁੜਦਾ ਹੈ ਤਾਂ ਸਤਿ ਸੰਗਤ ਹੋ ਜਾਂਦੀ ਹੈ।

ਸੋ ਇਸ ਤਰ੍ਹਾਂ ਜਦੋਂ ਅਸੀਂ ਸਤਿਸੰਗ ਵਿਚ ਆ ਜਾਂਦੇ ਹਾਂ ਅਤੇ ਇਕ ਛਿਨ ਮਾਤਰ ਵੀ ਚਿਤ ਇਕਾਗਰ ਹੋ ਜਾਵੇ ਤਾਂ ਉਹਦਾ ਫਲ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਪੰਨਾ – 546***

ਕਈ ਕਰੋੜ ਜਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਕਾਫੀ ਸਮੇਂ ਤੋਂ ਇਕ subject (ਵਿਸ਼ਾ) ਲਿਆ ਜਾ ਰਿਹਾ ਹੈ ਕਿ ਵਾਹਿਗੁਰੂ ਜੀ ਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ। ਉਹਦੇ ਵਖਰੇ ਵਖਰੇ ਪਹਿਲੂਆਂ ਉਤੇ ਹਰ ਸਤਿਸੰਗ ਵਿਚ ਵਿਚਾਰ ਕੀਤੀ ਜਾਂਦੀ ਹੈ, ਬਹੁਤ ਸਾਰੇ ਪਹਿਲੂ ਆਪਾਂ ਨੇ ਵਿਚਾਰੇ ਹਨ। ਬਹੁਤ ਸਾਰੇ ਪ੍ਰੇਮੀਆਂ ਦੇ ਯਾਦ ਹੋਵੇਗਾ, ਬਹੁਤ ਸਾਰਿਆਂ ਨੇ ਲਿਖ ਵੀ ਲਏ ਹਨ, ਟੇਪ ਵੀ ਕਰ ਲਏ ਹਨ; ਉਹਨਾਂ ਦੇ ਵਿਚੋਂ ਇਕ ਹੈ – ਨਾਮ ਜਪਣਾ ਤੇ ਸੇਵਾ ਕਰਨੀ। ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਹਨ – ਨਾਮ ਤੇ ਸੇਵਾ। ਜਿਥੇ ਤਪਸਿਆ ਹੋਇਆ ਕਰਦੀ ਹੈ, ਧੂਣੀਆਂ ਤਪਾ ਕੇ ਸਰੀਰ ਨੂੰ ਕਸ਼ਟ ਦਿਤਾ ਜਾਂਦਾ ਹੈ ਤੇ ਸਰਦੀਆਂ ਵਿਚ ਨਹਿਰ ਦੇ ਪਾਣੀ ਵਿਚ ਘੰਟਿਆਂ ਬਧੀ ਖਲੋਇਆ ਜਾਂਦਾ ਹੈ, ਇਸੇ ਤਰ੍ਹਾਂ ਖਲੋ ਕੇ ਸਰੀਰ ਨੂੰ ਭੁਖੇ ਰੱਖ ਕੇ ਤਕਲੀਫ ਦੇਣੀ, ਕਸ਼ਟ ਦੇਣਾ ਆਦਿ। ਸੋ ਉਹਦੀ ਥਾਂ ਤੇ ਗੁਰੂ ਮਹਾਰਾਜ ਨੇ ਸੇਵਾ ਪ੍ਰਚਲਤ ਕੀਤੀ, ਕਿਉਂਕਿ ਸੇਵਾ ਬਹੁਤ ਵੱਡੀ ਚੀਜ਼ ਹੈ, ਇਸ ਦੀ ਮਹਿਮਾ ਬਾਰੇ ਕੋਈ ਕਹਿ ਨਹੀਂ ਸਕਦਾ। ਸੋ ਗੁਰੂ ਘਰ ਦੇ ਅੰਦਰ ਸੇਵਾ ਦੇ ਬਹੁਤ ਪ੍ਰਮਾਣ ਹਨ। ਸੇਵਾ ਦੇ ਬਹੁਤ ਭੇਦ ਹਨ, ਕਦੀ ਸਮਾਂ ਮਿਲਿਆ ਤਾਂ ਫੇਰ ਖੋਲ੍ਹ ਕੇ ਵੀਚਾਰ ਕਰਾਂਗੇ ਕਿ ਸੇਵਾ ਕਿਸ ਤਰ੍ਹਾਂ ਹੋ ਸਕਦੀ ਹੈ, ਕੌਣ ਕਰ ਸਕਦਾ ਹੈ, ਕਿਸ ਨੂੰ ਅਧਿਕਾਰ ਹੈ ਸੇਵਾ ਕਰਨ ਦਾ, ਕਿਸ ਦੀ ਸੇਵਾ ਥਾਂ ਪੈਂਦੀ ਹੈ। ਸੋ ਅੱਜ ਦੇ ਦੀਵਾਨ ਵਿਚ ਆਪਾਂ ਨੇ ਦੋ ਪਹਿਲੂਆਂ ਤੇ ਵੀਚਾਰ ਕਰਨੀ ਹੈ – ਸੇਵਾ ਅਤੇ, ਸਿਮਰਨ ਤੇ।

ਜਦੋਂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਦੇ ਅੰਦਰ ਸੰਗਤਾਂ ਨੂੰ ਤਾਰ ਰਹੇ ਸੀ, ਇਕ ਪ੍ਰੇਮੀ ਲਾਹੌਰ ਵਿਖੇ ਰਹਿੰਦਾ ਸੀ ਜੋ ਬੜਾ ਸੁੰਦਰ ਸੀ, ਹਸਮੁਖ ਸੀ, ਉਸ ਕੋਲ ਧਨ ਵੀ ਬਹੁਤ ਸੀ, ਪੜ੍ਹਿਆ ਲਿਖਿਆ ਸੀ, ਦੁਨਿਆਵੀ ਸੁਖਾਂ ਦਾ ਕੋਈ ਘਾਟਾ ਨਹੀਂ ਸੀ, ਲਹੌਰ ਵਿਚ ਰਹਿ ਕੇ ਵੈਦਿਕ ਦਾ ਕੰਮ ਕਰਦਾ ਸੀ, ਲੋਕਾਂ ਕੋਲੋਂ ਪੈਸੇ ਨਹੀਂ ਸੀ ਲੈਂਦਾ, ਘਰ ਦੇ ਅੰਦਰ ਬਹੁਤ ਚੰਗਾ ਗੁਜ਼ਾਰਾ ਚਲਦਾ ਸੀ। ਬਸ ਏਹੋ ਮਨ ਵਿਚ ਰਹਿੰਦਾ ਸੀ ਕਿ ਦੁਖੀਆਂ ਦੀ ਵੱਧ ਤੋਂ ਵੱਧ ਸੇਵਾ ਕਰਦਾ ਰਹਾਂ। ਇਸ ਤੋਂ ਇਲਾਵਾ ਉਹ ਯੋਗ ਸਾਧਨ ਵੀ ਕਰਦਾ ਸੀ, ਤੀਰਥਾਂ ਤੇ ਜਾ ਕੇ ਇਸ਼ਨਾਨ ਵੀ ਕਰਦਾ ਸੀ, ਦਾਨ ਵੀ ਕਰਦਾ ਰਹਿੰਦਾ ਸੀ, ਹੋਰ ਵੀ ਬੇਅੰਤ ਸ਼ੁਭ ਕਰਮ ਕਰਦਾ ਸੀ, ਪ੍ਰਾਸ਼ਚਿਤ ਕਰਮ ਵੀ ਕਰਦਾ ਰਹਿੰਦਾ ਸੀ, ਨਿਸ਼ਕਾਮ ਕਰਮ ਵੀ ਕਰਦਾ ਰਹਿੰਦਾ ਸੀ, ਸਭ ਕੁਝ ਕਰਨ ਦੇ ਬਾਵਜੂਦ ਵੀ ਮਨ ਨੂੰ ਸ਼ਾਂਤੀ ਨਹੀਂ ਸੀ ਮਿਲਦੀ ਕਿਉਂਕਿ ਅਜੇ ਤੱਕ ਕੋਈ ਰਾਹ ਨਹੀਂ ਸੀ ਮਿਲਿਆ। ਪੁਸਤਕਾਂ ਪੜ੍ਹਦਾ ਸੀ ਪਰ ਅਜੇ ਤੱਕ ਪੁਸਤਕਾਂ ਨੇ ਵੀ ਕੋਈ ਰਾਹ ਨਾ ਦਸਿਆ। ਓਨੀਂ ਦੇਰ

ਤੱਕ ਰਸਤਾ ਨਹੀਂ ਮਿਲਦਾ ਜਦੋਂ ਤੱਕ ਰਸਤਾ ਜਾਨਣ ਵਾਲਾ ਨਾ ਮਿਲ ਜਾਵੇ। ਪੁਸਤਕਾਂ ਦੇ ਅੰਦਰ ਆਦਮੀ ਗਵਾਚ ਜਾਇਆ ਕਰਦਾ ਹੈ, ਬੰਦਾ ਭੁਲ ਭੁਲਾਈਆਂ ਵਿਚ ਪੈ ਜਾਂਦਾ ਹੈ ਫਿਰ ਨਿਕਲਣ ਦਾ ਪਤਾ ਨਹੀਂ ਲਗਦਾ। ਸੋ ਮਨ ਵਿਚ ਸ਼ਾਂਤੀ ਨਹੀਂ ਆ ਰਹੀ। ਚਿਤ ਬਿਰਤੀ ਸ਼ਾਂਤ ਨਾ ਹੋਣ ਕਰਕੇ, ਉਹ ਸਦਾ ਇਸ ਤਰ੍ਹਾਂ ਹੀ ਮਹਿਸੂਸ ਕਰਦਾ ਹੈ ਕਿ ਮੇਰੇ ਅੰਦਰ ਕਿਸੇ ਚੀਜ਼ ਦੀ ਘਾਟ ਹੈ ਜਿਸ ਕਰਕੇ ਰਸ ਨਹੀਂ ਆ ਰਿਹਾ। ਘਰ ਦੇ ਅੰਦਰ ਵੀ ਕੋਈ ਕਲਪਨਾ ਨਹੀਂ ਹੈ, ਇਸਤ੍ਰੀ ਵੀ ਪਤੀਬ੍ਰਤਾ ਹੈ, ਮਹਾਰਾਜ ਨੇ ਪੁੱਤਰਾਂ ਦੀ ਵੀ ਬੜੀ ਸੋਹਣੀ ਜੋੜੀ ਬਖਸ਼ੀ ਹੋਈ ਹੈ, ਸਮਾਜ ਦੇ ਅੰਦਰ ਇਜ਼ਤ ਵੀ ਬਹੁਤ ਹੈ, ਕੋਈ ਉਲਝੇਵਾਂ ਵੀ ਨਹੀਂ ਹੈ, ਕੋਈ ਕਿਸੇ ਨਾਲ ਦੁਸ਼ਮਨੀ ਨਹੀਂ ਹੈ, ਕੋਈ ਕਿਸੇ ਨਾਲ ਮੁਕੱਦਮੇਬਾਜ਼ੀ ਨਹੀਂ ਹੈ, ਫੇਰ ਵੀ ਮਨ ਸ਼ਾਂਤ ਕਿਉਂ ਨਹੀਂ ਹੁੰਦਾ? ਮਨ ਦੇ ਵਿਚ ਕਿਹੜੀ ਚੀਜ਼ ਹੈ ਜੋ ਖਾਲੀ ਖਾਲੀ ਲਗਦੀ ਹੈ। ਇਹ ਸਾਧੂ ਸੰਤਾਂ ਦੀ ਸੰਗਤ ਵੀ ਕਰਦਾ ਹੈ ਪਰ ਅਜੇ ਕੋਈ ਜੀਵਨ ਵਾਲਾ ਰਸੀਆ ਨਹੀਂ ਮਿਲਿਆ, ਜਿਹੜਾ ਜੀਵਨ ਦੀ ਰੌ ਅੰਦਰ ਰੁਮਕਾ ਦੇਵੇ।

ਇਸ ਪ੍ਰੇਮੀ ਜਿਸ ਦਾ ਨਾਮ 'ਸੁਜਾਨ ਰਾਇ' ਹੈ। ਇਕ ਵਾਰੀ ਦਸ਼ਮੇਸ਼ ਪਿਤਾ ਦੇ ਕਵੀ ਸੈਨਾਪਤੀ ਤੇ ਅੰਮ੍ਰਿਤ ਰਾਇ ਜੀ ਏਥੇ ਆਏ। ਇਹ ਦੋਨੋਂ ਮਸ਼ਹੂਰ ਕਵੀ ਸਨ। ਭਾਈ ਅੰਮ੍ਰਿਤ ਰਾਇ ਜੀ ਨਾਲ ਇਹਨਾਂ ਦੀ ਭੇਟ ਹੋਈ ਤੇ ਪੁਛਿਆ ਕਿ ਤੁਸੀਂ ਕਿਥੇ ਰਹਿੰਦੇ ਹੋ? ਕੀ ਤੁਹਾਡਾ ਮਨ ਸ਼ਾਂਤ ਹੈ? ਉਹਨਾਂ ਨੇ ਉਤਰ ਦਿਤਾ ਕਿ ਹਾਂ ਜੀ, ਸਾਡਾ ਮਨ ਤਾਂ ਸ਼ਾਂਤ ਹੈ। ਭਾਈ ਸੁਜਾਨ ਰਾਇ ਜੀ ਕਹਿਣ ਲਗੇ ਕਿ ਮੇਰਾ ਮਨ ਕਿਉਂ ਨਹੀਂ ਸ਼ਾਂਤ ਹੁੰਦਾ ਜਦੋਂ ਕਿ ਮੈਂ ਸਭ ਕੁਝ ਕਰਦਾ ਹਾਂ ਪਰ ਮੇਰੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ। ਕਹਿਣ ਲਗੇ, ਸੁਜਾਨ ਰਾਇ ਜੀ! ਦਸ਼ਮੇਸ਼ ਪਿਤਾ ਕਲਜੁਗ ਦੇ ਐਸ ਵੇਲੇ ਤਾਰਕ ਹਨ - ਗੁਰੂ ਨਾਨਕ ਦਾ ਦਸਵਾਂ ਸਰੂਪ। ਉਹਨਾਂ ਕੋਲ ਸ਼ਕਤੀ (authority) ਹੈ। ਜਦੋਂ ਤੱਕ ਕੋਈ authority ਵਾਲਾ ਨਾ ਮਿਲੇ, ਉਨੀ ਦੇਰ ਤੱਕ ਸ਼ਾਂਤੀ ਨਹੀਂ ਆਇਆ ਕਰਦੀ। ਉਹ ਕਲਜੁਗ ਨੂੰ ਤਾਰਨ ਵਾਸਤੇ ਹੀ ਆਏ ਹਨ, ਕਲਜੁਗ ਉਹਨਾਂ ਨੂੰ ਸੌਂਪਿਆ ਗਿਆ ਹੈ। ਸੋ ਉਹਨਾਂ ਦਾ ਬਾਣੀ ਦੇ ਅੰਦਰ ਫੁਰਮਾਨ ਹੈ ਕਿ ਧਨ ਭਾਵੇਂ ਕਿੰਨਾ ਹੀ ਕਿਉਂ ਨਾ ਹੋਵੇ, ਲੇਕਿਨ ਸ਼ਾਂਤੀ ਨਹੀਂ ਆਇਆ ਕਰਦੀ, ਏਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਕਿਤ ਬਿਧ ਮਨ ਧੀਰੇ ਜੀ - 2, 2.***
***ਬਿਨ ਹਰਿ ਨਾਮ ਨ ਸ਼ਾਂਤ ਹੋਏ - 2,2.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***
***ਪੰਨਾ - 707***

ਅੰਮ੍ਰਿਤ ਰਾਇ ਜੀ ਕਹਿਣ ਲਗੇ, ਮਾਇਆ ਦੇ ਅੰਬਾਰ ਲਗੇ ਹੋਣ, ਸੁੰਦਰ ਸੇਜਾਂ ਹੋਣ, ਸੁਖਾਂ ਦੀ ਕੋਈ ਗਿਣਤੀ ਨਾ ਹੋਵੇ, ਘਰ ਵਿਚੋਂ ਚੰਦਨ ਦੀਆਂ ਸੁਗੰਧੀਆਂ ਆ ਰਹੀਆਂ ਹੋਣ, ਸਜਾਵਟ ਐਸੀ ਹੋਵੇ ਕਿ ਸੋਨੇ ਦੀਆਂ ਪਲੇਟਾਂ ਤੇ ਹੀਰੇ ਜਵਾਹਰਾਤ ਲਗੇ ਹੋਣ, ਸਾਰੇ ਸੁਖ ਪ੍ਰਾਪਤ ਹੋਣ ਪਰ ਸਭ ਕੁਝ ਹੋਣ ਦੇ ਬਾਵਜੂਦ ਵੀ ਜੇ ਵਾਹਿਗੁਰੂ ਚੇਤੇ ਨਹੀਂ ਆਉਂਦਾ, ਭਾਵੇਂ ਉਹ ਸੰਸਾਰਕ ਤੌਰ ਤੇ ਕਿੱਡਾ ਹੀ ਵੱਡਾ ਬੰਦਾ ਹੈ, ਉਹ ਇਕ ਵਿਸ਼ਟਾ ਦੇ ਕੀੜੇ ਦੇ ਬਰਾਬਰ ਹੈ। ਜੇ ਜ਼ਿੰਦਗੀ ਵਿਚ ਇਨਸਾਨੀ ਜਾਮਾ ਪਾ ਕੇ ਖੋਜ ਨਹੀਂ ਕੀਤੀ ਕਿ ਜਾਮੇ ਦੇ ਅੰਦਰ ਪਰਮੇਸ਼ਰ ਨੇ ਕਿਤਨਾ ਕੁਝ ਰਖਿਆ ਹੋਇਆ ਹੈ, ਫਿਰ ਤਾਂ ਜੀਵਨ ਬੇਅਰਥ ਹੈ। ਸਾਰੇ ਬ੍ਰਹਮੰਡ ਦਾ ਖਾਕਾ ਇਸ ਦੇ ਅੰਦਰ ਹੈ –

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੰਨਾ – 695***

ਜੋ ਕੁਝ ਬ੍ਰਹਿਮੰਡ ਦੇ ਅੰਦਰ ਹੈ, ਓਹੀਓ ਇਸ ਸਰੀਰ ਦੇ ਅੰਦਰ ਵੀ ਹੈ। ਵਾਹਿਗੁਰੂ ਬੇਅੰਤ ਹੈ, ਜੋ ਕਿਧਰੇ ਨਹੀਂ ਸਮਾਅ ਸਕਦਾ, ਉਹ ਇਸ ਸਰੀਰ ਦੇ ਅੰਦਰ ਸਮਾਇਆ ਹੋਇਆ ਹੈ। ਸੋ ਜਿਸਨੇ ਮਾਨਸ ਜਨਮ ਦੇ ਮੌਕੇ ਦਾ ਲਾਭ ਨਹੀਂ ਲਿਆ, ਲਾਹਾ ਨਹੀਂ ਲਿਆ, ਉਹ ਇਕ ਵਿਸ਼ਟਾ ਦੇ ਕੀੜੇ ਦੇ ਸਮਾਨ ਹੈ –

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥ ਪੰਨਾ – 707***

ਨਾਮ ਤੋਂ ਬਿਨਾਂ ਮਨ ਨੂੰ ਧੀਰਜ ਨਹੀਂ ਮਿਲਦੀ, ਇਸ ਲਈ ਨਾਮ ਦੀ ਪ੍ਰਾਪਤੀ ਜ਼ਰੂਰੀ ਹੈ। ਭਾਈ ਸੁਜਾਨ ਰਾਇ ਦੱਸਣ ਲੱਗਾ ਕਿ ਮੈਂ ਰਾਮ ਨਾਮ ਦੀਆਂ ਮਾਲਾਂ ਫੇਰਦਾ ਹਾਂ, 'ਓਮ' ਦਾ ਵੀ ਮੈਂ ਜਾਪ ਕਰਦਾ ਹਾਂ, 'ਸੋਹੰ' ਦਾ ਮੈਂ ਜਾਪ ਕਰਦਾ ਹਾਂ, 'ਸੋਹੰ ਹੰਸਾ' ਦਾ, 'ਓਅੰ' ਦਾ ਵੀ ਮੈਂ ਜਾਪ ਕਰਦਾ ਹਾਂ। ਮੈਂ ਸਾਰੇ ਸੰਤਾਂ ਤੋਂ ਸੁਣਦਾ ਰਹਿੰਦਾ ਹਾਂ, ਸਾਰੇ ਮੰਤਰਾਂ ਦਾ ਜਾਪ ਕਰਕੇ ਦੇਖਿਆ ਹੈ, ਪਰ ਮੇਰਾ ਮਨ ਕਿਧਰੇ ਟਿਕਦਾ ਨਹੀਂ। ਅੰਮ੍ਰਿਤ ਰਾਇ ਜੀ ਕਹਿਣ ਲੱਗੇ, ਨਾਮ ਇਸ ਤਰ੍ਹਾਂ ਪ੍ਰਾਪਤ ਨਹੀਂ ਹੁੰਦਾ, ਨਾਮ ਤਾਂ ਪੂਰੇ ਸਤਿਗੁਰਾਂ ਕੋਲ ਹੁੰਦਾ ਹੈ। ਜਿਤਨੀ ਦੇਰ ਤਕ ਨਾਮ ਸਤਿਗੁਰੂ ਤੋਂ ਪ੍ਰਾਪਤ ਨਹੀਂ ਹੁੰਦਾ, ਉਤਨੀ ਦੇਰ ਤੱਕ ਪਰਮੇਸ਼ਰ ਚਿਤ ਨਹੀਂ ਆਉਂਦਾ, ਜ਼ੋਰ ਨਾਲ ਨਾਮ ਨਹੀਂ ਜਪਿਆ ਜਾਂਦਾ। ਜਦੋਂ ਪਰਮੇਸ਼ਰ ਭੁਲ ਜਾਂਦਾ ਹੈ, ਉਦੋਂ ਸਾਰੀ ਦੁਨੀਆਂ ਦੇ ਦੁਖ ਤੇ ਸੰਤਾਪ ਚਿੰਬੜ ਜਾਂਦੇ ਹਨ ਕਿਉਂਕਿ ਸਾਰੇ ਦੁਖਾਂ ਦਾ ਇਲਾਜ ਪਰਮੇਸ਼ਰ ਨੇ ਇਸ ਸਰੀਰ ਦੇ ਅੰਦਰ ਰਖ ਦਿਤਾ ਹੈ ਜਿਸਨੂੰ ਨਾਮ ਆਖਦੇ ਹਨ –

***ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ – 2, 2.***
***ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ – 2, 2.***

*ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,.......-2.*

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥*** ***ਪੰਨਾ - 274***

ਗੁਰੂ ਮਹਾਰਾਜ ਨੇ ਸੰਸਾਰ ਦੇ ਦੁਖਾਂ ਦਾ, ਤਕਲੀਫਾਂ ਦਾ, ਸੰਤਾਪਾਂ ਦਾ, ਵਿਘਨਾਂ ਦਾ, ਸਾਰਿਆਂ ਦਾ ਇਲਾਜ ਕੇਵਲ ਪਰਮੇਸ਼ਰ ਦਾ ਨਾਮ ਦਸਿਆ ਹੈ ਪਰ ਕੋਈ ਪਰਮੇਸ਼ਰ ਦੇ ਨਾਮ ਦੀ ਮਹਿਮਾ ਨਹੀਂ ਜਾਣਦਾ। ਸੁਖਮਨੀ ਸਾਹਿਬ, ਜਿਸਦੇ 24000 ਅੱਖਰ ਹਨ, 24 ਸਲੋਕ ਹਨ, 24 ਅਸਟਪਦੀਆਂ ਹਨ, ਜਿਸਦੇ ਅੰਦਰ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਚਾਰੇ ਚੀਜ਼ਾਂ ਹਨ ਜੋ ਹਜ਼ਾਰਾਂ ਗ੍ਰੰਥਾਂ ਦਾ ਨਿਚੋੜ ਹੈ।

ਜਿਥੇ ਗੁਰੂ ਮਹਾਰਾਜ ਨੇ ਆਤਮ ਕਲਿਆਣ ਵਾਸਤੇ ਬਾਣੀ ਉਚਾਰਨ ਕੀਤੀ ਹੈ, ਉਥੇ ਨਾਲ ਦੀ ਨਾਲ ਇਹ ਬਾਣੀ ਹਰ ਤਰ੍ਹਾਂ ਦੇ ਦੁਖ ਦੂਰ ਕਰਨ ਦੇ ਵੀ ਸਮਰੱਥ ਹੈ। ਮਹਾਰਾਜ ਕਹਿੰਦੇ ਹਨ ਕਿ ਜੇ ਪ੍ਰੇਮਸ਼ਰ ਨੂੰ ਭੁਲ ਜਾਈਏ ਤਾਂ -

***ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥*** ***ਪੰਨਾ - 964***

ਸਾਰੇ ਦੁਖ ਤੇ ਸੰਤਾਪ ਲਗ ਜਾਂਦੇ ਹਨ ਜੇ ਪਰਮੇਸ਼ਰ ਨੂੰ ਭੁਲ ਜਾਈਏ; ਜੇ ਚੇਤੇ ਰਖੀਏ ਤਾਂ ਫਿਰ ਉਸਦੇ ਉਲਟ ਹੁੰਦਾ ਹੈ। ਸਾਰੇ ਦੁਖ ਤੇ ਸੰਤਾਪ ਲਹਿ ਜਾਂਦੇ ਹਨ।

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥*** ***ਪੰਨਾ - 922***

ਦੁਖ ਵੀ ਉਤਰ ਜਾਂਦੇ ਹਨ, ਸੰਤਾਪ ਵੀ ਉਤਰ ਜਾਂਦੇ ਹਨ, ਰੋਗ ਵੀ ਉਤਰ ਜਾਂਦੇ ਹਨ -

***ਸਭੈ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥***
***ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥***
***ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥***
***ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ॥***
***ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥***
***ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥***
***ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥***
***ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥*** ***ਪੰਨਾ - 964***

ਸੰਸਾਰ ਵਿਚ ਔਖਾ ਉਹੋ ਹੀ ਹੈ ਜਿਸਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰ ਦਿਤਾ, ਨਾਮ ਨਾਲੋਂ ਟੁੱਟ ਕੇ ਦੁਨੀਆਂ ਦੇ ਨਾਲ ਜੁੜ ਗਿਆ।

ਸੋ ਕਹਿਣ ਲੱਗੇ ਭਾਈ ਸੁਜਾਨ ਰਾਇ ਜੀ, ਗੁਰੂ ਮਹਾਰਾਜ ਦਾ ਤਾਂ ਬਹੁਤ ਸਿੱਧਾ ਸਾਦਾ ਉਪਦੇਸ਼ ਹੈ। ਸੰਸਾਰ ਦੇਖਣ ਅਤੇ ਸੁਨਣ ਵਾਲੀਆਂ ਚੀਜ਼ਾਂ ਵਿਚੋਂ ਸੁਖ ਭਾਲਦਾ ਹੈ। ਖਾਣ ਵਾਲੀਆਂ ਚੀਜ਼ਾਂ ਵਿਚੋਂ, ਪਹਿਨਣ

ਵਾਲੀਆਂ ਚੀਜ਼ਾਂ ਵਿਚੋਂ, ਸੁਗੰਧੀ ਲੈਣ ਵਾਲੀਆਂ ਚੀਜ਼ਾਂ ਵਿਚੋਂ, ਲੰਮੀ ਉਮਰ ਕਰਕੇ ਸੁਖ ਭਾਲਦਾ ਹੈ। ਪਰ ਗੁਰੂ ਮਹਾਰਾਜ ਤਾਂ ਫੁਰਮਾਉਂਦੇ ਹਨ ਕਿ ਇਹ ਚੀਜ਼ਾਂ ਸੁਖ ਨਹੀਂ ਦਿੰਦੀਆਂ। ਸੁਖ ਦੀ ਥਾਂ ਤੇ ਤਾਕਤ ਖਤਮ ਕਰ ਦਿਆ ਕਰਦੀਆਂ ਹਨ, ਆਦਮੀ ਕਮਜ਼ੋਰ ਹੋ ਜਾਂਦਾ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ –

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*
*ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ।*

*ਭਾਈ ਗੁਰਦਾਸ ਜੀ ਵਾਰ 27/9*

ਵੇਦ ਵਿਆਸ ਜੀ ਦੀ ਇਕ ਕਲਪ ਉਮਰ ਹੈ। ਇਹ ਵਿਦਿਆ ਦੇ ਅਵਤਾਰ ਹਨ। ਡੂੰਘੇ ਮਸਲੇ ਹਲ ਕਰਨ ਵਾਸਤੇ ਇਹ ਅਵਤਾਰ ਹੀ ਧਾਰੀ ਜਾਂਦੇ ਹਨ। ਪੂਰਾ ਇਕ 'ਕਲਪ' ਚਾਰ ਅਰਬ ਬੱਤੀ ਕਰੋੜ ਸਾਲ, ਇਸਦੀ ਬਹੁਤ ਵੱਡੀ ਉਮਰ ਹੈ। ਬਾਰ-ਬਾਰ ਸਰੀਰ ਬਦਲ ਬਦਲ ਕੇ ਆਈ ਜਾਂਦੇ ਨੇ, ਕਲਜੁਗ ਵਿਚ ਭਾਈ ਗੁਰਦਾਸ ਜੀ ਨੂੰ ਵੇਦ ਵਿਆਸ ਜੀ ਦਾ ਅਵਤਾਰ ਕਹਿੰਦੇ ਹਨ। ਸੋ ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਹੈ, ਜੋ ਕਿ ਸਰੀਰ ਦੇ ਇਕ ਇਕ ਅੰਗ ਬਾਰੇ ਦਸਦੇ ਹਨ। ਇਕ ਭਵਰਾ ਹੈ ਜੋ ਸੁਗੰਧ ਲੈਂਦਾ ਹੈ। ਸੁਗੰਧ ਲੈਣ ਵਾਸਤੇ ਫੁੱਲ ਵਿਚ ਬੈਠ ਜਾਂਦਾ ਹੈ। ਸ਼ਾਮ ਨੂੰ ਫੁੱਲ ਬੰਦ ਹੋ ਜਾਂਦਾ ਹੈ। ਸਵੇਰੇ ਮਰਿਆ ਹੋਇਆ ਹੀ ਨਿਕਲਦਾ ਹੈ। ਦ੍ਰਿਸ਼ਟ ਦਾ ਰੋਗ, ਦੇਖਣ ਦਾ ਰੋਗ, ਪਤੰਗੇ ਨੂੰ ਲਗਿਆ ਹੋਇਆ ਹੈ। ਅੱਗ ਜਲਦੀ ਹੈ, ਲਾਟ ਜਲਦੀ ਹੈ, ਨੱਠ-ਨੱਠ ਕੇ ਆਉਂਦਾ ਹੈ ਤੇ ਜਲ ਕੇ ਮਰ ਜਾਂਦਾ ਹੈ। ਸੁਣਨ ਦਾ ਰੋਗ ਮ੍ਰਿਗ ਨੂੰ ਲਗਿਆ ਹੋਇਆ ਹੈ। ਪਹਿਲੇ ਜ਼ਮਾਨਿਆਂ ਵਿਚ ਘੰਡੇਹੇੜੇ ਦਾ ਸ਼ਬਦ ਵਜਾਉਂਦੇ ਸੀ, ਹਿਰਨ ਕੋਲ ਆ ਜਾਂਦਾ ਸੀ ਤੇ ਉਸਨੂੰ ਫੜ ਲਿਆ ਕਰਦੇ ਸੀ। ਜ਼ੁਬਾਨ ਦਾ ਰਸ ਮੱਛੀ ਨੂੰ ਲੱਗਾ ਹੋਇਆ ਹੈ, ਫੜਨ ਵਾਲੇ ਕੁੰਡੀ ਨਾਲ ਖਾਣ ਵਾਲੀ ਚੀਜ਼ ਫਸਾ ਕੇ ਉਸ ਨੂੰ ਫੜਦੇ ਹਨ। ਮੱਛੀ ਨੂੰ ਇਤਨੀ ਕਾਹਲੀ ਹੁੰਦੀ ਹੈ ਕਿ ਕਈ ਵਾਰੀ ਕੁੰਡੀ ਵੀ ਅੰਦਰ ਲੰਘਾ ਲੈਂਦੀ ਹੈ ਤੇ ਫਿਰ ਮਰਨਾ ਪੈਂਦਾ ਹੈ। ਇਸੇ ਤਰ੍ਹਾਂ ਕਾਮ ਦਾ ਰਸ ਹਾਥੀ ਨੂੰ ਲਗਿਆ ਹੋਇਆ ਹੈ – ਸਪਰਸ਼ ਦਾ। ਕਾਗਜ਼ਾਂ ਦੀ ਹਥਨੀ ਬਣਾ ਕੇ ਰਖ ਦਿੰਦੇ ਹਨ, ਉਸ ਹਥਨੀ ਪਿਛੇ ਹਾਥੀ ਖੱਡੇ ਵਿਚ ਗਿਰ ਜਾਂਦਾ ਹੈ, ਫੇਰ ਸਾਰੀ ਉਮਰ ਗੁਲਾਮੀ ਵਿਚ ਫਸ ਜਾਂਦਾ ਹੈ ਤੇ ਦੁਖ ਭੋਗਦਾ ਹੈ।

ਇਹਨਾਂ ਚੀਜ਼ਾਂ ਵਿਚ ਸੁਖ ਨਹੀਂ ਹੈ। ਇਹ ਤਾਂ ਸਗੋਂ ਜੀਵਨ ਦਾ ਵੀ ਖਾਤਮਾ ਕਰ ਦਿੰਦੀਆਂ ਹਨ, ਮਹਾਰਾਜ ਨੇ ਇਹਨਾਂ ਨੂੰ ਠੱਗ ਦਸਿਆ ਹੈ, ਅੱਗ ਦਸਿਆ ਹੈ ਅਤੇ ਇਹਦੇ ਵਿਚ ਫਸਿਆ ਹੋਇਆ ਜੀਵ ਸੁਖ ਪ੍ਰਾਪਤ ਨਹੀਂ ਕਰ ਸਕਦਾ। ਕਹਿਣ ਲਗੇ ਸੁਜਾਨ ਰਾਇ! ਸਭ ਕੁਝ ਹੈ ਤੇਰੇ ਪਾਸ।

ਤੂੰ ਪੜ੍ਹਦਾ ਵੀ ਹੈਂ, ਲਿਖਦਾ ਵੀ ਹੈਂ, ਮਾਲਾ ਵੀ ਫੇਰਦਾ ਹੈਂ। ਪਰ ਜਿੰਨੀ ਦੇਰ ਤਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਉਨੀਂ ਦੇਰ ਤਕ ਸੁਖ ਨਹੀਂ ਹੋਇਆ ਕਰਦਾ, ਕਿਉਂਕਿ ਸਾਰੇ ਸੁਖ ਨਾਮ ਦੇ ਅੰਦਰ ਹਨ। ਜਿੰਨੀ ਦੇਰ ਤਕ ਨਾਮ ਪ੍ਰਾਪਤ ਨਹੀਂ ਹੁੰਦਾ, ਉਨੀ ਦੇਰ ਤਕ ਸੁਖਾਂ ਦਾ ਖਿਆਲ ਕਰਨਾ ਵੀ ਬੜੀ ਭਾਰੀ ਭੁਲ ਹੈ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੰਗਲ ਵਿਚ ਬੈਠੇ ਸਨ। ਭਾਈ ਮਰਦਾਨਾ ਕਹਿਣ ਲੱਗਾ, "ਸੱਚੇ ਪਾਤਸ਼ਾਹ! ਵੇਖੋ ਕਿਵੇਂ ਹਨ੍ਹੇਰੀ ਆ ਰਹੀ ਹੈ। ਦਰਖਤ ਹਵਾ ਵਿਚ ਰੁੜ੍ਹਦੇ ਆ ਰਹੇ ਹਨ।" ਗੁਰੂ ਸਾਹਿਬ ਨੇ ਕਿਹਾ, "ਕੋਈ ਨਹੀਂ ਮਰਦਾਨਿਆ, ਸਤਿ ਕਰਤਾਰ ਦਾ ਜਾਪ ਕਰ।" ਮਰਦਾਨਾ ਕਹਿਣ ਲੱਗਾ, "ਮਹਾਰਾਜ! ਹਨ੍ਹੇਰੀ ਤਾਂ ਲੰਘ ਗਈ, ਹੁਣ ਕਿਤਨੇ ਵੱਡੇ ਵੱਡੇ ਗੜੇ ਗਿਰ ਰਹੇ ਹਨ- ਸੁੱਕੇ ਅੰਬਰ।" ਗੁਰੂ ਮਹਾਰਾਜ ਨੇ ਫੁਰਮਾਇਆ, "ਮਰਦਾਨਿਆ! ਘਬਰਾ ਨਹੀਂ, ਜਿਹਨੇ ਹਨ੍ਹੇਰੀ ਤੋਂ ਰੱਖ ਲਿਆ ਉਹ ਗੜਿਆਂ ਤੋਂ ਵੀ ਰੱਖ ਲਏਗਾ।" ਮਰਦਾਨਾ ਕਹਿੰਦਾ,"ਸੱਚੇ ਪਾਤਸ਼ਾਹ, ਮੈਨੂੰ ਤਾਂ ਡਰ ਲਗਦਾ ਹੈ।" ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਜਿਹੜਾ ਪਰਮੇਸ਼ਰ ਦਾ ਹੋ ਗਿਆ ਅਤੇ ਨਿਰਭਉ ਦਾ ਜਾਪ ਕਰਦਾ ਹੈ, ਉਹ ਕਦੀ ਨਹੀਂ ਡਰਦਾ; ਤੂੰ 'ਵਾਹਿਗੁਰੂ ਵਾਹਿਗੁਰੂ' ਕਰ।" ਕੁਝ ਦੇਰ ਬਾਅਦ ਕੀ ਦੇਖਦਾ ਹੈ ਕਿ ਧਰਤੀ ਨੂੰ ਅੱਗ ਲੱਗੀ ਹੋਈ ਹੈ। ਪਾਣੀ ਵਿਚ ਅੱਗ ਲੱਗੀ ਪਈ ਹੈ। ਮਰਦਾਨਾ ਕਹਿਣ ਲੱਗਾ, "ਮਹਾਰਾਜ ਪਹਿਲਾਂ ਤਾਂ ਬਚ ਗਏ ਸੀ, ਹੁਣ ਤਾਂ ਧਰਤੀ ਵੀ ਜਲ ਰਹੀ ਹੈ, ਸਮੁੰਦਰ ਵੀ ਜਲ ਰਿਹਾ ਹੈ।" ਗੁਰੂ ਮਹਾਰਾਜ ਨੇ ਫੇਰ ਕਿਹਾ, "ਮਰਦਾਨਿਆਂ ਭਜਨ ਕਰ, ਤੂੰ ਡਰ ਨਾ, ਜੇ ਤੈਨੂੰ ਬਹੁਤਾ ਡਰ ਲਗਦਾ ਹੈ ਤਾਂ ਸਤਿਨਾਮ ਵਾਹਿਗੁਰੂ ਕਹਿ ਕੇ ਕਾਰ ਕੱਢ ਦੇ।" ਮਰਦਾਨੇ ਨੇ ਕਾਰ ਕੱਢ ਦਿਤੀ, ਐਨੀ ਦੇਰ ਨੂੰ ਕੀ ਦੇਖਦਾ ਹੈ ਕਿ ਇਕ ਭਿਆਨਕ ਵਿਕਰਾਲ ਦੈਂਤ ਵਜੂਦ ਦਾ ਅਸਮਾਨ ਨੂੰ ਸਿਰ ਲਗਿਆ ਹੋਇਆ ਹੈ, ਬਹੁਤ ਵਿਕਰਾਲ ਸਰੂਪ ਦਾ ਕੋਈ ਪੁਰਖ ਨਗਨ ਤੁਰਿਆ ਆ ਰਿਹਾ ਹੈ, ਜ਼ੁਬਾਨ ਮੂੰਹ ਤੋਂ ਬਾਹਰ ਕੱਢੀ ਹੋਈ ਹੈ। ਮਰਦਾਨਾ ਕਹਿਣ ਲੱਗਾ, ਮਹਾਰਾਜ! ਬਾਕੀ ਚੀਜ਼ਾਂ ਤੋਂ ਤਾਂ ਬਚ ਗਏ ਪਰ ਇਸ ਬਲਾ ਤੋਂ ਨਹੀਂ ਬਚਦੇ। ਜਿਉਂ ਜਿਉਂ ਨੇੜੇ ਨੂੰ ਆਉਂਦਾ ਹੈ, ਤਿਉਂ ਤਿਉਂ ਮਨੁੱਖ ਵਰਗਾ ਬਣੀ ਜਾਂਦਾ ਹੈ। ਆ ਕੇ ਗੁਰੂ ਮਹਾਰਾਜ ਨੂੰ ਮੱਥਾ ਟੇਕ ਦਿਤਾ। ਮਰਦਾਨਾ ਹੈਰਾਨ ਰਹਿ ਗਿਆ ਕਿ ਇਹ ਵੀ ਮਹਾਰਾਜ ਅੱਗੇ ਨਿਵ ਗਿਆ। ਮਰਦਾਨਾ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਬਾਲ ਸਖਾਈ ਸੀ, ਸਾਰੀ ਜ਼ਿੰਦਗੀ ਨਾਲ ਰਿਹਾ ਪਰ ਫਿਰ ਵੀ ਕਦੀ ਕਦੀ ਮਨ ਵਿਚ ਸ਼ੰਕਾ ਆ ਜਾਇਆ ਕਰਦਾ ਸੀ। ਮਹਾਰਾਜ ਨੇ ਪੁਛਿਆ, ਤੂੰ ਕੌਣ ਹੈਂ ਅਤੇ ਐਸਾ ਰੂਪ ਕਿਉਂ ਧਾਰਿਆ ਹੈ, ਐਨੇ ਉਪੱਦਰਵ ਕਿਉਂ ਉਠਾਏ? ਕਹਿਣ ਲੱਗਾ, ਮਹਾਰਾਜ ਜਿਸ ਤਰ੍ਹਾਂ ਨਿਰੰਕਾਰ ਨੇ ਆਪ ਨੂੰ ਇਸ ਕਲਜੁਗ ਨੂੰ ਤਾਰਨ ਵਾਸਤੇ ਥਾਪਿਆ ਹੈ, ਮੈਨੂੰ ਵੀ ਨਿਰੰਕਾਰ ਨੇ ਇਸ ਜੁਗ ਦਾ ਰਾਜਾ ਥਾਪਿਆ ਹੈ। ਗੁਰੂ ਨਾਨਕ ਨੇ ਪੁਛਿਆ, ਭਾਈ ਤੇਰੇ ਰਾਜ ਦੀ ਕੀ ਵਡਿਆਈ ਹੈ? ਕਹਿਣ ਲੱਗਾ ਕਿ ਮੇਰੇ ਰਾਜ ਦੀ ਵਡਿਆਈ? ਜਿਹੜੇ ਮੈਂ ਉਪੱਦ੍ਰਵ ਕਰਨੇ ਹਨ, ਉਹ ਜੇ ਨਾ ਹੀ ਸੁਣੋ

ਤਾਂ ਚੰਗਾ ਹੈ। ਮੈਂ ਤਾਂ ਬਹੁਤ ਉਪਦਰਵ ਕਰਨੇ ਹਨ। ਕਿਸੇ ਨੂੰ ਸੱਚ ਦੇ ਰਾਹ ਤੇ ਚੱਲਣ ਹੀ ਨਹੀਂ ਦੇਣਾ। ਜੇ ਕੋਈ ਬੰਦਗੀ ਕਰੇਗਾ, ਤਾਂ ਉਹਦੀ ਬਦਨਾਮੀ ਪਹਿਲਾਂ ਕਰਵਾਊਂਗਾ, ਲੋਕ ਨਿੰਦਿਆ ਕਰਨਗੇ। ਜੇ ਕੋਈ ਦਿਨ ਰਾਤ ਨਿੰਦਿਆ ਕਰਨਗੇ, ਤਪ ਕਰੇਗਾ ਤਾਂ ਮੈਂ ਤਪ ਨਹੀਂ ਹੋਣ ਦੇਣਾ, ਜਪ ਕਰੇਗਾ ਤਾਂ ਜਪ ਨਹੀਂ ਹੋਣ ਦੇਣਾ। ਕਹਿਣ ਲੱਗੇ ਫੇਰ ਕਰੇਂਗਾ ਕੀ? ਕਹਿਣ ਲੱਗਾ, ਵੇਦਾਂ ਸ਼ਾਸਤਰਾਂ ਤੋਂ ਸਾਰੀਆਂ ਗੱਲਾਂ ਉਲਟ ਹੋਣਗੀਆਂ। ਵੇਦਾਂ ਦੇ ਸਤਿ ਗਿਆਨ ਵਿਚ ਭਰਮ ਖੜ੍ਹੇ ਕਰ ਦੇਵਾਂਗਾ, ਮੇਰੇ ਰਾਜ ਵਿਚ ਪ੍ਰਕ੍ਰਿਤਕ ਖੋਜ ਐਨੀ ਬਚਿਤ੍ਰ ਹੋ ਜਾਵੇਗੀ, ਆਦਮੀ ਪੂਰਨ ਰੂਪ ਵਿਚ ਮੋਹਿਆ, ਮੋਤੀਆਂ ਨਾਲ ਜੜ੍ਹੇ ਮਹਿਲਾਂ ਵਿਚ ਰਹਿਣ ਦੀ ਤਾਂਘ ਕਰੇਗਾ ਅਤੇ ਪ੍ਰਕ੍ਰਿਤਕ ਮਾਇਕ ਸੁੱਖਾਂ ਵਿਚੋਂ ਹੀ ਆਤਮਕ ਸੁਖਾਂ ਦੀ ਤਾਂਘ ਕਰੇਗਾ। ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਭੁਲਾ ਕੇ ਫੋਕਟ, ਨਿਸਫਲ, ਬੇ-ਰਸੇ ਵਿਸ਼ਵਾਸ਼ਾਂ ਵਿਚ ਉਲਝਾ ਕੇ ਅਧਿਆਤਮਿਕ ਕਰਮਾਂ ਤੋਂ ਪੂਰੀ ਤਰ੍ਹਾਂ ਸੁੰਨ ਕਰ ਦੇਵਾਂਗਾ। ਸ਼ਾਸ਼ਕ ਵਰਗ ਆਪਣੇ ਫਰਜ਼ ਭੁੱਲ ਕੇ ਪਰਜਾ ਨੂੰ ਧੋਖਾ ਦੇਵੇਗਾ। ਪਰਜਾ ਦੇ ਹਿਤ ਦੀ ਥਾਂ ਆਪਣੇ ਹਿਤ ਦੀ ਪੂਰਤੀ ਲਈ ਝੂਠ, ਪਾਖੰਡ ਅਤੇ ਮਰਿਆਦਾ ਰਹਿਤ ਹੋ ਕੇ ਪਰਜਾ ਦੇ ਸੁਖਾਂ ਨੂੰ ਖਤਮ ਕਰਨ ਦਾ ਮੇਰਾ ਪੂਰਾ ਸਹਾਇਕ ਹੋ ਕੇ ਨਿਤਰੇਗਾ। ਅਧਿਆਤਮਕ ਆਗੂਆਂ, ਸੰਤਾਂ, ਪੀਰਾਂ, ਫਕੀਰਾਂ, ਰਹਿਬਰਾਂ ਨੂੰ ਐਸੀ ਮੋਹਣੀ ਮਾਇਆ ਦੇ ਭਰਾਂਤੀ ਭਰੇ ਮਾਹੌਲ ਵਿਚ ਪ੍ਰਵਿਰਤ ਕਰ ਦੇਵਾਂਗਾ ਕਿ ਉਹ ਸਤਿ ਦੇ ਰਾਹ ਤੋਂ ਭਟਕ ਜਾਣਗੇ। ਮੇਰੇ ਰਾਜ ਵਿਚ ਕਥਨੀ ਦਾ ਕੋਈ ਪਾਰਾਵਾਰ ਨਹੀਂ ਹੋਵੇਗਾ ਪਰ ਕਰਣੀ ਦਾ ਨਾਮ ਹੀ ਮਿਟ ਜਾਵੇਗਾ। ਸਾਰੇ ਧਾਰਮਕ ਅਸਥਾਨ ਮੇਰੇ ਹੀ ਅਧੀਨ ਹੋਣਗੇ ਅਤੇ ਮੇਰੇ ਕਲਿਜੁਗੀ ਮੁਰੀਦ ਇਨ੍ਹਾਂ ਧਾਰਮਕ ਅਦਾਰਿਆਂ ਉਤੇ ਮੁਖੀ ਹੋ ਕੇ, ਮੇਰੇ ਹੀ ਗੁਣ ਗਾਉਣਗੇ। ਯਮਾਂ, ਨਿਯਮਾਂ, ਯੋਗਕ ਅੰਗਾਂ ਦੀ ਪਾਲਣਾ ਰਹਿ ਜਾਵੇਗੀ ਅਤੇ ਮਨੋਕਲਪਤ ਰਾਹ ਕਲਪੇ ਜਾਣਗੇ। ਭਗਤੀ ਮੇਰੇ ਰਾਜ ਵਿਚੋਂ ਪੂਰਨ ਰੂਪ ਵਿਚ ਅਲੋਪ ਹੋ ਜਾਵੇਗੀ। ਇਸਤ੍ਰੀ ਪੁਰਖ ਦੇ ਪਿਆਰ ਦੀ ਪਵਿਤਰਤਾ ਨੂੰ ਭੰਗ ਕਰਕੇ, ਮੈਂ ਮਾਇਕ ਹਿਤਾਂ ਦੀ ਮਹਾਨਤਾ ਪ੍ਰਚਲਤ ਕਰਾਂਗਾ। ਦੰਪਤੀ ਦਾ ਪਿਆਰ ਮਾਇਆ ਅਧੀਨ ਹੋਵੇਗਾ ਇਹ ਮਾਇਆ ਭਾਵੇਂ ਕਿਸੇ ਸਾਧਨ ਨਾਲ ਪ੍ਰਾਪਤ ਕੀਤੀ ਜਾਵੇ ਇਹ ਸ਼ੁਭ-ਅਸ਼ੁਭ ਵੀਚਾਰ ਜਾਂਦੀ ਰਹੇਗੀ। ਬੱਚੇ ਮਾਤਾ ਪਿਤਾ ਨੂੰ ਇਕ ਬੋਝ ਸਮਝਣਗੇ ਉਨ੍ਹਾਂ ਦਾ ਹਿਤ ਪਿਤਰ, ਮਾਤਾ ਪਿਤਾ ਤੋਂ ਮੁੜ ਕੇ ਆਪਣੇ ਬੱਚਿਆਂ ਤਕ ਹੀ ਸੀਮਤ ਹੋਵੇਗਾ। ਬੱਚੇ ਆਪਣੇ ਹਿਤ ਦੀ ਪਾਲਣਾ ਲਈ ਹੀ ਰੁਝੇ ਰਹਿਣਗੇ। ਜੀਵਨ ਵਿਚ ਨਿਰੋਲ ਸ੍ਵੈਹਿਤ ਦਾ ਭਾਵ ਮੁਖ ਹੋਵੇਗਾ। ਧਾਰਮਕ ਅਦਾਰੇ ਭ੍ਰਿਸ਼ਟ ਹੋਣ ਕਰਕੇ ਬੱਚਿਆਂ ਨੂੰ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ ਰਹੇਗੀ। ਰਾਗ, ਰੰਗ, ਤਮਾਸ਼ੇ, ਜੂਆ, ਭੋਗ, ਸੈਰ ਸਪਾਟੇ ਮਨ ਨੂੰ ਖਿਚਣਗੇ। ਸ਼ਰਧਾ ਪੂਰੀ ਤਰ੍ਹਾਂ ਉਡ ਚੁੱਕੀ ਹੋਵੇਗੀ। ਮਹਾਂਪੁਰਸ਼ਾਂ ਦੇ ਬਚਨ ਪਰਸਪਰ ਬਹਿਸਾਂ ਮੁਬਹਿਸਾਂ ਵਿਚ ਹੀ ਸੁਣੇ ਜਾਣਗੇ।

ਸਾਰੇ ਵਰਗ ਮੇਰੇ ਰਾਜ ਵਿਚ ਆਪਣੇ ਧਰਮ ਤੋਂ ਪੂਰੀ ਤਰ੍ਹਾਂ ਭਟਕ ਜਾਣਗੇ। ਨੱਚਣ ਗਾਉਣ ਵਾਲੇ ਨ੍ਰਿਤਕ ਵਰਗ ਦੀ ਪ੍ਰਸੰਸਾ ਹੋਵੇਗੀ। ਉਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਣਗੀਆਂ। ਪ੍ਰਕ੍ਰਿਤਕ ਚਮਤਕਾਰਾਂ ਵਿਚ ਸੰਸਾਰ

ਉਲਝ ਕੇ ਪ੍ਰਭੂ ਦੀ ਸਤਤਾ ਉਤੇ ਸ਼ੱਕੀ ਹੋ ਜਾਵੇਗਾ। ਮੇਰੇ ਰਾਜ ਵਿਚ ਚਰਿਤ੍ਰਹੀਣਤਾ ਹੀ ਪ੍ਰਧਾਨ ਰਹੇਗੀ। ਭੋਗਾਂ ਦੀ ਦੁਨੀਆਂ ਵਿਚ ਅਜਿਹੇ ਮੰਦ ਕਰਮ ਪ੍ਰਵਿਰਤ ਹੋ ਜਾਣਗੇ ਜੋ ਮੈਨੂੰ ਆਪਣੇ ਮੂੰਹੋਂ ਕਹਿੰਦੇ ਭੀ ਸ਼ਰਮਿੰਦਾ ਕਰਦੇ ਹਨ। ਸਮੁੱਚੇ ਰੂਪ ਵਿਚ ਮੇਰੇ ਰਾਜ ਦਾ ਪ੍ਰਧਾਨ ਕੂੜ ਹੋਵੇਗਾ ਅਤੇ ਅਸ਼ਾਂਤੀ ਦੇ ਰਥ ਤੇ ਪਰਜਾ ਸਫਰ ਕਰੇਗੀ। ਐਸੀਆਂ ਐਸੀਆਂ ਬਾਤਾਂ ਕਹੀਆਂ, ਜਿਹੜੀਆਂ ਦੱਸੀਆਂ ਹੀ ਨਹੀਂ ਜਾ ਸਕਦੀਆਂ। ਕਹਿਣ ਲੱਗਾ, ਮਹਾਰਾਜ! ਧਰਮ ਕਰਮ ਕੋਈ ਨਹੀਂ ਰਹੇਗਾ। ਗੁਰੂ ਮਹਾਰਾਜ ਨੇ ਪੁਛਿਆ ਕਿ ਫੇਰ ਤੇਰੀ ਵਡਿਆਈ ਕਿਸ ਚੀਜ਼ ਦੀ ਹੈ? ਕਹਿਣ ਲੱਗਾ, ਮੇਰੀ ਵਡਿਆਈ ਇਹ ਹੈ ਕਿ ਜੇਕਰ ਬੰਦਾ ਜ਼ਿੰਦਗੀ ਭਰ ਪਾਪ ਕਰਦਾ ਰਹੇ, ਪਰ ਅੰਤ ਸਮੇਂ ਗਿਆਨ ਹੋ ਜਾਵੇ, ਉਹਦਾ ਧਿਆਨ ਸਰਬਤ੍ਰ ਰਮੇ ਹੋਏ ਬ੍ਰਹਮ ਵਿਚ ਚਲਾ ਜਾਵੇ-ਇਕ ਛਿਨ ਵਾਸਤੇ ਵੀ –

***ਏਕ ਚਿਤ ਜੇ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।।***

ਉਹਦੇ ਸਾਰੇ ਪਾਪ ਖਤਮ ਹੋ ਜਾਇਆ ਕਰਨਗੇ। ਜੇ ਇਕ ਵਾਰੀ ਅੱਲਾ, ਰਾਮ, ਵਾਹਿਗੁਰੂ ਇਕ ਵਾਰੀ ਇਹ ਜਾਣ ਕੇ ਬੋਲੇ ਕਿ ਵਾਹਿਗੁਰੂ ਪਰੀਪੂਰਨ ਹੈ, ਉਸਦਾ ਉਧਾਰ ਹੋ ਜਾਏਗਾ। ਗੁਰੂ ਨਾਨਕ ਦੇਵ ਜੀ ਨੇ ਕਿਹਾ, ਕਲਜੁਗ! ਅਸੀਂ ਤਾਂ ਅੱਗੇ ਹੀ ਕਹਿੰਦੇ ਹਾਂ ਕਿ ਤੇਰਾ ਜੁਗ ਸਾਰੇ ਜੁਗਾਂ ਤੋਂ ਉਤਮ ਹੈ, ਇਹ ਤੇਰੀ ਵਡਿਆਈ ਹੈ। ਤੇਰੇ ਜੁਗ ਵਿਚ ਕਰਮ ਧਰਮ ਤਾਂ ਨਹੀਂ ਫਲਿਆ ਕਰਦੇ ਪਰ ਨਾਮ ਫਲਿਆ ਕਰਦਾ ਹੈ, ਬ੍ਰਹਮ ਗਿਆਨ ਫਲਿਆ ਕਰਦਾ ਹੈ। ਕਲਜੁਗ ਕਹਿਣ ਲੱਗਾ, ਮਹਾਰਾਜ! ਮੇਰੇ ਤੇ ਵੀ ਕ੍ਰਿਪਾ ਕਰੋ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਅਸੀਂ ਤੇਰੇ ਤੋਂ ਲੇਖਾ ਲੈਣਾ ਹੈ –

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***
***ਪੰਨਾ – 903***

ਉਸ ਵੇਲੇ ਬੜਾ ਅਧੀਨ ਹੋ ਕੇ ਕਹਿਣ ਲੱਗਾ, "ਮਹਾਰਾਜ! ਮੇਰੀ ਕੋਈ ਭੇਟਾ ਕਬੂਲ ਕਰੋ, ਮੈਨੂੰ ਬਖਸ਼ੋ।" "ਭਾਈ ਕੀ ਭੇਟਾ ਹੈ ਤੇਰੇ ਕੋਲ?" "ਮਹਾਰਾਜ! ਮੇਰੇ ਕੋਲ ਬੇਅੰਤ ਚੀਜ਼ਾਂ ਹਨ। ਸੋਨੇ ਦੇ ਮੰਦਰ, ਮੋਤੀਆਂ ਦੇ ਮੰਦਰ, ਰਤਨਾਂ ਨਾਲ ਜੜੇ ਹੋਏ, decorate (ਸਜਾਏ ਹੋਏ) ਕੀਤੇ ਹੋਏ, ਸੁਗੰਧੀਆਂ ਨਾਲ ਭਰੇ ਹੋਏ, ਅਗਰ ਚੰਦਨ ਇਹ ਧੂਪਾਂ, ਰਿਧੀਆਂ ਸਿਧੀਆਂ, ਮੋਹਣੀਆਂ, ਬੜੇ ਸੋਹਣੇ ਪਲੰਘ, ਰਾਜ, ਸਭ ਕੁਝ ਹੈ, ਮਹਾਰਾਜ! ਤੁਹਾਡੀ ਵਡਿਆਈ ਐਨੀ ਹੋ ਜਾਏਗੀ ਕਿ ਸਾਰੀ ਦੁਨੀਆਂ ਪਿਛੇ ਤੁਰੀ ਫਿਰੇਗੀ। ਕ੍ਰਿਪਾ ਕਰੋ ਤੇ ਇਹ ਚੀਜ਼ਾਂ ਕਬੂਲ ਕਰੋ।" ਮਹਾਰਾਜ ਨੇ ਕਿਹਾ, "ਕਲਜੁਗ ਸਾਨੂੰ ਇਹਨਾਂ ਚੀਜ਼ਾਂ ਦੀ ਲੋੜ ਨਹੀਂ ਹੈ। ਕਹਿਣ ਲੱਗਾ, "ਮਹਾਰਾਜ! ਕਿਉਂ ਇਹ ਚੀਜ਼ਾਂ ਚੰਗੀਆਂ ਨਹੀਂ?" ਕਹਿਣ ਲੱਗੇ, "ਨਹੀਂ; ਗੁਜ਼ਾਰੇ ਵਾਸਤੇ ਤਾਂ ਠੀਕ ਹਨ – ਕੁਲੀ, ਗੁੱਲੀ, ਜੁਲੀ ਚਾਹੀਦੀ ਹੈ। ਇਹ ਤਾਂ ਪਰਮੇਸ਼ਰ ਨੇ ਪ੍ਰਾਬਧ ਅਨੁਸਾਰ ਹਰ ਪ੍ਰਾਣੀ ਦੇ ਮਸਤਕ ਵਿਚ ਲਿਖ ਕੇ ਭੇਜੀਆਂ ਹਨ,

ਬਾਕੀ ਜਿਹੜਾ ਆਦਮੀ ਪੈਸੇ ਵਿਚ ਮਸਤ ਹੋ ਜਾਂਦਾ ਹੈ, ਉਹ ਤਾਂ ਸਰਾ ਸਰ ਇਹਦੇ ਨਾਲ ਧੋਖਾ ਹੈ ਅਤੇ ਉਸ ਧੋਖੇ ਵਿਚ ਪੈ ਕੇ ਜੀਵਨ ਬਰਬਾਦ ਕਰ ਦਿੰਦਾ ਹੈ। ਉਸੇ ਚੀਜ਼ ਵਿਚ ਪਰਚ ਜਾਂਦਾ ਹੈ, ਦਿਨ ਰਾਤ ਮਨ ਉਸੇ ਚੀਜ਼ ਨਾਲ ਰੁਕਿਆ ਰਹੇਗਾ। ਸੋ ਰੁਕਿਆ ਹੋਇਆ ਮਨ ਇਸ ਤਰ੍ਹਾਂ ਹੈ –

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***

***ਪੰਨਾ – 14***

ਨਾਮ ਚਿਤ ਨਹੀਂ ਆਉਂਦਾ। ਫੇਰ ਜਿਹੜਾ ਅੰਦਰ ਕੌਲ ਫੁੱਲ ਹੁੰਦਾ ਹੈ, ਉਹ ਸੜ ਜਾਂਦਾ ਹੈ – ਮਾਇਆ ਦੀ ਅਗਨ ਨਾਲ। ਕਮਲ ਖੁਸ਼ੀਆਂ ਦਾ ਪ੍ਰਤੀਕ ਹੈ।

ਚਾਰ ਅਗਨੀਆਂ ਹਨ –

***ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥***
***ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥***

***ਪੰਨਾ – 147***

ਅਗਨ ਮੱਚ ਰਹੀ ਹੈ। ਸੋ ਕਲਜੁਗ! ਇਹ ਸਾਰੀਆਂ ਚੀਜ਼ਾਂ ਤਾਂ ਨਾਸ਼ ਕਰਨ ਵਾਲੀਆਂ ਹਨ। ਇਹਨਾਂ ਚੀਜ਼ਾਂ ਦੀ ਸਾਨੂੰ ਲੋੜ ਨਹੀਂ, ਜਿਸ ਚੀਜ਼ ਦੀ ਲੋੜ ਹੈ, ਉਹ ਸਾਡੇ ਕੋਲ ਹੈ, ਉਸ ਨੂੰ ਪਰਮੇਸ਼ਰ ਦਾ ਨਾਮ ਕਹਿੰਦੇ ਹਨ। ਨਾਮ ਤੋਂ ਬਿਨਾਂ ਜਿਹੜਾ ਜੀਉੜਾ ਹੈ, ਉਹ ਸ਼ਾਂਤ ਨਹੀਂ ਹੋਇਆ ਕਰਦਾ, ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਜਲ ਬਲ ਜਾਵੇ,***
***ਜੀਉੜਾ ਨਾਮ ਤੋਂ ਬਿਨਾਂ –2, 2***

***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਪੰਨਾ – 14***

ਕਹਿਣ ਲੱਗੇ, ਇਹ ਸਾਰੀਆਂ ਮਾਇਆ ਦੀਆਂ ਚੀਜ਼ਾਂ ਹਨ। ਮਾਇਆ ਵਿਚ ਤਿੰਨ ਦੋਸ਼ ਹਨ। ਇਕ ਤਾਂ ਆਦਮੀ ਨੂੰ ਭੋਗਾਂ ਦੇ ਨਾਲ ਰੱਜ ਨਹੀਂ ਆਉਂਦਾ, ਤ੍ਰਿਪਤੀ ਨਹੀਂ ਹੁੰਦੀ, ਭੋਗਦਾ ਹੀ ਚਲਾ ਜਾਂਦਾ ਹੈ। ਅਖੀਰ ਤੇ ਭੋਗ ਇਸ ਨੂੰ ਭੋਗ ਜਾਂਦੇ ਹਨ। ਦੂਜੀ ਇਹਦੇ ਵਿਚ ਸਥਿਰਤਾ ਨਹੀਂ ਹੈ। ਕੋਈ ਅਮੀਰ, ਸਦਾ ਅਮੀਰ ਨਹੀਂ ਰਹਿੰਦਾ; ਅੱਜ ਪੈਸਾ ਹੈ, ਕੱਲ ਨੂੰ ਕੋਲ ਕੁਝ ਵੀ ਨਹੀਂ ਰਹਿੰਦਾ, ਉਸ ਦੀ ਸਿਮ੍ਰਤੀ ਇਸ ਨੂੰ ਫੇਰ ਸਾਰੀ ਜ਼ਿੰਦਗੀ ਦੁਖ ਦਿੰਦੀ ਹੈ। ਸੋਚਦਾ ਰਹਿੰਦਾ ਹੈ ਕਿ ਮੇਰਾ ਇਤਨਾ ਵੱਡਾ ਬਿਜਨਸ ਸੀ, ਮੇਰੀਆਂ ਇੰਡਸਟਰੀਆਂ ਸਨ, ਮੇਰੀ ਐਨੀ ਜ਼ਮੀਨ ਸੀ। ਮੇਰੀਆਂ ਕਾਰਾਂ ਸਨ। ਬੱਸ ਇਹ ਗੱਲਾਂ ਸਾਰੀ ਜ਼ਿੰਦਗੀ ਯਾਦ ਆਈ ਜਾਂਦੀਆਂ ਹਨ। ਮਾਇਆ ਕਦੇ ਸਥਿਰ ਨਹੀਂ ਹੋਈ; ਅੱਜ ਹੈ ਕੱਲ ਨੂੰ ਹੈ ਨਹੀਂ, ਪਤਾ ਨਹੀਂ ਕੀ ਹਾਲਾਤ ਬਣ ਜਾਣ, ਗਰੀਬ ਅਮੀਰ ਬਣ ਜਾਣ ਤੇ ਅਮੀਰ ਗਰੀਬ ਬਣ ਜਾਣ। ਤੀਜਾ

ਇਹਦੇ ਵਿਚ ਰਾਗ ਤੇ ਦ੍ਵੈਸ਼ ਹੁੰਦੀ ਹੈ। ਜਿਹੜੀ ਚੀਜ਼ ਵਿਚ ਰਾਗ ਹੋਵੇ ਜਾਂ ਦ੍ਵੈਸ਼ ਹੋਵੇ, ਕਦੀ ਗਰਮ ਹੋ ਜਾਵੇ, ਕਦੀ ਠੰਡੀ ਹੋ ਜਾਵੇ, ਉਹਦੇ ਵਿਚ ਕੋਈ ਚੀਜ਼ ਪਾ ਦਿਓ ਤਾਂ ਉਹ ਮਨੂਰ ਬਣ ਜਾਂਦੀ ਹੈ। ਸੋ ਇਸ ਤਰ੍ਹਾਂ ਰਾਗ ਦ੍ਵੈਸ਼ ਦਾ ਪੀੜਿਆ ਹੋਇਆ ਮਨ ਦੁਖੀ ਰਹਿੰਦਾ ਹੈ, ਸ਼ਾਂਤ ਨਹੀਂ ਹੁੰਦਾ ਜਿੰਨੀ ਦੇਰ ਤਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ।

ਚਾਰ ਕਿਸਮ ਦੀਆਂ ਵਾਸ਼ਨਾਵਾਂ ਮਨ ਨੂੰ ਰਿੜਕਦੀਆਂ ਰਹਿੰਦੀਆਂ ਹਨ। ਪਹਿਲੀ ਦੇਹ ਵਾਸ਼ਨਾ ਹੁੰਦੀ ਹੈ। ਇਹਦੇ ਨਾਲ ਸੰਬੰਧ ਰੱਖਣ ਵਾਲਾ ਪਹਿਲਾਂ ਪੁੱਤਰ ਹੁੰਦਾ ਹੈ। ਜੇ ਪੁੱਤਰ ਨਹੀਂ ਹੈ ਤਾਂ ਹਰ ਵਕਤ ਬੰਦਾ ਪੁੱਤਰ ਦੀ ਦਾਤ ਮੰਗਦਾ ਰਹਿੰਦਾ ਹੈ। ਜੇ ਪੁੱਤਰ ਹੋ ਜਾਵੇ ਤਾਂ ਫਿਕਰ ਪਿਆ ਰਹਿੰਦਾ ਹੈ ਕਿ ਪੁੱਤਰ ਬਿਮਾਰ ਨ ਹੋ ਜਾਵੇ। ਫੇਰ ਸੋਚਦਾ ਹੈ ਪੁੱਤਰ ਠੀਕ ਤਰ੍ਹਾਂ ਪੜ੍ਹ ਨਹੀਂ ਰਿਹਾ, ਇਹਦੀ ਸੁਸਾਇਟੀ ਗਲਤ ਹੋ ਗਈ, ਮੇਰੇ ਆਖੇ ਨਹੀਂ ਲਗਦਾ, ਗਲਤ ਗੱਲਾਂ ਵਿਚ ਪੈ ਗਿਆ। ਜੇ ਪੁੱਤਰ ਚੰਗਾ ਵੀ ਨਿਕਲਿਆ, ਵਿਆਹ ਲਿਆ, ਫੇਰ ਨਵੀਂ ਲੜਕੀ (ਨੂੰਹ) ਆ ਗਈ, ਉਹਦੇ ਨਾਲ ਐਡਜਸਟਮੈਂਟ ਨਹੀਂ ਹੁੰਦੀ, ਉਹ ਮੁੰਡੇ ਨੂੰ ਸਿਖਾਉਣ ਲਗ ਜਾਂਦੀ ਹੈ ਕਿ ਤੂੰ ਮਾਂ ਬਾਪ ਨਾਲੋਂ ਅਲਹਿਦਾ ਹੋ ਜਾ। ਮਾਂ ਬਾਪ ਨੇ ਸਾਰਾ ਜ਼ੋਰ ਲਗਾ ਕੇ ਬੱਚਿਆਂ ਨੂੰ ਪੜ੍ਹਾਇਆ ਹੁੰਦਾ ਹੈ, ਇਸ ਤਰ੍ਹਾਂ ਪੁੱਤਰ ਕਰਕੇ ਹੀ ਝਗੜਾ ਪੈ ਜਾਂਦਾ ਹੈ। ਨੂੰਹ ਸੱਸ ਦਾ ਝਗੜਾ ਪੈ ਜਾਂਦਾ ਹੈ। ਸੋ ਪੁੱਤਰ ਕਰਕੇ ਹੀ ਝਗੜਾ ਹੋ ਜਾਂਦਾ ਹੈ; ਜਿਹੜਾ ਪੁੱਤਰ ਅਰਦਾਸਾਂ ਕਰ ਕਰਕੇ ਲਿਆ ਸੀ, ਉਹੀ ਦੁਖ ਦਾ ਕਾਰਣ ਬਣ ਜਾਂਦਾ ਹੈ।

ਸੋ ਇਸ ਤਰ੍ਹਾਂ ਧਨ ਹੈ, ਜਿਸ ਕਰਕੇ ਰਾਗ ਵੀ ਹੋ ਗਿਆ ਤੇ ਦ੍ਵੈਸ਼ ਵੀ ਹੋ ਗਿਆ ਜਿਹੜਾ ਨੁਕਸਾਨ ਦਿੰਦਾ ਹੈ, ਉਸ ਨਾਲ ਨਫਰਤ ਹੋ ਜਾਂਦੀ ਹੈ, ਜਿਹੜਾ ਹਿਤਾਂ ਦਾ ਸਾਂਝੀਵਾਲ ਹੈ, ਉਸ ਨਾਲ ਪਿਆਰ ਪੈ ਜਾਂਦਾ ਹੈ। ਸੋ ਇਹ ਚੀਜ਼ ਵੀ ਨਹੀਂ ਚਲਦੀ। ਸਵਰਗ ਹੈ, ਨਰਕ ਹੈ, ਸਾਰੀਆਂ ਚੀਜ਼ਾਂ ਵਾਸ਼ਨਾ ਦੇ ਅੰਦਰ ਆਉਂਦੀਆਂ ਹਨ।

***"ਵਾਸ਼ਨਾ ਬੱਧਾ ਆਵੇ ਜਾਏ"***

ਦੂਜੀ ਵਾਸ਼ਨਾ, ਲੋਕ ਵਾਸ਼ਨਾ ਹੁੰਦੀ ਹੈ ਕਿ ਲੋਕ ਮੈਨੂੰ ਚੰਗਾ ਕਹਿਣ, ਮੇਰਾ ਨਾਮ ਹੋਵੇ, ਸੰਸਾਰ ਦੀਆਂ ਸਭ ਚੀਜ਼ਾਂ ਮੈਨੂੰ ਪ੍ਰਾਪਤ ਹੋਣ, ਗੱਡੀ ਵੀ ਮੇਰੇ ਕੋਲ ਹੋਵੇ, ਕੋਠੀ ਵੀ ਚੰਗੀ ਹੋਵੇ, ਕਪੜੇ ਵੀ ਮੇਰੇ ਕੋਲ ਵਧੀਆ ਹੋਣ, ਚਾਰ ਬੰਦਿਆਂ ਵਿਚ ਜਾਵਾਂ ਤੇ ਲੋਕ ਮੇਰੀ ਇਜ਼ਤ ਵੀ ਕਰਨ। ਬਸ ਇਸ ਤਰ੍ਹਾਂ ਲੋਕ ਵਾਸ਼ਨਾ ਵਿਚ ਟੁਰੇ ਫਿਰਦੇ ਹਨ।

ਤੀਜੀ ਵਾਸ਼ਨਾ ਸ਼ਸਤਰ ਵਾਸ਼ਨਾ ਹੁੰਦੀ ਹੈ। ਪੁਸਤਕਾਂ ਪੜ੍ਹੀ ਜਾਣਾ ਲੇਕਿਨ ਕਿਸੇ ਕਿਨਾਰੇ ਨਹੀਂ ਲਗਣਾ, ਕੋਈ ਅਭਿਆਸ ਨਹੀਂ ਕਰਨਾ।

ਚੌਥੀ ਵਾਸ਼ਨਾ ਅਨਸ਼ਠਾਨ ਵਾਸ਼ਨਾ ਹੁੰਦੀ ਹੈ। ਬਾਣੀ ਵਿਚ ਸਭ ਕੁਝ ਲਿਖਿਆ ਪਿਆ ਹੈ ਕਿ ਜੇਕਰ ਇਹ ਸ਼ਬਦ ਦਾ ਅਭਿਆਸ ਕਰੋ ਤਾਂ ਆਹ ਹੋ ਜਾਂਦਾ ਹੈ। ਕਿਉਂਕਿ ਅਸੂਲ ਇਹ ਹੈ ਕਿ ਜਿਹੜੀ ਚੀਜ਼ ਤੁਸੀ ਬਾਰ-

ਬਾਰ ਚਿਤਵੀ ਜਾਓਗੇ, ਉਹ ਚੀਜ਼ ਜਰੂਰ ਪ੍ਰਾਪਤ ਹੋ ਜਾਂਦੀ ਹੈ –

***ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥***

***ਪੰਨਾ – 764***

ਸੋ ਅਨਸ਼ਠਾਨ ਵਾਸ਼ਨਾ ਕਰਕੇ ਸੋਚਦੇ ਹਨ ਕਿ ਮੇਰੇ ਕੋਲ ਲੋਕ ਬਹੁਤੇ ਆਉਣ, ਪੂਜਾ ਕਰਨ, ਚੜ੍ਹਾਵਾ ਚੜ੍ਹਾਉਣ, ਮੈਨੂੰ ਅੰਤਰਜਾਮੀ ਕਹਿਣ, ਮੇਰੀ ਉਪਮਾ ਹੋਵੇ। ਉਪਮਾ ਹੋਈ ਤਾਂ ਨਿੰਦਿਆ ਜ਼ਰੂਰ ਹੋਏਗੀ, ਸੰਸਾਰ ਵਿਚ ਕੋਈ ਵੀ ਐਸਾ ਨਹੀਂ ਜਿਸਦੀ ਇਕੱਲੀ ਉਪਮਾ ਹੁੰਦੀ ਹੋਵੇ; ਜਿੰਨੀ ਉਪਮਾ ਵਧੇਗੀ, ਓਨੀ ਹੀ ਨਾਲ ਨਿੰਦਿਆ ਵਧਦੀ ਹੈ। ਜੇ ਵਾਸ਼ਨਾ ਨਾਲ ਉਪਮਾ ਚਾਹੁੰਦਾ ਹੈ, ਫੇਰ ਜਦੋਂ ਨਿੰਦਿਆ ਹੋਣ ਲਗੀ ਤਾਂ ਦੁਖੀ ਹੋਵੇਗਾ, ਰਿੜਕਿਆ ਜਾਏਗਾ। ਜਦੋਂ ਤਕ ਆਦਮੀ ਦੇ ਗਲ ਤੋਂ ਵਾਸ਼ਨਾ ਨਹੀਂ ਲਹਿੰਦੀ, ਭਾਵੇਂ ਉਹ ਕਿਸੇ ਕਿਸਮ ਦੀ ਹੋਵੇ, ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਬੈਠੇ ਬੈਠੇ ਹੱਸ ਪਏ। ਸਭਾ ਲੱਗੀ ਹੋਈ ਹੈ, ਸਭ ਰਿਸ਼ੀ ਮੁਨੀ ਬੈਠੇ ਹਨ। ਅਧਿਆਤਮਕ ਸਭਾ ਹੈ, ਬਹੁਤ ਸੂਖਸ਼ਮ ਵੀਚਾਰਾਂ ਹੋ ਰਹੀਆਂ ਹਨ। ਵਸਿਸ਼ਟ ਜੀ ਵੀਚਾਰ ਕਰ ਰਹੇ ਸਨ, ਉਨ੍ਹਾਂ ਨੇ ਰਾਮ ਚੰਦਰ ਜੀ ਵੱਲ ਦੇਖਿਆ ਕਿ ਉਹ ਬਹੁਤ ਹੱਸ ਰਹੇ ਹਨ। ਕਥਾ ਬੰਦ ਕਰਕੇ ਕਹਿਣ ਲਗੇ, ਹੇ ਰਾਮ ਜੀ, ਆਪ ਤ੍ਰਿਕਾਲ ਦਰਸ਼ੀ ਹੋ, ਸਰਬੱਗ ਹੋ, ਈਸ਼ਵਰ ਹੋ, ਕ੍ਰਿਪਾ ਕਰਕੇ ਸਾਨੂੰ ਇਹ ਦਸੋ ਕਿ ਆਪ ਕਿਉਂ ਹੱਸੇ? ਰਾਮ ਚੰਦਰ ਜੀ ਕਹਿਣ ਲਗੇ ਕਿ ਇਸ ਕੀੜੇ ਨੂੰ ਦੇਖ ਕੇ ਹੱਸਿਆ ਹਾਂ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਕੀੜਾ ਤਾਂ ਅਸੀਂ ਵੀ ਦੇਖਿਆ ਹੈ ਕਿ ਇਸ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ, ਕੰਧ ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ, ਉਪਰ ਜਾ ਕੇ ਫਿਰ ਗਿਰ ਜਾਂਦਾ ਹੈ। ਆਪ ਦੇ ਹੱਸਣ ਦਾ, ਇਹ ਕਾਰਣ ਤਾਂ ਨਹੀਂ ਹੋ ਸਕਦਾ; ਕੋਈ ਹੋਰ ਗੱਲ ਹੈ, ਆਪ ਦੱਸਣ ਦੀ ਕ੍ਰਿਪਾ ਕਰੋ। ਰਾਮ ਚੰਦਰ ਜੀ ਨੇ ਕਿਹਾ, ਵਸਿਸ਼ਟ ਜੀ! ਆਪ ਤਾਂ ਜਾਣਦੇ ਹੋ। ਪਰ ਉਹਨਾਂ ਨੇ ਕਿਹਾ ਕਿ ਆਪ ਸਾਰੀ ਸੰਗਤ ਨੂੰ ਖੋਲ੍ਹ ਕੇ ਦਸੋ। ਕਹਿਣ ਲੱਗੇ ਕਿ ਮੈਂ, ਤਾਂ ਹਸਿਆ ਹਾਂ ਕਿ ਇਹ ਕੀੜਾ ਅੱਜ ਤੋਂ ਪਹਿਲਾਂ ਚੌਦਾਂ ਵਾਰੀ ਇੰਦਰ ਦੀ ਪਦਵੀ ਪ੍ਰਾਪਤ ਕਰ ਚੁਕਿਆ ਹੈ। ਹੁਣ ਇਹ ਫੇਰ ਚਾਹੁੰਦਾ ਹੈ ਕਿ ਮੈਨੂੰ ਚੌਰਾਸੀ ਲੱਖ ਜੂਨਾਂ ਦਾ ਚੱਕਰ ਸਮਾਪਤ ਹੋਣ ਉਪਰੰਤ ਮਨੁੱਖ ਦੇਹੀ ਮਿਲੇ, ਆਪਣੀ ਸਮਰੱਥਾ ਪ੍ਰਾਪਤ ਕਰਾਂ, ਫੇਰ ਮੈਂ ਸੌ ਯੱਗ ਕਰਾਂ ਤਾਂ ਇੰਦਰ ਦੀ ਪੱਦਵੀ ਪ੍ਰਾਪਤ ਕਰਾਂ। ਫੇਰ ਚੌਰਾਸੀ ਵਿਚ ਗਿਰਦਾ ਹੈ। ਚੌਦਾਂ ਵਾਰੀ ਚੌਰਾਸੀ ਦਾ ਚੱਕਰ ਵੀਹ-ਵੀਹ ਕ੍ਰੋੜ ਸਾਲ ਦਾ, ਤੀਹ ਤੀਹ ਕਰੋੜ ਸਾਲ ਦਾ ਭੁਗਤ ਚੁਕਾ ਹੈ। ਅਸੀਂ ਇਹਦਾ ਮਨ ਪੜ੍ਹਿਆ ਹੈ। ਇਸਦੇ ਮਨ ਵਿਚ ਆ ਰਿਹਾ ਹੈ ਕਿ ਮੈਂ ਫੇਰ ਛੇਤੀਂ ਛੇਤੀਂ ਮਨੁਖ ਬਣਾਂ, ਮਨੁਖ ਬਣ ਕੇ ਫੇਰ ਯੱਗ ਕਰਾਂ ਤੇ ਜਿਹੜੇ ਇੰਦਰ ਦੇ ਭੋਗ ਹਨ ਉਹ ਪ੍ਰਾਪਤ ਕਰਾਂ। ਪਰ ਇਹ ਪਰਮਪਦ ਦੀ ਪ੍ਰਾਪਤੀ ਕਰਨ ਦੀ ਗੱਲ ਨਹੀਂ ਸੋਚਦਾ।

***ਬੇਗਮ ਪੁਰਾ ਸਹਰ ਕੋ ਨਾਉ॥***

***ਦੂਖੁ ਅੰਦਹੁ ਨਹੀ ਤਿਹਿ ਠਾਉ॥*** ***ਪੰਨਾ - 345***

ਲੇਕਿਨ ਉਹਦੀ ਥਾਂ ਤੇ ਭੋਗ ਬਿਰਤੀ ਵਿਚ ਪਿਆ ਹੋਇਆ, ਅਜੇ ਵੀ ਇੰਦਰ ਦੀ ਪਦਵੀ ਨੂੰ ਲੋਚਦਾ ਹੈ। ਜਿੰਨਾ ਚਿਰ ਵਾਸ਼ਨਾ ਬਣੀ ਰਹਿੰਦੀ ਹੈ, ਓਨੀਂ ਦੇਰ ਆਦਮੀ ਆਉਂਦਾ ਜਾਂਦਾ ਰਹਿੰਦਾ ਹੈ ਤੇ ਪਰਮ ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ।

ਪਹਿਲਾ ਭੋਗ ਅਨੰਦ ਹੋਇਆ ਕਰਦਾ ਹੈ। ਪੰਜੇ ਇੰਦਰਿਆਂ ਦੇ ਨਾਲ ਚੀਜ਼ਾਂ ਨੂੰ ਭੋਗਣਾ, ਉਹਨਾਂ ਨਾਲ ਇਸਨੂੰ ਕੁਝ ਅਨੰਦ ਪ੍ਰਾਪਤ ਹੁੰਦਾ ਹੈ। ਉਹ ਬਾਹਰੋਂ ਨਹੀਂ ਆਇਆ ਕਰਦਾ, ਅੰਦਰ ਹੀ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਨੂੰ ਖਬਰ ਮਿਲ ਜਾਵੇ ਕਿ ਤੇਰੀ ਦਸ ਕ੍ਰੋੜ ਦੀ ਲਾਟਰੀ ਨਿਕਲੀ ਹੈ, ਤਾਂ ਉਸ ਖਬਰ ਵਿਚੋਂ ਸੁਖ ਦੀ, ਅਨੰਦ ਦੀ ਲਹਿਰ ਨਿਕਲਦੀ ਹੈ। ਲੇਕਿਨ ਬਾਅਦ ਵਿਚ ਉਹ ਸੁਖ ਕਾਇਮ ਨਹੀਂ ਰਿਹਾ ਕਰਦਾ। ਪੁੱਤਰ ਮਿਲ ਗਿਆ, ਕੋਈ ਹੋਰ ਮਨ ਦੀ ਚਾਹੀ ਹੋਈ ਚੀਜ਼ ਮਿਲ ਗਈ, ਉਹ ਥੋੜ੍ਹੀ ਦੇਰ ਬਾਅਦ ਹਟ ਜਾਂਦੀ ਹੈ। ਸੋ ਇਹਦੇ ਵਿਚ ਸ਼ਾਂਤੀ ਨਹੀਂ ਮਿਲਦੀ।

ਦੂਜਾ ਅਨੰਦ ਹੁੰਦਾ ਹੈ, ਸ਼ਾਸਤਰ ਪੜ੍ਹਨ ਦਾ, ਪੁਸਤਕਾਂ ਪੜ੍ਹਨ ਦਾ। ਚੰਗੀ ਪੁਸਤਕ ਹੱਥ ਵਿਚ ਆ ਗਈ ਤਾਂ ਸੋਚਦਾ ਹੈ ਕਿ ਬੜਾ ਅਨੰਦ ਆ ਰਿਹਾ ਹੈ। ਭਜਨ ਕਰਨ ਦਾ ਅਨੰਦ ਹੋਇਆ ਕਰਦਾ ਹੈ। ਪਰ ਸਭ ਤੋਂ ਸ੍ਰੇਸ਼ਟ ਅਨੰਦ ਜੋ ਹੈ, ਉਸ ਨੂੰ ਬ੍ਰਹਮ ਅਨੰਦ ਕਹਿੰਦੇ ਹਨ। ਜਿਸਨੂੰ ਗਿਆਨ ਹੋ ਜਾਂਦਾ ਹੈ ਅਤੇ ਜਿਸ ਨੂੰ ਇਹ ਅਨੰਦ ਆ ਜਾਵੇ -

***'ਜੋ ਜਨ ਨਿਰਦਾਵੈ ਰਹੈ .........॥*** ***ਪੰਨਾ - 1373***

desireless (ਨਿਰਇੱਛਤ) ਸਟੇਜ ਤੇ ਪਹੁੰਚ ਜਾਵੇ।

***......... ਸੋ ਗਨੈ ਇੰਦ੍ਰ ਸੋ ਰੰਕ॥*** ***ਪੰਨਾ - 1373***

ਉਹ ਕਿਸੇ ਦੀ ਖੁਸ਼ਾਮਦ ਨਹੀਂ ਕਰਿਆ ਕਰਦਾ ਕਿਉਂਕਿ ਉਹ ਪਰਮ ਅਨੰਦ ਵਿਚ ਹੈ।

ਇਕ ਵਾਰੀ ਪੋਰਸ ਨੂੰ ਸਿਕੰਦਰ ਨੇ ਕਿਹਾ ਕਿ ਮੈਂ ਕਿਸੇ ਸੰਤ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਪ੍ਰੋਗਰਾਮ ਬਣਾ ਲਿਆ ਤੇ ਸੰਤਾਂ ਨੂੰ ਮਿਲਣ ਚਲੇ ਗਏ। ਜਦੋਂ ਨੇੜੇ ਚਲੇ ਗਏ ਤਾਂ ਸਿਕੰਦਰ ਕਹਿਣ ਲੱਗਾ ਕਿ ਇਹਨਾਂ ਸੰਤਾਂ ਨੂੰ ਦਸਿਆ ਨਹੀਂ ਕਿ ਅਸੀਂ ਆ ਰਹੇ ਹਾਂ? ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਆਇਆ ਹਾਂ, ਸੰਤਾਂ ਨੇ ਮੇਰਾ ਕੋਈ ਸੁਆਗਤ ਹੀ ਨਹੀਂ ਕੀਤਾ। ਪੋਰਸ ਕਹਿਣ ਲੱਗਾ, ਮਹਾਰਾਜ! ਸੰਤ ਤਾਂ ਕਿਸੇ ਨੂੰ invitation (ਸੱਦਾ ਪੱਤਰ) ਨਹੀਂ ਦਿੰਦੇ, ਸੰਤਾਂ ਦੀ ਆਪਣੀ ਮੌਜ ਹੁੰਦੀ ਹੈ। ਦਿਲ ਕਰੇ ਤਾਂ ਚਲੇ ਜਾਂਦੇ ਹਨ, ਜੇਕਰ ਅੰਦਰੋਂ ਆਵਾਜ਼ ਨਾ ਆਵੇ ਤਾਂ ਨਹੀਂ ਜਾਂਦੇ, ਭਾਵੇਂ ਕੋਈ ਜ਼ੋਰ ਲਾਈ ਜਾਵੇ। ਇਸੇ ਤਰ੍ਹਾਂ ਕਿਸੇ ਦੇ ਆਉਣ ਤੇ ਰੋਕ ਨਹੀਂ, ਕਿਸੇ ਦੇ ਜਾਣ ਤੇ ਰੋਕ ਨਹੀਂ, ਏਥੇ ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ। ਸਿਕੰਦਰ ਤੁਰਿਆ ਜਾ ਰਿਹਾ ਹੈ ਤੇ ਸੰਤਾਂ ਦੇ ਕੋਲ ਪਹੁੰਚ ਗਿਆ। ਸਰਦੀਆਂ ਦਾ ਮਹੀਨਾ ਸੀ। ਉਹ ਸੂਰਜ ਵੱਲ ਮੂੰਹ ਕਰਕੇ ਧੁੱਪ ਲੈ ਰਹੇ

ਸਨ। ਆਪਣੀ ਝੌਂਪੜੀ ਦੇ ਕੋਲ ਬੈਠੇ ਸਨ। ਸਿੰਕਦਰ ਕੋਲ ਜਾ ਕੇ ਕਹਿਣ ਲੱਗਾ, ਇਹੋ ਸੰਤ ਹੈ? ਗੁੱਸਾ ਆ ਗਿਆ, ਤੇ ਸਿਕੰਦਰ ਕਹਿਣ ਲੱਗਾ ਕਿ ਮੇਰੇ ਆਇਆਂ ਤੇ ਉਠ ਕੇ ਖੜ੍ਹਾ ਨਹੀਂ ਹੋਇਆ, ਐਨਾ ਗੁਸਤਾਖ? ਗੁਸੇ ਨਾਲ ਤਲਵਾਰ ਕੱਢ ਲਈ ਕਿ ਮੈਂ ਹੁਣੇ ਇਸ ਸੰਤ ਨੂੰ ਕਤਲ ਕਰ ਦੇਣਾ ਹੈ। ਜਿਹੜਾ ਬੰਦਾ ਅਭਿਮਾਨੀ ਹੁੰਦਾ ਹੈ ਉਸਦੀ ਹਉਮੈ ਨੂੰ ਜਦੋਂ ਠੇਸ ਪਹੁੰਚਦੀ ਹੈ ਤਾਂ ਪਾਗਲਾਂ ਦੀ ਤਰ੍ਹਾਂ ਹੋ ਜਾਂਦਾ ਹੈ। ਇਸਨੇ ਤਲਵਾਰ ਕੱਢ ਲਈ ਤੇ ਸੰਤ ਮੁਸਕਰਾ ਪਏ। ਉਹਨਾਂ ਦੀ ਦ੍ਰਿਸ਼ਟੀ ਵਿਚ ਕੋਈ ਐਸੀ ਕਸ਼ਿਸ਼ ਸੀ ਕਿ ਇਹਦੇ ਅੰਦਰ ਕੁਝ ਹੋਣ ਲਗ ਪਿਆ, ਹੌਲੀ ਹੌਲੀ ਨੇੜੇ ਚਲਾ ਗਿਆ। ਸੰਤਾਂ ਨੇ ਕਿਹਾ, "ਆਪਣੀ ਤਲਵਾਰ ਨੂੰ ਮਿਆਨ ਵਿਚ ਪਾ ਲੈ, ਤੈਨੂੰ ਕਿਹੜੀ ਗੱਲ ਦਾ ਗੁੱਸਾ ਆ ਗਿਆ? ਕੀ ਇਹ ਤੇਰੀ ਤਲਵਾਰ ਲੱਖਾਂ ਬੰਦਿਆਂ ਦਾ ਖ਼ੂਨ ਪੀ ਕੇ ਅਜੇ ਰੱਜੀ ਨਹੀਂ? ਤੈਨੂੰ ਕਿਸ ਗੱਲ ਦੀ ਐਨੀ ਨਰਾਜ਼ਗੀ ਹੈ?" ਕਹਿਣ ਲੱਗਾ, "ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ, ਮੇਰੇ ਸਵਾਗਤ ਵਾਸਤੇ ਤੁਸੀਂ ਕੋਈ ਗੱਲ ਨਹੀਂ ਕੀਤੀ।" ਸੰਤਾਂ ਨੇ ਕਿਹਾ, "ਸਾਨੂੰ ਕੀ ਲੋੜ ਹੈ ਉਠ ਕੇ ਖੜ੍ਹੇ ਹੋਣ ਦੀ? ਜੇ ਤੇਰਾ ਗੁਲਾਮ ਆ ਜਾਏ, ਕੀ ਤੂੰ ਉਠ ਕੇ ਖੜ੍ਹਾ ਹੁੰਦਾ ਹੈਂ?" ਕਹਿਣ ਲੱਗਾ, "ਨਹੀਂ।" "ਜੇ ਕਰ ਤੇਰੇ ਗੁਲਾਮ ਦਾ ਵੀ ਗੁਲਾਮ ਆ ਜਾਏ, ਫੇਰ ਖੜ੍ਹਾ ਹੋਏਂਗਾ?" ਕਹਿੰਦਾ, "ਬਿਲਕੁਲ ਨਹੀਂ।" "ਜੇਕਰ ਅੱਗੋਂ ਹੋਰ ਗੁਲਾਮ ਦਾ ਵੀ ਗੁਲਾਮ ਆ ਜਾਏ, ਫੇਰ?" ਕਹਿਣ ਲੱਗਾ ਮੈਂ ਤਾਂ ਕਿਸੇ ਵਾਸਤੇ ਵੀ ਨਹੀਂ ਖੜ੍ਹਾ ਹੁੰਦਾ ਕਿਉਂਕਿ ਮੈਂ ਸਾਰੀ ਦੁਨੀਆਂ ਦਾ ਵਿਜੈਤਾ ਹਾਂ। ਸੰਤ ਕਹਿਣ ਲੱਗੇ, ਬੱਸ ਇਹੋ ਗੱਲ ਸਾਡੇ ਨਾਲ ਹੈ। ਪੋਰਸ ਨੇ ਬੇਨਤੀ ਕੀਤੀ, "ਮਹਾਰਾਜ! ਤੁਸੀਂ ਕ੍ਰਿਪਾ ਕਰਕੇ ਗੱਲ ਸਮਝਾ ਦਿਓ।" ਕਹਿਣ ਲੱਗੇ, "ਕੀ ਤੂੰ ਸੁਣ ਸਕੇਂਗਾ?" ਕਹਿਣ ਲੱਗਾ, "ਹਾਂ।" ਸੰਤ ਕਹਿੰਦੇ, "ਕੀ ਤੈਨੂੰ ਯੂਨਾਨ ਵਿਚ ਰੋਟੀ ਨਹੀਂ ਮਿਲੀ? ਕੁਲੀ, ਗੁਲੀ ਜੁਲੀ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ। ਦੁਨੀਆਂ ਨੂੰ ਕਿਉਂ ਮਾਰਦਾ ਫਿਰਦਾ ਹੈਂ? ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਫਿਰਦੀ ਹੈ?" ਸਿਕੰਦਰ ਚੁਪ ਕਰ ਗਿਆ। ਕਹਿਣ ਲੱਗੇ, ਤੇਰੇ ਅੰਦਰ ਲੋਭ ਹੈ, ਹਵਸ ਹੈ ਕਿ ਮੈਂ ਸਾਰੀ ਦੁਨੀਆਂ ਨੂੰ ਫਤਹਿ ਕਰ ਲਵਾਂ। ਪਰਮਾਤਮਾ ਨੇ ਤੇਰੇ ਮਨ ਨੂੰ ਹਰਕਤ ਦਿਤੀ ਹੈ, ਬੁੱਧੀ ਤੇ ਜਲਵਾ ਪਾਇਆ ਹੈ, ਬੁਧੀ ਨੇ ਤੇਰੇ ਮਨ ਨੂੰ ਹਰਕਤ ਦਿਤੀ ਹੈ, ਮਨ ਨੇ ਤੇਰੇ ਸਰੀਰ ਨੂੰ ਹਰਕਤ ਦਿਤੀ ਹੈ। ਇਸੇ ਕਰਕੇ ਤੂੰ ਆਪਣੇ ਸਰੀਰ ਕਰਕੇ ਸਾਡੇ ਕੋਲ ਆਇਆ ਹੈਂ, ਹੁਣ ਜਿਹੜਾ ਲੋਭ ਹੈ ਜਿਸ ਕਰਕੇ ਤੂੰ ਐਨੇ ਬੇ-ਕਸੂਰੇ ਬੰਦੇ ਮਾਰ ਦਿਤੇ, ਉਹ ਸਾਡੀਆਂ ਖੜਾਵਾਂ ਦੇ ਹੇਠਾਂ ਪਿਆ ਹੈ। ਖੜਾਵਾਂ ਸਾਡੀ ਸੇਵਾ ਕਰਦੀਆਂ ਹਨ ਅਤੇ ਲੋਭ ਖੜਾਵਾਂ ਦਾ ਗੁਲਾਮ ਹੈ। ਉਹਦਾ ਗੁਲਾਮ ਹੈ ਤੇਰਾ ਮਨ ਜਿਸ ਅੰਦਰ ਦੁਨੀਆਂ ਜਿੱਤਣ ਦਾ ਸੰਕਲਪ ਪੈਦਾ ਹੋਇਆ, ਤੇਰੇ ਮਨ ਦੀ ਗੁਲਾਮ ਹੈ ਤੇਰੀ ਬੁੱਧੀ, ਇਨ੍ਹਾਂ ਦੀ ਗੁਲਾਮੀ ਕੀਤੀ ਤੇਰੇ ਸਰੀਰ ਨੇ; ਹੁਣ ਤੂੰ ਆਪੇ ਹੀ ਸੋਚ ਲੈ ਕਿ ਤੂੰ ਗੁਲਾਮਾਂ ਦੇ ਗੁਲਾਮ ਦਾ ਵੀ ਗੁਲਾਮ ਹੈਂ। ਤੇਰੇ ਆਇਆਂ ਤੇ ਕੀ ਅਸੀਂ ਉਠ ਕੇ ਖੜ੍ਹੇ ਹੋਈਏ? ਕੋਈ ਸਤਿਪੁਰਸ਼ ਆ ਜਾਵੇ, ਬ੍ਰਹਮ ਨੂੰ ਜਾਨਣ ਵਾਲਾ ਆ ਜਾਵੇ, ਅਸੀਂ ਉਹਦੇ ਚਰਨਾਂ ਤੇ ਸੀਸ ਨਿਛਾਵਰ ਕਰ ਦਿਆਂਗੇ, ਇਕ ਦੁਨੀਆਂਦਾਰ ਵਾਸਤੇ ਨਹੀਂ। ਫੁਰਮਾਨ ਹੈ

–

***ਜੋ ਜਨ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕੁ॥ ਪੰਨਾ – 1373***

ਕਿਉਂਕਿ ਵਾਸ਼ਨਾ ਖਤਮ ਹੋ ਗਈ। ਜਿਸਨੇ ਵਾਸ਼ਨਾ ਖਤਮ ਕਰ ਲਈ, ਉਹ ਪਰਮ ਅਨੰਦ ਵਿਚ ਹੋਇਆ ਕਰਦਾ ਹੈ। ਇਕ ਇੱਛਾ ਹੀ ਆਦਮੀ ਨੂੰ ਜੀਵਨ ਮਰਨ ਦੇ ਚੱਕਰ ਵਿਚ ਲਈ ਫਿਰਦੀ ਹੈ। ਜਦੋਂ ਤਕ ਵਾਸ਼ਨਾ ਹੈ, ਆਦਮੀ ਜੰਮਦਾ ਮਰਦਾ ਰਹੇਗਾ ਤੇ ਦੁਖੀ ਰਹੇਗਾ, ਪਰਮਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਵਾਸ਼ਨਾ ਇਕ ਕਿਸਮ ਦੀ ਨਹੀਂ ਹੈ, ਇਸਦੇ ਹਜ਼ਾਰਾਂ ਰੂਪ ਹਨ।

ਸੋ ਅੰਮ੍ਰਿਤਰਾਏ ਜੀ ਕਹਿਣ ਲੱਗੇ ਕਿ ਸੁਜਾਨ ਰਾਇ! ਕਿਸ ਤਰ੍ਹਾਂ ਸ਼ਾਂਤੀ ਆ ਸਕਦੀ ਹੈ? ਤੈਨੂੰ ਨਾਮ ਨਹੀਂ ਪ੍ਰਾਪਤ ਹੋਇਆ। ਸੁਜਾਨ ਰਾਇ ਕਹਿਣ ਲੱਗਾ ਕਿ ਨਾਮ ਕਿਥੋਂ ਪ੍ਰਾਪਤ ਹੁੰਦਾ ਹੈ? ਤਾਂ ਦੱਸਿਆ ਕਿ ਨਾਮ ਪੂਰੇ ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦਾ, ਪੂਰੇ ਗੁਰੂ ਤੋਂ ਬਗੈਰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਇਸ ਤਰ੍ਹਾਂ ਹੈ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।।***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।। ਪੰਨਾ – 59***

ਅੰਮ੍ਰਿਤਰਾਏ ਜੀ ਨੇ ਕਿਹਾ ਕਿ ਜੇ ਸਾਡੀ ਗੱਲ ਨਹੀਂ ਮੰਨਦੇ ਤਾਂ ਬ੍ਰਹਮਾ ਨੂੰ, ਨਾਰਦ ਨੂੰ, ਵੇਦ ਵਿਆਸ ਜੀ ਨੂੰ, ਸੁਖਦੇਵ ਨੂੰ ਪੁਛ ਲਓ; ਜਿੰਨੇ ਵੀ ਤਤਬੇਤੇ ਮਹਾਂਪੁਰਸ਼ ਹੋਏ ਹਨ, ਕਿਸੇ ਨੂੰ ਪੁਛ ਲਓ, ਬਗੈਰ ਗੁਰੂ ਤੋਂ ਗਿਆਨ ਨਹੀਂ ਹੁੰਦਾ ਤੇ ਗਿਆਨ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ। ਨਾਮ ਕੇਵਲ ਗੁਰੂ ਕੋਲ ਹੋਇਆ ਕਰਦਾ ਹੈ।

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥ ਪੰਨਾ – 40***

ਮਿਲਦਾ ਕਿਸ ਤਰ੍ਹਾਂ ਹੈ?

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥ ਪੰਨਾ – 40***

ਜਦੋਂ ਸੇਵਾ ਕਰਦਾ ਹੈ, ਮੁਰਦੇ ਵਾਲੀ ਬਿਰਤੀ ਧਾਰਨ ਕਰਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ਪੰਨਾ – 1102***

ਇਹਦੇ ਦੋ ਅਰਥ ਲੈਂਦੇ ਹਨ – ਜਿਹੜਾ ਤਾਂ ਚੰਮਵਾਦੀ ਹੈ, ਸਰੀਰਵਾਦੀ ਹੈ, ਉਹਦੇ ਵਾਸਤੇ ਤਾਂ ਕਹਿੰਦੇ ਹਨ ਕਿ ਤੂੰ ਮਰਨਾ ਕਬੂਲ ਕਰ ਲੈ। ਭਾਵੇਂ ਤੈਨੂੰ ਕਿਤੇ ਵੀ ਸੁੱਟ ਦਿੱਤਾ ਜਾਵੇ। ਜਿਹੜਾ ਗਿਆਨਵਾਨ ਹੈ, ਉਹਦੇ ਵਾਸਤੇ ਕਹਿੰਦੇ ਹਨ ਕਿ ਤੇਰੇ ਅੰਦਰ ਇਕ ਚੀਜ਼ ਹੈ ਜੋ ਤੈਨੂੰ ਤੰਗ ਕਰ ਰਹੀ ਹੈ। ਜੇ ਤੂੰ ਮਰ ਵੀ ਜਾਵੇਂ, ਸਰੀਰ ਵੀ ਦੇ ਦੇਵੇਂ, ਤਾਂ ਵੀ ਤੇਰੀ ਮੁਕਤੀ ਨਹੀਂ ਹੋਣੀ,

ਕਿਉਂਕਿ ਤੇਰੇ ਅੰਦਰ ਅਜੇ ਤਿਆਗ ਨਹੀਂ ਹੋਇਆ, ਤੂੰ ਫੇਰ ਵੀ ਜਿਊਂਦਾ ਹੈਂ, ਤੇਰਾ ਸੂਖਸ਼ਮ ਸਰੀਰ ਜੀਊਂਦਾ ਹੈ, ਤੇਰਾ ਕਾਰਨ ਸਰੀਰ ਜੀਊਂਦਾ ਹੈ। ਕਹਿਣ ਲੱਗਾ ਕਿ ਜੇ ਸੀਸ ਵੱਢ ਦਿਤਾ ਜਾਵੇ ਤਾਂ ਮੈਂ ਮਰਦਾ ਨਹੀਂ? ਕਹਿੰਦੇ, ਨਹੀਂ, ਤੂੰ ਨਹੀਂ ਮਰਦਾ, ਤੂੰ ਤਾਂ ਜੀਊਂਦਾ ਹੀ ਰਹਿੰਦਾ ਹੈਂ। ਇਹਦੇ ਨਾਲ ਤੇਰੀ ਇਕ ਮਸ਼ੀਨ ਟੁਟੇਗੀ, ਜਿਸਨੂੰ ਤੂੰ ਮਰਨਾ ਕਹਿੰਦਾ ਹੈਂ। ਤੇਰਾ ਸਥੂਲ ਸਰੀਰ ਮਰ ਗਿਆ, ਕੀ ਹੋਇਆ? ਪੰਜ ਤੱਤ ਆਪਣੇ ਤੱਤਾਂ ਵਿਚ ਚਲੇ ਗਏ, ਬਾਕੀ ਤਾਂ ਕੁਝ ਵੀ ਨਹੀਂ ਵਿਗੜਿਆ, ਸੰਸਕਾਰ ਉਸੇ ਤਰ੍ਹਾਂ ਪਏ ਹਨ, ਪਾਪ ਪੁੰਨ ਦੇ ਬੀਜ ਵੀ ਉਵੇਂ ਜਿਵੇਂ ਪਏ ਹਨ, ਵੈਰ ਭਾਵ, ਮਿਤਰ ਭਾਵ, ਸਭ ਉਸੇ ਤਰ੍ਹਾਂ ਉਕਰੇ ਪਏ ਹਨ। ਜਿੰਨੀ ਦੇਰ ਤਕ ਤੇਰਾ ਅੰਤਸ਼ਕਰਣ ਜਿਊਂਦਾ ਹੈ, ਉਤਨੀ ਦੇਰ ਤਕ ਤੂੰ ਨਹੀਂ ਮਰਨਾ। ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧ ਤੇ ਅਹੰਭਾਵ - ਉਨੀਂ ਚੀਜ਼ਾਂ ਤੇਰੀਆਂ ਜੀਊਂਦੀਆਂ ਹਨ। ਉਹ ਕਿਸੇ ਵੀ ਤਰੀਕੇ ਨਾਲ ਨਹੀਂ ਮਰਦੀਆਂ ਭਾਵੇਂ ਟੁਕੜੇ ਟੁਕੜੇ ਕਰ ਦਿਤੇ ਜਾਣ, ਸਰੀਰ ਨੂੰ ਭਾਵੇਂ ਰੱਤੀ ਰੱਤੀ ਕਰਕੇ ਕੱਟ ਦੇ, ਤਾਂ ਵੀ ਨਹੀਂ ਮਰਦੀਆਂ ਕਿਉਂਕਿ ਉਹ ਸੂਖਮ ਤੱਤ ਕੱਟ ਵੱਢ ਨਹੀਂ ਹੁੰਦੇ, ਨਾ ਹੀ ਜਲਦੇ ਹਨ, ਨਾ ਸੁਕਦੇ ਹਨ। ਜੇਕਰ ਇੰਨਾ ਹੀ ਕਰ ਲਿਆ ਕਿ ਮੈਂ ਸੀਸ ਦੇ ਦਿਤਾ ਤੇ ਮਰ ਗਿਆ; ਸਿਰ ਦਿਤੇ ਤੇ ਤਾਂ ਨਹੀਂ ਮਰਿਆ ਜਾਂਦਾ। ਤੂੰ ਅੰਦਰੋਂ ਜਿੰਨੀ ਦੇਰ ਤਕ ਫੈਸਲਾ ਨਹੀਂ ਕਰਦਾ ਕਿ ਮੈਂ ਮਰਨਾ ਹੈ, ਜਿੰਨੀ ਦੇਰ ਤੱਕ ਤੂੰ ਆਪਣੇ ਨਿਜ ਆਪੇ, ਆਪਣੀ ਹੋਂਦ ਨੂੰ ਖਤਮ ਕਰਨ ਦਾ ਫੈਸਲਾ ਨਹੀਂ ਕਰਦਾ, ਉਦੋਂ ਤਕ ਗੱਲ ਨਹੀਂ ਬਣਨੀ। ਏਸੇ ਕਰਕੇ ਕਿਹਾ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਪੰਨਾ - 1102***

ਨਿਜ ਆਪੇ ਦੇ ਨਾਲ ਜਿਊਂਦਾ ਰਹਿਣ ਦੀ ਆਦਤ ਛੱਡ ਦੇ, ਫੇਰ ਤੈਨੂੰ ਸਦਾ ਦੀ ਜ਼ਿੰਦਗੀ ਪ੍ਰਾਪਤ ਹੋ ਜਾਏਗੀ। ਹੁਣ ਤਾਂ ਤੂੰ ਜੰਮਦਾ ਮਰਦਾ ਹੈਂ, ਫੇਰ ਤੈਨੂੰ ਉਹ ਅਵਸਥਾ ਪ੍ਰਾਪਤ ਹੋ ਜਾਏਗੀ ਜਿਥੇ ਮੁੜ ਕੇ ਮਰਨਾ ਹੀ ਨਹੀਂ ਹੈ। ਸੋ ਇਹ ਮਰਨਾ ਕਬੂਲ ਕਰ ਲੈ -

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਪਹਿਲਾਂ ਮਰਣ ਕਬੂਲ ਕਰ ਲੈ, ਜਿੰਨੀ ਦੇਰ ਤਕ ਕਬੂਲ ਨਹੀਂ ਕਰਦਾ-

***ਮੁਰਦਾ ਹੋਇ ਮੁਰੀਦ ਨਾ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***

*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ 3/18*

ਗੱਲਾਂ ਨਾਲ ਤਾਂ ਕੋਈ ਮੁਰਦਾ ਬਣਦਾ ਨਹੀਂ, ਸੱਚ-ਮੁੱਚ ਮੁਰਦਾ ਬਣਨਾ ਪੈਂਦਾ ਹੈ। ਸਤਿਗੁਰੂ ਦੀ ਮਰਜ਼ੀ ਵਿਚ ਚਲਣਾ ਪੈਂਦਾ ਹੈ। ਐਸ ਤਰ੍ਹਾਂ ਸੇਵਾ ਵਿਚ ਲਗਣਾ ਪੈਂਦਾ ਹੈ। ਫੇਰ ਗੁਰੂ ਕੀ ਕਰਦਾ ਹੈ?

(ਸਮਾਂ ਮਿਲਿਆ ਫਿਰ ਇਸ ਤੇ ਵੀਚਾਰ ਕਰਾਂਗੇ)

*ਧੰਨ ਵਡਭਾਗੀ ਵਡਭਾਗੀਆਂ, ਜੋ ਆਏ ਮਿਲੇ ਗੁਰਪਾਸ॥*

*ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮ ਦੇਇ ਆਧਾਰੁ॥*
*ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿਧਾਰਿ॥*
*ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥*
*ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ॥*

*ਪੰਨਾ - 1417*

ਸੋ ਭਾਈ ਸੁਜਾਨ ਰਾਇ ਜੀ! ਗੁਰੂ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਕਹਿਣ ਲੱਗਾ, ਮੈਨੂੰ ਕਿਸੇ ਪੂਰੇ ਗੁਰੂ ਦੀ ਦਸ ਪਾ ਦੇ। ਕਹਿਣ ਲੱਗੇ ਕਿ ਤੈਨੂੰ ਦਸ ਤਾਂ ਪਾਈ ਜਾਂਦੇ ਹਾਂ, ਐਸ ਵੇਲੇ ਦਸਵਾਂ ਗੁਰੂ ਨਾਨਕ ਸੰਸਾਰ ਦਾ ਉਧਾਰ ਕਰ ਰਿਹਾ ਹੈ ਤੇ ਬਹੁਤ ਉਚੀ ਆਵਾਜ਼ ਨਾਲ ਕਹਿ ਰਿਹਾ ਹੈ-

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ॥*

*ਬਚਿਤ੍ਰ ਨਾਟਕ*

ਜਿੰਨੀ ਸੰਸਾਰ ਦੇ ਅੰਦਰ, ਮਨੁੱਖ ਦੇ ਅੰਦਰ ਦੁਸ਼ਟਤਾਈ ਹੈ - ਜੋ ਦੁਸ਼ਟਤਾਈ ਪਰਮੇਸ਼ਰ ਨਾਲੋਂ ਤੋੜਦੀ ਹੈ, ਅਸੀਂ ਉਸਨੂੰ ਖਤਮ ਕਰਨ ਆਏ ਹਾਂ ਅਤੇ ਸੰਤ ਬਿਰਤੀ ਨੂੰ ਉਬਾਰਨ ਵਾਸਤੇ ਆਏ ਹਾਂ। ਸੋ ਐਸੇ ਸਤਿਗੁਰੂ, ਜਿਥੋਂ ਅਸੀਂ ਆਏ ਹਾਂ - ਅਨੰਦਪੁਰ ਸਾਹਿਬ ਤੋਂ, ਉਥੇ ਨਿਵਾਸ ਰਖਦੇ ਹਨ ਤੇ ਸੰਸਾਰ ਦਾ ਉਧਾਰ ਕਰ ਰਹੇ ਹਨ। ਭਾਈ ਸੁਜਾਨ ਰਾਇ ਕਹਿਣ ਲੱਗਾ ਕਿ ਮੈਂ ਵੀ ਤਾਂ ਕਾਫੀ ਸਾਰੇ ਸਾਧਨ ਕੀਤੇ ਹਨ। ਪ੍ਰੇਮੀਆਂ ਨੇ ਪੁਛਿਆ, ਤੂੰ ਕੀ ਕੀਤਾ ਹੈ? ਮੈਂ 'ਅਸ਼ਟ' ਸਾਧਨ ਕਰਦਾ ਰਿਹਾ ਹਾਂ। ਮੈਂ ਹੋਰ ਵੀ ਸਾਧਨ ਕੀਤੇ ਹਨ -

*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਰਹਿਆ।।*
*ਪੰਨਾ - 642*

ਬਹੁਤ ਆਸਣ ਕੀਤੇ ਹਨ। ਸਿੱਧਾਂ ਨਾਲ ਮੇਰੀ ਜਾਣ ਪਛਾਣ ਹੋਈ

ਹੈ। ਇਹਨਾਂ ਦਾ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਇਹਨਾਂ ਦਾ ਕੁਝ ਪਤਾ ਨਹੀਂ ਲਗਦਾ ਕਿ ਅਸ਼ਟ ਸਾਧਨ ਕੀ ਹੁੰਦੇ ਹਨ। ਉਸ ਨੂੰ 'ਅਸ਼ਟਾਂਗ ਯੋਗ' ਆਖਦੇ ਹਨ। ਪਹਿਲਾਂ ਏਹੀ ਪ੍ਰਚਲਿਤ ਹੋਇਆ ਸੀ। ਗੁਰੂ ਮਹਾਰਾਜ ਨੇ ਇਸ ਵਿਚ ਥੋੜ੍ਹੀ ਜਿਹੀ modification (ਤਬਦੀਲੀ) ਰੱਖੀ ਹੈ। ਇਸ ਨੂੰ ਬਦਲਿਆ ਤਾਂ ਨਹੀਂ ਪਰ ਉਸ ਵਿਚ addition (ਵਾਧਾ) ਹੋਰ ਕਰ ਦਿਤੀ, ਐਡੀਸ਼ਨ ਇਸ ਤਰ੍ਹਾਂ ਹੈ, ਜਿਵੇਂ ਗੁਰੂ ਮਹਾਰਾਜ ਜਗਨਨਾਥ ਦੇ ਮੰਦਰ ਜਾਂਦੇ ਹਨ, ਉਥੇ ਆਰਤੀ ਉਤਾਰੀ ਜਾ ਰਹੀ ਹੈ। ਮਹਾਰਾਜ ਬਾਹਰ ਬੈਠ ਗਏ, ਪਾਂਡਿਆਂ ਨੇ ਪੁਛਿਆ ਕਿ ਮਹਾਰਾਜ! ਤੁਸੀਂ ਆਰਤੀ ਵਿਚ ਵਿਸ਼ਵਾਸ ਨਹੀਂ ਰਖਦੇ ?

ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਰਖਦੇ ਹਾਂ।

ਫੇਰ ਤੁਸੀਂ ਅੰਦਰ ਕਿਉਂ ਨਹੀਂ ਆਏ ?

ਕਹਿਣ ਲੱਗੇ ਕਿ ਇਹ ਆਰਤੀ ਛੋਟੀ ਸੀ, ਅਸੀਂ ਵੱਡੀ ਆਰਤੀ ਦਾ ਉਚਾਰਨ ਕਰਦੇ ਹਾਂ। ਕਹਿੰਦੇ ਉਹ ਕਿਹੜੀ ਆਰਤੀ ਹੈ ? ਗੁਰੂ ਨਾਨਕ ਦੇਵ ਜੀ ਨੇ ਕਿਹਾ, ਉਹ ਆਰਤੀ ਹੈ ਜਿਸ ਵਿਚ ਥਾਲ ਤਾਂ ਗਗਨ ਦਾ ਬਣਾਇਆ ਹੋਇਆ ਹੈ, ਦੀਵੇ ਉਹਦੇ ਵਿਚ ਤਾਰੇ ਹਨ, ਸੂਰਜ ਤੇ ਚੰਦ ਹਨ, ਧੂਪ ਉਹਦੀ 'ਮਲਿਆਗਰ ਪਰਬਤ' ਤੋਂ ਆਪੇ ਹੀ ਆ ਰਹੀ ਹੈ। ਸੋ ਐਸੀ ਆਰਤੀ ਜੋ ਹੈ, ਅਸੀਂ ਉਸ ਵਿਚ ਹਰ ਵਕਤ ਲਗੇ ਰਹਿੰਦੇ ਹਾਂ। ਤੁਸੀਂ ਤਾਂ ਦੀਵੇ ਥੋੜ੍ਹੀ ਦੇਰ ਜਾਲਦੇ ਹੋ। ਪਾਂਡੇ ਕਹਿਣ ਲੱਗੇ ਕਿ ਮਹਾਰਾਜ! ਕੀ ਸਾਡੇ ਵਾਲੀ ਆਰਤੀ ਗਲਤ ਹੈ ? ਮਹਾਰਾਜ ਨੇ ਕਿਹਾ ਨਹੀਂ, ਇਹ ਵੀ ਹੈਗੀ। ਇਹ ਅਵਸਥਾ ਭੇਦ ਦੇ ਨਾਲ, ਜਿੰਨੀ ਦੇਰ ਤਕ ਆਦਮੀ ਨੂੰ ਨਿਰਗੁਣ ਬ੍ਰਹਮ ਦੀ ਸਮਝ ਨਹੀਂ ਆਉਂਦੀ, ਉਨੀਂ ਦੇਰ ਤਕ ਉਹ ਨਿਰਗੁਨ ਬ੍ਰਹਮ ਦੀ ਆਰਤੀ ਨਹੀਂ ਉਤਾਰ ਸਕਿਆ ਕਰਦਾ। ਉਨੀ ਦੇਰ ਤਕ ਤੁਹਾਡੀ ਆਰਤੀ ਹੀ ਠੀਕ ਹੈ। ਗੁਰੂ ਮਹਾਰਾਜ ਨੇ ਅਸ਼ਟਾਂਗ ਯੋਗ ਨੂੰ ਖੰਡਨ ਨਹੀਂ ਕੀਤਾ, ਸਿਰਫ ਉਸ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਦਿਤੀ ਹੈ, ਕੁਝ ਵਾਧੇ ਕਰ ਦਿਤੇ ਹਨ। ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਇਸਦੀਆਂ ਅੱਠ ਰਹਿਤਾਂ ਹੁੰਦੀਆਂ ਹਨ। ਉਹਨਾਂ ਦੇ ਨਾਮ ਰੱਖੇ ਹੋਏ ਹਨ। ਇਕ ਦਾ ਨਾਮ ਯਮ ਹੈ, ਪਹਿਲੀ ਉਸ ਵਿਚ ਹੈ 'ਅਹਿੰਸਾ', ਮਨ ਦੇ ਨਾਲ, ਬੁਧੀ ਦੇ ਨਾਲ ਤੇ ਸਰੀਰ ਦੇ ਨਾਲ ਤੇ ਆਤਮਕ ਸ਼ਕਤੀ ਦੇ ਨਾਲ ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣਾ। ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ। ਦੂਜਾ ਹੁੰਦਾ ਹੈ ਝੂਠ ਨਾ ਬੋਲਣਾ ਤੇ ਨਾ ਵਰਤਣਾ ਕਿ ਅੰਦਰ ਕੁਛ ਹੋਰ ਹੋਵੇ ਤੇ ਬਾਹਰੋਂ ਕੁਝ ਹੋਰ ਹੋਵੇ ਕਿਉਂਕਿ ਹੁਣ ਸਾਡੇ ਸਾਰਿਆਂ ਦੇ ਕਈ ਕਈ ਰੂਪ ਹਨ। ਅੰਦਰੋਂ ਅਸੀਂ ਹੋਰ ਹਾਂ ਤੇ ਬਾਹਰ ਦੁਨੀਆਂ ਨੂੰ ਦਿਖਾਉਣ ਵਾਲਾ ਰੂਪ ਹੋਰ ਹੈ ਤੇ ਸਾਰਿਆਂ ਤੋਂ ਚੋਰੀ ਸਾਡਾ ਹੋਰ ਰੂਪ ਹੈ। ਜੋ ਕੋਈ ਨਹੀਂ ਦੇਖਦਾ, ਇਹ ਝੂਠ ਦੀ ਜ਼ਿੰਦਗੀ ਹੋ ਗਈ।

***ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥*** ***ਪੰਨਾ – 470***

ਕੂੜ ਰੋਮ ਰੋਮ ਵਿਚ ਰਚ ਕੇ ਸਾਨੂੰ ਗਲਤ ਰਸਤੇ ਪਾ ਰਿਹਾ ਹੈ।

ਸੋ ਤੀਸਰੀ ਹੁੰਦੀ ਹੈ ਚੋਰੀ, ਜੋ ਕਿ ਬੇਅੰਤ ਕਿਸਮ ਦੀ ਹੈ। ਇਕ ਤਾਂ ਕਿਸੇ ਦੇ ਖਿਆਲ ਚੋਰੀ ਕਰ ਲੈਣੇ, ਕਿਸੇ ਦੀ ਕਵਿਤਾ ਚੋਰੀ ਕਰ ਲੈਣੀ, ਕਿਸੇ ਦੀ ਚੀਜ਼ ਚੋਰੀ ਕਰ ਲੈਣੀ, ਬੇਅੰਤ ਚੀਜ਼ਾਂ ਹਨ ਜੋ ਕਿ ਚੋਰੀ ਕੀਤੀਆਂ ਜਾ ਸਕਦੀਆਂ ਹਨ। ਚੌਥਾ ਹੋਇਆ ਕਰਦਾ ਹੈ ਜਤ। ਸਾਰੇ ਹੀ ਇੰਦਰਿਆਂ ਦਾ, ਕੰਨਾਂ ਦਾ ਵੀ, ਅੱਖਾਂ ਦਾ ਵੀ, ਵਾਸ਼ਨਾ ਦਾ ਵੀ, ਜ਼ੁਬਾਨ ਦਾ ਵੀ; ਜਤ ਕਿੱਡਾ ਹੁੰਦਾ ਹੈ। ਰਾਜਾ ਹਰੀ ਚੰਦ ਹੋਇਆ ਹੈ। ਕੇਵਲ ਉਸ ਨੂੰ ਸੁਪਨਾ ਆਇਆ ਸੀ, ਕਿ ਉਸਨੇ ਸੁਪਨੇ ਵਿਚ ਵਿਸ਼ਵਾਮਿਤ੍ਰ ਨੂੰ ਰਾਜ ਦਾਨ ਕਰ ਦਿਤਾ ਸੀ। ਦੂਜੇ ਦਿਨ ਹੀ ਵਿਸ਼ਵਾਮਿਤ੍ਰ ਆ ਗਿਆ ਕਿਉਂਕਿ ਉਹ ਵੀ ਅੰਤਰਜਾਮੀ ਸੀ। ਰਾਜੇ ਹਰੀਚੰਦ ਨੂੰ ਕਹਿਣ ਲੱਗੇ ਕਿ ਤੁਸੀਂ ਮੈਨੂੰ ਰਾਜ ਕਿਉਂ ਨਹੀਂ ਦਾਨ ਕਰਦੇ। ਉਹਨੇ ਇਹ ਨਹੀਂ ਕਿਹਾ ਕਿ ਮੈਨੂੰ ਸੁਪਨਾ ਆਇਆ ਸੀ। ਉਸਨੇ ਸਾਰਾ ਰਾਜ ਦਾਨ ਕਰ ਦਿਤਾ। ਐਸਾ ਜਤ ਸੀ ਉਸਦਾ। ਫੇਰ ਪੰਜਵੀਂ ਹੋਇਆ ਕਰਦੀ ਹੈ ਧੀਰਜ। ਔਖ ਹੋ ਜਾਵੇ, ਸੌਖ ਹੋ ਜਾਵੇ, ਕਿੰਨੀ ਵੀ ਤਾਕਤ ਹੋਵੇ, ਧੀਰਜ ਰਖ ਕੇ ਸਮਾਨ ਬਿਰਤੀ ਵਿਚ ਰਹਿਣਾ। ਛੇਵੀਂ ਹੋਇਆ ਕਰਦੀ ਹੈ ਖਿਮਾਂ। ਸਤਵੀਂ ਹੁੰਦੀ ਹੈ 'ਦਇਆ', ਅੱਠਵਾਂ ਹੁੰਦਾ ਹੈ - ਹਿਰਦੇ ਨੂੰ ਕੋਮਲ ਰਖਣਾ, ਸਖਤ ਨਾ ਬਣਾਉਣਾ, ਇਹਦੇ ਵਿਚ ਨਰਮਾਈ ਰਖਣੀ। ਨੌਵੀਂ ਹੁੰਦੀ ਹੈ- ਭੋਜਨ ਮਰਯਾਦਾ ਨਾਲ ਛਕਣਾ।

***ਅਲਪ ਅਹਾਰ ਸੁਲਪ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤਿ॥*** ***ਪਾਤਿਸ਼ਾਹੀ ੧੦***

ਵਸਤ੍ਰ ਵੀ ਮਰਿਆਦਾ ਅਨੁਸਾਰ ਪਾਉਣੇ, ਮਰਿਆਦਾ ਦੇ ਨਾਲ ਬਾਤ ਚੀਤ ਕਰਨੀ। ਐਵੇਂ ਹੀ ਊਟ ਪਟਾਂਗ ਨਹੀਂ ਬੋਲੀ ਜਾਣਾ। ਦਸਵਾਂ ਹੋਇਆ ਕਰਦਾ ਹੈ, ਸਰੀਰ ਨੂੰ ਪਵਿਤ੍ਰ ਰਖਣਾ। ਮਨ ਨੂੰ ਪਵਿਤ੍ਰ ਰਖਣਾ, ਬੁੱਧੀ ਨੂੰ ਪਵਿਤ੍ਰ ਰੱਖਣਾ। ਆਲਾ ਦੁਆਲਾ ਪਵਿਤ੍ਰ ਰਖਣਾ। ਇਹਨਾਂ ਦਸ ਚੀਜ਼ਾਂ ਦੇ ਸਮੂੰਹ ਨੂੰ ਇਕ ਨਾਮ ਦਿਤਾ ਹੈ, ਜਿਸ ਨੂੰ ਯਮ ਕਹਿੰਦੇ ਹਨ।

ਦੂਜਾ ਹੋਇਆ ਕਰਦਾ ਹੈ ਨੇਮ ਜਿਸ ਵਿਚ ਤਪ ਕਰਨਾ ਹੁੰਦਾ ਹੈ। ਤਪ ਵੀ ਤਿੰਨ ਪ੍ਰਕਾਰ ਦੇ ਹਨ। ਰਾਜਸੀ ਤਪ, ਤਾਮਸੀ ਤਪ ਤੇ ਸਾਂਤਕੀ ਤਪ। ਸਰੀਰ ਨੂੰ ਖੇਚਲ ਦੇ ਕੇ ਤਪ ਕਰਕੇ ਦੂਜੇ ਦਾ ਬੁਰਾ ਕਰਨਾ ਇਸ ਨੂੰ 'ਤਾਮਸੀ' ਤਪ ਕਹਿੰਦੇ ਹਨ। ਰਾਜਸੀ ਤਪ ਹੁੰਦਾ ਹੈ ਕਿ ਸਰੀਰ ਨੂੰ ਖੇਚਲ ਦੇ ਕੇ ਤਪ ਕਰਨਾ ਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਕਰਨ ਵਾਸਤੇ ਖੇਚਲ ਕਰਨੀ। ਇਸ ਨੂੰ ਰਾਜਸੀ ਤਪ ਆਖਦੇ ਹਨ। ਸਾਂਤਕੀ ਤਪ ਉਹ ਹੁੰਦਾ ਹੈ ਜਿਹੜਾ ਆਦਮੀ ਚਿਤ ਦੀ ਇਕਾਗਰਤਾ ਲਈ ਕਰਦਾ ਹੈ - ਭਜਨ ਬੰਦਗੀ ਵਾਸਤੇ। ਫਿਰ ਹੋਇਆ ਕਰਦਾ ਹੈ ਸੰਤੋਖ, ਸਾਰੇ ਇੰਦਰਿਆਂ ਦਾ ਸੰਤੋਖ ਧਾਰਨ ਕਰਨਾ। ਤੀਜੀ ਹੁੰਦੀ ਹੈ ਆਸਤਕ ਬੁੱਧੀ। ਆਸਤਕ ਹੋਣਾ ਬਹੁਤ ਔਖਾ ਹੈ। ਗੁਰੂ ਦੇ ਬਚਨ ਨੂੰ ਸੌ ਫੀ ਸਦੀ ਸੱਚ ਮੰਨਣਾ, ਆਸਤਕ ਭਾਵਨਾ ਰਖਣੀ। ਚੌਥਾ ਹੋਇਆ ਕਰਦਾ ਹੈ ਦਾਨ। ਦਾਨ ਵੀ ਤਿੰਨ ਕਿਸਮ ਦੇ ਹਨ। ਇਕ ਰਾਜਸੀ, ਇਕ ਤਾਮਸੀ, ਇਕ ਸਾਂਤਕੀ ਦਾਨ। ਤਾਮਸੀ ਦਾਨ

ਉਹ ਹੁੰਦਾ ਹੈ ਜੋ ਆਪਣੀ ਸ਼ਕਤੀ ਤੋਂ ਵੱਧ ਕਰਨਾ ਤੇ ਉਹਦੇ ਵਿਚ ਮਾੜੀ ਵਾਸ਼ਨਾ ਰਖਣੀ। ਰਾਜਸੀ ਦਾਨ ਉਹ ਹੁੰਦਾ ਹੈ ਜਿਹੜਾ ਦਿਖਾ ਦਿਖਾ ਕੇ ਪੈਸੇ ਦੇਣੇ। ਸਾਂਤਕੀ ਦਾਨ ਉਹ ਹੁੰਦਾ ਹੈ ਜਿਹੜਾ ਚੁਪ ਕਰਕੇ ਦੇ ਦੇਣਾ। ਕਿਸੇ ਨੂੰ ਪਤਾ ਵੀ ਨਾ ਲੱਗਣ ਦੇਣਾ 'ਨੇਕੀ ਕਰ ਦਰਿਆ ਮੇਂ ਡਾਲ।' ਪੰਜਵੀ ਹੋਇਆ ਕਰਦੀ ਹੈ ਪੂਜਾ। ਪੂਜਾ ਬਾਹਰ ਵੀ ਹੁੰਦੀ ਹੈ, ਅੰਤਰੀਵ ਵੀ ਹੁੰਦੀ ਹੈ। ਇਕ ਨੂੰ ਬਹਿਰੰਗ ਪੂਜਾ ਕਹਿੰਦੇ ਹਨ, ਇਕ ਨੂੰ ਅੰਤਰੰਗ ਪੂਜਾ ਕਹਿੰਦੇ ਹਨ। ਛੇਵਾਂ ਹੋਇਆ ਕਰਦਾ ਹੈ ਕਿ ਨਿਤਨੇਮ, ਪਾਠ ਨੇਮ ਨਾਲ ਕਰਨਾ, ਨਿਤਨੇਮ ਨਾ ਟੁੱਟਣ ਦੇਣਾ। ਸੱਤਵਾਂ ਹੁੰਦਾ ਹੈ ਕਿ ਜ਼ਿੰਦਗੀ ਵਿਚ ਕਿਸੇ ਕਿਸਮ ਦਾ ਵੀ ਪਾਖੰਡ ਨਾ ਵੜਨ ਦੇਣਾ, ਨਾ ਦੁਨਿਆਵੀ ਤੇ ਨਾ ਰੂਹਾਨੀ, ਨਾ ਵਿਹਾਰ ਵਿਚ। ਅੱਠਵਾਂ ਹੋਇਆ ਕਰਦਾ ਹੈ ਬਿਰਤੀ ਨੂੰ ਸ਼ਾਂਤ ਰਖਣਾ, ਕ੍ਰੋਧ ਵਿਚ ਨਾ ਆਉਣ ਦੇਣਾ, ਲੋਭ ਵਿਚ ਨਾ ਆਉਣ ਦੇਣਾ, ਅਭਿਮਾਨ ਵਿਚ ਨਾ ਆਉਣ ਦੇਣਾ, ਨਿੰਦਿਆ ਚੁਗਲੀ ਵਿਚ ਨਾ ਆਉਣ ਦੇਣਾ ਸਗੋਂ ਮਿੱਠਾ ਬੋਲਣਾ। ਨੌਵਾਂ ਹੋਇਆ ਕਰਦਾ ਹੈ ਨਿਤਨੇਮ ਦਾ ਸਮਾਂ ਬੰਨ੍ਹਣਾ, ਉਸੇ ਵਕਤ ਰੋਜ਼ ਪਾਠ ਕਰਨਾ, ਸਮੇਂ ਨੂੰ ਸੰਭਾਲਣਾ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਪੰਨਾ - 305***

ਇਸ ਤੋਂ ਬਾਅਦ ਪਾਠ ਕਰਨਾ ਤੇ ਉਹਦੇ ਵਿਚ ਮੌਨ ਰਖਣਾ। ਕਈ ਜ਼ੁਬਾਨ ਦਾ ਮੌਨ ਰਖਦੇ ਹਨ। ਮਨ ਦੌੜਿਆ ਫਿਰਦਾ ਹੈ ਪਰ ਕਹਿੰਦੇ ਹਨ ਮੈਂ ਪਾਠ ਕਰਦਿਆਂ ਬੋਲਣਾ ਨਹੀਂ। ਜਦੋਂ ਪਾਠ ਕਰਦਾ ਹੈ ਉਦੋਂ ਮਨ ਦਾ, ਬੁਧੀ ਦਾ, ਇਸ਼ਾਰੇ ਦਾ, ਬੋਲਣ ਦਾ, ਚਾਰ ਮੌਨ ਰਖਣੇ ਪੈਂਦੇ ਹਨ। ਦਸਵਾਂ ਹੋਇਆ ਕਰਦਾ ਹੈ ਹੋਮ ਕਰਨਾ। ਸਭ ਤੋਂ ਵੱਡਾ ਹੋਮ ਹੁੰਦਾ ਹੈ ਕਿ ਭੁੱਖੇ ਦੀਆਂ ਆਂਦਰਾਂ ਦੇ ਵਿਚ ਅੰਨ ਪਹੁੰਚਾਉਣਾ। ਇਹ ਸਭ ਤੋਂ ਵੱਡਾ ਹੋਮ ਹੈ। ਇਸ ਨੂੰ ਬ੍ਰਹਮ ਹੋਮ ਆਖਦੇ ਹਨ।

ਇਸ ਤੋਂ ਅੱਗੇ ਹੁੰਦਾ ਹੈ ਤੀਸਰਾ 'ਆਸਣ' - ਆਰਾਮ ਦੇ ਨਾਲ ਬੈਠਣਾ, ਐਸਾ ਆਸਣ ਕਰਨਾ ਜਿਸ ਵਿਚ ਬਾਰ-ਬਾਰ ਗੋਡੇ ਨਾ ਹਿਲਾਉਣੇ ਪੈਣ। ਚੌਥਾ ਹੈ ਪ੍ਰਾਣਾਯਾਮ, ਜੋ ਯੋਗੀ ਕਰਦੇ ਹਨ। ਪਰ ਸਹਿਜ ਦਾ ਪ੍ਰਾਣਾਯਾਮ ਤਾਂ ਸਾਰੇ ਹੀ ਕਰਦੇ ਹਨ, ਇਸ ਤੋਂ ਅੱਗੇ ਹੁੰਦਾ ਹੈ ਪ੍ਰਤੀਹਾਰ। ਪ੍ਰਤੀਹਾਰ ਕਹਿੰਦੇ ਹਨ - ਇਕਾਂਤ ਵਿਚ ਭਜਨ ਕਰਨਾ, ਬਿਰਤੀ ਨੂੰ ਰੋਕਣਾ, ਸਪਰਸ਼, ਰੂਪ, ਰਸ, ਗੰਧ ਇਹਨਾਂ ਦੇ ਫੁਰਨੇ ਵਿਚ ਮਨ ਨੂੰ ਨਾ ਜਾਣ ਦੇਣਾ।

ਛੇਵਾਂ ਹੋਇਆ ਕਰਦਾ ਹੈ ਧਾਰਨਾ - ਮਨ ਨੂੰ ਬਾਰ-ਬਾਰ ਰੋਕਣਾ, ਨੱਠ ਜਾਂਦਾ ਹੈ ਫੇਰ ਰੋਕਣਾ, ਫੇਰ ਨੱਠੇ, ਫੇਰ ਰੋਕਣਾ। ਮਨ ਨੂੰ ਰੋਕ ਕੇ ਉਸਦਾ ਸਮਾਂ ਵਧਾਉਣਾ, ਇਕ ਮਿੰਟ ਰੋਕਣਾ, ਫੇਰ ਦੋ ਮਿੰਟ ਰੋਕਣਾ ਇਹ

ਧਾਰਨਾ ਕਹਾਉਂਦੀ ਹੈ।

ਉਸ ਤੋਂ ਬਾਅਦ ਹੋਇਆ ਕਰਦਾ ਹੈ ਧਿਆਨ। ਜੇਕਰ ਅਸੀਂ ਮਨ ਨੂੰ ਲਗਾਤਾਰ 30 ਮਿੰਟ ਰੋਕੀਏ ਤਾਂ ਧਿਆਨ ਕਹਾਉਂਦਾ ਹੈ। ਧਿਆਨ ਹੁੰਦਾ ਹੈ ਕਿਸੇ 'ਧੇਅ' ਦਾ। ਤਸੱਬਰ ਕਿਸੇ ਚੀਜ਼ ਦਾ ਹੋਇਆ ਕਰਦਾ ਹੈ। ਉਸ ਨੂੰ ਧਾਰਨ ਕਰਨਾ, ਤੇ ਤੀਹ ਮਿੰਟ ਲਗਾਤਾਰ ਉਸ ਤੇ concentrate (ਇਕਾਗਰ) ਕਰਨਾ, ਧਿਆਨ ਜੋੜਨਾ।

ਇਸ ਤੋਂ ਬਾਅਦ ਹੁੰਦੀ ਹੈ ਸਮਾਧੀ। ਸਮਾਧੀ ਤਿੰਨ ਘੰਟੇ ਬਗੈਰ ਫੁਰਨੇ ਤੋਂ ਬੈਠ ਕੇ, ਆਪਣੇ ਧੇਅ ਦੇ ਵਿਚ ਲੀਨ ਹੋਣਾ, ਇਸ ਨੂੰ ਸਮਾਧੀ ਆਖਦੇ ਹਨ। ਸਮਾਧੀ ਵੀ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਸਾਵਿਕਲਪ ਤੇ ਇਕ ਨਿਰਵਿਕਲਪ। ਇਕ ਵਿਚ ਗਿਆਨ ਹੁੰਦਾ ਹੈ। ਇਕ ਵਿਚ ਲੀਨ ਹੋਇਆ ਜਾਂਦਾ ਹੈ। ਸੋ ਕਹਿਣ ਲੱਗਾ ਕਿ ਮੈਂ ਇਹ ਚੀਜ਼ਾਂ ਕਰਦਾ ਹਾਂ। ਪ੍ਰੇਮੀ ਸੁਜਾਨ ਰਾਇ ਨੂੰ ਕਹਿਣ ਲੱਗੇ ਕਿ ਤੂੰ ਸਾਰੀਆਂ ਚੀਜ਼ਾਂ ਗੁਰੂ ਮਹਾਰਾਜ ਨੂੰ ਪੁਛ ਲੈ। ਕਹਿਣ ਲੱਗੇ ਜਿਹੜੀਆਂ ਗੱਲਾਂ ਤੂੰ ਦੱਸੀਆਂ ਹਨ, ਉਹ ਤਾਂ ਇਸ ਤਰ੍ਹਾਂ ਹੀ ਹਨ। ਪਰ ਮਹਾਰਾਜ ਨੇ ਇਹਦੇ ਵਿਚ ਥੋੜ੍ਹੀ ਜਿਹੀ ਬਦਲੀ ਕਰ ਦਿਤੀ। ਕਹਿਣ ਲੱਗਾ ਕਿਵੇਂ? ਮੈਨੂੰ ਸਮਝਾ ਦਿਉ। ਪ੍ਰੇਮੀ ਕਹਿਣ ਲਗੇ, 'ਯਮ' ਜਿਹੜਾ ਗੁਰੂ ਘਰ ਵਿਚ ਹੈ - ਸਹਿਜ ਮਾਰਗ ਦਾ, ਉਹ ਇਹ ਹੈ ਕਿ ਮਨ ਦੀ ਨਿਰਮਾਣਤਾ ਰਖਣੀ ਹੈ। ਗੁਣਾਂ ਦਾ ਅਭਿਮਾਨੀ ਨਹੀਂ ਹੋਣਾ। ਗੁਣ ਹੁੰਦਿਆਂ ਹੋਇਆਂ ਆਪਣੇ ਮਨ ਤੇ 'ਮੈਂ' ਧਾਰਨ ਨਹੀਂ ਕਰਨੀ। ਰਹਿਣਾ ਗੁਣੀ ਬਣ ਕੇ ਹੈ। ਦੂਜਾ ਨੇਮ ਹੁੰਦਾ ਹੈ - ਬਾਣੀ ਸੁਣਨੀ ਪੜ੍ਹਨੀ ਤੇ ਵੀਚਾਰਨੀ। ਤੀਜਾ ਇਕਾਂਤ ਹੁੰਦਾ ਹੈ - ਮਨ ਨੂੰ ਫੁਰਨਿਆਂ ਤੋਂ ਰੋਕਣਾ, ਵਾਸ਼ਨਾਂ ਸੂਖਮ ਕਰਨੀਆਂ, ਪੰਜਾਂ ਵਿਸ਼ਿਆਂ ਤੋਂ ਮਨ ਰੋਕਣਾ। ਆਤਮਾ ਦੀ ਵੀਚਾਰ ਕਰਨੀ। ਫੇਰ ਘਟ ਘਟ ਦੇ ਵਿਚ ਵਾਹਿਗੁਰੂ ਜਾਨਣਾ। ਇਹ ਸਾਡਾ ਏਕਾਂਤ ਦੇਸ਼ ਦਾ ਵਾਸਾ ਹੋਇਆ ਕਰਦਾ ਹੈ। ਆਸਣ ਵਿਚ ਸੁਖਾਲੇ ਬੈਠ ਕੇ, ਅਕਾਲ ਪੁਰਖ ਵਿਚ ਆਪਣੀ ਬਿਰਤੀ ਸਥਿਤ ਕਰਨੀ। ਕੁੰਭਕ ਹੋਇਆ ਕਰਦਾ ਹੈ ਸਤਸੰਗ ਦੇ ਬਚਨ, ਹਿਰਦੇ ਵਿਚ ਧਾਰਨ ਕਰਨਾ। ਆਤਮ ਪਸਾਰਾ ਜਾਣਕੇ ਅਨਾਤਮ ਬਿਰਤੀ ਦਾ ਤਿਆਗ, ਆਤਮ ਬਿਰਤੀ ਨੂੰ ਹਿਰਦੇ ਵਿਚ ਧਾਰਨਾ, ਇਹ ਕੁੰਭਕ ਹੋਇਆ ਕਰਦਾ ਹੈ। ਰੇਚਕ ਹੋਇਆ ਕਰਦਾ ਹੈ ਦੂਜੇ ਨਾਲ ਈਰਖਾ, ਬਖੀਲੀ, ਨਫਰਤ, ਦੁਸ਼ਮਨੀ ਨਾ ਰੱਖਣੀ, ਹੰਕਾਰ ਤ੍ਰਿਸ਼ਨਾ, ਆਸਾ, ਅੰਦੇਸ਼ਾ, ਮਨ ਬੁੱਧੀ ਚਿਤ ਵਿਚੋਂ ਛੱਡ ਦੇਣੀ ਜਿਸ ਤਰ੍ਹਾਂ ਸ੍ਵਾਸ ਬਾਹਰ ਨੂੰ ਛੱਡੀਦਾ ਹੈ। ਇਸੇ ਤਰ੍ਹਾਂ ਇਹ ਚੀਜ਼ਾਂ ਛੱਡ ਦੇਣੀਆਂ, ਰੇਚਕ, ਪੂਰਕ, ਕੁੰਭਕ ਤਿੰਨੇ ਚੀਜ਼ਾਂ ਹੋਇਆ ਕਰਦੀਆਂ ਹਨ। ਰੇਚਕ ਹੁੰਦਾ ਹੈ, ਗੁਰੂ ਦੇ ਬਚਨਾਂ ਨੂੰ, ਸਿਧਾਤਾਂ ਨੂੰ ਅੰਦਰ ਧਾਰਨ ਕਰ ਲੈਣਾ।

ਇਸਦੇ ਬਾਅਦ ਹੁੰਦਾ ਹੈ ਧਿਆਨ, ਮਨ ਨੂੰ ਬਾਰ-ਬਾਰ ਰੋਕ ਕੇ, ਬਾਰ-ਬਾਰ ਰੋਕ ਕੇ ਗੁਰੂ ਦੇ ਸਿਧਾਂਤ ਵੱਲ ਨੂੰ ਲਾਉਣਾ, ਪ੍ਰਭੂ ਦੇ ਪਿਆਰ ਵਿਚ ਰਹਿ ਕੇ। ਧਿਆਨ ਹੁੰਦਾ ਹੈ ਕਿ ਗੁਰੂ ਦੇ ਸਿਧਾਂਤ ਨੂੰ ਹਿਰਦੇ ਵਿਚ ਟਿਕਾ ਕੇ, ਉਹਦਾ ਨਿਧਿਆਸਣ ਕਰਕੇ ਪੂਰਨ ਤੌਰ ਤੇ ਧਾਰਨ ਕਰਨਾ, ਤੇ ਸਤਸੰਗ

ਦੇ ਉਪਦੇਸ਼ ਨੂੰ ਅੰਤਰੰਗ ਤੇ ਬਹਿਰੰਗ ਦੋਨੋਂ ਤਰੀਕਿਆਂ ਦੇ ਨਾਲ ਆਪਣੇ ਅੰਦਰ ਧਾਰਨਾ, ਅਖੀਰ ਸਮਾਧੀ ਹੋਇਆ ਕਰਦੀ ਹੈ। ਹਉਮੈਂ ਨੂੰ ਮੇਟ ਕੇ, ਪੰਜਾਂ ਕਿਸਮਾਂ ਦੇ ਭਰਮ - ਭੇਦ ਭਰਮ, ਵਿਕਾਰ ਭਰਮ, ਕਰਤੱਤ੍ਰ ਭਰਮ, ਸੰਗ ਭਰਮ, ਬ੍ਰਹਮ ਤੇ ਜਗਤ ਦਾ ਭਰਮ, ਇਹ ਸਾਰੇ ਭਰਮਾਂ ਨੂੰ ਦੂਰ ਕਰਕੇ, ਬ੍ਰਹਮ ਵਿਚ ਆਪਣੀ ਬਿਰਤੀ ਲੀਨ ਕਰਕੇ, ਕੋਈ ਦੂਜਾ ਨਾ ਦੇਖਣਾ।

*ਧਾਰਨਾ - ਏਕੋ ਕਹੀਐ ਨਾਨਕਾ,*
*ਏਕੋ ਕਹੀਐ ਨਾਨਕਾ -2, 2.*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*
*ਪੰਨਾ - 1291*

ਐਸਾ ਉਪਦੇਸ਼ ਗੁਰੂ ਘਰ ਦਾ ਹੈ। ਕਹਿਣ ਲੱਗੇ ਸੁਜਾਨ ਰਾਇ! ਜਦੋਂ ਬਿਰਤੀ ਇਕੋ ਇਕ ਵਿਚ ਚਲੀ ਜਾਂਦੀ ਹੈ ਉਦੋਂ ਮਨ ਨੂੰ ਸ਼ਾਂਤੀ ਮਿਲ ਜਾਂਦੀ ਹੈ ਜਿਸ ਨੂੰ ਤੂੰ ਤਲਾਸ਼ ਕਰਦਾ ਫਿਰਦਾ ਹੈਂ। ਤੇਰੇ ਵੱਡੇ ਭਾਗ ਹਨ ਕਿ ਤੇਰੇ ਅੰਦਰ ਐਸਾ ਫੁਰਨਾ ਪੈਦਾ ਹੋਇਆ ਹੈ, ਕਿਉਂਕਿ ਬਿਰਤੀ ਸੰਸਾਰ ਦੇ ਫੁਰਨੇ ਤੋਂ ਉਪਰ ਨਹੀਂ ਲੰਘਦੀ। ਸਾਰਾ ਜੀਵਨ ਸੰਸਾਰ ਵਿਚ ਰਚ ਕੇ ਬਰਬਾਦ ਕਰ ਦਿੰਦਾ ਹੈ ਤੇ ਮ੍ਰਿਤੂ ਮੰਡਲ ਤੋਂ ਬਗੈਰ ਕੁਛ ਪ੍ਰਾਪਤ ਕੀਤਿਆਂ ਖਾਲੀ ਹੱਥ ਚਲਾ ਜਾਂਦਾ ਹੈ। ਕੁਝ ਵੀ ਖਟ ਕੇ ਨਹੀਂ ਜਾਂਦਾ ਤੇ ਸਾਰਾ ਜੀਵਨ ਬਿਰਥਾ ਚਲਾ ਜਾਂਦਾ ਹੈ, ਆਇਆ ਤਾਂ ਸੀ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*
*ਪੰਨਾ - 251*

ਆਇਆ ਤਾਂ ਬੁਝਣ ਵਾਸਤੇ ਸੀ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ - 251*

ਲੇਕਿਨ ਮਾਇਆ ਨੇ ਮੋਹ ਲਿਆ। ਮਾਇਆ ਵਿਚ ਲਗ ਕੇ ਸੰਸਾਰ

ਜੀਵਨ ਬਿਰਥਾ ਗਵਾ ਕੇ ਤੁਰ ਜਾਇਆ ਕਰਦਾ ਹੈ। ਧੰਨ ਭਾਗ ਤੇਰੇ ਹਨ ਜਿਸ ਨੂੰ ਐਸੀ ਉਚੀ ਸੁਰਤ ਪ੍ਰਾਪਤ ਹੈ ਤੇ ਤੂੰ ਆਪਣੇ ਆਪ ਨੂੰ ਪਰਮ ਕਲਿਆਣ ਦੀ ਪ੍ਰਾਪਤੀ ਵਿਚ ਲਾਇਆ। ਹੁਣ ਤੂੰ ਗੁਰੂ ਮਹਾਰਾਜ ਕੋਲ ਜਾਹ ਭਾਈ, ਉਹ ਤੇਰੇ ਤੇ ਕ੍ਰਿਪਾ ਕਰਨਗੇ।

ਸੋ ਭਾਈ ਸੁਜਾਨ ਰਾਇ ਮਹਾਰਾਜ ਜੀ ਕੋਲ ਜਾਣ ਵਾਸਤੇ ਪ੍ਰੋਗਰਾਮ ਬਣਾਉਂਦਾ ਹੈ। ਘਰਵਾਲੀ ਨਾਲ ਸਲਾਹ ਕਰਦਾ ਹੈ। ਕਾਰੋਬਾਰ ਨੂੰ ਸੰਕੋਚਦਾ ਹੈ। ਹਰ ਵੇਲੇ ਮਨ ਵਿਚ ਖਿਚ ਪਈ ਰਹਿੰਦੀ ਹੈ। ਉਹ ਪ੍ਰੇਮੀ ਐਸੀ ਕੋਈ ਕਣੀ ਲਾ ਗਿਆ ਕਿ ਮਨ ਵਿਚ ਵੈਰਾਗ ਆਉਣ ਲਗ ਪਿਆ। ਅੰਦਰ ਅਣਡਿੱਠੀ ਧੂਅ ਪੈਦਾ ਹੋ ਗਈ। ਗੁਰੂ ਦੇ ਦਰਸ਼ਨਾਂ ਦੀ ਖਿੱਚ ਖਾਂਦਾ ਹੈ ਅਤੇ ਲੋਚਦਾ ਹੈ ਕਿ ਉਹ ਦਿਨ ਕਿਹੜਾ ਹੋਵੇ, ਜਿਸ ਦਿਨ ਮੈਂ ਜਾ ਕੇ ਅਨੰਦਪੁਰ ਸਾਹਿਬ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰਾਂਗਾ। ਅਣਡਿੱਠੀ ਸੂਰਤ ਮਨ ਵਿਚ ਸਮਾਅ ਗਈ, ਮੋਹਣੀ ਹੈ, ਬਾਰ-ਬਾਰ ਅੰਤਰ ਆਤਮੇਂ ਚਰਨਾਂ ਤੇ ਸੀਸ ਰਖਦਾ ਹੈ, ਬਗੈਰ ਬੇ-ਤਾਰ ਬਤਰਕੀ ਦੇ ਨਾਲ ਅੰਦਰੋਂ ਅੰਦਰ ਸੁਨੇਹੇ ਭੇਜਦਾ ਹੈ। ਬਾਰ-ਬਾਰ ਗੁਰੂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ, ਸੱਚੇ ਪਾਤਸ਼ਾਹ ਆਪ ਕ੍ਰਿਪਾ ਕਰੋ। ਬਾਂਹ ਫੜ ਕੇ ਮੈਨੂੰ ਇਸ ਮਾਇਆ ਤੋਂ ਕੱਢ ਲਓ, ਮੈਂ ਨਿਕਲ ਨਹੀਂ ਸਕਦਾ। ਸੋ ਯਤਨ ਕਰਦਾ ਹੈ। ਅਖੀਰ ਉਹ ਭਾਗਾਂ ਵਾਲਾ ਸਮਾਂ ਆ ਗਿਆ, ਜਿਸ ਦਿਨ ਇਸ ਨੇ ਪੱਕਾ ਮਨ ਬਣਾ ਲਿਆ, ਆਪਣੀ ਘਰਵਾਲੀ ਦਾ ਪੂਰਾ ਸਹਿਯੋਗ ਲਿਆ, ਉਸਨੇ ਵੀ ਕਹਿ ਦਿਤਾ ਕਿ ਤੁਸੀਂ ਜਾਓ ਗੁਰੂ ਸਾਹਿਬ ਕੋਲ, ਮੈਂ ਸੁਣਿਆ ਹੈ ਕਿ ਜਾਣਾ ਤਾਂ ਆਪਣੇ ਵੱਸ ਹੁੰਦਾ ਹੈ, ਵਾਪਸ ਭੇਜਣਾ ਗੁਰੂ ਦੇ ਵਸ ਹੁੰਦਾ ਹੈ। ਸੁਜਾਨ ਰਾਇ ਨੇ ਆਪਣੀ ਘਰਵਾਲੀ ਨੂੰ ਕਿਹਾ ਕਿ ਐਨੀ ਦੇਰ ਦਾ ਵਿਛੋੜਾ ਕੀ ਤੂੰ ਸਹਿ ਲਏਂਗੀ? ਕਹਿੰਦੀ ਕੋਈ ਗੱਲ ਨਹੀਂ। ਜਦੋਂ ਤੁਸੀਂ ਕਿਸੇ ਥਾਂ ਤੇ ਪਹੁੰਚ ਜਾਓਂਗੇ ਤਾਂ ਮੈਨੂੰ ਵੀ ਪੁਚਾ ਦਿਓਂਗੇ ਕਿਉਂਕਿ ਮੈਂ ਤੁਹਾਡੀ ਅਰਧਾਂਗਨੀ ਹਾਂ। ਕਹਿਣ ਲੱਗੀ ਤੁਸੀਂ ਜਾਓ, ਮੈਂ ਬਾਲ ਬੱਚੇ ਸੰਭਾਲ ਲਵਾਂਗੀ। ਤੁਸੀਂ ਜਾ ਕੇ ਗੁਰੂ ਦੀ ਕਾਰ ਕਮਾਓ ਤੇ ਭਜਨ ਕਰੋ। ਉਸ ਵੇਲੇ ਸਾਧ ਸੰਗਤ ਜੀ! ਅੰਦਰ ਖਿੱਚ ਪੈਦਾ ਹੋ ਗਈ। ਮਨ ਵਿਚ ਕਹਿਣ ਲੱਗਾ ਕਿ ਜਿਹੜਾ ਲੰਬਾ ਰਸਤਾ ਹੈ, ਇਹ ਕੁਝ ਹੀ ਕਦਮ ਚਲ ਕੇ ਥੋੜ੍ਹੇ ਸਮੇਂ ਵਿਚ ਮੁਕ ਜਾਵੇ। ਉਹਦੀ ਐਸੀ ਬਿਰਤੀ ਬਣ ਗਈ।

***ਧਾਰਨਾ - ਖੰਭ ਵਿਕਦੇ ਹੋਣ ਬਜਾਰੀਂ, ਖੰਭ ਵਿਕਦੇ - 2, 2.***

***ਖੰਭ ਵਿਕਦੇ ਹੋਣ ਬਜਾਰੀਂ,***
***ਗੁਰਾਂ ਨੂੰ ਮੈਂ ਉਡ ਕੇ ਮਿਲਾਂ, ਪਿਆਰਿਓ! ਪਿਆਰਿਓ!!***
***ਗੁਰਾਂ ਨੂੰ ਮੈਂ ਉਡ ਕੇ ਮਿਲਾ............2***

***ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥***
***ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥***

*ਪੰਨਾ - 1426*

ਐਸੀਆਂ ਮਨ ਦੀਆਂ ਭਾਵਨਾਵਾਂ ਲੈ ਕੇ ਗੁਰੂ ਸਾਹਿਬ ਕੋਲ ਪਹੁੰਚ ਗਿਆ। ਮਹਾਰਾਜ ਜੀ ਤਖਤ ਤੇ ਬਿਰਾਜਮਾਨ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ, ਗੁਰੂ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਉਣ ਵਾਸਤੇ ਪਹੁੰਚੀ ਹੋਈ ਸੀ। ਬੇਅੰਤ ਭੀੜ ਹੈ, ਪਰ ਜਦੋਂ ਦਰਸ਼ਨ ਕੀਤੇ ਤਾਂ ਹੈਰਾਨ ਰਹਿ ਗਿਆ ਕਿ ਇਹੋ ਮੂਰਤ ਤਾਂ ਅੰਦਰ ਸਮਾਈ ਹੋਈ ਸੀ। ਭੁੱਲ ਗਿਆ ਸਭ ਕੁਝ, ਅੱਗੇ ਚਲਣਾ ਵੀ ਭੁੱਲ ਗਿਆ। ਹੱਕਾ ਬੱਕਾ ਰਹਿ ਗਿਆ। ਸੁੱਧ ਬੁੱਧ ਭੁੱਲ ਗਈ। ਵਿਸਮਾਦ ਦੀ ਲਹਿਰ ਅੰਦਰ ਚਲ ਪਈ ਅਤੇ ਉਸ ਵਿਸਮਾਦ ਦੇ ਅੰਦਰ ਮਸਤ ਹੋ ਗਿਆ। ਪਤਾ ਨਹੀਂ ਲਗਦਾ ਕਿ ਕੀ ਕਰੇ। ਅਖੀਰ ਗੁਰੂ ਮਹਾਰਾਜ ਨੇ ਦੇਖਿਆ, ਦਿਲ ਦੀ ਤਾਰ ਪਾਤਸ਼ਾਹ ਤਕ ਪਹੁੰਚੀ, ਇਸ਼ਾਰਾ ਕੀਤਾ ਕਿ ਜਿਹੜਾ ਉਹ ਪ੍ਰੇਮੀ ਖੜ੍ਹਾ ਹੈ, ਉਸ ਨੂੰ ਲੈ ਕੇ ਆਓ। ਨੇੜੇ ਆ ਗਿਆ। ਚਰਣਾਂ ਤੇ ਧਾ ਕੇ ਪੈ ਗਿਆ, ਬਹੁਤ ਵੈਰਾਗ ਕੀਤਾ। ਗੁਰੂ ਮਹਾਰਾਜ ਨੇ ਸੁਜਾਨ ਰਾਇ ਨੂੰ ਕੋਲ ਬਿਠਾ ਲਿਆ, ਸਾਹਮਣੇ ਬਿਠਾ ਲਿਆ। ਕਹਿਣ ਲੱਗੇ ਗੁਰਮੁਖਾ! ਬਚਨ ਕਰ, ਤੈਨੂੰ ਕੀ ਚਾਹੀਦਾ ਹੈ? ਉਸ ਵੇਲੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ -

***ਧਾਰਨਾ - ਏਹੋ ਮੇਰੀ ਓ, ਬੇਨਤੀ ਗੁਰਾ - 2, 2***
***ਮੈਨੂੰ ਮਿਲ ਜਾਏ ਨਾਮ ਅਧਾਰਾ - 2, 2.***
***ਮੈਨੂੰ ਮਿਲ ਜਾਏ ਨਾਮ ਅਧਾਰਾ***
***ਪਿਆਰਿਆ......2***

ਮਹਾਰਾਜ! ਮੈਂ ਦੁਨੀਆਂ ਮੰਗਣ ਨਹੀਂ ਆਇਆ। ਜੋ ਆਪ ਕੋਲ ਸਭ ਤੋਂ ਕੀਮਤੀ ਚੀਜ਼ 'ਨਾਮ' ਹੈ, ਉਹ ਲੈਣ ਆਇਆ ਹਾਂ, ਮੈਂ ਬਹੁਤ ਕੁਝ ਕਰਿਆ ਹੈ।

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥***

*ਪੰਨਾ - 641*

ਪਾਤਸ਼ਾਹ! ਮੈਂ ਕੇਵਲ ਵਿਵੇਕ ਬੁਧੀ ਨੂੰ ਲੈਣ ਵਾਸਤੇ ਆਇਆ ਹਾਂ। ਮਹਾਰਾਜ ਜੀ! ਇਹਦੀ ਦਾਤ ਦੇ ਦਿਓ। ਮੇਰੀ ਕੋਈ ਸੇਵਾ ਨਹੀਂ ਹੈ। ਪਰ ਮੰਗ ਸਭ ਤੋਂ ਆਖਰੀ ਅਤਿ ਉਤਮ ਹੈ। ਮਹਾਰਾਜ ਨੇ ਇਸ ਨੂੰ ਉਤਮ ਜਗਿਆਸੂ ਲਿਖਿਆ ਹੈ। ਮਹਾਰਾਜ ਅੰਤਰਮੁਖ ਹੋ ਗਏ। ਕਹਿਣ ਲਗੇ ਸੁਜਾਨ ਰਾਇ, ਇਹ ਮੰਗ ਸਾਡੇ ਤੋਂ ਕੋਈ ਕੋਈ ਮੰਗਦਾ ਹੈ। ਕੋਈ ਪੁੱਤਰ ਮੰਗਦਾ ਹੈ, ਕੋਈ ਜ਼ਮੀਨ ਮੰਗਦਾ ਹੈ, ਕੋਈ ਕ੍ਰਿਪਾ ਮੰਗਦਾ ਹੈ, ਕੋਈ ਕੁਝ ਮੰਗਦਾ

ਹੈ, ਕੋਈ ਕੁਝ ਮੰਗਦਾ ਹੈ। ਜਿਹੜੀ ਮੰਗ ਤੂੰ ਮੰਗੀ ਹੈ ਇਹ ਤਾਂ ਬੜੀ ਉਤਮ ਮੰਗ ਹੈ। ਇਸ ਨੂੰ ਤਾਂ ਕੇਵਲ ਉਤਮ ਜਗਿਆਸੂ ਹੀ ਮੰਗਦਾ ਹੈ। ਇਸ ਨੂੰ ਸੰਸਾਰੀ ਆਦਮੀ ਨਹੀਂ ਮੰਗ ਸਕਿਆ ਕਰਦੇ। ਸੁਜਾਨ ਰਾਇ ਨੂੰ ਗੁਰੂ ਜੀ ਨੇ ਸਾਹਮਣੇ ਬਿਠਾ ਲਿਆ ਤੇ ਕਿਹਾ, ਬੋਲ 'ਵਾਹਿਗੁਰੂ'! ਵਾਹਿਗੁਰੂ ਕਹਾ ਦਿਤਾ। ਵਾਹਿਗੁਰੂ ਕਹਿਣ ਦੀ ਦੇਰ ਹੀ ਸੀ, ਤਨ ਮਨ ਦੇ ਅੰਦਰ ਇਕ ਕਰੰਟ ਨਿਕਲ ਗਈ। ਰੋਮ ਰੋਮ ਦੇ ਵਿਚੋਂ ਆਪੇ ਹੀ ਨਾਮ ਦੀ ਧੁਨੀ ਆਉਣ ਲਗ ਪਈ। ਜਿਥੇ ਮਿਹਨਤਾਂ ਨਾਲ ਪਹੁੰਚਿਆ ਜਾਂਦਾ ਹੈ, ਉਥੇ ਮਹਾਰਾਜ ਨੇ ਦ੍ਰਿਸ਼ਟੀ ਨਾਲ ਹੀ ਪੁਚਾ ਦਿਤਾ ਅਤੇ ਬਚਨ ਕੀਤਾ ਕਿ ਜਿਹੜਾ 'ਵਾਹਿਗੁਰੂ' ਹੈ ਇਸ ਨੂੰ ਸਮਝ ਪਹਿਲਾਂ। ਜਿੰਨਾਂ ਕੁਝ ਤੈਨੂੰ ਨਜ਼ਰ ਆਉਂਦਾ ਹੈ, ਜਿੰਨਾ ਕੁਝ ਤੂੰ ਦੇਖਦਾ ਹੈਂ। ਜਿਸਦਾ ਰੂਪ ਹੈ, ਰੰਗ ਹੈ, ਇਸਦੇ ਪਿਛਲੇ ਪਾਸੇ ਇਕ ਸ਼ਕਤੀ ਹੈ - ਨਿਰਾਕਾਰ। ਇਹ ਮਾਇਆ ਦੇ ਪੜਦੇ ਤੋਂ ਲਾਂਭੇ ਹੈ। ਇਸ ਨੂੰ ਵਾਹਿਗੁਰੂ ਆਖਦੇ ਹਨ। ਕੋਈ ਉਸ ਨੂੰ ਰਾਮ ਕਹਿੰਦਾ ਹੈ, ਕੋਈ ਅੱਲਾ ਕਹਿੰਦਾ ਹੈ ਪਰ ਉਸਦਾ ਕੋਈ ਨਾਮ ਨਹੀਂ ਹੈ।,ਉਸਦਾ ਕੋਈ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ ਪਰ ਆਹ ਜਿਹੜਾ ਮਾਇਆ ਦਾ ਪੜਦਾ ਜੀਵ ਦੀ ਹੋਸ਼, ਸੁਰਤ ਉਤੇ ਤਣਿਆ ਹੋਇਆ ਹੈ ਇਸ ਨੇ ਭੁਲੇਖਾ ਪਾ ਕੇ, ਇਸ 'ਪਰਮ' ਪਰੀਪੂਰਨ ਸੱਤਾ ਨੂੰ ਜੀਵ ਬਣਾ ਦਿਤਾ ਜਿਸ ਨਾਲ ਭੁਲੇਖਾ ਪੈ ਗਿਆ। ਇਹ ਭੁਲੇਖਾ ਕੱਢ ਦੇ।

ਇਸ ਦੇ ਪੰਜ ਰੂਪ ਹੋਇਆ ਕਰਦੇ ਹਨ। ਪਹਿਲਾ ਭੇਦ ਹੋਇਆ ਕਰਦਾ ਹੈ ਕਿ ਮੈਂ ਹੋਰ ਹਾਂ, ਵਾਹਿਗੁਰੂ ਹੋਰ ਹੈ ਤੇ ਆਪਣੇ ਆਪ ਨੂੰ ਜੀਵ ਸਮਝਦਾ ਹੈ। ਜਿਸ ਤਰ੍ਹਾਂ ਕਿ ਸੂਰਜ ਦਾ ਪਰਛਾਵਾਂ ਸਾਰੇ ਘੜਿਆਂ ਵਿਚ ਪੈ ਰਿਹਾ ਹੈ। ਜੇਕਰ ਪਾਣੀ ਨੂੰ ਹਿਲਾ ਦੇਈਏ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਸੂਰਜ ਹਿਲ ਰਿਹਾ ਹੈ ਪਰ ਸੂਰਜ ਤਾਂ ਨਹੀਂ ਹਿਲ ਰਿਹਾ। ਕੇਵਲ ਪਾਣੀ ਹਿਲ ਰਿਹਾ ਹੈ। ਇਸੇ ਤਰ੍ਹਾਂ ਜਦੋਂ ਮਾਇਆ ਦੀ ਵਿਆਧੀ ਪੈਂਦੀ ਹੈ, ਅਵਿਦਿਆ ਦੀ ਉਪਾਧੀ ਆਤਮਾ ਦੇ ਵਿਚ ਪੈਂਦੀ ਹੈ, ਉਸ ਵੇਲੇ ਇਸ ਤਰ੍ਹਾਂ ਲਗਦਾ ਹੈ ਕਿ ਮੇਰਾ ਆਤਮਾ ਬਹੁਤ ਦੁਖੀ ਹੋ ਰਿਹਾ ਹੈ, ਸੁਖੀ ਹੋ ਰਿਹਾ ਹੈ। ਦੁਖ ਸੁਖ ਨੂੰ ਮਹਿਸੂਸ ਕਰਦਾ ਹੈ, ਮਾਨ ਅਪਮਾਨ ਨੂੰ ਮਹਿਸੂਸ ਕਰਦਾ ਹੈ, ਹਾਣ ਤੇ ਲਾਭ ਨੂੰ ਮਹਿਸੂਸ ਕਰਦਾ ਹੈ, ਨਿੰਦਿਆ ਤੇ ਉਸਤਤ ਨੂੰ ਮਹਿਸੂਸ ਕਰਦਾ ਹੈ। ਲੇਕਿਨ ਆਤਮਾ ਦੁਖੀ ਸੁਖੀ ਨਹੀਂ ਹੁੰਦਾ। ਕੇਵਲ ਮਾਇਆ ਕਰਕੇ ਚਿਤ ਦੁਖੀ ਹੁੰਦਾ ਹੈ। ਤੂੰ ਇਸ ਤੋਂ ਪਰ੍ਹੇ ਹੈਂ। ਗੁਰਮੁਖਾ! ਮਾਇਆ ਦੀ ਉਪਾਧੀ, ਜਿਸ ਤਰ੍ਹਾਂ ਬਲੌਰ ਦੇ ਕੋਲ ਲਾਲ ਰੰਗ ਦਾ ਫਲ ਰਖ ਦੇਈਏ, ਤਾਂ ਉਹ ਬਲੌਰ ਵੀ ਲਾਲ ਰੰਗ ਦਾ ਹੀ ਪ੍ਰਤੀਤ ਦੇਵੇਗਾ। ਇਸ ਤਰ੍ਹਾਂ ਜਦੋਂ ਬੁੱਧੀ ਆਤਮਾ ਤੋਂ ਸਤਾ ਪ੍ਰਾਪਤ ਕਰਦੀ ਹੈ ਤਾਂ ਆਤਮ ਤੱਤ ਤੋਂ ਪ੍ਰਤੀਬਿੰਬਤ ਹੁੰਦੀ ਹੈ, ਉਸ ਸਮੇਂ ਸਮੁੱਚਤਾ (ਸਮਸ਼ਟਤਾ), ਵਿਚ ਪ੍ਰਤੀਤ ਦਿੰਦੀ ਹੈ। ਆਤਮ ਤੱਤ ਅੱਡੋ ਅੱਡ ਪ੍ਰਤੀਤ ਦਿੰਦਾ ਹੈ ਅਤੇ ਜੀਵ ਭਾਵ ਪੈਦਾ ਹੋ ਜਾਇਆ ਕਰਦਾ ਹੈ। ਉਹੋ ਆਤਮ ਸਤਾ ਬੁੱਧੀ ਮੰਡਲ ਵਿਚ ਸਮੁੱਚਤਾ ਤੋਂ ਵੱਖ ਹੋ ਕੇ ਵਖਰਾ ਤੱਤ ਬਣਿਆ ਭਾਸਦਾ ਹੈ। ਇਸ ਭ੍ਰਾਂਤੀ ਕਰਕੇ ਹੀ ਆਤਮ ਸਤਾ ਜੀਵ ਬਣ ਜਾਂਦੀ ਹੈ। ਆਤਮਾ ਜੀਵ ਨਹੀਂ ਬਣਦੀ

ਪਰ ਪ੍ਰਤੀਬਿੰਬ, (ਪਰਛਾਵਾਂ) ਜੀਵ ਬਣ ਜਾਇਆ ਕਰਦਾ ਹੈ। ਜੀਵ ਬਣ ਕੇ ਫੇਰ ਉਹ ਦੁਖ ਸੁਖ ਮੰਨਦੀ ਹੈ। ਅਮੀਰ, ਗਰੀਬ, ਕਾਲਾ, ਗੋਰਾ ਐਸੀਆਂ ਚੀਜ਼ਾਂ ਮੰਨਦੀ ਹੈ। ਕਰਤਾ ਮੈਂ ਹਾਂ, ਭੋਗਦਾ ਮੈਂ ਹਾਂ। ਕਰਤਾ, ਭੋਗਤਾ ਹੋ ਕੇ ਹੰਗਤਾ ਵਿਚ ਆ ਕੇ ਫੇਰ ਜਨਮ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਲੇਕਿਨ ਇਹ ਤੇਰੇ ਆਤਮ ਸਰੂਪ ਵਿਚ ਨਹੀਂ ਹੈ। ਇਹ ਬੁੱਧੀ ਦੀ ਆਤਮ ਸਮੀਪਤਾ ਕਰਕੇ, ਭਾਸਣ ਲਗ ਗਿਆ ਅਤੇ ਪਰਪੱਕ ਹੋ ਗਿਆ, ਅਧਿਆਸ ਹੋ ਗਿਆ ਕਿ ਮੈਂ ਜੀਵ ਹਾਂ। ਮਰਦਾ ਜੰਮਦਾ ਹਾਂ।

ਦੂਸਰਾ ਸੰਗ ਦਾ ਭੇਦ ਹੋਇਆ ਕਰਦਾ ਹੈ। ਉਹ ਇਸ ਤਰ੍ਹਾਂ ਹੈ ਕਿ ਜੋ ਅਖੰਡ ਬ੍ਰਹਮ ਹੈ, ਮਾਇਆ ਦੀ ਉਪਾਧੀ ਨੇ ਆਤਮਾ ਨੂੰ ਜੀਵ ਬਣਾ ਦਿਤਾ। ਜਿਸ ਕਰਕੇ ਇਹ ਹਿੰਦੂ ਬਣ ਗਿਆ, ਸਿਖ ਬਣ ਗਿਆ, ਆਪਣੇ ਆਪ ਨੂੰ ਮੁਸਲਮਾਨ ਕਹਿੰਦਾ ਹੈ, ਈਸਾਈ ਕਹਿੰਦਾ ਹੈ, ਪੰਜਾਬੀ, ਬੰਗਾਲੀ, ਮਦਰਾਸੀ ਆਦਿ ਕਹਿੰਦਾ ਹੈ, ਆਪੇ ਹੀ ਆਪ ਬਣ ਗਿਆ, ਮਾਨੋ ਇਥੇ ਕੋਈ ਦੂਜਾ ਹੈ ਹੀ ਨਹੀਂ। ਅਮੀਰ ਲਗਦਾ ਹੈ, ਗਰੀਬ ਬਣਦਾ ਹੈ।

***ਸਹਸ ਘਟਾ ਮਹਿ ਏਕੁ ਅਕਾਸੁ ॥***
***ਘਟ ਫੂਟੇ ਤੇ ਓਹੀ ਪ੍ਰਗਾਸੁ ॥***
***ਪੰਨਾ - 736***

ਸਾਰਿਆਂ ਘੜਿਆਂ ਦੇ ਅੰਦਰ ਇਕੋ ਹੀ ਅਸਮਾਨ, space ਪਈ ਹੋਈ ਹੈ ਪਰ ਵਖਰੀ ਵਖਰੀ ਲਗਦੀ ਹੈ। ਜਦੋਂ ਇਹ ਟੁਟ ਜਾਂਦੇ ਹਨ ਤਾਂ ਇਕੋ ਹੀ ਰਹਿ ਜਾਂਦਾ ਹੈ, ਕੋਈ ਦੂਜਾ ਨਹੀਂ ਹੁੰਦਾ, ਨਾ ਰਹਿੰਦਾ ਹੈ।

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***
***ਪੰਨਾ - 736***

ਅਗਲਾ ਭਰਮ ਹੁੰਦਾ ਹੈ, ਜਿਸ ਨੂੰ ਵਿਕਾਰ ਭਰਮ ਆਖਦੇ ਹਨ। ਜਿਵੇਂ ਹਨੇਰੇ ਵਿਚ ਰੱਸੀ ਪਈ ਹੋਵੇ, ਪਰ ਇਸ ਤਰ੍ਹਾਂ ਲਗੇਗਾ ਕਿ ਸੱਪ ਪਿਆ ਹੋਇਆ ਹੈ। ਜਦੋਂ ਚਾਨਣਾ ਹੋ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਪਈ ਹੈ। ਇਸੇ ਤਰ੍ਹਾਂ ਦੇ ਨਾਲ ਚੰਗਾ ਮੰਦਾ ਸੁਖ ਦੁਖ ਦੇਣ ਵਾਲਾ, ਸੰਸਾਰ ਪ੍ਰਤੀਤ ਹੁੰਦਾ ਹੈ। ਜਦੋਂ ਇਹਦਾ ਨਾਸ਼ ਹੋ ਜਾਂਦਾ ਹੈ ਤਾਂ ਕੀ ਦੇਖਦਾ ਹੈ। ਏਥੇ ਤਾਂ ਕੋਈ ਦੂਜਾ ਹੈ ਹੀ ਨਹੀਂ। ਕੇਵਲ ਇਕੋ ਇਕ ਨਜ਼ਰ ਆਉਂਦਾ ਹੈ।

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ - 4, 2***

***ਗੁਰਹਿ ਦਿਖਾਇਓ ਲੋਇਨਾ ॥***
***ਈਤਹਿ ਊਤਹਿ ਘਟ ਘਟ ਘਟਿ ਘਟਿ***
***ਤੂੰ ਹੀ ਤੂੰ ਹੀ ਮੋਹਿਨਾ ॥***
***ਪੰਨਾ - 407***

ਜਦੋਂ ਦਿਬਯ ਨੇਤਰ ਖੁਲ੍ਹਦੇ ਹਨ, ਮਹਾਰਾਜ ਇਸ ਨੂੰ ਬਿਅੰਨ

ਅੱਖੜੀਆਂ ਵੀ ਕਹਿੰਦੇ ਹਨ, ਕੋਈ sixth sense ਵੀ ਕਹਿੰਦੇ ਹਨ, ਜਦੋਂ ਉਹ ਖੁਲ੍ਹ ਗਈ ਫੇਰ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ – 293***

ਮਹਾਰਾਜ ਕਹਿਣ ਲੱਗੇ, "ਗੁਰਮੁਖਾ! ਇਹ ਵਿਕਾਰ ਦਾ ਭਰਮ ਹੋ ਗਿਆ ਹੈ। ਰੱਸੀ ਵਿਚ ਸੱਪ ਨਜ਼ਰ ਆਉਂਦਾ ਹੈ। ਜਦੋਂ ਚਾਨਣਾ ਹੋ ਜਾਂਦਾ ਹੈ, ਸੱਪ ਗਾਇਬ ਹੋ ਜਾਂਦਾ ਹੈ, ਜਿਹੜੀ ਚੀਜ਼ ਹੈ ਹੀ ਨਹੀਂ, ਉਹਨੇ ਕੀ ਗਾਇਬ ਹੋਣਾ ਹੈ। ਗਾਇਬ ਤਾਂ ਉਹ ਚੀਜ਼ ਹੁੰਦੀ ਹੈ ਜਿਹੜੀ ਹੋਵੇ। ਇਹ ਪਹਿਲਾਂ ਵੀ ਰੱਸੀ ਸੀ, ਹਨ੍ਹੇਰੇ ਕਰਕੇ ਸੱਪ ਲਗਦਾ ਸੀ, ਜਦੋਂ ਚਾਨਣਾ ਹੋ ਗਿਆ, ਫੇਰ ਰੱਸੀ ਹੋ ਗਈ। ਜਿਸ ਤਰ੍ਹਾਂ ਸਿੱਪੀ ਪਈ ਹੋਵੇ, ਚੰਦ ਦੀ ਚਾਨਣੀ ਵਿਚ ਚਾਂਦੀ ਲਗਦੀ ਸੀ। ਜਦੋਂ ਨਿਰਣਾ ਕਰਕੇ ਦੇਖਿਆ ਤਾਂ ਸੋਝੀ ਆਈ ਕਿ ਚਾਂਦੀ ਤਾਂ ਹੈ ਹੀ ਨਹੀਂ ਸੀ। ਇਸੇ ਤਰ੍ਹਾਂ ਸੰਸਾਰ ਲਗਦਾ ਹੈ, ਅਗਿਆਨ ਦੂਰ ਹੋਣ ਤੇ ਕੇਵਲ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥***
***ਪੰਨਾ – 1291***

ਬਾਕੀ ਇਹ ਬ੍ਰਹਮ ਅਤੇ ਜਗਤ ਦੀ ਭਿੰਨਤਾ ਲਗਦੀ ਹੈ ਕਿ ਜਗਤ ਵਖਰਾ ਹੈ ਤੇ ਵਾਹਿਗੁਰੂ ਵੀ ਵਖਰਾ ਹੈ। ਮਹਾਰਾਜ ਕਹਿਣ ਲੱਗੇ ਕਿ ਇਹਦਾ ਵੀ ਨਿਰਣਾ ਕਰੀਐ –'ਕਨਕ ਕਟਕ ਜੈਸੇ ਭੂਲ ਪਰਿਓ' ਜਿਵੇਂ ਸੋਨਾ ਹੈ, ਸੋਨੇ ਦੇ ਹਜ਼ਾਰਾਂ ਗਹਿਣੇ ਬਣਾ ਦਿਤੇ। ਉਹ ਪਹਿਲਾਂ ਵੀ ਸੋਨਾ ਸੀ, ਜਦੋਂ ਉਸਦੇ ਗਹਿਣੇ ਬਣ ਗਏ, ਤਾਂ ਵੀ ਸੋਨਾ ਹੈ। ਜਦੋਂ ਗਹਿਣੇ ਫੇਰ ਢਾਲ ਦਿਤੇ ਜਾਣਗੇ ਤਾਂ ਵੀ ਉਹ ਸੋਨਾ ਰਹੇਗਾ, ਸੋ ਇਹ ਸੋਨੇ ਦਾ ਪ੍ਰਮਾਣ ਹੈ, ਇਸੇ ਤਰ੍ਹਾਂ ਪਾਣੀ ਹੈ–

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***

***ਪੰਨਾ – 485***

ਬੁਲਬੁਲਾ ਜਲ ਤੋਂ ਅੱਡ ਨਹੀਂ ਹੁੰਦਾ। ਕਿਰਿਆ ਕਰਕੇ ਵਖਰਾ ਦਿਸਦਾ ਹੈ ਪਰ ਹੈ ਤਾਂ ਜਲ ਹੀ। ਮਹਾਰਾਜ ਨੇ ਫੁਰਮਾਇਆ, ਗੁਰਮੁਖਾ! ਗੁਰੂ ਘਰ ਦੇ ਅੰਦਰ ਨਾਮ ਦਾਨ ਇਸ਼ਨਾਨ, ਨਾਮ ਜਪਣਾ, ਦਾਨ ਕਰਨਾ ਤੇ ਇਸ਼ਨਾਨ ਕਰਨਾ; ਮਨ ਦਾ ਇਸ਼ਨਾਨ ਕਰਾਉਣਾ, ਬੁੱਧੀ ਦਾ ਇਸ਼ਨਾਨ ਕਰਾਉਣਾ, ਆਤਮਕ ਇਸ਼ਨਾਨ ਕਰਨਾ, ਸਰੀਰ ਦਾ ਇਸ਼ਨਾਨ ਕਰਨਾ। ਇਸੇ ਤਰ੍ਹਾਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਚਾਰ ਚੀਜ਼ਾਂ ਹਨ। ਪਹਿਲਾਂ ਸ਼ੁਭ ਕਰਮ ਕਰਨ ਨਾਲ ਆਦਮੀ ਦੇ ਮਨ ਦੀ ਮੈਲ ਦੂਰ ਹੁੰਦੀ ਹੈ। ਫੇਰ ਇਸ ਤੋਂ ਬਾਅਦ ਧਿਆਨ ਕਰਨਾ, ਉਪਾਸ਼ਨਾ ਕਰਨੀ, ਉਪਾਸ਼ਨਾ ਦੇ ਨਾਲ ਮਨ ਦੀ ਵਿਖਸ਼ੇਪਤਾ ਦੂਰ ਹੁੰਦੀ ਹੈ, ਫੇਰ ਜਿਹੜੇ ਅਸੀਂ ਬਚਨ ਕਰਦੇ ਹਾਂ, ਇਸ

ਨੂੰ ਗਿਆਨ ਕਹਿੰਦੇ ਹਨ। ਇਹਦੇ ਨਾਲ ਮਨ ਤੋਂ ਪੜਦਾ ਦੂਰ ਹੁੰਦਾ ਹੈ। ਇਸ ਤੋਂ ਬਾਅਦ ਵਿਗਿਆਨ ਹੈ। ਵਿਗਿਆਨ ਕਰਨ ਵਾਸਤੇ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਇ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਪੰਨਾ - 305***

ਅੰਮ੍ਰਿਤ ਵੇਲੇ ਜਾਗਿਆ ਕਰ, ਸੰਸਾਰ ਦੇ ਅੰਦਰ, ਸੱਤਿ ਤੇ ਅਸੱਤਿ ਨੂੰ ਜਾਣ ਲੈ। ਜਿਨਾਂ ਨਾਮ ਤੇ ਰੂਪ ਹੈ, ਸਭ ਅਸਤਿ ਹੈ। ਜਿਸਦਾ ਨਾਮ ਤੇ ਰੂਪ ਨਹੀਂ ਹੈ ਉਹ ਵਾਹਿਗੁਰੂ ਹੈ, ਉਸ ਨੂੰ ਬ੍ਰਹਮ ਆਖਦੇ ਹਨ। ਰਾਮ, ਅੱਲਾ, ਵਾਹਿਗੁਰੂ ਕੋਈ ਨਾਮ ਰਖ ਲਓ, ਇਸ ਨੂੰ ਆਤਮਾ ਆਖਦੇ ਹਨ। ਫਿਰ ਉਹ ਇਕੋ ਸਾਰੇ ਹੀ ਪਰੀਪੂਰਨ ਹੈ। ਸੋ ਇਹਦੇ ਨਾਲ ਆਦਮੀ ਦੇ ਅੰਦਰ ਭੁਲੇਖਾ ਪੈਂਦਾ ਹੈ ਜਿਸ ਨੂੰ ਦੂਰ ਕਰਨ ਵਾਸਤੇ ਭਜਨ ਕਰਨਾ ਹੈ।

ਪਹਿਲਾਂ ਵਿਵੇਕ ਬਿਰਤੀ ਧਾਰਨ ਕਰਨੀ ਹੈ ਤੇ ਵੈਰਾਗ ਵਿਚ ਆਉਣਾ ਹੈ। ਰਾਗ ਕਹਿੰਦੇ ਹਨ - ਕਿਸੇ ਚੀਜ਼ ਦੀ ਪਕੜ ਨੂੰ, attachment ਨੂੰ; ਤੇ ਵੈਰਾਗ ਕਹਿੰਦੇ ਹਨ - detachment (ਨਿਰਮੋਹਤਾ) ਨੂੰ। ਸੋ ਸਭ ਚੀਜ਼ਾਂ ਦੀ ਪਕੜ ਛੱਡਣੀ ਹੈ। ਵਰਤਣੀਆਂ ਸਭ ਹਨ ਪਰ ਮੋਹ ਨਹੀਂ ਪਾਉਣਾ। ਫੇਰ ਤੀਜਾ ਹੋਇਆ ਕਰਦਾ ਹੈ, ਮਨ ਵਿਚ ਤੀਬਰ ਇੱਛਾ ਕਿ ਨਿਧਿਆਸਣ ਕਰਕੇ ਇਸ ਪਦਵੀ ਨੂੰ ਅੰਦਰ ਧਾਰਨ ਕਰਕੇ, ਤੱਤ ਪਦ ਤੇ ਪਹੁੰਚ ਜਾਣਾ। ਬਾਕੀ ਤੂੰ ਸਾਧਨ ਦਸੇ ਹੀ ਹਨ ਕਿ ਮੈਂ ਅਸ਼ਟਾਂਗ ਯੋਗ ਕਰਦਾ ਰਿਹਾ ਹਾਂ। ਗੁਰਮਤਿ ਯੋਗ ਬਾਰੇ ਵੀ ਤੂੰ ਦਸਿਆ ਹੈ। ਤੈਨੂੰ ਜੋ ਅੰਮ੍ਰਿਤ ਰਾਇ ਕਵੀ ਨੇ ਦਸਿਆ ਹੋਇਆ ਹੈ, ਉਹ ਠੀਕ ਹੈ। ਉਵੇਂ ਜਿਵੇਂ ਹੀ ਕਰਿਆ ਕਰ। ਹੁਣ ਤੂੰ ਜਿਸ ਤਰ੍ਹਾਂ ਸਾਡੇ ਬਚਨ ਸੁਣੇ ਹਨ- ਤੂੰ ਸੁਣਨ ਦੀ ਅਵਸਥਾ ਵਿਚ ਆ ਗਿਆ। ਹੁਣ ਤੂੰ ਮੰਨ ਲੈ। ਫਿਰ ਇਸਦਾ ਨਿਧਿਆਸਨ ਕਰੀਂ, ਫੇਰ practice (ਅਭਿਆਸ) ਕਰੀਂ। ਉਹ ਛੇਤੀਂ ਛੇਤੀਂ ਨਹੀਂ ਹੋਣੀ। ਕਦੀ ਝਲਕਾਰਾ ਵੱਜ ਗਿਆ, ਉਸ ਝਲਕਾਰੇ ਨੂੰ ਪੱਕੀ ਤੌਰ ਤੇ ਹਾਸਲ ਕਰੀਂ। ਸੋ ਅਖੰਡ ਸਿਮਰਨ ਕਰੀਂ, ਨਾਮ ਜਪੀਂ। ਸੋ ਇਹ ਜਿਹੜੀ ਅਖੰਡ ਜੋਤ ਹੈ, ਇਹ ਜਦੋਂ ਮਾਇਆ ਦੇ ਅੰਦਰ ਪ੍ਰਵੇਸ਼ ਕਰਦੀ ਹੈ, ਫਿਰ ਇਹਦੀਆਂ ਅੱਠ ਪੁਰੀਆਂ ਹਨ, ਜਿਹਨਾਂ ਦੇ ਅੰਦਰ ਦਿਨ ਰਾਤ ਚਲਦੀ ਰਹਿੰਦੀ ਹੈ।

ਪਹਿਲੀ ਹੈ - ਪੰਜ ਕਰਮ ਇੰਦਰੇ, ਦੂਜੀ ਇਸਦੀ ਪੁਰੀ ਹੈ - ਪੰਜ ਗਿਆਨ ਇੰਦਰੇ, ਤੀਜੀ ਪੁਰੀ ਹੈ - ਪੰਜ ਪ੍ਰਾਣ, ਚੌਥੇ ਹੁੰਦੇ ਹਨ - ਪੰਜ ਸੂਖਸ਼ਮ ਭੂਤ, ਫੇਰ ਪੰਜਵੀਂ ਹੁੰਦੀ ਹੈ ਅੰਤਸ਼ਕਰਣ, ਮਨ, ਚਿਤ, ਬੁਧ ਤੇ ਅਹੰਕਾਰ। ਛੇਵੀਂ ਹੋਇਆ ਕਰਦੀ ਹੈ ਅਵਿਦਿਆ, ਸੱਤਵੀਂ ਹੋਇਆ ਕਰਦੀ ਹੈ ਵਾਸ਼ਨਾ ਤੇ ਅੱਠਵੀਂ ਹੁੰਦੀ ਹੈ ਅਸਥੂਲ ਕਰਮ। ਸੋ ਇਹਨਾਂ ਦੇ ਵਿਚ ਦਿਨ ਰਾਤ ਆਤਮਦੇਵ ਘੁੰਮਦਾ ਹੈ ਤੇ ਪੰਜ ਕੋਸ਼ਾਂ ਨਾਲ ਇਹਦੇ ਤੇ ਪੜਦਾ ਪਿਆ ਹੋਇਆ ਹੈ।

ਪਹਿਲਾਂ ਅੰਨਮਯ ਕੋਸ਼ ਹੁੰਦਾ ਹੈ। ਅੰਨਮਯ ਕੋਸ਼ ਸਰੀਰ ਨੂੰ ਕਹਿੰਦੇ ਹਨ। ਬੰਦਾ ਕਹਿੰਦਾ ਰਹਿੰਦਾ ਹੈ, ਮੇਰੇ ਪੁੱਤਰ ਮੇਰੇ ਧੀਆਂ। ਦੂਜਾ ਮਨੋਮਯ

ਕੋਸ਼ ਹੁੰਦਾ ਹੈ। ਮਨੋਮਯ ਕੋਸ਼, ਪ੍ਰਾਣਮਯ ਕੋਸ਼, ਵਿਗਿਆਨਮਯ ਕੋਸ਼, ਇਹ ਤਿੰਨੇ ਹੀ ਸੂਖਸ਼ਮ ਸਰੀਰ ਨਾਲ ਸੰਬੰਧ ਰਖਦੇ ਹਨ। ਸਥੂਲ ਸਰੀਰ ਨਾਲ ਵੀ ਇਨ੍ਹਾਂ ਦਾ ਸੰਬੰਧ ਹੈ।

ਚੌਥਾ ਅਨੰਦਮਯ ਕੋਸ਼ ਹੈ ਜਿਹੜਾ ਕਾਰਣ ਸਰੀਰ ਨਾਲ ਸੰਬੰਧ ਰਖਦਾ ਹੈ। ਇਹਨਾਂ ਪੰਜਾਂ ਤੋਂ ਪਰ੍ਹੇ ਜਿਹੜੇ ਤੈਨੂੰ ਵਿਆਪਦੇ ਹਨ ਕਿ ਮੈਂ ਭੁਖਾ ਹਾਂ, ਪਾਣੀ ਦੀ ਪਿਆਸ ਲੱਗੀ ਹੋਈ ਹੈ, ਉਹ ਤੈਨੂੰ ਨਹੀਂ ਲੱਗੀ ਹੋਈ, ਤੇਰੇ ਪ੍ਰਾਣਾਂ ਨੂੰ ਲੱਗੀ ਹੋਈ ਹੈ। ਭੁੱਖ ਪਿਆਸ ਨੂੰ ਪ੍ਰਾਣ ਮੰਨਦੇ ਹਨ। ਮਨ ਬੁਧ ਚਿਤ ਨੂੰ ਇਹ ਨਹੀਂ ਲਗਿਆ ਕਰਦੀ, ਜੋ ਸੁਖ ਦੁਖ ਹੈ, ਇਸ ਨੂੰ ਚਿਤ ਮਹਿਸੂਸ ਕਰਿਆ ਕਰਦਾ ਹੈ, ਪਾਪ ਪੁੰਨ, ਹਾਣ ਲਾਭ, ਬੁਰਾ ਭਲਾ ਇਹ ਬੁੱਧੀ ਮਹਿਸੂਸ ਕਰਿਆ ਕਰਦੀ ਹੈ ਤੇ ਅਨੰਦ ਅਵਿਦਿਆ ਸਖੋਪਤੀ ਅਵਸਥਾ ਦਾ ਨਾਮ ਹੈ। ਇਹਨਾਂ ਸਾਰਿਆਂ ਤੋਂ ਪਰ੍ਹੇ, ਪੰਜਾਂ ਕੋਸ਼ਾਂ ਤੋਂ ਵੀ ਪਰ੍ਹੇ, ਪਰ੍ਹੇ ਤੋਂ ਵੀ ਪਰ੍ਹੇ, ਅਸੰਗ, ਤੇ ਨਿਰਾਕਾਰ, ਸੱਤ ਚਿਤ ਅਨੰਦ ਤੇਰਾ ਆਪਣਾ ਰੂਪ ਹੈ। ਉਸ ਰੂਪ ਦੇ ਅੰਦਰ ਤੇ ਪਰਮੇਸ਼ਰ ਦੇ ਅੰਦਰ ਕੋਈ ਫਰਕ ਨਹੀਂ ਹੈ। ਇਕੋ ਹੀ ਜੋਤ ਸਾਰਿਆਂ ਦੇ ਅੰਦਰ ਪਰੀਪੂਰਨ ਹੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਆਤਮ ਪਸਾਰਾ ਕਰਨੇਹਾਰਾ,*
*ਪ੍ਰਭ ਬਿਨਾਂ ਨਹੀਂ ਜਾਣੀਐ – 2, 2.*
*ਪ੍ਰਭ ਬਿਨਾਂ ਨਹੀਂ ਜਾਣੀਐ – 4, 2.*
*ਆਤਮ ਪਸਾਰਾ ਕਰਨੇਹਾਰਾ,........2*

*ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥ ਪੰਨਾ – 1325*

ਸਾਰੇ ਦੀ ਇਕੋ ਦ੍ਰਿਸ਼ਟੀ ਕਰ ਲੈ, ਇਹਦੇ ਵਿਚ ਦੂਜਾ ਨਾ ਦੇਖ –

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ – 272*

ਸੋ –

*ਆਤਮ ਰਾਮੁ ਸਭ ਏਕੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥*
*ਪੰਨਾ – 1325*

ਸਾਰੇ ਤੇਰੇ ਹੀ ਰੂਪ ਨੇ ਸੁਜਾਨ ਰਾਇ ਹੋਰ ਦੂਜਾ ਨਹੀਂ ਕੋਈ, ਇਹ ਜੋ ਗਿਆਨ ਹੈ, ਇਸ ਨੂੰ ਆਪਣੇ ਅੰਦਰ ਵੀ ਦੇਖ ਤੇ ਬਾਹਰ ਵੀ ਦੇਖ।

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ*

*ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ*
*ਕਾਈ॥*

*ਪੰਨਾ - 684*

ਕਹਿਣ ਲੱਗੇ ਜੋ ਅੰਦਰ ਹੈ, ਓਹੀ ਬਾਹਰ ਹੈ। ਸਾਰੇ ਪਰੀਪੂਰਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰੁ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*
*ਪੰਨਾ - 294*

ਮਹਾਰਾਜ ਕਹਿਣ ਲੱਗੇ ਸੁਜਾਨ ਰਾਇ! ਦੇਖ, ਕੀ ਨਜ਼ਰ ਆਉਂਦਾ ਹੈ? ਕੋਈ ਥਾਂ ਐਸਾ ਨਹੀਂ ਹੈ ਜਿਥੇ ਵਾਹਿਗੁਰੂ ਨਹੀਂ ਹੈ। ਆਪ ਹੀ ਸਾਰੇ ਖੇਲ੍ਹ ਕਰ ਰਿਹਾ ਹੈ। ਆਪ ਹੀ ਪਰੀਪੂਰਨ ਹੋ ਕੇ ਸਾਰੇ ਕਰਤੱਵ ਕਰ ਰਿਹਾ ਹੈ। ਸੋ ਇਸ ਕਰਕੇ ਇਹਨਾਂ ਬਚਨਾਂ ਦੀ ਕਮਾਈ ਕਰ ਲੈ ਕਿਉਂਕਿ ਜਦੋਂ ਤਕ ਬਚਨ ਕਮਾਏ ਨਹੀਂ ਜਾਂਦੇ, ਉਨੀ ਦੇਰ ਤਕ ਸੁਣਨਾ ਕੋਈ ਮਾਅਨੇ ਨਹੀਂ ਰਖਦਾ। ਸੁਣਨਾ ਇਕ ਅਵਸਥਾ ਹੈ, ਬਹੁਤ ਉਚੀ ਅਵਸਥਾ ਹੈ। ਉਸ ਤੋਂ ਉਚਾ ਹੈ ਮੰਨਣਾ -

*ਮੰਨੇ ਕੀ ਗਤਿ ਕਹੀ ਨਾ ਜਾਇ॥*
*ਪੰਨਾ - 3*

ਮੰਨਣ ਤੋਂ ਉਚਾ ਹੈ ਨਿਧਿਆਸਣ, ਉਹਦੀ ਕਮਾਈ ਕਰਨੀ, ਬਚਨ ਨੂੰ ਸੱਤ ਕਰਕੇ ਮੰਨਣਾ।

ਇਕ ਵਾਰੀ ਪੰਜਵੇਂ ਪਾਤਸ਼ਾਹ ਕੋਲ ਸੰਗਤ ਆਈ ਕਿ ਮਹਾਰਾਜ ਸਾਨੂੰ ਕੋਈ ਰਾਹ ਨਹੀਂ ਲੱਭਦਾ। ਕਹਿਣ ਲੱਗੇ ਕਿਉਂ? ਸੰਗਤ ਕਹਿਣ ਲੱਗੀ ਮਹਾਰਾਜ! ਅਸੀਂ ਬਹੁਤ ਕੁਝ ਸੁਣਿਆ ਹੈ। ਕਰਮ ਵੀ ਕਰਦੇ ਹਾਂ, ਧਰਮ ਭੀ

ਕਰਦੇ ਹਾਂ, ਤੀਰਥ ਯਾਤਰਾ ਵੀ ਕਰਦੇ ਹਾਂ, ਵੇਦ ਪਾਠ ਭੀ ਕਰਦੇ ਹਾਂ, ਸ਼ਾਸਤਰ ਭੀ ਪੜ੍ਹਦੇ ਹਾਂ। ਕ੍ਰਿਪਾ ਕਰਕੇ ਨਿਰਣੇ ਮੁਤਾਬਕ ਸਾਨੂੰ ਦਸੋ ਕਿ ਕੀ ਕੀਤਾ ਜਾਵੇ ਜਿਹਦੇ ਨਾਲ ਸਾਡਾ ਉਧਾਰ ਹੋ ਜਾਵੇ। ਮਹਾਰਾਜ ਨੇ ਫੁਰਮਾਇਆ, ਦੇਖੋ ਪ੍ਰੇਮੀਓਂ –

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥*
*ਸੰਤਹੁ ਸਾਗਰੁ ਪਾਰਿ ਉਤਰੀਐ॥*
*ਪੰਨਾ – 747*

ਜੇ ਤੁਸੀਂ ਪਾਰ ਲੰਘਣਾ ਹੈ ਤਾਂ ਤੁਸੀਂ ਸਤਿ ਬਚਨ ਸੁਣੋ। ਬਾਕੀ ਜਿਹੜੇ ਤੁਸੀਂ ਕਰਮ ਕਹਿੰਦੇ ਹੋ, ਇਹ ਕੋਈ ਫਲ ਨਹੀਂ ਦਿੰਦੇ।

*ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥*
*ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥*

*ਪੰਨਾ – 747*

ਬਾਕੀ ਜਿਹੜੇ ਵੇਦ ਕਹਿੰਦੇ ਹੋ –

*ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥*

*ਪੰਨਾ – 747*

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ॥ ਪੰਨਾ – 747*

ਬਾਕੀ ਗੱਲਾਂ ਛੱਡੋ, ਜੋ ਮਹਾਂਪੁਰਸ਼ਾਂ ਦਾ ਬਚਨ ਹੈ, ਉਸ ਪਰਥਾਇ ਸਾਖੀ ਮਹਾਂਪੁਰਸ਼ ਬੋਲਦੇ ਹਨ, ਜਿਹੋ ਜਿਹੀ ਕਿਸੇ ਦੀ ਅਵਸਥਾ ਹੁੰਦੀ ਹੈ ਉਹਦੇ ਨਾਲ ਵੈਸੀ ਹੀ ਗੱਲ ਕਰਦੇ ਹਨ। ਸੋ ਤੁਸੀਂ ਬਚਨ ਕਮਾ ਲਓ, ਉਸ ਨਾਲ ਤੁਸੀਂ ਪਾਰ ਹੋ ਜਾਓਂਗੇ।

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਪੰਨਾ*

*- 747*

***ਧਾਰਨਾ - ਤਰ ਲੈ ਤੂੰ ਪਾਰ ਜੀ,***
***ਸਤਿਗੁਰ ਦਾ ਬਚਨ ਕਮਾ ਕੇ - 2, 2.***
***ਸਤਿਗੁਰ ਦਾ ਬਚਨ ਕਮਾ ਕੇ - 2, 2.***
***ਤਰ ਲੈ ਤੂੰ ਪਾਰ ਜੀ,........2***

ਬਚਨ ਦੀ ਕਮਾਈ ਕਰ ਲੈ ਗੁਰਮੁਖਾ, ਏਥੇ ਦੂਜਾ ਕੋਈ ਨਹੀਂ ਹੈ।

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***

*ਪੰਨਾ - 1349*

ਬਚਨ ਦੀ ਕਮਾਈ ਕਰੇ, ਗੁਰੂ ਦੇ ਬਚਨ ਨੂੰ ਜੋ ਅਣਥਾ ਜਾਣਦਾ ਹੈ Importance (ਵਿਸ਼ੇਸ਼ਤਾ) ਨਹੀਂ ਦਿੰਦਾ, ਉਹ ਤਰ ਨਹੀਂ ਸਕਦਾ, ਡੁੱਬ ਜਾਇਆ ਕਰਦਾ ਹੈ। ਜਿਹੜਾ ਕਮਾਈ ਕਰ ਲਵੇ, ਭਾਵੇਂ ਪਰਮਾਰਥਕ ਬਚਨ ਹੋਣ, ਭਾਵੇਂ ਵਿਵਾਹਰਕ ਹੋਣ, ਉਹਦਾ ਭਲਾ ਹੀ ਭਲਾ ਹੋਇਆ ਕਰਦਾ ਹੈ।

ਇਕ ਵਾਰੀ ਦਸਵੇਂ ਪਾਤਸ਼ਾਹ ਮਹਾਰਾਜ ਵੇਲੇ ਦੂਰ ਦਰਾਜ ਦੱਖਣ ਵਿਚੋਂ ਇਕ ਰਾਜਾ (ਸੇਠ), ਜਿਸ ਦਾ ਨਾਮ ਵਿਸ਼ੰਬਰ ਦਾਸ ਸੀ, ਉਹ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰ ਗਿਆ ਸੀ। ਮਹਾਰਾਜ ਜੀ ਦੀ ਵਡਿਆਈ ਕਰਦਾ ਰਹਿੰਦਾ ਸੀ। ਉਸਦਾ ਪੁੱਤਰ ਵੈਰਾਗੀਆਂ ਦੀ ਸੰਗਤ ਕਰਦਾ ਹੁੰਦਾ ਸੀ। ਉਸਦੇ ਮਨ ਵਿਚ ਚਾਓ ਉਠਿਆ, ਉਸਨੇ ਪੁਛਿਆ, ਪਿਤਾ ਜੀ, ਤੁਹਾਡੇ ਗੁਰੂ ਕੌਣ ਹਨ? ਪਿਤਾ ਨੇ ਜਵਾਬ ਦਿਤਾ ਕਿ ਸਾਡੇ ਗੁਰੂ ਦਸ਼ਮੇਸ਼ ਪਿਤਾ ਹਨ ਜੋ ਅਨੰਦਪੁਰ ਸਾਹਿਬ ਵਿਚ ਹਨ। ਬਹੁਤ ਉਪਮਾ ਕੀਤੀ, ਨੇਤਰਾਂ ਵਿਚ ਜਲ ਆ ਗਿਆ, ਬਿਰਹਾ ਕੀਤਾ, ਇਸ ਨੇ ਦੇਖਿਆ ਕਿ ਐਸੇ ਸਤਿਗੁਰੂ ਹਨ ਤਾਂ ਮੈਂ ਕਿਉਂ ਨਾ ਉਹਨਾਂ ਨੂੰ ਗੁਰੂ ਧਾਰ ਲਵਾਂ? ਘਰ ਤੋਂ ਚਲ ਪਿਆ। ਪਿਤਾ ਨੇ ਛੇ ਸੌ ਰੁਪਏ ਦੇ ਦਿਤੇ ਕਿ ਇਹ ਤੂੰ ਗੁਰੂ ਜੀ ਨੂੰ ਮੱਥਾ ਟੇਕ ਲਈਂ। ਦੇਖੀਂ ਗੁਰੂ ਸ਼ਸਤਰਧਾਰੀ ਹੈ, ਕਿਧਰੇ ਉਹਨਾਂ ਦੀ ਕ੍ਰਿਆ ਤੇ ਸ਼ੰਕਾ ਨਾ ਕਰ ਲਈਂ। ਜਿਹੜਾ ਗੁਰੂ ਤੇ ਸ਼ੰਕਾ ਕਰ ਲਏ, ਉਹ ਨਰਕਾਂ ਨੂੰ ਚਲਾ ਜਾਂਦਾ ਹੈ। ਜੇ ਕੋਈ ਬ੍ਰਹਮ ਗਿਆਨੀ ਤੇ ਸ਼ੰਕਾ ਕਰ ਲਵੇ, ਤਾਂ ਵੈਰਾਗ ਦੀਆਂ ਛੇ ਕਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ। ਸ਼ੰਕਾ ਨਾ ਕਰੀਂ ਬੇਟਾ। ਬੜਾ ਸਮਝਾ ਕੇ ਭੇਜਿਆ, ਬੜੇ ਚਾਓ ਦੇ ਨਾਲ ਅਨੰਦਪੁਰ ਸਾਹਿਬ ਆ ਗਿਆ। ਜਦੋਂ ਇਹ ਪਹੁੰਚਿਆ ਤਾਂ ਕੀ ਦੇਖਦਾ ਹੈ ਗੁਰੂ ਮਹਾਰਾਜ ਦੇ ਹੱਥ ਵਿਚ ਇਕ ਬਟੇਰਾ ਫੜਿਆ ਹੋਇਆ ਹੈ, ਦੂਜੇ ਹੱਥ ਵਿਚ ਬਾਜ ਫੜਿਆ ਹੋਇਆ ਹੈ ਅਤੇ ਉਹ ਜਿਊਂਦੇ ਬਟੇਰੇ ਦਾ ਮਾਸ ਬਾਜ ਨੂੰ ਖਵਾ ਰਹੇ ਹਨ। ਬਟੇਰਾ ਤੜਫ ਰਿਹਾ ਹੈ, ਚੀਂ ਚੀਂ ਕਰ ਰਿਹਾ ਹੈ। ਲੇਕਿਨ ਬਾਜ ਖਾਈ ਜਾ

ਰਿਹਾ ਹੈ। ਮਨ ਵਿਚ ਗਿਲਾਨੀ ਆ ਗਈ ਕਿ ਗੁਰੂ ਇਹੋ ਜਿਹਾ ਹੈ? ਐਸਾ ਵੀ ਗੁਰੂ ਹੁੰਦਾ ਹੈ ਜੋ ਕਿ ਜੀਵਾਂ ਨੂੰ ਜਿਉਂਦਿਆਂ ਖਵਾ ਦੇਵੇ? ਇਹ ਕੈਸਾ ਗੁਰੂ ਹੈ, ਗਿਆਨ ਕਾਹਦਾ ਹੈ? ਇਸਦੇ ਮਨ ਵਿਚ ਸ਼ੰਕਾ ਹੋ ਗਿਆ। ਉਸ ਤੋਂ ਬਾਅਦ ਪਰੇਸ਼ਾਨ ਜਿਹਾ ਰਿਹਾ, ਉਥੇ ਕਈ ਦਿਨ ਰਿਹਾ ਪਰ ਮਨ ਨਾ ਮੰਨਿਆ, ਸੋਚਦਾ ਰਿਹਾ ਕਿ ਇਹ ਗੁਰੂ ਹਿੰਸਕ ਹੈ, ਸ਼ਸਤਰ ਰਖੇ ਹੋਏ ਹਨ। ਪਿਤਾ ਦੀਆਂ ਗੱਲਾਂ ਭੁੱਲ ਗਿਆ। ਅਖੀਰ ਛੇ ਸੌ ਰੁਪੈ ਮੱਥਾ ਟੇਕਿਆ, ਗੁਰੂ ਮਹਾਰਾਜ ਨੇ ਫੁਰਮਾਇਆ, ਜਾਹ ਭਾਈ ਸਾਡੀਆਂ ਖੁਸ਼ੀਆਂ ਤੁਹਾਡੇ ਤੇ, ਆਹ ਪ੍ਰਸ਼ਾਦ ਲੈ ਜਾ ਜੋ ਕਿ ਆਪਣੇ ਪਿਤਾ ਕੋਲ ਜਾ ਕੇ ਖੋਲ੍ਹੀਂ ਤੇ ਉਥੇ ਸਾਰੀ ਸੰਗਤ ਵਿਚ ਵੰਡ ਦੇਣਾ ਕਿਉਂਕਿ ਦੱਖਣ ਦੇਸ਼ ਵਿਚ ਤੇਰਾ ਪਿਤਾ ਸਾਡਾ ਸਭ ਤੋਂ ਪਿਆਰਾ ਸਿੱਖ ਹੈ। ਪ੍ਰਸ਼ਾਦ ਲੈ ਕੇ ਟੁਰ ਪਿਆ, ਜਦੋਂ ਰੋਪੜ ਲੰਘਿਆ, ਤਾਂ ਅੱਗੇ ਮੁਰਿੰਡੇ ਦੇ ਕੋਲ ਇਕ ਮਾਜਰੀ ਪਿੰਡ ਹੈ, ਉਹਦੇ ਪਿਛਲੇ ਪਾਸੇ ਆਇਆ, ਤਾਂ ਸੋਚਦਾ ਹੀ ਟੁਰਿਆ ਆਉਂਦਾ ਹੈ ਕਿ ਜੇਕਰ ਮੈਂ ਏਥੋਂ ਛੇ ਸੌ ਰੁਪਏ ਦੀ ਕੋਈ ਚੀਜ਼ ਲੈ ਜਾਂਦਾ, ਤਾਂ ਹੁਣ ਕਿੰਨਾਂ ਰੁਪਿਆ ਬਣ ਜਾਣਾ ਸੀ। ਮੈਂ ਤਾਂ ਐਵੇਂ ਹੀ ਹਿੰਸਕ ਗੁਰੂ ਨੂੰ ਮੱਥਾ ਟੇਕ ਦਿਤਾ, ਕੋਈ ਲੈਣ ਨਹੀਂ, ਕੋਈ ਦੇਣ ਨਹੀਂ। ਲਕੀਰ ਨੂੰ ਪਿਟਦੀ ਹੈ ਦੁਨੀਆਂ, ਸਾਡੇ ਪਿਤਾ ਜੀ ਭੀ ਲਕੀਰ ਦੇ ਫਕੀਰ ਹਨ। ਏਸੇ ਤਰ੍ਹਾਂ ਹੀ ਕਰਦਾ ਆਇਆ, ਚਿਤ ਉਦਾਸ ਹੋਇਆ ਹੋਇਆ ਹੈ। ਇਕ ਹੋਰ ਗੱਲ ਹੋਈ। ਪਿਛਲੇ ਪਾਸੇ ਬੈਠ ਕੇ ਪ੍ਰਸ਼ਾਦ ਖੋਲ੍ਹ ਕੇ ਦੇਖਣ ਲਗ ਪਿਆ। ਜਦੋਂ ਖੋਲ੍ਹਿਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਮਾਸ ਹੈ। ਪਰ ਫੇਰ ਯਾਦ ਆ ਗਿਆ ਕਿ ਮੇਰੇ ਪਿਤਾ ਨੇ ਕਿਹਾ ਸੀ ਕਿ ਪ੍ਰਸ਼ਾਦ ਲਿਆਈਂ। ਸੋ ਮੈਂ ਲੈ ਹੀ ਜਾਂਦਾ ਹਾਂ। ਰਸਤੇ ਵਿਚ ਇਕ ਗੁਰਸਿਖ ਮਿਲਿਆ, ਜਿਸ ਦਾ ਨਾਮ ਭਾਈ ਧਿਆਨ ਸਿੰਘ ਸੀ। ਉਸਨੇ ਪੁਛਿਆ, ਪ੍ਰੇਮੀਆਂ! ਕਿਥੋਂ ਆਇਆ ਹੈਂ? ਸਚਮੁਚ ਉਹ ਗੁਰਸਿਖ ਸੀ ਜਿਸ ਤਰ੍ਹਾਂ ਦੇ ਗੁਰਸਿਖ ਹੋਇਆ ਕਰਦੇ ਹਨ, ਭੇਖਧਾਰੀ ਨਹੀਂ ਸੀ ਉਹ। ਅਤਿਥੀ ਦੀ ਸੇਵਾ ਕਰਨ ਵਾਲਾ ਸੀ। ਪਛਾਣ ਲਿਆ ਕਿ ਇਹ ਕੋਈ ਦੂਰ ਦੇਸ਼ ਦਾ ਬੰਦਾ ਹੈ, ਬੋਲੀ ਤੋਂ ਵੀ ਕੋਈ ਵਾਕਫ ਨਹੀਂ ਲਗਦਾ। ਇਸ ਨੂੰ ਪ੍ਰਸ਼ਾਦ ਪਾਣੀ ਪੁਛਿਆ ਜਾਵੇ, ਸ਼ਾਮ ਵੀ ਹੋਈ ਹੋਈ ਹੈ।

ਗੁਰੂ ਘਰ ਦੇ ਅੰਦਰ ਅਤਿਥੀ ਸੇਵਾ ਸਭ ਤੋਂ ਵੱਡੀ ਲਿਖੀ ਹੋਈ ਹੈ। ਅੰਨ ਦੀ ਸੇਵਾ, ਲੰਗਰ ਦੀ ਸੇਵਾ ਸਭ ਤੋਂ ਸ੍ਰੇਸ਼ਟ ਸੇਵਾ ਹੈ। ਕਿਤੇ ਵਕਤ ਮਿਲਿਆ ਤਾਂ ਇਹਦੀ ਗੱਲ ਵੀ ਕਰਾਂਗੇ। ਪੁਛਿਆ, ਗੁਰਮੁਖਾ! ਤੇਰਾ ਚਿਤ ਕਿਉਂ ਉਦਾਸ ਹੈ? ਤੂੰ ਮੇਰੇ ਨਾਲ ਘਰ ਚਲ, ਨਾਲੇ ਹੁਣ ਸੂਰਜ ਵੀ ਛਿਪਣ ਵਾਲਾ ਹੈ। ਘਰ ਲਿਆ ਕੇ ਬੜੀ ਸੇਵਾ ਕੀਤੀ। ਆਪ ਮਲ ਮਲ ਕੇ ਇਸ਼ਨਾਨ ਕਰਾਇਆ, ਰਹਿਰਾਸ ਦਾ ਪਾਠ ਕੀਤਾ, ਅਰਦਾਸ ਕੀਤੀ। ਫੇਰ ਸੋਹਣਾ ਵਧੀਆ ਬਿਸਤਰਾ ਦਿਤਾ ਆਰਾਮ ਵਾਸਤੇ। ਪੁਛਿਆ, ਤੂੰ ਕਿਥੋਂ ਆਇਆ ਹੈਂ? ਕਹਿਣ ਲੱਗਾ ਕਿ ਮੈਂ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਮਿਲ ਕੇ ਆਇਆ ਹਾਂ। "ਹੈਂ?" ਗੁਰੂ ਨੂੰ ਮਿਲਕੇ ਤਾਂ ਲਾਲੀਆਂ ਚੜ੍ਹੀਆਂ ਹੁੰਦੀਆਂ

ਹਨ। ਤੇਰਾ ਮੂੰਹ ਕਿਉਂ ਉਦਾਸ ਹੈ? ਤੇਰੇ ਮੂੰਹ ਤੇ ਕਿਉਂ ਝੁਰੜੀਆਂ ਪਈਆਂ ਹੋਈਆਂ ਹਨ? ਕੀ ਤੇਰਾ ਕੁਝ ਗੁਆਚ ਗਿਆ ਹੈ? ਪ੍ਰੇਮੀਆਂ ਗੁਰੂ ਨੂੰ ਤਾਂ ਸਾਲ ਵਿਚ ਇਕ ਵਾਰੀ ਵੀ ਮਿਲ ਲਈਏ ਤਾਂ ਪੂਰਾ ਸਾਲ ਨਸ਼ਾ ਨਹੀਂ ਉਤਰਦਾ। ਪਰ ਤੂੰ ਕਿਉਂ ਐਨਾ ਉਦਾਸ ਹੈਂ? ਦਸ਼ਮੇਸ਼ ਪਿਤਾ ਦੇ ਦਰਸ਼ਨ ਕੀਤੇ ਹੋਣ ਤਾਂ ਐਨੀ ਉਦਾਸੀ? ਜਦੋਂ ਉਸਨੂੰ ਬਾਰ-ਬਾਰ ਪੁਛਿਆ ਤਾਂ ਕਹਿਣ ਲੱਗਾ, ਮੈਂ ਕੀ ਦੱਸਾਂ, ਮੇਰਾ ਮਨ ਨਹੀਂ ਮੰਨਿਆ ਗੁਰੂ ਤੇ। ਕਹਿਣ ਲੱਗੇ, ਹੈਂ ਤੇਰਾ ਮਨ ਗੁਰੂ ਨਾਨਕ ਤੇ ਨਹੀਂ ਮੰਨਿਆ ਤਾਂ ਹੋਰ ਕਿਥੇ ਮੰਨਣਾ ਹੈ? ਕਹਿਣ ਲੱਗੇ ਉਹ ਤਾਂ ਐਸ ਤਰ੍ਹਾਂ ਕਰਦੇ ਸੀ, ਬਾਜ ਤੇ ਬਟੇਰੇ ਬਾਰੇ ਦਸਿਆ। ਭਾਈ ਧਿਆਨ ਸਿੰਘ ਜੀ ਕਹਿਣ ਲਗੇ ਉਹ ਤਾਂ ਸਤਿਗੁਰੂ ਦੀ ਕਿਰਿਆ ਹੋਇਆ ਕਰਦੀ ਹੈ। ਤੂੰ ਇਸ ਭੇਤ ਨੂੰ ਨਹੀਂ ਸਮਝ ਸਕਿਆ। ਜੋ ਕੁਝ ਗੁਰੂ ਕਰਦਾ ਹੈ ਸਭ ਠੀਕ ਕਰਦਾ ਹੈ। ਗੱਲਾਂ ਬਾਤਾਂ ਕਰਦਿਆਂ ਭਾਈ ਹਰਿ ਗੋਪਾਲ ਨੇ ਦੱਸਿਆ ਕਿ ਮੈਂ ਗੁਰੂ ਨੂੰ ਛੇ ਸੌ ਰੁਪਏ ਮੱਥਾ ਟੇਕ ਦਿਤੇ ਹਨ ਅਤੇ ਮੈਨੂੰ 'ਗੁਰੂ ਕੀਆਂ ਖੁਸ਼ੀਆਂ' ਬਚਨ ਮਿਲਿਆ ਹੈ। ਮੇਰਾ ਚਿੱਤ ਪ੍ਰਸੰਨ ਨਹੀਂ ਹੋਇਆ। ਭਾਈ ਧਿਆਨ ਸਿੰਘ ਨੇ ਸੋਚਿਆ ਕਿ ਇਹ ਪ੍ਰੇਮੀ ਤਾਂ ਅਸ਼ਰਧਕ ਹੈ, ਗੁਰੂ ਅਸੀਸਾਂ, ਬਚਨਾਂ ਦੀ ਇਹਨੂੰ ਕੋਈ ਕਦਰ ਨਹੀਂ। ਧਿਆਨ ਸਿੰਘ ਜੀ ਨੇ ਹਰਿਗੋਪਾਲ ਨੂੰ ਕਿਹਾ ਕਿ ਆਪਣੇ ਧਨ ਦੀ ਚਿੰਤਾ ਨਾ ਕਰ, ਇਹ ਗੁਰੂ ਬਚਨ ਮੈਨੂੰ ਵੇਚ ਦੇ, ਮੈਂ ਹੋਰ ਵਧ ਕੇ ਮੁੱਲ ਦੇ ਦੇਵਾਂਗਾ। ਪ੍ਰੇਮੀਆਂ! ਗੁਰੂ ਦਾ ਬਚਨ ਤਾਂ ਸਾਰੀ ਜ਼ਿੰਦਗੀ ਦੀ ਕਮਾਈ ਦੇ ਕੇ ਭੀ ਮਿਲ ਜਾਵੇ ਤਾਂ ਭੀ ਸਸਤਾ ਹੈ। ਹਰਿਗੋਪਾਲ ਨੇ ਕਿਹਾ ਕਿ ਤੂੰ ਮੁੱਲ ਦੇ ਕੇ ਗੁਰਬਚਨ ਪ੍ਰਾਪਤ ਕਰ ਲੈ। ਇਹ ਗੱਲ ਸੋਚ ਕੇ ਭਾਈ ਧਿਆਨ ਸਿੰਘ ਨੇ ਬਚਨ ਮੁੱਲ ਲੈਣ ਲਈ ਮਨ ਬਣਾ ਲਿਆ।

ਭਾਈ ਧਿਆਨ ਸਿੰਘ ਸਵੇਰੇ ਹੀ ਸ਼ਾਹ ਕੋਲ ਚਲਿਆ ਗਿਆ ਤੇ ਕਹਿਣ ਲੱਗਾ ਕਿ ਇਹ ਗਹਿਣੇ ਹਨ ਮੇਰੀ ਘਰਵਾਲੀ ਦੇ। ਉਦੋਂ ਦਾ ਛੇ ਸੌ ਰੁਪਿਆ ਅੱਜ ਦੇ ਪੰਜਾਹ ਹਜ਼ਾਰ ਰੁਪਏ ਵਰਗਾ ਸੀ, ਉਦੋਂ ਇਕ ਰੁਪਏ ਦੇ ਸਾਢੇ ਚਾਰ ਮਣ ਦਾਣੇ ਆਉਂਦੇ ਸੀ। ਕਹਿਣ ਲਗਿਆ, ਐਨੀ ਰਕਮ? ਗਹਿਣੇ ਦੇ ਦਿਤੇ, ਪੁੱਤਰ ਗਹਿਣੇ ਕਰ ਦਿਤਾ, ਇਸਤਰੀ ਗਹਿਣੇ ਕਰ ਦਿਤੀ, ਇਕੱਲਾ ਹੀ ਰਹਿ ਗਿਆ, ਪੂਰੇ ਕਰ ਲਏ ਛੇ ਸੌ ਪੰਜ ਰੁਪਏ। ਕਹਿਣ ਲੱਗੇ ਲੈ ਗੁਰਮੁਖਾ ਛੇ ਸੌ ਰੁਪਏ, ਆਹ ਫੜ ਤੇ ਮੈਨੂੰ ਗੁਰੂ ਦਾ ਬਚਨ ਵੇਚ ਦੇ, ਚੂਲੀ ਛਡ ਦੇ। ਜਲ ਲਿਆ ਦਿਤਾ। ਹਰਿਗੋਪਾਲ ਕਹਿਣ ਲੱਗਾ ਕਿ ਭਾਈ ਮੈਂ ਬਚਨ ਵੇਚਿਆ। ਵੇਚ ਕੇ ਘਰ ਨੂੰ ਤੁਰ ਪਿਆ। ਜਾਂਦੇ ਜਾਂਦੇ ਨੇ ਦੁਕਾਨ ਵਾਲੇ ਕੋਲੋਂ ਸਮਾਨ ਖਰੀਦ ਲਿਆ, ਉਹ ਅੱਗੇ ਜਾ ਕੇ ਵੇਚ ਦਿਤਾ, ਦੋ ਹਜ਼ਾਰ ਰੁਪਏ ਹੋ ਗਏ, ਉਥੋਂ ਫੇਰ ਖਰੀਦ ਲਿਆ ਤੇ ਅਗਲੀ ਮੰਜ਼ਲ ਤੇ ਵੇਚ ਦਿਤਾ। ਘਰ ਪਹੁੰਚਦੇ ਨੂੰ ਦਸ ਹਜ਼ਾਰ ਰੁਪਏ ਹੋ ਗਏ। ਖੁਸ਼ ਹੋ ਗਿਆ, ਕਹਿਣ ਲਗਾ ਗੁਰੂ ਨੂੰ ਛੇ ਸੌ ਰੁਪਏ ਦੇ ਕੇ ਖੁਸ਼ੀਆਂ ਲੈ ਲਈਆਂ, ਕੀ ਸੀ ਖੁਸ਼ੀਆਂ? ਜਦੋਂ ਪਿਤਾ ਨੇ ਪੁਛਿਆ, ਜਿਸਮ ਢਿੱਲਾ ਜਿਹਾ ਹੋਇਆ ਪਿਆ ਹੈ। ਕਹਿਣ ਲੱਗਾ ਪਿਤਾ ਜੀ ਇਹ ਦਸ ਹਜ਼ਾਰ ਰੁਪਏ ਫੜੋ। ਗੁਰੂ ਦੇ ਦਰਸ਼ਨ, ਦਰਸ਼ਨ ਤਾਂ ਕਾਹਦੇ ਸੀ, ਤੁਹਾਡੇ ਛੇ ਸੌ ਰੁਪੈ ਦਾ ਦਸ ਹਜ਼ਾਰ

ਬਣ ਗਿਆ। ਪਿਤਾ ਨੇ ਪੁਛਿਆ, ਕੀ ਹੋਇਆ? ਕਹਿਣ ਲੱਗਾ, ਮੇਰਾ ਗੁਰੂ ਤੇ ਮਨ ਨਹੀਂ ਮੰਨਿਆ। ਉਹ ਤਾਂ ਹਿੰਸਕ ਗੁਰੂ ਹੈ। ਜਿਊਂਦਾ ਬਟੇਰਾ ਹੀ ਬਾਜ ਨੂੰ ਖਲਾ ਦਿਤਾ। ਬਿਸ਼ੰਭਰ ਦਾਸ ਨੇ ਕੰਨਾਂ ਤੇ ਹੱਥ ਰਖ ਲਿਆ। ਕਹਿਣ ਲੱਗਾ, ਪੁਤਰ! ਤੂੰ ਇਹੋ ਜਿਹਾ ਨਾਸਤਕ ਹੈਂ? ਮੇਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈਂ? ਪੁਛਿਆ, ਕੀ ਦਿਤਾ ਹੈ ਉਹਨਾਂ ਨੇ? ਪ੍ਰਸ਼ਾਦ ਨਹੀਂ ਦਿਤਾ? ਕਹਿੰਦਾ, ਲਿਆਂਦਾ ਹੈ, ਮਾਸ ਦਾ ਪ੍ਰਸ਼ਾਦ ਹੈ, ਮੈਂ ਤਾਂ ਲੜ ਫੜ ਕੇ ਹੀ ਲਿਆਇਆ ਹਾਂ। ਪਿਤਾ ਨੇ ਕਿਹਾ, ਖੋਲ੍ਹ ਤਾਂ। ਕਹਿਣ ਲੱਗਾ ਤੁਸੀਂ ਆਪੇ ਹੀ ਖੋਲ੍ਹ ਲਓ। ਜਦੋਂ ਪਿਤਾ ਨੇ ਖੋਲ੍ਹਿਆਂ ਤਾਂ ਦੇਖਿਆ, ਕੜਾਹ ਪ੍ਰਸ਼ਾਦ ਵਿਚੋਂ ਸੁਗੰਧੀਆਂ ਆ ਰਹੀਆਂ ਹਨ। ਹੈਰਾਨ ਹੋ ਗਿਆ। ਪਿਤਾ ਨੇ ਕਿਹਾ, ਪੁਤਰਾ! ਭੁਲ ਪੈ ਗਈ ਤੇਰੇ ਮਨ ਵਿਚ, ਸਮਰੱਥ ਗੁਰੂ ਵਿਚ ਤੂੰ ਦੋਸ਼ ਕੱਢ ਦਿਤਾ। ਪਿਤਾ ਨੇ ਪੁਛਿਆ ਕਿ ਕੋਈ ਹੋਰ ਵੀ ਗੱਲ ਕਹੀ ਸੀ ਗੁਰੂ ਜੀ ਨੇ? ਤਾਂ ਦੱਸਿਆ ਕਿ ਜਦੋਂ ਮੈਂ ਛੇ ਸੌ ਰੁਪੈ ਮੱਥਾ ਟੇਕਿਆ ਸੀ ਤਾਂ ਗੁਰੂ ਸਾਹਿਬ ਨੇ ਕਿਹਾ ਸੀ – ਸਾਡੀਆਂ ਖੁਸ਼ੀਆਂ। ਪਿਤਾ ਨੇ ਕਿਹਾ ਉਹ ਕਿਥੇ ਹਨ? ਤਾਂ ਕਹਿਣ ਲੱਗਾ, ਉਹ ਤਾਂ ਰਾਹ ਵਿਚ ਵੇਚ ਆਇਆਂ। ਪੁਛਿਆ, ਕਿਥੇ? ਤਾਂ ਦਸਿਆ ਕਿ ਮਾਜਰੀ ਦਾ ਧਿਆਨ ਸਿੰਘ ਸੀ, ਉਸ ਕੋਲ ਵੇਚ ਆਇਆਂ। ਭਾਈ ਵਿਸੰਬਰ ਦਾਸ ਨੂੰ ਇਤਨਾ ਦੁਖ ਹੋਇਆ ਕਿ ਕੁਝ ਨਹੀਂ ਖਾਧਾ ਪੀਤਾ। ਕਹਿਣ ਲੱਗਾ ਚਲ ਮੇਰੇ ਨਾਲ ਵਾਪਸ। ਬਹੁਤ ਵੈਰਾਗ ਕੀਤਾ, ਅਰਦਾਸਾਂ ਕੀਤੀਆਂ। ਗੁਰੂ ਨਾਨਕ ਪਾਤਸ਼ਾਹ! ਤੁਸੀਂ ਸਾਡੇ ਬਾਬੇ ਨੂੰ ਕਿਹਾ ਸੀ ਕਿ ਅਸੀਂ ਸਦਾ ਹੀ ਤੁਹਾਡੇ ਸਿਰ ਤੇ ਹੱਥ ਰਖਾਂਗੇ। ਮੇਰਾ ਪੁਤਰ ਭੁਲ ਗਿਆ। ਸਿੱਖੀ ਜਾ ਰਹੀ ਹੈ ਸਾਡੇ ਘਰ 'ਚੋਂ, ਕ੍ਰਿਪਾ ਕਰੋ ਸਾਡੇ ਘਰ ਵਿਚੋਂ ਸਿਖੀ ਨਾ ਜਾਣ ਦਿਓ, ਤੇਰਾ ਪਿਆਰ ਨਾ ਜਾਵੇ।

ਛੇਤੀਂ ਛੇਤੀਂ ਕੰਮ ਖਤਮ ਕਰਕੇ ਪੁਤਰ ਨੂੰ ਵਾਪਸ ਲੈ ਕੇ ਤੁਰ ਪਿਆ। ਨਾਲ ਹੋਰ ਵੀ ਸੰਗਤ ਚੱਲ ਪਈ। ਸਿੱਧਾ ਪਿੰਡ ਮਾਜਰੀ ਧਿਆਨ ਸਿੰਘ ਪਾਸ ਆਇਆ। ਬਾਰ ਬਾਰ ਧਿਆਨ ਸਿੰਘ ਪਾਸ ਬੇਨਤੀਆਂ ਕਰਦਾ ਹੈ ਕਿ ਆਪਣਾ ਛੇ ਸੌ ਰੁਪਿਆ ਵਾਪਸ ਲੈ ਲੈ, ਬਲਕਿ ਹਜ਼ਾਰ ਰੁਪਿਆ ਲੈ ਲੈ ਅਤੇ ਉਹ ਗੁਰੂ ਦਾ ਬਚਨ ਵਾਪਸ ਮੋੜ ਦੇ। ਭਾਈ ਧਿਆਨ ਸਿੰਘ ਨੇ ਕਿਹਾ ਕਿ ਮੈਂ ਬਚਨ ਵਾਪਸ ਨਹੀਂ ਮੋੜਨਾ। ਭਾਵੇਂ ਤੂੰ ਸਾਰੀ ਦੁਨੀਆਂ ਸੋਨੇ ਦੀ ਬਣਾ ਦੇ। ਮੈਂ ਸੌਦਾ ਕੀਤਾ ਹੈ, ਖੋਹਿਆ ਨਹੀਂ। ਤੂੰ ਜਾ ਕੇ ਗੁਰੂ ਤੋਂ ਹੋਰ ਬਚਨ ਲੈ ਲੈ। ਭਲਾ ਗੁਰੂ ਦਾ ਬਚਨ ਮਿਲਦਾ ਹੈ ਕਿਸੇ ਨੂੰ? ਅਖੀਰ ਅਨੰਦਪੁਰ ਸਾਹਿਬ ਆ ਗਏ, ਬਹੁਤ ਵੈਰਾਗ ਕੀਤਾ। ਭਾਈ ਧਿਆਨ ਸਿੰਘ ਨੂੰ ਵੀ ਨਾਲ ਹੀ ਲੈ ਆਏ।

ਗੁਰੂ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਪੁਛਿਆ, ਦੱਸ ਭਾਈ ਧਿਆਨ ਸਿੰਘ! ਕਿਸ ਤਰ੍ਹਾਂ ਹੋਈ ਸੀ? ਮਹਾਰਾਜ ਰੋਟੀ ਇਕ ਡੰਗ ਜੁੜਦੀ ਸੀ, ਇਕ ਡੰਗ ਨਹੀਂ ਸੀ ਜੁੜਦੀ। ਇਸਨੇ ਬਚਨ ਵੇਚਿਆ, ਗਹਿਣੇ ਕੁਝ ਬਣਾਏ ਹੋਏ ਸੀ, ਉਹ ਵੇਚੇ, ਘਰਵਾਲੀ ਗਹਿਣੇ ਕੀਤੀ, ਪੁਤਰ ਗਹਿਣੇ ਕੀਤਾ। ਸਾਰਾ ਪਰਿਵਾਰ ਗਹਿਣੇ ਕਰ ਦਿਤਾ, ਮਹਾਰਾਜ! ਸੱਤਵੇਂ ਦਿਨ ਜਦੋਂ ਮੈਂ ਹਲ ਚਲਾ

ਰਿਹਾ ਸੀ, ਹਲ ਨਾਲ ਕੋਈ ਬਰਤਨ ਅਟਕਿਆ, ਜਦੋਂ ਦੇਖਿਆ ਤਾਂ ਉਸ ਵਿਚੋਂ ਬਹੁਤ ਧਨ ਪ੍ਰਾਪਤ ਹੋਇਆ। ਪਹਿਲਾਂ ਮੈਂ ਆਪ ਜੀ ਕੋਲ ਲਿਆਇਆ ਤੇ ਦਸਿਆ ਕਿ ਸੱਚੇ ਪਾਤਸ਼ਾਹ! ਆਪ ਦੇ ਬਚਨ ਕਰਕੇ ਇਹ ਧਨ ਦੀ ਗਾਗਰ ਮਿਲੀ ਹੈ, ਮੇਰੇ ਵਾਸਤੇ ਕੀ ਹੁਕਮ ਹੈ? ਆਹ ਦਸਵੰਧ ਬਣਦਾ ਹੈ, ਸਾਰਾ ਹੀ ਤੁਹਾਡਾ ਹੈ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਦੱਸਵਾਂ ਹਿੱਸਾ ਸਾਨੂੰ ਦੇ ਜਾ ਤੇ ਨੱਬੇ ਤੂੰ ਰਖ, ਤੂੰ ਸਿਖੀ ਕਮਾ ਲਈ, ਬਚਨ ਪਾਲ ਲਿਆ, ਤੇਰੇ ਉਤੇ ਸਾਡੀਆਂ ਹੋਰ ਖੁਸ਼ੀਆਂ। ਬਿਸੰਬਰ ਦਾਸ ਮਹਾਰਾਜ ਕੋਲ ਰੋ ਰੋ ਬੇਨਤੀਆਂ ਕਰ ਰਿਹਾ ਹੈ। ਮਹਾਰਾਜ ਕਹਿਣ ਲਗੇ ਕੋਈ ਨਾ ਬਿਸ਼ੰਭਰ ਦਾਸ। ਪਹਿਲੇ ਜਾਮੇ ਵਿਚ ਤੇਰੇ ਨਾਲ ਸਾਡਾ ਬਚਨ ਸੀ ਕਿ ਅਸੀਂ ਤੈਨੂੰ ਦਸਵੇਂ ਜਾਮੇ ਵਿਚ ਮਿਲਾਂਗੇ। ਤੈਨੂੰ ਯਾਦ ਨਹੀਂ ਪਰ ਸਾਨੂੰ ਯਾਦ ਹੈ। ਇਹ ਤੇਰਾ ਪੁਤਰ ਭਰੋਸੇ ਦਾ ਕੁਝ ਹੌਲਾ ਸੀ। ਇਸ ਕਰਕੇ ਡੋਲ ਗਿਆ। ਕੋਈ ਗੱਲ ਨਹੀਂ, ਅਸੀਂ ਇਹਦਾ ਸ਼ੰਕਾ ਦੂਰ ਕਰ ਦਿੰਦੇ ਹਾਂ। ਮਹਾਰਾਜ ਨੇ ਕਿਹਾ, ਸੁਣ ਪ੍ਰੇਮੀਆ, ਇਹ ਜਿਹੜਾ ਬਟੇਰਾ ਸੀ, ਇਸਨੇ ਸਾਡੀ ਸੁਗੰਧ ਖਾਧੀ ਸੀ। ਇਸਨੇ ਅਸਾਡੀ ਜਾਮਨੀ ਦੇ ਕੇ ਸ਼ਾਹ ਤੋਂ ਪੈਸਾ ਉਧਾਰ ਲੈ ਲਿਆ, ਰਕਮ ਬਹੁਤ ਵੱਡੀ ਸੀ ਇਹ ਵਾਪਸ ਦੇਣ ਵੇਲੇ ਮੁਕਰ ਗਿਆ। ਇਸਨੇ ਕਸਮ ਖਾ ਕੇ ਪੈਸਾ ਲਿਆ ਸੀ। ਇਸਨੇ ਬੇਅੰਤ ਜਨਮ ਧਾਰੇ, ਹੁਣ ਸਾਡੀ ਜਾਮਨੀ ਸੀ। ਸੋ ਅੱਜ ਇਹ ਬਾਜ ਤੇ ਬਟੇਰਾ ਦੋਨੋਂ ਇਕੱਠੇ ਹੋ ਗਏ। ਅਸੀਂ ਉਸ ਸਹੁੰ ਦਾ ਲੇਖਾ ਨਿਬੇੜਿਆ ਹੈ। ਉਹ ਬਾਜ ਵੀ ਉਸੇ ਵੇਲੇ ਮਰ ਗਿਆ, ਕਿਉਂਕਿ ਲੇਖਾ ਨਿਬੜ ਗਿਆ ਤਾਂ ਉਹ ਵੀ ਚਲਿਆ ਗਿਆ। ਇਹ ਸਾਡੇ ਹੱਥੋਂ ਹੀ ਨਿਬੜਨਾ ਸੀ। ਕਿਉਂਕਿ ਤੇਰੇ ਵਿਚ ਅਕਲ ਘੱਟ ਸੀ ਤਾਂ ਤੈਨੂੰ ਸ਼ੰਕਾ ਹੋ ਗਿਆ। ਭਾਵੇਂ ਦੁਨਿਆਵੀ ਬਚਨ ਹੋਵੇ, ਭਾਵੇਂ ਪਰਮਾਰਥਕ ਹੋਵੇ, ਗੁਰੂ ਦਾ ਬਚਨ ਤਾਂ ਤਾਰਦਾ ਹੀ ਤਾਰਦਾ ਹੈ।

ਉਸ ਵੇਲੇ ਬਚਨ ਹੋ ਗਿਆ ਕਿ ਸੁਜਾਨ ਰਾਇ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਹੈ। ਸਾਰੀਆਂ ਘਟਾਂ ਵਿਚ ਉਹ ਆਪੇ ਆਪ ਹੀ ਵਰਤਦਾ ਹੈ।

*ਧਾਰਨਾ - ਇਕ ਨੂਰ ਅੱਲਾ ਦਾ ਜੀ,*
*ਸਾਰੀ ਦੁਨੀਆਂ-ਸਾਰੀ ਦੁਨੀਆਂ -2, 2.*

*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ*
*ਹੋਈ॥*

*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥*
*ਪੰਨਾ - 1350*

ਗੁਰੂ ਮਹਾਰਾਜ ਜੀ ਨੇ ਮਾਇਕ ਛੌੜ ਕੱਟ ਕੇ ਦਿਬਯ ਦ੍ਰਿਸ਼ਟ ਬਖਸ਼ ਦਿਤੀ, ਝਲਕਾਰਾ ਵੱਜਿਆ। ਸੰਸਾਰਕ ਦ੍ਰਿਸ਼ਟੀ ਬਦਲ ਗਈ। ਹੁਣ ਸੁਜਾਨ ਰਾਏ ਨੂੰ ਇਕੋ ਜੋਤਿ, ਪ੍ਰਭੂ ਹੀ ਨਜ਼ਰ ਆ ਰਿਹਾ ਹੈ। ਮਹਾਰਾਜ ਕਹਿਣ ਲਗੇ, ਸੁਜਾਨ ਰਾਇ ਹੁਣ ਤੂੰ ਜਾ। ਉਠ ਖਲੋਤਾ, ਸਰੂਰ ਚੜ੍ਹਿਆ ਪਿਆ ਹੈ। ਪਤਾ ਹੀ ਨਹੀਂ ਲਗ ਰਿਹਾ, ਪਰਮ ਪਦ ਦੀ ਮੰਜ਼ਲ ਵਿਚ ਪਹੁੰਚਾ ਦਿਤਾ ਕਿਉਂਕਿ ਰੱਬੀ ਸ਼ਕਤੀ ਦੇ ਬਗੈਰ ਨਹੀਂ ਕੋਈ ਪਹੁੰਚਾ ਸਕਦਾ। ਕੇਵਲ ਪੂਰਾ ਸਤਿਗੁਰੂ ਹੀ ਪਹੁੰਚਾ ਸਕਦਾ ਹੈ। ਇਸ ਨੂੰ ਨਾਮ ਕਹਿੰਦੇ ਹਨ। ਵਾਹਿਗੁਰੂ ਤੋਂ ਲੈ ਕੇ ਇਸ ਪ੍ਰਾਪਤੀ ਤੱਕ ਸਾਰੀ ਚੀਜ਼ ਨੂੰ ਨਾਮ ਕਹਿੰਦੇ ਹਨ। ਜਦੋਂ ਨਾਮ ਪ੍ਰਗਟ ਹੋ ਜਾਂਦਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਬਿਸਮਾਦ ਵਿਚ ਚਲਾ ਗਿਆ। ਲੂੰ ਲੂੰ ਵਿਚੋਂ ਵਾਹਿਗੁਰੂ ਵਾਹਿਗੁਰੂ ਆਪੇ ਹੀ ਹੋ ਰਿਹਾ ਹੈ। ਸੁਜਾਨ ਰਾਇ ਨੇ ਪੁਛਿਆ ਮਹਾਰਾਜ ਹੁਕਮ? ਤਾਂ ਮਹਾਰਾਜ ਨੇ ਫੁਰਮਾਇਆ ਕਿ ਜਿਧਰ ਨੂੰ ਮੂੰਹ ਹੈ, ਉਧਰ ਹੀ ਚਲਾ ਜਾ। ਮਹਾਰਾਜ! ਕਿੰਨੀ ਕੁ ਦੂਰ ਚਲਾ ਜਾਵਾਂ? ਕਹਿੰਦੇ ਹੁਕਮ ਲੈ ਕੇ ਜਾਵੇਂਗਾ। ਰੋਪੜ ਵੱਲ ਨੂੰ ਮੂੰਹ ਸੀ, ਉਸੇ ਵੇਲੇ ਨਮਸਕਾਰ ਕੀਤੀ। ਕੋਈ ਲਾਲਚ ਨਹੀਂ ਕੀਤਾ ਵਾਪਸ ਘਰ ਜਾਣ ਦਾ। ਹੁਕਮ ਦੀ ਕਮਾਈ ਕਰਨੀ ਸ਼ੁਰੂ ਕਰ ਦਿਤੀ ਕਿਉਂਕਿ ਸਭ ਤੋਂ ਵੱਡੀ ਜੋ ਸੇਵਾ ਹੈ, ਉਹ ਗੁਰੂ ਦਾ ਹੁਕਮ ਹੋਇਆ ਕਰਦਾ ਹੈ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਆਗਿਆ ਸਮ ਨਹੀਂ ਜੀ,*
*ਸਾਹਿਬ ਸੇਵਾ, ਸਾਹਿਬ ਸੇਵਾ-2, 2.*

ਤੁਰਿਆ ਜਾ ਰਿਹਾ ਹੈ। ਨਾ ਦਿਨ ਦੇਖਿਆ, ਨਾ ਰਾਤ ਦੇਖੀ, ਅਖੀਰ ਰੋਪੜ ਕੋਲ ਪਹੁੰਚ ਗਿਆ। ਉਥੇ ਗਿਰ ਗਿਆ, ਬਹੁਤ ਦੇਰ ਪਿਆ ਰਿਹਾ। ਆਲੇ ਦੁਆਲੇ ਦੇ ਲੋਕਾਂ ਨੇ ਦੇਖਿਆ ਕਿ ਆਹ ਕੌਣ ਗਿਰਿਆ ਪਿਆ ਹੈ। ਚੁੱਕ ਕੇ ਲੈ ਗਏ। ਜਾ ਕੇ, ਪਹਿਲਾਂ ਮੂੰਹ ਵਿਚ ਪਾਣੀ ਪਾਇਆ, ਆਰਾਮ ਨਾਲ ਬੈਠ ਗਿਆ, ਫੇਰ ਜਲ ਪਾਣੀ ਛਕਾਇਆ। ਆਵਾਜ਼ ਆ ਗਈ ਕਿ ਤੈਨੂੰ ਇਥੇ ਰਹਿਣ ਦਾ ਹੁਕਮ ਹੈ। ਕਿਉਂਕਿ ਜਦੋਂ ਗੁਰੂ ਦੇ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਗੁਰੂ ਹਰ ਵਕਤ ਨਾਲ ਰਹਿੰਦਾ ਹੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥* *ਪੰਨਾ – 394*

ਉਹ ਤੈਨੂੰ ਸੰਭਾਲਦਾ ਹੈ ਤੂੰ ਉਹਨੂੰ ਹਰ ਵੇਲੇ ਯਾਦ ਰਖ ਤੇਰੇ ਅੰਦਰ ਬੋਲਦਾ ਹੈ।

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* *ਪੰਨਾ – 1*

ਆਪਣਾ ਕੁਝ ਨਹੀਂ ਰਹਿੰਦਾ। ਜਿੰਨੇ ਬੰਧਨ ਹੁੰਦੇ ਹਨ, ਸਭ ਕੱਟ ਦਿੰਦਾ ਹੈ। ਮਹਾਰਾਜ ਨੇ ਇਕ ਸ਼ਬਦ ਵਿਚ 'ਬੰਧਨ' ਬਾਰੇ ਲਿਖਿਆ ਹੈ। ਬੰਧਨ ਮਾਤਾ ਦਾ, ਪਿਤਾ ਦਾ, ਪੁਤਰ ਦਾ, ਧਨ, ਨਾਰੀ, ਕਰਮ ਧਰਮ, ਰਿਸ਼ਤੇਦਾਰੀ, ਖੇਤ, ਵਣਜ, ਚਾਕਰੀ, ਵੇਦ, ਵਾਦ, ਅਹੰਕਾਰ, ਮੋਹ, ਵਿਕਾਰ ਇਹ ਸਭ ਬੰਧਨ ਹਨ। ਸਾਰੇ ਬੰਧਨ ਟੁੱਟ ਗਏ। ਰਹਿ ਗਿਆ ਕੇਵਲ ਗੁਰੂ। ਗੁਰੂ ਦੇ ਨਾਲ ਕੇਵਲ ਇਕਮਿਕ ਹੋਇਆ ਹੋਇਆ ਹੈ। ਸਾਰੀਆਂ ਗੰਢਾਂ ਖੁਲ੍ਹਣੀਆਂ ਸ਼ੁਰੂ ਹੋ ਗਈਆਂ। ਇਹ ਜਿੰਨੀਆਂ ਵੀ ਹਨ, ਗੰਢਾਂ ਹੋਇਆਂ ਕਰਦੀਆਂ ਹਨ। ਗੰਢ ਖੁਲ੍ਹਦੀ ਹੈ, ਤਰੱਕੀ ਹੁੰਦੀ ਹੈ। ਗੰਢ ਖੁਲ੍ਹਦੀ ਹੈ, ਬਿਰਤੀ ਆਤਮਾ ਵੱਲ ਨੂੰ ਜਾਂਦੀ ਹੈ।

ਪਹਿਲੀ ਹੋਇਆ ਕਰਦੀ ਹੈ ਅਵਿਦਿਆ ਦੀ ਗੰਢ। ਜੀਵ ਭਾਵ ਦੀ ਗੰਢ, ਹਿਰਦੇ ਦੀ ਗੰਢ, ਸੰਸੇ ਦੀ ਗੰਢ, ਕਰਮਾਂ ਦੀ ਗੰਢ, ਕਾਮਨਾ ਦੀ ਗੰਢ, ਜਨਮ ਦੀ ਗੰਢ, ਮਰਨ ਦੀ ਗੰਢ, ਸਾਰੀਆਂ ਗੰਢਾਂ ਖੁਲ੍ਹ ਕੇ, ਉਹ ਅਵਸਥਾ ਪ੍ਰਾਪਤ ਹੋ ਗਈ ਜਿਥੇ ਇਕੋ ਇਕ ਹੀ ਨਜ਼ਰ ਆਉਂਦਾ ਹੈ। ਮਸਤ ਹੋਇਆ ਹੋਇਆ ਹੈ ਵੈਦਗੀ ਵਿਚ। ਇਲਾਜ ਕਰਨਾ ਸ਼ੁਰੂ ਕਰ ਦਿਤਾ। ਲੋਕ ਦੂਰ ਦਰਾਜ ਤੋਂ ਆਉਂਦੇ ਹਨ। ਗੁਰੂ ਦੀ ਬਰਕਤ ਦੇ ਸਦਕੇ ਸ਼ਬਦ ਦੀ ਕਮਾਈ ਦੀ ਬਰਕਤ, ਕਹਿ ਦੇਣਾ, ਰਾਜ਼ੀ ਹੋ ਜਾਏਂਗਾ, ਆਹ ਦੁਆਈ ਖਾ ਲੈ, ਰਾਜ਼ੀ ਹੋ ਜਾਏਂਗਾ। ਦੂਰ ਦਰਾਜ ਤਕ ਖਬਰਾਂ ਫੈਲ ਗਈਆਂ ਕਿ ਐਸਾ ਵੈਦ ਆਇਆ ਹੈ ਜਿਹਦੀ ਦਵਾਈ ਨਾਲ ਬਿਮਾਰ ਜਲਦੀ ਹੀ ਠੀਕ ਹੋ ਰਹੇ ਹਨ। ਗੁਰੂ ਦਸ਼ਮੇਸ਼ ਪਿਤਾ ਦੀਆਂ ਸੰਗਤਾਂ ਆਉਂਦੀਆਂ ਹਨ, ਰੋਕ ਲੈਂਦੇ ਹਨ। ਅਨੰਦਪੁਰ ਸਾਹਿਬ ਜਾਣ ਤੋਂ ਪਹਿਲਾਂ ਪ੍ਰਸ਼ਾਦ ਪਾਣੀ ਛਕਾਉਂਦੇ ਹਨ। ਜਿਤਨੇ ਵੀ ਥੱਕੇ ਬੰਦੇ ਹੁੰਦੇ ਹਨ, ਸਭਨਾਂ ਨੂੰ ਦਾਰੂ ਦੇ ਕੇ ਰਾਜ਼ੀ ਕਰ ਦਿੰਦਾ ਹੈ। ਸਾਰੇ ਦੇਸ਼ ਵਿਚ ਜਸ ਫੈਲ ਗਿਆ। ਗੁਰੂ ਮਹਾਰਾਜ ਕੋਲ ਪ੍ਰੇਮੀ ਆ ਆ ਕੇ ਦਸਦੇ ਹਨ ਕਿ ਉਥੇ ਇਕ ਗੁਰਸਿੱਖ ਬੈਠਾ ਹੈ ਜਿਸਦੀ ਕਹਿਣੀ ਤੇ ਕਰਨੀ ਇਕ ਹੋਈ ਹੋਈ ਹੈ। ਮਹਾਰਾਜ! ਬਹੁਤ ਪਿਆਰਾ ਹੈ। ਗੁਰੂ ਜੀ ਸੁਣਦੇ ਹਨ, ਚੁਪ ਕਰ ਜਾਂਦੇ ਹਨ ਕਿਉਂਕਿ ਉਹਦੀ ਦ੍ਰਿਸ਼ਟੀ ਇਕ ਬਣ ਚੁਕੀ ਸੀ, ਉਸਦੀ ਦ੍ਰਿਸ਼ਟੀ ਵਿਚੋਂ ਦੂਜਾ ਖਤਮ ਹੋ ਗਿਆ ਸੀ, ਉਹ ਅਵਸਥਾ ਪ੍ਰਾਪਤ ਹੋ ਗਈ ਜਿਸ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਕਹਿੰਦੇ ਹਨ।

*ਧਾਰਨਾ - ਦੂਜਾ ਨਾ ਵੇਖਦੇ ,*
*ਪ੍ਰਭ ਜੀ ਬਿਨ ਬ੍ਰਹਮ ਗਿਆਨੀ -2, 2.*

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ - 272*

ਇਕੋ ਨਜ਼ਰ ਆਉਂਦਾ ਹੈ। ਸੁਜਾਨ ਰਾਇ ਸੇਵਾ ਕਰ ਰਿਹਾ ਹੈ ਕੇਵਲ ਵਾਹਿਗੁਰੂ ਦੀ, ਕਿਸੇ ਬੰਦੇ ਦੀ ਸੇਵਾ ਨਹੀਂ ਕਰ ਰਿਹਾ, ਕੇਵਲ ਗੁਰੂ ਦੀ ਸੇਵਾ ਕਰ ਰਿਹਾ ਹੈ। ਦੂਰ ਦਰਾਜ ਜਾਂਦਾ ਹੈ, ਨਿਰਧਨ ਕੋਲ ਜਾਂਦਾ ਹੈ, ਝੌਂਪੜੀਆਂ ਵਿਚ ਜਾਂਦਾ ਹੈ, ਬਾਹਰ ਵਸਦਿਆਂ ਦੇ ਕੋਲ ਜਾਂਦਾ ਹੈ। ਦਵਾਈ ਕੀ ਦਿੰਦਾ ਹੈ, ਗੁਰਸਿਖ ਬਣਾ ਦਿੰਦਾ ਹੈ। ਸਿਖੀ ਦੀ ਸੇਵਾ ਕਰ ਰਿਹਾ ਹੈ। ਗੁਰੂ ਮਹਾਰਾਜ ਜੀ ਕੋਲ ਖਬਰਾਂ ਪਹੁੰਚ ਰਹੀਆਂ ਹਨ। ਕਈ ਸਾਲ ਲੰਘ ਗਏ, ਮਹਾਰਾਜ ਨੂੰ ਵੀ ਖਿਚ ਪੈਂਦੀ ਹੈ ਪਰ ਅਜੇ ਰੋਕਦੇ ਹਨ। ਅੱਜ ਪੋਹ ਸੁਦੀ ਸੱਤਮੀ ਆ ਗਈ। ਉਦੋਂ ਭੀ ਪੋਹ ਸੁਦੀ ਸੱਤਵੀਂ ਸੀ ਜਦੋਂ ਸੁਜਾਨ ਰਾਇ ਲਹੌਰ ਤੋਂ ਆਇਆ ਸੀ, ਅੱਜ ਫੇਰ ਆ ਗਈ। ਸਾਰੇ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਆ ਰਹੇ ਹਨ - ਆਪਣੀ ਆਪਣੀ ਭੇਟਾ ਦੇਣ ਲਈ। ਸਾਰੇ ਗੁਰੂ ਮਹਾਰਾਜ ਜੀ ਨੂੰ ਮਿਲਣ ਲਈ ਬਹੁਤ ਕਾਹਲੇ ਨੇ, ਪਰ ਅੱਜ ਗੁਰੂ ਮਹਾਰਾਜ ਦੀਵਾਨ ਵਿਚ ਨਹੀਂ ਆਏ। ਸਿੰਘਾਂ ਕੋਲੋਂ ਪਤਾ ਲੱਗਾ ਕਿ ਗੁਰੂ ਮਹਾਰਾਜ ਘੋੜੇ ਤੇ ਸਵਾਰ ਹੋ ਕੇ ਬੜੀ ਜਲਦੀ ਜਲਦੀ ਰੋਪੜ ਵਲ ਨੂੰ ਨਿਕਲ ਗਏ। ਸਿਧੇ ਮਹਾਰਾਜ ਰੋਪੜ ਪਹੁੰਚ ਗਏ। ਸੰਗਤਾਂ ਸਾਰੀਆਂ ਬੈਠੀਆਂ ਉਡਕਦੀਆਂ ਰਹੀਆਂ। ਇਥੇ ਆ ਕੇ ਆਪਣੇ ਗੁਰ ਸਿਖ ਦੀ ਝੋਂਪੜੀ ਵੱਲ ਨੂੰ ਤੁਰ ਪਏ। ਜਿਸ ਵੇਲੇ ਸਾਰਿਆਂ ਨੂੰ ਪਤਾ ਲਗਦਾ ਗਿਆ ਕਿ ਗੁਰੂ ਸਾਹਿਬ ਆ ਰਹੇ ਹਨ। ਸਾਰੇ ਜਾ ਕੇ ਸੁਜਾਨ ਰਾਇ ਨੂੰ ਖਬਰ ਕਰ ਰਹੇ ਹਨ ਕਿ ਗੁਰੂ ਮਹਾਰਾਜ ਆ ਰਹੇ ਹਨ। ਅਸੀਂ ਉਥੇ ਖੜੇ ਦੇਖੇ ਹਨ। ਨਾਲ ਸਿੰਘ ਵੀ ਹਨ। ਭਾਈ ਸੁਜਾਨ ਰਾਇ ਦੇ ਮਨ ਵਿਚ ਵੀ ਬੜਾ ਚਾਓ ਜਾਗਿਆ ਕਿ ਮੈਂ ਸੰਗਤ ਨਾਲ ਲੈ ਕੇ ਜਾਵਾਂ ਤੇ ਅੱਗੇ ਹੋ ਕੇ ਗੁਰੂ ਮਹਾਰਾਜ ਜੀ ਦਾ ਸਤਿਕਾਰ ਕਰਾਂ। ਸੰਗਤ ਇਕੱਠੀ ਕਰ ਲਈ। ਕੀਰਤਨ ਦਾ ਸਮਾਨ ਜੋਟੀਆਂ ਦੇ ਸ਼ਬਦ ਪੜ੍ਹਨ ਵਾਲਾ ਨਾਲ ਇਕੱਠਾ ਕਰ ਲਿਆ, ਇਸ ਲਈ ਕਿ ਮਹਾਰਾਜ ਨੂੰ ਜਾ ਕੇ ਲਿਆਉਣਾ ਹੈ। ਉਸੇ ਸਮੇਂ ਇਕ ਬਜੁਰਗ ਬੀਬੀ ਆ ਗਈ ਤੇ ਕਹਿਣ ਲੱਗੀ, ਮੇਰੀ ਨੂੰਹ ਘੜੀਆਂ ਪਲਾਂ ਤੇ ਹੈ। ਛੇਤੀਂ ਦਵਾਈ ਦੇ, ਨਹੀਂ ਤੇ ਮਰ ਜਾਏਗੀ। ਦੋ ਚੀਜ਼ਾਂ ਹੋ ਗਈਆਂ, ਇਕ ਪਾਸੇ ਗੁਰੂ ਹੋ ਗਿਆ। ਇਕ ਪਾਸੇ ਗੁਰੂ ਦਾ ਹੁਕਮ ਹੋ ਗਿਆ। ਗੁਰੂ ਨੇ ਕਿਹਾ ਸੀ, ਸੁਜਾਨ ਰਾਇ! ਤੂੰ ਸਾਰਿਆਂ ਦੇ ਅੰਦਰ ਮੈਨੂੰ ਦੇਖੀਂ, ਮੈਨੂੰ ਦੇਖ ਕੇ ਮੇਰੀ ਸੇਵਾ ਕਰੀਂ। ਇਕ ਪਾਸੇ ਗੁਰੂ ਸਾਖਸ਼ਾਤ ਹੈ, ਇਕ ਪਾਸੇ ਗੁਰੂ ਦਾ ਹੁਕਮ ਹੈ। ਅਖੀਰ ਗੁਰੂ ਦਾ ਹੁਕਮ ਫਤਹਿ ਪਾ ਗਿਆ। ਸੰਗਤ

ਨੂੰ ਕਿਹਾ, ਤੁਸੀਂ ਜਾਓ, ਆਦਰ ਸਤਿਕਾਰ ਨਾਲ ਸ਼ਬਦ ਪੜ੍ਹਦੇ ਹੋਏ, ਕੀਰਤਨ ਕਰਦੇ ਹੋਏ। ਉਨ੍ਹਾਂ ਦਾ ਨਿਵਾਸ ਕਰਾਓ। ਸੁਜਾਨ ਰਾਇ ਨੇ ਦਵਾਈਆਂ ਦੀ ਪੋਟਲੀ ਚੁਕੀ ਤੇ ਮਾਈ ਦੇ ਘਰ ਪਹੁੰਚ ਗਏ, ਝੌਂਪੜੀ ਵਿਚ ਹਾਏ ਹਾਏ ਹੋ ਰਹੀ ਹੈ, ਬੁਰੀ ਤਰ੍ਹਾਂ ਹੈਜਾ ਹੋਇਆ ਹੋਇਆ ਹੈ। ਕੁਝ ਚਿਰ ਲਗ ਗਿਆ, ਬੈਠੇ ਦਵਾਈ ਦੇ ਰਹੇ ਹਨ।

ਇਧਰ ਦਸ਼ਮੇਸ਼ ਪਿਤਾ ਪਹੁੰਚ ਗਏ। ਸੰਗਤ ਚਾਹੁੰਦੀ ਹੈ ਕਿ ਕਿਸੇ ਚੰਗੇ ਘਰ ਵਿਚ ਉਤਾਰਾ ਕਰਾਈਏ। ਪਰ ਗੁਰੂ ਮਹਾਰਾਜ ਜੀ ਹੋਰ ਹੀ ਪਾਸੇ ਨੂੰ ਜਾ ਰਹੇ ਹਨ। ਸਿਧੇ ਸੁਜਾਨ ਰਾਇ ਦੀ ਝੌਂਪੜੀ ਨੂੰ ਜਾ ਰਹੇ ਹਨ। ਉਥੇ ਆਦਰ ਸਤਿਕਾਰ ਨਾਲ ਬਿਠਾਉਣ ਵਾਲਾ ਕੋਈ ਨਹੀਂ ਸੀ। ਝੌਂਪੜੀ ਖਾਲੀ ਪਈ ਹੈ। ਮਹਾਰਾਜ ਜੀ ਨੇ ਘੋੜਾ ਸਿੱਖ ਨੂੰ ਫੜਾਇਆ, ਅੰਦਰ ਜਾ ਕੇ ਸਫ ਤੇ ਬੈਠ ਗਏ। ਅੱਜ ਗੁਰੂ, ਸਿਖ ਦਾ ਇੰਤਜ਼ਾਰ ਕਰ ਰਿਹਾ ਹੈ। ਉਧਰੋਂ ਜਦੋਂ ਮਾਈ ਦੀ ਨੂੰਹ ਰਾਜ਼ੀ ਹੋ ਗਈ ਤਾਂ ਸੁਜਾਨ ਰਾਇ ਕਹਿਣ ਲਗੇ ਕਿ ਹੁਣ ਤੇਰੀ ਨੂੰਹ ਨੂੰ ਕੋਈ ਖਤਰਾ ਨਹੀਂ ਹੈ। ਉਧਰ ਮੇਰੇ ਸਤਿਗੁਰੂ ਆਏ ਹੋਏ ਹਨ ਪਰ ਮਾਈ ਜੇ ਤੂੰ ਚਾਹੇਂ ਤਾਂ ਮੈਂ ਹੋਰ ਬੈਠ ਜਾਵਾਂ? ਮਾਈ ਨੇ ਕਿਹਾ ਕਿ ਹੁਣ ਤਾਂ ਇਹ ਠੀਕ ਲਗਦੀ ਹੈ। ਤੂੰ ਜਾ ਕੇ ਆਪਣੇ ਗੁਰੂ ਦੇ ਦਰਸ਼ਨ ਕਰ ਲੈ। ਤੇਰਾ ਹੀ ਗੁਰੂ ਨਹੀਂ ਹੈ, ਸਾਡਾ ਵੀ ਗੁਰੂ ਹੈ। ਜਿਸਨੇ ਐਨਾ ਚੰਗਾ ਗੁਰਸਿਖ ਸਾਡੇ ਗਰੀਬਾਂ ਦੀ ਮਦਦ ਕਰਨ ਵਾਸਤੇ ਦੁਆ ਦਾਰੂ ਦੇ ਕੇ ਅਸਾਂ ਗਰੀਬਾਂ ਦੀ ਸਾਰ ਲੈਣ ਏਥੇ ਭੇਜਿਆ ਹੋਇਆ ਹੈ। ਸਾਧ ਸੰਗਤ ਜੀ ਉਸ ਵੇਲੇ ਭਾਈ ਸੁਜਾਨ ਰਾਇ ਦੇ ਦਿਲ ਤੇ ਕੀ ਗੁਜਰਦੀ ਹੋਣੀ ਹੈ ਕਿ ਮੈਂ ਸਤਿਗੁਰੂ ਦਾ ਸਤਿਕਾਰ ਨਹੀਂ ਕਰ ਸਕਿਆ। ਗੁਰੂ ਜੀ ਆਏ ਹਨ, ਪਰ ਮੈਂ ਅੱਗੇ ਜਾ ਕੇ ਹਾਰ ਨਹੀਂ ਪਾ ਸਕਿਆ, ਫੁਲਾਂ ਦਾ ਕੋਈ ਸੇਹਰਾ ਨਹੀਂ ਪਾ ਸਕਿਆ। ਫਤਿਹ ਨਹੀਂ ਬਲਾ ਸਕਿਆ, ਆਪਣੀ ਝੌਂਪੜੀ ਵੱਲ ਗਿਆ ਤਾਂ ਅੱਗੇ ਕੀ ਦੇਖਦਾ ਹੈ ਕਿ ਝੌਂਪੜੀ ਦੇ ਅੱਗੇ ਇੱਕਠ ਹੋਇਆ ਪਿਆ ਹੈ। ਬਹੁਤ ਸਾਰੇ ਲੋਕ ਖੜ੍ਹੇ ਹਨ। ਹੈਰਾਨ ਹੋ ਰਿਹਾ ਹੈ ਕਿ ਕੀ ਗੱਲ ਹੈ? ਗੁਰੂ ਮਹਾਰਾਜ ਤਾਂ ਫਲਾਣੇ ਮਹੱਲਾਂ ਦੇ ਅੰਦਰ ਉਤਾਰਨੇ ਸੀ। ਗੁਰੂ ਜੀ ਨੇ ਉਠ ਕੇ ਸੁਜਾਨ ਰਾਇ ਨੂੰ ਜੱਫੀ ਵਿਚ ਲੈ ਲਿਆ ਤੇ ਬਚਨ ਕੀਤਾ, ਸਿਖਾ! ਨਿਹਾਲ, ਨਿਹਾਲ, ਨਿਹਾਲ। ਤਿੰਨ ਵਾਰੀ ਕਿਹਾ ਤੇ ਆਪਣੇ ਵਿਚ ਹੀ ਅਭੇਦ ਕਰ ਲਿਆ। ਹੁਣ ਪਤਾ ਨਹੀਂ ਲਗਦਾ ਕਿ ਕਿਹੜਾ ਸਰੀਰ ਗੁਰੂ ਦਾ ਹੈ ਤੇ ਕਿਹੜਾ ਸੁਜਾਨ ਰਾਇ ਦਾ? ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ –

***ਧਾਰਨਾ – ਮੇਰਾ ਹੀ ਰੂਪ ਨੇ ਮੇਰੇ ਹੀ ਬਣ ਗਏ ਜਿਹੜੇ – 2, 2.***

***ਮੇਰੇ ਹੀ ਬਣ ਗਏ ਜਿਹੜੇ – 2, 2.***
***ਮੇਰਾ ਹੀ ਰੂਪ ਨੇ,..........2***

'ਦਾਸ ਅੰਨਿਨ ਮੇਰੋ ਨਿਜ ਰੂਪ' ਜਿਹੜੇ ਮੇਰੇ ਬਣ ਗਏ, ਮੇਰੇ ਹੁਕਮ

ਵਿਚ ਸਮਾਅ ਗਏ, ਉਹ ਤਾਂ ਮੇਰਾ ਹੀ ਸਰੂਪ ਹੋਇਆ ਕਰਦੇ ਹਨ।

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ 'ਚੋਂ***

***ਹਰਿ ਹਰਿ ਜਨ ਦੁਈ ਏਕ ਹੈ, ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥***
***ਬਚਿਤ੍ਰ ਨਾਟਕ***

ਗੁਰੂ ਜੀ ਬੁੱਕਲ ਵਿਚ ਲੈ ਕੇ ਪਿਆਰ ਕਰ ਰਹੇ ਹਨ ਅਤੇ ਬਚਨ ਕਰਕੇ ਕਹਿ ਰਹੇ ਹਨ, ਸੁਜਾਨ ਰਾਇ! ਤੂੰ ਕਿਸੇ ਦੇ ਫੱਟਾਂ ਤੇ ਮਲ੍ਹਮ ਨਹੀਂ ਲਾਈ, ਮੇਰੇ ਫੱਟਾਂ ਤੇ ਪੱਟੀਆਂ ਬੰਨ੍ਹਦਾ ਰਿਹਾ ਹੈਂ ਤੇ ਮਲ੍ਹਮ ਲਾਉਂਦਾ ਰਿਹਾ ਹੈਂ, ਮੈਨੂੰ ਦਵਾਈ ਦਿੰਦਾ ਰਿਹਾ ਹੈਂ, ਮੇਰੀ ਤਾਰੀ ਕਰਦਾ ਰਿਹਾ ਹੈਂ, ਮੇਰੀ ਸੇਵਾ ਕਰਦਾ ਰਿਹਾ ਹੈਂ। ਗੁਰਮੁਖਾ! ਨਿਹਾਲ, ਤੇਰੀ ਸੇਵਾ ਦਰਗਾਹੇ ਪਰਵਾਨ ਹੋਈ, ਹੁਣ ਤੂੰ ਚਲ ਮੇਰੇ ਨਾਲ। ਮੈਂ ਸਾਰੀਆਂ ਸੰਗਤਾਂ ਨੂੰ ਛੱਡ ਕੇ ਤੈਨੂੰ ਲੈਣ ਵਾਸਤੇ ਆਇਆ ਹਾਂ। ਸੰਗਤਾਂ ਦੂਰ ਦਰਾਜ਼ ਤੋਂ ਆਈਆਂ ਹੋਈਆਂ ਹਨ। ਮੇਰੇ ਪ੍ਰਕਾਸ਼ ਉਤਸਵ ਤੇ ਜੋ ਖੁਸ਼ੀ ਮੈਨੂੰ ਪ੍ਰਾਪਤ ਹੋਈ ਹੈ, ਸੁਜਾਨ ਰਾਇ ਦੇ ਬਚਨ ਕਮਾਉਣ ਵਿਚੋਂ ਹੋਈ ਹੈ। ਸੋ ਇਸ ਤਰ੍ਹਾਂ ਸਾਧ ਸੰਗਤ ਜੀ, ਦਸ਼ਮੇਸ਼ ਪਿਤਾ ਹਾਜ਼ਰ ਨਾਜ਼ਰ ਨੇ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਪੰਨਾ – 394***

ਸਾਨੂੰ ਸਿੱਖੀ ਕਮਾਉਣ ਦੀ ਜਾਚ ਸਿਖਣੀ ਪੈਂਦੀ ਹੈ। ਸਿਖੀ ਬਹੁਤ ਉਚੀ ਚੀਜ਼ ਹੈ, ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ; ਨਾ ਆਪ ਕਮਾਈ ਹੈ, ਨਾ ਕਿਸੇ ਨੂੰ ਪੜ੍ਹਣ ਦੇਈਏ, ਨਾ ਦਸੀਏ, ਕਿ ਗੁਰੂ ਚਾਹੁੰਦਾ ਕੀ ਹੈ। ਹੋਰ ਹੀ ਪਾਸੇ ਨੂੰ ਚਲ ਪਏ। ਗੁਰੂ ਸਾਥ ਛੱਡ ਗਿਆ।

***ਜਬ ਲਗ ਖ਼ਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥ ਸਰਬ ਲੋਹ ਗ੍ਰੰਥ 'ਚੋਂ***

ਜਿੰਨੀ ਦੇਰ ਤਕ ਇਹ ਨਿਆਰਾ ਰਹੇਗਾ, ਉਨੀ ਦੇਰ ਤਕ ਮੇਰਾ ਤੇਜ ਇਹਦੇ ਨਾਲ ਰਹੇਗਾ।

***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥ ਸਰਬ ਲੋਹ ਗ੍ਰੰਥ 'ਚੋਂ***

ਜਦੋਂ ਇਹ ਆਤਮ ਚਿੰਤਨ ਛੱਡ ਦੇਵੇਗਾ, ਆਤਮ ਮੰਨਨ, ਆਤਮ ਨਿਧਿਆਸਨ, ਆਤਮ ਪਦ ਦੀ ਲਖਤਾ ਉਸ ਵੇਲੇ ਮੇਰੇ ਨਾਲੋਂ ਆਪੇ ਹੀ

ਟੁਟ ਜਾਵੇਗੀ, ਕਿਉਂਕਿ ਪੜਦਾ ਪੈ ਜਾਵੇਗਾ ਹਉਮੈ ਦਾ, ਉਹ ਆਪਣੇ ਆਪ ਹੀ ਅੱਡ ਕਰ ਦੇਵੇਗਾ। ਕੰਮ ਕਰੀ ਜਾਵੇ, ਵਰਦੀਆਂ ਪਾਈ ਜਾਵੇ, ਜੋ ਕਰਨਾ ਹੈ ਕਰੀ ਜਾਵੇ ਪਰ ਮੇਰੇ ਨਾਲੋਂ ਸੰਬੰਧ ਟੁਟ ਗਿਆ ਕਿਉਂਕਿ ਖਾਲਸਾ ਮੈਂ ਖਾਲਸ ਬਣਾਇਆ ਸੀ, ਇਸ ਤਰ੍ਹਾਂ ਇਸ ਨੂੰ ਹੁਕਮ ਦਿਤਾ ਸੀ। ਇਸ ਤਰ੍ਹਾਂ ਪੜ੍ਹੋ –

*ਧਾਰਨਾ – ਜਪੋ ਖਾਲਸਾ, ਤੁਸੀਂ ਜਾਗਦੀ ਜੋਤ ਨੂੰ –2, 2.*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ*
*ਗੋਰ ਮੜ੍ਹੀ ਮਟ ਭੂਲ ਨ ਮਾਨੈ।।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ।।*
*ਪੂਰਨ ਜੋਤ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।*

ਜਦੋਂ ਆਤਮਾ ਦਾ ਪ੍ਰਕਾਸ਼ ਹੋ ਗਿਆ, ਆਤਮਾ ਦੀ ਜੋਤ ਜਗ ਗਈ ਤੇ ਪਰਮੇਸ਼ਰ ਹੀ ਸਾਰੇ ਪਾਸੇ ਦੇਖ ਲਿਆ ਉਸ ਨੂੰ ਅਸੀਂ ਕਹਿੰਦੇ ਹਾਂ ਖਾਲਸਾ ਪਦ ਪ੍ਰਾਪਤ ਕੀਤਾ। ਉਹਦਾ ਤੇ ਮੇਰਾ ਕੋਈ ਫਰਕ ਨਹੀਂ ਹੈ। ਇਕੋ ਹੀ ਹੈ ਉਹ ਤੇ ਪਰਮੇਸ਼ਰ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*....................................*
*ਖ਼ਾਲਸਾ ਅਕਾਲ ਪੁਰਖ ਕੀ ਫੌਜ।।*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥ ਸਰਬ ਲੋਹ ਗ੍ਰੰਥ 'ਚੋਂ*

ਸੋ ਉਸ ਖਾਲਸੇ ਵਿਚ ਗੁਰੂ ਮਹਾਰਾਜ ਨੇ ਪੂਰਨ ਆਦਰਸ਼ ਲਿਆਂਦਾ ਸੀ ਤੇ ਬ੍ਰਹਮ ਗਿਆਨੀਆਂ ਦੀ ਜਮਾਤ ਬਣਾਈ ਸੀ। ਜੇ ਇਹਦੇ ਵਿਚ ਲੋਭ ਰਹਿ ਗਿਆ, ਕ੍ਰੋਧ ਰਹਿ ਗਿਆ, ਹਉਮੈ ਰਹਿ ਗਈ, ਈਰਖਾ ਰਹਿ ਗਈ, ਨਿੰਦਿਆ ਚੁਗਲੀ ਰਹਿ ਗਈ ਫੇਰ ਤਾਂ ਭਾਈ ਭੇਖ ਜਿਹਾ ਹੀ ਤੁਰਿਆ ਫਿਰਦਾ ਹੈ। ਜਿਵੇਂ ਮਹਾਰਾਜ ਨੇ ਪਹਿਲਾਂ ਕਿਹਾ ਸੀ, ਉਸੇ ਤਰ੍ਹਾਂ ਹੀ ਹੋ ਗਿਆ। ਖਾਲਸਾ ਭਰਮ ਭੇਖ ਤੋਂ ਨਿਆਰਾ, ਭਰਮਾਂ ਤੋਂ, ਪੰਜ ਕਿਸਮ ਦੇ ਭਰਮ ਤੋਂ, ਭੇਖ ਤੋਂ ਨਿਆਰਾ ਹੋ ਕੇ ਆਤਮ ਤੱਤ ਵਿਚ ਵਿਸ਼ਵਾਸ ਕਰਨ ਵਾਲਾ ਖਾਲਸਾ ਹੋਇਆ ਕਰਦਾ ਹੈ। ਸੋ ਭਾਈ ਸੁਜਾਨ ਰਾਇ ਦੀ ਐਸੀ ਅਵਸਥਾ ਹੋ ਗਈ। ਸੇਵਾ ਕਰਕੇ, ਬਚਨ ਦੀ ਕਮਾਈ ਕਰਕੇ, ਆਤਮ ਤੱਤ

ਵਿਚ ਨਿਵਾਸ ਕਰਕੇ, ਬ੍ਰਹਮ ਦੀ ਅਵਸਥਾ ਨੂੰ ਪ੍ਰਾਪਤ ਹੋਇਆ, ਫੇਰ ਅਵਸਥਾ ਕਿੱਡੀ ਹੋਈ?

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਸੋ ਭਾਈ ਸੁਜਾਨ ਰਾਇ ਨੂੰ ਐਡਾ ਵੱਡਾ ਮਾਨ ਪ੍ਰਾਪਤ ਹੋਇਆ।

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ 2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ-2, 2*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ - 2*

ਐਸਾ ਜੀਵਨ, ਸਤਸੰਗ ਵਿਚ ਆ ਕੇ, ਗੁਰੂ ਮਹਾਰਾਜ ਦੀ ਯਾਦ ਤੇ ਉਹਨਾਂ ਦੇ ਸਿਖਾਂ ਦੇ ਨਾਲ ਸੰਬੰਧ ਪ੍ਰਤੀ ਦਿਤੇ; ਉਪਦੇਸ਼ ਦੀ ਵੀਚਾਰ ਨੂੰ ਹਿਰਦੇ ਵਿਚ ਧਾਰਨ ਕਰੋ। ਉਪਦੇਸ਼ ਕੇਵਲ ਉਹਨਾਂ ਵਾਸਤੇ ਹੀ ਨਹੀਂ ਸੀ, ਸਾਡੇ ਸਾਰਿਆਂ ਵਾਸਤੇ ਹੈ। ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

- ਅਨੰਦ ਸਾਹਿਬ -

- ਗੁਰ ਸਤੋਤਰ -

- ਅਰਦਾਸ -

# ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ

ਸ਼ਾਨ ..........................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਤੂੰ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

*ਧਾਰਨਾ - ਕੋਈ ਨਾਉਂ ਨਾ ਜਾਣੇ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਤੇਰੀ ਵਡਿਆਈ ਐ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਕੋਈ ਨਾਉਂ ਨਾ ਜਾਣੇ ਮੇਰਾ ........ -2.*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*

*ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਈ ਭਾਖੈ॥*
*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ॥*
*ਪੰਨਾ - 383*

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ-2, 2.*
*ਔਖੀ ਵੇਲਾ, ਔਖੀ ਵੇਲਾ - 2, 2.*
*ਤੇਰੀ ਨਾਮ ਨੇ ਸਹਾਇਤਾ ਕਰਨੀ,........-2.*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਪੰਨਾ - 70*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ, ਕਲਜੁਗ ਦਾ ਸਮਾਂ ਹੈ। ਗੁਰੂ ਪੰਜਵੇਂ ਪਾਤਸ਼ਾਹ ਜੀ ਨੂੰ ਬੇਨਤੀ ਕਰਕੇ ਸੰਗਤ ਨੇ ਪੁਛਿਆ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥ਪੰਨਾ - 747*

ਕਲਜੁਗ ਦੇ ਅੰਦਰ ਕਰਮਾਂ ਧਰਮਾਂ ਨੂੰ, ਪੁੰਨਾਂ ਨੂੰ, ਤੀਰਥ ਯਾਤਰਾ ਅਤੇ ਦਾਨ ਦੇ ਫਲ ਨੂੰ ਜਮ ਲੁੱਟ ਲੈਂਦੇ ਹਨ। ਸਤਿਗੁਰੂ ਜੀ! ਕੋਈ ਕਰਮ ਐਸਾ ਵੀ ਹੈ ਜਿਸ ਨੂੰ ਜਮਦੂਤ ਨਾ ਲੁੱਟ ਸਕਣ? ਕਲਜੁਗ ਦੇ ਅੰਦਰ ਕੋਈ ਐਸਾ ਪੁੰਨ ਵੀ ਹੈ ਜੋ ਲੁਟਿਆ ਨਾ ਜਾ ਸਕੇ? ਮਹਾਰਾਜ ਕਹਿੰਦੇ ਹਨ ਇਕ ਐਸਾ ਪੁੰਨ ਹੈ, ਜਿਸ ਦੇ ਫਲ ਕੋਈ ਅੰਦਾਜ਼ਾ ਵੀ ਨਹੀਂ ਲਗਾ ਸਕਦਾ, ਉਹ ਹੈ ਸਤਸੰਗ ਵਿਚ ਚੱਲ ਕੇ ਆਉਣਾ। ਜਿਹੜਾ ਕੋਈ ਜਿੰਨੇ ਵੀ ਕਦਮ ਚਲ ਕੇ ਆਉਂਦਾ ਹੈ ਉਸ ਨੂੰ ਉਤਨੇ ਹੀ ਅਸ੍ਵਮੇਧ ਜਗਾਂ ਦਾ ਫਲ ਮਿਲਦਾ ਹੈ। ਇਥੇ ਆ ਕੇ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ, ਬਾਹਰੋਂ ਧਿਆਨ ਰੋਕ ਕੇ, ਧਿਆਨ ਦੇ ਨਾਲ, ਸ਼ਰਧਾ ਦੇ ਨਾਲ, ਨਿਸ਼ਕਾਮਤਾ ਦੇ ਨਾਲ ਇਕਾਗਰਤਾ ਦੇ ਨਾਲ, ਭਰੋਸੇ ਦੇ ਨਾਲ, ਨਿਰ ਸੰਸੇ ਹੋ ਕੇ, ਜਦੋਂ ਕੀਰਤਨ, ਗੁਰਬਾਣੀ ਵਿਚਾਰ, ਗੁਰੂ ਸ਼ਬਦ ਨੂੰ ਸੁਣਦਾ ਹੈ, ਕੀਰਤਨ ਵਿਚ ਬੋਲਦਾ ਹੈ, ਉਸ ਵੇਲੇ ਬੇਅੰਤ ਫਲ ਹੋਇਆ ਕਰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ - 546*

ਸੋ ਇਹ ਪੁੰਨ ਜਮਦੂਤਾਂ ਰਾਹੀਂ ਲੁਟਿਆ ਨਹੀਂ ਜਾ ਸਕਦਾ, ਇਤਨਾ ਪੁੰਨ ਹੈ, ਕਈ ਕ੍ਰੋੜ ਜੱਗਾਂ ਦਾ ਫਲ। ਜੇਕਰ ਦਸ ਵੀਹ ਜੱਗਾਂ ਦਾ ਫਲ ਹੁੰਦਾ ਤਾਂ ਮਹਾਰਾਜ ਲਿਖ ਦਿੰਦੇ ਹਨ, ਪਰ ਲਿਖਿਆ ਹੈ ***'ਕਈ ਕੋਟਿਕ ਜਗ ਫਲਾ***.......... *(ਪੰਨਾ-546)'* ਕਿੰਨੇ ਕ੍ਰੋੜ ਜੱਗਾਂ ਦਾ ਫਲ ਮਿਲਦਾ ਹੈ, ਜਿਹੜਾ ਸਤਸੰਗ ਦੇ ਅੰਦਰ ਆ ਕੇ ਗੁਣ ਗਾਉਂਦਾ ਹੈ।

***ਕਲ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥***
***ਪੰਨਾ - 962***

ਕਲਜੁਗ ਵਿਚ ਇਹੋ ਵੱਡਾ ਪੁੰਨ ਹੈ ਇਕੱਠੇ ਹੋ ਕੇ ਹਰੀ ਦਾ ਜਸ ਕਰਨਾ। ਇਹਦੇ ਉਤੇ ਕਲਜੁਗ ਦਾ ਵੱਸ ਨਹੀਂ ਪੈਂਦਾ, ਜ਼ੋਰ ਨਹੀਂ ਪੈਂਦਾ। ਬਾਕੀ ਸਭ ਚੀਜ਼ਾਂ ਦੇ ਉੱਤੇ ਉਹਦਾ ਬਲ ਪੈ ਜਾਇਆ ਕਰਦੈ।

ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਕਲਜੁਗ ਦਾ ਅਭਿਮਾਨੀ ਦੇਵਤਾ ਮਿਲਿਆ ਉਸ ਨੇ ਕਿਹਾ ਸੀ ਕਿ ਮਹਾਰਾਜ, ਮੇਰਾ ਰਾਜ ਹੈ ਮੇਰਾ ਅਧਿਕਾਰ ਹੈ। ਮੇਰੇ ਰਾਜ ਦੇ ਅੰਦਰ ਕੋਈ ਪੁੰਨ ਫਲਣਾ ਨਹੀਂ ਹੈ। ਕੋਈ ਕਿਰਿਆ, ਕਿਸੇ ਕਿਸਮ ਦਾ ਕੋਈ ਵੀ ਤੀਰਥ, ਵਰਤ, ਦਾਨ ਕੋਈ ਚੀਜ਼ ਨਹੀਂ ਫਲਣੀ, ਕੇਵਲ ਜਿਥੇ ਹਰੀ ਦਾ ਜਸ ਹੁੰਦਾ ਹੈ, ਉਥੇ ਮੈਨੂੰ ਡਰ ਲਗਦਾ ਹੈ, ਉਥੇ ਮੈਂ ਜਾ ਨਹੀਂ ਸਕਦਾ ਕਿਉਂਕਿ ਉਥੇ ਆਪ ਦਾ ਪਰਤਾਪ ਹੈ, ਆਪ ਦੇ ਜਲਾਲ ਦੇ ਅੱਗੇ ਮੇਰੀ ਹਿੰਮਤ ਨਹੀਂ ਪੈਂਦੀ ਕਿ ਮੈਂ ਜਾਵਾਂ ਪਰ ਮੇਰਾ ਉਧਾਰ ਵੀ ਕਿਸ ਤਰ੍ਹਾਂ ਹੋਵੇ? ਗੁਰੂ ਮਹਾਰਾਜ ਨੇ ਕਿਹਾ, ਜੋੜਿਆਂ ਵਿਚ ਖਲੋ ਜਾਇਆ ਕਰ। ਅਸੀਂ ਤੈਨੂੰ ਐਨੀ ਇਜ਼ਾਜ਼ਤ ਦਿੰਦੇ ਹਾਂ। ਉਥੇ ਬੈਠ ਕੇ ਆਪਣਾ ਉਧਾਰ ਕਰ ਲੈ। ਸਭ ਤੋਂ ਵੱਡੀ ਭਗਤੀ ਹੈ -

***ਕਲਜੁਗ ਮਹਿ ਕੀਰਤਨ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1076***

ਸੋ ਜੋ ਬਹੁਤ ਵੱਡਾ ਪੁੰਨ ਕਲਜੁਗ ਦੇ ਸਮੇਂ ਪ੍ਰਾਪਤ ਹੁੰਦਾ ਹੈ, ਉਹ ਹਰੀ ਦਾ ਜਸ ਕਰਨ ਦੇ ਨਾਲ ਹੁੰਦਾ ਹੈ। ਜਿਸ ਨੂੰ ਲੁਟਿਆ ਨਹੀਂ ਜਾ ਸਕਦਾ, ਖੋਹਿਆ ਨਹੀਂ ਜਾ ਸਕਦਾ, ਐਨਾ ਵੱਡਾ ਫਲ ਪ੍ਰਾਪਤ ਹੁੰਦਾ ਹੈ ਕਿ ਆਪ ਵੀ ਤਰ ਜਾਂਦਾ ਹੈ, ਆਪਣੀਆਂ ਇਕੀ ਕੁੱਲਾਂ ਤਾਰ ਕੇ ਨਾਲ ਹੀ ਲੈ ਜਾਂਦਾ ਹੈ। ਐਸੇ ਸਮਾਗਮ ਦੇ ਅੰਦਰ ਭਾਗਾਂ ਤੋਂ ਬਿਨਾਂ ਨਹੀਂ ਆਇਆ ਜਾ ਸਕਦਾ, ਪੂਰੇ ਭਾਗ ਹੋਣ ਤਾਂ ਸਤਿ ਦੀ ਸੰਗਤ ਕਰਨ ਵਾਸਤੇ ਆ ਸਕੀਦਾ ਹੈ। ਆਦਮੀ ਦੇ ਅੰਦਰ ਪਹਿਲਾਂ ਫੁਰਨਾ ਪੈਦਾ ਹੁੰਦਾ ਹੈ, ਫੇਰ ਹਿੰਮਤ ਪੈਦਾ ਹੁੰਦੀ ਹੈ, ਫੇਰ ਗੁਰੂ ਮਹਾਰਾਜ ਮੱਦਦ ਕਰਕੇ ਪ੍ਰੇਰਨਾ ਦਿੰਦੇ ਹਨ ਤਾਂ ਸਤਿਸੰਗ ਵਿਚ ਪਹੁੰਚ ਹੁੰਦਾ ਹੈ। ਨਹੀਂ ਤਾਂ ਦੂਜੀਆਂ ਥਾਵਾਂ ਜੋ ਗਿਰਾਵਟ ਵਾਲੀਆਂ ਹਨ, ਉਥੇ ਬੇਅੰਤ ਭੀੜਾਂ ਹੀ ਭੀੜਾਂ ਲੱਗੀਆਂ ਹੁੰਦੀਆਂ ਹਨ। ਬੇਅੰਤ ਇਕੱਠ ਹੋਏ ਰਹਿੰਦੇ ਹਨ। ਸੋ ਅਸੀਂ ਹਫਤੇ ਵਾਰੀ ਫੇਰ ਇਕੱਠੇ ਹੁੰਦੇ ਹਾਂ। ਅੱਜ 6 ਜਨਵਰੀ ਹੈ, ਸਾਡੇ ਵਾਸਤੇ ਤਾਂ ਸਾਰੇ ਸਾਲ ਇਕੋ ਜਿਹੇ ਹੁੰਦੇ ਹਨ। ਕੋਈ ਨਵਾਂ ਸਾਲ ਨਹੀਂ ਆਉਂਦਾ, ਕੋਈ ਪੁਰਾਣਾ ਸਾਲ ਨਹੀਂ ਆਉਂਦਾ। ਜਦੋਂ ਤੋਂ ਸੰਸਾਰ ਰਚਿਆ ਗਿਆ ਹੈ, ਸਮਾਂ ਇਕੋ ਹੀ ਹੈ। ਭੂਤ, ਭਵਿੱਖਤ, ਵਰਤਮਾਨ ਜਿਹੜਾ ਚੱਲ ਰਿਹਾ ਹੈ ਇਹ ਸੂਰਜ ਕਰਕੇ ਚਲ ਰਿਹਾ ਹੈ, ਵੈਸੇ ਕਾਲ ਇਕੋ ਹੀ ਹੋਇਆ ਕਰਦਾ ਹੈ। ਇਹਦੇ ਵਿਚ ਕੋਈ ਪੜਾਅ

ਨਹੀਂ ਹੁੰਦਾ। ਸੋ ਸਮਾਂ ਓਹੀ ਚੰਗਾ ਹੈ –

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ, ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*

***ਡਾ. ਭਾਈ ਵੀਰ ਸਿੰਘ ਜੀ***

ਜੇ ਤਾਂ ਉਮਰ ਲੇਖੇ ਵਿਚ ਪੈ ਰਹੀ ਹੈ ਫੇਰ ਤਾਂ ਸਾਰਾ ਹੀ ਸਮਾਂ ਮੁਬਾਰਕ ਹੈ। ਸਾਰਾ ਹੀ ਸਮਾਂ ਚੰਗਾ ਹੈ। ਇਹ ਨਹੀਂ ਹੋਇਆ ਕਰਦਾ ਕਿ ਪਿਛਲਾ ਪਾਸਾ ਖਤਮ ਹੋ ਗਿਆ। ਕਾਗਜ਼ਾਂ ਵਿਚ ਹੁੰਦਾ ਹੋਣੈ, ਦਫਤਰਾਂ ਵਿਚ ਹੋ ਜਾਂਦਾ ਹੋਣੈ, ਪਰ ਵਾਹਿਗੁਰੂ ਦੇ ਘਰ ਵਿਚ ਕੋਈ ਸਮਾਂ ਵੰਡ ਨਹੀਂ ਹੋਇਆ ਕਰਦੀ, ਸਮਾਂ ਲਗਾਤਾਰ ਚਲ ਰਿਹਾ ਹੈ। ਸੋ ਬੇਨਤੀ ਕੀਤੀ ਸੀ ਕਿ ਔਖੇ ਸਮੇਂ ਵਿਚ ਕੋਈ ਵੀ ਸਹਾਇਤਾ ਨਹੀਂ ਕਰਦਾ, ਉਥੇ ਨਾਮ ਸਹਾਇਤਾ ਕਰਦਾ ਹੈ। ਸਾਧ ਸੰਗਤ ਵਿਚ ਆ ਕੇ ਨਾਮ ਦੀ ਸੋਝੀ ਪੈਂਦੀ ਹੈ ਕਿ ਨਾਮ ਕੀ ਹੈ? ਅਸੀਂ ਸਮਝਦੇ ਹਾਂ ਕਿ ਵਾਹਿਗੁਰੂ ਮੰਤ੍ਰ, ਰਾਮ ਮੰਤ੍ਰ, ਗੋਬਿੰਦ ਮੰਤ੍ਰ, ਨਾਰਾਇਣ ਮੰਤ੍ਰ; ਇਹ ਨਾਮ ਮੈਨੂੰ ਮਿਲ ਗਿਆ, ਇਹ ਸਮਝ ਲਓ ਕਿ ਸਾਨੂੰ ਦਾਖਲਾ ਮਿਲ ਗਿਆ, ਪਰ ਨਾਮ ਅਜੇ ਬਹੁਤ ਦੂਰ ਹੈ, ਬਹੁਤ ਸਾਰਿਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਅਸੀਂ ਫਲਾਣੀ ਥਾਂ ਤੋਂ ਨਾਮ ਲਿਆ। ਨਾਮ ਤਾਂ ਅੰਦਰੋਂ ਹੀ ਪ੍ਰਗਟ ਹੁੰਦਾ ਹੈ। ਸਭ ਦੇ ਅੰਦਰ ਪ੍ਰਗਟ ਹੈ, ਕੇਵਲ ਉਸ ਨੂੰ ਟੋਲ੍ਹਣਾ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293*

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ॥ ਪੰਨਾ – 644*

ਐਸੀ ਚੀਜ਼ ਜਿਸ ਨੂੰ ਮਿਲ ਕੇ ਦੁਬਾਰਾ ਕਦੀ ਮੌੜ ਨਾ ਆਵੇ ਉਸ ਨੂੰ ਅੰਮ੍ਰਿਤ ਆਖਦੇ ਹਨ। ਉਹ ਹੈ ਕਿਥੇ? ਉਹ ਹੈ ਤਾਂ ਅੰਦਰ ਹੀ ਲੇਕਿਨ ਮਨਮੁਖ ਨੂੰ ਪਤਾ ਨਹੀਂ ਲਗ ਸਕਿਆ–

*ਜਿਉ ਕਸਤੂਰੀ ਮਿਰਗੁ ਨਾ ਜਾਣੈ ਭ੍ਰਮਦਾ ਭਰਮਿ ਭੁਲਾਇਆ॥*

*ਪੰਨਾ – 644*

ਜਿਸ ਤਰ੍ਹਾਂ ਕਸਤੂਰੀ ਮ੍ਰਿਗ ਦੀ ਨਾਭੀ ਵਿਚ ਹੋਇਆ ਕਰਦੀ ਹੈ, ਲੇਕਿਨ ਉਹ ਬਾਹਰ ਝਾੜੀਆਂ ਸੁੰਘੀ ਜਾਂਦਾ ਹੈ, ਉਸ ਨੂੰ ਪਤਾ ਨਹੀਂ ਕਿ ਸੁਗੰਧੀ ਉਸਦੀ ਨਾਭੀ ਵਿਚੋਂ ਹੀ ਆ ਰਹੀ ਹੈ। ਬਾਹਰ ਦੇਖਦਾ ਹੈ –

***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥ ਪੰਨਾ - 644***

ਇਸ ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ - ਨਿੰਦਿਆ, ਚੁਗਲੀ, ਈਰਖਾ, ਬਖੀਲੀ, ਆਸਾ, ਅੰਦੇਸਾ, ਤ੍ਰਿਸ਼ਨਾ ਅਨੇਕਾਂ ਕਿਸਮ ਦੀ ਵਿਹੁ (poison) ਇਕੱਠੀ ਕਰਦਾ ਹੈ ਅਤੇ ਇਸ ਜ਼ਹਿਰ ਦੇ ਨਾਲ ਜਨਮ ਬਰਬਾਦ ਹੋ ਜਾਇਆ ਕਰਦਾ ਹੈ। ਪਰ ਜਿਹੜਾ ਨਾਮ ਹੈ, ਉਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ -

***ਐਸੋ ਸਹਾਈ ਹਰਿ ਕੋ ਨਾਮ॥***
***ਸਾਧਸੰਗਤਿ ਭਜੁ ਪੂਰਨ ਕਾਮ॥***
***ਬੂਡਤ ਕਉ ਜੈਸੇ ਬੇੜੀ ਮਿਲਤ॥ ਪੰਨਾ - 987***

ਜਿਸ ਤਰ੍ਹਾਂ ਕੋਈ ਡੁੱਬ ਰਿਹਾ ਹੋਵੇ ਸਾਹ ਸਤ ਕੋਈ ਰਿਹਾ ਨਾ ਹੋਵੇ, ਤਾਣ ਖਤਮ ਹੋ ਜਾਵੇ ਅਤੇ ਉਸ ਨੂੰ ਤਾਰਨ ਵਾਸਤੇ ਕੋਈ ਬੇੜੀ ਆ ਜਾਵੇ, ਬਾਹ ਫੜ ਕੇ ਖਿੱਚ ਕੇ ਕੋਈ ਕਿਸ਼ਤੀ ਵਿੱਚ ਬਿਠਾ ਲਵੇ, ਇਸ ਤਰ੍ਹਾਂ ਦੇ ਨਾਲ ਜਿਵੇਂ ਦੀਵਾ ਬੁਝਦਾ ਹੋਵੇ, ਅਖੀਰ ਵਿਚ ਬੱਤੀ ਵੀ ਜਲ ਕੇ ਮਨੂਰ ਹੋ ਗਈ ਹੋਵੇ, ਉਸ ਵੇਲੇ ਕੋਈ ਆ ਕੇ ਤੇਲ ਪਾ ਦੇਵੇ ਤਾਂ ਉਹ ਦੁਬਾਰਾ ਜਲ ਜਾਇਆ ਕਰਦਾ ਹੈ। ਜਿਸ ਤਰ੍ਹਾਂ ਕਿਸੇ ਚੀਜ਼ ਨੂੰ ਅੱਗ ਲੱਗ ਗਈ ਹੋਵੇ, ਉਪਰ ਪਾਣੀ ਪਾ ਕੇ ਬੁਝਾ ਦਿੱਤੀ ਜਾਵੇ। ਇਸੇ ਤਰ੍ਹਾਂ ਜੋ ਸਾਡੇ ਅੰਦਰ ਆਸਾ ਦੀ, ਤ੍ਰਿਸ਼ਨਾ ਦੀ, ਅੰਦੇਸ਼ਿਆਂ ਦੀ, ਜੋ ਅਗਨੀ ਮੱਚ ਰਹੀ ਹੈ ਉਹ ਬੁਝ ਜਾਇਆ ਕਰਦੀ ਹੈ।

***ਜੈਸੇ ਬਾਰਿਕ ਮੁਖਹਿ ਖੀਰ॥ ਪੰਨਾ - 987***

ਜਿਵੇਂ ਬੱਚਾ ਭੁੱਖਾ ਹੈ ਅਤੇ ਮਾਂ ਦਾ ਦੁੱਧ ਪ੍ਰਾਪਤ ਹੋ ਜਾਵੇ -

***ਜੈਸੇ ਰਣ ਮਹਿ ਸਖਾ ਭ੍ਰਾਤ॥ ਪੰਨਾ - 987***

ਜਿਵੇਂ ਲੜਾਈ ਵਿਚ ਲੜ ਰਿਹਾ ਹੋਵੇ, ਦੁਸ਼ਮਣਾਂ ਦੇ ਘੇਰੇ ਵਿੱਚ ਆ ਗਿਆ ਹੋਵੇ, ਉਦੋਂ ਭਰਾ ਮਿਲ ਜਾਵੇ ਜਾਂ ਕੋਈ ਮਿੱਤਰ ਮਿਲ ਜਾਵੇ। ਉਹ ਮਦਦ ਕਰਕੇ ਬਚਾ ਲਿਆ ਕਰਦਾ। ਇਹ ਗੱਲ ਦਾ ਉਸੇ ਨੂੰ ਪਤਾ ਹੈ, ਜਿਸ ਨੇ ਕਦੀ ਐਸੇ ਸਮੇਂ ਦੇਖੇ ਹੋਣ।

ਮਹਾਰਾਣਾ ਪ੍ਰਤਾਪ ਜਦੋਂ ਹਲਦੀਘਾਟ ਦੀ ਲੜਾਈ ਲੜ ਰਿਹਾ ਸੀ, ਇਕ ਪਾਸੇ ਭਾਰਤੀ ਕਲਚਰ ਸੀ, ਦੂਜੇ ਪਾਸੇ ਮੰਗੋਲਾਂ ਦੀ ਕਲਚਰ ਸੀ। ਓਧਰ ਅਕਬਰ ਨੇ ਰਾਜਪੂਤਾਂ ਦੀਆਂ ਲੜਕੀਆਂ ਵਿਆਹੁਣ ਦਾ ਰਿਵਾਜ ਪ੍ਰਚਲਤ ਕਰ ਦਿਤਾ ਸੀ, ਜ਼ੋਰ ਨਾਲ ਵੀ ਤੇ ਲਿਹਾਜ਼ ਨਾਲ ਵੀ ਜਿਵੇਂ ਵੀ ਹੋ ਸਕੇ। ਮੁਗਲ ਰਾਜੇ ਰਾਜਪੂਤ ਲੜਕੀਆਂ ਨਾਲ ਵਿਆਹ ਕਰ ਲਿਆ ਕਰਦੇ ਸੀ। ਉਸ ਵੇਲੇ ਰਾਣਾ ਪ੍ਰਤਾਪ ਬਾਬਾ ਸ੍ਰੀ ਚੰਦ ਜੀ ਪਾਸ ਪਹੁੰਚਦੇ ਹਨ ਤੇ ਉਨ੍ਹਾਂ ਨੇ ਰਾਣਾ ਪ੍ਰਤਾਪ ਨੂੰ ਹੱਲਾ ਸ਼ੇਰੀ ਦਿਤੀ ਕਿ ਤੂੰ ਇਕੋ ਇਕ ਰਹਿ ਗਿਆ ਹੈਂ ਜਿਹੜਾ ਰਾਜਪੂਤੀ ਆਣ ਨੂੰ ਕਲੰਕ ਲੱਗਣ ਤੋਂ ਬਚਾ ਰਿਹਾ ਹੈਂ, ਬਾਕੀ ਹੋਰ ਕੋਈ ਨਹੀਂ ਰਿਹਾ। ਬਾਕੀ ਸਭ ਜੈਪੁਰੀਏ, ਜੋਧਪੁਰੀਏ ਰਾਜੇ ਮੁਗਲਾਂ ਸਾਮ੍ਹਣੇ ਸਭ ਹਾਰ ਗਏ ਹਨ। ਬਾਬਾ ਜੀ ਨੇ ਇਸ ਨੂੰ ਹੌਂਸਲਾ ਦੇ

ਕੇ ਤਕੜਾ ਕੀਤਾ, ਪਿੱਠ ਤੇ ਥਾਪੀ ਦਿੱਤੀ। ਇਸ ਨੇ ਫੈਸਲਾਕੁੰਨ ਯੁੱਧ ਹਲਦੀਘਾਟ ਦੇ ਮੈਦਾਨ ਵਿਚ ਲੜਿਆ। ਇਸ ਨਾਲ ਤੇਰਾਂ ਹਜ਼ਾਰ ਬੰਦਾ ਸੀ ਦੂਜੇ ਪਾਸੇ ਮੁਗਲਾਂ ਪਾਸ ਲੱਖਾਂ ਦੀ ਗਿਣਤੀ ਵਿਚ ਫੌਜ ਸੀ। ਅਖੀਰ ਰਾਣਾ ਪ੍ਰਤਾਪ ਦੀ ਫੌਜ ਦੇ ਯੋਧੇ ਇਕ ਇਕ ਕਰਕੇ ਸਾਰੇ ਹੀ ਮਾਰੇ ਗਏ। ਉਸ ਵੇਲੇ ਰਾਣਾ ਪ੍ਰਤਾਪ ਦਾ ਘੋੜਾ ਜ਼ਖਮੀ ਹੋ ਗਿਆ, ਜਿਸ ਦਾ ਨਾਮ ਚੇਤਕ ਸੀ। ਉਹ ਘੋੜੇ ਨੂੰ ਲੈ ਕੇ ਸੁਰਖਸ਼ਤ ਥਾਂ ਤੇ ਪੁੱਜਣ ਲਈ ਦੌੜਿਆ ਜਾਂਦਾ ਹੈ, ਦੋ ਮੁਗਲ ਜਰਨੈਲ ਇਸ ਦੇ ਪਿਛੇ ਹੋ ਗਏ। ਉਸ ਵੇਲੇ ਇਸ ਦਾ ਭਰਾ, ਜਿਸਦਾ ਨਾਮ ਸਕਤ ਸਿੰਘ ਸੀ, ਉਸ ਨੇ ਦੇਖਿਆ ਕਿ ਮੇਰੇ ਭਰਾ ਦੇ ਪਿਛੇ ਦੋ ਮੁਗਲ ਪਿਛਾ ਕਰਦੇ ਜਾ ਰਹੇ ਹਨ, ਭਾਵੇਂ ਇਸਦਾ ਭਰਾ ਸਕਤ ਸਿੰਘ ਉਸ ਸਮੇਂ ਅਕਬਰ ਦੀ ਫੌਜ ਵਿਚ ਜਰਨੈਲ ਸੀ ਅਤੇ ਆਪਣੇ ਭਰਾ ਰਾਣੇ ਪ੍ਰਤਾਪ ਨਾਲ ਬਹੁਤ ਵੱਡਾ ਵੈਰ ਰਖਦਾ ਸੀ। ਪਰ ਉਸ ਵੇਲੇ ਉਸਦੇ ਮਨ ਵਿਚ ਖਿਆਲ ਆ ਗਿਆ ਕਿ ਮੇਰਾ ਭਰਾ ਇਕੱਲਾ ਹੈ। ਰਾਣਾ ਸਕਤ ਸਿੰਘ ਨੇ ਇਨ੍ਹਾਂ ਮੁਗਲ ਅਫਸਰਾਂ ਪਿਛੇ ਆਪਣਾ ਘੋੜਾ ਦੌੜਾਇਆ ਤੇ ਦੋਹਾਂ ਮੁਗਲ ਸਿਪਾਹੀਆਂ ਦੇ ਸਿਰ ਕਲਮ ਕਰ ਦਿੱਤੇ। ਇੰਨੇ ਨੂੰ ਜਦੋਂ ਰਾਣਾ ਪ੍ਰਤਾਪ ਨੇ ਘੋੜੇ ਨੂੰ ਇੱਕ ਨਾਲੇ ਉਪਰੋਂ ਦੂਜੇ ਕੰਢੇ ਪਹੁੰਚਣ ਲਈ ਟਪਾਇਆ ਤਾਂ ਘੋੜਾ ਟਪਦੇ ਸਾਰ ਹੀ ਗਿਰ ਕੇ ਮਰ ਗਿਆ ਅਤੇ ਆਪ ਵੀ ਬਹੁਤ ਜ਼ਖਮੀ ਹੋ ਗਿਆ। ਉਸ ਵੇਲੇ ਉਸ ਦੇ ਭਰਾ ਸਕਤ ਸਿੰਘ ਨੇ ਜਾ ਕੇ ਆਪਣਾ ਘੋੜਾ ਦੇ ਦਿੱਤਾ। ਉਸ ਸਮੇਂ ਦੀ ਕੀਤੀ ਹੋਈ ਮੱਦਦ ਨੂੰ ਓਹੀ ਜਾਣ ਸਕਦਾ ਹੈ ਜਿਸਦਾ ਘੋੜਾ ਵੀ ਜ਼ਖਮੀ ਸੀ, ਆਪ ਵੀ ਜ਼ਖਮੀ ਹੈ ਤੇ ਦੁਸ਼ਮਨ ਮੁਗਲ ਪਿਛੇ ਲੱਗੇ ਹੋਏ ਸਨ। ਸੋ ਇਸੇ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ –

***ਜੈਸੇ ਰਣ ਮਹਿ ਸਖਾ ਭ੍ਰਾਤ॥ ਜੈਸੇ ਭੂਖੇ ਭੋਜਨ ਮਾਤ॥***
***ਪੰਨਾ – 987***

ਭੁੱਖਾ ਹੈ, ਪ੍ਰਾਣ ਨਿਕਲ ਰਹੇ ਹਨ, ਕੋਈ ਚਾਰ ਦਿਨ ਦੀਆਂ ਸੁੱਕੀਆਂ ਰੋਟੀਆਂ ਉਸ ਨੂੰ ਮਿਲ ਜਾਣ, ਓਹ ਵੀ ਅੰਮ੍ਰਿਤ ਲਗਦੀਆਂ ਹਨ।

***ਜੈਸੇ ਕਿਰਖਹਿ ਬਰਸ ਮੇਘ॥*** ***ਪੰਨਾ – 987***

ਖੇਤੀ ਸੁੱਕ ਗਈ, ਪੱਤੇ ਝੜਨ ਲੱਗ ਪਏ, ਮੁਰਝਾ ਗਏ, ਡੰਡੀਆਂ ਥੱਲੇ ਨੂੰ ਹੋ ਗਈਆਂ ਤੇ ਉਸ ਵੇਲੇ ਬਦਲ ਆ ਜਾਵੇ, ਮੀਂਹ ਪੈ ਜਾਵੇ –

***ਜੈਸੇ ਪਾਲਨ ਸਰਨਿ ਸੇਂਘ॥***
***ਗਰੁੜ ਮੁਖਿ ਨਹੀ ਸਰਪ ਤ੍ਰਾਸ॥***
***ਸੂਆ ਪਿੰਜਰਿ ਨਹੀ ਖਾਇ ਬਿਲਾਸੁ॥***
***ਪੰਨਾ – 987***

ਜਿਵੇਂ ਜਿਸ ਦੇ ਮੂੰਹ ਵਿਚ ਗਾਰੜੂ ਮੰਤਰ ਹੈ ਉਸ ਨੂੰ ਸ਼ੇਰ (ਬਹਾਦਰ) ਦੀ ਸ਼ਰਨ ਲਿਆਂ ਗਿੱਦੜਾਂ, ਬਘਿਆੜਾਂ ਦਾ ਡਰ ਨਹੀਂ ਰਹਿੰਦਾ। ਇਵੇਂ ਜਿਵੇਂ ਤੋਤਾ ਪਿੰਜਰੇ ਵਿਚ ਹੋਵੇ ਉਸ ਤੋਤੇ ਨੂੰ ਬਿੱਲੇ ਦਾ ਡਰ ਨਹੀਂ ਹੁੰਦਾ।

***ਜੈਸੋ ਆਂਡੋ ਹਿਰਦੇ ਮਾਹਿ॥***
***ਜੈਸੋ ਦਾਨੋ ਚਕੀ ਦਰਾਹਿ॥*** ***ਪੰਨਾ - 987***

ਜਿਸ ਤਰ੍ਹਾਂ ਕੂੰਜ ਆਪਣੇ ਅੰਡਿਆਂ ਨੂੰ ਹਿਰਦੇ ਵਿਚ ਸਿਮਰਦੀ ਰਹਿੰਦੀ ਹੈ, ਉਸ ਦੀ ਗੈਰ ਹਾਜ਼ਰੀ ਵਿਚ ਕੋਈ ਨੁਕਸਾਨ ਨਹੀਂ ਹੁੰਦਾ। ਜਿਸ ਤਰ੍ਹਾਂ ਦਾਣਾ ਜਿਹੜਾ ਚੱਕੀ ਦੀ ਕਿੱਲੀ ਨਾਲ ਲੱਗ ਜਾਂਦਾ ਹੈ, ਉਹ ਪਿਸ ਜਾਣ ਤੋਂ ਬਚ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ–

***ਐਸੋ ਸਹਾਈ ਹਰਿ ਕੋ ਨਾਮ॥*** ***ਪੰਨਾ - 986***

ਜਿਥੇ ਕੋਈ ਸਹਾਇਤਾ ਨਹੀਂ ਕਰਦਾ, ਓਥੇ ਕੇਵਲ ਵਾਹਿਗੁਰੂ ਜੀ ਹੀ ਸਹਾਇਤਾ ਕਰਦੇ ਹਨ, ਹਰੀ ਦਾ ਨਾਮ ਸਹਾਇਤਾ ਕਰਦਾ ਹੈ। ਮਹਾਰਾਜ ਕਹਿੰਦੇ –

***ਬਹੁਤੁ ਓਪਮਾ ਥੋਰ ਕਹੀ॥*** ***ਪੰਨਾ - 987***

ਐਨੀ ਵੱਡੀ ਗੱਲ ਛੋਟੀ ਕਰਕੇ ਕਹੀ ਹੈ। ਜਿਵੇਂ ਐਡੇ ਵੱਡੇ ਬੋਹਲ ਵਿਚੋਂ ਚਾਰ ਦਾਣੇ ਫੜ ਕੇ ਦੇਖੀਏ। ਇਸੇ ਤਰ੍ਹਾਂ ਵਾਹਿਗੁਰੂ ਦੀ ਅਪਾਰਤਾ ਬਾਰੇ ਥੋੜ੍ਹਾ ਹੀ ਕਹਿਆ ਹੈ।

***ਹਰਿ ਅਗਮ ਅਗਮ ਅਗਾਧਿ ਤੁਹੀ॥***
***ਊਚ ਮੂਚੌ ਬਹੁ ਅਪਾਰ॥***
***ਸਿਮਰਤ ਨਾਨਕ ਤਰੇ ਸਾਰ॥*** ***ਪੰਨਾ - 987***

ਵਾਹਿਗੁਰੂ ਜੀ ਅਪਰ ਅਪਾਰ ਹਨ ਜਿਸ ਦਾ ਥਾਹ ਨਹੀਂ ਪਾਇਆ ਜਾ ਸਕਦਾ ਉਸ ਨੂੰ ਯਾਦ ਵਿਚ ਵਸਾ ਕੇ ਜੀਵ ਇਸ ਤਰ੍ਹਾਂ ਭਵਜਲ ਤਰ ਜਾਂਦਾ ਹੈ ਜਿਵੇਂ ਲੋਹਾ ਕਾਠ ਦਾ ਸੰਗ ਕਰਕੇ ਡੁੱਬਦਾ ਨਹੀਂ ਹੈ। ਜੀਵ ਭਾਰੇ ਪਾਪ ਕਰਕੇ ਭੀ ਹਰੀ ਨਾਮ ਸਿਮਰਨ ਕਰਕੇ ਭਵਜਲ ਤਰ ਜਾਂਦਾ ਹੈ।

ਜਿਥੇ ਕੋਈ ਵੀ ਸਹਾਇਤਾ ਨਾ ਕਰ ਸਕੇ, ਉਥੇ ਪ੍ਰਮੇਸ਼ਰ ਦਾ ਨਾਮ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਇਆ ਹੈ –

***ਧਾਰਨਾ - ਪਿਆਰੇ ਜੀ, ਜਿਥੇ ਨਾ ਕੋਈ ਮਾਤ ਪਿਤਾ - 2, 2.***
***ਓਥੇ ਨਾਮ ਨੇ ਸਹਾਇਤਾ ਕਰਨੀ -2, 2.***
***ਪਿਆਰੇ ਜੀ! ਜਿਥੇ ਨਾ ਕੋਈ ਮਾਤ ਪਿਤਾ -2.***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*** ***ਪੰਨਾ - 264***

ਜਿਥੇ ਨਾ ਮਾਂ ਪਿਓ, ਨਾ ਪੁੱਤਰ, ਨਾ ਕੋਈ ਭਰਾ, ਕੋਈ ਵੀ ਸਹਾਇਤਾ ਨਹੀਂ ਕਰ ਸਕਦਾ, ਉਥੇ ਕੇਵਲ ਨਾਮ ਨੇ ਸਹਾਇਤਾ ਕਰਨੀ ਹੈ।

***ਜਹ ਮਹਾ ਭਇਆਨ ਦੂਤ ਜਮ ਦਲੈ॥***
***ਪੰਨਾ - 264***

ਜਿਥੇ ਮਹਾਂ ਭਿਆਨਕ ਤੋਂ ਭਿਆਨਕ ਜਮਦੂਤ ਹੋਣ, ਓਥੇ ਵੀ ਨਾਮ ਹੀ ਸਹਾਇਤਾ ਕਰਦਾ ਹੈ। ਪੁਲਿਸ ਦੇ ਦਿਲ ਦੇ ਅੰਦਰ ਫੇਰ ਵੀ ਕੁਝ ਦਰਦ ਹੋਇਆ ਕਰਦੈ ਪਰ ਜਮਦੂਤ ਤਾਂ ਪੱਥਰ ਦਿਲ, ਸੰਗ ਦਿਲ ਹੋਇਆ ਕਰਦੇ ਨੇ, ਕੁੱਟਦੇ ਮਾਰਦੇ ਹੀ ਲਈ ਜਾਂਦੇ ਹਨ। ਰੂਹ ਕਿੰਨਾ ਹੀ ਤੜਫਦੀ ਹੋਵੇ, ਕਿੰਨੀਆਂ ਹੀ ਪੁਕਾਰਾਂ ਕਰੀ ਜਾਵੇ, ਲੇਕਿਨ ਉਹ ਮਾਰਨ ਤੋਂ ਨਹੀਂ ਹਟਦੇ। ਬਹੁਤ ਸਾਰੇ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਗੱਲਾਂ ਕਿਸ ਤਰ੍ਹਾਂ ਹਨ? ਕਿਉਂਕਿ ਅਸੀਂ ਬਹੁਤ ਸਾਰੇ ਪ੍ਰੇਮੀਆਂ ਪਾਸੋਂ ਸੁਣਿਆ ਹੈ ਕਿ ਬਾਣੀ ਤਿੰਨ ਤਰ੍ਹਾਂ ਦੀ ਹੈ। ਇਕ ਭਿਆਨਕ ਹੈ, ਇੱਕ ਰੌਚਕ ਹੈ, ਇਕ ਯਥਾਰਥ ਹੈ। ਯਥਾਰਥ ਉਸ ਨੂੰ ਕਹਿੰਦੇ ਹਨ, ਜੋ ਬਿਲਕੁਲ ਸਹੀ ਹੋਵੇ, ਰੌਚਕ ਰੁਚੀ ਲਿਆਉਣ ਵਾਲੀ, ਭਿਆਨਕ ਡਰਾਉਣ ਵਾਲੀ। ਕਈ ਮੇਰੇ ਕੋਲ ਆਉਂਦੇ ਹਨ, ਮੈਂ ਕਿਹਾ ਤੁਸੀ ਭਿਆਨਕ ਕਿਸ ਤਰ੍ਹਾਂ ਸਮਝਦੇ ਹੋ? ਕਹਿਣ ਲੱਗੇ ਜਿਸ ਤਰ੍ਹਾਂ ਅਸੀਂ ਬੱਚੇ ਨੂੰ ਕਹਿ ਦਿੰਦੇ ਹਾਂ ਅੰਦਰ ਨਾ ਜਾਈਂ, ਅੰਦਰ ਫਲਾਣੀ ਚੀਜ਼ ਬੈਠੀ ਹੈ। ਬੱਚੇ ਨੂੰ ਕੇਵਲ ਡਰਾਇਆ ਜਾਂਦਾ ਹੈ ਅਸਲ ਵਿਚ ਅੰਦਰ ਹਨ੍ਹੇਰੇ ਵਿਚ ਨਾ ਹੀ ਕੋਈ ਭੂਤ ਹੁੰਦਾ ਹੈ, ਨਾ ਹੀ ਕੋਈ ਮਾਊਂ ਹੁੰਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਜਮਾਂ ਦਾ ਡਰ ਦੇ ਕੇ ਡਰਾਉਂਦੇ ਹੋਣੇ ਹਨ। ਮੈਂ ਦਸਿਆ ਕਿ ਗੁਰੂ ਮਹਾਰਾਜ ਨੇ ਜੋ ਵੀ ਕਿਹਾ ਹੈ ਅਵਸਥਾ ਭੇਦ ਨਾਲ ਕਿਹਾ ਹੈ। ਪਾਪੀ ਵਾਸਤੇ ਜੋ ਬਾਣੀ ਹੈ, ਭਿਆਨਕ ਹੈ, ਜਿਵੇਂ ਜੇਲ੍ਹ ਦੇ ਵਿਚ ਕਤਲ ਕਰਨ ਵਾਲਿਆਂ ਵਾਸਤੇ ਹੋਰ ਤਰ੍ਹਾਂ ਦਾ ਵਰਤਾਰਾ ਹੋਇਆ ਕਰਦਾ ਹੈ। ਜਿਹੜੇ ਬਾਹਰ ਨੇ 20 ਸਾਲੇ ਕੈਦੀ, ਉਹਨਾਂ ਵਾਸਤੇ ਕੁਝ ਹੋਰ ਤਰ੍ਹਾਂ ਦੀ ਖੁਲ੍ਹ ਹੋਇਆ ਕਰਦੀ ਹੈ। ਇਸ ਤਰ੍ਹਾਂ ਜਿਹੜੇ ਕਰਮਚਾਰੀ ਕੰਮ ਕਰਦੇ ਹਨ। ਜਦੋਂ ਆਉਣਾ ਹੋਵੇ ਜੇਲ੍ਹ ਦਾ ਦਰਵਾਜਾ ਖੁਲਵਾ ਲੈਂਦੇ ਹਨ। ਜਦੋਂ ਦਿਲ ਕਰੇ ਅੰਦਰ ਆ ਜਾਂਦੇ ਹਨ, ਜਦੋਂ ਦਿਲ ਕਰੇ ਬਾਹਰ ਨਿਕਲ ਜਾਂਦੇ ਹਨ। ਜਦੋਂ ਡਾਕਟਰ ਆਉਂਦਾ ਹੈ, ਪੁਲਿਸ ਵਾਲੇ ਆ ਕੇ ਉਸ ਨੂੰ ਸਲੂਟ ਕਰਦੇ ਹਨ। ਜੇਲ੍ਹਰ ਆਉਂਦਾ ਹੈ ਉਸ ਨੂੰ ਸਲੂਟ ਕਰਦੇ ਹਨ। ਕਿਸੇ ਵੱਡੇ ਅਫਸਰ ਨੇ ਆਉਣਾ ਹੋਵੇ ਉਸ ਦਿਨ ਦਰਵਾਜੇ ਖੁਲ੍ਹੇ ਰਖੇ ਜਾਂਦੇ ਹਨ।

ਸੋ ਬਾਣੀ ਦੇ ਅੰਦਰ ਅਵਸਥਾ ਦਾ ਭੇਦ ਹੈ। ਪਾਪੀਆਂ ਵਾਸਤੇ ਹੋਰ ਬਾਣੀ ਹੈ, ਪੁੰਨੀਆਂ ਵਾਸਤੇ, ਭਗਤਾਂ ਵਾਸਤੇ, ਬ੍ਰਹਮਗਿਆਨੀਆਂ ਵਾਸਤੇ ਇਹ ਯਥਾਰਥ ਬਾਣੀ ਹੈ, ਸੋ ਐਸੀ ਬਾਤ ਨਹੀਂ ਹੋਇਆ ਕਰਦੀ, ਜਿੰਨੀਆਂ ਵੀ ਗੱਲਾਂ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀਆਂ ਹਨ, ਓਹੋ ਅਵਸਥਾ ਭੇਦ ਨਾਲ ਸਭ ਸੱਚ ਹੈ ਕੋਈ ਕਲਪਣਾ ਨਹੀਂ ਹੈ -

***ਜਹ ਮਹਾ ਭਇਆਨ ਦੂਤ ਜਮ ਦਲੈ॥***
***ਪੰਨਾ - 264***

ਇਹ ਕੋਈ ਕਲਪਨਾ ਨਹੀਂ ਹੈ, ਇਹ ਕੋਈ ਡਰਾਉਣ ਵਾਲੀ ਗੱਲ ਨਹੀਂ ਹੈ, ਸਚਮੁਚ ਹੀ ਜਮਦੂਤ ਹੁੰਦੇ ਹਨ।

ਇਕ ਵਾਰੀ ਇਕ ਪ੍ਰੇਤ ਨਾਲ ਮੇਰੀ ਵਾਕਫੀ ਹੋਈ। ਅਸੀਂ ਇਸ ਤਰ੍ਹਾਂ ਤਾਂ ਮੰਨਦੇ ਨਹੀਂ ਕਿ ਕੋਈ ਮਰ ਕੇ ਜਿਉਂਦਾ ਹੋ ਜਾਵੇ। ਨਾ ਕੋਈ ਪੂਰਾ ਵੇਰਵਾ ਦੇ ਸਕਦਾ ਹੈ, ਕਿਉਂਕਿ ਉਥੇ ਕੁਦਰਤ ਦਾ ਐਸਾ ਅਸੂਲ ਹੈ, ਜਿਸ ਤਰ੍ਹਾਂ ਇਥੇ ਇਹ ਟੇਪ ਲੱਗੀ ਹੋਈ ਹੈ, ਬਚਨ ਰਿਕਾਰਡ ਹੋ ਰਹੇ ਹਨ ਜੇਕਰ ਇਸ ਦਾ ਲਾਲ ਬਟਨ ਦੱਬ ਦਿਓ, ਸਾਰਾ ਮੈਟਰ wash ਹੋ ਜਾਵੇਗਾ, ਇਸੇ ਤਰ੍ਹਾਂ ਜਦੋਂ ਅਸੀਂ ਇਕ ਮੰਡਲ ਤੋਂ ਦੂਸਰੇ ਮੰਡਲ ਵਿਚ ਦਾਖਲ ਹੁੰਦੇ, ਉਸ ਵੇਲੇ ਸਾਰੀ ਯਾਦਦਾਸ਼ਤ ਖਤਮ ਹੋ ਜਾਂਦੀ ਹੈ।

***ਮੂਈ ਸੁਰਤਿ ਬਾਦੁ ਅਹੰਕਾਰੁ॥ ਪੰਨਾ - 152***

ਸੁਰਤ ਮਰ ਜਾਂਦੀ ਹੈ, ਕੋਈ ਗੱਲ ਯਾਦ ਨਹੀਂ ਰਹਿੰਦੀ। ਹਾਂ ਕੋਈ ਬਹੁਤ ਡੂੰਘੀ ਘਟਨਾ ਹੋਵੇ। ਜਿਸ ਤਰ੍ਹਾਂ ਕੋਈ ਡੂੰਘਾ ਸੁਪਨਾ ਹੋਵੇ। ਇਸ ਤਰ੍ਹਾਂ ਭਾਵੇਂ ਦੂਜੇ ਜਨਮ ਵਿਚ ਯਾਦ ਰਹਿ ਜਾਂਦੀ ਹੋਵੇ। ਸੋ ਉਹ ਰੂਹ ਦੂਸਰੇ ਜਨਮ ਵਿਚ ਮਾਨਸ ਸਰੀਰ ਹਾਸਲ ਕਰਕੇ ਕੋਈ ਸਹੀ ਵੇਰਵਾ ਨਹੀਂ ਦੇ ਸਕਿਆ ਕਰਦੀ। ਪਰ ਜੋ ਪ੍ਰੇਤ ਆਤਮਾ ਹੁੰਦੀ ਹੈ ਉਸ ਨੂੰ ਤਕਰੀਬਨ ਕਾਫੀ ਗੱਲਾਂ ਪਤਾ ਹੋਇਆ ਕਰਦੀਆਂ ਹਨ ਕਿ ਮੇਰੇ ਨਾਲ ਕਿਵੇਂ ਭਾਣਾ ਵਰਤਿਆ।

ਉਹ ਪ੍ਰੇਤ ਆਤਮਾ ਮੁਸਲਮਾਨ ਸੀ। ਉਹ ਇਕ ਪੀਰ ਸੀ। ਜਿਸ ਦਾ ਨਾਮ ਸੁਲੇਮਾਨ ਸੀ। ਮੈਂ ਕਈ ਵਾਰੀ ਦੀਵਾਨਾਂ ਵਿਚ ਦਸਿਆ ਹੈ। ਉਸ ਨੂੰ ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਚਰਨਾਂ ਵਿਚ ਲਿਆਂਦਾ ਗਿਆ, ਕਿਉਂਕਿ ਉਹ ਇਕ ਸਰਦਾਰ ਲੜਕੇ ਨੂੰ ਬਹੁਤ ਤੰਗ ਕਰ ਰਿਹਾ ਸੀ। ਉਸ ਪ੍ਰੇਤ ਆਤਮਾ ਨੂੰ ਮੈਂ ਸੰਤ ਮਹਾਰਾਜ ਜੀ ਤੋਂ ਬੜੀ ਮੁਸ਼ਕਲ ਨਾਲ ਸਮਾਂ ਲੈ ਕੇ ਮਿਲਾਇਆ। ਸੰਤ ਮਹਾਰਾਜ ਜੀ ਪਾਸ ਉਸ ਪ੍ਰੇਤ ਆਤਮਾ ਨੇ ਆਪਣੇ ਨਜਾਤ (ਮੁਕਤੀ) ਦੀ ਪ੍ਰਾਥਨਾ ਕੀਤੀ। ਸੰਤ ਮਹਾਰਾਜ ਜੀ ਨੇ ਕ੍ਰਿਪਾ ਕਰਕੇ ਉਸਨੂੰ ਸਰਦਾਰ ਗੁਰਦੇਵ ਸਿੰਘ ਜੀ ਦੇ ਪੁੱਤਰ ਬਣਾ ਕੇ ਕ੍ਰਿਪਾ ਕੀਤੀ। ਉਹ ਪ੍ਰੇਤ ਮੈਨੂੰ ਕਹਿਣ ਲੱਗਿਆ ਕਿ ਪੁਛੋ ਮੇਰੇ ਕੋਲੋਂ ਕੀ ਪੁਛਦੇ ਹੋ? ਮੈਂ ਉਹਦੇ ਕੋਲੋਂ ਬਹੁਤ ਗੱਲਾਂ ਪੁਛੀਆਂ ਕਿ ਤੁਸੀਂ ਕਿਸ ਤਰ੍ਹਾਂ ਰਹਿੰਦੇ ਹੋ? ਰਿਹਾਇਸ਼ ਕਿਸ ਤਰ੍ਹਾਂ ਦੀ ਹੈ? ਸਾਡਾ ਤੇ ਤੁਹਾਡਾ ਕੀ ਸੰਬੰਧ ਹੈ? ਤੁਹਾਡੀ ਕੀ ਖੁਰਾਕ ਹੈ? ਤੁਸੀਂ ਬੰਦਿਆਂ ਨੂੰ ਕਿਸ ਤਰ੍ਹਾਂ ਫੜਦੇ ਹੋ? ਉਸਨੇ ਮੈਨੂੰ ਸਾਰੀਆਂ ਗੱਲਾਂ ਦਾ ਜਵਾਬ ਦਿੱਤਾ। ਮੈਂ ਅਖੀਰ ਪੁਛਿਆ, ਸੁਲੇਮਾਨ! ਇਹ ਦੱਸ ਕਿ ਜਦੋਂ ਤੂੰ ਮਰਿਆ ਸੀ ਤਾਂ ਤੇਰੇ ਨਾਲ ਕਿਵੇਂ ਹੋਈ ਸੀ? ਰੋਣ ਲੱਗ ਪਿਆ। ਜਿਸ ਸਰੀਰ ਵਿਚ ਇਸ ਦਾ ਪ੍ਰਵੇਸ਼ ਸੀ ਉਸ ਵਿਚ ਹੀ ਰੋਣ ਲੱਗ ਪਿਆ। ਮੈਂ ਪੁਛਿਆ ਰੋਂਦਾ ਕਿਉਂ ਹੈ? ਕਹਿਣ ਲੱਗਾ ਇਹ ਗੱਲ ਮੇਰੇ ਯਾਦ ਨਾ ਕਰਾਓ। ਇਸ ਗੱਲ ਨੂੰ ਪੂਰਾ ਇਕ ਹਜ਼ਾਰ ਸਾਲ ਹੋ ਗਿਆ। ਹਜ਼ਾਰ ਸਾਲ ਪਹਿਲਾਂ ਮੈਂ 'ਮੁਗਲ ਖੇੜੀ' ਸਹਾਰਨਪੁਰ ਜ਼ਿਲ੍ਹਾ, ਤਹਿਸੀਲ ਹਸਨਪੁਰ ਵਿਚ ਮੇਰਾ 'ਮਜਾਰ' ਬਣਿਆ ਹੋਇਆ ਹੈ। ਉਥੇ ਪਹਿਲਾਂ ਮੈਂ ਪੀਰ ਬਣ ਕੇ ਰਹਿੰਦਾ ਸੀ। ਪਰ ਮੈਨੂੰ ਪਤਾ ਨਾ ਲਗਿਆ ਕਿ ਸੰਸਾਰ ਦੇ ਅੰਦਰ ਅੰਮ੍ਰਿਤ ਕੀ ਹੈ ਤੇ ਵਿਹੁ ਕੀ ਹੈ? ਮੈਂ ਤਾਂ ਕੇਵਲ ਵਿਹੁ ਹੀ ਇਕੱਠੀ ਕਰਦਾ ਰਿਹਾ। ਮੈਂ ਰਿਧੀਆਂ ਸਿਧੀਆਂ ਵਿੱਚ

ਪੈ ਗਿਆ ਤੇ 36 ਸਾਲ ਤਪੱਸਿਆ ਕੀਤੀ। ਮੇਰੇ ਵਿਚ ਐਨੀ ਸ਼ਕਤੀ ਆ ਗਈ ਕਿ ਜਦੋਂ ਦਿਲ ਕਰੇ ਉਡ ਜਾਵਾਂ, ਗਾਇਬ ਹੋ ਜਾਵਾਂ, ਜਿਸ ਚੀਜ਼ ਤੇ ਦਿਲ ਕਰੇ ਉਹ ਲੈ ਲਵਾਂ, ਜਿਸ ਦੇ ਵੱਲ ਧਿਆਨ ਦੇਣਾ, ਉਸ ਨੂੰ ਖਿਚ ਕੇ ਕੋਲ ਲੈ ਆਉਂਦਾ ਸੀ। ਮੇਰੇ ਕੋਲ ਐਸੇ ਮੰਤ੍ਰ ਸਨ। ਮੈਨੂੰ ਵੀ ਕਹਿੰਦਾ ਸੀ, ਤੁਸੀਂ ਸਿਖ ਲਓ। ਮੈਂ ਕਿਹਾ, ਫੇਰ ਤੇਰੇ ਨਾਲ ਮੈਂ ਆ ਰਲੂੰ, ਫੇਰ ਕੀ ਫਾਇਦਾ ਹੋਏਗਾ। ਕੀ ਫਾਇਦਾ ਹੈ –

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ – 593***

ਮੈਂ ਕਿਹਾ ਇਸ ਤਰ੍ਹਾਂ ਦੱਸ ਕਿ ਮਰਨ ਪਿਛੋਂ ਤੇਰੇ ਨਾਲ ਕਿਵੇਂ ਵਰਤਾ ਹੋਇਆ? ਪੁਛਣ ਦੀ ਦੇਰ ਸੀ ਫੇਰ ਰੋਣ ਲੱਗ ਪਿਆ। ਕਾਫੀ ਦੇਰ ਰੋਈ ਗਿਆ, ਕਹਿੰਦਾ ਮੈਂ ਕੀ ਦਸਾਂ? ਤੁਸੀਂ ਬਾਣੀ ਪੜ੍ਹਦੇ ਹੋ ਨਾ, ਮੈਂ ਵੀ ਹੁਣ ਆ ਕੇ ਸੁਣੀ ਹੈ। ਕਹਿੰਦਾ ਇਸੇ ਤਰ੍ਹਾਂ ਹੋਇਆ ਜਿਵੇਂ ਗੁਰੂ ਮਹਾਰਾਜ ਨੇ ਲਿਖਿਆ ਹੈ। ਕਹਿੰਦਾ ਜਮਦੂਤਾਂ ਨੇ ਮੈਨੂੰ ਬਹੁਤ ਮਾਰਿਆ ਬਹੁਤ ਕੁਟਿਆ, ਐਨਾ ਮਾਰਿਆ ਕਿ ਮੈਂ ਦੱਸ ਨਹੀਂ ਸਕਦਾ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸਰੀਰ ਤਾਂ ਏਥੇ ਰਹਿ ਗਿਆ, ਫੇਰ ਮਾਰਿਆ ਕਿਸ ਨੂੰ? ਇਹ ਢੁਚਰ ਹੁੰਦੀ ਹੈ ਜਾਂ ਤਾਂ ਸ਼ਰਧਾ ਨਾਲ ਸੱਚ ਮੰਨਿਆ ਜਾਵੇ ਜੇ ਵਿਵੇਕ ਬਿਰਤੀ ਨਾਲ ਗੱਲ ਮੰਨਣੀ ਹੈ ਤਾਂ ਜੋ ਗੁਰੂ ਦੀ ਬਾਣੀ ਹੈ, ਉਸ ਨੂੰ ਸੱਚ ਮੰਨੀ ਜਾਵੇ। ਉਹਦੇ ਨਾਲ ਮੁਕਾਬਲਾ ਕਰਕੇ ਦੇਖ ਲਓ ਕਿ ਗੱਲ ਠੀਕ ਹੈ ਕਿ ਨਹੀਂ। ਜੇ ਨਹੀਂ ਠੀਕ ਤਾਂ ਨਾ ਮੰਨੇ, ਜੇ ਠੀਕ ਹੈ ਤਾਂ ਮੰਨ ਲਵੇ। ਸੂਖਸ਼ਮ ਸਰੀਰ ਮਰਿਆ ਨਹੀਂ ਕਰਦਾ, ਦੁਖ ਸੁਖ ਮਹਿਸੂਸ ਕਰਦਾ ਹੈ।

ਸੋ ਸੁਲੇਮਾਨ ਕਹਿਣ ਲੱਗਾ ਕਿ ਮੈਨੂੰ ਬਹੁਤ ਮਾਰਿਆ, ਜਿਸ ਤਰ੍ਹਾਂ ਬਾਣੀ ਵਿਚ ਆਉਂਦਾ ਹੈ ਕਿ ਉਥੇ ਬਹੁਤ ਮਾਰ ਪੈਂਦੀ ਹੈ –

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥ਪੰਨਾ – 1281***

ਕਹਿਣ ਲੱਗਾ ਕਿ ਉਥੇ ਪੁਕਾਰ ਸੁਣਨ ਵਾਲਾ ਤਾਂ ਕੋਈ ਨਹੀਂ ਹੈ। ਬੱਸ ਕੁਟ ਪਈ ਜਾਂਦੀ ਸੀ। ਇਕ ਰਸਤਾ ਐਸਾ ਆਇਆ ਜਿਥੇ ਅੰਧਕਾਰ ਹੀ ਅੰਧਕਾਰ ਸੀ। ਇਕ ਰਸਤਾ ਐਸਾ ਆਇਆ ਜਿਥੇ ਅੱਗ ਹੀ ਅੱਗ ਸੀ। ਇਕ ਰਸਤਾ ਐਸਾ ਆਇਆ ਜਿਥੇ ਪੱਤੇ ਤਲਵਾਰਾਂ ਵਰਗੇ ਸਨ ਜੋ ਸਰੀਰ ਵਿਚ ਵੱਜੀ ਜਾਂਦੇ ਸਨ। ਇਹ ਜੋ ਪੰਜ ਤੱਤ ਦਾ ਸਰੀਰ ਹੈ, ਇਹ ਦੁਖ ਸੁਖ ਨਹੀਂ ਮੰਨਦਾ। ਦੁਖ ਸੁਖ ਮੰਨਣ ਵਾਲਾ ਸੂਖਸ਼ਮ ਸਰੀਰ ਹੋਇਆ ਕਰਦਾ ਹੈ। ਜਦੋਂ ਆਦਮੀ ਮਰਦਾ ਹੈ ਤਾਂ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ ਆਪਣੀ ਸ਼ਕਤੀ ਕੱਢ ਲੈਂਦੇ ਹਨ। ਮਨ, ਚਿਤ, ਬੁਧ ਤੇ ਅਹੰਭਾਵ, ਅੰਤਸ਼ਕਰਣ ਇਹ ਸਾਰੀਆਂ ਚੀਜ਼ਾਂ ਆਪਣੇ ਕਰਮਾਂ ਦਾ ਬੋਝ ਲੱਦ ਕੇ ਜੀਵ ਬਾਹਰ ਹੋ ਜਾਂਦਾ ਹੈ। ਜਿਸ ਦੇ ਕਰਮ ਮਾੜੇ ਹੁੰਦੇ ਹਨ, ਉਹ ਤਾਂ ਗੱਠੜੀਆਂ ਇਸ ਤਰ੍ਹਾਂ ਚੁਕੀ ਜਾਂਦਾ ਹੈ ਜਿਵੇਂ ਪਹਾੜ ਤੇ ਚੜ੍ਹਨਾ ਹੋਵੇ

ਤੇ ਸਿਰ ਤੇ ਇਕ ਕੁਇੰਟਲ ਬੋਝ ਚੁਕੀ ਜਾ ਰਿਹਾ ਹੋਵੇ, ਕਿਉਂਕਿ ਔਗੁਣਾਂ ਦੇ ਭਾਰ ਚੁੱਕੀ ਜਾਂਦਾ ਹੈ –

*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥*
*ਪੰਨਾ – 23*

ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ –

*ਧਾਰਨਾ – ਪਿਆਰੇ ਗੁਣਾਂ ਦੀ ਗਵਾ ਲਈ ਗਠੜੀ,*
*ਔਗੁਣਾਂ ਦੇ ਭਾਰ ਬੰਨ੍ਹ ਲਏ –2, 2.*
*ਔਗੁਣਾਂ ਦੇ ਓ ਭਾਰ ਬੰਨ੍ਹ ਲਏ, –2, 2.*
*ਪਿਆਰੇ ਗੁਣਾਂ ਦੀ ਗਵਾ ਲਈ ਗਠੜੀ,.–2.*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ਪੰਨਾ – 315*

ਇਸ ਤਰ੍ਹਾਂ ਔਗੁਣ ਬੰਨ੍ਹ ਕੇ –

*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥*
*ਪੰਨਾ – 23*

ਇਹ ਹਾਲ ਹੋਇਆ ਕਰਦਾ ਹੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*

*ਪੰਨਾ – 1425*

ਕਹਿਣ ਲੱਗਾ ਮੈਂ ਕੀ ਦੱਸਾਂ ਤੁਹਾਨੂੰ, ਇਕ ਤਾਂ ਮੇਰੇ ਸਿਰ ਤੇ ਕੀਤੇ ਹੋਏ ਗੁਨਾਹਾਂ ਦਾ ਬੋਝ। ਮੈਂ ਕਿਹਾ, ਪਰ ਤੂੰ ਤਾਂ ਪੀਰ ਸੀ, ਤੈਨੂੰ ਲੋਕ ਮੱਥਾ ਟੇਕਦੇ ਸਨ। ਫੇਰ ਗੁਨਾਹ ਕਿਹੜੇ ਹੋਏ? ਸੁਲੇਮਾਨ ਕਹਿਣ ਲੱਗਾ ਕਿ ਸਭ ਤੋਂ ਵੱਡਾ ਗੁਨਾਹ ਇਹ ਸੀ ਕਿ ਮੈਂ ਨਿਗੁਰਾ ਸੀ। ਮੈਂ ਜ਼ਿੰਦਗੀ ਭਰ ਗੁਰੂ ਨਹੀਂ ਸੀ ਧਾਰਨ ਕੀਤਾ। ਮੈਂ ਪੁਛਿਆ ਕਿ ਤੁਹਾਡਾ ਮੁਸਲਮਾਨਾਂ ਦਾ ਕੀ ਹਜ਼ਰਤ ਮੁਹੰਮਦ ਸਾਹਿਬ ਗੁਰੂ ਨਹੀਂ ਹੁੰਦਾ? ਬੜਾ ਹੱਸਿਆ ਤੇ ਕਹਿਣ ਲੱਗਾ ਕਿ ਹਜ਼ਰਤ ਮੁਹੰਮਦ ਸਾਹਿਬ ਸਾਡਾ ਪੈਗੰਬਰ ਸੀ। ਪੈਗਾਮ ਦੇਣ ਵਾਲਾ ਸੀ। ਉਸਨੇ ਦਰਗਾਹ ਵਿਚੋਂ ਪੈਗਾਮ ਲਿਆਂਦਾ। ਗੁਰੂ ਉਹ ਹੁੰਦਾ ਹੈ ਜੋ ਮਨ ਦੇ ਹਨ੍ਹੇਰੇ ਨੂੰ ਕੱਟ ਕੇ ਚਾਨ੍ਹਣਾ ਕਰ ਦੇਵੇ, ਜਿਹੜਾ ਇਹ ਦਿਖਾ ਦੇਵੇ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*

*ਪੰਨਾ – 1291*

ਜਿਹੜਾ ਇਸ ਸਰੀਰ ਦੇ ਅੰਦਰ ਅਸਲੀ ਘਰ ਦਿਖਾ ਦੇਵੇ ਜਿਸ ਨੂੰ ਨਿਜ ਘਰ ਕਹਿੰਦੇ ਹਨ, ਉਹ ਗੁਰੂ ਹੋਇਆ ਕਰਦਾ ਹੈ। ਮੈਂ ਪੁਛਿਆ, ਤੁਹਾਡੇ ਗੁਰੂ ਕੌਣ ਧਾਰਦਾ ਹੈ? ਤਾਂ ਕਹਿਣ ਲੱਗਾ ਗੁਰੂ ਸਾਰੇ ਹੀ ਧਾਰਦੇ ਹਨ। ਬਾਬੇ ਫਰੀਦ ਦਾ ਵੀ ਗੁਰੂ ਸੀ, ਬੁੱਲੇ ਸ਼ਾਹ ਦਾ ਵੀ ਗੁਰੂ ਸੀ, ਕਈਆਂ ਬਾਰੇ ਸੁਲੇਮਾਨ ਨੇ ਮੈਨੂੰ ਦੱਸਿਆ ਕਿ ਉਹਨਾਂ ਦੇ ਮੁਰਸ਼ਦ ਸਨ। ਪਰ ਮੈਂ ਤਾਂ ਬੇਮੁਰਸ਼ਦਾ ਹਿੰਡ ਵਿਚ ਰਿਹਾ। ਮੇਰੇ ਵਿਚ ਬਹੁਤ ਸ਼ਕਤੀ ਸੀ, ਪਰ ਅੰਦਰੋਂ ਮੈਂ ਪਾਪ ਕਰਦਾ ਸੀ। ਮੇਰੇ ਖਿਆਲ ਸ਼ੁਧ ਨਹੀਂ ਸਨ। ਮੇਰੀਆਂ ਬਿਰਤੀਆਂ ਸ਼ੁਧ ਨਹੀਂ ਸਨ। ਨਾਮ ਤੋਂ ਬਿਨਾਂ ਬਿਰਤੀਆਂ ਸ਼ੁਧ ਨਹੀਂ ਹੋ ਸਕਦੀਆਂ। ਫੁਰਨੇ ਸ਼ੁਧ ਨਹੀਂ ਹੋਇਆ ਕਰਦੇ। ਆਦਮੀ ਇਹਨਾਂ ਨੂੰ ਦਬਾ ਤਾਂ ਸਕਦਾ ਹੈ ਪਰ ਜਦੋਂ ਇਹ ਪਤਾ ਲੱਗ ਜਾਵੇ ਕਿ ਰਾਜ ਦਾ ਡਰ ਨਹੀਂ। ਨਾ ਲੋਕ ਲਾਜ ਹੈ, ਨਾ ਮੈਨੂੰ ਕੋਈ ਕਹਿਣ ਵਾਲਾ ਹੈ। ਜਿਹੜਾ ਬੰਦਾ ਸ਼ਰਧਾਲੂ ਨਹੀਂ ਹੁੰਦਾ ਉਹ ਗਿਰ ਜਾਇਆ ਕਰਦਾ ਹੈ। ਜ਼ੋਰ ਨਾਲ ਨੇਕ ਨਹੀਂ ਹੁੰਦਾ। ਨੇਕੀ ਦੀ ਸਰੋਤ ਨਾਲ ਸੰਬੰਧ ਜੁੜ ਜਾਵੇ, source ਨਾਲ ਸੰਬੰਧ ਜੁੜ ਜਾਵੇ ਤਾਂ ਨੇਕ ਕਿਹਾ ਜਾ ਸਕਦਾ ਹੈ। ਵਾਹਿਗੁਰੂ ਨੇਕੀ ਦਾ ਮੰਬਾ ਹੈ। ਜਿਸ ਦੀ ਸੁਰਤ ਉਸ ਦੇ ਨਾਲ ਜੁੜ ਜਾਵੇ ਉਹ ਸੁਤੇ ਹੀ ਨੇਕ ਹੋ ਜਾਇਆ ਕਰਦਾ ਹੈ। ਪਾਪ ਦਾ ਨਾਸ ਹੋ ਜਾਇਆ ਕਰਦਾ ਹੈ ਕਿਉਂਕਿ ਨਾਮ ਜਪਣ ਦੇ ਨਾਲ ਕ੍ਰੋੜਾਂ ਪਾਪਾਂ ਦਾ, ਗਲਤ ਬਿਰਤੀਆਂ ਦਾ ਨਾਸ ਹੋ ਜਾਇਆ ਕਰਦਾ ਹੈ। ਸੋ ਸੁਲੇਮਾਨ ਕਹਿਣ ਲੱਗਾ ਕਿ ਮੈਂ ਜਿੰਦਗੀ ਵਿਚ ਬੜੀਆਂ ਗਲਤ ਗੱਲਾਂ ਕੀਤੀਆਂ ਹਨ। ਉਸਨੇ ਮੈਨੂੰ ਗੁਪਤ ਰੂਪ ਵਿਚ ਦੱਸੀਆਂ। ਪੁੱਛਣ ਲੱਗਾ ਕਿ ਕੋਈ ਸੁਣ ਤਾਂ ਨਹੀਂ ਰਿਹਾ, ਮੈਂ ਕਿਹਾ ਨਹੀਂ ਫੇਰ ਉਸ ਨੇ ਮੈਨੂੰ ਸਾਰੀਆਂ ਗੱਲਾਂ ਦੱਸੀਆਂ ਕਿ ਮੈਂ ਆਹ ਆਹ ਪਾਪ ਕੀਤੇ ਸਨ। ਮੈਂ ਸਿਰਫ ਤੁਹਾਨੂੰ ਦੱਸ ਰਿਹਾ ਹਾਂ। ਹੋਰ ਕਿਸੇ ਕੋਲ ਨਹੀਂ ਦਸਦਾ। ਕਹਿਣ ਲੱਗਾ ਕਿ ਇਹਨਾਂ ਦਾ ਬੋਝ ਐਨਾ ਸਖਤ ਸੀ ਕਿ ਮੈਂ ਰੋ ਰੋ ਕੇ ਪੈਂਡਾ ਕਟਿਆ ਸੀ। ਉਥੇ ਜਾ ਕੇ ਮੈਨੂੰ ਨਰਕ ਦਿਖਾਏ, ਇਕ ਨਰਕ ਤਾਂ ਐਸਾ ਸੀ ਜਿਥੇ ਇਸਤ੍ਰੀਆਂ ਅਗਨ ਦੀਆਂ ਸਨ। ਮੈਂ ਸੋਚਿਆ ਮੈਨੂੰ ਪਹਿਲਾਂ ਇਸ ਅਗਨ ਦੀ ਇਸਤਰੀ ਨਾਲ ਹੀ ਚੰਬੇੜਿਆ ਜਾਵੇਗਾ ਕਿਉਂਕਿ ਮੈਂ ਪਰਾਈ ਇਸਤ੍ਰੀ ਗਾਮੀ ਸੀ –

*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਪੰਨਾ – 315*

ਕੋਈ ਐਸੀ ਬਾਤ ਨਹੀਂ ਕਿ ਜਿਸ ਤੇ ਆਪਾਂ ਕਿੰਤੂ ਕਰ ਲਈਏ ਜਾਂ ਨਾਹ ਕਰ ਦਈਏ। ਨਾ ਮੰਨਣਾ ਕਿ ਮੈਂ ਨਹੀਂ ਮੰਨਦਾ। ਨਾ ਮੰਨਣਾ ਤੇਰਾ ਅਖਤਿਆਰ ਹੈ। ਪਰ ਸਾਡਾ ਗੁਰੂ ਜੋ ਕੁਝ ਕਹਿੰਦਾ ਹੈ ਅਸੀਂ ਬਗੈਰ ਕਿਸੇ ਕਿੰਤੂ ਤੋਂ ਮੰਨ ਲੈਣਾ ਹੈ। ਗੁਰੂ ਮਹਾਰਾਜ ਨੂੰ ਅਸੀਂ ਗੁਰੂ ਧਾਰਿਆ ਹੁੰਦਾ ਹੈ। ਇਹਨਾਂ ਦਾ ਕਹਿਆ ਹੋਇਆ ਇਹਨਾਂ ਦੀ ਆਗਿਆ ਹੈ ਜੋ ਕਿ ਅਸੀਂ ਸੱਤ ਸੱਤ ਕਰਕੇ ਮੰਨਦੇ ਹਾਂ। ਸੁਲੇਮਾਨ ਨੇ ਦਸਿਆ ਜਿਸ ਤਰ੍ਹਾਂ ਬਾਣੀ ਦਾ ਕਥਨ ਹੈ –

*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥* *ਪੰਨਾ – 264*

ਅਤਿ ਦੀ ਮੁਸ਼ਕਲ ਪੈ ਜਾਵੇ, ਜਿਥੇ ਜਾ ਕੇ ਇਹ ਲਗਦਾ ਹੋਵੇ ਕਿ ਹੁਣ ਕੋਈ ਚਾਰਾ ਨਹੀਂ ਰਿਹਾ, ਹੁਣ ਕੋਈ ਵੀ ਰਾਹ ਨਹੀਂ ਰਿਹਾ, ਸਾਰੇ ਰਾਹ ਬੰਦ ਹੋ ਜਾਣ, ਉਸ ਵੇਲੇ ਜੇ ਵਾਹਿਗੁਰੂ ਚਿਤ ਆ ਜਾਵੇ ਤਾਂ ਸਾਰੇ ਰਸਤੇ ਖੁਲ੍ਹ ਜਾਂਦੇ ਹਨ। ਇਕ ਦੀਵਾਨ ਵਿਚ ਮੈਂ ਦੱਸਿਆ ਸੀ ਕਿ ਹਿਰਨੀ ਨੂੰ ਵਾਹਿਗੁਰੂ ਚੇਤੇ ਆ ਗਿਆ। ਅਸੀਂ ਸੋਚਦੇ ਹਾਂ ਰੱਬ ਕੇਵਲ ਸਾਡਾ ਹੀ ਹੈ। ਜਾਨਵਰਾਂ ਦਾ ਕੋਈ ਹੱਕ ਨਹੀਂ। ਰੱਬ ਕਹਿੰਦਾ ਮੈਂ ਤੁਹਾਡਾ ਕਿਥੇ ਹਾਂ, ਮੈਂ ਤੁਹਾਡੇ ਨਾਲੋਂ ਜਾਨਵਰਾਂ ਦਾ ਬਹੁਤਾ ਹਾਂ। ਉਹ ਕਿਸੇ ਦੀ ਨਿੰਦਿਆ ਨਹੀਂ ਕਰਦੇ, ਚੁਗਲੀ ਨਹੀਂ ਕਰਦੇ ਕਿਸੇ ਦੇ ਹੱਕ ਤੇ ਛਾਪਾ ਨਹੀਂ ਮਾਰਦੇ। ਫੇਰ ਤੁਸੀਂ ਜਾਨਵਰਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਖੁਰਲੀਆਂ ਤੇ ਖੜਾ ਕਰ ਦਿੰਦੇ ਹੋ, ਤੁਹਾਡਾ ਕੀ ਹੱਕ ਹੈ? ਤੁਸੀਂ ਉਹਨਾਂ ਦਾ ਵੀ ਧਿਆਨ ਰੱਖੋ ਕਿ ਅਸੀਂ ਉਹਨਾਂ ਕੋਲੋਂ ਕੰਮ ਲੈਂਦੇ ਹਾਂ। ਧੁੱਪੇ ਉਹਨਾਂ ਨੂੰ ਬੰਨ੍ਹ ਦਿੰਦੇ ਹਾਂ ਤੇ ਫੇਰ ਉਹਨਾਂ ਨੂੰ ਪੁਛਦੇ ਹੀ ਨਹੀਂ ਕਿ ਛਾਵੇਂ ਵੀ ਬੰਨਣਾ ਹੈ ਜਾਂ ਨਹੀਂ। ਇਹਨਾਂ ਗੱਲਾਂ ਦਾ ਸ਼ਹਿਰ ਵਾਲਿਆਂ ਨੂੰ ਤਾਂ ਪਤਾ ਨਹੀਂ, ਪਿੰਡ ਵਾਲਿਆਂ ਨੂੰ ਪਤਾ ਹੁੰਦਾ ਹੈ। ਸੋ ਆਦਮੀ ਦਾ ਕੀ ਹੱਕ ਹੈ ਜਿਸ ਨੂੰ ਦਿਲ ਕਰੇ ਵੱਢ ਕੇ ਖਾ ਜਾਂਦੇ ਹਨ? ਕਿਸੇ ਦੀ ਜਾਨ ਲੈਣ ਦਾ ਤੇਰਾ ਕੀ ਹੱਕ ਹੈ। ਤੈਨੂੰ ਪਰਮੇਸ਼ਰ ਨੇ ਕਿਹੜੀ ਸ਼ਕਤੀ ਦਿਤੀ ਹੈ। ਕਹਿੰਦਾ, ਜੀ ਮੈਂ ਜਾਨਵਰਾਂ ਦੀ ਮੁਕਤੀ ਕਰ ਰਿਹਾ ਹਾਂ। ਭਾਈ! ਮੁਕਤੀ ਤਾਂ ਤੇਰੀ ਹੀ ਨਹੀਂ ਹੋਈ ਅਜੇ, ਤੂੰ ਕਿਸਦੀ ਮੁਕਤੀ ਕਰ ਦੇਵੇਂਗਾ। ਮੁਕਤੀ ਕਰਨੀ ਕੋਈ ਖੇਡ ਨਹੀਂ ਹੋਇਆ ਕਰਦੀ। ਗੁਰੂ ਦਸ਼ਮੇਸ਼ ਪਿਤਾ ਜੀ ਹੀ ਸਨ ਜਿਹੜੇ ਰੂਹਾਂ ਦੀ ਮੁਕਤੀ ਕਰਦੇ ਸਨ। ਲੋਕ ਆਪੇ ਹੀ ਇਹ ਗੱਲ ਬਣਾ ਲੈਂਦੇ ਹਨ। ਸੋ ਹਿਰਨੀ ਨੂੰ ਵਾਹਿਗੁਰੂ ਚੇਤੇ ਆ ਗਿਆ। ਕੇਵਲ ਇਕ ਵਾਰੀ ਧਿਆਨ ਆਉਣ ਦੀ ਲੋੜ ਹੈ ਕਿਉਂਕਿ ਜਾਨਵਰਾਂ ਦੀਆਂ ਐਸੀਆਂ ਐਸੀਆਂ ਸਾਖੀਆਂ ਹਨ ਕਿ ਉਹਨਾਂ ਨੂੰ ਪਿਛਲੇ ਜਨਮਾਂ ਦਾ ਗਿਆਨ ਵੀ ਰਿਹਾ ਹੈ।

ਇਕ ਰਿਸ਼ੀ 'ਜੜ੍ਹਭਰਤ' ਹੋਇਆ ਹੈ, ਹਿਰਨ ਬਣ ਗਿਆ ਸੀ। ਉਸ ਨੂੰ ਪੂਰਾ ਗਿਆਨ ਸੀ। ਅਗਲੇ ਜਨਮ ਵਿਚ ਆ ਕੇ ਉਸ ਨੇ ਸਾਰਾ ਹਾਲ ਲਿਖਿਆ। ਕਿਸ ਤਰ੍ਹਾਂ ਦੀ ਮੇਰੀ ਸਿਮ੍ਰਤੀ ਸੀ? ਕਿਸ ਤਰ੍ਹਾਂ ਮੈਨੂੰ ਯਾਦ ਰਹਿੰਦਾ ਸੀ।

***ਜਬ ਹੀ ਸਰਨਿ ਗਹੀ ਕ੍ਰਿਪਾ ਨਿਧਿ ਗਜ ਗਰਾਹ ਤੇ ਛੂਟਾ॥***

***ਪੰਨਾ - 632***

ਉਹ ਜਿਹੜਾ ਹਾਥੀ ਸੀ, ਉਸ ਨੂੰ ਪਿਛਲੇ ਜਨਮ ਦੀ ਸਾਰੀ ਸਿਮ੍ਰਤੀ ਸੀ, ਪਤਾ ਸੀ ਕਿ ਪਰਮੇਸ਼ਰ ਦਾ ਨਾਮ ਐਨਾ ਸਹਾਈ ਹੈ। ਉਹ ਸਹਾਇਤਾ ਕਰਦਾ ਹੈ।

***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥***

***ਪੰਨਾ - 632***

ਸੋ ਜਦੋਂ ਹਿਰਨੀ ਨੂੰ ਪ੍ਰਮੇਸ਼ਰ ਦਾ ਧਿਆਨ ਆਇਆ। ਉਸੇ ਵੇਲੇ ਸਾਰਾ ਤਾਣਾ ਉਲਟਾ ਹੋ ਗਿਆ। ਸ਼ਿਕਾਰੀ ਦੇ ਸੱਪ ਲੜ ਗਿਆ। ਸ਼ਿਕਾਰੀ ਦੀ

ਗੋਲੀ ਕੁੱਤੇ ਦੇ ਜਾ ਲੱਗੀ। ਅੱਗ ਜਾਲ ਨਾ ਸਕੀ। ਸਾਰੇ ਕੰਮ ਉਲਟੇ ਹੋ ਗਏ। ਜਦੋਂ ਹੱਦ ਤੋਂ ਵੱਧ ਮੁਸ਼ਕਲ ਬਣ ਜਾਵੇ।

*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਪੰਨਾ - 264*

ਉਥੇ ਪਰਮੇਸ਼ਰ ਦਾ ਨਾਮ ਉਧਾਰ ਕਰਦਾ ਹੈ -

*ਅਨਿਕ ਪੁਨਹਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥ ਪੰਨਾ - 264*

ਸੋ ਐਸਾ ਜੋ ਪਰਮੇਸ਼ਰ ਦਾ ਨਾਮ ਹੈ, ਉਹ ਸਹਾਇਤਾ ਕਰਿਆ ਕਰਦਾ ਹੈ ਸਾਧ ਸੰਗਤ ਜੀ! ਜਿਥੇ ਅਉਖਾ ਹੋ ਜਾਵੇ-

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*
*ਪੰਨਾ - 264*

ਇਸ ਤਰ੍ਹਾਂ ਮਹਾਰਾਜ ਨੇ-

ਸੋ ਇਸ ਪੂਰੇ ਸ਼ਬਦ ਵਿਚ ਸਾਰਾ ਕੁਝ ਦਸਿਆ ਹੋਇਆ ਹੈ। ਜਦੋਂ ਅਉਖਾ ਸਮਾਂ ਆ ਜਾਵੇ ਉਦੋਂ ਦੁਨੀਆਂ ਵਿਚ ਕੋਈ ਵੀ ਸਹਾਇਤਾ ਨਹੀਂ ਕਰਦਾ। ਜਦੋਂ ਆਦਮੀ ਬਿਮਾਰ ਹੋ ਜਾਵੇ, ਡਾਕਟਰ ਵੀ ਓਨੀ ਹੀ ਸਹਾਇਤਾ ਕਰ ਸਕਦੇ ਹਨ ਜਿੰਨੀ ਉਹਨਾਂ ਦੀ ਸੀਮਾ ਹੁੰਦੀ ਹੈ। ਕਿਸੇ ਹੱਦ ਤੱਕ ਹੀ ਸਹਾਇਤਾ ਕਰ ਸਕਦੇ ਹਨ। ਜਿਥੇ ਇਹਨਾਂ ਦੀ ਹੱਦ ਖਤਮ ਹੋ ਜਾਂਦੀ ਹੈ ਉਥੇ ਨਾਮ ਸਹਾਇਤਾ ਕਰਦਾ ਹੈ।

ਸਰਦਾਰ ਹਰਦਿਆਲ ਸਿੰਘ ਏਥੇ ਐਜੂਕੇਸ਼ਨ ਸੈਕਟਰੀ ਹੁੰਦੇ ਸਨ। ਉਹ ਬਿਮਾਰ ਹੋ ਗਏ। ਦਿਲ ਦਾ ਸਾਈਜ਼ ਵਧ ਗਿਆ ਸੀ। ਡਾਕਟਰਾਂ ਨੇ ਕਿਹਾ ਕਿ ਤੁਹਾਡਾ ਓਪਰੇਸ਼ਨ ਹੋਏਗਾ, ਪਰ ਪਤਾ ਨਹੀਂ ਤੁਸੀਂ ਬਚ ਸਕੋਗੇ ਕਿ ਨਹੀਂ। ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ -

*ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ - 274*

ਉਹਨਾਂ ਨੇ ਆਪਣੇ ਆਪ ਤੇ ਅਤੇ ਆਪਣੇ ਡਰਾਈਵਰ ਤੇ ਤਜਰਬਾ ਕੀਤਾ, ਦੋਨੋਂ ਕਾਮਯਾਬ ਹੋ ਗਏ। ਡਾਕਟਰ ਹੈਰਾਨ ਹੋ ਗਏ ਕਿ ਇਹ ਕਿਸ ਤਰ੍ਹਾਂ ਹੋ ਗਿਆ? ਏਥੇ ਇਕ ਬੀਬੀ ਕੁਬਾਹੇੜੀ ਤੋਂ ਆਉਂਦੀ ਹੁੰਦੀ ਹੈ ਪੀ.ਜੀ.ਆਈ ਵਾਲਿਆਂ ਨੇ ਜਵਾਬ ਦੇ ਦਿਤਾ ਕਿ ਤੇਰਾ ਇਲਾਜ ਨਹੀਂ ਹੋ ਸਕਦਾ। ਤੇਰੇ ਪੇਟ ਵਿਚ ਪਾਣੀ ਭਰਦਾ ਹੈ ਉਸ ਨੂੰ ਕਢਾ ਲਿਆ ਕਰ। ਉਥੇ ਉਸ ਦੀ ਭਰਜਾਈ ਮਹਾਰਾਜ ਦੇ ਅੱਗੇ ਜਾ ਕੇ ਰੋਣ ਲੱਗ ਪਈ ਕਿਉਂਕਿ ਸਾਰਾ ਬੋਝ ਉਹਦੇ ਸਿਰ ਉਤੇ ਸੀ। ਉਥੇ ਮਹਾਰਾਜ ਦੇ ਅੱਗੇ ਗਿਆਰਾਂ ਰੁਪੈ ਮੱਥਾ ਟੇਕਿਆ ਤੇ ਰੋ ਰੋ ਕੇ ਅਰਦਾਸ ਕਰਨ ਲੱਗੀ ਕਿ ਮਹਾਰਾਜ! ਹੁਣ ਸਾਡਾ ਕੀ ਬਣੇਗਾ। ਤੇਰੇ ਬਗੈਰ ਸਾਡਾ ਕੌਣ ਹੈ, ਪਰ ਜਦੋਂ ਘਰ ਆਈ ਤਾਂ ਦੇਖ ਕੇ ਹੈਰਾਨ ਹੋ ਗਈ ਕਿ ਨਨਾਣ ਦੇ ਪੇਟ ਖਾਲੀ ਹੋ ਕੇ ਵਿਚੋਂ ਆਪੇ ਸਾਰਾ ਪਾਣੀ ਨਿਕਲ ਗਿਆ ਸੀ ਤੇ ਪੇਟ ਨਾਲ ਲੱਗਿਆ ਹੋਇਆ ਸੀ, ਬੁਖਾਰ ਵੀ ਟੁੱਟ ਗਿਆ। ਉਹ ਅੱਜ ਤੱਕ ਬਿਮਾਰ ਨਹੀਂ ਹੋਈ। ਜਦਕਿ ਡਾਕਟਰ ਕਹਿੰਦੇ ਸਨ ਇਹ ਨਹੀਂ ਬਚ ਸਕਦੀ।

ਇਸੇ ਤਰ੍ਹਾਂ ਇਕ ਹੋਰ ਕੇਸ ਦਾ ਮੈਨੂੰ ਪਤਾ ਹੈ। ਇਕ 20 ਕੁ ਸਾਲ ਦਾ ਬੱਚਾ ਇਥੇ ਮੇਰੇ ਪਾਸ ਆਇਆ ਉਸ ਨੇ ਰੋ ਰੋ ਕੇ ਕਿਹਾ ਮੇਰੀ ਮਾਂ ਬਹੁਤ ਬਿਮਾਰ ਹੈ। ਮੈਂ ਤੇ ਮੇਰੀ ਭੈਣ ਹੀ ਘਰ ਵਿਚ ਹਾਂ ਅਸੀਂ ਛੋਟੇ ਛੋਟੇ ਹਾਂ। ਮਾਂ ਕਹਿੰਦੀ ਸਾਡੇ ਵਿਆਹ ਹੋ ਜਾਣ ਪਰ ਮਾਂ ਨੂੰ ਕੋਈ ਦਵਾਈ ਨਹੀਂ ਲਗਦੀ। ਮੈਂ ਉਸ ਕਾਕੇ ਨੂੰ ਕਿਹਾ ਕਿ ਵਾਹਿਗੁਰੂ ਦੀ ਓਟ ਲੈ, ਸਭ ਠੀਕ ਹੋ ਜਾਏਗਾ। ਚਾਰ ਦਿਨ ਬਾਅਦ ਉਹ ਬੱਚਾ ਫੇਰ ਆਇਆ ਤੇ ਕਹਿਣ ਲੱਗਾ ਕਿ ਹੁਣ ਮੇਰੀ ਮਾਂ ਨੂੰ ਦਵਾਈ ਲੱਗ ਗਈ ਹੈ ਤੇ ਹੁਣ ਉਹ ਘਰ ਹੀ ਹੈ। ਪੀ.ਜੀ.ਆਈ ਵਾਲਿਆਂ ਨੇ ਤਾਂ ਜਵਾਬ ਦੇ ਕੇ ਘਰ ਵਾਪਸ ਭੇਜ ਦਿੱਤੀ ਸੀ। ਸੋ ਵਾਹਿਗੁਰੂ ਵਾਸਤੇ ਤਾਂ ਇਹ ਗੱਲ ਕੋਈ ਔਖੀ ਨਹੀਂ ਹੈ ਕਿਉਂਕਿ ਉਹ ਸਰਬ ਸ਼ਕਤੀਮਾਨ ਹੈ। ਕਿਉਂਕਿ –

***ਹਰਨ ਭਰਨ ਜਾ ਕਾ ਨੇਤ੍ਰ ਫੋਰੁ॥*** ***ਪੰਨਾ – 284***

ਉਹ ਸਭ ਕੁਝ ਕਰ ਸਕਦਾ ਹੈ। ਜਿਥੇ ਕੋਈ ਵੀ ਆਸਰਾ ਨਾ ਹੋਵੇ ਉਥੇ ਪ੍ਰਭੂ ਦੇ ਨਾਮ ਦੀ ਓਟ ਹੋਇਆ ਕਰਦੀ ਹੈ। ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਦਾਸ ਦੀ ਓਟ ਹੈ,***
***ਨਾਮ ਪ੍ਰਭੂ ਦਾ ਪਿਆਰੇ –2, 2.***
***ਨਾਮ ਪ੍ਰਭੂ ਦਾ ਪਿਆਰੇ –2, 2.***
***ਦਾਸ ਦੀ ਓਟ ਹੈ, .......... –2.***

***ਹਰਿ ਕਾ ਨਾਮੁ ਦਾਸ ਕੀ ਓਟ॥***
***ਹਰਿ ਕੈ ਨਾਮਿ ਉਧਰੇ ਜਨ ਕੋਟਿ॥*** ***ਪੰਨਾ – 264***

ਜਿਹੜਾ ਕ੍ਰੋੜਾਂ ਬੰਦਿਆਂ ਦਾ ਆਧਾਰ ਕਰਨ ਵਾਲੇ ਦਾ ਦਾਸ ਬਣ ਗਿਆ ਉਸ ਦੀ ਓਟ ਹੋ ਜਾਇਆ ਕਰਦੀ ਹੈ। ਉਸ ਨੂੰ ਬਹੁਤ ਵੱਡਾ ਫਲ

ਮਿਲਦਾ ਹੈ। ਬਾਣੀ ਪੜ੍ਹਣ ਤੋਂ ਲੈ ਕੇ realization ਤਕ ਸਾਰੀ ਕਿਰਿਆ ਨੂੰ 'ਨਾਮ' ਆਖਿਆ ਜਾਂਦਾ ਹੈ।

ਇਕ ਵਾਰੀ ਇਕ ਸੰਤ ਹੋਏ ਹਨ ਜਿਹਨਾਂ ਦਾ ਨਾਮ ਸੁਚੇਤ ਸਿੰਘ ਸੀ। ਸੁਖਮਨੀ ਸਾਹਿਬ ਦੇ ਬਹੁਤ ਪਾਠ ਕਰਦੇ ਸਨ। ਜਦੋਂ ਪਾਠ ਕਰਦੇ ਸਨ, ਮੌਨ ਰਖਿਆ ਕਰਦੇ ਸਨ ਕਿਉਂਕਿ ਪਾਠ ਕਰਨ ਦੀ ਵਿਧੀ ਹੋਇਆ ਕਰਦੀ ਹੈ, ਜੇ ਵਿਚੇ ਗੱਲਾਂ ਕਰੀ ਜਾਓ, ਬੱਚਿਆਂ ਨੂੰ ਘੂਰੀ ਜਾਓ, ਗਾਲਾਂ ਕੱਢੀ ਜਾਓ ਫੇਰ ਜਪੁਜੀ ਸਾਹਿਬ ਸ਼ੁਰੂ ਕਰ ਲਓ ਉਸਦਾ ਇਤਨਾ ਫਲ ਨਹੀਂ ਹੁੰਦਾ ਜਿੰਨਾਂ ਕਿ ਮੌਨ ਧਾਰ ਕੇ ਪਾਠ ਕਰਨ ਦਾ ਹੁੰਦਾ ਹੈ। ਜਦੋਂ ਪਾਠ ਕਰਨ ਲੱਗੋ ਤਾਂ ਉਦੋਂ ਕਹਿ ਦਿਓ ਕਿ ਹੁਣ ਨਾ ਮੈਨੂੰ ਬੁਲਾਇਓ ਕਿਉਂਕਿ ਹੁਣ ਮੈਂ ਪਰਮੇਸ਼ਰ ਦੀ ਹਾਜ਼ਰੀ ਵਿਚ ਚੱਲਿਆ ਹਾਂ। ਉਸ ਵੇਲੇ ਆਪਣੇ ਮਨ ਨਾਲ ਵੀ ਗੱਲ ਕਰ ਲਓ ਕਿ ਭਾਈ ਤੂੰ 23 ਘੰਟੇ ਆਪਣਾ ਕੰਮ ਕਰਦਾ ਹੈਂ ਹੁਣ ਤੂੰ ਮੈਨੂੰ ਨਾ ਛੇੜੀਂ, ਮੈਂ ਤੇਰੀ ਕੋਈ ਗੱਲ ਨਹੀਂ ਸੁਨਣੀ। ਹੁਣ ਤੂੰ ਮੈਨੂੰ ਮਾਫ ਕਰ, ਮੈਂ ਪ੍ਰਭੂ ਦੀ ਯਾਦ ਵਿਚ ਬੈਠਾ ਹਾਂ। ਹੁਣ ਕਿਧਰੇ ਨੱਠੀ ਨਾ। ਸੋ ਉਹ ਸੰਤ ਮੌਨ ਬਿਰਤੀ ਧਾਰ ਕੇ ਇਕਾਗਰ ਚਿਤ ਹੋ ਕੇ ਪਾਠ ਕਰਿਆ ਕਰਦੇ ਸਨ, ਵਿਚ ਬੋਲਿਆ ਨਹੀਂ ਸੀ ਕਰਦੇ। ਉਹ ਸੇਵਾ ਵੀ ਬਹੁਤ ਕਰਦੇ ਹੁੰਦੇ ਸਨ। ਉਹਨਾਂ ਕੋਲ ਇਕ ਪੰਡਤ ਆ ਗਿਆ, ਉਸ ਨੂੰ ਅਤੀਸਾਰ ਲੱਗੇ ਹੋਏ ਸਨ। ਸੰਤਾਂ ਨੇ ਉਸ ਨੂੰ ਖਾਣ ਨੂੰ ਦੇ ਦਿਤਾ ਅਤੇ ਦਵਾਈ ਭੀ ਦੇ ਦਿਤੀ। ਸੰਤ ਉਸ ਨੂੰ ਕਹਿਣ ਲੱਗੇ ਪੰਡਤ ਜੀ ਹੁਣ ਮੈਂ ਪਾਠ ਕਰਨਾ ਹੈ, ਜੇ ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸ ਦਿਓ, ਮੈਨੂੰ ਵਿਚਾਲੇ ਨਾ ਬੁਲਾਇਓ, ਪੰਡਤ ਜੀ ਨੇ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਤੁਸੀਂ ਪਾਠ ਕਰੋ ਸਗੋਂ ਮੈਂ ਵੀ ਸੁਣਾਂਗਾ। ਸੰਤ ਜੀ ਆਪਣੇ ਆਸਣ ਤੇ ਬੈਠ ਗਏ ਤੇ ਪੰਡਤ ਜੀ ਨਾਲ ਹੀ ਮੰਜੇ ਤੇ ਪਏ ਸਨ। ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ, ਬਹੁਤ ਹੀ ਮਿੱਠੀ ਆਵਾਜ਼ ਵਿਚ ਲੈਅ ਨਾਲ ਪਾਠ ਕਰ ਰਹੇ ਹਨ। ਅਰਥ ਆਪਣੇ ਆਪ ਹੀ ਸਮਝ ਵਿਚ ਆਈ ਜਾਂਦੇ ਹਨ। ਜਦੋਂ ਪਾਠ ਖਤਮ ਹੋਇਆ, ਸੰਤਾਂ ਨੇ ਨੇਤਰ ਖੋਲ੍ਹੇ ਤਾਂ ਕੀ ਦੇਖਿਆ ਕਿ ਪੰਡਤ ਜੀ ਚੁਪ ਪਏ ਹਨ। ਦੋ ਚਾਰ ਆਵਾਜ਼ਾਂ ਦਿੱਤੀਆਂ, ਕੋਈ ਜਵਾਬ ਨਹੀਂ ਆਇਆ, ਜਦੋਂ ਹੱਥ ਲਗਾ ਕੇ ਦੇਖਿਆ ਤਾਂ ਪੰਡਤ ਜੀ ਠੰਢੇ ਠਾਰ ਪਏ ਹਨ। ਉਹ ਤਾਂ ਚੜ੍ਹਾਈ ਕਰ ਚੁਕਾ ਸੀ। ਸੰਤਾਂ ਦੇ ਮਨ ਵਿਚ ਫੁਰਨਾ ਆ ਗਿਆ ਕਿ ਜਿਹੜਾ ਮੰਜੇ ਤੇ ਹੀ ਸ੍ਵਾਸ ਛੱਡ ਦੇਵੇ ਤਾਂ ਉਸਦੀ ਗਤੀ ਵਿਚ ਕੁਝ ਫਰਕ ਪੈ ਜਾਇਆ ਕਰਦਾ ਹੈ ਕਿਉਂਕਿ ਪਹਿਲੇ ਤਿੰਨਾਂ ਜੁਗਾਂ ਵਿਚ ਐਸੀਆਂ ਗੱਲਾਂ ਹੋਇਆ ਕਰਦੀਆਂ ਸਨ। ਹੁਣ ਵੀ ਹੈ। ਗਤੀ ਤਾਂ ਕਰਮਾਂ ਨੇ ਕਰਾਉਣੀ ਹੈ, ਮੰਜਿਆਂ ਵਗੈਰਾ ਨੇ ਨਹੀਂ ਕਰਾਉਣੀ। ਦੀਵਿਆਂ ਨੇ ਚਾਨਣਾ ਨਹੀਂ ਕਰਨਾ ਨਾਮ ਨੇ ਚਾਨਣਾ ਕਰਨਾ ਹੈ। ਬੜੀ ਚਿੰਤਾ ਵਿਚ ਆ ਗਏ, ਬਾਰ-ਬਾਰ ਚਿੰਤਾ ਕਰਦੇ ਹਨ। ਪੰਡਤ ਦਾ ਇਸ਼ਨਾਨ ਕਰਾਇਆ, ਬਹੁਤ ਸਾਰੇ ਬੰਦੇ ਇਕੱਠੇ ਹੋ ਗਏ, ਇਸ਼ਨਾਨ ਕਰਵਾ ਕੇ ਅਰਥੀ ਤੇ ਪਾ ਲਿਆ, ਸਾਰੇ ਬੈਠੇ ਸਨ। ਜਦੋਂ ਅਰਥੀ ਚੁੱਕਣ ਲੱਗੇ ਤਾਂ ਪੰਡਤ ਦਾ ਪੈਰ ਹਿੱਲਣ ਲਗ ਪਿਆ, ਸਾਰੇ ਕਹਿਣ ਲੱਗੇ ਕਿ ਪੰਡਤ ਜੀ ਤੇ ਪੱਖਾ ਝੱਲੋ,

ਪਾਣੀ ਲਿਆਓ। ਕੁਝ ਦੇਰ ਬਾਅਦ ਪੰਡਤ ਨੇ ਨੇਤਰ ਖੋਲ੍ਹ ਲਏ, ਉਠ ਕੇ ਬੈਠ ਗਿਆ ਪਰ ਅਰਥੀ ਤੋਂ ਨਾ ਉਠਿਆ। ਸੰਤ ਕਹਿਣ ਲੱਗੇ ਮੈਨੂੰ ਤਾਂ ਬੜਾ ਵਹਿਮ ਪੈ ਗਿਆ ਸੀ। ਉਸਨੇ ਕਿਹਾ ਮੈਂ ਤੁਹਾਡਾ ਵਹਿਮ ਹੀ ਦੂਰ ਕਰਨ ਆਇਆ ਹਾਂ। ਮੈਨੂੰ ਵਿਸ਼ਨੂੰ ਜੀ ਨੇ ਭੇਜਿਆ ਹੈ। ਮੈਨੂੰ ਉਤਮ ਗਤੀ ਪ੍ਰਾਪਤ ਹੋ ਗਈ ਕਿਉਂਕਿ ਤੁਸੀਂ ਇਕ ਚਿਤ ਹੋ ਕੇ ਪਾਠ ਕਰ ਰਹੇ ਸੀ। ਉਥੇ ਜਮਦੂਤ ਨਹੀਂ ਆ ਸਕਿਆ।

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***

***ਪੰਨਾ - 256***

ਜਿਥੇ ਕੋਈ ਪਰਮੇਸ਼ਰ ਦਾ ਪਿਆਰਾ ਨਾਮ ਜਪਦਾ ਹੋਵੇ ਭਗਤੀ ਕਰਦਾ ਹੋਵੇ, ਜੇ ਕਿਸੇ ਦਾ ਕਾਲ ਵੀ ਆ ਜਾਵੇ ਤਾਂ ਉਸ ਮੰਡਲ ਵਿਚ ਜਮਦੂਤ ਨਹੀਂ ਆਇਆ ਕਰਦੇ। ਸਗੋਂ ਉਸਦੇ ਪਾਪ ਮਾਫ ਹੋ ਜਾਂਦੇ ਹਨ।

***ਅੰਤ ਮਤੇ ਸੋ ਗਤੇ।***

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***

***ਪੰਨਾ - 526***

ਪੰਡਤ ਕਹਿਣ ਲੱਗਾ, ਸੰਤ ਜੀ! ਮੈਂ ਬਹੁਤ ਧਿਆਨ ਨਾਲ ਸੁਖਮਨੀ ਸਾਹਿਬ ਦਾ ਪਾਠ ਸੁਣ ਰਿਹਾ ਸੀ। ਉਸੇ ਵੇਲੇ ਮੇਰਾ ਕਾਲ ਆ ਗਿਆ ਪਰ ਮੈਨੂੰ ਲੈਣ ਵਾਸਤੇ ਬਬਾਣ ਆ ਗਏ ਤੇ ਮੈਂ ਬੈਕੁੰਠ ਧਾਮ ਵਿਚ ਚਲਾ ਗਿਆ। ਪਰ ਵਿਸ਼ਨੂੰ ਜੀ ਨੇ ਇਹ ਗੱਲ ਕਹੀ ਕਿ ਇਸ ਜੀਵ ਨੂੰ ਦੁਬਾਰਾ ਵਾਪਸ ਕਰੋ। ਉਹ ਸੰਤ ਜਿਹੜੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸੀ ਉਹ ਚਿੰਤਾ ਕਰ ਰਹੇ ਹਨ ਕਿ ਇਹ ਜੀਵ ਮੰਜੇ ਉਤੇ ਹੀ ਮਰ ਗਿਆ ਹੈ ਪਤਾ ਨਹੀਂ ਇਸ ਦੀ ਗਤੀ ਕਿਹੋ ਜਿਹੀ ਹੋਵੇਗੀ। ਉਨ੍ਹਾਂ ਨੂੰ ਇਹ ਜੀਵ ਦੱਸੇ ਕਿ ਗੁਰੂ ਨਾਨਕ ਸਾਹਿਬ ਦੀ ਮਹਿਮਾ ਆਗਾਧ ਬੋਧ ਹੈ, ਵੇਦ ਤੇ ਸਾਸ਼ਤਰ ਭੀ ਕਥਨ ਨਹੀਂ ਕਰ ਸਕਦੇ।

***ਸਾਧ ਕੀ ਮਹਿਮਾ ਬੇਦ ਨਾ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਪੰਨਾ - 272***

ਇਹ ਜੀਵ ਮਹਾਂ ਕਲਿਆਣਕਾਰੀ ਬਾਣੀ ਸੁਖਮਨੀ ਸਾਹਿਬ ਸੁਣ ਰਿਹਾ ਸੀ। ਸੁਣਨ ਦਾ ਫਲ ਮਹਾਨ ਹੈ। ਜੋ ਪ੍ਰਭੂ ਦਾ ਨਾਮ ਸੁਣਦਾ ਸਰੀਰ ਛੱਡ ਜਾਵੇ ਉਸ ਦੇ ਪਾਪ ਮਿਟ ਜਾਂਦੇ ਹਨ ਅਤੇ ਉਹ ਉਤਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਪੰਡਤ ਜੀ ਦੱਸ ਕੇ ਆਓ ਕਿ ਮੈਨੂੰ ਪਰਮ ਗਤੀ ਪ੍ਰਾਪਤ ਹੋ ਗਈ।

ਮੰਜੇ ਦਾ ਕੋਈ ਸਵਾਲ ਨਹੀਂ ਹੈ। ਕਹਿਣ ਲੱਗਿਆ, ਇਹ ਦੇਵਗਣ ਆਦਿ ਬਿਬਾਣ ਆਦਿ ਸਭ ਮੇਰੇ ਕੋਲ ਹੀ ਖੜ੍ਹੇ ਹਨ, ਇਸ ਕਰਕੇ ਮੈਂ ਅਰਥੀ ਤੋਂ ਨਹੀਂ ਉਤਰਿਆ। ਹੁਣ ਮੈਂ ਤੁਹਾਨੂੰ ਸਾਰਿਆਂ ਨੂੰ ਰਾਮ ਰਾਮ, ਸਤਿ ਸ੍ਰੀ ਅਕਾਲ, ਸਲਾਮ ਕਹਿ ਕੇ ਜਾ ਰਿਹਾ ਹਾਂ। ਐਨਾ ਕਹਿ ਕੇ ਫੇਰ ਮੂੰਹ ਢੱਕ ਲਿਆ ਤੇ ਸਰੀਰ ਵਿਚੋਂ ਨਿਕਲ ਗਿਆ।

ਐਸੀਆਂ ਬਹੁਤ ਘਟਨਾਵਾਂ ਹੋਇਆ ਕਰਦੀਆਂ ਹਨ। ਇਕ ਮਹਾਤਮਾ ਮਹਾਂਪੁਰਸ਼ ਦਸਿਆ ਕਰਦੇ ਸਨ ਕਿ ਇਕ ਸ਼ਹਿਰ ਵਿਚ ਦੋ ਭਰਾ ਰਿਹਾ ਕਰਦੇ ਸਨ ਇਕ ਭਰਾ ਤਾਂ ਆਸਤਕ ਸੀ; ਆਸਤਕ ਉਸ ਨੂੰ ਕਹਿੰਦੇ ਹਨ, ਜਿਹੜਾ ਹੁੰਦੀ ਚੀਜ਼ ਨੂੰ ਮੰਨ ਲਿਆ ਕਰੇ। ਦੂਜਾ ਨਾਸਤਕ ਸੀ; ਨਾਸਤਕ ਉਹ ਹੁੰਦਾ ਹੈ, ਜਿਸਦੀ ਬੁੱਧੀ ਦੇ ਨੈਣਾਂ ਤੇ ਮੋਤੀਆਬਿੰਦ ਹੋ ਗਿਆ ਹੋਵੇ ਤੇ ਪਰਮੇਸ਼ਰ ਦੀ ਹੋਂਦ ਤੋਂ ਹੀ ਜਵਾਬ ਦੇ ਦੇਵੇ ਕਿ ਰੱਬ ਕੋਈ ਚੀਜ਼ ਨਹੀਂ ਹੈ। ਉਹ ਹਨ੍ਹੇਰੇ ਵਿਚ ਹੋਇਆ ਕਰਦਾ ਹੈ। ਅੰਨ੍ਹਾਪਣ ਹੁੰਦਾ ਹੈ। ਮਨ ਦੇ ਅੰਨ੍ਹੇ ਨੇਤਰ ਹੋਣ ਕਰਕੇ ਉਹ ਹੁੰਦੀ ਚੀਜ਼ ਨੂੰ ਮੰਨਦਾ ਨਹੀਂ। ਸੋ ਉਹ ਸ਼ੁਭ ਕਰਮਾਂ ਵਿਚ ਵਿਸ਼ਵਾਸ ਨਹੀਂ ਸੀ ਰਖਦਾ, ਸ਼ਰਾਬਾਂ ਕਬਾਬਾਂ, ਸਵਾਹ ਖੇਹ ਜਿੰਨੇ ਮਾੜੇ ਕੰਮ ਹਨ, ਸਭ ਕਰਦਾ ਸੀ। ਆਸਤਕ ਭਰਾ ਮਹਾਂਪੁਰਸ਼ਾਂ ਦੀ ਪ੍ਰੇਰਨਾ ਸਦਕਾ ਅਥਿਤੀ ਸੇਵਾ ਕਰਿਆ ਕਰਦਾ ਸੀ, ਇਸ ਦਾ ਪ੍ਰਣ ਸੀ ਕਿ ਪਹਿਲਾਂ ਅਥਿਤੀ ਨੂੰ ਪ੍ਰਸ਼ਾਦਾ ਛਕਾ ਕੇ ਫੇਰ ਛਕਾਂਗਾ, ਅਥਿਤੀ ਸੇਵਾ ਬਹੁਤ ਵੱਡੀ ਮੰਨੀ ਹੈ ਕਿਉਂਕਿ ਜਿਸ ਘਰ ਦੇ ਵਿੱਚੋਂ ਕੋਈ ਅਥਿਤੀ ਭੁੱਖਾ ਚਲਾ ਜਾਵੇ ਤਾਂ ਉਸ ਦੇ ਪੁੰਨ ਕਰਮ ਉਸੇ ਵਕਤ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ। ਅੰਦਰ ਪੰਜ ਅੱਗਾਂ ਹੁੰਦੀਆਂ ਹਨ। ਉਹ ਪੰਜ ਅੱਗਾਂ ਉਸਦੇ ਪੁੰਨਾਂ ਨੂੰ ਜਾਲਣਾ ਸ਼ੁਰੂ ਕਰ ਦਿੰਦੀਆਂ ਹਨ। ਅਥਿਤੀ ਉਹ ਹੁੰਦਾ ਹੈ ਜਿਸ ਨੂੰ ਭੁੱਖ ਲੱਗੀ ਹੋਵੇ। ਜਾਣਦੇ ਨਾ ਹੋਈਏ, ਅਚਾਨਕ ਹੀ ਆ ਗਿਆ ਹੋਵੇ ਉਸ ਨੂੰ ਪੁਛ ਲਿਆ ਤੇ ਮਨ ਵਿਚ ਫੁਰਨਾ ਆ ਗਿਆ ਕਿ ਇਸ ਨੇ ਪ੍ਰਸ਼ਾਦਾ ਛਕਣਾ ਹੈ। ਇਹ ਭੁੱਖਾ ਹੈ। ਉਸ ਨੂੰ ਪ੍ਰਸ਼ਾਦਾ ਛਕਾਉਣ ਵਰਗਾ ਪੁੰਨ ਕੋਈ ਨਹੀਂ ਹੁੰਦਾ। ਅਥਿਤੀ ਸੇਵਾ ਕਰਨ ਵਾਲਿਆਂ ਨੂੰ ਵੱਡੇ ਪੁੰਨ ਪ੍ਰਾਪਤ ਹੋਇਆ ਕਰਦੇ ਹਨ। ਉਹ ਵਿਧੀਪੂਰਵਕ ਅਤਿਥੀ ਸੇਵਾ ਕਰਿਆ ਕਰਦਾ ਸੀ। ਅਖੀਰ ਪਰਮੇਸ਼ਰ ਨੇ ਉਸ ਤੇ ਕਸਵੱਟੀ ਲਾਈ, ਇਕ ਵਾਰੀ ਐਸਾ ਹੋਇਆ ਕਿ ਪੰਜ ਦਿਨ ਕੋਈ ਅਤਿਥੀ ਨਾ ਆਇਆ। ਪੰਜ ਦਿਨ ਦਾ ਉਹ ਭੁਖਾ ਪਿਆ ਰਿਹਾ, ਉਸ ਸੇਠ ਨੇ ਪ੍ਰਣ ਕਰ ਲਿਆ ਕਿ ਜੇਕਰ ਅੱਜ ਅਥਿਤੀ ਨਾ ਆਇਆ ਤਾਂ ਮੈਂ ਜਲ ਕੇ ਮਰ ਜਾਵਾਂਗਾ। ਕਹਿਣ ਲੱਗਾ ਕਿ ਸ਼ਾਇਦ ਮੇਰੇ ਤੇ ਪਰਮੇਸ਼ਰ ਨਰਾਜ਼ ਹੈ ਤਾਂ ਹੀ ਮੇਰੇ ਘਰ ਅਥਿਤੀ ਨਹੀਂ ਆ ਰਿਹਾ। ਇਸ ਕਰਕੇ ਪਰਮੇਸ਼ਰ ਨੂੰ ਅਥਿਤੀ ਬਣ ਕੇ ਉਸਦੇ ਘਰ ਜਾਣਾ ਪਿਆ। ਜਦੋਂ ਅਤਿਥੀ ਨੇ ਪ੍ਰਸ਼ਾਦਾ ਛਕ ਲਿਆ, ਸਾਰਾ ਸ਼ਹਿਰ ਇਕੱਠਾ ਹੋ ਗਿਆ, ਭਰਾ ਵੀ ਆ ਕੇ ਬੈਠ ਗਿਆ। ਕਹਿਣ ਲੱਗਾ, ਭਰਾ! ਜੇਕਰ ਅੱਜ ਇਹ ਬੁੱਢਾ ਨਾ ਆਉਂਦਾ ਤਾਂ ਤੂੰ ਤਾਂ ਜਲ ਕੇ ਮਰ ਜਾਣਾ ਸੀ। ਕੀ ਪਿਆ ਹੈ ਇਹਨਾਂ ਗੱਲਾਂ ਵਿਚ? ਤੂੰ ਵਹਿਮੀ ਹੈਂ। ਉਹ ਕਹਿਣ ਲੱਗਾ, ਮੈਂ ਵਹਿਮੀ ਨਹੀਂ ਹਾਂ ਇਹ ਮੇਰਾ ਪ੍ਰਣ ਹੈ ਕਿ ਮੈਂ ਅਥਿਤੀ ਨੂੰ ਪ੍ਰਸ਼ਾਦਾ ਛਕਾਏ ਬਗੈਰ ਨਹੀਂ

ਛਕਣਾ। ਉਹ ਬਿਰਧ ਅਥਿਤੀ ਉਸ ਨਾਸਤਕ ਭਰਾ ਨੂੰ ਕਹਿਣ ਲੱਗਾ ਕਿ ਤੂੰ ਰਾਮ, ਰਾਮ ਜਪਿਆ ਕਰ। ਉਸਦੇ ਭਰਾ ਨੇ ਰਾਮ ਨੂੰ ਗਾਲ ਕੱਢੀ, ਕਹਿੰਦਾ ਮੈਂ ਨਹੀਂ ਉਸ ਨੂੰ ਜਾਣਦਾ ਉਹ ਸਾਲਾ ਰਾਮ ਕੌਣ ਹੁੰਦਾ ਹੈ? ਉਸਦਾ ਇਹ ਪ੍ਣ ਸੀ ਕਿ ਜੇਕਰ ਕਿਸੇ ਦਾ ਨਾਮ ਰਾਮ ਚੰਦਰ ਹੋਵੇ, ਚੰਦਰ ਤਾਂ ਕਹਿ ਦੇਣਾ ਹੈ ਪਰ ਰਾਮ ਨਹੀਂ ਕਹਿਣਾ। ਜੇਕਰ ਕ੍ਰਿਸ਼ਨ ਚੰਦਰ ਹੈ ਤਾਂ ਵੀ ਚੰਦਰ ਹੀ ਕਹਿਣਾ ਹੈ, ਕ੍ਰਿਸ਼ਨ ਨਹੀਂ ਕਹਿਣਾ। ਜਿਥੇ ਪਰਮੇਸ਼ਰ ਦਾ ਨਾਮ ਹੋਵੇ, ਉਹ ਲੈਂਦਾ ਨਹੀਂ ਸੀ ਹੁੰਦਾ, ਐਸਾ ਜਿੱਦੀ ਬੰਦਾ ਸੀ। ਗਾਲ ਕੱਢ ਦਿਤੀ। ਕਹਿਣ ਲੱਗਾ ਮੈਂ ਨਹੀਂ ਜਾਣਦਾ ਸਾਲਾ ਰਾਮ ਕੌਣ ਹੈ। ਉਹ ਬ੍ਰਿਧ ਕਹਿਣ ਲੱਗਾ ਕਿ ਹੁਣ ਤੈਨੂੰ ਪਤਾ ਲਗ ਜਾਵੇਗਾ ਕਿ ਰਾਮ ਕੌਣ ਹੈ। ਤੇਰੇ ਮੂੰਹੋ ਇਕ ਵਾਰੀ ਕਢਾਉਣਾ ਸੀ, ਹੁਣ ਦੋ ਘੰਟੇ ਬਾਅਦ ਤੇਰੀ ਮੌਤ ਹੋ ਜਾਣੀ ਹੈ, ਉਸ ਤੋਂ ਬਾਅਦ ਜਮਦੂਤਾਂ ਨੇ ਤੈਨੂੰ ਮਾਰਦਿਆਂ ਕੁਟਦਿਆਂ ਲੈ ਜਾਣਾ ਹੈ। ਜਦੋਂ ਤੈਨੂੰ ਨਰਕ ਵਿਚ ਸੁਟਣ ਲੱਗੇ ਤਾਂ ਤੂੰ ਇੰਜ ਕਰੀਂ, ਉਥੇ ਕਹਿ ਦੇਵੀਂ ਕਿ ਤੂੰ ਇਕ ਵਾਰੀ ਗਾਲ ਕੱਢ ਕੇ ਸਾਲਾ ਰਾਮ ਕਿਹਾ ਸੀ। ਫੇਰ ਤੂੰ ਇਸ ਗੱਲ ਦਾ ਤਜਰਬਾ ਕਰੀਂ ਕਿ ਨਾਮ ਦੀ ਮਹਿਮਾ ਕੀ ਹੈ।

ਸੋ ਇਸੇ ਤਰ੍ਹਾਂ ਹੀ ਹੋਇਆ, ਉਹ ਦੋ ਘੰਟੇ ਬਾਅਦ ਮਰ ਗਿਆ। ਜਮਦੂਤ ਮਾਰਦੇ ਕੁਟਦੇ ਲੈ ਗਏ, ਧਰਮਰਾਜ ਨੇ ਚਿੱਤਰ ਗੁਪਤ ਨੂੰ ਕਿਹਾ ਕਿ ਦੇਖੋ ਇਸਦਾ ਹਿਸਾਬ, ਤਾਂ ਉਹ ਕਹਿਣ ਲੱਗਾ ਕਿ ਹਿਸਾਬ ਕਿਤਾਬ ਕੀ ਦੇਖਣਾ ਹੈ। ਇਸ ਦੀ ਕਾਪੀ ਤਾਂ ਸਾਰੀ ਹੀ ਕਾਲੇ ਲੇਖਾਂ ਨਾਲ ਭਰੀ ਹੋਈ ਹੈ, ਚਿੱਟੇ ਲੇਖ ਤਾਂ ਇਸ ਦੇ ਕੋਈ ਭੀ ਨਹੀਂ ਹਨ। ਇਕ ਵਾਰੀ ਇਸਨੇ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਸਿਰਫ ਕਿਹਾ ਸੀ ਭਾਵਨਾਂ ਨਾਲ ਨਹੀਂ ਕਿਹਾ। ਕ੍ਰਿਸ਼ਨ ਮਹਾਰਾਜ ਨੇ ਗੀਤਾ ਵਿਚ ਕਿਹਾ ਹੈ ਕਿ ਹੇ ਅਰਜਨ! ਭਾਵੇਂ ਕੋਈ ਭੁਲ ਕੇ ਵੀ ਮੇਰਾ ਨਾਮ ਲੈਂਦਾ ਹੈ, ਭਾਵੇਂ ਕਿਸੇ ਤਰੀਕੇ ਨਾਲ ਹੀ ਲੈਂਦਾ ਹੈ ਮੈਂ ਉਹ ਵੀ ਲੇਖੇ ਵਿਚ ਪਾ ਦਿੰਦਾ ਹਾਂ। ਜਿਸ ਤਰ੍ਹਾਂ ਕੋਈ ਸਾਬਣ ਨੂੰ ਬੇ-ਧਿਆਨੇ ਹੀ ਲਗਾ ਲਵੇ, ਸਾਬਣ ਦਾ ਕੰਮ ਹੈ ਮੈਲ ਨੂੰ ਕੱਟਣਾ, ਉਸ ਨੇ ਮੈਲ ਕੱਟ ਹੀ ਦੇਣੀ ਹੈ। ਭਾਵੇਂ ਕੋਈ ਧਿਆਨ ਨਾਲ ਸਾਬਣ ਲਗਾ ਰਿਹਾ ਹੈ, ਭਾਵੇਂ ਕੋਈ ਬੇ-ਧਿਆਨੇ। ਇਸੇ ਤਰ੍ਹਾਂ ਦੇ ਨਾਲ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** ***ਪੰਨਾ - 4***

ਕੋਈ ਨਾਮ ਭਾਵੇਂ ਕਿਸੇ ਤਰੀਕੇ ਨਾਲ ਲਵੇ, ਉਸਦਾ ਫਲ ਮੈਨੂੰ ਦੇਣਾ ਪੈਂਦਾ ਹੈ। ਸੋ ਚਿੱਤਰ ਗੁਪਤ ਨੇ ਦਸਿਆ ਕਿ ਇਸ ਬੰਦੇ ਨੇ ਕੇਵਲ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਸਾਲਾ ਰਾਮ ਕਹਿ ਕੇ। ਕਹਿਣ ਲੱਗੇ ਕਿ ਫੇਰ ਇਸ ਨੂੰ ਇਕ ਵਾਰੀ ਰਾਮ ਕਹਿਣ ਦਾ ਫਲ ਦੇ ਦਿਓ, ਉਹ ਬੰਦਾ ਕਹਿਣ ਲੱਗਾ ਕਿ ਮੈਂ ਫਲ ਨਹੀਂ ਲੈਣਾ, ਮੈਂ ਮੁੱਲ ਲੈਣਾ ਹੈ। ਸੋ ਉਸ ਨੂੰ ਗੱਲ ਯਾਦ ਆ ਗਈ ਕਿ ਉਸ ਬਿਰਧ ਨੇ ਕਿਹਾ ਸੀ ਕਿ ਜਦੋਂ ਤੈਨੂੰ

ਪੁਛਣਗੇ ਕਿ ਤੈਨੂੰ ਨਾਮ ਦਾ ਫਲ ਦਿੰਦੇ ਹਾਂ ਪਰ ਤੂੰ ਕਹੀਂ ਕਿ ਮੈਂ ਫਲ ਨਹੀਂ ਲੈਣਾ, ਮੁੱਲ ਲੈਣਾ ਹੈ। ਸੋ ਧਰਮਰਾਜ ਹੈਰਾਨ ਹੋ ਗਿਆ ਕਿ ਪਾਰਬ੍ਰਹਮ ਜੀ ਨੇ ਸਾਨੂੰ ਨਾਮ ਦਾ ਮੁਲ ਤਾਂ ਦਸਿਆ ਹੀ ਨਹੀਂ। ਕਹਿਣ ਲਗੇ ਬ੍ਰਹਮਾ ਜੀ ਕੋਲ ਚਲਦੇ ਹਾਂ। ਜਿਸਨੇ ਸਾਰਾ ਸੰਸਾਰ ਸਾਜਿਆ ਹੈ –

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ਪੰਨਾ – 1156***

ਉਸ ਜੀਵ ਨੂੰ ਲੈ ਕੇ ਧਰਮਰਾਜ ਬ੍ਰਹਮਾ ਜੀ ਪਾਸ ਪਹੁੰਚੇ ਅਤੇ ਬੇਨਤੀ ਕੀਤੀ ਕਿ ਮਹਾਰਾਜ! ਇਕ ਸਮੱਸਿਆ ਆ ਗਈ ਇਹ ਜੀਵ ਮ੍ਰਿਤ ਮੰਡਲ ’ਚੋਂ ਆਇਆ ਹੈ, ਜੋ ਮਹਾਂ ਪਾਪੀ ਹੈ, ਇਸ ਨੇ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਇਹ ਉਸ ਦਾ ਮੁੱਲ ਮੰਗਦਾ ਹੈ। ਬ੍ਰਹਮਾ ਜੀ ਕਹਿਣ ਲੱਗੇ ਹੈਂ? ਰਾਮ ਦੇ ਨਾਮ ਦਾ ਮੁੱਲ? ਫਲ ਦਾ ਤਾਂ ਸਾਨੂੰ ਪਤਾ ਹੈ ਪਰ ਮੁੱਲ ਦਾ ਨਹੀਂ ਪਤਾ। ਸ਼ਿਵ ਜੀ ਮਹਾਰਾਜ ਕੋਲ ਚਲਦੇ ਹਾਂ, ਜਿਹੜੇ ਹਰ ਵਕਤ ਧਿਆਨ ਵਿਚ ਰਹਿੰਦੇ ਹਨ। ਜਦੋਂ ਸ਼ਿਵ ਜੀ ਕੋਲ ਗਏ ਉਹਨਾਂ ਨੇ ਕਿਹਾ ਕਿ ਮੁੱਲ ਦਾ ਤਾਂ ਸਾਨੂੰ ਵੀ ਨਹੀਂ ਪਤਾ, ਚਲੋ ਵਿਸ਼ਨੂੰ ਜੀ ਕੋਲ ਚਲੇ ਗਏ, ਉਹ ਬੜੇ ਹੱਸੇ, ਕਹਿਣ ਲੱਗੇ ਕੀ ਗੱਲ ਸਾਰੇ ਇਕੱਠੇ ਹੋ ਕੇ ਆਏ ਹੋ। ਇਹ ਜੀਵ ਨੂੰ ਨਾਲ ਲਈ ਆਉਂਦੇ ਹੋ। ਕਹਿਣ ਲੱਗੇ ਜੀ ਕਾਹਦਾ ਜੀਵ ਲਈ ਆਉਂਦੇ ਹਾਂ। ਇਸ ਨੇ ਤਾਂ ਸਮੱਸਿਆ ਖੜ੍ਹੀ ਕਰ ਦਿਤੀ। ਆਪ ਦੇ ਵਿਧਾਨ ਦੇ ਵਿਚ ਤਾਂ ਕਿਧਰੇ ਵੀ ਮੁੱਲ ਨਹੀਂ ਲਿਖਿਆ ਹੋਇਆ ਪਰਮੇਸ਼ਰ ਦੇ ਨਾਮ ਦਾ ਅਤੇ ਇਹ ਜੀਵ ਮੁੱਲ ਮੰਗਦਾ ਹੈ ਜਦੋਂ ਕਿ ਇਸਨੇ ਕੇਵਲ ਇਕ ਵਾਰੀ ਰਾਮ ਕਿਹਾ ਸੀ, ਉਹ ਵੀ ਗਾਲ ਕੱਢ ਕੇ। ਜਿਹੜੇ ਦੇਵਗਨ ਸੀ, ਉਹ ਚੁਪ ਕਰ ਗਏ। ਵਿਸ਼ਨੂੰ ਜੀ ਨੇ ਦੇਵਗਣਾਂ ਨੂੰ ਕਿਹਾ ਕਿ ਬਬਾਣ ਲੈ ਕੇ ਆਓ ਅਤੇ ਇਸ ਜੀਵ ਨੂੰ ਸਾਡੇ ਬੈਕੁੰਠ ਧਾਮ ਵਿਚ ਪ੍ਰਵੇਸ਼ ਕਰਾ ਦਿਓ, ਜੀਵ ਬੈਕੁੰਠ ਧਾਮ ਵਿਚ ਚਲਾ ਗਿਆ, ਧਰਮਰਾਜ, ਬ੍ਰਹਮਾ ਜੀ, ਸ਼ਿਵ ਜੀ ਵਾਪਸ ਆਏ ਤਾਂ ਧਰਮਰਾਜ ਨੇ ਕਿਹਾ ਕਿ ਵਿਸ਼ਨੂੰ ਜੀ ਨੇ ਰਾਮ ਕਹਿਣ ਦਾ ਮੁੱਲ ਤਾਂ ਦੱਸਿਆ ਹੀ ਨਹੀਂ। ਗੱਲ ਤਾਂ ਉਥੇ ਹੀ ਰਹਿ ਗਈ। ਫੇਰ ਮੁੜ ਕੇ ਵਿਸ਼ਨੂੰ ਜੀ ਕੋਲ ਚਲੇ ਗਏ, ਕਹਿਣ ਲੱਗੇ ਜੇਕਰ ਕੋਈ ਹੋਰ ਜੀਵ ਆ ਗਿਆ ਤੇ ਮੁੱਲ ਮੰਗਣ ਲੱਗ ਗਿਆ ਕਿ ਮੈਨੂੰ ਰਾਮ, ਵਾਹਿਗੁਰੂ, ਅੱਲਾ ਦੇ ਨਾਮ ਦਾ ਮੁੱਲ ਦਿਓ, ਤਾਂ ਅਸੀਂ ਕੀ ਫਲ ਦਿਆਂਗੇ, ਤੁਸੀਂ ਇਹ ਗੱਲ ਸਾਫ ਨਹੀਂ ਕੀਤੀ। ਵਿਸ਼ਨੂੰ ਜੀ ਨੇ ਕਿਹਾ ਤੁਸੀਂ ਫਿਕਰ ਨਾ ਕਰੋ, ਮੇਰੀ ਮਾਇਆ ਇਤਨੀ ਪ੍ਰਬਲ ਹੈ ਕਿ ਮੈਂ ਜੀਵ ਨੂੰ ਸੋਝੀ ਹੀ ਨਹੀਂ ਆਉਣ ਦੇਣੀ ਕਿ ਉਹ ਨਾਮ ਦਾ ਮੁੱਲ ਮੰਗ ਸਕੇ। ਫਲ ਤਾਂ ਹੁੰਦਾ ਹੈ ਪਰ ਮੁੱਲ ਨਹੀਂ ਕੋਈ ਹੁੰਦਾ। ਪਾਰਬ੍ਰਹਮ ਪਰਮੇਸ਼ਰ ਨੇ ਨਾਮ ਨੂੰ ਅਮੁੱਲ ਆਖਿਆ ਹੈ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

ਨਾਮ, ਨਾਮੀ ਤੋਂ ਵੱਡਾ ਹੋਇਆ ਕਰਦਾ ਹੈ।

ਇਕ ਵਾਰੀ ਜਦੋਂ ਗੁਰੂ ਨਾਨਕ ਸਾਹਿਬ ਕਾਸ਼ੀ ਵਿਚ ਗਏ, ਉਥੇ ਬਹੁਤ

ਸਾਰੇ ਪੰਡਤ ਬੈਠੇ ਸਨ। ਗੁਰੂ ਨਾਨਕ ਸਾਹਿਬ ਦੀ ਉਹਨਾਂ ਨਾਲ ਬਹੁਤ ਲੰਬੀ ਵਾਰਤਾਲਾਪ ਹੋਈ। ਉਹਨਾਂ ਨੇ ਇਕ ਸਵਾਲ ਕੀਤਾ ਕਿ ਹੇ ਨਾਨਕ! ਸਾਨੂੰ ਇਹ ਦੱਸੋ ਕਿ ਸਭ ਤੋਂ ਵੱਡਾ ਕੌਣ ਹੈ? ਮਹਾਰਾਜ ਨੇ ਜਵਾਬ ਦਿਤਾ ਕਿ ਵਾਹਿਗੁਰੂ ਜੀ, ਪ੍ਰਭੂ ਨਾਰਾਇਣ, ਅਕਾਲਪੁਰਖ, ਬ੍ਰਹਮ। ਸਭ ਚੁਪ ਕਰ ਗਏ, ਪੁੱਛਣ ਲੱਗੇ ਕਿ ਇਹਨਾਂ ਤੋਂ ਵੀ ਕੋਈ ਵੱਡਾ ਹੈ? ਦਸਿਆ ਕਿ ਉਸਦਾ ਨਾਮ ਵੱਡਾ ਹੈ, ਨਿਰਾਕਾਰ ਪਰਮੇਸ਼ਰ ਨੂੰ ਜਿਸ ਰੂਪ ਵਿਚ ਵੀ ਦੇਖਣਾ ਚਾਹੋ, ਉਸ ਰੂਪ ਵਿਚ ਉਸ ਨੂੰ ਬਣਨਾ ਪੈਂਦਾ ਹੈ। ਉਸ ਨੂੰ ਦਰਸ਼ਨ ਦੇਣੇ ਪੈਂਦੇ ਹਨ। ਸੋ ਉਸਦਾ ਨਾਮ ਉੱਚਾ ਹੈ। ਪਰਮੇਸ਼ਰ ਦੇ ਨਾਮ ਦੀ ਮਹਿਮਾ ਕੋਈ ਨਹੀਂ ਜਾਣਦਾ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ - 81***

ਨਾਮ ਦੀ ਮਹਿਮਾ ਤਾਂ ਕੇਵਲ ਪਰਮੇਸ਼ਰ ਦੇ ਪਿਆਰੇ ਹੀ ਜਾਣਦੇ ਹਨ। ਐਸਾ ਫੁਰਮਾਨ ਹੈ -

***ਧਾਰਨਾ - ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ -2, 2.***
***ਸੰਤਾਂ ਦੇ ਹਿਰਦੇ ਵਸਦੀ, -2, 2.***
***ਮਹਿਮਾ ਹਰਿ ਨਾਮ ਦੀ,......... -2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਪੰਨਾ - 265***

ਸੰਤ, ਜਿਹਨਾਂ ਨੇ ਨਾਮ ਨੂੰ ਜਿੰਦਗੀ ਵਿਚ ਪਰਤਿਆ ਪਰਤਿਆ ਕੇ ਦੇਖਿਆ ਹੈ, ਉਹਨਾਂ ਨੂੰ ਪਤਾ ਲਗਦਾ ਹੈ ਕਿ ਨਾਮ ਕੀ ਚੀਜ਼ ਹੈ। ਸੰਸਾਰ ਨੂੰ ਤਾਂ ਇਸਦਾ ਪਤਾ ਹੀ ਨਹੀਂ ਲਗਦਾ, ਐਸੇ ਬੇਕਦਰੇ ਹਨ। ਕੀਮਤੀ ਚੀਜ਼ਾਂ ਦੀ ਕਦਰ ਨਹੀਂ ਪਾ ਸਕਦੇ। ਸੰਸਾਰ ਨੂੰ ਪਤਾ ਹੈ - ਜ਼ਮੀਨਾਂ ਦਾ, ਜਾਇਦਾਦਾਂ ਦਾ, ਧੀਆਂ ਦਾ, ਪੁੱਤਰਾਂ ਦਾ, ਮਾਣ ਦਾ, ਇੱਜ਼ਤ ਦਾ, ਸ਼ੋਹਰਤ ਦਾ; ਇਹ ਕੌਡੀ ਤੋਂ ਵੀ ਖੋਟੀਆਂ ਚੀਜ਼ਾਂ ਹਨ। ਕਿਸੇ ਵੀ ਲੇਖੇ ਦੀਆਂ ਚੀਜ਼ਾਂ ਨਹੀਂ ਹਨ। ਸੰਸਾਰ ਇਹਨਾਂ ਦੀ ਕੀਮਤ ਪਾ ਸਕਦਾ ਹੈ ਪਰ ਜੋ ਸੰਗ ਸਹਾਈ ਪਰਮੇਸ਼ਰ ਦਾ ਨਾਮ ਹੈ, ਉਹਦੀ ਕੀਮਤ ਦਾ ਪਤਾ ਨਹੀਂ ਲਗਦਾ। ਸੋ ਸੰਸਾਰ ਦੇ ਸਾਰੇ ਕਾਰਜ, ਵਿਘਨਾਂ, ਸਾਰਿਆਂ ਦੁਖਾਂ, ਮੁਸ਼ਕਲਾਂ, ਬੀਮਾਰੀਆਂ ਦਾ ਇਲਾਜ ਪਰਮੇਸ਼ਰ ਦਾ ਨਾਮ ਹੋਇਆ ਕਰਦਾ ਹੈ। ਇਕ ਸ਼ਬਦ ਵਿਚ ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ-

***ਧਾਰਨਾ - ਸਭ ਕਾਜ ਸਵਾਰੇ ਜੀ,***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ -2, 2.***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ -2, 2.***
***ਸਭ ਕਾਜ ਸਵਾਰੇ ਜੀ, ............. -2.***

ਸ਼ਬਦ ਦੇ ਅੰਦਰ ਮਹਾਰਾਜ ਨੇ ਜਿਸ ਤਰ੍ਹਾਂ ਸੁਖਮਨੀ ਸਾਹਿਬ ਦੇ ਅੰਦਰ ਪਹਿਲੀ ਅਸ਼ਟਪਦੀ ਵਿਚ ਸਿਮਰਨ ਦੀਆਂ ਬਰਕਤਾਂ ਬਹੁਤ ਵਿਸਥਾਰ ਨਾਲ ਦਸੀਆਂ ਹਨ, ਇਸੇ ਤਰ੍ਹਾਂ ਫੁਰਮਾਉਂਦੇ ਹਨ -

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਪੰਨਾ - 960***

ਦੁਖ ਆ ਹੀ ਨਹੀਂ ਸਕਦਾ। ਦੁਖ ਦੀ ਪਰੀਭਾਸ਼ਾ ਉਸ ਵਾਸਤੇ ਖਤਮ ਹੋ ਜਾਂਦੀ ਹੈ। ਸੰਸਾਰ ਨੂੰ ਦੇਖਣ ਵਾਸਤੇ ਦੁਖ ਪ੍ਰਤੀਤ ਦਿੰਦਾ ਹੈ ਪਰ ਉਸਦੇ ਮਨ ਦੇ ਅੰਦਰ ਸੰਤੁਲਨ, ਜਿਹੜੀ ਤਕੜੀ ਲੱਗੀ ਹੋਈ ਹੈ, ਉਸ ਦੁਖ ਦੇ ਵਿਚ ਹੀ ਸੁਖ ਦੇਖ ਰਹੀ ਹੈ -

***ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
***ਪੰਨਾ - 1302***

ਸਾਰਾ ਸੁਖ ਹੀ ਬਣ ਜਾਇਆ ਕਰਦਾ ਹੈ, ਦੁਖ ਨਹੀਂ ਰਹਿੰਦਾ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਜੀ ਮਹਾਰਾਜ, ਅਨੰਦਪੁਰ ਸਾਹਿਬ ਛੱਡ ਕੇ ਮਹਾਂਭਿਆਨਕ ਯੁੱਧ ਕਰਦੇ ਚਮਕੌਰ ਸਾਹਿਬ ਆ ਕੇ ਯੁੱਧ ਕੀਤਾ, ਓਥੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਉਸ ਤੋਂ ਬਾਅਦ ਇਕੱਲੇ ਜਾ ਰਹੇ ਹਨ, ਰਾਏ ਕੱਲੇ ਪਾਸ ਜਾ ਕੇ ਪਤਾ ਲੱਗਿਆ ਕਿ ਛੋਟੇ ਸਾਹਿਬਜ਼ਾਦੇ ਵੀ ਮਾਤਾ ਜੀ ਸਮੇਤ ਸ਼ਹੀਦ ਹੋ ਗਏ ਹਨ। ਉਸ ਤੋਂ ਬਾਅਦ ਆਪ ਜੰਗਲ ਵਿਚ ਚਲੇ ਗਏ, ਫੇਰ ਮਾਲਵੇ ਚਲੇ ਗਏ। ਉਥੇ ਦੋ ਭਰਾ ਰਿਹਾ ਕਰਦੇ ਸਨ - ਧਰਮ ਸਿੰਘ ਤੇ ਪਰਮ ਸਿੰਘ। ਉਹਨਾਂ ਦੇ ਹਿਰਦੇ ਵਿਚ ਮਹਾਰਾਜ ਜੀ ਵਾਸਤੇ ਬਹੁਤ ਹੀ ਪਿਆਰ ਸੀ, ਇਹ ਭਾਈ ਰੂਪੇ ਦੀ ਉਲਾਦ ਵਿਚੋਂ ਸਨ ਜਿਹਨਾਂ ਨੂੰ ਛੇਵੇਂ ਪਾਤਸ਼ਾਹ ਦਾ ਵਰ ਸੀ ਕਿ ਤੁਹਾਡੇ ਲੰਗਰ ਵਿਚ ਗਿੱਲੀਆਂ ਲੱਕੜਾਂ ਵੀ ਸੁੱਕੀਆਂ ਦੀ ਤਰ੍ਹਾਂ ਜਲਿਆ ਕਰਨਗੀਆਂ, ਹੁਣ ਵੀ ਜਲਦੀਆਂ ਹਨ। ਲੰਗਰ ਦਿਨ ਰਾਤ ਚਲਦਾ ਹੈ।

ਸੋ ਧਰਮ ਸਿੰਘ ਤੇ ਪਰਮ ਸਿੰਘ ਨੇ ਬਹੁਤ ਵੈਰਾਗ ਕੀਤਾ, ਬਰਾਏ ਨਾ ਜਾਣ। ਗੁਰੂ ਮਹਾਰਾਜ ਨੇ ਬਹੁਤ ਗਿਆਨ ਦਿਤਾ ਤਾਂ ਵੀ ਉਹ ਚੁੱਪ ਨਾ ਕਰਨ, ਪਿੰਡਾਂ ਵਿਚ ਦੁਧ ਲੈਣ ਜਾਣ ਤਾਂ ਵੀ ਰੋਂਦੇ ਜਾਣ। ਜਦੋਂ ਇਕੱਲੇ ਹੋ ਜਾਣ ਤਾਂ ਹੋਰ ਵੀ ਉੱਚੀ ਉੱਚੀ ਰੋਣ। ਅੱਜ ਚੌਥਾ ਦਿਨ ਹੋ ਗਿਆ, ਬੱਸ ਇਕੋ ਗੱਲ ਕਹੀ ਜਾਣ ਕਿ ਮਹਾਰਾਜ! ਕੀ ਸਿੰਘ ਥੋੜ੍ਹੇ ਸਨ ਜੋ ਤੁਸੀਂ ਸਾਹਿਬਜ਼ਾਦੇ ਸ਼ਹੀਦ ਕਰਵਾ ਦਿਤੇ। ਜੇ ਯੁੱਧ ਕਰਨਾ ਹੀ ਸੀ ਤਾਂ ਉਨ੍ਹਾਂ ਨੂੰ ਤਾਂ ਬਚਾ ਲੈਂਦੇ ਕਿਉਂਕਿ ਇਹਨਾਂ ਨੇ ਬੜੇ ਪਿਆਰ ਨਾਲ ਸਾਹਿਬਜ਼ਾਦਿਆਂ ਦੇ ਦਰਸ਼ਨ ਕੀਤੇ ਹੋਏ ਸਨ।

ਚੌਥਾ ਦਿਨ ਹੋਇਆ ਤਾਂ ਕੀ ਦੇਖਦੇ ਹਨ ਕਿ ਉਹ ਸਿੱਖ ਅਜੇ ਵੀ ਰੋਈ ਜਾਂਦੇ ਹਨ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਅਜੇ ਵੀ ਰੋਈ ਜਾਂਦੇ ਹੋ? ਉਹਨਾਂ ਨੇ ਉਤਰ ਦਿਤਾ ਕਿ ਸਾਡੇ ਕੋਲੋਂ ਸਾਹਿਬਜ਼ਾਦਿਆਂ ਦਾ ਵਿਛੋੜਾ ਨਹੀਂ ਝੱਲਿਆ ਜਾਂਦਾ। ਚਲੋ ਵਿਛੋੜਾ ਤਾਂ ਠੀਕ ਹੈ, ਪਰ ਜੋ ਕੁਝ

ਉਹਨਾਂ ਨਾਲ ਹੋਇਆ ਉਹ ਅਸੀਂ ਨਹੀਂ ਭੁੱਲ ਸਕਦੇ, ਕਿਸ ਤਰ੍ਹਾਂ ਉਹ ਨੀਹਾਂ ਵਿੱਚ ਚਿਣੇ ਗਏ। ਅਸੀਂ ਉਹ ਨਹੀਂ ਭੁਲ ਸਕਦੇ ਕਿਵੇਂ ਠੰਡ ਵਿਚ ਰਖੇ ਗਏ, ਕਿਸ ਤਰ੍ਹਾਂ ਬੱਚਿਆਂ ਨੂੰ ਤਕਲੀਫਾਂ ਦਿਤੀਆਂ ਗਈਆਂ ਅਤੇ ਕਿਸ ਤਰ੍ਹਾਂ ਦੇ ਨਾਲ ਉਹ ਸ਼ਹੀਦ ਕੀਤੇ ਗਏ। ਬੜੀ ਦਰਦਨਾਕ ਕਹਾਣੀ ਹੈ, ਅਸੀਂ ਸੁਣ ਨਹੀਂ ਸਕਦੇ। ਠੀਕ ਹੈ ਕਿਸੇ ਯੁੱਧ ਵਿਚ ਲੜਦੇ ਸ਼ਹੀਦ ਹੋ ਜਾਂਦੇ ਪਰ ਇਹ ਤਾਂ ਛੋਟੇ ਛੋਟੇ ਬੱਚੇ ਕਿੱਡੇ ਵੱਡੇ ਦੈਂਤਾਂ ਜਲਾਦਾਂ ਨੇ ਕਿਵੇਂ ਛਾਤੀਆਂ ਤੇ ਗੋਡੇ ਰੱਖ ਕੇ ਜਿਸ ਤਰ੍ਹਾਂ ਬਕਰਾ ਜਿਬ੍ਹਾ ਕਰੀਦਾ ਹੈ, ਇਸ ਤਰ੍ਹਾਂ ਛੁਰੀ ਫੇਰ ਫੇਰ ਕੇ ਜਿਬ੍ਹਾ ਕਰੇ। ਇਹ ਗੱਲ ਅਸਾਨੂੰ ਭੁਲਣੀ ਨਹੀਂ। ਇਸ ਗੱਲ ਦਾ ਅਸਾਨੂੰ ਬਹੁਤ ਵੈਰਾਗ ਹੈ। ਗੁਰੂ ਮਹਾਰਾਜ ਕਹਿਣ ਲੱਗੇ, ਇਹ ਤਾਂ ਖੇਡ ਹੋ ਰਹੀ ਹੈ, ਗਿਆਨਵਾਨ ਬੰਦੇ ਹੋ ਕੇ ਐਸੀਆਂ ਗੱਲਾਂ ਕਰਦੇ ਹੋ, ਮੈਨੂੰ ਚੰਗੀਆਂ ਨਹੀਂ ਲਗਦੀਆਂ। ਜੇ ਕੋਈ ਚੜ੍ਹਾਈ ਕਰ ਜਾਵੇ ਉਸ ਨੂੰ ਕਹੋ ਕਿ ਤੂੰ ਰੱਬ ਦਾ ਭਾਣਾ ਮੰਨ, ਸੋਚੇਗਾ ਐਵੇਂ ਹੀ ਗੱਲ ਕਹੀ ਜਾਂਦੇ ਹਨ। ਭਾਣਾ ਮੈਂ ਕਾਹਦਾ ਮੰਨਾ, ਮੈਨੂੰ ਤਾਂ ਵਿਜੋਗ ਆ ਗਿਆ, ਮਨ ਵਿਚ ਬਹੁਤ ਤਕਲੀਫ ਹੈ। ਸੋ ਇਸ ਤਰ੍ਹਾਂ ਬਹੁਤ ਸਮਝਾਇਆ ਕਿ ਦੇਖੋ ਜੇ ਗੁਰੂ ਸਾਹਿਬ ਨਾ ਚਾਹੁੰਦੇ, ਤਾਂ ਇਹ ਗੱਲ ਨਾ ਹੁੰਦੀ, ਬਾਕੀ ਜਿਹੜੀ ਤੁਸੀਂ ਗੱਲ ਕਰਦੇ ਹੋਂ, ਕਿਸੇ ਨੂੰ ਦੁਖ ਭੀ ਸੁਖ ਲਗਿਆ ਕਰਦਾ ਹੈ। ਦੁਨੀਆਂ ਦੇ ਅੰਦਰ ਦੇਖ। ਇਕ ਕਿਸਾਨ ਹੈ, ਬਿਜਲੀ ਹਨ੍ਹੇਰੀ ਰਾਤ ਨੂੰ ਨੌਂ ਵਜੇ ਮਿਲਦੀ ਹੈ। ਉਸ ਨੇ ਨੱਕੇ ਛੱਡਣੇ ਹਨ। ਧਾਨਾਂ ਦਾ ਖੇਤ ਹੈ, ਵਿਚ ਸੱਪ ਸਪੋਲੇ ਫਿਰਦੇ ਹਨ। ਉਹ ਨੌਂ ਵਜੇ ਜਾ ਕੇ ਘਾਹ, ਹਨ੍ਹੇਰੇ ਵਿਚ ਜਾ ਕੇ ਧਾਨ ਦੇ ਖੇਤ ਵਿਚ ਨੱਕੇ ਛੱਡੇਗਾ। ਉਸ ਵੇਲੇ ਉਸਦੇ ਮਨ ਦਾ ਸੰਤੁਲਨ ਕੀ ਹੋਏਗਾ? ਸੋਚਦਾ ਹੈ ਮੇਰੇ ਦੋ ਏਕੜਾਂ ਨੂੰ ਪਾਣੀ ਮਿਲ ਜਾਏਗਾ, ਫੇਰ ਜਦੋਂ ਕਣਕਾਂ ਵਿਚ ਪਾਣੀ ਛੱਡਦਾ ਹੈ ਇਹੋ ਮਹੀਨਾ (ਜਨਵਰੀ ਦਾ) ਹੁੰਦਾ ਹੈ, ਕਪੜੇ ਤ੍ਰੇਲ ਨਾਲ ਭਿਜ ਜਾਂਦੇ ਹਨ। ਤੂੰ ਉਸ ਨੂੰ ਦੁਖੀ ਸਮਝਦਾ ਹੈਂ, ਪਰ ਉਹ ਤਾਂ ਆਪਣੀ ਫਸਲ ਨੂੰ ਦੇਖ ਦੇਖ ਕੇ ਸੁਖੀ ਹੋ ਰਿਹਾ ਹੈ।

ਇਸੇ ਤਰ੍ਹਾਂ ਇਕ ਪਹਿਲਵਾਨ ਹੈ ਉਹ ਅਖਾੜੇ ਵਿਚ ਵਰਜਿਸ਼ ਕਰ ਰਿਹਾ ਹੈ, ਉਸ ਨੂੰ ਕਈ ਬੰਦੇ ਮਧੋਲ ਰਹੇ ਹਨ ਕੀ ਉਸ ਨੂੰ ਦੁਖ ਹੈ? ਨਹੀਂ, ਉਹ ਖੁਸ਼ ਹੈ ਕਿ ਮੇਰਾ ਸਰੀਰ ਨਰੋਆ ਹੋ ਰਿਹਾ ਹੈ। ਇਸੇ ਤਰ੍ਹਾਂ ਇਕ ਬੱਚਾ ਪੜ੍ਹ ਰਿਹਾ ਹੈ, ਸਭ ਸੁੱਤੇ ਪਏ ਹਨ ਪਰ ਉਹ ਟਿਕੀ ਹੋਈ ਰਾਤ ਵਿਚ ਪੜ੍ਹ ਰਿਹਾ ਹੈ; ਕੀ ਅਸੀਂ ਉਸ ਨੂੰ ਦੁਖੀ ਕਹਾਂਗੇ? ਨਹੀਂ, ਉਸ ਦੇ ਮਨ ਵਿਚ ਤਾਂ ਇਕ ਲਗਨ ਹੈ ਕਿ ਮੈਂ ਪੜ੍ਹ ਕੇ ਫਸਟ ਆਉਣਾ ਹੈ। ਉਸ ਨੂੰ ਦੁਖ, ਦੁਖ ਨਹੀਂ ਲਗਦਾ, ਸੁਖ ਹੋ ਜਾਇਆ ਕਰਦਾ ਹੈ। ਇਕ ਮਾਤਾ ਹੈ, ਉਸ ਨੂੰ ਆਸ ਹੈ ਕਿ ਮੇਰੇ ਪੁੱਤਰ ਨੇ ਜਨਮ ਲੈਣਾ ਹੈ, ਬਹੁਤ ਪੀੜਾ ਆਉਂਦੀ ਹੈ। ਪਰ ਦੁਖ ਨਹੀਂ ਮੰਨਦੀ, ਖੁਸ਼ ਹੋ ਜਾਂਦੀ ਹੈ ਕਿ ਮੇਰੇ ਪੁੱਤਰ ਨੇ ਜਨਮ ਲਿਆ ਹੈ। ਇਸੇ ਤਰ੍ਹਾਂ ਸਾਰੇ ਸੰਸਾਰ ਦੇ ਅੰਦਰ ਜੋ ਦੁਖ ਹੈ, ਮਨ ਦੀ ਭਾਵਨਾ ਨਾਲ ਹੋਇਆ ਕਰਦਾ ਹੈ। ਜੇਕਰ ਉਸ ਦੁਖ ਨੂੰ ਸੁਖ ਬਣਾ ਲਿਆ ਜਾਵੇ ਤਾਂ ਫਿਰ ਦੁਖ, ਦੁਖ ਨਹੀਂ ਰਿਹਾ ਕਰਦਾ।

ਇਕ ਵਾਰੀ ਕਿਸੇ ਨੇ ਦੁਖ ਨੂੰ ਪੁਛਿਆ ਕਿ ਐ ਦੁਖ, ਇਹ ਦਸ ਕਿ ਇਸ ਸੰਸਾਰ ਤੇ ਤੇਰੀ ਕੀ ਲੋੜ ਸੀ? ਉਹ ਹੱਸ ਪਿਆ। ਪੁਛਣ ਵਾਲਾ ਕਹਿਣ ਲੱਗਾ ਕੀ ਗੱਲ? ਤੈਨੂੰ ਤਾਂ ਸੰਸਾਰ ਤੇ ਕੋਈ ਨਹੀਂ ਚਾਹੁੰਦਾ। ਮੈਨੂੰ ਇਕ ਬੰਦਾ ਵੀ ਦਿਖਾ ਦੇ ਜਿਹੜਾ ਕਹਿੰਦਾ ਹੋਵੇ, ਸੱਚੇ ਪਾਤਿਸ਼ਾਹ ਮੈਨੂੰ ਦੁਖ ਦੇ ਦੇ। ਮੈਂ ਜ਼ਿਆਦਾ ਸੁਖੀ ਹਾਂ ਮੈਨੂੰ ਦੁਖੀ ਕਰ ਦੇ। ਹੈ ਕੋਈ ਸੰਸਾਰ ਵਿਚ? ਤੂੰ ਮੱਲੋ-ਮਲੀ ਬਿਨ-ਬੁਲਾਇਆ ਪ੍ਰਾਹੁਣਾ ਹੈਂ, ਤੈਨੂੰ ਕੋਈ ਨਹੀਂ ਚਾਹੁੰਦਾ, ਮੱਲੋ ਮੱਲੀ ਆ ਕੇ ਡੇਰੇ ਲਾ ਕੇ ਬਹਿ ਜਾਂਦਾ ਹੈਂ। ਫੇਰ ਤੂੰ ਹਿਲਦਾ ਨਹੀਂ। ਤੈਨੂੰ ਕੱਢਣ ਦੇ ਸਾਰੇ ਸਾਧਨ ਜ਼ੋਰ ਲਗਾਉਂਦੇ ਹਨ। ਪਰ ਤੂੰ ਐਸਾ ਢੀਠ ਹੈਂ ਕਿ ਉਥੋਂ ਨਿਕਲਦਾ ਨਹੀਂ। ਇਕ ਵਾਰੀ ਦੁਖ ਪੈ ਜਾਵੇ ਨਿਕਲਣ ਵਿਚ ਨਹੀਂ ਆਉਂਦਾ। ਬੰਦਾ ਇਸ ਤੋਂ ਛੁਟਕਾਰਾ ਪਾਉਣ ਲਈ ਨਸਦਾ, ਭਜਦਾ ਹੈ, ਪੁੰਨ ਕਰਦਾ ਹੈ, ਦਾਨ ਕਰਦਾ ਹੈ, ਅਖੰਡ ਪਾਠ ਕਰਾਉਂਦਾ ਹੈ। ਹੋਰ ਅਨੇਕਾਂ ਯਤਨ ਕਰਦਾ ਹੈ। ਮਨੁੱਖ ਨੂੰ ਹਰ ਵਿਘਨ ਤੋਂ ਦੁਖ ਤੋਂ ਡਰ ਲਗਦਾ ਹੈ ਪਰ ਤੂੰ ਨਹੀਂ ਜਾਂਦਾ। ਕਹਿਣ ਲੱਗਾ ਹੇ ਦੁੱਖ ਤੂੰ ਬੋਲਦਾ ਕਿਉਂ ਨਹੀਂ, ਜਵਾਬ ਕਿਉਂ ਨਹੀਂ ਦਿੰਦਾ? ਤੂੰ ਸੰਸਾਰ ਵਿਚ ਕਿਉਂ ਆਇਆ ਹੈਂ? ਕਹਿਣ ਲੱਗਾ ਮੈਂ ਸੁਖ ਨੂੰ ਜਨਮ ਦੇਣ ਵਾਸਤੇ ਆਇਆ ਹਾਂ। ਜੇ ਮੈਂ ਨਾ ਹੋਵਾਂ ਤਾਂ ਸੁਖ ਹੋ ਹੀ ਨਹੀਂ ਸਕਦਾ। ਦੁਖ ਨੇ ਬੜੇ ਵਿਸਥਾਰ ਨਾਲ ਸਮਝਾਇਆ। ਕਹਿਣ ਲੱਗਾ, ਭੋਲਿਆ! ਮੈਂ ਬੇਲੋੜਾ ਨਹੀਂ ਹਾਂ। ਜੇਕਰ ਮੈਂ ਨਾ ਆਵਾਂ, ਦੁਨੀਆਂ ਮਸਤ ਜਾਵੇ, ਪਰਮੇਸ਼ਰ ਨੂੰ ਭੁਲ ਜਾਵੇ, ਨਰਕਾਂ ਵਿਚ ਚਲੀ ਜਾਵੇ। ਜਦੋਂ ਮੈਂ ਆਉਂਦਾ ਹਾਂ ਤਾਂ ਮੈਂ ਦਾਰੂ ਬਣ ਜਾਂਦਾ ਹਾਂ, ਉਹਨਾਂ ਦੇ ਰੋਗ ਕੱਟਣ ਵਾਸਤੇ, ਉਹਨਾਂ ਨੂੰ ਸੁਖ ਵਿਚ ਪਹੁੰਚਾਉਣ ਵਾਸਤੇ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ -

***ਧਾਰਨਾ - ਤੇਰੇ ਦੁਖਾਂ ਦੀ ਬਣੇਗੀ ਦਾਰੂ,***
***ਸੁਖ ਤੇਰੇ ਰੋਗ ਹੋਣਗੇ- 2***
***ਮੇਰੇ ਪਿਆਰੇ ਬਈ***
***ਸੁਖ ਤੇਰੇ ਰੋਗ ਹੋਣਗੇ-2, 2***

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥***
***ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥***
***ਪੰਨਾ - 469***

ਦੁਖ ਕਹਿਣ ਲੱਗਾ ਮੈਂ ਬੇਲੋੜਾ ਨਹੀਂ ਹਾਂ। ਮੈਂ ਸੁਖ ਨੂੰ ਜਨਮ ਦਿੰਦਾ ਹਾਂ। ਕਿਸੇ ਦੀ ਵੀ ਜ਼ਿੰਦਗੀ ਦਾ ਤਜਰਬਾ ਦੇਖ ਲੈ, ਜਿਸ ਨੇ ਦੁਖ ਕਟਿਆ ਉਹ ਸੁਖ ਮਾਣਦਾ ਹੈ।

ਸੋ ਅੰਮ੍ਰਿਤ ਵੇਲਾ ਹੈ, ਉਠਿਆ ਕਰ ਭਾਈ ਨਾਮ ਜਪਿਆ ਕਰ। ਕਹਿੰਦੈ, ਜੀ, ਔਖਾ ਹੈ, ਪਾਣੀ ਬੜਾ ਠੰਢਾ ਹੈ, ਮੈਂ ਕਿਸ ਤਰ੍ਹਾਂ ਇਸ਼ਨਾਨ ਕਰ ਲਵਾਂ? ਮੈਂ ਬੀਮਾਰ ਹੋ ਜਾਵਾਂਗਾ। ਮਹਾਰਾਜ ਕਹਿੰਦੇ ਹਨ ਤੂੰ ਬੀਮਾਰ ਨਹੀਂ ਹੁੰਦਾ। ਤੂੰ ਬੀਮਾਰ ਹੋਏਂਗਾ ਬਹੁਤਾ ਖਾ ਕੇ-

***ਖਸਮੁ ਵਿਸਾਰਿ ਕੀਏ ਰਸ ਭੋਗ॥***

***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256***

ਨਹਾ ਕੇ ਤਾਂ ਤੂੰ ਸੁਖੀ ਹੋਏਂਗਾ, ਤੇਰੇ ਦੁਖ ਦੂਰ ਹੋਣਗੇ। ਕਹਿਣ ਲੱਗਾ ਜੀ ਉਠਣਾ ਬੜਾ ਔਖਾ ਹੈ, ਰਜਾਈ ਬੜੀ ਪਿਆਰੀ ਲੱਗਦੀ ਹੈ। ਇਹ ਰਜਾਈ ਵਾਲਾ ਸੁਖ ਤਾਂ ਤੂੰ ਲੈ ਲਿਆ ਪਰ ਅੱਗੇ ਜਾ ਕੇ ਜਦੋਂ ਕੋਈ ਪੁੰਨਾਂ ਦਾ ਧਨ ਪੱਲੇ ਹੀ ਨਾ ਹੋਇਆ, ਖਾਤਾ ਹੀ ਖਾਲੀ ਪਿਆ ਹੈ, ਨਾਮ ਜਪਿਆ ਹੀ ਨਹੀਂ। ਰਜਾਈ ਨੇ ਤਾਂ ਨਾਲ ਨਹੀਂ ਜਾਣਾ। ਜਿਹੜੇ ਹੁਣ ਜਾਗਦੇ ਹਨ, ਅੰਮ੍ਰਿਤ ਵੇਲੇ ਉਠਦੇ ਹਨ, ਨਾਮ ਜਪਦੇ ਹਨ, ਬੰਦਗੀ ਕਰਦੇ ਹਨ, ਦੇਖਣ ਵਾਲਿਆਂ ਨੂੰ ਦੁਖ ਲਗਦਾ ਹੈ, ਠੰਢੇ ਪਾਣੀ ਨਾਲ ਨਹਾ ਰਹੇ ਹਨ, ਸੌਂਦੇ ਨਹੀਂ ਹਨ। ਪਰ ਜਦੋਂ ਨਤੀਜਾ ਨਿਕਲਣੈ, ਉਸ ਵੇਲੇ-

***ਧੰਨਿ ਧੰਨਿ ਕਹੈ ਸਭੁ ਕੋਇ॥<br>ਮੁਖ ਊਜਲ ਹਰਿ ਦਰਗਹ ਸੋਇ॥<br>ਇਹੁ ਵਪਾਰੁ ਵਿਰਲਾ ਵਾਪਾਰੈ॥<br>ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ - 283***

ਸੋ ਦੁਖ ਬੁਰਾ ਨਹੀਂ ਹੋਇਆ ਕਰਦਾ, ਜਿਸ ਕੌਮ ਤੇ ਦੁਖ ਨਾ ਪਿਆ ਹੋਵੇ ਉਹ ਕੌਮ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਇਆ ਕਰਦੀ ਹੈ। ਖਤਮ ਹੋ ਜਾਇਆ ਕਰਦੀ ਹੈ, ਜਿਹੜੀਆਂ ਕੌਮਾਂ ਨੇ ਦੁਖ ਦੇਖੇ ਹਨ, ਉਹ ਉਚਾ ਚੜ੍ਹ ਜਾਇਆ ਕਰਦੀਆਂ ਹਨ। ਸਾਰੇ ਸੰਸਾਰ ਤੇ ਉਹ ਬਾਦਸ਼ਾਹ ਹੋਇਆ ਕਰਦੇ ਹਨ। ਸੋ ਦੁਖ ਮਾੜੀ ਚੀਜ਼ ਨਹੀਂ। ਕਹਿਣ ਲੱਗਾ, ਮੈਨੂੰ ਕੌਣ ਮਾੜਾ ਕਹਿੰਦਾ ਹੈ। ਤੁਸੀਂ ਚਾਹੋ ਨਾ ਚਾਹੋ, ਕੀ ਕਦੀ ਸੁਖ ਆਪਣੇ ਆਪ ਆਉਂਦਾ ਹੈ। ਦੁਖ ਨੇ ਕਿਹਾ, ਜਦੋਂ ਵੀ ਸੁਖ ਆਉਂਦਾ ਹੈ, ਉਸ ਨੂੰ ਮੈਂ ਭੇਜਦਾ ਹਾਂ। ਸੋ ਉਹ ਪ੍ਰੇਮੀ ਕਹਿਣ ਲੱਗਾ ਕਿ ਤੁਸੀਂ ਅਫਸੋਸ ਨਾ ਕਰੋ ਇਹ ਗੁਰੂ ਦਾ ਭਾਣਾ ਸੀ। ਪੁਛਿਆ ਤੂੰ ਕੌਣ ਹੈ? ਕਹਿਣ ਲੱਗਾ ਮੈਂ ਸ਼ਹੀਦੀ ਫੌਜ ਦਾ ਸਿੰਘ ਹਾਂ, ਮੈਨੂੰ ਗੁਰੂ ਨੇ ਹੁਕਮ ਦਿਤਾ ਹੈ ਕਿ ਮੈਂ ਤੈਨੂੰ ਸਮਝਾਵਾਂ। ਪੁੱਛਣ ਲੱਗਾ ਕਿ ਸ਼ਹੀਦ ਕੀ ਹੁੰਦੇ ਹਨ? ਕਹਿਣ ਲੱਗਾ ਕਿ ਜੇਕਰ ਮੈਂ ਚਾਹਵਾਂ ਤਾਂ ਔਰੰਗਜੇਬ ਨੂੰ ਸਣੇ ਫੌਜਾਂ ਦੇ ਹੁਣੇ ਫੜ ਕੇ ਲਿਆ ਸਕਦਾ ਹਾਂ। ਕਹਿਣ ਲੱਗਾ ਕਿ ਭਾਈ ਸਾਹਿਬ ਕੋਈ ਸ਼ਕਤੀ ਵੀ ਹੈ ਕਿ ਐਵੇਂ ਗੱਲਾਂ ਕਰੀ ਜਾਂਦੇ ਹੋ, ਤਾਂ ਦਸਿਆ ਕਿ ਸਾਡੇ ਕੋਲ ਸ਼ਕਤੀ ਤਾਂ ਬਹੁਤ ਹੈ ਪਰ ਸਾਨੂੰ ਸ਼ਕਤੀ ਵਰਤਣ ਦਾ ਹੁਕਮ ਨਹੀਂ ਹੈ। ਕਹਿਣ ਲੱਗਾ ਕਿ ਤੇਰੇ ਵਿੱਚ ਕਿੰਨੀ ਸ਼ਕਤੀ ਹੈ? ਦੇਖਦੇ ਦੇਖਦੇ ਕੀ ਦੇਖਿਆ ਕਿ ਬੱਦਲ ਤੋਂ ਉੱਚਾ ਹੋ ਗਿਆ। ਬਹੁਤ ਗਰਜ ਕੇ ਬੋਲਿਆ ਜਿਵੇਂ ਬਿਜਲੀ ਗਰਜਦੀ ਹੈ ਮੈਂ ਏਥੇ ਖੜਾ ਹੀ ਫੜ ਲਿਆਉਂਦਾ ਹਾਂ ਇਕ ਪੈਰ ਨਾਲ ਹੀ ਸਾਰੀ ਫੌਜ ਨੂੰ ਮਸਲ ਦਿਆਂਗਾ। ਐਨੀਆਂ ਵੱਡੀਆਂ ਸ਼ਕਤੀਆਂ ਦੇ ਮਾਲਕ ਅਸੀਂ ਗੁਰੂ ਦੇ ਹੁਕਮ ਵਿਚ ਬੰਨ੍ਹੇ ਖੜੇ ਹਾਂ। ਤੂੰ ਅਫਸੋਸ ਨਾ ਕਰ ਗੁਰੂ ਮਹਾਰਾਜ ਤਾਂ ਸਾਨੂੰ ਸੋਝੀ ਦੇਣ ਵਾਸਤੇ ਬਚਿਤ੍ਰ ਨਾਟਕ ਕਰਨ ਵਾਸਤੇ ਆਏ ਹਨ। ਕਹਿਣ ਲੱਗਾ, ਭਾਈ ਸਾਹਿਬ! ਆਪਣੇ ਅਸਲੀ ਰੂਪ ਵਿਚ ਆਓ, ਮੈਨੂੰ ਤਾਂ ਦੇਖ ਕੇ ਡਰ ਲਗਦਾ ਹੈ। ਤੁਸੀਂ ਐਡੇ ਵੱਡੇ ਹੋ ਕਿ ਬੱਦਲਾਂ ਤੋਂ ਵੀ ਵੱਡੇ ਬਣ ਗਏ।

ਦੁਖ ਜੋ ਹੋਇਆ ਕਰਦਾ ਹੈ, ਨਾਮ ਜਪਣ ਨਾਲ ਇਸਦੀ ਪਰੀਭਾਸ਼ਾ

ਬਦਲ ਜਾਇਆ ਕਰਦੀ ਹੈ –

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਪੰਨਾ – 960***

ਉਸ ਪਾਸੇ ਦੇਖ ਲਿਆ ਕਿ ਦੁਖ ਭੁਗਤਣ ਤੋਂ ਬਾਅਦ ਨਤੀਜਾ ਸੁਖ ਵਿਚ ਨਿਕਲਿਆ –

***ਜਿਸ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥ ਪੰਨਾ – 960***

ਜਮ ਵੀ ਬੰਦਗੀ ਕਰਨ ਵਾਲੇ ਦੀ ਪ੍ਰਸੰਸਾ ਕਰਦਾ ਹੈ –

***ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ ਪੰਨਾ – 1425***

ਕਹਿੰਦੇ ਹਨ ਕਿ ਧਰਮਰਾਜ ਵੀ ਕਹਿੰਦਾ ਹੈ ਕਿ ਜੇ ਕਿਧਰੇ ਬੰਦਗੀ ਕਰਨ ਵਾਲਾ ਧਰਮਰਾਜ ਦੀ ਪੁਰੀ ਵਿਚ ਆ ਜਾਵੇ ਤਾਂ ਉਸ ਮੇਰਾ ਭਵਨ ਪਵਿੱਤਰ ਕਰ ਦਿਤਾ ਹੈ ਤੇ ਕਹਿੰਦਾ ਹੈ ਕਿ ਤੁਸੀਂ ਮੇਰੇ ਤੇ ਬੜੀ ਕ੍ਰਿਪਾ ਕੀਤੀ ਹੈ, ਮੈਨੂੰ ਵੀ ਪਵਿੱਤਰ ਕਰ ਦਿਤਾ ਤੇ ਮੇਰੇ ਭਵਨ ਨੂੰ ਵੀ –

***ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥***
***ਜਿਸ ਦਾ ਕਰਤਾ ਮਿਤ੍ਰ ਸਭਿ ਕਾਜ ਸਵਾਰਿਆ॥ ਪੰਨਾ – 960***

ਜਿਸ ਨੂੰ ਮਿਤ੍ਰ ਹੀ ਬਣਾ ਲਿਆ –

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਪੰਨਾ – 1096***

ਜਦੋਂ ਵਾਹਿਗੁਰੂ ਹੀ ਆਪਣੇ ਵੱਲ ਹੋ ਗਿਆ ਤਾਂ ਮੁਛੰਦਗੀ ਕਾਹਦੀ ਰਹਿ ਗਈ, ਸਭ ਮਿਤ੍ਰ ਬਣ ਗਏ।

***ਜਿਸ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥***
***ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥***
***ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥***
***ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥ ਪੰਨਾ – 960***

ਆਪ ਵੀ ਉਧਰਦਾ ਹੈ, ਕੁਲਾਂ ਦਾ ਵੀ ਉਦਾਰ ਕਰ ਦਿੰਦਾ ਹੈ। ਜਿਹੜਾ ਉਸਦਾ ਬਣ ਜਾਂਦਾ ਹੈ ਉਸ ਨੂੰ ਸਾਰਾ ਸੰਸਾਰ, ਧਰਮਰਾਜ, ਸਾਰੀ ਕਾਇਨਾਤ, ਦੇਵੀ ਦੇਵਤੇ, ਧੰਨ ਧੰਨ ਕਹਿੰਦੇ ਹਨ। ਅੱਗੇ ਜਾ ਕੇ ਵੀ ਧੰਨਤਾ ਹੁੰਦੀ ਹੈ।

***ਧਾਰਨਾ – ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਨ੍ਹਾਂ ਦੇ ਪੁੱਤਰ ਨਾਮ ਜਪਦੇ –2, 2.***

*ਮੇਰੇ ਪਿਆਰੇ, ਜਿਨ੍ਹਾਂ ਦੇ ਪੁੱਤਰ ਨਾਮ ਜਪਦੇ*
*-2, 2.*
*ਧੰਨ ਧੰਨ ਨੇ ਜਣੇਦੀਆਂ ਮਾਵਾਂ, ........ -2.*

ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੇ ਹਨ -

*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥*
*ਪੰਨਾ - 488*

*ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੋ॥*
*ਖੋੜਸ ਤੁਲਾ ਮਹਾਨ, ਦੁਆਦਸ ਸੁਤਾ ਪਛਾਨੋ॥*
*ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ॥*
*ਮਾਤ ਭੈਣ ਕੁਲ ਆਠ, ਸ਼ਤ੍ਰੀ ਸਿੰਮ੍ਰਤੀ ਪੇਖੇ॥ (ਕਥਾ ਨਰਾਇਣ ਹਰੀ)*

*ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥*
*ਪੰਨਾ - 28*

ਜਿਨ੍ਹਾਂ ਨੇ ਸੰਸਾਰ ਦੇ ਅੰਦਰ ਆ ਕੇ ਆਪਣਾ ਵਾਅਦਾ ਪੂਰਾ ਕੀਤਾ, ਬੰਦਗੀ ਕੀਤੀ ਕਿਉਂਕਿ ਮਾਂ ਦੇ ਪੇਟ ਵਿਚ ਬਾਰ-ਬਾਰ ਅਰਦਾਸਾਂ ਕਰਦਾ ਸੀ ਪ੍ਰਭੂ ਮੈਨੂੰ ਇਥੋਂ ਕੁੰਭੀ ਨਰਕ ਵਿਚੋਂ ਕੱਢ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੈਂ ਤੇਰਾ ਨਾਮ ਜਪਾਂਗਾ, 24 ਘੰਟੇ ਨਾਮ ਜਪਾਂਗਾ। ਅਵਾਜ਼ ਆਉਂਦੀ ਹੈ, ਐ ਜੀਵ! ਸਾਰੀ ਕਾਇਨਾਤ ਵਿਚ ਤੇਰੇ ਵਰਗਾ ਕੋਈ ਅਹਿਸਾਨ ਫਰਾਮੋਸ਼ ਨਹੀਂ ਹੈ। ਇਕ ਤੂੰ ਹੈਂ ਜਿਸ ਨੂੰ ਮੈਂ ਸਾਰੀ ਕਾਇਨਾਤ ਦਾ ਸਰਦਾਰ ਬਣਾਇਆ ਸੀ, ਅਰ ਤੂੰ ਹੀ ਮੇਰੇ ਨਾਲੋਂ ਟੁਟਿਆ ਰਹਿੰਦਾ ਹੈ। ਜਦੋਂ ਤੇਰੇ ਤੇ ਦੁਖ ਪੈ ਜਾਂਦਾ ਹੈ ਉਸ ਵੇਲੇ ਤਾਂ ਇਹ ਗੱਲ ਕਹਿੰਦਾ ਹੈਂ, ਜਦੋਂ ਸੁਖ ਵਿਚ ਆ ਜਾਂਦਾ ਹੈ ਉਦੋਂ ਮੈਂ ਵੀ ਕਿਧਰੇ ਗਿਆ, ਮੇਰਾ ਨਾਮ ਵੀ ਕਿਧਰੇ ਗਿਆ, ਨੇਕ ਕਰਮ ਵੀ ਕਿਧਰੇ ਗਏ, ਸਾਰੇ ਵਾਅਦੇ ਭੁਲ ਜਾਂਦਾ ਹੈਂ। ਕਹਿਣ ਲੱਗਾ, ਨਹੀਂ ਮਹਾਰਾਜ ਮੇਰੇ ਤੇ ਕਿਰਪਾ ਕਰੋ। ਮਹਾਰਾਜ ਜੀ ਨੇ ਕਿਹਾ ਕਿ ਕੋਈ ਜ਼ਮਾਨਤ ਦੇਵੋ। ਜੀਵ ਕਹਿਣ ਲੱਗਾ, ਮਹਾਰਾਜ ਏਥੇ ਮਾਤਾ ਦੇ ਗਰਭ ਵਿਚ ਤਾਂ ਪੰਜ ਤੱਤਾਂ ਤੋਂ ਬਗੈਰ ਹੋਰ ਕੋਈ ਨਹੀਂ। ਰੱਬ ਜੀ ਨੇ ਕਿਹਾ ਮੈਨੂੰ ਇਹਨਾਂ ਦੀ ਜ਼ਮਾਨਤ ਹੀ ਪਰਵਾਨ ਹੈ। ਜੀਵ ਨੇ ਆਕਾਸ਼ ਤੋਂ ਪੁਛਿਆ ਤਾਂ ਅਕਾਸ਼ ਕਹਿਣ ਲੱਗਾ ਮੇਰਾ ਤਾਂ ਕੋਈ ਵਜੂਦ ਹੀ ਨਹੀਂ ਹੈ, ਮੈਂ ਤੇਰੀ ਜ਼ਮਾਨਤ ਕਿਸ ਤਰ੍ਹਾਂ ਦਿਆਂ, ਨਾਂ ਤੂੰ ਮੇਰਾ ਕਹਿਣਾ ਮੰਨਣਾ ਹੈ। ਮਿੱਟੀ ਤੋਂ ਪੁਛਿਆ, ਹਵਾ ਤੋਂ ਪੁਛਿਆ, ਅੱਗ ਤੋਂ ਪੁਛਿਆ, ਕਹਿਣ ਲੱਗੇ ਕਿ ਨਾ ਪਿਆਰਿਆ, ਤੂੰ ਵਾਅਦਾ ਫਰਾਮੋਸ਼ ਹੈਂ, ਤੂੰ ਕਦੇ ਵਾਅਦਾ ਪੂਰਾ ਨਹੀਂ ਕਰਦਾ, ਤੂੰ ਤਾਂ ਅਕ੍ਰਿਤਘਣ ਹੈਂ, ਤੇਰਾ ਤਾਂ ਬੋਝ ਧਰਤੀ ਨੂੰ ਲਗਦਾ ਹੈ। ਝੱਲਿਆ ਨਹੀਂ ਜਾਂਦਾ, ਤੇਰੇ ਪਾਪਾਂ ਦਾ ਐਨਾ ਭਾਰ ਹੈ -

*ਨਾਮੁ ਨ ਜਪਹਿ ਤੇ ਆਤਮ ਘਾਤੀ॥*
*ਪੰਨਾ - 188*

ਤੂੰ ਆਪਣੀ ਆਤਮਾ ਦਾ ਘਾਤ ਕਰਦਾ ਹੈਂ, ਤੇਰੀ ਜਮਾਨਤ ਕੌਣ ਦੇਵੇਗਾ, ਬਦਨਾਮ ਬੰਦਾ, ਜਿਹੜਾ ਜ਼ਮਾਨਤ ਟਪ ਜਾਵੇ, ਉਸ ਦੀ ਕੋਈ ਜ਼ਮਾਨਤ ਨਹੀਂ ਦਿਆ ਕਰਦਾ, ਤੇਰੀ ਜ਼ਮਾਨਤ ਕੋਈ ਇਕ ਵਾਰੀ ਦਿਤੀ ਹੈ? ਬਹੁਤ ਵਾਰੀ ਦਿੱਤੀ ਹੈ। ਤੂੰ ਮਾਨਸ ਜਨਮ ਧਾਰ ਕੇ ਵੀ ਵੈਰ ਵਿਰੋਧ ਵਿਚ ਫਸਿਆ ਹੋਇਆ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***
***ਪੰਨਾ - 268***

ਤੂੰ ਕੋਈ ਇਕ ਵਾਰੀ ਮਨੁੱਖ ਬਣਿਆ ਹੈਂ? ਸੈਂਕੜੇ ਵਾਰੀ ਬਣਿਆ ਹੈਂ। ਜਦੋਂ ਵੀ ਮਨੁੱਖ ਬਣਦਾ ਹੈਂ, ਉਸੇ ਵੇਲੇ ਆਪਣੇ ਕੀਤੇ ਹੋਏ ਸਾਰੇ ਵਾਅਦੇ ਮੁਕਰ ਜਾਂਦਾ ਹੈ। ਇਥੋਂ ਤੀਕਰ ਤੇਰੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਕਿ ਤੂੰ ਪਰਮੇਸ਼ਰ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦਾ ਹੈਂ। ਸਤਿਸੰਗ ਮਹਾਂਪੁਰਸ਼ ਦੇ ਨੇੜੇ ਭੀ ਨਹੀਂ ਆਉਂਦਾ, ਤਰਕਾਂ ਕਰਦਾ ਹੈਂ। ਮਹਾਂਪੁਰਸ਼ਾਂ ਨੂੰ ਨਫਰਤ ਕਰਦਾ ਹੈਂ।

ਅਖੀਰ ਜੀਵ ਇਹ ਸੁਣ ਕੇ ਬਹੁਤ ਉਦਾਸ ਹੋ ਗਿਆ, ਕੇਵਲ ਪੰਜਾਂ ਤੱਤਾਂ ਵਿਚੋਂ ਪਾਣੀ ਹੀ ਰਹਿ ਗਿਆ। ਕਹਿਣ ਲੱਗਾ 'ਵਰਨ ਦੇਵਤਾ' ਤੁਸੀਂ ਮੇਰੀ ਜ਼ਮਾਨਤ ਦੇ ਦਿਓ, ਉਹ ਵੀ ਕਹਿਣ ਲੱਗਾ ਤੂੰ ਬੇਇਤਬਾਰਾ ਹੈਂ ਪਰ ਦੁਖੀ ਬਹੁਤ ਹੈਂ, ਪਰ ਮੈਂ ਸ਼ਰਤ ਰਖ ਕੇ ਜ਼ਮਾਨਤ ਦਿਆਂਗੇ। ਜੇ ਪ੍ਰਭੂ ਨੂੰ ਮਨਜ਼ੂਰ ਹੋਈ ਤਾਂ ਠੀਕ ਹੈ, ਜੇ ਨਾ ਮਨਜ਼ੂਰ ਹੋਈ ਤਾਂ ਨਹੀਂ। ਜੀਵ ਕਹਿਣ ਲੱਗਾ, ਮਹਾਰਾਜ ਮੇਰਾ ਜ਼ਮਾਨਤੀਆ ਹਾਜ਼ਰ ਹੈ। ਪ੍ਰਭੂ ਨੇ ਕਿਹਾ ਕਿ ਦੇਖ ਲੈ ਇਹ ਬੇਇਤਬਾਰਾ ਜੀਵ ਹੈ, ਇਹ ਨਾਮ ਨਹੀਂ ਜਪੇਗਾ, ਇਹ ਬਾਹਰ ਜਾ ਕੇ ਐਸਾ ਵਿਗੜਦਾ ਹੈ, ਸੋ ਇਸਦੀ ਜ਼ਮਾਨਤ ਸੋਚ ਕੇ ਦਈਂ। ਪਾਣੀ ਕਹਿਣ ਲੱਗਾ, ਮਹਾਰਾਜ! ਡਰਦਾ ਤਾਂ ਮੈਂ ਵੀ ਹਾਂ, ਪਰ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ। ਜੇਕਰ ਮੈਂ ਵੀ ਨਾ ਦਿੱਤੀ ਤਾਂ ਬਿਲਕੁਲ ਕੰਮ ਖਤਮ ਹੋ ਜਾਏਗਾ। ਇਸ ਜੀਵ ਨੇ ਕਿਸੇ ਪੀਰ, ਗੁਰੂ ਔਲੀਏ, ਪੈਗੰਬਰ ਸਾਧੂ, ਸੰਤ ਦੀ ਬਾਤ ਨਹੀਂ ਮੰਨਣੀ। ਜਲ ਨੇ ਕਿਹਾ ਕਿ ਜਦੋਂ ਇਹ ਬੰਦਾ ਇਸ਼ਨਾਨ ਕਰਨ ਵੇਲੇ ਮੈਨੂੰ (ਪਾਣੀ ਨੂੰ) ਆਪਣੇ ਸਰੀਰ ਤੇ ਪਾਏਗਾ, ਮੈਂ ਇਕ ਵਾਰੀ ਤਾਂ ਅੱਲਾ, ਰਾਮ, ਵਾਹਿਗੁਰੂ ਇਸ ਦੇ ਮੂੰਹ ਤੋਂ ਕਢਾ ਦਿਆਂਗਾ। ਅੱਗੋ ਇਹ ਜਾਣੇ ਤੇ ਇਹਦਾ ਕੰਮ ਜਾਣੇ।

ਸੋ ਐਸੀ ਪਤਲੀ ਜਿਹੀ ਛੋਟੀ ਜਿਹੀ ਜਮਾਨਤ ਤੇ ਸਾਨੂੰ ਇਹ ਸਰੀਰ ਮਿਲਿਆ। ਮਹਾਰਾਜ ਕਹਿੰਦੇ –

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

*ਪੰਨਾ - 921*

ਭੁਲ ਗਿਆ, ਵਾਹਿਗੁਰੂ ਯਾਦ ਹੀ ਨਹੀਂ ਆਉਂਦਾ -

*ਧਾਰਨਾ - ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,*
*ਉਹਨੂੰ ਕਿਉਂ ਵਿਸਾਰੇਂ ਗਾਫਲਾ -2, 2.*

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ॥*
*ਪੰਨਾ - 920*

ਉਥੇ ਵੀ ਤੈਨੂੰ ਰੱਖਿਆ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ - 251*

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਪੰਨਾ - 251*

ਭੁਲ ਗਿਆ, ਚਿੱਤ ਚੇਤੇ ਹੀ ਨਹੀਂ ਆਉਂਦਾ। ਕਹਿੰਦਾ ਕਿਹੜਾ ਰੱਬ, ਕਿਹੜੇ ਰੱਬ ਦੀ ਗੱਲ ਕਰਦੇ ਹੋ? ਐਸਾ ਅਕ੍ਰਿਤਘਣ ਹੋ ਗਿਆ। ਅਕ੍ਰਿਤਘਣ ਦਾ ਭਾਰ ਇਸ ਧਰਤੀ ਤੇ ਸਭ ਨਾਲੋਂ ਵੱਧ ਹੋਇਆ ਕਰਦਾ ਹੈ। ਸੋ ਐਸਾ ਆਦਮੀ ਨਾਮ ਜਪਣ ਦੀ ਬਜਾਏ ਉਲਟੇ ਕੰਮਾਂ ਵਿਚ ਪੈ ਗਿਆ, ਹਾਲਾਂਕਿ ਨਾਮ ਦੇ ਕਿੰਨੇ ਫਾਇਦੇ ਹਨ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਪੰਨਾ - 70*

ਸੋ ਐਸੇ ਨਾਮ ਦੀ ਜੋ ਮਹਿਮਾ ਹੈ ਉਹ ਕੇਵਲ ਨਾਮ ਜਪਣ ਵਾਲੇ ਹੀ ਜਾਣਦੇ ਹਨ। ਬੰਦਗੀ ਕਰਨ ਵਾਲਿਆਂ ਨੂੰ ਹੀ ਪਤਾ ਲਗਦਾ ਹੈ ਪਰ ਦੱਸ ਨਹੀਂ ਸਕਦੇ।

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥*

*ਪੰਨਾ - 334*

ਕਿਸੇ ਨੂੰ ਕੀ ਦੱਸੇ ਕਿ ਨਾਮ ਵਿਚ ਕੀ ਹੁੰਦਾ ਹੈ। ਕਿੰਨੀ ਮਹਿਮਾ ਦੱਸੀ ਜਾਓ ਪਰ ਇਹ ਜੀਵ ਐਸਾ ਖੁਟਰ ਹੈ ਇਸਦੇ ਅੰਦਰ ਕੋਈ ਗੱਲ ਵਸਦੀ ਹੀ ਨਹੀਂ। ਜਿਸ ਤਰ੍ਹਾਂ ਮੋਠਾਂ ਵਿਚ ਕੋਈ ਕੋਈ ਦਾਣਾ ਐਸਾ ਹੁੰਦਾ ਹੈ ਜਿਸ ਨੂੰ ਕਿੰਨਾ ਹੀ ਉਬਾਲੀ ਜਾਓ ਉਹ ਦਾਣਾ ਭਿਜਦਾ ਹੀ ਨਹੀਂ। ਸੋ ਸੰਤਾਂ ਨੂੰ ਪਤਾ ਹੁੰਦਾ ਹੈ। ਪਿਛਲੇ ਕਿੰਨੇ ਦਿਨਾਂ ਤੋਂ ਨਾਮ ਦੀ ਹੀ ਗੱਲ ਚਲ ਰਹੀ ਹੈ।

ਕਈ ਸਤਸੰਗਾਂ ਦੇ ਵਿਚ ਨਾਮਦੇਵ ਜੀ ਦਾ ਜ਼ਿਕਰ ਆ ਰਿਹਾ ਹੈ। ਉਹਦੇ ਬਾਰੇ ਵਿਚ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਪੰਨਾ – 487***

ਇਕ ਗਰੀਬ ਆਦਮੀ ਨਾਮ ਜਪ ਕੇ ਐਨਾ ਵੱਡਾ ਹੋ ਗਿਆ ਕਿ ਹਿੰਦੋਸਤਾਨ ਦਾ ਚੱਕਰਵਰਤੀ ਰਾਜਾ ਸਲੇਮਸ਼ਾਹ ਗਲ ਵਿਚ ਪੱਲਾ ਪਾ ਕੇ ਆਪਣੀ ਉਹ ਵੀ ਭੁੱਲ ਮੰਨਦਾ ਹੈ ਤੇ ਕਹਿੰਦਾ ਹੈ ਨਾਮਦੇਵ ਮੈਨੂੰ ਬਖਸ਼ ਦੇ–

***ਕਾਜੀ ਮੁਲਾਂ ਬਿਨਤੀ ਫੁਰਮਾਇ॥***
***ਬਖਸੀ ਹਿੰਦੂ ਮੈ ਤੇਰੀ ਗਾਇ॥ ਪੰਨਾ – 1166***

ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ। ਨਾਮ ਜਪਣ ਵਾਲੇ ਤੋਂ ਹੀ ਮੰਗਿਆ ਕਿ ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ, ਕਿਸੇ ਪੈਸੇ ਵਾਲੇ ਨੂੰ ਤਾਂ ਨਹੀਂ ਕਿਹਾ ਕਿ ਮੈਨੂੰ ਬਖਸ਼ ਦੇਵੋ ਮੈਂ ਗੁਨਾਹ ਕੀਤਾ ਹੈ। ਪੈਸੇ ਵਾਲੇ ਨੂੰ ਤਾਂ ਉਸ ਸਮੇਂ ਵਿਚ ਲੁੱਟ ਹੀ ਲਿਆ ਕਰਦੇ ਹਨ। ਸੋ ਨਾਮਦੇਵ ਦੀ ਮਹਿਮਾ ਸਾਰੇ ਭਾਰਤਵਰਸ਼ ਵਿਚ ਫੈਲ ਗਈ। ਇਧਰ ਪੰਜਾਬ ਵਿਚ ਵੀ ਪਤਾ ਲਗ ਗਿਆ, ਦਿੱਲੀ ਵਿਚ ਵੀ ਪਤਾ ਲੱਗ ਗਿਆ, ਬਨਾਰਸ ਵਿਚ ਵੀ ਪਤਾ ਲੱਗ ਗਿਆ। ਸਾਰੇ ਪਤਾ ਲੱਗ ਗਿਆ। ਫੇਰ ਹਰ ਇਕ ਦੇ ਮਨ ਵਿਚ ਆਉਂਦਾ ਹੈ ਕਿ ਜੇ ਐਸਾ ਸਾਂਈ ਦਾ ਪਿਆਰਾ ਪ੍ਰਗਟ ਹੋਇਆ ਹੈ ਤਾਂ ਮੈਂ ਵੀ ਉਸਦੇ ਦਰਸ਼ਨ ਕਰਾਂ, ਅਸੀਂ ਵੀ ਬੇਨਤੀ ਕਰਦੇ ਹਾਂ –

***ਗੁਰਸਿਖਾਂ ਕੀ ਹਰਿ ਧੂੜਿ ਦਹਿ ਹਮ ਪਾਪੀ ਭੀ ਗਤਿ ਪਾਂਹਿ॥***

***ਪੰਨਾ – 1424***

ਹੇ ਵਾਹਿਗੁਰੂ! ਕੋਈ ਆਪਣਾ ਬਖਸ਼ਿਆ ਹੋਇਆ ਪਿਆਰਾ ਭੇਜ, ਜਿਹੜਾ ਸਾਡੇ ਵੀ ਭਰਮਾਂ ਦੇ ਛੌੜ ਕੱਟ ਦੇਵੇ, ਅਨੁਭਵ ਦੀਆਂ ਅੱਖਾਂ ਨੂੰ ਹੋਇਆ ਮੋਤੀਆਬਿੰਦ ਦੂਰ ਕਰ ਦੇਵੇ ਅਤੇ ਪਰਮੇਸ਼ਰ ਜਿਹੜਾ ਘਟ ਘਟ ਵਿਚ ਵਿਆਪਕ ਹੈ, ਉਸਦੇ ਦਰਸ਼ਨ ਕਰਵਾ ਦੇਵੇ।

ਸੋ ਉਨ੍ਹਾਂ ਦਿਨਾਂ ਵਿਚ ਸੰਗ ਮਿਲ ਮਿਲ ਕੇ ਤੀਰਥ ਯਾਤਰਾ ਨੂੰ ਜਾਇਆ ਕਰਦੇ ਸਨ। ਉਦੋਂ ਕੋਈ ਸਵਾਰੀਆਂ ਨਹੀਂ ਸਨ ਹੁੰਦੀਆਂ। ਕੋਈ ਸਹੂਲਤਾਂ ਨਹੀਂ ਸੀ ਹੁੰਦੀਆਂ। ਪੰਜੀਰੀਆਂ ਬਣਾ ਕੇ ਪੀਪਿਆਂ ਵਿਚ ਭਰ ਭਰ ਕੇ ਛੇ ਛੇ ਮਹੀਨੇ ਸਾਲ ਸਾਲ ਵਾਸਤੇ ਨਾਲ ਲੈ ਜਾਇਆ ਕਰਦੇ ਸੀ। ਥਾਂ ਥਾਂ ਤੇ ਸਰਾਵਾਂ ਬਣੀਆਂ ਹੁੰਦੀਆਂ ਸਨ। ਉਹਨਾਂ ਸਰਾਵਾਂ ਵਿਚ ਪ੍ਰਸ਼ਾਦ ਪਾਣੀ ਵੀ ਛਕਣਾ ਤੇ ਮਹਾਂਪੁਰਸ਼ਾਂ ਨੇ ਸਤਿਸੰਗ ਵੀ ਕਰਨੇ।

ਅੱਜ ਇਕ ਜੱਥਾ ਪੰਜਾਬ ਤੋਂ ਨਾਮਦੇਵ ਜੀ ਦਾ ਪਤਾ ਲੈ ਕੇ ਦੱਖਣ ਵੱਲ ਨੂੰ ਆ ਗਿਆ। ਨਾਮਦੇਵ ਜੀ ਨਾਲ ਪੰਜ ਸੱਤ ਦਿਨ ਸਤਸੰਗ ਕਰਦੇ ਰਹੇ, ਕਾਫੀ ਜਾਣ ਪਹਿਚਾਣ ਵਧ ਗਈ। ਇਹਨਾਂ ਦੇ ਹਿਰਦੇ ਵਿਚ ਬੜਾ ਪਿਆਰ ਆਇਆ। ਇਕ ਦਿਨ ਮੌਕਾ ਪਾ ਕੇ ਨਾਮਦੇਵ ਜੀ ਨੂੰ ਕਹਿਣ ਲੱਗੇ ਕਿ ਭਗਤ ਜੀ ਤੁਸੀਂ ਦੱਖਣ ਵੱਲ ਹੀ ਰਹਿੰਦੇ ਹੋ, ਬਾਕੀ ਹਿੰਦੁਸਤਾਨ ਵੀ ਪਿਆ ਹੈ। ਕਿਉਂਕਿ ਪਹਿਲੇ ਰੱਬ ਦੇ ਪਿਆਰੇ ਘੁੰਮ ਕੇ ਪ੍ਰਚਾਰ ਕਰਿਆ ਕਰਦੇ ਸਨ। ਲੋੜਾਂ ਬਹੁਤ ਘੱਟ ਹੁੰਦੀਆਂ ਸਨ ਤੇ ਸਮੇਂ ਦੇ ਅਨੁਕੂਲ ਹੀ ਹੋਇਆ ਕਰਦੇ ਸਨ। ਅੱਜ-ਕੱਲ ਤਾਂ ਜੇ ਕੋਈ ਦਰਖਤਾਂ ਥੱਲੇ ਬੈਠਾ ਹੋਵੇ ਤਾਂ ਲੋਕ ਚੋਰ ਸਮਝ ਕੇ ਵੱਢ ਕੇ ਹੀ ਸੁੱਟ ਦੇਣ। ਸਾਰਾ ਸਮਾਂ ਬਦਲ ਗਿਆ ਹੈ, ਕਲਜੁਗ ਦਾ ਬਹੁਤ ਪ੍ਰਭਾਵ ਪੈ ਗਿਆ। ਉਹ ਮਹਾਤਮਾ ਸਾਰੇ ਚਕ੍ਰਵਰਤੀ ਹੁੰਦੇ ਸਨ, ਉਹਨਾਂ ਨੂੰ ਮੰਡਲੇਸ਼ਵਰ ਕਿਹਾ ਕਰਦੇ ਸਨ, ਮੰਡਲੀਆਂ ਫੇਰਿਆ ਕਰਦੇ ਸਨ। ਕਈ ਕਈ ਦਿਨ ਸ਼ਹਿਰਾਂ ਪਿੰਡਾਂ ਵਿਚ ਰਹਿਣਾ ਤੇ ਧਰਮ ਦਾ ਪ੍ਰਚਾਰ ਕਰਨਾ, ਸਾਰੀ ਸੰਗਤ ਨੇ ਆਉਣਾ ਤੇ ਸਾਰੇ ਸ਼ੰਕੇ ਨਵਿਰਤ ਕਰਨੇ ਤੇ ਨਵਾਂ ਰਾਹ ਹਾਸਲ ਕਰਨਾ। ਸੋ ਕਹਿਣ ਲੱਗੇ, "ਸੰਤ ਜੀ ਤੁਸੀਂ ਏਥੇ ਹੀ ਬੈਠੇ ਹੋ, ਤੁਹਾਡੀ ਮਹਿਮਾ ਦੂਰ ਦਰਾਜ਼ ਤੱਕ ਫੈਲੀ ਹੋਈ ਹੈ, ਵੱਡੇ ਵੱਡੇ ਮਹਾਂਪੁਰਸ਼ ਤੁਹਾਡੀਆਂ ਸਾਖੀਆਂ ਸੁਣਾਉਂਦੇ ਹਨ। ਅਸੀਂ ਉਸ ਦੇਹੁਰੇ ਦੇ ਦਰਸ਼ਨ ਕੀਤੇ ਹਨ, ਜਿਹੜਾ ਤੁਸੀ ਫੇਰਿਆ ਹੈ, ਅਸੀਂ ਸਭ ਕੁਝ ਸੁਣਿਆ ਹੈ ਤੁਸੀਂ ਕਿਰਪਾ ਕਰਕੇ ਪੰਜਾਬ ਵੱਲ ਆਓ।" ਬਾਰ-ਬਾਰ ਬੇਨਤੀਆਂ ਕਰਨ ਤੇ ਨਾਮਦੇਵ ਜੀ ਕਹਿਣ ਲੱਗੇ, ਭਾਈ ਗੁਰਮੁਖੋ! ਸੰਤਾਂ ਨੂੰ ਕੋਈ ਫੁਰਨਾ ਨਹੀਂ ਹੋਇਆ ਕਰਦਾ, ਨਾ ਤਰਨ ਦਾ, ਨਾ ਤਾਰਨ ਦਾ। ਉਹ ਹੁਕਮ ਵਿਚ ਹੋਇਆ ਕਰਦੇ ਹਨ। ਤੁਹਾਡੀ ਜੋ ਪ੍ਰਾਲਬਧ ਹੁੰਦੀ ਹੈ ਉਹ ਖਿਚ ਕੇ ਲੈ ਜਾਇਆ ਕਰਦੀ ਹੈ। ਜੇ ਸੰਗਤ ਵਿਚ ਜਗਿਆਸੂਆਂ ਦੀ ਪ੍ਰਾਲਬਧ ਹੋਵੇ ਫੇਰ ਤਾਂ ਉਹੋ ਜਿਹੇ ਬਚਨ ਨਿਕਲਦੇ ਹਨ ਜਿਸ ਤਰ੍ਹਾਂ ਦੇ ਸ਼ਰਧਾਲੂ ਹੋਣ, ਜੇ ਨਾ ਹੋਵੇ ਤਾਂ ਉਹ ਮਸਤ ਰਹਿੰਦੇ ਹਨ। ਉਹਨਾਂ ਦੀ ਨਿਗਾਹ ਵਿਚ ਕੋਈ ਭੁੱਲਿਆ ਹੋਇਆ ਨਹੀਂ ਹੈ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ - 610***

ਜੇ ਕੋਈ ਕਹੇ ਕਿ ਪ੍ਰਚਾਰ ਕਿਉਂ ਕਰਦੇ ਨੇ। ਸਾਧ ਸੰਗਤ ਜੀ, ਉਹ ਆਪ ਕੁਝ ਨਹੀਂ ਕਰਦੇ। ਜਗਿਆਸੂਆਂ ਦੀ ਪ੍ਰਾਲਬਧ ਉਹਨਾਂ ਦੇ ਮੁਖ ਤੋਂ

ਬਚਨ ਕਢਾ ਲਿਆ ਕਰਦੀ ਹੈ। ਪ੍ਰਮੇਸ਼ਰ ਦੇਖ ਰਿਹਾ ਹੁੰਦਾ ਹੈ ਤੇ ਮਹਾਂਪੁਰਸ਼ ਨੂੰ ਪ੍ਰੇਰਿਤ ਕਰ ਦਿੰਦਾ ਹੈ। ਮਹਾਂਪੁਰਸ਼ਾਂ ਨੂੰ ਇਹ ਬਿਲਕੁਲ ਨਹੀਂ ਹੁੰਦਾ ਕਿ ਮੈਂ ਪ੍ਰਚਾਰ ਕੀਤਾ ਹੈ ਜਾਂ ਮੈਂ ਕੁਝ ਕਰਦਾ ਹਾਂ ਕਿਉਂਕਿ ਉਹ ਤਾਂ ਕਿਸੇ ਚੀਜ਼ ਨੂੰ ਅਪਣਾਉਂਦੇ ਹੀ ਨਹੀਂ, ਹਰ ਚੀਜ਼ ਆਪਣੇ ਆਪ ਸੁਤੇ ਸਿਧ ਜਿਸ ਤਰ੍ਹਾਂ ਚਾਹੁੰਦਾ ਹੈ ਉਸੇ ਤਰ੍ਹਾਂ ਹੀ ਹੋਈ ਜਾਂਦੀ ਹੈ। ਸਭ ਪ੍ਰਭੂ ਹੁਕਮ ਹੀ ਵਰਤ ਰਿਹਾ ਹੈ।

ਸੋ ਨਾਮਦੇਵ ਜੀ ਨੇ ਜਥੇ ਨੂੰ ਕਿਹਾ, ਪ੍ਰੇਮੀਓ! ਕੋਈ ਨਾ ਅਸੀਂ ਕਦੇ ਆ ਜਾਵਾਂਗੇ। ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਜਦੋਂ ਤੁਸੀਂ ਆਉਣਾ ਹੋਵੇ ਸਾਨੂੰ ਸੁਨੇਹਾ ਜ਼ਰੂਰ ਭੇਜ ਦੇਣਾ ਤਾਂ ਕਿ ਅਸੀਂ ਸਭ ਇਕੱਠੇ ਹੋ ਕੇ ਆਪ ਦਾ ਸਵਾਗਤ ਚੰਗੀ ਤਰ੍ਹਾਂ ਕਰ ਸਕੀਏ। ਵੈਸੇ ਸਾਧੂ ਨੇ ਜਦੋਂ ਸਾਧੂ ਲਿਬਾਸ ਪਾਇਆ ਹੋਵੇ ਉਹ ਪਛਾਣਿਆ ਜਾਂਦਾ ਹੈ ਪਰ ਤੁਹਾਡਾ ਲਿਬਾਸ ਤਾਂ ਗ੍ਰਹਿਸਤੀਆਂ ਵਾਲਾ ਹੈ। ਇਸ ਤਰ੍ਹਾਂ ਤੁਹਾਨੂੰ ਕਿਸੇ ਨੇ ਪਛਾਨਣਾ ਨਹੀਂ। ਜੇਕਰ ਸਾਧੂ ਨੂੰ ਨਾ ਪਛਾਣਿਆ ਜਾਵੇ ਉਸਦਾ ਪੂਰਾ ਸਤਿਕਾਰ ਨਾ ਕੀਤਾ ਜਾਵੇ ਤਾਂ ਬਹੁਤ ਪਾਪ ਲਗਦਾ ਹੈ ਤੇ ਅੱਧਾ ਪਾਪ ਸਾਧੂ ਦੇ ਸਿਰ ਤੇ ਹੁੰਦਾ ਹੈ ਕਿਉਂਕਿ ਉਸਨੇ ਆਪਣਾ ਰੂਪ ਐਸਾ ਬਣਾਇਆ ਹੁੰਦਾ ਹੈ ਜਿਸ ਤੋਂ ਪਤਾ ਨਾ ਲੱਗੇ ਕਿ ਇਹ ਸਾਧੂ ਹੈ। ਸੋ ਐਸਾ ਨਾ ਹੋਵੇ ਕਿ ਸਾਡੇ ਕੋਲੋਂ ਕੋਈ ਅਵੱਗਿਆ ਹੋ ਜਾਵੇ, ਸੋ ਕ੍ਰਿਪਾ ਕਰਕੇ ਆਪ ਸੰਦੇਸ਼ਾ ਜ਼ਰੂਰ ਭੇਜ ਦੇਣਾ। ਸੋ ਉਹ ਸੰਗ ਵਾਪਸ ਚਲਾ ਗਿਆ।

ਕਾਫੀ ਸਮੇਂ ਤੋਂ ਬਾਅਦ ਨਾਮਦੇਵ ਜੀ ਨੇ ਵੀਚਾਰ ਕੀਤੀ ਕਿ ਸ਼ਰਧਾਲੂਆਂ ਸਮੇਤ ਤੀਰਥ ਯਾਤਰਾ ਕਰੀਏ ਸੰਗਤਾਂ ਦੇ ਦਰਸ਼ਨ ਕਰੀਏ, ਕੋਈ ਬਖਸ਼ਿਆ ਹੋਇਆ ਮਿਲ ਜਾਵੇ, ਕਿਉਂਕਿ ਸੰਤ ਆਪਣੇ ਆਪ ਨੂੰ ਬਖਸ਼ਿਆ ਹੋਇਆ ਨਹੀਂ ਸਮਝਦੇ। ਸਦਾ ਨਿਮਰਤਾ ਵਿਚ ਰਹਿੰਦੇ ਹਨ। ਸੰਸਾਰ ਵਿਚ ਹੀ ਭਾਲਦੇ ਹਨ ਕਿਉਂਕਿ ਪਰਮੇਸ਼ਰ ਸਭ ਥਾਂ ਤੇ ਹੈ, ਘਟ ਘਟ ਵਿਚ ਵਿਆਪਕ ਹੈ। ਕਹਿਣ ਲੱਗੇ ਕਿ ਵੱਡੇ ਵੱਡੇ ਮਹਾਤਮਾ ਹਨ।

ਏਧਰ ਉਤਰੀ ਭਾਰਤ (Northern India) ਨੂੰ ਚਾਲੇ ਪਾ ਲਏ। ਬਹੁਤ ਸਾਰੀ ਸੰਗਤ ਨਾਲ ਲੈ ਲਈ ਮਾਤਾ ਵੀ ਨਾਲ ਲੈ ਲਈ, ਦਿੱਲੀ ਵਿਚ ਆ ਗਏ, ਦਿੱਲੀ ਦੀ ਸੰਗਤ ਨੂੰ ਪਤਾ ਲਗਿਆ ਜਿਹੜੇ ਸ਼ਰਧਾਲੂ ਪੁਰਸ਼ ਸੀ, ਬਹੁਤ ਆਦਰ ਮਾਣ ਸਤਿਕਾਰ ਨਾਲ ਆਪ ਨੂੰ ਲੈ ਆਏ ਤੇ ਆਪ ਦਾ ਨਿਵਾਸ ਜਮਨਾ ਦੇ ਨੇੜੇ ਹੀ ਕਰਵਾ ਦਿਤਾ। ਨਾਮਦੇਵ ਜੀ ਨੇ ਕਿਹਾ ਕਿ ਇਹ ਠੀਕ ਹੈ। ਇਥੇ ਇਸ਼ਨਾਨ ਕਰ ਲਿਆ ਕਰਾਂਗੇ ਤੇ ਨਾਲ ਇਕਾਂਤ ਜਗ੍ਹਾ ਹੈ। ਇਥੇ ਕੁਝ ਦੇਰ ਪਰਮੇਸ਼ਰ ਦੀ ਯਾਦ ਵਿਚ ਬੈਠਿਆ ਕਰਾਂਗੇ। ਸੋ ਨਾਮਦੇਵ ਜੀ ਹਰ ਰੋਜ਼ ਸਤਸੰਗ ਵਿਚ ਪ੍ਰਭੂ ਭਗਤੀ ਦੇ ਬਚਨ ਕਰਦੇ ਸਨ, ਜਿਉਂ ਜਿਉਂ ਦੂਰ ਤੱਕ ਪਤਾ ਲਗਦਾ ਹੈ ਸੰਗਤ ਵਧਦੀ ਜਾ ਰਹੀ ਹੈ। ਸਤਸੰਗ ਵਿਚ ਬਹੁਤ ਕਿਸਮ ਦੇ ਬੰਦੇ ਆਉਂਦੇ ਹਨ ਤਿੰਨਾਂ ਨੂੰ ਅਧਿਕਾਰ ਨਹੀਂ ਹੁੰਦਾ, ਸਿਰਫ ਇਕ ਵਰਗ ਨੂੰ ਅਧਿਕਾਰ ਹੁੰਦਾ ਹੈ।

ਇਕ ਤਾਂ ਉਹ ਹੁੰਦੇ ਹਨ ਜੋ ਸਤਿਸੰਗ ਵਿਚ ਆ ਜਾਂਦੇ ਹਨ। ਉਹਨਾਂ ਦਾ ਕੋਈ ਚੰਗਾ ਸੰਸਕਾਰ ਉਹਨਾਂ ਨੂੰ ਉਥੇ ਲੈ ਆਉਂਦਾ ਹੈ। ਪਰ ਅੱਗੇ ਉਹਨਾਂ ਦੀ ਪ੍ਰਾਲਬਧ ਵਿਚ ਕੁਝ ਨਹੀਂ ਹੋਇਆ ਕਰਦਾ, ਜਾਂ ਤਾਂ ਉਹ ਅੱਖਾਂ ਮੀਚ ਕੇ ਸੌਂ ਜਾਂਦੇ ਹਨ। ਤੁੰਦਰਾ ਨੀਂਦ ਮੂੜ੍ਹਤਾ ਹੋਇਆ ਕਰਦੀ ਹੈ। ਚਿਤ ਦੀ ਬਿਰਤੀ, ਪ੍ਰਭਾਵ ਹਾਸਲ ਨਾ ਕਰਦੀ ਅਤੇ ਨੇਤਰ ਬੰਦ ਕੀਤੇ ਤੇ ਸੌਂ ਗਏ, ਪਤਾ ਹੀ ਨਹੀਂ ਕਿ ਕੀ ਦਸਿਆ ਹੈ ਜਾਂ ਨਹੀਂ ਦਸਿਆ ਹੈ। ਕਿਤੇ ਜਾਗ ਪਏ ਕਿਤੇ ਸੌਂ ਗਏ, ਅਜਿਹੇ ਪੁਰਸ਼ਾਂ ਨੂੰ ਊਂਘੇ ਕਹਿੰਦੇ ਹਨ। ਦੂਸਰੇ ਹੁੰਦੇ ਹਨ ਉਹ ਖੰਘੀ ਹੀ ਜਾਂਦੇ ਹਨ। ਕਦੀ ਏਧਰ ਦੇਖ ਕਦੀ ਓਧਰ ਦੇਖ, ਐਸੀ ਬਿਰਤੀ ਹੁੰਦੀ ਹੈ। ਉਹ ਨਾ ਹੀ ਆਪ ਸਾਵਧਾਨ ਹੋ ਕੇ ਬਚਨ ਸੁਣਦੇ ਹਨ ਅਤੇ ਆਪ ਦੀ ਚੰਚਲ ਬਿਰਤੀ ਕਾਰਨ ਦੂਸਰਿਆਂ ਵਿਚ ਭੀ ਵਿਖਸ਼ੇਪਤਾ ਪੈਦਾ ਕਰੀ ਰਖਦੇ ਹਨ। ਉਹਨਾਂ ਨੂੰ ਖੂੰਗੇ ਕਹਿੰਦੇ ਹਨ। ਤੀਸਰੇ ਉਹ ਬੰਦੇ ਹੁੰਦੇ ਹਨ ਜੋ ਸਤਸੰਗ ਵਿਚ ਆ ਕੇ ਬਿਰਤੀ ਇਕਾਗਰ ਕਰਕੇ ਸੁਣਨ ਦਾ ਯਤਨ ਕਰਦੇ ਹਨ। ਉਹਨਾਂ ਨੂੰ 'ਚੂੰਘੇ' ਕਹਿੰਦੇ ਹਨ। ਉਹ ਅਧਿਕਾਰੀ ਹੁੰਦੇ ਹਨ। ਇਕ ਹੋਰ ਹੁੰਦੇ ਹਨ ਉਹ ਤਾਂ ਸਤਸੰਗ ਵਿਚ ਆ ਕੇ smell ਕਰਦੇ ਹਨ ਕਿ ਇਹ ਕੀ ਬੋਲਦਾ ਹੈ। ਇਥੇ ਇਕੱਠ ਹੁੰਦਾ ਹੈ, ਕਾਹਦਾ ਇਕੱਠ ਹੁੰਦਾ ਹੈ। ਰੋਜ਼ ਲੋਕ ਇਕੱਠੇ ਹੋ ਜਾਂਦੇ ਹਨ। ਬਹੁਤੇ smell ਕਰਦੇ ਹਨ। ਉਹ ਬੈਠਿਆ ਨਹੀਂ ਕਰਦੇ, ਚਲੇ ਜਾਇਆ ਕਰਦੇ ਹਨ। ਉਹਨਾਂ ਦਾ ਚਿੱਤ ਨਹੀਂ ਲਗਦਾ। ਉਹਨਾਂ ਦਾ ਸਿਰਫ ਐਨਾ ਮਤਲਬ ਹੁੰਦਾ ਹੈ ਕਿ ਇਹ ਕੀ ਦਸਦਾ ਹੈ, ਕੀ ਕਹਿੰਦਾ ਹੈ। ਇਨ੍ਹਾਂ ਨੂੰ ਸੂੰਘੇ ਕਹਿੰਦੇ ਹਨ, ਇਹਨਾਂ ਵਿਚੋਂ ਇਕ ਅਧਿਕਾਰੀ ਉਹ ਹੁੰਦਾ ਹੈ ਜਿਸ ਨੂੰ ਚੂੰਘੇ ਕਹਿੰਦੇ ਹਨ। ਸੋ ਸਤਸੰਗ ਵਿਚ ਐਸੇ ਵੀ ਆਉਂਦੇ ਹਨ, ਦੂਸਰੇ ਵੀ ਆਉਂਦੇ ਹਨ।

ਸੋ ਨਾਮਦੇਵ ਜੀ ਦੀ ਮਹਿਮਾ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਅੱਜ ਆਪ ਅੰਮ੍ਰਿਤ ਵੇਲੇ ਜਾਗੇ ਤੇ ਜਮਨਾ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਚੌਂਕੜਾ ਮਾਰ ਕੇ ਬੈਠ ਗਏ ਕਿਉਂਕਿ ਸਾਧ ਸੰਗਤ ਜੀ, ਜੋ ਅੰਮ੍ਰਿਤ ਵੇਲਾ ਹੋਇਆ ਕਰਦਾ ਹੈ ਉਸ ਸਮੇਂ ਕੀਤੀ ਸਾਧਨਾ ਵਿਚ ਫਰਕ ਹੁੰਦਾ ਹੈ, ਜਿਹੜਾ ਛੇ ਵਜੇ ਸਵੇਰੇ ਤੋਂ ਲੈ ਕੇ ਦਿਨੇ ਬਾਰਾਂ ਵਜੇ ਤੱਕ ਇਸ਼ਨਾਨ ਕਰਦਾ ਹੈ ਉਹ ਕੇਵਲ ਕਾਇਆ ਦੀ ਪਵਿੱਤਰਤਾ ਵਾਸਤੇ ਹੀ ਕਰਦਾ ਹੈ। ਉਸ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀਂ ਹੋਇਆ ਕਰਦਾ। ਇਸ ਤੋਂ ਬਾਅਦ ਜਿਹੜਾ ਤੀਜੇ ਜਾਂ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਉਸ ਨੂੰ ਮਲੇਸ਼ ਇਸ਼ਨਾਨ ਕਹਿੰਦੇ ਹਨ।

ਐਸਾ ਸੌ ਸਾਖੀ ਵਿਚ ਲਿਖਿਆ ਹੋਇਆ ਹੈ, ਦਸਵੇਂ ਪਾਤਸ਼ਾਹ ਜੀ ਭਾਈ ਬਿਸ਼ੰਭਰ ਨਾਥ ਨੂੰ ਸਮਝਾਉਂਦੇ ਹਨ ਕਿ ਜਿਹੜਾ ਤੀਜੇ ਤੇ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਇਹ ਮਲੇਸ਼ ਇਸ਼ਨਾਨ ਹੋਇਆ ਕਰਦਾ ਹੈ। ਇਸ ਇਸ਼ਨਾਨ ਦਾ ਕੋਈ ਫਲ ਨਹੀਂ ਹੁੰਦਾ। ਇਸ ਨੂੰ ਭੂਤ ਇਸ਼ਨਾਨ ਵੀ ਕਹਿੰਦੇ ਹਨ। ਜਿਹੜਾ ਅੱਧ ਰਾਤ੍ਰੀ ਇਸ਼ਨਾਨ ਹੁੰਦਾ ਹੈ, ਜਿਹੜੇ ਬਾਰਾਂ ਵਜੇ ਨਹਾਉਂਦੇ ਹਨ, ਉਸ ਨੂੰ ਰਾਕਸ਼ੀ ਇਸ਼ਨਾਨ ਕਹਿੰਦੇ ਹਨ। ਜਿਹੜਾ ਅੰਮ੍ਰਿਤ ਵੇਲੇ

ਇਸ਼ਨਾਨ ਕਰਦਾ ਹੈ ਪਹਿਰ ਰਾਤ ਰਹਿੰਦੀ, ਮਹਾਰਾਜ ਨੇ ਪਹਿਰ ਰਾਤ ਕਿਹਾ ਹੈ ਉਸ ਵੇਲੇ ਬ੍ਰਹਮ ਮਹੂਰਤ ਹੋਇਆ ਕਰਦੀ ਹੈ ਤੇ ਉਸ ਨੂੰ ਦੇਵ ਇਸ਼ਨਾਨ ਕਹਿੰਦੇ ਹਨ ਦੇਵਤਿਆਂ ਦਾ ਇਸ਼ਨਾਨ ਹੋਇਆ ਕਰਦਾ ਹੈ, ਇਸ ਦੀ scientific research ਵੀ ਹੋ ਚੁਕੀ ਹੈ ਕਿ ਅੰਮ੍ਰਿਤ ਵੇਲਾ, ਜਦੋਂ ਪਹਿਰ ਰਾਤ ਰਹਿੰਦੀ ਹੋਵੇ ਉਸ ਵੇਲੇ ਪਾਣੀ ਵਿਚ ਆਕਸੀਜਨ ਸਭ ਤੋਂ ਵੱਧ ਹੋਇਆ ਕਰਦੀ ਹੈ। ਬਾਕੀ ਸਮਿਆਂ ਵਿਚ ਨਹੀਂ ਹੁੰਦੀ, ਦੂਜਾ 42 ਲੱਖ ਜੀਵ ਜਲ ਵਿਚ ਹੁੰਦੇ ਹਨ, ਉਹ ਜਿਹੜੇ 42 ਲੱਖ ਜੀਵ ਪਾਣੀ ਵਿਚ ਹੁੰਦੇ ਹਨ, ਉਹ ਬਾਕੀ ਸਮੇਂ ਵਿਚ ਪਾਣੀ ਵਿਚ ਉਪਰ ਆ ਜਾਂਦੇ ਹਨ, ਜੇ ਉਸ ਵੇਲੇ ਅਸੀਂ ਨਹਾਉਂਦੇ ਹਾਂ ਤਾਂ ਉਹ 'ਮਲੇਸ਼' ਇਸ਼ਨਾਨ ਬਣ ਜਾਂਦਾ ਹੈ। ਰਾਤ ਨੂੰ ਕਿਤੇ ਬੱਤੀ ਜਗਾ ਕੇ ਦੇਖੋ ਕਿਸ ਤਰ੍ਹਾਂ ਜੀਵ ਤੁਰੇ ਫਿਰਦੇ ਹਨ। ਤੀਜੇ ਚੌਥੇ ਪਹਿਰ ਜਿਹੜੇ ਦਿਨ ਵਿਚ ਕਿਤੇ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦਿਨਾਂ ਵਿਚ ਇਹ ਨਲਕੇ ਵਗੈਰਾ ਨਹੀਂ ਸਨ ਹੁੰਦੇ ਜੋ ਕਿ ਹੁਣ ਹਨ। ਖੂਹਾਂ ਦਾ ਜਲ ਹੁੰਦਾ ਸੀ, ਖੂਹ ਵਿਚ ਵੀ ਜੀਵ ਹੁੰਦੇ ਸਨ ਜਾਂ ਚਲਦੇ ਪਾਣੀ ਵਿਚ ਬੈਠ ਜਾਂਦੇ ਸਨ, ਡੋਲਾਂ ਨਾਲ ਪਾਣੀ ਖਿਚੀ ਜਾਂਦੇ ਸਨ, ਅੰਮ੍ਰਿਤ ਵੇਲੇ ਕੋਈ ਜੀਵ ਨਹੀਂ ਹੁੰਦਾ। ਸਭ ਥੱਲੇ ਬੈਠ ਜਾਂਦੇ ਹਨ। ਸੋ ਇਹ ਇਸ਼ਨਾਨ 'ਦੇਵ' ਇਸ਼ਨਾਨ ਕਹਾਇਆ ਕਰਦਾ ਹੈ ਉਸ ਨੂੰ ਬ੍ਰਹਮ ਮਹੂਰਤ ਆਖਦੇ ਹਨ। ਬਹੁਤ ਸਾਰੇ ਮਹਾਤਮਾ ਦਾ ਇਹ ਮਤ ਹੈ ਕਿ ਉਸ ਵੇਲੇ ਪ੍ਰਮੇਸ਼ਰ ਦੀ ਬਰਕਤ ਦਾ ਦਰਵਾਜ਼ਾ ਖੁਲ੍ਹਦਾ ਹੈ, ਅਤੇ ਦਾਤਾਂ ਮਿਲਦੀਆਂ ਹਨ - ਬਾਣੀ ਦਾ ਵੀ ਇਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਜਿਹੜੇ ਅੰਮ੍ਰਿਤ ਵੇਲੇ ਜਾਗਦੇ,***
***ਸਾਂਈ ਕੋਲੋ ਦਾਤਾਂ ਲੈਣਗੇ - 2, 2.***
***ਮੇਰੇ ਪਿਆਰੇ ਬਈ ਸਾਂਈ ਕੋਲੋਂ ਦਾਤਾਂ ਲੈਣਗੇ -2, 2.***
***ਜਿਹੜੇ ਅੰਮ੍ਰਿਤ ਵੇਲੇ ਜਾਗਦੇ, ....... -2.***

ਅੰਮ੍ਰਿਤ ਵੇਲੇ ਜਾਗਦੇ ਹਨ -

***ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥***
***ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ॥ਪੰਨਾ - 1382***

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥***
***ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ਪੰਨਾ - 1383***

***ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥***
***ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥***
***ਪੰਨਾ - 1384***

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ਪੰਨਾ***

*- 255*

ਸੋ ਅੰਮ੍ਰਿਤ ਵੇਲੇ ਜਾਗਣ ਵਾਸਤੇ ਇਸ਼ਨਾਨ ਦਾ ਕੀ ਫਲ ਹੈ? ਇਕ ਵਾਰੀ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਕੋਲੋਂ ਪੁਛਿਆ ਕਿ ਹੇ ਪਾਤਸ਼ਾਹ! ਇਸ ਇਸ਼ਨਾਨ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ, ਆਪ ਜੀ ਵਿਸਥਾਰ ਨਾਲ ਦਸੋ ਕਿ ਇਸਦਾ ਫਲ ਕੀ ਹੋਇਆ ਕਰਦਾ ਹੈ? ਮਹਾਰਾਜ ਨੇ ਉਤਰ ਦਿਤਾ, ਪੁਰਖਾ ਤੂੰ ਭਲੀ ਗੱਲ ਪੁੱਛੀ। ਜਿਹੜਾ ਪਹਿਰ ਰਹਿੰਦੇ ਇਸ਼ਨਾਨ ਕਰਦਾ ਹੈ ਵੈਸੇ ਇਸ਼ਨਾਨ ਦੀ ਵਿਧੀ ਹੋਇਆ ਕਰਦੀ ਹੈ ਮੈਂ ਇਕ ਵਾਰੀ ਦੀਵਾਨਾਂ ਵਿਚ ਦੱਸੀ ਸੀ ਸਾਨੂੰ ਹੁਕਮ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*** *ਪੰਨਾ*
*- 305*

ਅੰਮ੍ਰਿਤਸਰ ਨਹਾਉਣ ਦੀ ਇਕ ਵਿਧੀ ਹੋਇਆ ਕਰਦੀ ਹੈ। ਇਕ ਬਾਹਰਲੀ ਵਿਧੀ, ਇਕ ਅੰਦਰਲੀ ਵਿਧੀ ਹੋਇਆ ਕਰਦੀ ਹੈ। ਬਾਹਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ, ਅੰਦਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ-

ਸੋ ਬਾਹਰਲਾ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਨੇ ਦਸਿਆ ਸੀ ਕਿ ਜਿਹੜਾ ਅਰਦਾਸ ਕਰਦਾ ਹੈ -

'ਪ੍ਰਿਥਮ ਭਗਉਤੀ ਸਿਮਰ ਕੇ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤੱਕ' ਇਹ ਅਰਦਾਸ ਤਿੰਨ ਵਾਰੀ ਇਸ਼ਨਾਨ ਕਰਦਾ ਕਰਦਾ ਕਰੀ ਜਾਵੇ। ਫਿਰ ਮੂਲਮੰਤ੍ਰ ਪੜ੍ਹਨਾ ਸ਼ੁਰੂ ਕਰ ਦੇਵੇ- ਇਸ਼ਨਾਨ ਕਰਦੇ ਕਰਦੇ, ਜੋ ਫਲ ਪ੍ਰਾਪਤ ਹੋਇਆ ਕਰਦਾ ਹੈ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਉਸ ਤੋਂ ਬਾਅਦ ਡੇਢ ਘੜੀ ਤੋਂ ਬਾਅਦ ਸਵਾ ਮਣ ਚਾਂਦੀ ਦਾ ਫਲ ਹੁੰਦਾ ਹੈ, ਉਸ ਤੋਂ ਬਾਅਦ ਤਾਂਬਾ ਤੇ ਫੇਰ ਅਨਾਜ ਦਾ ਫਲ ਹੋਇਆ ਕਰਦਾ ਹੈ ਤੇ ਜਿਹੜਾ ਛੇ ਵਜੇ ਦੇ ਕਰੀਬ ਅੱਜਕੱਲ ਇਸ਼ਨਾਨ ਕਰਦਾ ਹੈ ਉਸ ਨੂੰ ਕੋਈ ਫਲ ਪ੍ਰਾਪਤ ਨਹੀਂ ਹੋਇਆ ਕਰਦਾ ਕੇਵਲ ਸਰੀਰ ਦੀ ਸੁਧਾਈ, ਸਾਵਧਾਨਤਾ ਵਾਸਤੇ ਇਸ਼ਨਾਨ ਕਰਦਾ ਹੈ। ਮਹਾਂਪੁਰਸ਼ਾਂ ਦਾ ਐਸਾ ਮੱਤ ਹੈ ਕਿ ਅੰਮ੍ਰਿਤ ਵੇਲੇ ਪਹਿਰ ਰਾਤ ਤੋਂ ਬਾਅਦ ਆਦਮੀ ਜਿੰਨੀ ਦੇਰ ਸੌਂਦਾ ਹੈ ਉਸ ਦੇ ਪੁੰਨ ਘਟਣੇ ਸ਼ੁਰੂ ਹੋ ਜਾਂਦੇ ਹਨ ਤੇ ਘਟੀ ਜਾਂਦੇ ਹਨ ਕਿਉਂਕਿ ਬ੍ਰਹਮ ਮਹੂਰਤ ਹੋਇਆ ਕਰਦੀ ਹੈ। ਨਾਮ ਜਪਣ ਦੀ ਵੇਲਾ ਤੇ ਉਹਦੇ ਬਾਰੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ -

***ਧਾਰਨਾ - ਅੰਮ੍ਰਿਤ ਵੇਲੇ ਓ, ਕੌਣ ਜਾਗਦੇ -2, 2.***
***ਕੋਈ ਜਾਗਦੇ ਨੇ ਰਾਮ ਪਿਆਰੇ, -2, 2.***
***ਅੰਮ੍ਰਿਤ ਵੇਲੇ ਓ, ਕੌਣ ਜਾਗਦੇ......... -2.***

*ਭਿੰਨੀ ਰੈਨੜੀਐ ਚਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥*
*ਪੰਨਾ - 459*

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥*

*ਪੰਨਾ - 146*

ਜਿਨ੍ਹਾਂ ਦੇ ਮੰਨ ਦੇ ਅੰਦਰ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਜਿਨ੍ਹਾਂ ਦੇ ਮਨ ਦੇ ਅੰਦਰ ਪ੍ਰਭੂ ਨੂੰ ਮਿਲਣ ਦਾ ਸ਼ੌਕ ਜਾਗ ਪਿਆ, ਜਿਹਨਾਂ ਦੀ ਸੁਰਤੀ ਨੂੰ ਜਾਗ ਆ ਗਈ, ਕਿਸੇ ਮਹਾਂਪੁਰਸ਼ ਨੂੰ ਮਿਲ ਕੇ ਬਾਣੀ ਰਾਹੀਂ ਵੈਰਾਗ ਲੱਗ ਗਿਆ, ਸੋਝੀ ਆ ਗਈ, ਫਿਰ ਉਹ ਨਹੀਂ ਸੌਂਇਆ ਕਰਦੇ, ਉਹ ਨਹੀਂ ਕਹਿੰਦੇ ਕਿ ਮੈਨੂੰ ਜਾਗ ਨਹੀਂ ਆਉਂਦੀ, ਕਿਉਂਕਿ ਹਿਰਦੇ ਦੇ ਅੰਦਰ ਪਿਆਰ ਹੈ। ਉਹਨਾਂ ਨੂੰ ਤਾਂ ਘਾਟਾ ਮਹਿਸੂਸ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਪਣ ਵਾਲੇ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਦੇ ਹਨ। ਸੋ ਮਹਾਰਾਜ ਇਸ ਦੇ ਹੋਰ ਵੀ ਫਲ ਦਸਦੇ ਹਨ। ਸਰੀਰਿਕ ਤੌਰ ਤੇ ਵੀ ਫਲ ਹੈ, ਦੁਖ ਵੀ ਦੂਰ ਹੋ ਜਾਂਦੇ ਹਨ। ਵਿਘਨ ਵੀ ਦੂਰ ਹੋ ਜਾਂਦੇ ਹਨ। ਮਨ ਵੀ ਅਰੋਗ ਹੋ ਜਾਂਦਾ ਹੈ। ਸਰੀਰ ਵੀ ਅਰੋਗ ਹੋ ਜਾਂਦਾ ਹੈ।

*ਧਾਰਨਾ - ਕਰ ਇਸ਼ਨਾਨ ਸਿਮਰ ਪ੍ਰਭ ਅਪਨਾ,*
*ਮਨ ਤਨ ਭਏ ਅਰੋਗਾ ਜੀ -2, 2.*
*ਮਨ ਤਨ ਭਏ ਅਰੋਗਾ ਜੀ, -4, 2.*
*ਕਰ ਇਸ਼ਨਾਨ ਸਿਮਰ ਪ੍ਰਭ ਅਪਨਾ, ... -2.*

***'ਕਰਿ ਇਸਨਾਨੁ'*** *(ਪੰਨਾ-611)* ਇਸ਼ਨਾਨ ਕਰਕੇ ਕੀ ਗੱਪਾਂ ਮਾਰਨੀਆਂ ਹਨ? ਜਾਂ ਕੋਈ ਅਖਬਾਰ ਪੜ੍ਹਨੇ ਹਨ। ਕਹਿੰਦੇ, ਨਹੀਂ ***'ਸਿਮਰਿ ਪ੍ਰਭੁ ਅਪਨਾ'*** *(ਪੰਨਾ - 611)* ਇਕ ਸਕਿੰਟ ਦਾ ਵੀ ਵਕਤ ਜਾਇਆ

ਨਾ ਕਰ, ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ, ਨਤੀਜਾ ਕੀ ਹੋਵੇਗਾ ਕਿ ਮਨ ਤੇ ਤਨ ਦੋਨੋਂ ਅਰੋਗ ਹੋ ਜਾਣਗੇ। ਜਦੋਂ ਮਨ ਅਰੋਗ ਹੋ ਗਿਆ ਤਾਂ ਤਨ ਆਪੇ ਹੀ ਅਰੋਗ ਹੋ ਜਾਵੇਗਾ।

***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥***
***ਪੰਨਾ - 611***

ਕ੍ਰੋੜਾਂ ਬਿਘਨ ਦੂਰ ਹੋ ਜਾਂਦੇ ਹਨ, ਤੇਰੇ ਭਲੇ ਸੰਜੋਗ ਪ੍ਰਗਟ ਹੋ ਗਏ ਤੂੰ ਅੰਮ੍ਰਿਤ ਵੇਲਾ ਸੰਭਾਲ ਲਿਆ ਜਦੋਂ ਤੂੰ ਇਸ਼ਨਾਨ ਕਰਕੇ ਬੰਦਗੀ ਕਰਨੀ ਸ਼ੁਰੂ ਕਰ ਦਿੰਦਾ ਹੈਂ।

ਕੱਲ ਇਕ ਬੀਬੀ ਆਈ, ਮੈਂ ਪੁਛਿਆ ਤੂੰ ਸਵੇਰੇ ਕਿੰਨੇ ਵਜੇ ਉਠਦੀ ਹੈਂ। ਤਾਂ ਕਹਿਣ ਲੱਗੀ ਕਿ ਮੇਰੇ ਕੋਲੋਂ ਉਠਿਆ ਤਾਂ ਨਹੀਂ ਜਾਂਦਾ, ਮੈਂ ਬਿਮਾਰ ਹੋ ਜਾਂਦੀ ਹਾਂ। ਮੈਂ ਕਿਹਾ ਤੇਰੀ ਬਿਮਾਰੀ ਦੀ ਗਰੰਟੀ ਤਾਂ ਮੈਂ ਲੈ ਲੈਂਦਾ ਹਾਂ, ਮਹਾਰਾਜ ਕਹਿੰਦੇ ਹਨ ਕਿ ਇਸ਼ਨਾਨ ਕਰਕੇ ਤਾਂ ਬਿਮਾਰੀ ਹਟ ਜਾਇਆ ਕਰਦੀ ਹੈ, ਮਨ ਵੀ ਰਾਜ਼ੀ। ਜਦੋਂ ਮਨ ਰਾਜ਼ੀ ਹੋ ਗਿਆ ਤਾਂ ਤਨ ਨੇ ਤਾਂ ਆਪੇ ਹੀ ਰਾਜ਼ੀ ਹੋ ਜਾਣਾ ਹੈ। ਮਨ ਤੋਂ ਹੀ ਤਨ ਬਿਮਾਰ ਹੁੰਦਾ ਹੈ। ਪਹਿਲਾਂ ਮਨ ਬਿਮਾਰ ਹੁੰਦਾ ਹੈ, ਫੇਰ ਤਨ ਬਿਮਾਰ ਹੁੰਦਾ ਹੈ। ਪਹਿਲਾਂ ਚਿੰਤਾ ਜਾਗਦੀ ਹੈ ਖਾਣਾ ਹਜ਼ਮ ਨਹੀਂ ਹੁੰਦਾ ਫਿਰ ਤਨ ਬਿਮਾਰ ਹੋ ਜਾਂਦਾ ਹੈ। ਗੈਸ ਬਣਨੀ ਸ਼ੁਰੂ ਹੋ ਜਾਂਦੀ ਹੈ। ਫੇਰ ਬਲੱਡ ਪਰੈਸ਼ਰ ਹੋ ਜਾਂਦਾ ਹੈ। ਫਿਰ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ ਪਹਿਲਾਂ ਕ੍ਰੋਧ ਆਉਂਦਾ ਹੈ, ਸਾਰਾ ਸਰੀਰ ਕੰਬਦਾ ਹੈ ਨਾ ਰੋਟੀ ਹਜ਼ਮ ਹੋਵੇ, ਨਾ ਕੁਛ ਖਾ ਹੋਵੇ, ਸਾਰੀਆਂ ਬਿਮਾਰੀਆਂ ਮਨ ਤੋਂ ਸ਼ੁਰੂ ਹੁੰਦੀਆਂ ਹਨ।

ਜਦੋਂ ਮਨ ਪ੍ਰਭੂ ਦੇ ਪਿਆਰ ਵਿਚ ਰਾਜ਼ੀ ਹੋ ਗਿਆ ਉਸ ਵੇਲੇ ਬਿਮਾਰੀ ਆਪੇ ਹੀ ਹਟ ਜਾਂਦੀ ਹੈ। ਇਹ ਬੀਮਾਰੀ ਦਾ ਇਲਾਜ ਹੈ। ਪਰ ਇਹ ਆਦਮੀ ਕਰਦਾ ਨਹੀਂ ਕਿਉਂਕਿ ਉਸ ਨੂੰ ਇਸ ਦੀ ਕੀਮਤ ਦਾ ਪਤਾ ਨਹੀਂ, ਕਦਰ ਨਹੀਂ ਕਰਦਾ, ਸੋ ਜਿਹੜੇ ਸੰਤ ਜਨ ਹਨ ਉਹ ਸਵੇਰ ਤੱਕ ਸੁੱਤੇ ਪਏ ਬੰਦੇ ਨੂੰ ਮੁਰਦਾ ਕਹਿੰਦੇ ਹਨ, ਮਰਿਆ ਹੋਇਆ ਬੰਦਾ, ਨਾਲ ਕਹਿੰਦੇ ਹਨ ਜੇ ਤੂੰ ਨਹੀਂ ਉਠਦਾ -

***ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥***
***ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥***
***ਪੰਨਾ - 1371***

ਜਿਸ ਨਾਲੋਂ ਤੂੰ ਵਿਛੁੜ ਗਿਆ, ਉਸ ਨਾਲ ਜੁੜ ਜਾ, ਸੁੱਤੇ ਦਾ ਕੁਝ ਨਹੀਂ ਬਣਨਾ, ਸੁੱਤਾ ਤਾਂ ਮੁਰਦੇ ਸਮਾਨ ਹੁੰਦਾ ਹੈ। -

***ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥***
***ਪੰਨਾ - 1371***

ਜਦੋਂ ਇਕ ਦਿਨ ਪੱਕਾ ਸੌਂ ਗਿਆ, ਤੈਨੂੰ ਕਿਸੇ ਨੇ ਨਹੀਂ ਜਗਾਉਣਾ,

ਨਾ ਤੂੰ ਕਿਸੇ ਕੋਲੋਂ ਜਾਗ ਸਕੇਂ, ਕਬਰ ਵਿਚ ਪਿਆ ਰਹੇਂਗਾ। ਫੇਰ ਤੂੰ ਲੰਬੀ ਨੀਂਦ ਸੌਂ ਜਾਏਂਗਾ, ਪਤਾ ਨਹੀਂ ਕਿੰਨੀ ਕੁ ਦੇਰ ਕਬਰ ਵਿਚ ਪਿਆ ਰਹੇਂਗਾ। ਸਰੀਰ ਨੂੰ ਵੀ ਕੀੜੇ ਖਾ ਜਾਣਗੇ, ਮਿੱਟੀ ਖਾ ਜਾਏਗੀ, ਜਲ ਜਾਏਗਾ, ਨਾਮ ਨਿਸ਼ਾਨ ਵੀ ਖਤਮ ਹੋ ਜਾਵੇਗਾ, ਫੇਰ ਸੁੱਤਾ ਰਹੀਂ।

ਜਿਹੜਾ ਮਾਨਸ ਜਨਮ ਹੈ, ਸੌਂਣ ਵਾਸਤੇ ਨਹੀਂ ਮਿਲਿਆ, ਜਾਗਣ ਵਾਸਤੇ ਮਿਲਿਆ ਹੈ। ਜਿਹੜਾ ਸੌਂ ਗਿਆ ਉਹ ਤਾਂ ਲੁਟਿਆ ਗਿਆ, ਜਿਹੜਾ ਜਾਗ ਗਿਆ ਉਸਨੇ ਆਪਣੀ ਰਾਸਿ ਸਾਬਤ ਬਚਾ ਲਈ।

ਨਾਮਦੇਵ ਜੀ ਤੇ ਬਾਕੀ ਵੀ ਸਾਰੀ ਸਾਧੂ ਮੰਡਲੀ ਜਿਹੜੀ ਨਾਲ ਸੀ, ਉਹ ਉਠੇ ਅੰਮ੍ਰਿਤ ਵੇਲੇ ਸਭ ਨੇ ਆਪਣੀ ਕਿਰਿਆ ਕੀਤੀ, ਕੁਰਲਾ ਕੀਤਾ, ਇਸ ਨੂੰ ਕਾਇਕ ਕਰਮ ਕਹਿੰਦੇ ਹਨ, ਇਹ ਕਰਮ ਕੀਤੇ, ਫੇਰ ਇਸ਼ਨਾਨ ਕੀਤਾ। ਇਹਨਾਂ ਦਰਿਆਵਾਂ ਵਿਚ ਅੱਜਕੱਲ ਵਾਂਗ ਗੰਦੇ ਨਾਲੇ ਨਹੀਂ ਸਨ ਸੁੱਟੇ ਜਾਂਦੇ, ਇਹ ਪਵਿੱਤਰ ਹੋਇਆ ਕਰਦੇ ਸਨ, ਪਾਣੀ ਵਿਚ ਐਸੀ ਤਾਸੀਰ ਹੋਇਆ ਕਰਦੀ ਸੀ ਕਿ ਕਈ ਬਿਮਾਰੀਆਂ ਹਟ ਜਾਇਆ ਕਰਦੀਆਂ ਸਨ।

ਮੈਂ ਬਚਪਨ ਵਿਚ ਇਕ ਵਾਰੀ ਪਾਉਂਟੇ ਸਾਹਿਬ ਚਲਾ ਗਿਆ। ਉਸ ਵੇਲੇ ਉਥੇ ਸ਼ਹਿਰ ਹੀ ਨਹੀਂ ਸੀ ਹੁੰਦਾ। ਗੁਰਦਵਾਰੇ ਸਾਹਿਬ ਵਿਚ ਥੋੜ੍ਹੇ ਜਿਹੇ ਬੰਦੇ ਰਹਿੰਦੇ ਸਨ, ਕਿਸੇ ਨੇ ਥੋੜ੍ਹੀਆਂ ਜਿਹੀਆਂ ਦੁਕਾਨਾਂ ਸੜਕ ਦੇ ਨਾਲ ਨਾਲ ਪਾਈਆਂ ਹੋਈਆਂ ਸਨ। ਉਥੇ ਇਸ਼ਨਾਨ ਕਰਨਾ, ਜਿਥੇ ਕਵੀ ਦਰਬਾਰ ਲਗਦਾ ਸੀ ਹੁਣ ਤਾਂ ਓਥੇ ਕੁਝ ਹੋਰ ਹੀ ਬਣਾ ਦਿੱਤਾ ਹੈ। ਉਥੇ ਜਦੋਂ ਬੈਠਣਾ, ਚਿਤ ਬਹੁਤ ਹੀ ਇਕਾਗਰ ਹੁੰਦਾ ਸੀ ਸੁਰਤੀ ਐਨੀ ਖਿੜਨੀ, ਚਿਤ ਵੀ ਬਹੁਤ ਹੀ ਖਿੜਨਾ, ਪਹਿਲਾਂ ਪਾਣੀ ਵਿਚੋਂ ਹੀ ਬਾਹਰ ਨਿਕਲਣ ਨੂੰ ਜੀਅ ਨਹੀਂ ਸੀ ਕਰਦਾ, ਐਨਾ ਪਿਆਰਾ ਲਗਦਾ ਸੀ। ਸੋ ਇਸੇ ਕਰਕੇ ਸਾਰੇ ਦਰਿਆਵਾਂ ਨਾਲ ਦੋਸਤੀ ਕਰਦੇ ਸਨ। ਸਰੀਰ ਵਿਚ ਜਿਤਨੇ ਵੀ ਸੈਲ ਹੁੰਦੇ ਹਨ ਪਾਣੀ ਕੁਦਰਤੀ ਤੌਰ ਤੇ ਸਭ ਨੂੰ ਸੈਟ ਕਰ ਦਿੰਦਾ ਹੈ। ਸੋ ਨਾਮਦੇਵ ਜੀ ਤੇ ਉਹਨਾਂ ਦੀ ਮੰਡਲੀ ਨੇ ਸਭ ਨੇ ਜਮਨਾ ਨਦੀ ਵਿਚ ਇਸ਼ਨਾਨ ਕੀਤਾ, ਕੋਈ ਏਥੇ ਬੈਠ ਗਿਆ, ਕੋਈ ਹੋਰ ਥਾਂ ਤੇ ਬੈਠ ਗਿਆ। ਸਾਰੇ ਬੈਠ ਕੇ ਭਜਨ ਵਿਚ ਲੀਨ ਹੋ ਗਏ, ਕਿਉਂਕਿ ਭਜਨ ਵਿਚ ਕਈ ਗੱਲਾਂ ਹੁੰਦੀਆਂ ਹਨ ਜਿਹਨਾਂ ਦਾ ਪਾਲਣ ਕਰਨਾ ਪੈਂਦਾ ਹੈ, ਜਿਹਨਾਂ ਵਿਚੋਂ ਸਭ ਤੋਂ ਜ਼ਰੂਰੀ ਇਕਾਂਤ ਦੀ ਲੋੜ ਹੈ, ਕੋਈ ਖੜਕਾ ਦੜਕਾ ਨਾ ਹੋਵੇ, ਕਿਸੇ ਦੇ ਸਾਹ ਦਾ ਵੀ ਖੜਕਾ ਸੁਣਾਈ ਨਾ ਦੇਵੇ, ਨਾ ਕੋਈ ਰੌਲਾ ਗੌਲਾ ਸੁਣੇ, ਕਿਉਂਕਿ ਫੁਰਨਾ ਬਣ ਜਾਂਦਾ ਹੈ, ਚੜ੍ਹਦੀ ਚੜ੍ਹਦੀ ਸੁਰਤ ਬਾਹਰ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਇਕਾਗਰਤਾ ਸਹਿਤ ਸਾਰੇ ਨਾਮ ਜਪਦੇ ਹਨ।

ਸੋ ਨਾਮਦੇਵ ਜੀ ਹੌਲੀ-ਹੌਲੀ ਸਾਰੀਆਂ ਮੰਜਲਾਂ ਵਿਚੋਂ ਪਾਰ ਹੋ ਕੇ ਸਾਰੀਆਂ ਸਮਾਧੀਆਂ ਵਿਚੋਂ ਲੰਘੇ, ਸਰੀਰ ਵਿਚੋਂ ਲੰਘੇ, ਪੰਜਾਂ ਤੱਤਾਂ ਵਿਚੋਂ ਲੰਘੇ, ਅਸਥੂਲ ਸਰੀਰ ਵਿਚੋਂ ਲੰਘੇ, ਸ਼ੂਖਸ਼ਮ ਸਰੀਰ ਵਿਚੋਂ ਲੰਘੇ, ਕਾਰਣ ਸਰੀਰ ਵਿਚੋਂ ਲੰਘੇ, ਅੰਤਸ਼ਕਰਣ ਵਿਚੋਂ ਲੰਘ ਕੇ, ਨਿਜ ਸਰੂਪ ਵਿਚ ਲੀਨ ਹੋ ਗਏ ਤੇ

ਆਤਮ ਪਦ ਵਿਚ ਪਹੁੰਚ ਗਏ, ਆਤਮ ਪਦ ਵਿਚ ਲੀਨ ਹੋ ਕੇ ਪਰਮੇਸ਼ਰ ਵਿਚ ਲੀਨ ਹੋ ਕੇ, ਸੰਸਾਰ ਨੂੰ ਭੁਲੇ ਹੋਏ ਹਨ ਤੇ ਕੇਵਲ ਬ੍ਰਹਮ ਹੀ ਬ੍ਰਹਮ ਇਕੋ ਹੀ ਨਜ਼ਰ ਆ ਰਿਹਾ ਹੈ, ਦੂਜਾ ਕੋਈ ਨਜ਼ਰ ਨਹੀਂ ਆਉਂਦਾ। ਪਤਾ ਹੀ ਨਹੀਂ ਲਗ ਰਿਹਾ। ਸੋ ਐਸੀ ਫੁਰਨੇ ਰਹਿਤ ਸਮਾਧੀ ਵਿਚ ਲੀਨ ਹਨ। ਮਹਾਰਾਜ ਕਹਿੰਦੇ ਹਨ ਕਿ ਇਸ ਦੇ ਰਸ ਨੂੰ ਕੌਣ ਦਸ ਸਕਦਾ ਹੈ। ਕੋਈ ਵੀ ਨਹੀਂ ਦੱਸ ਸਕਦਾ। ਅਗਰ ਕਿਸੇ ਦੀ ਐਸੀ ਸਮਾਧੀ ਲਗਦੀ ਵੀ ਹੋਵੇ ਉਹ ਵੀ ਨਹੀਂ ਦਸ ਸਕਦਾ, ਕਿਉਂਕਿ ਉਹ ਚੀਜ਼ ਹੀ ਐਸੀ ਹੈ, ਅਨੰਦ ਵਰਣਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਇਕ ਬੱਚੇ ਨੂੰ ਪੁਛੋ ਕਿ ਤੈਨੂੰ ਕਿੰਨਾ ਪਿਆਰ ਆਉਂਦਾ ਹੈ ਉਹਦੇ ਕੋਲ ਦੱਸਣ ਵਾਸਤੇ ਕੋਈ ਬੋਲੀ ਹੀ ਨਹੀਂ ਹੁੰਦੀ, ਸਾਡੇ ਕੋਲ ਵੀ ਨਹੀਂ ਹੁੰਦੀ, ਅਸੀਂ ਬਸ ਇਹੀ ਕਹਿ ਸਕਦੇ ਹਾਂ ਕਿ ਬਹੁਤ ਪਿਆਰ ਆਉਂਦਾ ਹੈ। ਜਿਹੜਾ ਹੋਰ ਵੀ ਵੱਧ ਸੋਝੀ ਵਾਲਾ ਹੈ ਉਹ ਇਹ ਦੱਸ ਦੇਵੇਗਾ ਕਿ ਮੈਨੂੰ ਇਤਨਾ ਪਿਆਰ ਆਉਂਦਾ ਹੈ ਜਿਸ ਤਰ੍ਹਾਂ ਦੁਧ ਤੇ ਪਾਣੀ ਦਾ ਹੁੰਦਾ ਹੈ, ਪਾਣੀ ਆਪ ਜਲ ਜਾਇਆ ਕਰਦਾ ਹੈ ਪਰ ਦੁਧ ਨੂੰ ਜਲਣ ਨਹੀਂ ਦਿੰਦਾ। ਜਿਸ ਤਰ੍ਹਾਂ ਮੱਛੀ ਤੇ ਪਾਣੀ ਦਾ ਪਿਆਰ ਹੁੰਦਾ ਹੈ, ਸੋ ਮੈਨੂੰ ਐਨਾ ਪਿਆਰ ਹੈ। ਬੱਚਾ ਨਹੀਂ ਦੱਸ ਸਕਦਾ ਕਿਉਂਕਿ ਉਸ ਕੋਲ ਕੋਈ ਅੱਖਰ ਨਹੀਂ ਹੈ। ਬੱਚਾ ਦੋਨੋਂ ਬਾਹਾਂ ਪੂਰੀਆਂ ਖੋਲ੍ਹ ਕੇ ਕਹਿ ਦੇਵੇਗਾ ਕਿ ਮੈਨੂੰ ਐਨਾ ਪਿਆਰ ਆਉਂਦਾ ਹੈ। ਸੋ ਸਮਾਧੀ ਦਾ ਵੀ ਏਹੋ ਹਾਲ ਹੈ, ਮਹਾਰਾਜ ਕਹਿੰਦੇ ਇਸ ਬਾਰੇ ਕੋਈ ਦੱਸ ਨਹੀਂ ਸਕਦਾ ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ –2, 2.***
***ਸੋ ਰਸ ਸੋਈ ਜਾਣੇ, ਸੋ ਰਸ ਸੋਈ ਜਾਣੇ –2, 2.***
***ਸਹਿਜ ਸਮਾਧ ਲਗੀ ਲਿਵ ਅੰਤਰ, .... –2.***

***ਸਭੇ ਸੁਖ ਭਏ ਪ੍ਰਭ ਤੁਠੇ॥***
***ਗੁਰ ਪੂਰੇ ਕੇ ਚਰਣ ਮਨਿ ਵੁਠੇ॥***
***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥*** ***ਪੰਨਾ – 106***

ਜਿਸ ਨੇ ਕਦੀ ਐਸਾ ਅਨੰਦ ਦੇਖਿਆ ਹੋਵੇ ਉਸੇ ਨੂੰ ਹੀ ਪਤਾ ਹੁੰਦਾ ਹੈ ਕਿ ਸਹਿਜ ਸਮਾਧ ਕੀ ਹੈ। ਕਹਿਣ ਵਾਸਤੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਹਿਜ ਸਮਾਧ ਤਾਂ ਲਗੀ ਹੋਈ ਹੈ। ਪਹਿਲਾਂ ਤਾਂ ਸਮਾਧ ਦਾ ਹੀ ਨਹੀਂ ਪਤਾ ਕਿ ਸਮਾਧ ਕਿਸ ਨੂੰ ਆਖਦੇ ਹਨ। ਸੋ ਮੈਂ ਇਸ ਵਾਰ ਥੋੜੀ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗੱਲ ਸਮਝ ਆ ਜਾਵੇ ਕਿ ਸਮਾਧ ਕੀ ਚੀਜ਼ ਹੁੰਦੀ ਹੈ। ਪਹਿਲਾਂ ਕੁਝ ਤਿਆਰੀ ਹੋਇਆ ਕਰਦੀ ਹੈ। ਉਹ ਤਿਆਰੀ ਇਸ ਤਰ੍ਹਾਂ ਹੁੰਦੀ ਹੈ, ਸਮਾਧ ਓਨੀ ਦੇਰ ਤਕ ਨਹੀਂ ਲਗਦੀ ਜਿੰਨੀ ਦੇਰ ਤੱਕ ਆਦਮੀ ਦਾ ਮਨ ਖਿੰਡਿਆ ਰਹਿੰਦਾ ਹੈ। ਮਨ ਨੂੰ ਇਕੱਠਾ ਕਰਨ ਵਾਸਤੇ ਪਹਿਲਾਂ ਵਿਵੇਕ ਦੀ ਲੋੜ ਹੈ, ਇਹ ਨਿਰਣਾ ਕਰਨ ਦੀ ਲੋੜ ਹੈ ਕਿ ਸੱਤ ਕੀ ਹੈ ਤੇ ਅਸੱਤ ਕੀ ਹੈ, ਜਿਹੜੀ ਚੀਜ਼ ਦਾ ਨਾਮ ਤੇ ਰੂਪ ਹੈ, ਉਹ ਅਸੱਤ ਹੈ, ਝੂਠ ਹੈ, ਉਸ ਨੇ ਬਿਨਸ ਜਾਣਾ ਹੈ, ਜਿਹੜੀ ਚੀਜ਼ ਦਾ

ਨਾਮ ਤੇ ਰੂਪ ਨਹੀਂ ਹੈ, ਪਰ ਹੈਗੀ ਉਹ ਸੱਤ ਹੈ, ਉਹ ਪਰਮੇਸ਼ਰ ਹੈ, ਉਸ ਨੂੰ ਜਾਨਣ ਵਾਲੀ ਸੂਝ ਨੂੰ ਵਿਵੇਕ ਕਹਿੰਦੇ ਹਨ। ਜਿਸ ਦੀ ਬੁੱਧੀ ਵਿਚ ਇਹ ਪੱਕਾ ਨਿਸ਼ਚਾ ਹੋ ਜਾਵੇ ਕਿ ਵਾਹਿਗੁਰੂ ਸੱਤ ਹੈ ਤੇ ਬਾਕੀ ਅਸੱਤ ਹੈ ਉਹ ਵਿਵੇਕ ਬੁੱਧੀ ਵਿਚ ਚਲਾ ਜਾਂਦਾ ਹੈ।

ਦੂਸਰਾ ਹੈ ਵੈਰਾਗ, ਰਾਗ ਲਗਾਉ, ਪਕੜ ਨੂੰ ਕਹਿੰਦੇ ਹਨ, attachment ਨੂੰ ਕਹਿੰਦੇ ਹਨ, ਚੀਜ਼ਾਂ ਨਾਲ ਲਗਾਵ ਹੋਣਾ, ਮੇਰਾ ਘਰ ਮੇਰਾ ਪੁੱਤਰ, ਮੇਰੀ ਜਮੀਨ, ਮੇਰੀ ਜਾਇਦਾਦ, ਮੇਰੀ ਇਜ਼ਤ, ਮੇਰਾ ਅਹੁਦਾ, ਮੇਰਾ ਪਰਵਾਰ; ਕੋਈ ਅੰਤ ਹੈ, ਮੇਰਾ ਕਦੇ ਮੁਕਦਾ ਹੈ? ਸਾਰੀ ਜ਼ਿੰਦਗੀ ਮੇਰਾ ਮੇਰਾ ਕਰਦਾ ਰਹਿੰਦਾ ਹੈ।

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥*** ***ਪੰਨਾ - 1160***

ਇਸ ਨੂੰ ਰਾਗ ਆਖਦੇ ਹਨ ਜਦੋਂ ਮੇਰੀ ਮੇਰੀ ਮਿਟ ਜਾਂਦੀ ਹੈ ਤਾਂ ਵੈਰਾਗ ਹੋ ਜਾਂਦਾ ਹੈ। ਚੀਜ਼ਾਂ ਨਾਲੋਂ detach (ਵੈਰਾਗ) ਹੋ ਜਾਂਦਾ ਹੈ। ਰਾਗ ਵਾਲੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਖਿਚ ਲੈਣਾ ਭਾਵੇਂ ਰਹਿਣਾ ਵਿਚੇ ਹੀ ਹੈ, ਪਰ ਕਿਸੇ ਚੀਜ਼ ਨਾਲ ਮੋਹ ਨਹੀਂ ਧਾਰਨਾ, ਰਾਗ ਨਹੀਂ ਧਾਰਨਾ, ਮੁਸਾਫਿਰ ਵਾਂਗਣ ਦਿਨ ਕੱਟ ਜਾਣੇ, ਕਿਸੇ ਚੀਜ਼ ਦੀ ਵਾਸ਼ਨਾ ਨਾ ਕਰਨੀ, ਕਿਸੇ ਭੋਗ ਦੀ ਇੱਛਾ ਨਾ ਕਰਨੀ, ਇਸ ਲੋਕ ਦੇ ਸਾਰੇ ਭੋਗਾਂ ਤੋਂ ਲੈ ਕੇ ਬ੍ਰਹਮ ਲੋਕ ਤੱਕ ਜਿਤਨੇ ਵੀ ਭੋਗ ਹਨ ਜਿਹਨਾਂ ਦੀ ਗਿਣਤੀ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਇਕ ਵਾਰੀ ਮੈਂ ਬੇਨਤੀ ਕੀਤੀ ਸੀ ਕਿ ਕਿੰਨੇ ਭੋਗ ਹਨ ਤੇ ਕਿੰਨਾ ਸੁਖ ਵੱਧ ਤੋਂ ਵੱਧ ਹੁੰਦਾ ਤੁਰਿਆ ਜਾਂਦਾ ਹੈ, ਇਹਨਾਂ ਸਾਰਿਆਂ ਨੂੰ ਕਾਗ ਦੀ ਵਿਸ਼ਟਾ (ਵਿਠ) ਵਾਂਗੂੰ ਜਾਣ ਕੇ ਨਾਮ ਵਾਸਤੇ ਬਿਰਤੀ ਸੋਧਣੀ, ਬਾਕੀ ਸਭ ਚੀਜ਼ਾਂ ਨੂੰ ਛੱਡ ਦੇਣਾ।

ਤੀਸਰਾ ਹੋਇਆ ਕਰਦਾ ਹੈ ਮਨ ਦੇ ਵਿਚ ਔਖ ਸੌਖ ਸਹਿਣ ਵਾਸਤੇ, ਇਸ ਲਕਸ਼ ਨੂੰ ਪੂਰਾ ਕਰਨ ਵਾਸਤੇ ਦ੍ਰਿੜ੍ਹ ਫੁਰਨਾ। ਉਸ ਵਿਚ ਪਹਿਲਾ 'ਯਮ', ਦੂਜਾ 'ਨੇਮ' ਤੀਜਾ 'ਆਸਣ' ਹੁੰਦਾ ਹੈ। ਚੌਥਾ 'ਪ੍ਰਾਣਾਯਾਮ' ਹੁੰਦਾ ਹੈ ਪੰਜਵਾ 'ਪ੍ਰਤਿਹਾਰ' ਹੋਇਆ ਕਰਦਾ ਹੈ, ਕਿਸੇ ਚੀਜ਼ ਵਿਚ ਮੋਹ ਨਾ ਪਉਣਾ ਤੇ ਹਰ ਚੀਜ਼ ਤੋਂ ਮਨ ਖਿਚ ਕੇ ਰਖਣਾ। ਪਿਛਲੇ ਦੀਵਾਨ ਦੇ ਅੰਦਰ ਬਹੁਤ ਵਿਸਥਾਰ ਨਾਲ ਇਸ ਦੇ ਬਾਰੇ ਬੇਨਤੀ ਕੀਤੀ ਗਈ ਸੀ ਕਿ ਇਹ ਚੀਜ਼ਾਂ ਕੀ ਹੁੰਦੀਆਂ ਹਨ। ਸੋ ਇਨ੍ਹਾਂ ਤੋਂ ਬਾਅਦ ਮਨ ਵਿਚ ਸ਼ਰਧਾ ਹੋਣੀ ਚਾਹੀਦੀ ਹੈ। ਗੁਰੂ ਦੇ ਵਾਕ ਤੇ। ਇਹ ਸਮਝ ਲਓ ਕਿ ਇਹ ਸਾਰੀਆਂ commandments ਹਨ। ਕੋਈ ਚੀਜ਼ ਐਸੀ ਨਹੀਂ ਜਿਸ ਨੂੰ ਮੈਂ ਅਣਗੋਲਾ ਕਰ ਦਿਆਂ, ਉਸ ਨੂੰ ਕਮਾਉਣ ਵਾਸਤੇ ਧਾਰਨ ਕਰਨ ਵਾਸਤੇ ਪੂਰੀ ਸ਼ਰਧਾ ਹੋਵੇ। ਫਿਰ ਦੁਖ ਸੁਖ ਸਹਿਣ ਦੀ ਆਦਤ ਹੋਵੇ, ਜਿਸ ਨੂੰ ਤਤਿਕਸ਼ਾ ਕਹਿੰਦੇ ਹਨ, ਫੇਰ ਸਮਾਧਾਨ ਹੋਵੇ, ਜਿਹੜਾ ਵੀ ਬਚਨ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ, ਫਿਰ 'ਉਪਰਾਮ' ਹੋਵੇ, ਜਿਹੜੀਆਂ ਗਲਤ ਗੱਲਾਂ ਹੋਣ, ਜਿਹੜੀਆਂ ਆਪਣੇ ਨਾਲ ਸੰਬੰਧ ਹੀ ਨਹੀਂ ਰਖਦੀਆਂ ਸਭ ਨਾਲ ਉਪਰਾਮਤਾ

ਧਾਰ ਲੈਣੀ ਕੇਵਲ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਰਖਣੀ।

ਉਸ ਤੋਂ ਬਾਅਦ 'ਮੋਖਸ਼' ਹੋਇਆ ਕਰਦਾ ਹੈ। ਜਿਸ ਦੇ ਮਨ ਦੇ ਅੰਦਰ ਤੀਬਰ ਵੈਰਾਗ ਹੋਇਆ ਕਰਦਾ ਹੈ। ਬੈਰਾਗ ਤਿੰਨ ਕਿਸਮ ਦਾ ਹੁੰਦਾ ਹੈ – ਬੈਰਾਗ, ਤੀਬਰਤਮ ਬੈਰਾਗ, ਤੀਬਰਤਮ ਤਰ ਬੈਰਾਗ। ਸੋ ਤੀਬਰਤਮਤਰ ਬੈਰਾਗ ਹੋਣਾ ਚਾਹੀਦਾ ਹੈ ਕਿ ਮੈਂ ਇਸ ਨੂੰ ਜਰੂਰ ਹਾਸਲ ਕਰਕੇ ਹੀ ਰਹਿਣਾ ਹੈ ਕਿਉਂਕਿ ਮੇਰਾ ਜ਼ਿੰਦਗੀ ਦਾ ਇਕੋ ਇਕ ਇਹ ਲਕਸ਼ ਹੈ, ਪਰਮੇਸ਼ਰ ਨੂੰ ਮਿਲਣਾ ਹੈ। ਇਸ ਤੋਂ ਬਾਅਦ ਸੁਣਨਾ ਹੋਇਆ ਕਰਦਾ ਹੈ। ਫਿਰ ਮੰਨਣਾ ਹੋਇਆ ਕਰਦਾ ਹੈ। ਜਦੋਂ ਮੰਨ ਜਾਂਦਾ ਹੈ ਫਿਰ ਪ੍ਰਤਿਹਾਰ ਪੂਰਾ ਹੋਇਆ ਕਰਦਾ ਹੈ। ਪ੍ਰਤਿਹਾਰ ਕਹਿੰਦੇ ਹਨ ਕਿ ਮਨ ਨੂੰ ਬਾਹਰ ਨਾ ਜਾਣ ਦੇਣਾ – ਨਾ ਅੱਖਾਂ ਦੇ ਰਾਹੀਂ, ਨਾ ਕੰਨਾਂ ਦੇ ਰਾਹੀਂ, ਨਾ ਜ਼ੁਬਾਨ ਦੇ ਰਾਹੀਂ, ਨਾ ਸਪਰਸ਼ ਰਾਹੀਂ, ਨਾ ਨਾਸਿਕਾ ਰਾਹੀਂ; ਇਹਨਾਂ ਪੰਜਾਂ ਥਾਵਾਂ ਤੋਂ ਹੀ ਮਨ ਦੌੜਿਆ ਕਰਦਾ ਹੈ।

***ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥ ਪੰਨਾ – 656***

ਬਿਰਤੀ ਲਾਉਣੀ ਹੈ, ਫੇਰ ਨੱਠ ਜਾਂਦੀ ਹੈ ਫੇਰ ਲਾਉਣੀ, ਬਾਰ-ਬਾਰ ਬਿਰਤੀ ਨੂੰ ਟਿਕਾਈ ਹੀ ਜਾਣਾ ਹੈ। ਫਿਰ ਹੌਲੀ-ਹੌਲੀ ਮਨ ਇਕਾਗਰ ਹੋਣ ਲੱਗ ਜਾਂਦਾ ਹੈ। ਜਦੋਂ ਢਾਈ ਮਿੰਟ ਇਕਾਗਰ ਹੋਣ ਲੱਗ ਜਾਵੇ ਤਾਂ ਉਹ ਧਾਰਨਾ ਕਹਾਇਆ ਕਰਦੀ ਹੈ, ਜੇਕਰ ਮਨ 30 ਮਿੰਟ ਵਾਸਤੇ ਪ੍ਰਭੂ ਨਾਲ ਟਿਕ ਕੇ ਲਗ ਜਾਵੇ ਤਾਂ ਇਸ ਨੂੰ ਧਿਆਨ ਆਖਦੇ ਹਨ, ਉਹਦੇ ਵਿਚ ਫੁਰਨਾ ਨਾ ਕੋਈ ਵੀ ਆਵੇ, ਬਸ ਆਪਣੇ ਧੇਅ ਤੇ ਧਿਆਨ ਲਗਿਆ ਰਹੇ। ਉਸ ਤੋਂ ਬਾਅਦ ਸਮਾਧੀ ਹੋਇਆ ਕਰਦੀ ਹੈ। ਚਿਤ ਬਿਰਤੀਆਂ ਇਸ ਨੂੰ ਬਾਹਰ ਲਿਜਾਂਦੀਆਂ ਹਨ।

ਪਹਿਲੀ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ ਕਿ ਜਿੰਨੀਆਂ ਵੀ ਚੀਜ਼ਾਂ ਨਜ਼ਰ ਆਉਂਦੀਆਂ ਹਨ, ਉਹਨਾਂ ਦਾ 'ਅਕਸ਼' ਅੰਦਰ ਪੈਣਾ ਸ਼ੁਰੂ ਹੋ ਜਾਂਦਾ ਹੈ ਇਸੇ ਵਾਸਤੇ ਨਾਮ ਜਪਣ ਵਾਲੇ ਇਕਾਂਤ ਚਾਹੁੰਦੇ ਹਨ। ਤੁਸੀਂ ਸਿਨਮਾ ਦੇਖ ਲਓ ਉਸ ਦਾ ਅਕਸ਼ ਯਾਦ ਵਿਚੋਂ ਨਿਕਲਦਾ ਹੀ ਨਹੀਂ, ਕੋਈ ਹੋਰ ਲੜਾਈ ਝਗੜਾ ਦੇਖ ਲਓ, ਉਸਦਾ ਵੀ ਅਕਸ਼ ਨਿਕਲਦਾ ਹੀ ਨਹੀਂ। ਇਹ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ। ਬਾਹਰ ਵੇਖਣ ਵਾਲੀਆਂ ਚੀਜ਼ਾਂ ਦੇ ਸੰਸਕਾਰ ਅੰਦਰ ਜਮ੍ਹਾਂ ਹੋ ਜਾਂਦੇ ਹਨ।

ਇਸ ਤੋਂ ਬਾਅਦ ਦੂਜੀ ਬਿਰਤੀ ਹੋਇਆ ਕਰਦੀ ਹੈ 'ਵਿਪਰਜੇ'। ਉਪਦੇਸ਼ ਆਉਂਦਾ ਹੈ ਕਿ ਤੂੰ ਨਾਮ ਜਪ, ਨਾਲ ਦੀ ਨਾਲ ਜਵਾਬ ਦੇਈ ਜਾਂਦਾ ਹੈ। ਗੁਰੂ ਕਹਿੰਦਾ ਹੈ ਕਿ ਇਹ ਸਾਰਾ ਆਤਮ ਪਸਾਰਾ ਹੈ ਆਪੇ ਵਾਹਿਗੁਰੂ ਹੀ ਸਾਰੇ ਪਸਰਿਆ ਹੋਇਆ ਹੈ, ਉਸ ਨੂੰ ਤਾਂ ਨਾ ਮੰਨਣਾ ਬਲਕਿ ਉਲਟ ਆਪਣਾ ਸਿਧਾਂਤ ਕੱਢਣਾ; ਵੈਰੀ ਵੀ ਦੇਖਣੇ, ਮਿੱਤਰ ਵੀ ਦੇਖਣੇ, ਚੰਗੇ ਵੀ ਦੇਖਣੇ, ਮਾੜੇ ਵੀ ਦੇਖਣੇ, ਆਪਣੇ ਵੀ ਦੇਖਣੇ, ਬੇਗਾਨੇ ਵੀ

ਦੇਖਣੇ। ਮਹਾਰਾਜ ਕਹਿੰਦੇ ਇਸ ਨੂੰ ਛੱਡ ਦੇ –

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਪੰਨਾ – 1299*

ਇਸ ਵਿਪਰਜੇ ਬਿਰਤੀ ਨੂੰ ਛੱਡ ਦੇ, ਇਹ ਸੰਸਾਰ ਹੋਰ ਨਹੀਂ ਹੈ, ਵਾਹਿਗੁਰੂ ਹੋਰ ਨਹੀਂ ਹੈ, ਇਕੋ ਹੀ ਹੈ।

ਤੀਜੀ ਹੋਇਆ ਕਰਦੀ ਹੈ ਨਿੰਦਰਾ, ਨਿੰਦਰਾ ਬਿਰਤੀ ਉਹ ਹੋਇਆ ਕਰਦੀ ਹੈ ਕਿ ਭਜਨ ਕਰਨ ਲੱਗ ਪਿਆ, ਅੰਦਰ ਕੋਈ ਖਿਆਲ ਆ ਗਿਆ ਤੇ ਸੁਰਤੀ ਮੱਧਮ ਪੈਂਦੀ ਪੈਂਦੀ ਐਨੀ ਮੱਧਮ ਪੈ ਗਈ ਕਿ ਉਹ ਖਿਆਲ ਵਿਚ ਹੀ ਲੈਅ ਹੋ ਗਈ, ਐਸੀ ਬਿਰਤੀ ਭਜਨ ਨਹੀਂ ਕਰਨ ਦਿੰਦੀ।

ਚੌਥੀ ਬਿਰਤੀ ਹੋਇਆ ਕਰਦੀ ਹੈ ਸਿਮ੍ਰਤੀ। ਉਹ ਬਿਰਤੀ ਹੁੰਦੀ ਹੈ ਜਿਉਂ ਜਿਉਂ ਅਸੀਂ ਇਕਾਗਰ ਹੁੰਦੇ ਹਾਂ ਤਿਉਂ ਤਿਉਂ ਭੁੱਲੀਆਂ ਹੋਈਆਂ ਚੀਜ਼ਾਂ, ਕੰਮ ਯਾਦ ਆਉਣੇ ਸ਼ੁਰੂ ਹੋ ਜਾਂਦੇ ਹਨ, ਬਈ ਅੱਜ ਆਹ ਕੰਮ ਕਰਨਾ ਹੈ, ਅੱਜ ਉਸ ਨੂੰ ਇਹ ਗੱਲ ਕਹਿਣੀ ਹੈ। ਕਿਉਂਕਿ ਸਿਮ੍ਰਤੀ ਰਸਤੇ ਦੀ ਬੜੀ ਭਾਰੀ ਰੁਕਾਵਟ ਹੈ, ਬੇਸਿਮਰਤੀ ਹੋਣੀ ਚਾਹੀਦੀ ਹੈ। ਕੋਈ ਚੀਜ਼ ਧਿਆਨ ਵਿਚ ਨਹੀਂ ਆਉਣੀ ਚਾਹੀਦੀ, ਕੇਵਲ ਵਾਹਿਗੁਰੂ ਉਸਦਾ ਨਾਮ ਹੀ ਧਿਆਨ ਵਿਚ ਆਉਣਾ ਚਾਹੀਦਾ ਹੈ।

ਪੰਜਵੀ ਹੈ 'ਵਿਕਲਪ'। ਵਿਕਲਪ ਹੋਇਆ ਕਰਦਾ ਹੈ– ਚਿਤ ਦਾ ਖਿੰਡਾਉ; ਚਿਤ ਦੀਆਂ ਅਵਸਥਾਵਾਂ ਹੋਇਆ ਕਰਦੀਆਂ ਹਨ। ਉਹਦੇ ਵਿਚ ਵਿਕਲਪ ਹੋਇਆ ਕਰਦਾ ਹੈ, ਮੂੜਤਾ ਹੋਇਆ ਕਰਦੀ ਹੈ, ਲੈਅਤਾ, ਇਕਾਗਰਤਾ ਤੇ ਨਿਰੁਧ ਹੋਇਆ ਕਰਦੀ ਹੈ। ਇਹਨਾਂ ਸਾਰੀਆਂ ਬਿਰਤੀਆਂ ਨੂੰ ਸੰਕੋਚ ਕੇ ਤਿੰਨ ਕਿਸਮ ਦੀਆਂ ਬਿਰਤੀਆਂ ਵਿਚ ਹੀ ਸਾਰੀਆਂ ਆ ਜਾਂਦੀਆਂ ਹਨ; ਰਜੋ ਗੁਣ ਵਿਚ, ਤਮੋ ਗੁਣ ਵਿਚ ਤੇ ਸਤੋ ਗੁਣ ਵਿਚ। ਧਿਆਨ ਨਾਲ ਸ੍ਰਵਣ ਕਰਨਾ, ਥੋੜ੍ਹਾ ਜਿਹਾ ਜ਼ਿਆਦਾ ਹੈ, ਤਾਂ ਕਿ ਸਮਝ ਵਿਚ ਆ ਜਾਵੇ।

ਤਮੋ ਗੁਣ ਬਿਰਤੀ ਪਰਮੇਸ਼ਰ ਦੇ ਨਾਮ ਵੱਲ ਨਹੀਂ ਲਗਦੀ, ਉਸ ਵਿਚ ਮੂੜਤਾ ਹੋਇਆ ਕਰਦੀ ਹੈ, ਜੇ ਆ ਵੀ ਜਾਵੇ ਤਾਂ ਅੰਦਰ ਅੱਖਾਂ ਮੀਟ ਕੇ ਤਾਂ ਬੈਠ ਜਾਏਗਾ, ਪਰ ਅੰਦਰ ਵਾਹਿਗੁਰੂ ਵਾਹਿਗੁਰੂ ਵੀ ਨਹੀਂ ਹੁੰਦਾ, ਕੋਈ ਪਤਾ ਨਹੀਂ ਲਗਦਾ ਐਵੇਂ ਨੀਂਦ ਜਿਹੀ ਆ ਜਾਂਦੀ ਹੈ। ਬਸ ਉਸ ਵਿਚ ਪੈ ਜਾਂਦਾ ਹੈ। ਦੂਜਾ ਹੋਇਆ ਕਰਦਾ ਹੈ ਆਲਸ; ਥੋੜ੍ਹਾ ਜਿਹਾ ਬੈਠਿਆ ਉਦੋਂ ਹੀ ਨੀਂਦ ਆ ਗਈ ਫੇਰ ਝੂਟੇ ਖਾਣ ਲੱਗ ਜਾਂਦਾ ਹੈ। ਤੀਜੀ ਹੋਇਆ ਕਰਦੀ ਹੈ ਨੀਂਦ, ਬੱਸ ਨੀਂਦ ਆ ਗਈ ਤਾਂ ਉਠਦਾ ਹੀ ਨਹੀਂ। ਆਲਸੀ,

ਤਮੋਗੁਣੀ ਬੰਦੇ ਨੂੰ ਬਹੁਤੀ ਨੀਂਦ ਆਉਂਦੀ ਹੈ, ਉਸਦੀ ਖੁਰਾਕ ਐਸੀ ਹੁੰਦੀ ਹੈ ਜਾਗਦਾ ਹੀ ਨਹੀਂ - ਸਾਰੇ ਹਾਕਾਂ ਮਾਰ ਮਾਰ ਕੇ ਥੱਕ ਜਾਣਗੇ ਕਿ ਤੂੰ ਭਜਨ ਕਰ ਲੈ, ਨਾ ਉਠਦਾ ਹੈ ਨਾ ਜਾਗਦਾ ਹੈ, ਉਸਤੇ ਕੋਈ ਅਸਰ ਨਹੀਂ ਹੋਇਆ ਕਰਦਾ। ਚੌਥਾ ਹੋਇਆ ਕਰਦਾ ਹੈ ਮੋਹ, ਮੋਹ ਇਤਨਾ ਜ਼ਬਰਦਸਤ ਹੁੰਦਾ ਹੈ ਕਿ ਮੋਹ ਦੇ ਵੱਸ ਹੋ ਕੇ ਜਾਨਵਰ ਹੀ ਬਣਿਆ ਰਹਿੰਦਾ ਹੈ। ਪੰਜਵਾਂ ਹੋਇਆ ਕਰਦਾ ਹੈ ਕ੍ਰੋਧ। ਛੇਵੀ ਹੁੰਦੀ ਹੈ ਈਰਖਾ, ਸਤਵੀਂ ਹੋਇਆ ਕਰਦੀ ਹੈ ਸੁੰਨਤਾ, ਸੁੰਨ ਹੋਇਆ ਰਹਿੰਦਾ ਹੈ। ਅੱਗੇ ਹੁੰਦੀ ਹੈ ਨਿੰਦਿਆ, ਚੁਗਲੀ, ਈਰਖਾ, ਸਵਾਹ ਖੇਹ, ਕੂੜ ਕਬਾੜ, ਤ੍ਰਿਸ਼ਨਾ ਵਗੈਰਾ, ਸਾਰਾ ਹੀ ਉਹਦੇ ਵਿਚ ਹੋਇਆ ਕਰਦਾ ਹੈ। ਸੋ ਇਹਦੇ ਵਿਚੋਂ ਆਪਣਾ ਮਨ ਖਿਚ ਲੈਣਾ, ਸੰਸਿਆਂ ਵਿਚੋਂ ਖਿੱਚ ਲੈਣਾ, ਵੈਰ ਵਿਚੋਂ ਖਿਚ ਲੈਣਾ, ਡਰ ਤੋਂ ਖਿਚ ਲੈਣਾ, ਸਭ ਤੋਂ ਰੋਕ ਕੇ ਮਨ ਵਿਚ ਚਾਓ ਪੈਦਾ ਕਰਨਾ ਕਿ ਮੈਂ ਨਾਮ ਜਪਾਂ। ਤਮੋਗੁਣੀ ਬਿਰਤੀ ਮਨ ਨੂੰ ਇਕਾਗਰ ਨਹੀਂ ਹੋਣ ਦਿੰਦੀ ਜਦ ਤਕ ਬਹੁਤ ਸੰਗਤ ਨਾ ਕਰੇ, ਸੇਵਾ ਤੇ ਸੰਗਤ ਕਰਨ ਦੇ ਨਾਲ, ਖੁਰਾਕ ਸ਼ੁਧ ਕਰਨ ਦੇ ਨਾਲ, ਅੰਡੇ, ਮਾਸ, ਮੱਛੀ, ਸ਼ਰਾਬ, ਅਫੀਮ, ਆਹ ਨਸ਼ੇ ਸਭ ਛੱਡਣੇ ਪੈਂਦੇ ਹਨ ਤਾਂ ਇਹ ਬਿਰਤੀ ਬਦਲਦੀ ਹੈ। ਸੁਥਰੇ ਰਹਿਣਾ ਪੈਂਦਾ ਹੈ ਮੈਲੇ ਕੱਪੜੇ ਛੱਡਣੇ ਪੈਂਦੇ ਹਨ ਤਾਂ ਜਾ ਕੇ ਬਿਰਤੀ ਬਦਲਦੀ ਹੈ ਤੇ ਰਜੋ ਗੁਣ ਵਿਚ ਆਉਂਦੀ ਹੈ।

ਰਜੋਗੁਣ ਦੀ ਜੋ ਬਿਰਤੀ ਹੈ, ਨੱਠਣ ਭੱਜਣ ਵਾਲੀ ਬਿਰਤੀ ਹੈ। ਚੰਚਲ ਬਿਰਤੀ ਹੈ, ਜਿਵੇਂ ਸਮੁੰਦਰ ਦੀਆਂ ਛੱਲਾਂ ਉਠਦੀਆਂ ਹੁੰਦੀਆਂ ਹਨ, ਐਸ ਤਰ੍ਹਾਂ ਮਨ ਦੇ ਸੰਸਕਾਰ ਦੇ ਅੰਦਰ, ਅੰਤਸ਼ਕਰਣ ਦੇ ਅੰਦਰ, ਸੰਸਕਾਰਾਂ ਦੀਆਂ ਛੱਲਾਂ ਉਠਦੀਆਂ ਹਨ ਅਤੇ ਇਹ ਟਿਕਦਾ ਨਹੀਂ। ਇਸ ਵਿਚ ਰਾਗ ਦ੍ਵੈਸ਼ ਹੋਇਆ ਕਰਦੀ ਹੈ। ਵੈਰ ਹੀ ਉਠੀ ਜਾਂਦਾ ਹੈ। ਉਲਟੀਆਂ ਗੱਲਾਂ, ਮਾੜੀਆਂ ਗੱਲਾਂ ਹੀ ਆਈ ਜਾਂਦੀਆਂ ਹਨ ਤੇ ਹਿਤ ਦੀਆਂ ਚੀਜ਼ਾਂ ਦੇ ਨਾਲ ਪਿਆਰ ਪਾਈ ਜਾਂਦਾ ਹੈ। ਤੀਜੀ ਇਸ ਵਿਚ ਚੰਚਲਤਾ ਹੁੰਦੀ ਹੈ। ਇਕ ਸਕਿੰਟ ਵਾਸਤੇ ਵੀ ਨਾਮ ਨਹੀਂ ਜਪਦਾ, ਮਨ ਇਕ ਮਿੰਟ ਵਿਚ ਨਿਕਲ ਜਾਏਗਾ, ਰੋਕੋ ਫੇਰ ਨਿਕਲ ਜਾਏਗਾ, ਫੇਰ ਰੋਕੋ ਫੇਰ ਨਿਕਲ ਜਾਏਗਾ, ਅੰਦਰ ਨਹੀਂ ਆਉਂਦਾ, ਭੂਤ ਦੀ ਤਰ੍ਹਾਂ ਹਰ ਪਾਸੇ ਦੌੜਿਆ ਫਿਰਦਾ ਹੈ। ਚੌਥਾ ਇਸ ਵਿਚ ਹੁੰਦਾ ਹੈ ਫੁਰਨੇ, ਰੁਝੇਵੇਂ ਜ਼ਿੰਦਗੀ ਵਿਚ ਜਿੰਨੇ ਜ਼ਿਆਦਾ ਹੋਣਗੇ, ਉਨੇ ਫੁਰਨੇ ਜ਼ਿਆਦਾ ਆਉਣਗੇ। ਮਹਾਰਾਜ ਤਾਂ ਕਹਿੰਦੇ ਹਨ -

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥*** ***ਪੰਨਾ - 10***

ਕੰਮ ਕਰੀ ਜਾ, ਤੇਰੀ ਪ੍ਰਾਲਬਧ ਵਿਚ ਸਭ ਕੁਝ ਲਿਖਿਆ ਪਿਆ ਹੈ। ਫੁਰਨੇ ਹੀ ਨਾਮ ਨਹੀਂ ਜਪਣ ਦਿੰਦੇ।

ਪੰਜਵਾਂ ਹੋਇਆ ਕਰਦਦਾ ਹੈ ਚਤੁਰਾਈਆਂ। ਬਹੁਤ ਚਲਾਕੀਆਂ ਕਰਦਾ ਹੈ। ਗੱਲ ਸਿਧੇ ਢੰਗ ਨਾਲ ਤਾਂ ਕਰਨੀ ਹੀ ਨਹੀਂ, ਫਰੇਬ ਨਾਲ ਚਤੁਰਾਈ ਨਾਲ ਗੱਲ ਕਰਨੀ। ਛੇਵੀਂ ਹੋਇਆ ਕਰਦੀ ਹੈ ਵਿਕਸ਼ੇਪਤਾ, ਨਾ ਕੀਰਤਨ

ਸੁਨਣਾ, ਨਾ ਨਾਮ ਜਪਣਾ; ਜੇ ਪਾਠ ਕਰਦਾ ਹੈ ਤਾਂ ਪਤਾ ਹੀ ਨਹੀਂ ਲਗਦਾ। ਕਹਿੰਦੈ, ਹੈਂ ਕੀ ਮੈਂ ਪਾਠ ਕਰ ਲਿਆ, ਮੰਨੇ ਕੀ ਗਤਿ ਦੀਆਂ ਚਾਰ ਪਉੜੀਆਂ, ਸੁਣੀਐ ਦੀਆਂ ਚਾਰ ਪਉੜੀਆਂ ਕਿਸ ਵੇਲੇ ਪੜ੍ਹ ਲਈਆਂ ਤੇ ਅਸੰਖ ਜਪ ਦੀਆਂ ਵੀ ਤਿੰਨੇ ਪਉੜੀਆਂ ਪੜ੍ਹ ਲਈਆ ਤੇ ਅੱਗੇ ਜਾ ਕੇ ਮੁੰਦਾ ਸੰਤੋਖ ਦੀਆਂ ਚਾਰ ਪਉੜੀਆਂ ਪੜ੍ਹ ਲਈਆਂ, ਇਕ ਇਕ ਪੜ੍ਹ ਕੇ ਜਾਈ ਜਾਂਦਾ ਹੈ ਫੇਰ ਜਦੋਂ ਸਰਮ ਖੰਡ ਦੀ ਪੜ੍ਹ ਲਈ –

*ਸਰਮ ਖੰਡ ਕੀ ਬਾਣੀ ਰੂਪੁ ॥*
*ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥*
*ਤਾ ਕੀਆ ਗਲਾ ਕਥੀਆ ਨ ਜਾਹਿ ॥*
*ਜੇ ਕੋ ਕਹੈ ਪਿਛੈ ਪਛੁਤਾਇ ॥* *ਪੰਨਾ – 8*

ਫੇਰ 'ਮੰਨੇ ਕੀ ਗਤਿ' ਤੇ ਪਹੁੰਚ ਜਾਂਦਾ ਹੈ ਕਿਉਂਕਿ ਉਹਦੇ ਵਿਚ ਸਾਵਧਾਨਤਾ ਨਹੀਂ ਹੈ ਵਿਕਸ਼ੇਪਤਾ ਹੈ।

ਸੱਤਵੀਂ ਹੋਇਆ ਕਰਦੀ ਹੈ ਲੋਕ ਲੱਜਾ। ਜੇ ਮੈਂ ਇਹ ਕੰਮ ਕੀਤਾ ਲੋਕ ਮੈਨੂੰ ਐਂ ਕਹਿਣਗੇ, ਮਾੜਾ ਕਹਿਣਗੇ, ਆਹ ਨਹੀਂ ਠੀਕ, ਉਹ ਨਹੀਂ ਠੀਕ, ਆਪਣੀ ਵਿਤ ਤੋਂ ਵੱਧ ਗੱਲ ਕਰਨੀ। ਅੱਠਵਾਂ ਹੋਇਆ ਕਰਦਾ ਹੈ ਵਿਸ਼ਿਆਂ ਵਿਚ ਹੀ ਗ੍ਰਸਤ ਰਹਿਣਾ। ਫੁਰਨਾ ਬਣਦਾ ਹੈ ਚਲੋ ਫਲਾਣੀ ਜਗ੍ਹਾ ਉਥੇ ਬਹੁਤ ਸੀਨਰੀਆਂ ਹਨ, ਬਹੁਤ ਸੋਹਣੀ ਜਗ੍ਹਾ ਹੈ, ਫਲਾਣੇ ਦਾ ਗਲਾ ਬਹੁਤ ਵਧੀਆ ਹੈ, ਬਹੁਤ ਸੋਹਣਾ ਗਾਉਂਦਾ ਹੈ, ਫਲਾਣੀ ਖਾਣ ਵਾਲੀ ਚੀਜ਼ ਤਿਆਰ ਕਰੀਏ ਬਹੁਤ ਸਵਾਦ ਹੁੰਦੀ ਹੈ। ਫਲਾਣੀ ਸੁਗੰਧੀ ਲਿਆਈਏ, ਉਹ ਬਹੁਤ ਵਧੀਆ ਹੁੰਦੀ ਹੈ। ਸੋ ਇਹ ਵਿਸ਼ਿਆਂ ਦੀ ਪ੍ਰੀਤੀ ਕਹਾਉਂਦੀ ਹੈ। ਇਹ ਵੀ ਰਜੋ ਗੁਣ ਬਿਰਤੀ ਹੀ ਹੈ।

ਤੀਸਰੀ ਸਤੋ ਗੁਣ ਬਿਰਤੀ ਹੁੰਦੀ ਹੈ। ਸਤੋਗੁਣ ਬਿਰਤੀ ਵਿਚ ਬਹੁਤ ਚੰਗੇ ਗੁਣ ਹੁੰਦੇ ਹਨ। ਜਿਹਨਾਂ ਦੇ ਅਧਾਰ ਤੇ ਨਾਮ ਜਪਿਆ ਜਾਂਦਾ ਹੈ। ਜਿਸ ਵਿਚ ਉਦਾਰਤਾ ਹੁੰਦੀ ਹੈ, ਸ਼ਾਂਤੀ ਹੁੰਦੀ ਹੈ, ਵੈਰਾਗ ਹੁੰਦਾ ਹੈ, ਵੀਚਾਰ ਹੁੰਦੀ ਹੈ, ਉਪਰਾਮ ਹੁੰਦੀ ਹੈ, ਸਤਸੰਗ ਹੁੰਦਾ ਹੈ। ਸਤਸੰਗ ਦੀ ਪ੍ਰੀਤ ਹਿਰਦੇ ਵਿਚ ਜਾਗਦੀ ਹੈ, ਆਤਮ ਚਿੰਤਨ ਦਾ ਉਮਾਹ ਹੁੰਦਾ ਹੈ, ਸੰਤ ਮਾਰਗ ਤੇ ਚੱਲਣ ਦੀ ਦ੍ਰਿੜ੍ਹਤਾ ਹੋਇਆ ਕਰਦੀ ਹੈ। ਆਪਣੇ ਸਰੂਪ ਵਿਚ ਵਾਸਾ ਕਰਨ ਵਾਸਤੇ ਸਤਿਗੁਰੂ ਨਾਲ ਪਿਆਰ ਹੋਇਆ ਕਰਦਾ ਹੈ ਤੇ ਪਾਰਬ੍ਰਹਮ ਵਿਚ ਲੀਨ ਹੋਣ ਵਾਸਤੇ ਉਦਮ ਹੋਇਆ ਕਰਦਾ ਹੈ। ਸੋ ਇਹ ਤਿੰਨੇ ਕਿਸਮ ਦੇ ਗੁਣ ਚਿਤ ਦੀਆਂ ਪੰਜੇ ਬਿਰਤੀਆਂ ਇਹਨਾਂ ਸਾਰੀਆਂ ਨੂੰ ਸੰਕੋਚ ਕੇ ਜਦੋਂ ਆਦਮੀ ਅੰਤਰਗਤ ਬਿਰਤੀ ਕਰਦਾ ਹੈ, ਉਦੋਂ ਉਸਦਾ ਧਿਆਨ ਪਰਪੱਕ ਹੋ ਜਾਂਦਾ ਹੈ। ਜਦੋਂ ਧਿਆਨ ਪਰਪੱਕ ਹੋਏਗਾ, ਉਹਦੇ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ ਤੇ ਜਿਹੜਾ ਧੇਅ ਹੋਇਆ ਕਰਦਾ ਹੈ, ਉਹ ਪ੍ਰਤੱਖ ਰੂਪ ਵਿਚ ਸਾਹਮਣੇ ਹੁੰਦਾ ਹੈ। ਲੇਕਿਨ ਉਥੇ ਤਿਕੁਟੀ ਹੁੰਦੀ ਹੈ, ਜੋ ਟੁਟਦੀ ਨਹੀਂ। ਇਕ ਧਿਆਤਾ ਹੁੰਦਾ ਹੈ, ਇਕ ਧਿਆਨ ਹੁੰਦਾ ਹੈ ਤੇ ਤੀਜਾ ਧੇਅ ਹੁੰਦਾ

ਹੈ। ਉਹਦੇ ਬਾਅਦ ਜਦੋਂ ਤਿੰਨ ਘੰਟੇ ਬਿਰਤੀ ਲੱਗਣ ਲਗ ਜਾਵੇ, ਤਾਂ ਫੇਰ ਉਸ ਨੂੰ ਸਮਾਧੀ ਆਖਦੇ ਹਨ। ਸਮਾਧੀ ਵਾਸਤੇ ਜਦੋਂ ਅਸੀਂ ਆਪਣੀ ਬਿਰਤੀ ਖਿਚੀ, ਪਹਿਲਾਂ ਪੰਜੇ ਤੱਤਾਂ ਦਾ ਤਿਆਗ ਕਰੋ, 25 ਪ੍ਰਕਿਰਤੀਆਂ ਦਾ ਤਿਆਗ ਕਰੋ, ਪੰਜੇ ਪ੍ਰਾਣਾਂ ਦਾ ਤਿਆਗ ਕਰੋ, ਪੰਜੇ ਕਰਮ ਇੰਦਰਿਆਂ ਦਾ ਤਿਆਗ ਕਰੋ, ਪੰਜੇ ਗਿਆਨ ਇੰਦਰਿਆਂ ਦਾ, ਫਿਰ ਮਨ ਦਾ ਤਿਆਗ ਕਰਕੇ ਫੇਰ ਹੌਲੀ ਹੌਲੀ ਚੜ੍ਹਦੇ ਚਲੋ, ਬੁੱਧੀ ਵਿਚੋਂ ਲੰਘ ਜਾਓ, ਚਿਤ ਵਿਚੋਂ ਲੰਘ ਜਾਓ, ਅਹੰਭਾਵ ਵਿਚੋਂ ਲੰਘ ਜਾਓ, ਫਿਰ ਸਤਿਗੁਰੂ ਨੂੰ ਨਮਸ਼ਕਾਰ ਕਰ ਦਿਓ ਜਾ ਕੇ, ਉਹਦੇ ਚਰਨਾਂ ਤੇ ਜਾ ਕੇ ਆਪਣਾ ਸੀਸ ਭੇਟਾ ਕਰ ਦਿਓ, ਉਹਦੇ ਵਿਚ ਲੀਨ ਹੋ ਜਾਓ, ਨਮਸ਼ਕਾਰ ਕਰਕੇ ਆਤਮ ਸਰੂਪ ਵਿਚ ਲੀਨ ਹੋ ਜਾਓ, ਸਮਾਧੀ ਅਨੁਭਵ ਦੀ ਹੋਇਆ ਕਰਦੀ ਹੈ। ਸੰਤਾਂ ਨੂੰ ਪਤਾ ਹੁੰਦਾ ਹੈ। ਇਹਦੇ ਵਿਚ ਸਥੂਲ ਸਰੀਰ ਵੀ ਛੱਡ ਦਿਤਾ, ਸੂਖਸ਼ਮ ਵੀ ਛੱਡ ਦਿਤਾ, ਕਾਰਨ ਵੀ ਛੱਡ ਦਿਤਾ ਤੇ ਸਾਖੀ ਰੂਪ ਦੇ ਅੰਦਰ ਦੇਖਣ ਵਾਲੇ ਰੂਪ ਦੇ ਅੰਦਰ ਬਈ ਇਹ ਜੋ ਤਿੰਨੇ ਸਰੀਰ ਹਨ, ਇਹਨਾਂ ਵਿਚੋਂ ਮੈਂ ਲੰਘ ਗਿਆ।

ਉਹਦੇ ਬਾਅਦ ਫੇਰ ਜਾਗ੍ਰਤ, ਸੁਪਨ, ਸਖੋਪਤ ਤਿੰਨਾਂ ਨੂੰ ਛੱਡ ਕੇ ਤੁਰੀਆ ਅਵਸਥਾ ਵਿਚ ਜਾ ਕੇ ਆਸਣ ਲਾ ਲੈਣਾ। ਰਜੋ ਤਮੋ ਸਤੋ ਤੋਂ ਸ਼ੁਧ ਹੋ ਕੇ ਪੰਜੇ ਕੋਸ਼ - ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯਕੋਸ਼, ਇਹਨਾਂ ਪੰਜਾਂ ਪੜਦਿਆਂ ਤੋਂ ਉਪਰ ਲੰਘ ਕੇ ਆਪਣੇ ਆਪ ਨੂੰ ਗਿਆਨ ਸਰੂਪ ਆਤਮਾ ਸਮਝ ਕੇ ਬਿਰਤੀ ਵਿਚ ਲੀਨ ਹੋ ਜਾਣਾ, ਇਸ ਨੂੰ ਸਮਾਧੀ ਆਖਦੇ ਹਨ।

ਇਹ ਸਮਾਧੀ ਵੀ ਪੰਜ ਕਿਸਮ ਦੀ ਹੋਇਆ ਕਰਦੀ ਹੈ। ਪਹਿਲੀ ਸਮਾਧੀ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਇਹ ਦੋ ਤਰੀਕੇ ਨਾਲ ਲਗਦੀ ਹੈ। ਇਕ ਤਾਂ ਆਤਮ ਵੀਚਾਰ ਨਾਲ ਲਗਦੀ ਹੈ। ਇਕ ਨਾਮ ਦੀ ਧੁਨ ਸੁਣ ਕੇ ਲਗਦੀ ਹੈ। ਇਕ ਨੂੰ 'ਸਾਗਰਭ' ਸਮਾਧੀ ਕਹਿੰਦੇ ਹਨ 'ਆਗਰਭ' ਸਮਾਧੀ ਕਹਿੰਦੇ ਹਨ। ਜਿਹੜੀ ਸਮਾਧੀ ਸ਼ਬਦ ਨਾਲ ਹੁੰਦੀ ਹੈ ਉਹ 'ਸਾਗਰਭ' ਸਮਾਧੀ ਹੁੰਦੀ ਹੈ। ਜਿਹੜੀ ਸਮਾਧੀ ਆਤਮ ਵੀਚਾਰ ਨਾਲ ਲਗਦੀ ਹੈ ਉਹ 'ਅਗਰਭ' ਸਮਾਧੀ ਹੁੰਦੀ ਹੈ - ਸ਼ਬਦ ਤੋਂ ਰਹਿਤ। ਸੋ ਇਹ ਦੋਨੋਂ ਚੀਜ਼ਾਂ ਸਾਵਿਕਲਪ ਹੁੰਦੀਆਂ ਹਨ। ਇਸ ਦੇ ਉਪਰ ਨਿਰਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਕੋਈ ਵੀ ਫੁਰਨਾ ਨਹੀਂ ਹੁੰਦਾ, ਇਕ ਭਾਵਨਾ ਦੇ ਨਾਲ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਇਕ ਬ੍ਰਹਮ ਦੀ ਅਵਸਥਾ ਵਿਚ ਆ ਕੇ ਟਿਕ ਜਾਂਦਾ ਹੈ, ਆਪਣੇ ਆਪ ਨੂੰ ਭੁਲ ਕੇ 'ਤ੍ਰਿਕੁਟੀ' ਦਾ ਖਾਤਮਾ ਹੋ ਜਾਂਦਾ ਹੈ।

ਇਸ ਤੋਂ ਅੱਗੇ ਸਾਧ ਸੰਗਤ ਜੀ ਜਿਸ ਨੂੰ 'ਸਹਿਜ ਸਮਾਧ' ਆਖਦੇ ਹਨ ਉਹ ਹੁੰਦੀ ਹੈ, ਸਹਿਜ ਸਮਾਧ ਦੇ ਅੰਦਰ ਜਿੰਨੇ ਰਾਗ-ਦ੍ਵੈਦ, ਹਰਖ-ਸੋਗ, ਦੁਖ-ਸੁਖ, ਪਾਪ-ਪੁੰਨ, ਕਰਮ-ਅਕਰਮ, ਸ਼ੁਭ-ਅਸ਼ੁਭ, ਧਰਮ-ਅਧਰਮ, ਲਾਭ-ਹਾਨ, ਸ਼ਤਰੂ-ਮਿਤ੍ਰ, ਮੈਂ-ਤੂੰ-ਜੀਵ, ਕੱਲ-ਅੱਜ ਸਾਰੀਆਂ ਚੀਜ਼ਾਂ ਕਾਲ ਵਗੈਰਾ ਸਭ ਭੁਲ ਕੇ ਬੇਅੰਤ ਸ਼ਤਰੂ ਮਿਤ੍ਰ ਸਭ ਚੀਜ਼ਾਂ ਨੂੰ ਭੁਲਾ ਕੇ ਕੇਵਲ

ਪ੍ਰਮੇਸ਼ਰ ਹੀ ਪ੍ਰਮੇਸ਼ਰ ਸਭ ਥਾਂ ਤੇ ਨਜ਼ਰ ਆਉਂਦਾ ਹੈ। ਉਹਦੇ ਵਿਚ ਨਾ ਬੰਧ ਹੈ, ਨਾ ਜਨਮ ਹੈ, ਨਾ ਮੋਖਸ਼ ਹੈ, ਨਾ ਪਾਪ ਹੈ, ਨਾ ਪੁੰਨ ਹੈ, ਸਾਰੀਆਂ ਬਿਰਤੀਆਂ ਸਾਰੀਆਂ ਤ੍ਰਿਕੁਟੀਆਂ, ਗਿਆਤਾ ਗਿਆਨ ਗੇਯ, ਧਿਆਤਾ ਧਿਆਨ ਧੇਅ ਦੀ ਤ੍ਰਿਕੁਟੀ ਦ੍ਰਿਸ਼ ਤੇ ਦ੍ਰਿਸ਼ਟਾ ਦੀ ਇਹ ਸਾਰੀਆਂ ਤ੍ਰਿਕੁਟੀਆਂ ਛੱਡ ਕੇ ਕੇਵਲ ਇਸ ਭਾਵ ਵਿਚ ਕਿ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਇਸ ਭਾਵ ਵਿਚ ਲੀਨ ਹੋ ਜਾਣਾ, ਉਸ ਨੂੰ 'ਸਹਿਜ ਸਮਾਧ ਕਹਿੰਦੇ ਹਨ। ਸੋ ਐਸੀ ਸਮਾਧ ਆਤਮ ਚਿੰਤਨ ਦੇ ਨਾਲ ਹੋਇਆ ਕਰਦੀ ਹੈ। ਸੋ ਇਸ ਦਾ ਰਸ ਓਹੀ ਜਾਣਦਾ ਹੈ ਜੋ ਇਸ ਵਿਚ ਪਿਆ ਹੋਵੇ।

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ -2, 2.***
***ਸੋ ਰਸ ਸੋਈ ਜਾਣੈ, ਸੋ ਰਸ ਸੋਈ ਜਾਣੈ - 2, 2.***
***ਸਹਿਜ ਸਮਾਧ ਲਗੀ ਲਿਵ ਅੰਤਰ,... -2.***

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥***

***ਪੰਨਾ - 106***

ਲਿਵ ਲਗੀ ਹੋਈ ਹੈ ਅੰਦਰ। ਜਿਸ ਤਰ੍ਹਾਂ ਤੇਲ ਦੀ ਧਾਰ ਪਿਆ ਕਰਦੀ ਹੈ, ਬਰੇਕ ਨਹੀਂ ਆਉਂਦਾ ਇਸ ਤਰ੍ਹਾਂ ਇਕ ਟਕ ਸਮਾਧੀ ਵਿਚ ਲੀਨ ਹੈ, ਨਾ ਉਥੇ ਮੈਂ ਹੈ, ਨਾ ਤੂੰ ਹੈ, ਨਾ ਹੁਣ ਹੈ, ਨਾ ਹੋਏਗਾ, ਨਾ ਹੈਗਾ, ਉਥੇ ਕੋਈ ਚੀਜ਼ ਭੂਤ ਭਵਿੱਖ ਵਰਤਮਾਨ ਕੁਝ ਨਹੀਂ ਹੁੰਦਾ, ਜੇ ਹੁੰਦਾ ਹੈ ਤਾਂ ਕੇਵਲ ਸਾਖੀ ਪਦ ਹੁੰਦਾ ਹੈ। ਕੇਵਲ ਆਪਣਾ ਆਪ ਹੋਇਆ ਕਰਦਾ ਹੈ। ਆਪਣੇ ਆਪ ਤੋਂ ਬਗੈਰ ਕੋਈ ਚੀਜ਼ ਨਹੀਂ ਹੁੰਦੀ ਪ੍ਰਭੂ ਦੀ ਲੀਨਤਾ ਵਿਚ ਹੋ ਕੇ, ਸਾਖੀ ਹੋ ਕੇ ਸਾਰੀ ਚੀਜ਼ ਦੇਖਦਾ ਹੈ, ਸੋ ਉਸ ਨੂੰ 'ਅਨਹਦ ਸੁੰਨ' ਕਹਿੰਦੇ ਹਨ। ਬਾਣੀ ਵਿਚ ਐਸੀਆਂ ਗੱਲਾਂ ਆਉਂਦੀਆਂ ਹਨ -

***ਅਨਹਤ ਸੁੰਨਿ ਰਤੇ ਸੇ ਕੈਸੇ॥ ਪੰਨਾ - 943***

ਕਿਉਂਕਿ ਪਤਾ ਨਹੀਂ ਲਗਦਾ ਇਸ ਕਰਕੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਮਹਾਰਾਜ ਕਿਥੇ ਦੀ ਗੱਲ ਕਰ ਰਹੇ ਹਨ। ਤੁਰੀਆ ਅਵਸਥਾ ਸਾਰੀਆਂ ਚੌਥੇ ਪਦ ਦੀਆਂ ਗੱਲਾਂ ਹਨ। ਸੋ ਅਨਹਤ ਸੁੰਨ ਦੇ ਵਿਚ ਰੱਤੇ ਹੁੰਦੇ ਹਨ, ਲੀਨ ਹੋਏ ਹੁੰਦੇ ਹਨ ਤੇ ਉਹਨਾਂ ਦੀ ਅਵਸਥਾ ਕੈਸੀ ਹੁੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਰੱਤੇ ਸੇ ਕੈਸੇ, ਅਨਹਤ ਸੁੰਨ -2, 2.***
***ਅਨਹਦ ਸੁੰਨ ਰੱਤੇ ਸੇ ਕੈਸੇ -2, 2.***
***ਰੱਤੇ ਸੇ ਕੈਸੇ, ਅਨਹਤ ਸੁੰਨ.......2***

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥ ਪੰਨਾ - 943***

ਕੈਸੇ ਨੇ ਉਹ? ਮਹਾਰਾਜ ਕਹਿੰਦੇ ਹਨ -

***ਜਿਸ ਤੇ ਉਪਜੇ ਤਿਸਹੀ ਜੈਸੇ॥*** ***ਪੰਨਾ - 943***

ਉਹ ਆਪਣੇ ਸੋਮੇ (source) ਵਿਚ ਮਿਲ ਗਏ। ਸਾਧਸੰਗਤ ਜੀ, ਚਲਦਾ ਚਲਦਾ ਕਤਰਾ ਵੀ ਵਿਚ ਰਲਿਆ, ਨਦੀ ਚਲਦੀ ਚਲਦੀ ਆਪਣੇ ਸੋਮੇ (source) ਸਮੁੰਦਰ ਵਿਚ ਰਲ ਗਈ, ਪਹਿਲਾਂ ਸਮੁੰਦਰ ਵਿਚੋਂ ਸੂਰਜ ਨਾਲ ਭਾਫ ਉਠੀ, ਫੇਰ ਗਰਦ ਗਵਾਰ ਨਾਲ ਰਲ ਕੇ ਬੱਦਲ ਬਣ ਗਈ, ਦੂਰ ਤੱਕ ਹਵਾ ਦੇ ਨਾਲ ਸਫਰ ਕਰਦੀ ਰਹੀ, ਕਿਧਰੇ ਆ ਕੇ ਵਰਖਾ ਕੀਤੀ, ਕਤਰਾ ਕਤਰਾ ਰਲ ਕੇ ਪਾਣੀ ਦੀ ਧਾਰ ਬਣੀ, ਫੇਰ ਨਦੀ ਵਿਚ ਚਲੀ ਗਈ, ਨਦੀ ਵਹਿੰਦੀ ਵਹਿੰਦੀ ਆਪਣੇ source ਸਮੁੰਦਰ ਵਿਚ ਚਲੀ ਗਈ। ਸੋ ਜਦੋਂ ਜੀਵ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਸੋ ਐਸੀ ਜੋ ਵੀਚਾਰ ਹੈ ਉਸ ਵਿਚ ਲੀਨ ਹੋ ਗਿਆ ਲੀਨ ਹੋਏ ਨੂੰ ਮਹਾਰਾਜ ਕਹਿੰਦੇ ਹਨ -

***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸਹੀ ਜੈਸੇ॥*** ***ਪੰਨਾ - 943***

ਸਰੀਰ ਤਾਂ ਦਿਸਦਾ ਹੈ ਮਨੁੱਖ ਦਾ ਹੀ ਪਰ ਅਸੀਂ ਤਾਂ ਕਿਸੇ ਨੂੰ ਮੰਨਦੇ ਹੀ ਨਹੀਂ, ਪਰ ਮਹਾਰਾਜ ਜੀ ਕਹਿੰਦੇ ਹਨ ਕਿ ਮੰਨੋ ਤੁਸੀਂ, ਸਾਦੇ ਅੱਖਰਾਂ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ-

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ -2, 2.***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ, -2, 2.***
***ਸਾਈਂ ਹੀ ਵਰਗੇ ਨੇ, .............. -2.***

ਧੰਨ ਹਨ ਉਹ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ। ਕਿਹੋ ਜਿਹੇ ਹਨ ਉਹ?

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਪੰਨਾ - 397***

ਐਸੇ ਸਤਿਪੁਰਸ਼ ਉਸ ਵਾਹਿਗੁਰੂ ਨਾਲ ਹੀ ਰਲੇ ਹੋਏ ਹੁੰਦੇ ਹਨ -

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸਹੀ ਜੈਸੇ॥***
***ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥***
***ਨਾਨਕ ਗੁਰਮੁਖਿ ਮਨੁ ਸਮਝਾਹਿ॥*** ***ਪੰਨਾ - 943***

ਜੰਮਦੇ ਮਰਦੇ ਨਹੀਂ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***

***ਪੰਨਾ – 749***

ਜਦੋਂ ਇਹ ਅਵਸਥਾ ਹੁੰਦੀ ਹੈ, ਉਥੇ ਕਾਲ ਨਹੀਂ ਹੁੰਦਾ, ਸਮ ਬਿਰਤੀ ਹੁੰਦੀ ਹੈ। ਸਤਿ ਚਿਤ ਅਨੰਦ ਰੂਪ ਦੇ ਅੰਦਰ ਆਸਣ ਲਾਉਂਦੇ ਹਨ ਜਿਸ ਨੂੰ ਨਿਜ ਸਰੂਪ ਕਹਿੰਦੇ ਹਨ, ਸੋ ਦਰ ਕਹਿੰਦੇ ਹਨ। ਉਥੇ ਪਰਮੇਸ਼ਰ ਵਿਚ ਲੀਨ ਹੋਇਆ ਹੋਇਆ, ਉਸ ਨੂੰ ਥਿਰ ਘਰ ਕਹਿੰਦੇ ਹਨ। ਜਦੋਂ ਪਰਮੇਸ਼ਰ ਵਿਚ ਪੂਰਾ ਲੀਨ ਹੋ ਜਾਂਦਾ ਹੈ ਤਾਂ ਸਾਰੇ ਬ੍ਰਹਿਮੰਡਾਂ ਦੇ ਦੇਵਤੇ ਜੈ ਜੈਕਾਰ ਕਰਦੇ ਹਨ, ਉਸ ਦਾ ਸਤਿਕਾਰ ਕਰਦੇ ਹਨ। ਜਦੋਂ ਰੋਜ਼ ਬਿਰਤੀ ਰਾਹੀਂ ਰੂਹਾਨੀ ਸਫਰ ਤੇ ਲੰਘਦਾ ਹੈ, ਫੇਰ ਤਾਂ ਐਸੀ ਅਵਸਥਾ ਆ ਜਾਂਦੀ ਹੈ ਕਿ ਰੋਜ਼ ਲੰਘਣ ਦੀ ਲੋੜ ਨਹੀਂ ਰਹਿੰਦੀ। ਦਿਨ ਰਾਤ ਉਸਦੇ ਵਿਚੇ ਹੀ ਸਮਾਇਆ ਰਹਿੰਦਾ ਹੈ। ਸੋ ਇਸਦਾ ਦੋ ਤਰੀਕਿਆਂ ਨਾਲ ਵੇਰਵਾ ਹੈ, ਵੀਚਾਰ ਨਾਲ ਵੀ ਹੁੰਦਾ ਹੈ ਤੇ ਸ਼ਬਦ ਸੁਰਤ ਨਾਲ ਵੀ ਹੁੰਦਾ ਹੈ।

ਸ਼ਬਦ ਸੁਰਤ ਦੇ ਨਾਲ ਬਹੁਤ ਸਾਰੀਆਂ ਚੀਜ਼ਾਂ ਦੇਖਣ ਵਾਸਤੇ ਵੀ ਆਉਂਦੀਆਂ ਹਨ, ਸੁਣਨ ਵਾਸਤੇ ਵੀ ਆਉਂਦੀਆਂ ਹਨ। ਵੀਚਾਰ ਦੇ ਨਾਲ ਹੌਲੀ-ਹੌਲੀ ਮੰਨਣ ਦੇ ਨਾਲ ਉਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਕ ਥਾਂ ਐਸਾ ਫੁਰਮਾਨ ਆਉਂਦਾ ਹੈ ਕਿ –

***ਦੀਪਕ ਜਾਰ ਬਿਨ ਤੇਲੇ ਭਉਰ ਦੇਖ ਲਪਟਾਨੇ।***

ਉਹ ਜਿਹੜੀ ਅਵਸਥਾ ਹੈ ਉਸ ਥਾਂ ਦਾ ਜ਼ਿਕਰ ਹੈ –

***ਇਹ ਘਟ ਭੀਤਰ ਜੋਤ ਪਰਗਾਸੀ ਦੇਖ ਲੋਇ ਉਰਝਾਨੇ॥***
***ਨਾਨਕ ਜੋਤ ਰਲੀ ਸੰਗ ਜੋਤਹਿ, ਤਬ ਬ੍ਰਹਮ ਰੂਪ ਪ੍ਰਗਟਾਨੇ॥***

***ਪੰਨਾ – 57, ਪ੍ਰਾਣ ਸੰਗਲੀ***

ਉਸ ਵੇਲੇ ਪਰਮ ਜੋਤ ਵਿਚ ਜੋਤ ਰਲਦੀ ਹੈ। ਉਸ ਵੇਲੇ ਸਾਰੇ ਦੇਵਤੇ ਆਉਂਦੇ ਹਨ ਗੁਰੂ ਗ੍ਰੰਥ ਸਾਹਿਬ ਵਿਚ ਇਕ ਐਸਾ ਸ਼ਬਦ ਆਉਂਦਾ ਹੈ ਜਿਸ ਵਿਚ ਖੋਲ੍ਹ ਕੇ ਦਸਿਆ ਹੋਇਆ ਹੈ ਕਿ ਕਿਹੜੇ ਕਿਹੜੇ ਦੇਵਤੇ ਕਿਹੜੇ ਕਿਹੜੇ ਵਾਹਨਾਂ ਤੇ ਆਉਂਦੇ ਹਨ। ਕਿਹੜਾ ਹਾਥੀ ਤੇ ਆਉਂਦਾ ਹੈ, ਕਿਹੜਾ ਚੂਹੇ ਤੇ ਆਉਂਦਾ ਹੈ। ਉਸ ਵਿਚ ਸਾਰੇ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ –

***ਨਉ ਦਰ ਮੂੰਦ ਕਾਇਆ ਸਮ ਰਾਖੈ,***
***ਦਸਵੈ ਸਸ ਘਰਿ ਸਹਜ ਬਸੈ ।***
***ਕੋਟ ਜਨਮ ਅਘ ਸਭ ਕਾਟੈ,***
***ਸੁਖ ਮਨ ਅੰਦਰਿ ਸਹਿਜ ਰਸੈ।*** ***ਪੰਨਾ – 57, ਪ੍ਰਾਣ ਸੰਗਲੀ***

ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਗਿਆ।

*ਕਨਿਕ ਮੰਦਰ, ਰਤਨ ਕੀ ਸਿਹਜਾ,*
*ਨਾਨਕ ਕਵਲ ਪ੍ਰਗਾਸਿ ਹਸੈ॥ ਪੰਨਾ - 57, ਪ੍ਰਾਣ ਸੰਗਲੀ*

ਐਨਾ ਸੁੰਦਰ ਉਹ ਥਾਂ ਹੈ ਜੋ ਦਸਿਆ ਹੀ ਨਹੀਂ ਜਾ ਸਕਦਾ। ਰਤਨਾਂ ਦੀਆਂ ਸੇਜਾਂ ਹਨ, ਸੋਨੇ ਦਾ ਮੰਦਰ ਹੈ, ਸਹਿਜ ਅਵਸਥਾ ਦਾ ਰਸ ਮਾਣਦਾ ਹੈ –

*ਮਨੂਆ ਅਨ ਤਨ ਜਾਨ ਨ ਦੇਈ॥*
*ਬੀਜ ਮੰਤੁ ਚੀਨਿ ਮਤਿ ਲੇਈ*
*ਸਭ ਇੰਦ੍ਰੀ ਕਉ ਖੋਜਿ ਬੀਚਾਰੈ*
*ਤਸਕਰ ਪੰਚ ਸ਼ਬਦਿ ਸੰਘਾਰੈ,*
*ਸਹਸਾ ਜਾਲ ਕਰੇ ਸਭ ਛੋਈ ਨਾਨਕ ਤਬ ਅਨਭੈ ਮਤਿ ਹੋਈ॥*

*ਪੰਨਾ - 57, ਪ੍ਰਾਣ ਸੰਗਲੀ*

ਜਿੰਨੇ ਵੀ ਸੰਸੇ ਨੇ, ਸਾਰਿਆਂ ਦੀ ਸੁਆਹ ਬਣਾ ਦਿੰਦਾ ਹੈ – ਜਾਲ ਕੇ –

*ਸਰਵਰ ਸੁੰਨਿ ਬਨੇ ਸਹੰਸਦਲ ਭਵਰ ਗੁਫਾ ਮਗਨਾਨੇ।*
*ਅਤਿ ਚਿਤ੍ਰ ਸਾਲ ਬਨੀ ਮਹਿਲੀ ਬਰ*
*ਜਹਾਂ ਤਹਾਂ ਸਮਾਨੇ ।*
*ਝਿਲਮਿਲ ਦਾਮਨੀ, ਰਿਮਝਿਮ ਬਰਸੈ,*
*ਹਸਿ ਪ੍ਰਭ ਮਿਲੈ ਨਿਰਾਰਾ॥*
*ਕਹੁ ਨਾਨਕ ਜਬ ਤਤੁ ਬੀਚਾਰਿਆ*
*ਤਬ ਪ੍ਰਗਟਿਆ ਭਾਨ ਨਿਰਾਰਾ॥*
*ਬੰਕ ਨਾਰ ਕੈ ਅੰਤਰਿ ਜਾਇ*
*ਪਛਮ ਦਿਸਿ ਕੀ ਸਭ ਸੁਧ ਪਾਇ॥*
*ਨਿਝਰ ਝਰੈ ਜਲ ਪੀਵੈ ਅਘਾਇ*
*ਭਵਰ ਗੁਫਾ ਕੈ ਘਾਟਿ ਸਮਾਇ॥*
*ਹੋਏ ਮੁਕੰਦ ਕਮਲ ਲਪਟਾਨਾ*
*ਤਾ ਨਾਨਕ ਪਰਮ ਤਤ ਤਬ ਜਾਨਾ। ਪੰਨਾ - 57, ਪ੍ਰਾਣ ਸੰਗਲੀ*

*ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥*
*ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥*
*ਘਟਿ ਘਟਿ ਸੁੰਨ ਕਾ ਜਾਣੈ ਭੇਉ॥*
*ਆਦਿ ਪੁਰਖੁ ਨਿਰੰਜਨ ਦੇਉ॥ ਪੰਨਾ - 943*

ਇਹ ਵੀਚਾਰ ਕਿਥੋਂ ਮਿਲਦੀ ਹੈ?

*ਸਤਿਗੁਰ ਤੇ ਪਾਏ ਵੀਚਾਰਾ*

*ਸੁੰਨ ਸਮਾਧਿ ਸਚੇ ਘਰ ਬਾਰਾ॥*
*ਨਾਨਕ ਨਿਰਮਲ ਨਾਦੁ ਸਬਦ ਧੁਨਿ*
*ਸਚੁ ਰਾਮੈ ਨਾਮਿ ਸਮਾਇਦਾ॥* *ਪੰਨਾ - 1038*

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਪੰਨਾ - 1033*

*ਝਿਲਮਿਲ ਝਿਲਕੈ ਚੰਦੁ ਨ ਤਾਰਾ॥*
*ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥*
*ਅਕਥੀ ਕਥਉ ਚਿਹਨੁ ਨਹੀ ਕੋਈ*
*ਪੂਰਿ ਰਹਿਆ ਮਨਿ ਭਾਇਦਾ॥* *ਪੰਨਾ - 1033*

ਸਾਧਸੰਗਤ ਜੀ ਜਿਸ ਨੂੰ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਵੇ, ਉਹ ਅਵਸਥਾ ਸਹਿਜ ਸਮਾਧ ਕਹਾਉਂਦੀ ਹੈ। ਅੱਖਾਂ ਖੁਲ੍ਹੀਆਂ ਨਾਲ ਵੀ ਸਮਾਧੀ ਲੱਗੀ ਰਹਿੰਦੀ ਹੈ, ਅੱਖਾਂ ਬੰਦ ਨਾਲ ਵੀ। ਸੋ ਐਸੀ ਸਹਿਜ ਸਮਾਧੀ ਵਿਚ ਸਥਿਤ ਹੋਏ ਨਾਮਦੇਵ ਜੀ ਭੂਤ ਭਵਿਖਤ, ਵਰਤਮਾਨ, ਕਾਲ, ਮੈਂ, ਤੂੰ ਸਭ ਨੂੰ ਭੁੱਲ ਗਏ, ਸਰੂਪ ਦੀ ਸਥਿਤੀ ਵਿਚ ਬੈਠੇ ਹਨ।

ਅੱਜ ਬਹੁਤ ਦਿਨ ਚੜ੍ਹ ਗਿਆ, ਨੇਤ੍ਰ ਬੰਦ ਕਰਦੇ ਹਨ ਫੇਰ ਸੁਰਤਿ ਅੰਦਰ ਨੂੰ ਚਲੀ ਜਾਂਦੀ ਹੈ। ਇਸ ਨੂੰ ਆਤਮ ਰਸ ਕਹਿੰਦੇ ਹਨ।

ਅਸੀਂ ਤਾਂ ਖਾਲਸੇ ਐਵੇਂ ਹੀ ਬਣੀ ਬੈਠੇ ਹਾਂ। ਬਸ ਦਾੜ੍ਹਾ ਰੱਖ ਲਿਆ, ਕਿਰਪਾਨ ਪਾ ਲਈ, ਕਾਲੇ ਪੀਲੇ ਕੱਪੜੇ ਪਾ ਲਏ; ਬਈ ਤੂੰ ਕੌਣ ਹੈਂ? ਜੀ ਮੈਂ ਖਾਲਸਾ ਹਾਂ। ਮਹਾਰਾਜ ਕਹਿੰਦੇ ਕੀ ਖਾਲਸਾ ਨੇੜੇ ਜਿਹੀ ਗੱਲ ਹੈ? ਖਾਲਸਾ ਐਨੀ ਨੇੜੇ ਨਹੀਂ ਹੈ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਖਾਲਸਾ ਤਾਂ ਮੈਂ ਵੀ ਹਾਂ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌ ਕਰੌ ਨਿਵਾਸ॥* *(ਸਰਬ ਲੋਹ ਗ੍ਰੰਥ 'ਚੋਂ)*

ਨੇੜੇ ਜਿਹਾ ਹੀ ਖਾਲਸੇ ਨੂੰ ਰਖਦੈ। ਕੀ ਮੰਜ਼ਲ ਤੇ ਪਹੁੰਚ ਗਿਆ? ਇਹ ਤਾਂ ਫਿਨਾਹ ਫਿਲਾਹ ਹੈ ਜਿਥੇ ਆਪਣਾ ਆਪ ਕੁਝ ਬਚਦਾ ਹੀ ਨਹੀਂ ਹੈ। ਇਸੇ ਕਰਕੇ ਮਹਾਰਾਜ ਕਹਿੰਦੇ ਹਨ-

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

*ਪੰਨਾ - 1102*

ਹੰਗਤਾ ਮਮਤਾ ਵਿਚ ਜੀਊਂਦਾ ਰਹਿ ਕੇ ਫੇਰ ਨਹੀਂ ਖਾਲਸਾ ਪਦਵੀ ਤਕ ਪਹੁੰਚ ਸਕਦਾ, ਤੈਨੂੰ ਮਰ ਕੇ, ਮਿਟ ਕੇ ਆਉਣਾ ਪੈਣਾ ਹੈ। ਕਹਿੰਦਾ ਜੀ ਸਰੀਰ ਦੇ ਕੇ? ਪਰ ਭਾਈ ਫੇਰ ਤੇਰਾ ਸੂਖਸ਼ਮ ਸਰੀਰ ਬਚ ਜਾਵੇਗਾ, ਕਾਰਨ ਸਰੀਰ ਬਚ ਜਾਵੇਗਾ, ਅੰਤਸ਼ਕਰਣ ਬਚ ਜਾਵੇਗਾ, ਫੁਰਨੇ ਬਚ ਜਾਣਗੇ, ਸੰਸਕਾਰ ਬਚ ਜਾਣਗੇ; ਤੂੰ ਤਾਂ ਮਰਿਆ ਹੀ ਨਾ। ਮਾਰਨੀ ਹੈ ਤਾਂ ਹਉਮੈ ਮਾਰ, ਜਿਹੜੀ ਤੇਰੇ ਅੰਦਰ ਮੈਂ ਬਣੀ ਹੋਈ ਹੈ ਉਸ ਨੂੰ ਮਾਰ। ਮੈਂ ਤੇਰਾ ਸਰੀਰ ਨਹੀਂ ਮਾਰਨਾ, ਕੇਵਲ ਤੇਰੀ ਹਉਮੈ ਮਾਰਨੀ ਹੈ, ਹੰਗਤਾ ਮਮਤਾ ਵਾਲੀ ਬੁੱਧੀ ਮਾਰਨੀ ਹੈ, ਨਹੀਂ ਤਾਂ ਤੇਰੇ ਬਾਲ ਬੱਚੇ ਕੀ ਕਰਨਗੇ ਜੇ ਸਰੀਰ ਮਾਰ ਦਿਤਾ।

ਜਦੋਂ ਹਉਮੈ ਮਰ ਜਾਂਦੀ ਹੈ ਤਾਂ ਸਹਿਜ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ। ਅੱਜ ਨਾਮਦੇਵ ਜੀ ਦੀ ਬਾਰ-ਬਾਰ ਬਿਰਤੀ ਚੜ੍ਹਦੀ ਹੈ। ਦਿਨ ਚੜ੍ਹ ਗਿਆ ਪਰ ਅਜੇ ਤੱਕ ਨਾਮਦੇਵ ਜੀ ਉਠੇ ਨਹੀਂ ਹਨ। ਅੱਠ ਵਜ ਗਏ, ਨੌਂ ਵਜ ਗਏ, ਦਸ ਵਜ ਗਏ।

ਇਕ ਪ੍ਰੇਮੀ ਜਿਸਦਾ ਨਾਮ 'ਜਾਦੋ' ਸੀ, ਉਹ ਵੀ ਸੰਗਤ ਵਿਚ ਆਇਆ ਕਰਦਾ ਸੀ। ਅਚਾਨਕ ਕਾਲ ਦਾ ਗੁਲੇਲਾ ਵਜਿਆ ਤੇ ਉਹ ਮਰ ਗਿਆ। ਮਰੇ ਹੋਏ ਦੀ ਅਰਥੀ ਲਈ ਆ ਰਹੇ ਹਨ। ਉਸਦੀ ਘਰਵਾਲੀ ਵੀ ਸਤਿਸੰਗ ਵਿਚ ਨਾਲ ਹੀ ਆਇਆ ਕਰਦੀ ਸੀ। ਕੇਵਲ ਵੀਹ ਬਾਈ ਸਾਲ ਦਾ ਨੌਜਵਾਨ ਸੀ, ਬੀਬੀ ਸਤੀ ਹੋਣ ਵਾਸਤੇ ਸਾਰੇ ਗਹਿਣੇ ਵਗੈਰਾ ਪਾ ਕੇ ਜਦੋਂ ਨਾਮਦੇਵ ਜੀ ਕੋਲ ਦੀ ਲੰਘਣ ਲੱਗੀ ਤੇ ਕਿਹਾ ਕਿ ਕੁਝ ਦੇਰ ਬਾਅਦ ਮੇਰਾ ਸਥੂਲ ਸਰੀਰ ਵੀ ਸੁਆਹ ਬਣ ਜਾਣਾ ਹੈ। ਬਾਕੀ ਰਿਸ਼ਤੇਦਾਰਾਂ ਨੂੰ ਕਿਹਾ ਕਿ ਜ਼ਰਾ ਠਹਿਰ ਜਾਵੋ ਮੈਂ ਸੰਤਾਂ ਨੂੰ ਨਮਸ਼ਕਾਰ ਕਰ ਲਵਾਂ। ਮੇਰੇ ਬੜੇ ਧੰਨਭਾਗ ਹਨ ਕਿ ਅੱਜ ਮਹਾਂਪੁਰਸ਼ ਏਥੇ ਹੀ ਬੈਠੇ ਹਨ। ਸੋ ਉਹ, ਜੋ ਸਾਰੇ ਨਾਲ ਜਾ ਰਹੇ ਹਨ ਉਹਨਾਂ ਨੂੰ ਰੁਕਵਾ ਕੇ ਆਪ ਨਮਸ਼ਕਾਰ ਕਰਨ ਚਲੀ ਗਈ ਤੇ ਨਾਮਦੇਵ ਜੀ ਉਸੇ ਤਰ੍ਹਾਂ ਹੀ ਬੈਠੇ ਹਨ, ਕਦੇ ਅੰਦਰ ਬਿਰਤੀ ਫੇਰ ਚਲੀ ਜਾਂਦੀ ਹੈ, ਕਦੇ ਬਾਹਰ ਆਉਂਦੀ ਹੈ। ਕਿਉਂਕਿ ਐਸੀ ਸੁੰਨ ਅਵਸਥਾ, ਅਫੁਰ ਅਵਸਥਾ ਹੁੰਦੀ ਹੈ ਜਿਥੇ ਕੋਈ ਫੁਰਨਾ ਨਾ ਹੋਏ, ਉਂਵ ਸੁੰਨ ਨਹੀਂ ਹੁੰਦੀ ਕਿ ਅਕਾਸ਼ ਵਾਂਗੂੰ ਸੁੰਨ ਹੈ। ਫੁਰਨਾ ਨਹੀਂ ਕੋਈ ਆਇਆ ਕਰਦਾ, ਪਰ ਹੁੰਦਾ ਸਭ ਕੁਝ ਹੈ। ਐਸੀ ਬਿਰਤੀ ਚੜ੍ਹੀ ਹੋਈ ਹੈ। ਕਦੀ ਨੇਤਰ ਖੋਲ੍ਹ ਲੈਂਦੇ ਹਨ, ਕਦੀ ਬੰਦ ਕਰ ਲੈਂਦੇ ਹਨ। ਉਠਿਆ ਨਹੀਂ ਜਾਂਦਾ। ਸੋ ਨਾਮਦੇਵ ਜੀ ਨੇ ਉਹਨਾਂ ਨਾਮ ਰਸ ਨਾਲ ਰਸਾਈਆਂ ਹੋਈਆਂ ਅੱਖੀਆਂ ਦੇ ਨਾਲ ਬੀਬੀ ਵੱਲ ਤੱਕਿਆ ਜਦੋਂ ਗਹਿਣਿਆਂ ਦਾ ਖੜਕਾ ਹੋਇਆ, ਤਾਂ ਉਹਨਾਂ ਦੇ ਮੁਖਾਰਬਿੰਦ ਤੋਂ ਹਲਕੀ ਜਿਹੀ ਅਸ਼ੀਰਵਾਦ ਮੱਧਮ ਜਿਹੀ ਨਿਕਲ ਗਈ - 'ਬੀਬਾ ਸੁਹਾਗ ਮਾਣ'। ਆਹ ਗੱਲ ਕਹਿ ਦਿਤੀ ਸਾਧਸੰਗਤ ਜੀ ਕਿ ਸੁਹਾਗ ਮਾਣ, ਉਸ ਵੇਲੇ ਕੌਣ ਵਸਦਾ ਸੀ, ਉਸ ਦੀ ਰਸਨਾ ਤੇ? ਨਾਮਦੇਵ ਜੀ ਤਾਂ ਨਹੀਂ ਬੋਲੇ ਉਸ ਵੇਲੇ, ਉਸ ਵੇਲੇ ਪਰਮੇਸ਼ਰ ਬੋਲਿਆ ਕਿਉਂਕਿ ਐਸਾ ਫੁਰਮਾਨ ਹੈ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ -2, 2.*
*ਸੰਤਾਂ ਦੀ ਰਸਨਾ ਉਤੇ, -2, 2.*
*ਪ੍ਰਭ ਜੀ ਦਾ ਵਾਸਾ ਹੈ, .............. -2.*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਨਾਨਕ ਜਨ ਕਾ ਦਾਸਨਿ ਦਸਨਾ॥ ਪੰਨਾ - 263*

ਰਸਨਾ ਤੇ ਬੈਠਾ ਬੋਲ ਪਿਆ, ਕਹਿ ਦਿਤਾ 'ਬੀਬੀ ਸੁਹਾਗ ਮਾਣ' ਬੀਬੀ ਨੇ ਨਮਸ਼ਕਾਰ ਕਰ ਦਿਤੀ ਤੇ ਕਹਿਣ ਲੱਗੀ, ਭਗਤ ਜੀ! ਮਹਾਰਾਜ! ਮੈਂ ਇਕ ਬੇਨਤੀ ਕਰਨੀ ਹੈ, ਆਪ ਜੀ ਨੇਤਰ ਖੋਲ੍ਹੋ। ਨਾਮਦੇਵ ਜੀ ਨੇ ਨੇਤਰ ਖੋਲ੍ਹ ਲਏ। ਕਹਿਣ ਲੱਗੀ ਮਹਾਰਾਜ! ਆਪ ਦਾ ਬਚਨ ਹੋ ਗਿਆ ਹੈ ਕਿ ਸੁਹਾਗ ਮਾਣ, ਬੀਬੀ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬੀਬੀ ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮਹਾਰਾਜ! ਮੇਰਾ ਸੁਹਾਗ ਉਹ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਤਾਂ ਉਸ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਆਪ ਦਾ ਪ੍ਰੇਮੀ ਸੀ, ਇਸ ਦਾ ਨਾਮ 'ਜਾਦੋ' ਸੀ। ਪਰ ਮੈਂ ਆਪ ਜੀ ਦੇ ਸਤਸੰਗ ਵਿਚੋਂ ਹੀ ਐਸਾ ਬਚਨ ਸੁਣਿਆ ਹੈ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ -2, 2.*
*ਪਿਆਰੇ ਜੀ, ਸੰਤਾਂ ਦਾ ਬੋਲ ਨਾ ਟਲੇ -2, 2.*
*ਭਾਵੇਂ ਚੰਦਰਮਾਂ ਨਾਸ਼ ਹੋ ਜਾਵੇ, ........-2.*

*ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥*
*ਪੰਨਾ - 1204*

ਵਾਹਿਗੁਰੂ ਤੇ ਉਹਦੇ ਪਿਆਰੇ ਦੋਨੋਂ ਸਤਿ ਹੋਇਆ ਕਰਦੇ ਹਨ-

*ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ..............॥*
*ਪੰਨਾ - 1204*

ਸੂਰਜ ਚੰਦਰਮਾ ਸਭ ਨਾਸ਼ ਹੋ ਜਾਣਗੇ -

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥*
*ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ*

*ਆਗਾਧਾ॥*
*ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥*
*ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥* *ਪੰਨਾ - 1204*

ਕਹਿਣ ਲੱਗੀ ਮਹਾਰਾਜ! ਆਪ ਹੀ ਸਤਿਸੰਗ ਵਿਚ ਕਿਹਾ ਕਰਦੇ ਹੋ ਕਿ ਸਾਧੂ ਦਾ ਬਚਨ ਅਫਲ ਨਹੀਂ ਜਾਇਆ ਕਰਦਾ।

ਗੁਰੂ ਘਰ ਦੇ ਅੰਦਰ ਇਕ ਸੰਤ ਹੋਏ, ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ; ਭਾਈ ਗੋਦੜੀਆ ਸੀ ਉਹਨਾਂ ਦਾ ਨਾਮ। ਆਪ ਭਾਈ ਗੌਰਾ ਜੋ ਭਾਈ ਭਗਤੂ ਦਾ ਲੜਕਾ ਸੀ, ਉਹਨਾਂ ਕੋਲ ਰਿਹਾ ਕਰਦੇ ਸਨ। ਭਾਈ ਗੌਰਾ ਇਕ ਨੌਕਰ ਤੇ ਨਰਾਜ਼ ਹੋ ਗਏ ਤੇ ਉਸ ਨੂੰ ਕੁੱਟਣ ਲੱਗ ਪਏ, ਤੇ ਭਾਈ ਗੋਦੜੀਆ ਦੇਖ ਰਿਹਾ ਹੈ, ਚੱਕੀ ਵਿਚ ਘੋੜਿਆਂ ਵਾਸਤੇ ਦਾਣਾ ਪੀਸ ਰਹੇ ਸਨ। ਉਥੇ ਬੈਠੇ ਹੀ ਕਹਿਣ ਲੱਗ ਪਏ ਕਿ ਨੌਕਰ ਨੂੰ ਕਿਉਂ ਮਾਰੀ ਜਾਂਦਾ ਹੈਂ? ਐਨਾ ਕਿਉਂ ਆਫਰ ਗਿਆ ਹੈਂ? ਨੌਕਰ ਨੂੰ ਤਾਂ ਛੱਡ ਦਿੱਤਾ, ਥੋੜ੍ਹੀ ਦੇਰ ਨੂੰ ਭਾਈ ਗੌਰੇ ਨੂੰ ਅਫਰੇਵਾਂ ਹੋ ਗਿਆ। ਭਾਈ ਗੌਰਾ ਬਹੁਤ ਡਰ ਗਿਆ ਤੇ ਆ ਕੇ ਗੋਦੜੀਏ ਨੂੰ ਹੱਥ ਬੰਨ੍ਹ ਕੇ ਕਹਿਣ ਲੱਗੇ, ਭਾਈ ਤੂੰ ਹੁਣ ਐਥੋਂ ਜਾਹ, ਗੋਦੜੀਆ ਜੀ ਤੁਹਾਡੇ ਬਚਨ ਤਾਂ ਅਮੋਘ ਬਾਣ ਹਨ। ਤੁਸੀਂ ਮੈਨੂੰ ਕਿਹਾ ਕਿ ਕਿਉਂ ਆਫਰਿਆ ਹੈਂ, ਮੈਨੂੰ ਅਫਰੇਵਾਂ ਹੋ ਗਿਆ। ਹੁਣ ਤੁਸੀਂ ਕਿਸੇ ਤਰੀਕੇ ਨਾਲ ਮੇਰਾ ਇਹ ਅਫਰੇਵਾਂ ਉਤਾਰ ਦੇਵੋ। ਆਪ ਨੇ ਚੱਕੀ ਵਿਚੋਂ ਆਟੇ ਦੀ ਚੁਟਕੀ ਲਈ ਅਤੇ ਭਾਈ ਗੌਰੇ ਨੂੰ ਕਿਹਾ ਇਸਨੂੰ ਪੀ ਲੈ। ਪੀ ਕੇ ਉਹ ਸੁਅਸਥ ਹੋ ਗਿਆ।

ਭਾਈ ਗੋਦੜੀਆ ਘਰ ਚਲੇ ਗਏ। ਹਰ ਵਕਤ ਨਾਮ ਜਪਦੇ ਸੀ, ਹਰ ਵਕਤ ਉਚੀ ਬਿਰਤੀ ਵਿਚ ਰਹਿੰਦੇ ਸਨ, ਕਿਸੇ ਨਾਲ ਕੋਈ ਗੱਲ ਨਹੀਂ ਸਨ ਕਰਦੇ। ਉਥੇ ਉਹਨਾਂ ਦੇ ਘਰਦਿਆਂ ਨੇ ਭਾਈ ਗੋਦੜੀਏ ਨੂੰ ਖੇਤ ਵਿਚੋਂ ਸਰ੍ਹੋਂ ਪੁੱਟਣ ਲਈ ਭੇਜ ਦਿਤਾ ਤੇ ਸਵੇਰ ਤੋਂ ਰੋਟੀ ਹੀ ਨਾ ਭੇਜੀ, ਸ਼ਾਮ ਪੈ ਗਈ। ਉਹਨਾਂ ਦੇ ਮਿਲਣ ਵਾਲਾ ਕੋਈ ਸੰਗੀ ਆਇਆ ਤੇ ਕਹਿਣ ਲੱਗਾ, ਭਾਈ ਗੋਦੜੀਆ! ਕੀ ਕਰਦੈਂ? ਕਹਿਣ ਲੱਗੇ, ਘਰਦਿਆਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਇਕ ਹਫਤੇ ਦੇ ਅੰਦਰ ਸਾਰਾ ਟੱਬਰ ਹੀ ਮਰ ਗਿਆ, ਵਿਹਲਾ ਹੋ ਗਿਆ, ਇਕੱਲਾ ਹੀ ਹੋ ਗਿਆ। ਕਹਿੰਦੇ, ਹੁਣ ਜਿਧਰ ਜੀਅ ਕਰੇਗਾ, ਓਧਰ ਹੀ ਚਲਾਂਗੇ ਕਿਉਂਕਿ ਸਾਧੂਆਂ ਅੰਦਰ ਕੋਈ ਰਾਗ ਦ੍ਵੈਸ਼ ਨਹੀਂ ਹੋਇਆ ਕਰਦੀ। ਅੱਗੇ ਚਲੇ ਗਏ, ਇਕ ਮਾਈ ਆਈ, ਕਹਿਣ ਲੱਗੀ ਭਾਈ ਗੋਦੜੀਆ ਜੀ, ਮੈਂ ਤੁਹਾਨੂੰ ਪ੍ਰਸ਼ਾਦਾ ਛਕਾਉਣਾ ਹੈ, ਮੰਨ ਗਏ ਪ੍ਰਸ਼ਾਦੇ ਵਾਸਤੇ, ਮਾਈ ਪ੍ਰਸ਼ਾਦਾ ਲੈ ਆਈ, ਦਹੀਂ ਵਿਚ ਉਸ ਕੋਲੋਂ ਮਿਰਚਾਂ ਜ਼ਿਆਦਾ ਪੈ ਗਈਆਂ। ਉਹ ਜਦੋਂ ਖਾਣ, ਜੀਭ ਤੇ ਮਿਰਚਾਂ ਲੜਨ। ਜਦੋਂ ਮਾਈ ਹੱਥ ਧੁਆ ਕੇ ਆ ਗਈ, ਜਦੋਂ ਅਰਦਾਸ ਕਰਕੇ ਵਿਹਲੇ ਹੋਏ ਤਾਂ ਕਹਿਣ ਲੱਗੇ ਸੱਪ ਲੜਨੀਏ ਤੂੰ ਮਿਰਚਾਂ ਬਹੁਤ ਪਾ ਦਿਤੀਆਂ। ਮਾਈ ਨੂੰ ਦੂਜੇ ਦਿਨ ਹੀ ਸੱਪ ਲੜ ਗਿਆ ਤੇ ਮਰ ਗਈ। ਸਹਿਜ ਸੁਭਾਅ ਐਸਾ ਹੀ ਬਚਨ ਹੋਇਆ

ਕਰਦਾ ਹੈ।

ਸੋ ਉਸ ਬੀਬੀ ਨੇ ਨਾਮਦੇਵ ਜੀ ਨੂੰ ਕਿਹਾ ਕਿ ਆਪ ਨੇ ਤਾਂ 'ਸੁਹਾਗ ਮਾਣ' ਦਾ ਬਚਨ ਕਰ ਦਿਤਾ। ਸੋ ਨਾਮਦੇਵ ਜੀ ਸੋਚਣ ਲੱਗ ਪਏ ਕਿ ਬਿਨਾਂ ਵਿਚਾਰੇ ਹੀ ਮੈਂ ਬਚਨ ਕਰ ਦਿਤਾ ਸੁਰਤੀ ਤੋਂ ਹੇਠਾਂ ਉਤਰ ਆਏ, ਸੋਚਣ ਲੱਗ ਪਏ ਕਿ ਮੈਂ ਹੁਣ ਕੀ ਕਰਾਂ, ਮੇਰੇ ਮੂੰਹੋਂ ਤਾਂ ਸਹਿਜ ਸੁਭਾਅ ਹੀ ਨਿਕਲ ਗਿਆ ਹੈ। ਜਦੋਂ ਪਰੇਸ਼ਾਨੀ ਵਧਣ ਲਗੀ ਤਾਂ ਅੰਦਰੋਂ ਆਵਾਜ਼ ਆਈ ਕਿ ਤੂੰ ਨਹੀਂ ਸੀ ਬੋਲਿਆ, ਅੰਦਰੋਂ ਮੈਂ ਹੀ ਬੋਲਿਆ ਸੀ। ਤੂੰ ਕਿਉਂ ਐਵੇਂ ਪ੍ਰੇਸ਼ਾਨ ਹੁੰਦੈਂ, ਮੈਂ ਤਾਂ ਤੇਰਾ ਜੱਸ ਕਰਾਉਣਾ ਹੈ। ਤੂੰ ਉਠ ਕੇ ਰਾਮ ਰਾਮ ਕਹਿ ਕੇ ਇਸ ਦੇ ਪਤੀ ਨੂੰ ਮੋਢੇ ਤੋਂ ਫੜ ਕੇ ਖੜ੍ਹਾ ਕਰ ਦੇ। ਸੋ ਅੰਦਰਲੀ ਆਵਾਜ਼ ਆ ਗਈ। ਸਾਧ ਸੰਗਤ ਜੀ ਜਿਥੇ ਫੁਰਨਾ ਨਾ ਹੋਵੇ ਉਥੇ ਪਰਮੇਸ਼ਰ ਬੋਲਦਾ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਪੰਨਾ – 1***

ਉਹਦਾ ਹੁਕਮ ਹੀ ਚਲਿਆ ਕਰਦਾ ਹੈ। ਨਾਮਦੇਵ ਜੀ ਉਠ ਖਲੋਤੇ ਤੇ ਮੋਢੇ ਤੋਂ ਫੜ੍ਹ ਕੇ ਕਹਿਣ ਲੱਗੇ, ਉਠ ਗੁਰਮੁਖਾ! ਰਾਮ ਰਾਮ ਕਹਿ। ਭਾਈ ਜਾਦੋ ਤਾਂ ਐਂ ਉਠ ਕੇ ਬਹਿ ਗਿਆ ਜਿਵੇਂ ਪਹਿਲਾਂ ਸੁੱਤਾ ਪਿਆ ਸੀ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਸਾਧ ਸੰਗਤ ਜੀ! ਜਿਹੜੇ ਚੁਗਲ ਹੁੰਦੇ ਹਨ, ਨਿੰਦਕ ਹੁੰਦੇ ਹਨ ਉਹਨਾਂ ਨੂੰ ਇਹ ਗੱਲਾਂ ਬੜੀਆਂ ਚੁਭਦੀਆਂ ਹਨ। ਉਹਨਾਂ ਨੇ ਜਾ ਕੇ ਸਲੇਮਸ਼ਾਹ ਬਾਦਸ਼ਾਹ ਨੂੰ ਦਸਿਆ। ਉਹ ਸ਼ੇਰਸ਼ਾਹ ਸੂਰੀ ਦੇ ਖਾਨਦਾਨ ਵਿਚੋਂ ਸੀ ਅਤੇ ਬੜਾ ਜ਼ਾਲਮ ਬਾਦਸ਼ਾਹ ਸੀ। ਉਸ ਨੂੰ ਜਾ ਕੇ ਕਹਿਣ ਲੱਗੇ, ਨਵਾਬ ਸਾਹਿਬ! ਦੇਖੋ ਕੀ ਹੋ ਰਿਹਾ ਹੈ, ਇਕ ਕਾਫਰ ਮਰਿਆਂ ਹੋਇਆਂ ਨੂੰ ਜੀਊਂਦੇ ਕਰ ਰਿਹਾ ਹੈ। ਸ਼ਿਕਾਇਤ ਕਰ ਦਿਤੀ ਤੇ ਕਹਿਣ ਲੱਗੇ, ਮਹਾਰਾਜ! ਜੇਕਰ ਇਹ ਨਾ ਰੋਕਿਆ ਤਾਂ ਬੜਾ ਕੁਫਰ ਹੋ ਜਾਏਗਾ, ਬੜਾ ਗਲਤ ਬੰਦਾ ਹੈ, ਨਾਮਦੇਵ ਬੜਾ ਚੇਟਕੀ ਹੈ। ਸੋ ਬਾਦਸ਼ਾਹ ਦੇ ਕੰਨ ਭਰ ਦਿਤੇ ਗਏ। ਲੋਕ ਕਹਿੰਦੇ ਹਨ ਕਿ ਇਸ ਨੇ ਦੇਹੁਰਾ ਫੇਰ ਦਿਤਾ ਸੀ। ਹੁਣ ਮਰਿਆ ਬੰਦਾ ਜੀਊਂਦਾ ਕਰ ਦਿਤਾ ਹੈ, ਅੱਲਾਹ ਨੇ ਇਸ ਦਾ ਛੱਪਰ ਬਣਾ ਦਿਤਾ, ਸਾਰਾ ਪਖੰਡ ਕਰੀ ਜਾਂਦਾ ਹੈ। ਸੋ ਬਾਦਸ਼ਾਹ ਸਲੇਮਸ਼ਾਹ ਦੇ ਕੰਨ ਭਰ ਦਿਤੇ ਕਿਉਂਕਿ ਇਹਨਾਂ ਲੋਕਾਂ ਦਾ ਕੁਦਰਤੀ ਹੀ ਸੰਤਾਂ ਨਾਲ ਵੈਰ ਹੋਇਆ ਕਰਦਾ ਹੈ, ਮਹਾਰਾਜ ਦਾ ਫੁਰਮਾਨ ਇਸ ਤਰ੍ਹਾਂ ਹੈ –

***ਧਾਰਨਾ – ਸੰਤਾਂ ਨਾਲ ਵੈਰ ਕਮਾਵਦੇ –2, 2.***
***ਦੁਸਟਾਂ ਨਾਲਿ ਮੋਹੁ ਪਿਆਰੁ –2, 2.***
***ਅਗੈ ਪਿਛੈ ਸੁਖ ਨਹੀ, –2, 2.***
***ਮਰਿ ਜੰਮਹਿ ਵਾਰੋ ਵਾਰ –2, 2.***
***ਸੰਤਾਂ ਨਾਲ ਵੈਰ ਕਮਾਵਦੇ –2, 2.***
***ਤ੍ਰਿਸਨਾ ਕਦੇ ਨਾ ਬੂਝਈ 2, 2.***
***ਦੁਬਿਧਾ ਹੋਇ ਖੁਆਰੁ –2, 2.***

***ਸੰਤਾਂ ਨਾਲ ਵੈਰ ਕਮਾਵਦੇ -2, 2.***
***ਮੁਹ ਕਾਲੇ ਤਿਨਾ ਨਿੰਦਕਾ,***
***ਤਿਤੁ ਸਚੈ ਦਰਬਾਰਿ -2.***
***ਸੰਤਾਂ ਨਾਲ ਵੈਰ ਕਮਾਵਦੇ -2, 2.***
***ਨਾਨਕ ਨਾਮ ਵਿਹੂਣਿਆ,***
***ਨਾ ਉਰਵਾਰਿ ਨ ਪਾਰਿ -2.***

ਉਹਨਾਂ ਦਾ ਦੁਸ਼ਟ ਆਤਮਾਵਾਂ ਨਾਲ ਤਾਂ ਪਿਆਰ ਹੋਇਆ ਕਰਦਾ ਹੈ; ਜਿਹੜੇ ਸੰਸਾਰ ਦਾ ਭਲਾ ਚਾਹੁਣ, ਸੰਸਾਰੀ ਜੀਵਾਂ ਨੂੰ ਜਮਾਂ ਤੋਂ ਛੁਡਾਉਣ ਵਾਸਤੇ ਦਿਨ ਰਾਤ ਤੁਰੇ ਫਿਰਨ, ਉਹਨਾਂ ਦਾ ਕੁਦਰਤੀ ਹੀ ਉਹਨਾਂ ਨਾਲ ਵੈਰ ਹੋ ਜਾਇਆ ਕਰਦਾ ਹੈ। ਈਰਖਾਲੂਆਂ ਨੇ ਈਰਖਾ ਕਰਕੇ ਬਾਦਸ਼ਾਹ ਨੂੰ ਚੁਕ ਦਿਤਾ। ਕਹਿਣ ਲੱਗਿਆ, ਹੈਂ ਐਸੀ ਬਾਤ ਹੈ? ਸੋ ਇੰਨੇ ਚਿਰ ਵਿਚ ਖਬਰ ਆ ਗਈ ਕਿ ਬਾਦਸ਼ਾਹ ਸਲਾਮਤ! ਜੋ ਆਪ ਦੀ ਸਭ ਤੋਂ ਚੰਗੀ ਗਊ ਸੀ ਉਹ ਮਰ ਗਈ। ਬਾਦਸ਼ਾਹ ਕਹਿਣ ਲੱਗਾ, ਹੈਂ ਸਾਡੀ ਗਊ ਮਰ ਗਈ? ਹੁਣੇ ਦੇਖ ਲੈਂਦੇ ਹਾਂ, ਪਤਾ ਲੱਗ ਜਾਏਗਾ ਕਿ ਜੇਕਰ ਨਾਮਦੇਵ ਮਰੇ ਹੋਏ ਬੰਦਿਆਂ ਨੂੰ ਜੀਊਂਦਾ ਕਰਦਾ ਹੈ ਤਾਂ ਸਾਡੀ ਗਊ ਵੀ ਜੀਊਂਦੀ ਕਰ ਦੇਵੇਗਾ। ਕਹਿਣ ਲੱਗਾ, ਨਾਮਦੇਵ ਦੀ ਐਨੀ ਹਿੰਮਤ ਕਿ ਮਰੇ ਹੋਏ ਬੰਦਿਆਂ ਨੂੰ ਜਿਉਂਦੇ ਕਰਕੇ ਕੁਫਰ ਕਮਾਉਂਦਾ ਹੈ? ਜਾਓ ਨਾਮਦੇਵ ਨੂੰ ਬੰਨ ਕੇ ਲਿਆਓ, ਉਸੇ ਵਕਤ ਹੁਕਮ ਦੇ ਦਿਤਾ। ਸਿਪਾਹੀ ਇਕੱਠੇ ਹੋ ਕੇ ਚਲੇ ਗਏ ਤੇ ਨਾਮਦੇਵ ਜੀ ਨੂੰ ਹੱਥਕੜੀਆਂ ਲਾ ਕੇ ਲੈ ਆਏ। ਸੰਤ ਗਿਆਨੇਸ਼ਵਰ ਜੀ ਤੇ ਬਾਕੀ ਸਾਰੀ ਸੰਤ ਮੰਡਲੀ ਨਾਲ ਹੈ। ਉਹ ਹੈਰਾਨ ਹੋ ਰਹੇ ਹਨ ਕਿ ਨਾਮਦੇਵ ਜੀ ਕੋਲੋਂ ਕਿਹੜਾ ਗੁਨਾਹ ਹੋ ਗਿਆ, ਜੋ ਹੱਥਕੜੀਆਂ ਲਾ ਕੇ ਲਿਜਾ ਰਹੇ ਹਨ। ਇਹ ਤਾਂ ਕੁਝ ਨਹੀਂ ਕਰਦੇ, ਕੇਵਲ ਭਜਨ ਕਰਦੇ ਹਨ ਕਿ ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਸੰਤ ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਕੇਵਲ ਸਤਿ ਦੀ ਗੱਲ ਜ਼ਰੂਰ ਕਹਿ ਦਿੰਦੇ ਹਨ। ਭਾਈ ਇਹ ਗੱਲ ਗਲਤ ਹੋ ਰਹੀ ਹੈ। ਗੁਰੂ ਮਹਾਰਾਜ ਨੇ ਵੀ ਕਹਿ ਦਿਤਾ ਸੀ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***

***ਪੰਨਾ - 145***

ਸਚਿ ਬੋਲ ਦਿਤਾ ਸੀ ਉਹਨਾਂ ਨੇ। ਇਹ ਤਾਂ ਰਾਜੇ ਨੂੰ ਵੀ ਮੱਤ ਦਿੰਦੇ ਹਨ ਕਿ ਭਾਈ ਤੂੰ ਨਿਆਂ ਕਰ।

***"ਰਾਜੇ ਚੁਲੀ ਨਿਆਵ ਕੀ"*** ਤੇਰਾ ਧਰਮ ਹੀ ਨਿਆਂ ਕਰਨਾ ਹੈ। ਉਹਨਾਂ ਦਾ ਵਿਰੋਧ ਤਾਂ ਹੁੰਦਾ ਨਹੀਂ ਕਿਸੇ ਨਾਲ। ਫੇਰ ਵੀ ਇਹਨਾਂ ਨੂੰ ਤੰਗ ਕਰਦੇ ਹਨ।

ਜਦੋਂ ਨਾਮਦੇਵ ਜੀ ਨੂੰ ਗ੍ਰਿਫਤਾਰ ਕਰਨ ਗਏ, ਬਸ ਬਾਦਸ਼ਾਹ ਦਾ ਮਜ਼ਾਜ ਦੇਖ ਕੇ, ਜਿਹੜੇ ਹੇਠਲੇ ਹੁੰਦੇ ਹਨ ਉਹ ਦਸ ਗੁਣਾਂ ਜ਼ਿਆਦਾ ਤੰਗ

ਕਰਦੇ ਹਨ। ਫੜ ਕੇ ਕੁੱਟਣ ਹੀ ਲਗ ਜਾਂਦੇ ਹਨ। ਜੇ ਕਹਿ ਦੇਣ ਫਲਾਣੇ ਨੂੰ ਫੜ ਕੇ ਲਿਆਓ ਤਾਂ ਕਹਿਣ ਲੱਗ ਜਾਂਦੇ ਹਨ, ਹਾਂ, ਚੰਗੀ ਤਰ੍ਹਾਂ ਮੁਰੰਮਤ ਕਰਕੇ ਲਿਆਵਾਂਗੇ। ਸੋ ਨਾਮਦੇਵ ਜੀ ਨੂੰ ਬੜੇ ਨਿਰਾਦਰ ਦੇ ਨਾਲ ਸਲੇਮਸ਼ਾਹ ਦੀ ਕਚਹਿਰੀ ਵਿਚ ਪੇਸ਼ ਕਰ ਦਿਤਾ ਅਤੇ ਉਹ ਬੜੀ ਬੇਰੁਖੀ ਦੇ ਨਾਲ ਬੋਲਿਆ –

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥*
*ਦੇਖਉ ਰਾਮ ਤੁਮਾਰੇ ਕਾਮਾ॥* *ਪੰਨਾ – 1165*

ਮੈਂ ਸੁਣਿਐਂ ਤੇਰਾ ਰਾਮ ਤੇਰੇ ਸਾਰੇ ਕੰਮ ਕਰਦਾ ਹੈ। ਸਾਰੀਆਂ ਗੱਲਾਂ ਝੂਠੀਆਂ ਹਨ। ਮੈਂ ਦੇਖਣਾ ਚਾਹੁੰਦਾ ਹਾਂ ਕਿ ਤੇਰਾ ਰਾਮ ਕੀ ਕੰਮ ਕਰਦਾ ਹੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਰਾਮ ਤੁਮਾਰੇ ਕਾਮਾ,*
*ਵੇਖੋਂ, ਰਾਮ ਤੁਮਾਰੇ ਕਾਮਾ –2, 2.*

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮਾਰੇ ਕਾਮਾ॥*
*ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥*

*ਪੰਨਾ – 1165*

ਹੁਣ ਤੇਰੇ ਰੱਬ ਨੂੰ ਦੇਖਣਾ ਹੈ, ਤੇਰਾ ਰੱਬ ਕੀ ਕਰਦਾ ਹੈ।

*ਬਿਸਮਿਲਿ ਗਊ ਦੇਹੁ ਜੀਵਾਇ॥*
*ਨਾਤਰੁ ਗਰਦਨਿ ਮਾਰਉ ਠਾਂਇ॥* *ਪੰਨਾ – 1165*

ਆਹ ਦੇਖ ਗਊ ਮਰੀ ਪਈ ਹੈ, ਜਾਂ ਤਾਂ ਇਸ ਨੂੰ ਜੀਊਂਦੀ ਕਰ ਦੇ, ਨਹੀਂ ਤਾਂ ਇਸ ਦੀ ਥਾਂ ਤੇ ਤੇਰੀ ਗਰਦਨ ਉਤਾਰ ਦਿਤੀ ਜਾਵੇਗੀ। ਮੈਂ ਦੇਖਣਾ ਚਾਹੁੰਦਾ ਹਾਂ ਤੇਰਾ ਰਾਮ ਕੀ ਕੰਮ ਕਰਦਾ ਹੈ। ਨਾਮਦੇਵ ਜੀ ਕਹਿਣ ਲੱਗੇ, "ਰਾਜਨ! ਸਾਰੇ ਸੰਸਾਰ ਨੂੰ ਪਤਾ ਹੈ ਕਿ ਰਾਮ ਕੀ ਕੰਮ ਕਰਦਾ ਹੁੰਦਾ ਹੈ?" ਬਾਦਸ਼ਾਹ ਪੁੱਛਣ ਲੱਗਾ, "ਸੱਚਮੁੱਚ ਕੁਝ ਕਰਦਾ ਹੈ?" ਨਾਮਦੇਵ ਜੀ ਨੇ ਕਿਹਾ, "ਹਾਂ ਕਰਦਾ ਹੈ।" ਪੁਛਿਆ, "ਕੀ ਕਰਦਾ ਹੈ?"

*ਧਾਰਨਾ – ਰਾਉ ਰੰਕ ਕਰ ਡਾਰੇ ਜੀ,*
*ਛਿਨ ਮਹਿ ਰਾਉ ਰੰਕ ਕੌ ਕਰਹੀ –2, 2.*
*ਛਿਨ ਮਹਿ ਗਊ ਰੰਕ ਕੌ ਕਰਹੀ –2, 2.*
*ਰਾਉ ਰੰਕ ਕਰ ਡਾਰੇ ਜੀ, ..... –2.*

ਨਾਮਦੇਵ ਜੀ ਨੇ ਕਿਹਾ, ਰਾਜਨ! ਮੇਰੇ ਰਾਮ ਜੀ ਦੇ ਕੰਮ ਪੁਛਦੇ ਹੋ? ਮੇਰਾ ਰਾਮ ਤਾਂ ਐਸਾ ਹੈ –

*ਰਾਜਾਸ੍ਰਮ ਮਿਤਿ ਨਹੀਂ ਜਾਨੀ ਤੇਰੀ॥*
*ਤੇਰੇ ਸੰਤਨ ਕੀ ਹਉ ਚੇਰੀ॥*

*ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥*
*ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ॥*
*ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥*
*ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥*
*ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥*
*ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥*
*ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥*
*ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥*
*ਪੰਨਾ - 1252*

ਮੇਰਾ ਰਾਮ ਤਾਂ ਐਸਾ ਹੈ ਕਿ ਹੇਠਲਿਆਂ ਨੂੰ ਉਪਰ ਤੇ ਉਪਰਲਿਆਂ ਨੂੰ ਹੇਠਾਂ ਕਰ ਦਿੰਦਾ ਹੈ -

*ਹਰਿ ਕੀ ਗਤਿ ਨਹਿ ਕੋਊ ਜਾਨੈ॥*
*ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥*
*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥*
*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥ ਪੰਨਾ - 537*

ਭਰਿਆਂ ਨੂੰ ਖਾਲੀ ਕਰ ਦਿੰਦਾ ਹੈ, ਖਾਲੀਆਂ ਨੂੰ ਭਰ ਦਿੰਦਾ ਹੈ। ਜੋਗੀ ਜਪੀ ਤਪੀ ਖੋਜਦੇ ਖੋਜਦੇ ਥੱਕ ਗਏ ਪਰ ਕੋਈ ਭੀ ਪ੍ਰਭੂ ਦੀ ਕ੍ਰਿਆ ਨੂੰ ਸਮੁੱਚੇ ਤੌਰ ਤੇ ਕਥਨ ਨਹੀਂ ਕਰ ਸਕਦਾ। ਹਸਦਿਆਂ ਨੂੰ ਰੁਆ ਦਿੰਦਾ ਹੈ, ਰੋਂਦਿਆਂ ਨੂੰ ਹਾਸੇ ਬਖਸ਼ ਦਿੰਦਾ ਹੈ। ਘੁੱਘ ਵਸਦੀਆਂ ਬਸਤੀਆਂ ਨੂੰ ਉਜਾੜ ਦਿੰਦਾ ਹੈ, ਉਜਾੜਾਂ ਤੇ ਨਵੇਂ ਸ਼ਹਿਰ, ਮਕਾਨ, ਰਾਜਧਾਨੀਆਂ ਬਣ ਜਾਂਦੀਆਂ ਹਨ। ਗਹਿਰੇ ਪਾਣੀਆਂ ਦੇ ਭੰਡਾਰਾਂ ਨੂੰ ਥਲ ਬਣਾ ਦਿੰਦਾ ਹੈ ਅਤੇ ਥਲਾਂ ਵਿਚ ਪਾਣੀ ਹੀ ਪਾਣੀ ਕਰ ਦਿੰਦਾ ਹੈ। ਗਹਿਰਿਆਂ ਥਾਵਾਂ ਤੇ ਉਚੇ ਪਹਾੜ ਬਣਾ ਦਿੰਦਾ ਹੈ। ਹਾਰਿਆਂ ਹੋਇਆਂ ਦੀ ਮਹਿਮਾ ਕਰਾ ਕੇ ਅਕਾਸ਼ ਚੜ੍ਹਾ ਦਿੰਦਾ ਹੈ ਅਤੇ ਉਚੇ ਚੜ੍ਹਿਆਂ ਨੂੰ ਧਰਤੀ ਤੇ ਗਿਰਾ ਦਿੰਦਾ ਹੈ। ਭੇਖਾਰੀਆਂ ਗੁਲਾਮਾਂ ਨੂੰ ਤਖਤਾਂ ਦੇ ਮਾਲਕ, ਸਮਰਾਟ; ਸਮਰਾਟ, ਚਕਰਵਰਤੀ ਬਾਦਸ਼ਾਹਾਂ ਨੂੰ ਖਾਕ ਬਣਾ ਦਿੰਦਾ ਹੈ, ਗਿਰਾ ਦਿੰਦਾ ਹੈ। ਮਹਾਂਮੂਰਖਾਂ ਨੂੰ ਵਿਦਵਾਨ ਬਣਾ ਦਿੰਦਾ ਹੈ ਅਤੇ ਵਿਦਵਾਨਾਂ ਨੂੰ ਮੂਰਖਾਂ ਦੀ ਸ਼੍ਰੇਣੀ ਵਿਚ ਲਿਆ ਦਿੰਦਾ ਹੈ; ਨਾਰੀਆਂ ਨੂੰ ਪੁਰਖ ਅਤੇ ਪੁਰਖਾਂ ਨੂੰ ਨਾਰੀਆਂ ਬਣਾ ਦਿੰਦਾ ਹੈ; ਐਸਾ ਸਮਰੱਥ ਪ੍ਰਮੇਸ਼ਰ ਹੈ ਉਸ ਦੀ ਗਤੀ ਕੌਣ ਜਾਣ ਸਕਦਾ ਹੈ?

ਹੇ ਸੁਲਤਾਨ! ਤੂੰ ਉਸੇ ਪ੍ਰਭੂ ਦੇ ਕੰਮਾਂ ਬਾਰੇ ਜਾਨਣਾ ਚਾਹੁੰਦਾ ਹੈਂ ਤਾਂ ਹੋਰ ਸੁਣ ਲੈ ਜੋ ਮਹਾਂਪੁਰਖ ਦਸਦੇ ਰਹਿੰਦੇ ਹਨ ਕਿ ਹਰੀ ਨੇ ਸੰਸਾਰ ਦੀ ਸਾਜਨਾ ਕਰਕੇ ਸਭ ਦੇ ਤਨ, ਮਨ, ਬੁੱਧੀ, ਚਿੱਤਾਂ ਦੀ ਸਾਜਨਾ ਕੀਤੀ। ਮਿੱਟੀ, ਅੱਗ, ਹਵਾ, ਪਾਣੀ, ਅਕਾਸ਼ ਦੇ ਪੰਜਾਂ ਤੱਤਾਂ ਦੇ ਬੁੱਤ ਬਣਾ ਕੇ ਇਸ ਜੁੱਸੇ ਦੇ ਅੰਦਰ ਆਪਣੀ ਜੋਤਿ ਰਖ ਕੇ ਇਸ ਮਿੱਟੀ ਦੇ ਪੁਤਲੇ ਨੂੰ

ਨੱਚਣ-ਕੁੱਦਣ, ਹੱਸਣ-ਰੋਣ ਵਾਲਾ ਬਣਾ ਦਿਤਾ। ਇਹ ਜੀਵ ਬਣ ਗਿਆ, ਇਸ ਜੀਵ ਦੇ ਰਹਿਣ ਲਈ ਧਰਤੀ, ਪੀਣ ਲਈ ਪਾਣੀ, ਸਾਹ ਲੈਣ ਲਈ ਹਵਾ, ਨਿੱਘ ਲਈ ਅਗਨ ਬਣਾ ਦਿਤੀ।

ਬੇਅੰਤ ਕੱਪੜੇ, ਭੋਗ, ਰਸ ਇਸ ਜੀਵ ਨੂੰ ਖਵਾਂਦਾ ਹੈ, ਮਾਤਾ ਪਿਤਾ, ਭਰਾ ਭੈਣਾਂ, ਪਤਨੀ ਬੱਚੇ ਬਣਾਏ ਅਤੇ ਸਾਰੇ ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਹੈ, ਜਲ ਵਿਚ ਰਹਿਣ ਵਾਲੇ, ਥਲਾਂ ਵਿਚ ਰਹਿਣ ਵਾਲੇ ਸਾਰੇ ਜੀਵਾਂ ਨੂੰ ਰੋਜ਼ੀ ਦਿੰਦਾ ਹੈ, ਪੱਥਰ ਵਿਚ ਰਹਿੰਦੇ ਕੀੜੇ ਨੂੰ ਭੀ ਰੋਜ਼ੀ ਦਿੰਦਾ ਹੈ।

ਜਿਥੇ ਕੋਈ ਭੀ ਸਹਾਇਤਾ ਕਰਨ ਦੀ ਸਮਰੱਥਾ ਵਾਲਾ ਨਾ ਹੋਵੇ, ਉਥੇ ਉਹ ਸਹਾਇਤਾ ਕਰਦਾ ਹੈ, ਕ੍ਰੋੜਾਂ ਪਾਪਾਂ ਦੇ ਕਰਮ ਜਾਲ ਵਿਚ ਫਸੇ ਹੋਏ ਜੀਵ ਨੂੰ, ਅਪਰਾਧੀ ਦੇ ਅਪਰਾਧ ਇਕ ਨਿਮਖ ਵਿਚ ਦੂਰ ਕਰ ਦਿੰਦਾ ਹੈ। ਫਿਰ ਐਸਾ ਦਇਆਲੂ ਹੈ ਦਾਤਾਂ ਦਿੰਦਾ ਹੀ ਜਾਂਦਾ ਹੈ ਅਤੇ ਦੇ ਕੇ ਪਛਤਾਉਂਦਾ ਨਹੀਂ ਹੈ। ਦਾਤਾਂ ਭੀ ਇਕੋ ਵਾਰੀ ਬਖਸ਼ ਦਿੰਦਾ ਹੈ, ਬਾਰ-ਬਾਰ ਆਪਣੇ ਦਰ ਤੇ ਨਹੀਂ ਬੁਲਾਉਂਦਾ।

ਜੋ ਤੂੰ ਪੁਛਦਾ ਹੈਂ ਕਿ ਐਸਾ ਪ੍ਰਭੂ ਕਿਥੇ ਵਸਦਾ ਹੈ, ਸੁਣ, ਉਸ ਦਾ ਵਾਸਾ ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਹੈ। ਜੋ ਇਸ ਦੁਆਰੇ ਪੁੱਜ ਜਾਂਦਾ ਹੈ ਉਸ ਨੂੰ ਦਰਸ਼ਨ ਹੋ ਜਾਂਦੇ ਹਨ ਵੈਸੈ ਉਹ ਅਵਿਅਕਤ ਰੂਪ ਵਿਚ ਘਟ ਘਟ ਵਿਚ ਵਾਸਾ ਰਖਦਾ ਹੈ ਪਰ ਸਾਧ ਸੰਗਤ ਵਿਚ ਪ੍ਰਗਟ ਹੈ -

*ਮਨੁ ਹਰਿ ਕੀਆ ਤਨੁ ਸਭੁ ਸਾਜਿਆ॥*
*ਪੰਚ ਤਤ ਰਚਿ ਜੋਤਿ ਨਿਵਾਜਿਆ॥*
*ਸਿਹਜਾ ਧਰਤਿ ਬਰਤਨ ਕਉ ਪਾਨੀ॥*
*ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ॥*
*ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ॥*
*ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ॥*
*ਕਾਪੜ ਭੋਗ ਰਸ ਅਨਿਕ ਭੁੰਚਾਏ॥*
*ਮਾਤ ਪਿਤਾ ਕੁਟੰਬ ਸਗਲ ਬਨਾਏ॥*
*ਰਿਜਕੁ ਸਮਾਹੇ ਜਲਿ ਥਲਿ ਮੀਤ॥*
*ਸੋ ਹਰਿ ਸੇਵਹੁ ਨੀਤਾ ਨੀਤ॥*
*ਤਹਾ ਸਖਾਈ ਜਹ ਕੋਇ ਨ ਹੋਵੈ॥*
*ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ॥*
*ਦਾਤਿ ਕਰੈ ਨਹੀ ਪਛੋਤਾਵੈ॥*
*ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥*
*ਕਿਰਤ ਸੰਜੋਗੀ ਪਾਇਆ ਭਾਲਿ॥*
*ਸਾਧਸੰਗਤਿ ਮਹਿ ਬਸੇ ਗੁਪਾਲ॥*
*ਗੁਰ ਮਿਲਿ ਆਏ ਤੁਮਰੈ ਦੁਆਰ॥*

*ਜਨ ਨਾਨਕ ਦਰਸਨੁ ਦੇਹੁ ਮੁਰਾਰਿ॥ ਪੰਨਾ - 1337-38*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁਰੰਗੀ ਸਭ ਤੇ ਰਹੈ ਨਿਆਰਾ॥*
*ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥*
*ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥ ਪੰਨਾ - 537*

ਭਗਤ ਨਾਮਦੇਵ ਜੀ ਕਹਿਣ ਲੱਗੇ, ਰਾਜਨ! ਜਿਹੜਾ ਰਾਮ ਹੈ ਨਾ ਮੇਰਾ, ਉਸਦੀ ਕੋਈ ਗਤਿ ਨਹੀਂ ਜਾਣਦਾ। ਵਸਦਿਆਂ ਨੂੰ ਇਕ ਮਿੰਟ ਦੇ ਅੰਦਰ ਉਜਾੜ ਦਿੰਦਾ ਹੈ ਤੇ ਉਜੜਿਆਂ ਨੂੰ ਵਸਾ ਦਿੰਦਾ ਹੈ। ਰੋਂਦਿਆਂ ਨੂੰ ਇੱਕ ਮਿੰਟ ਵਿਚ ਹਸਾ ਦਿੰਦਾ ਹੈ ਅਸਮਾਨਾਂ ਤੇ ਚੜ੍ਹੀ ਗੁੱਡੀ ਗਿਰਾ ਦਿੰਦਾ ਹੈ, ਥੱਲੇ ਪਏ ਨੂੰ ਉਪਰ ਚੜ੍ਹਾ ਦਿੰਦਾ ਹੈ। ਸੋ ਮੇਰਾ ਰਾਮ ਤਾਂ ਐਸੇ ਕੰਮ ਕਰਦਾ ਹੈ।

ਈਰਾਨ ਦਾ ਬਾਦਸ਼ਾਹ ਸਾਰੀ ਦੁਨੀਆਂ ਨਾਲੋਂ ਅਮੀਰ ਬਾਦਸ਼ਾਹ ਸੀ। ਪਰ ਇਕ ਬੰਦਾ ਜਿਹੜਾ ਦੇਸ਼ ਵਿਚ ਵੀ ਨਹੀਂ ਸੀ ਰਹਿੰਦਾ ਸਗੋਂ ਬਾਹਰ ਰਹਿੰਦਾ ਸੀ, ਉਸ ਨੇ ਐਸੀ ਸਥਿਤੀ ਪੈਦਾ ਕਰ ਦਿਤੀ ਕਿ ਬਾਦਸ਼ਾਹ ਨੂੰ ਆਪਣਾ ਦੇਸ਼ ਈਰਾਨ ਛੱਡ ਕੇ ਦੌੜਨਾ ਪੈ ਗਿਆ, ਕੋਈ ਵੀ ਦੇਸ਼ ਉਸ ਨੂੰ ਠਹਿਰਨ ਵਾਸਤੇ ਆਗਿਆ ਨਹੀਂ ਸੀ ਦਿੰਦਾ। ਜਦੋਂ ਉਹ ਬੀਮਾਰ ਹੋ ਗਿਆ ਤਾਂ ਅਮਰੀਕਾ ਨੇ ਬੜੀ ਮਿਹਰਬਾਨੀ ਕੀਤੀ ਉਸ ਉਪਰ ਤੇ ਆਪਣੇ ਮੁਲਕ ਵਿਚ, ਹਸਪਤਾਲ ਵਿਚ ਇਲਾਜ ਕਰਨ ਵਾਸਤੇ ਆਗਿਆ ਦੇ ਦਿਤੀ। ਜਦੋਂ ਉਹ ਮਰ ਗਿਆ ਤਾਂ ਉਸ ਦੇ ਸਰੀਰ ਨੂੰ ਦੱਬਣ ਵਾਸਤੇ ਕੋਈ ਜਗ੍ਹਾ ਨਾ ਦੇਵੇ। ਮਿਸਰ ਵਾਲਿਆਂ ਨੇ ਕੇਵਲ ਸਾਢੇ ਤਿੰਨ ਹੱਥ ਥਾਂ ਦਿੱਤੀ ਕਿ ਏਥੇ ਦੱਬ ਦਿਓ। ਕਿੱਡਾ ਵੱਡਾ ਬਾਦਸ਼ਾਹ ਸੀ ਉਹ ਈਰਾਨ ਦਾ, ਬਹੁਤ ਅਮੀਰ ਸੀ।

ਜਦੋਂ ਔਰੰਗਜੇਬ ਨੇ ਆਪਣੇ ਪਿਤਾ ਸ਼ਾਹਜਹਾਨ ਬਾਦਸ਼ਾਹ ਨੂੰ ਕੈਦ ਕਰ ਦਿਤਾ, ਉਸ ਨੂੰ ਬੁਰਜ ਵਿਚ ਕੈਦ ਕੀਤਾ ਜਿਥੋਂ ਸਾਰਾ ਦਿਨ ਤਾਜ ਮਹਿਲ ਨੂੰ ਦੇਖੀ ਜਾਂਦਾ ਸੀ। ਇਕ ਦਿਨ ਸ਼ਾਹਜਹਾਨ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ। ਗਰਮੀਆਂ ਦਾ ਮਹੀਨਾ ਸੀ ਤੇ ਲਿਖਿਆ, ਬੇਟਾ! ਗਰਮੀ ਬਹੁਤ ਹੈ, ਮੈਨੂੰ ਪਾਣੀ ਦਾ ਕੇਵਲ ਇਕ ਪਿਆਲਾ ਮਿਲਦਾ ਹੈ, ਜੋ ਕਿ ਕਾਫੀ ਨਹੀਂ ਹੈ। ਮੈਂ ਮੂੰਹ ਵੀ ਧੋਣਾ ਹੁੰਦਾ ਹੈ, ਕੁਰਲਾ ਵੀ ਕਰਨਾ ਹੁੰਦਾ ਹੈ। ਇਹ ਪਾਣੀ ਥੋੜ੍ਹਾ ਹੁੰਦਾ ਹੈ। ਮੈਂ ਆਪਣੀ ਪਿਆਸ ਵੀ ਨਹੀਂ ਬੁਝਾ ਸਕਦਾ।

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥*
*ਦਰਿ ਮੰਗਨਿ ਭਿਖ ਨ ਪਾਇਦਾ॥ ਪੰਨਾ - 472*

ਪਾਣੀ ਵਾਸਤੇ ਭਿਖਿਆ ਮੰਗ ਰਿਹਾ ਹਾਂ ਕਿ ਮੇਰਾ ਪਾਣੀ ਦਾ ਰਾਸ਼ਨ ਵਧਾ ਦੇ। ਔਰੰਗਜ਼ੇਬ ਨੇ ਜਵਾਬ ਦਿਤਾ ਕਿ ਬਾਦਸ਼ਾਹ! ਮੈਂ ਨਹੀਂ ਮੰਨਦਾ

ਕਿ ਤੇਰਾ ਪਾਣੀ ਥੋੜ੍ਹਾ ਹੈ। ਜਿਹੜੀ ਸਿਆਹੀ ਨਾਲ ਤੂੰ ਚਿੱਠੀ ਲਿਖੀ ਹੈ, ਇਹ ਜ਼ਾਹਰ ਕਰਦੀ ਹੈ ਕਿ ਤੇਰੀ ਸਿਆਹੀ ਬਹੁਤ ਪਤਲੀ ਹੈ, ਬਹੁਤ ਪਾਣੀ ਹੈ ਤੇਰੇ ਕੋਲ; ਐਨਾ ਫਾਲਤੂ ਪਾਣੀ ਹੈ ਕਿ ਤੂੰ ਦਵਾਤ ਵਿਚ ਪਾਣੀ ਪਾ ਕੇ ਲਿਖ ਸਕਦਾ ਹੈਂ। ਦੇਖੋ ਸਾਧਸੰਗਤ ਜੀ! ਕਿਥੇ ਗਈ ਗੱਲ, ਰੰਕ ਨਾਲੋਂ ਵੀ ਮਾੜਾ ਹੋ ਗਿਆ। ਸ਼ਾਹਜਹਾਨ ਤਾਜਮਹੱਲ ਬਣਵਾਉਣ ਵਾਲਾ, ਲਾਲ ਕਿਲਾ ਬਣਵਾਉਣ ਵਾਲਾ, ਇਕ ਬੂੰਦ ਪਾਣੀ ਵਾਸਤੇ ਤਰਸਦਾ ਹੈ।

ਏਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ ਨਾਲ ਭਾਈ ਮਰਦਾਨਾ, ਭਾਈ ਬਾਲਾ ਜੀ ਬੈਠੇ ਹਨ। ਇਕ ਬੱਚਾ ਆਇਆ, ਉਸਨੇ ਦੇਖਿਆ ਕੋਈ ਸਾਧੂ ਆਏ ਹਨ, ਪਰਾਲੀ ਲੈ ਆਇਆ ਤੇ ਲਿਆ ਕੇ ਵਿਛਾ ਦਿੱਤੀ, ਮਹਾਰਾਜ ਉਸ ਤੇ ਬੈਠ ਗਏ। ਕਾਫੀ ਦੇਰ ਬਾਅਦ ਉਸ ਬੱਚੇ ਨੇ ਸੋਚਿਆ, ਗੁਰੂ ਮਹਾਰਾਜ ਨੂੰ ਤਾਂ ਕੁਝ ਛਕਾਉਣਾ ਚਾਹੀਦਾ ਹੈ। ਉਸ ਨੇ ਵਾੜ ਵਿਚੋਂ ਡੱਕੇ ਆਦਿ ਇਕੱਠੇ ਕੀਤੇ ਤੇ ਛੋਲੇ ਪੱਟ ਕੇ ਹੋਲਾਂ ਬਣਾ ਦਿਤੀਆਂ, ਲਿਆ ਕੇ ਮਹਾਰਾਜ ਨੂੰ ਭੇਟਾ ਕਰ ਦਿਤੀਆਂ। ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੇ ਬੜੇ ਪਿਆਰ ਨਾਲ ਹੋਲਾਂ ਛਕੀਆਂ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, ਮਰਦਾਨਿਆ! ਇਸ ਬੱਚੇ ਨੂੰ ਕੀ ਦੇਈਏ? ਮਰਦਾਨੇ ਨੇ ਕਿਹਾ, ਮਹਾਰਾਜ! ਤੁਸੀ ਤਾਂ ਮਾਲਕ ਹੋ। ਗੁਰੂ ਨਾਨਕ ਜੀ ਕਹਿਣ ਲੱਗੇ ਚੰਗਾ, ਇਸ ਨੂੰ ਇਸ ਦੇਸ਼ ਦਾ ਬਾਦਸ਼ਾਹ ਹੀ ਬਣਾ ਦਿੰਦੇ ਹਾਂ। ਉਸ ਬੱਚੇ ਨੂੰ ਕਹਿਣ ਲੱਗੇ, ਸੁਲਤਾਨ! ਆ ਜਾ ਬਹਿ ਜਾ। ਬੱਚਾ ਕਹਿਣ ਲੱਗਾ, ਮਹਾਰਾਜ! ਮੈਂ ਤਾਂ ਬਹੁਤ ਗਰੀਬ ਜਿਹਾ ਹਾਂ। ਕਹਿਣ ਲੱਗੇ ਨਹੀਂ, ਅੱਜ ਤੋਂ ਤੂੰ ਸੁਲਤਾਨ ਹੋਇਆ। ਇਸ ਬੱਚੇ ਨੂੰ ਉਥੇ ਦੇਰ ਹੋ ਗਈ, ਓਧਰ ਉਸ ਦੇਸ਼ ਦਾ ਬਾਦਸ਼ਾਹ ਮਰ ਗਿਆ, ਉਸ ਦਾ ਉਤਰਾ-ਅਧਿਕਾਰੀ ਕੋਈ ਨਹੀਂ ਸੀ। ਫੈਸਲਾ ਹੋਇਆ ਕਿ ਜਿਹੜਾ ਸਭ ਤੋਂ ਪਹਿਲਾਂ ਬਾਹਰੋਂ ਦਰਵਾਜ਼ੇ ਸਾਮ੍ਹਣੇ ਆਇਆ ਹੋਵੇਗਾ, ਉਸ ਨੂੰ ਤਖਤ ਤੇ ਬਿਠਾ ਦਿਆਂਗੇ। ਇਹ ਬੱਚਾ ਅੱਧੀ ਰਾਤ ਤੱਕ ਬੈਠਾ ਰਿਹਾ, ਗੁਰੂ ਮਹਾਰਾਜ ਦੀ ਸੰਗਤ ਕਰਦਾ ਰਿਹਾ, ਘਰ ਜਾਣਾ ਵੀ ਭੁਲਿਆ ਰਿਹਾ, ਫੇਰ ਮਹਾਰਾਜ ਨੇ ਕਿਹਾ, ਬੇਟਾ! ਤੂੰ ਹੁਣ ਘਰ ਜਾਹ, ਹੁਣ ਤਾਂ ਸਵੇਰਾ ਹੋ ਚਲਿਆ ਹੈ। ਜਾਹ ਤੇਰੇ ਮਾਂ ਬਾਪ ਉਡੀਕਦੇ ਹਨ। ਸੋ ਮਹਾਰਾਜ ਨੇ ਉਸ ਨੂੰ ਤੋਰ ਦਿਤਾ।

ਜਦੋਂ ਵੱਡੇ ਗੇਟ ਵਲੋਂ ਲੰਘਣ ਲੱਗਾ ਤਾਂ ਵਜ਼ੀਰਾਂ ਨੇ ਉਸਨੂੰ ਰਾਜਾ ਬਣਾ ਲਿਆ, ਉਸ ਸਮੇਂ ਖੁਸ਼ੀ ਵਿਚ ਨਗਾਰੇ ਵੱਜਣ ਲੱਗ ਪਏ, ਪਾਲਕੀ ਲੈ ਆਏ, ਉਸ ਚਰਵਾਹੇ ਬੱਚੇ ਨੂੰ ਜਾ ਕੇ ਤਖਤ ਤੇ ਬਿਠਾ ਦਿਤਾ।

***ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥***
***ਪੰਨਾ - 537***

ਬੜੇ ਬੜੇ ਵਸਦਿਆਂ ਨੂੰ ਉਜਾੜ ਦਿੰਦਾ ਹੈ -

***ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ॥***
***ਪੰਨਾ - 1252***

ਕਿਸੇ ਨੂੰ ਪਤਾ ਸੀ ਕਿ ਇਕ ਸਕਿੰਟ ਵਿਚ ਲੋਕ ਉਜੜ ਜਾਣਗੇ, ਇਹ ਕੀ ਹਾਲ ਹੋਇਆ, ਹਸਦਿਆਂ ਨੂੰ ਰੁਆਉਣ ਵਾਲਾ ਤੇ ਰੋਂਦਿਆਂ ਨੂੰ ਹਸਾਉਣ ਵਾਲਾ। ਨਾਮਦੇਵ ਜੀ ਨੇ ਕਿਹਾ, ਸੁਲਤਾਨ! ਇਹ ਪਰਮੇਸ਼ਰ ਹੈ, ਮੇਰਾ ਰਾਮ ਜਿਹੜਾ ਹੈ ਉਹ ਇਹੋ ਜਿਹੇ ਕੰਮ ਕਰਦਾ ਹੈ। ਸੁਲਤਾਨ ਨੇ ਕਿਹਾ ਮੈਂ ਤੇਰੇ ਰਾਮ ਦੇ ਕੰਮ ਦੇਖਣਾ ਚਾਹੁੰਦਾ ਹਾਂ, ਤੂੰ ਇਹ ਗਊ ਜੀਊਂਦੀ ਕਰ। ਨਾਮਦੇਵ ਜੀ ਨੇ ਕਿਹਾ, ਇਹ ਜੀਊਂਦੀ ਨਹੀਂ ਹੁੰਦੀ, ਮੈਂ ਤਾਂ ਕਿਸੇ ਨੂੰ ਜੀਊਂਦਾ ਕਰ ਹੀ ਨਹੀਂ ਸਕਦਾ। ਮਾਰਨਾ ਜਿਉਂਦੇ ਕਰਨਾ ਪ੍ਰਭੂ ਦੇ ਹੱਥ ਹੈ, ਇਹ ਬਿਸਮਲ ਕੀਤੀ ਗਊ ਕਿਵੇਂ ਜਿਉਂਦੀ ਹੋ ਸਕਦੀ ਹੈ?

*ਬਾਦਿਸਾਹ ਐਸੀ ਕਿਉ ਹੋਇ॥*
*ਬਿਸਮਿਲਿ ਕੀਆ ਨ ਜੀਵੈ ਕੋਇ॥ ਪੰਨਾ - 1165*

ਕਦੀ ਕੋਈ ਮਰਿਆ ਹੋਇਆ ਵੀ ਜੀਊਂਦਾ ਹੋ ਸਕਦਾ ਹੈ? ਆਦਮੀ ਦੇ ਹੱਥ ਕੁਝ ਨਹੀਂ, ਸਭ ਕੁਝ ਰਾਮ ਦੇ ਹੱਥ ਹੈ।

*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥ ਪੰਨਾ - 1165*

*ਬਿਨੁ ਭਗਵੰਤ ਨਾਹੀ ਅਨ ਕੋਇ॥*
*ਮਾਰੈ ਰਾਖੈ ਏਕੋ ਸੋਇ॥ ਪੰਨਾ - 192*

ਓਹੀ ਮਾਰਦਾ ਹੈ ਓਹੀ ਰਖਦਾ ਹੈ। ਮੇਰੇ ਕੀਤਿਆਂ ਕੁਛ ਨਹੀਂ ਹੁੰਦਾ।

*ਧਾਰਨਾ - ਕਛੂ ਨਾ ਹੋਇ, ਮੇਰਾ ਕੀਆ ਰਾਜਨ -2, 2.*
*ਮੇਰਾ ਕੀਆ ਰਾਜਨ, ਕਛੂ ਨਾ ਹੋਇ -2, 2*
*ਕਛੂ ਨਾ ਹੋਇ,..........-2*

*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥ ਪੰਨਾ - 1165*

ਨਿਧੜਕ ਹਨ, ਸਾਧ ਸੰਗਤ ਜੀ ਜਿਹੜੇ ਮਹਾਂਪੁਰਸ਼ਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ, ਜਿਹਨਾਂ ਨੇ ਆਪਣਾ ਆਪਾ ਆਤਮ ਸਰੂਪ ਪਛਾਣ ਲਿਆ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਨਾ ਤਾਂ ਮਾਰਿਆ ਹੋਇਆ ਮਰ ਸਕਦਾ ਹਾਂ, ਨਾ ਡਰਾਇਆ ਹੋਇਆ ਡਰ ਸਕਦਾ ਹਾਂ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਪੰਨਾ - 1427*

ਗਿਆਨੀ ਦੀ ਪਹਿਲੀ ਨਿਸ਼ਾਨੀ ਹੈ ਕਿ ਨਾ ਕਿਸੇ ਦੀ ਭੈ ਮੰਨਦਾ ਹੈ ਤੇ ਨਾ ਕਿਸੇ ਨੂੰ ਭੈ ਦਿੰਦਾ ਹੈ। ਡਰਿਆ ਨਹੀਂ ਕਰਦਾ, ਡਰ ਹਮੇਸ਼ਾ ਪਾਪ ਤੋਂ ਹੋਇਆ ਕਰਦਾ ਹੈ।

*ਡਡਾ ਡਰ ਉਪਜੇ ਡਰੁ ਜਾਈ॥ ਪੰਨਾ - 341*

ਜੇ ਵਾਹਿਗੁਰੂ ਦਾ ਡਰ ਉਪਜ ਜਾਵੇ, ਸੰਸਾਰ ਦਾ ਡਰ ਖਤਮ ਹੋ ਜਾਇਆ ਕਰਦਾ ਹੈ ਕਿਉਂਕਿ ਜਿਸ ਨੂੰ ਵਾਹਿਗੁਰੂ ਦਾ ਡਰ ਹੈ, ਵਾਹਿਗੁਰੂ ਜੀ ਦਾ ਅਦਬ ਹੈ, ਵਾਹਿਗੁਰੂ ਉਸ ਨਾਲ ਹੋ ਜਾਂਦਾ ਹੈ। ਭਉ ਨਾਲ ਮਨ ਨਿਰਮਲ ਹੋ ਜਾਂਦਾ ਹੈ।

*ਡਡਾ ਡਰ ਉਪਜੇ ਡਰ ਜਾਈ॥*
*ਤਾ ਡਰ ਮਹਿ ਡਰੁ ਰਹਿਆ ਸਮਾਈ॥*
*ਪੰਨਾ - 341*

ਇਸ ਡਰ ਵਿਚ ਵਾਹਿਗੁਰੂ ਦਾ ਡਰ ਸਮਾਇਆ ਹੋਇਆ ਹੈ। ਫਿਰ ਸੰਸਾਰ ਦਾ ਡਰ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਦਾ ਅਦਬ ਵਧ ਜਾਂਦਾ ਹੈ, ਉਹ ਸਦਾ ਅੰਗ ਸੰਗ ਪ੍ਰਤੀਤ ਦਿੰਦਾ ਹੈ।

*ਜਉ ਡਰ ਡਰੈ ਤਾ ਫਿਰਿ ਡਰੁ ਲਾਗੈ॥*
*ਪੰਨਾ - 341*

ਤਾਂ ਫਿਰ ਡਰ ਲਗਦਾ ਹੈ ਜੇ ਵਾਹਿਗੁਰੂ ਦਾ ਡਰ ਨਾ ਹੋਵੇ।

*ਨਿਡਰ ਹੂਆ ਡਰੁ ਉਰ ਹੋਇ ਭਾਗੈ॥*
*ਪੰਨਾ - 341*

ਸੋ ਇਸ ਤਰ੍ਹਾਂ -

*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੜੀਏ*
*ਸੋ ਡਰੈ ਜਿਨਿ ਪਾਪ ਕਮਤੇ ਰਾਮ॥ ਪੰਨਾ - 540*

ਵਾਹਿਗੁਰੂ ਦੇਖਦਾ ਹੈ, ਨਾਲ ਰਹਿੰਦਾ ਹੈ, ਤਾਂ ਹੀ ਮਰਦਾਨਾ ਕਹਿੰਦਾ ਹੈ, ਹੇ ਨਾਨਕ! ਅਸੀਂ ਕਿਥੇ ਫਸ ਗਏ? ਮਰਦਾਨਿਆ ਡਰ ਨਾ, ਅਕਾਲਪੁਰਖ ਨਾਲ ਹੈ ਸਾਡੇ -

*ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥ ਪੰਨਾ - 540*

ਜਿਸਦਾ ਹਿਰਦਾ ਸ਼ੁਧ ਹੈ ਉਸ ਨੂੰ ਕੋਈ ਡਰ ਨਹੀਂ ਹੈ। ਪਾਪ ਕਰਨ ਵਾਲਾ ਹੀ ਸਦਾ ਡਰਦਾ ਹੈ।

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥*
*ਪੰਨਾ - 84*

ਧਰਮੀ ਬੰਦੇ ਨੂੰ ਕੋਈ ਡਰ ਨਹੀਂ ਹੈ। ਉਸ ਨੂੰ ਪਤਾ ਹੈ ਕਿ ਮੈਂ ਤਾਂ ਕੁਝ ਕੀਤਾ ਹੀ ਨਹੀਂ, ਕੋਈ ਮੇਰੇ ਮਾਲਕ ਦਾ ਹੀ ਐਸਾ ਹੁਕਮ ਹੈ -

*ਧਾਰਨਾ - ਧਰਮੀ ਖੁਸ਼ ਹੁੰਦੇ ਨੇ,*
*ਡਰਦੇ ਨੇ ਪਾਪੀ ਬੰਦੇ -2, 2.*
*ਡਰਦੇ ਨੇ ਪਾਪੀ ਬੰਦੇ, -2, 2.*

ਡਰੇ ਉਹ ਜੋ ਪਾਪ ਕਮਾਵੇ; ਜਿਸਨੇ ਰਿਸ਼ਵਤ ਲਈ ਹੋਵੇਗੀ ਉਹ ਸਾਰੀ ਜ਼ਿੰਦਗੀ ਡਰਦਾ ਹੀ ਰਹੇਗਾ, ਮਤੇ ਕੋਈ ਉਹਦੇ ਵਿਰੁਧ ਰਾਗਜ਼ ਨਾ ਨਿਕਲ ਆਵੇ, ਸਮਗਲਿੰਗ ਕੀਤੀ ਹੋਏਗੀ ਤਾਂ ਡਰੇਗਾ, ਹੋਰ ਕੋਈ ਇਨਕਮਟੈਕਸ ਦੀ ਚੋਰੀ ਕੀਤੀ ਹੋਵੇਗੀ ਤਾਂ ਵੀ ਡਰੀ ਜਾਵੇਗਾ। ਸਾਧਸੰਗਤ ਜੀ, ਅੱਗੇ ਦਾ ਡਰ ਬਹੁਤਾ ਉਸ ਲਈ ਹੈ ਜਿਸਨੇ ਪਾਪ ਕੀਤੇ ਹਨ। ਜਿਸਨੇ ਬੰਦਗੀ ਕੀਤੀ ਹੈ, ਉਹ ਤਾਂ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਜਾਂਦੇ ਹਨ। ਫੇਰ ਉਥੇ ਜਾ ਕੇ ਕੀ ਹੁੰਦਾ ਹੈ?

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283*

ਉਹ ਖੁਸ਼ੀ ਖੁਸ਼ੀ ਜਾਂਦਾ ਹੈ -

*ਕਬੀਰ ਜਾ ਤੂ ਜਨਮਿਆ ਜਗਤ ਮਹਿ ਜਗ ਹਸੈ ਤੂੰ ਰੋਇ॥*
*ਐਸੀ ਕਰਨੀ ਕਰ ਚਲਹੁ ਪਿਆਰੇ ਤੂੰ ਹਸੈ ਜਗ ਰੋਇ॥*

ਉਹ ਐਸੀ ਕਰਨੀ ਕਰਕੇ ਗਿਆ ਹੁੰਦਾ ਹੈ ਕਿ ਉਸਦੀ ਧੰਨ ਧੰਨ ਹੁੰਦੀ ਹੈ - ਦਰਗਾਹ ਦੇ ਵਿਚ।

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ - 252*

ਉਸਦਾ ਤਾਂ ਕਹਿਆ ਦਰਗਾਹ ਵਿਚ ਚਲਦਾ ਹੈ, ਬੰਦਗੀ ਕਰਨ ਵਾਲੇ ਦੀ ਗੱਲ ਦਰਗਾਹ ਵਿਚ ਮੰਨੀ ਜਾਂਦੀ ਹੈ।

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*
*ਪੰਨਾ - 186*

ਜਿਸਦੀ ਗੱਲ ਨੂੰ ਵਾਹਿਗੁਰੂ ਵੀ ਮੰਨਦਾ ਹੋਵੇ, ਧਰਮਰਾਜ ਵੀ ਉਠ ਕੇ ਕਹੇ -

*ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥*
*ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ ਪੰਨਾ - 1425*

ਫੇਰ ਡਰ ਕਿਸ ਦਾ ਰਹਿ ਗਿਆ? ਦੁਨੀਆਂ ਦਾ ਡਰ ਨਹੀਂ ਮੰਨਿਆ ਕਰਦੇ। ਕਬੀਰ ਸਾਹਿਬ ਨੂੰ ਜਦੋਂ ਬੰਨ੍ਹ ਕੇ ਹਾਥੀ ਅੱਗੇ ਉਸ ਸਮੇਂ ਦੇ ਬਾਦਸ਼ਾਹ ਨੇ ਸੁਟਵਾ ਦਿਤਾ ਤਾਂ ਆਪ ਨੇ ਕਿਹਾ ਕਿ ਬਾਦਸ਼ਾਹ ਮੇਰਾ ਮਨ ਤਾਂ ਡਰਦਾ ਨਹੀਂ, ਤਨ ਨੂੰ ਕਿਉਂ ਡਰਾ ਰਹੇ ਹੋ -

*ਮਨੁ ਨਾ ਡਿਗੈ ਤਨੁ ਕਾਹੇ ਕਉ ਡਰਾਇ॥ ਪੰਨਾ - 1162*

ਕਹਿਣ ਲੱਗੇ ਕਿ ਮੇਰਾ ਮਨ ਤਾਂ ਡਰਦਾ ਨਹੀਂ, ਕਿਉਂ ਮੇਰੇ ਤਨ

ਨੂੰ ਹਾਥੀ ਦੇ ਸਾਮ੍ਹਣੇ ਸੁੱਟ ਸੁੱਟ ਕੇ ਡਰਾਉਣਾ ਚਾਹੁੰਦਾ ਹੈਂ? ਮੈਂ ਨਹੀਂ ਡਰਦਾ। ਸੋ ਇਸ ਤਰ੍ਹਾਂ ਨਾਮਦੇਵ ਜੀ ਨੂੰ ਡਰਾਇਆ ਜਾ ਰਿਹਾ ਹੈ। ਬਾਦਸ਼ਾਹ ਕਹਿੰਦਾ ਹੈ ਕਿ ਨਾਮਦੇਵ ਮੌਤ ਦੇ ਡਰ ਨਾਲ ਗਾਂ ਜੀਊਂਦੀ ਕਰ ਦੇਵੇਗਾ। ਬਾਦਸ਼ਾਹ ਕਹਿਣ ਲੱਗਾ ਕਿ ਦੇਖ ਨਾਮਦੇਵ, ਤਿੰਨ ਗੱਲਾਂ ਕਰ ਲੈ, ਤੈਨੂੰ ਤਿੰਨ options ਦਿੰਦਾ ਹਾਂ। ਪਹਿਲੀ ਗੱਲ ਤਾਂ ਹੈ ਕਿ ਗਊ ਜੀਊਂਦੀ ਕਰ ਦੇ, ਝਗੜਾ ਹੀ ਖਤਮ ਹੋ ਜਾਵੇਗਾ। ਦੂਜੀ ਹੈ ਤੂੰ ਇਸਲਾਮ ਧਰਮ ਵਿਚ ਆ ਜਾ। ਜੇ ਇਹ ਦੋਵੇਂ ਗੱਲਾਂ ਨਹੀਂ ਮੰਨਣੀਆਂ ਤਾਂ ਤੀਜੀ ਗੱਲ ਹੈ ਕਿ ਮਰਨ ਵਾਸਤੇ ਤਿਆਰ ਹੋ ਜਾ; ਤਿੰਨਾਂ ਵਿਚੋਂ ਜਿਹੜੀ ਗੱਲ ਮੰਨਣੀ ਹੈ ਮੰਨ ਲੈ, ਬਾਦਸ਼ਾਹ ਬੜੇ ਹੰਕਾਰ ਨਾਲ ਇਹ ਗੱਲਾਂ ਕਹਿੰਦਾ ਹੈ –

***ਬਾਦਿਸਾਹੁ ਚੜਿ੍ਓ ਅਹੰਕਾਰਿ॥***
***ਪੰਨਾ – 1165***

ਐਨਾ ਹੰਕਾਰ ਚੜ੍ਹਿਆ ਹੋਇਆ ਹੈ, ਦੇਖਦਾ ਹੀ ਨਹੀਂ ਕਿ ਨਾਮਦੇਵ ਜੀ ਦਾ ਤਾਂ ਕੋਈ ਕਸੂਰ ਨਹੀਂ। ਨਾਮਦੇਵ ਜੀ ਕਹਿ ਰਹੇ ਹਨ ਕਿ ਬਾਦਸ਼ਾਹ! ਮੇਰਾ ਕੀਤਾ ਹੋਇਆ ਕੁਝ ਨਹੀਂ ਹੋਇਆ, ਪ੍ਰਮੇਸ਼ਰ ਨੇ ਉਸ ਮਰੇ ਹੋਏ ਲੜਕੇ ਦੇ ਪ੍ਰਾਣ ਵਾਪਸ ਕੀਤੇ ਸਨ। ਪਰ ਬਾਦਸ਼ਾਹ ਨੂੰ ਮਹਾਂ ਦੁਸ਼ਟ ਹੰਕਾਰ ਨੇ ਕਾਬੂ ਕੀਤਾ ਹੈ ਉਸ ਦੇ ਨੇਤਰ, ਬੋਲ, ਕੰਨ, ਸੋਚ ਸ਼ਕਤੀ ਇਸ ਹੰਕਾਰ ਨੇ ਕਾਬੂ ਕੀਤੇ ਹੋਏ ਹਨ।

ਮਜ਼ਹਬੀ ਤਅਸਬ (ਈਰਖਾ) ਐਨਾ ਵਧਿਆ ਹੋਇਆ ਸੀ ਕਿ ਇਸਲਾਮ ਤੋਂ ਬਿਨਾਂ ਹੋਰ ਮਤਾਂ ਦੇ ਮਹਾਂਪੁਰਸ਼ਾਂ ਦੇ ਪ੍ਰਤਾਪ ਨੂੰ ਸਹਿਨ ਨਹੀਂ ਕੀਤਾ ਜਾਂਦਾ ਸੀ। ਕਬੀਰ ਸਾਹਿਬ ਜੀ ਦੇ ਖਿਲਾਫ ਹੋ ਕੇ ਬਾਦਸ਼ਾਹ ਨੇ ਹੁਕਮ ਦਿਤਾ ਸੀ ਕਿ ਕਬੀਰ ਜੀ ਨੂੰ ਹਾਥੀ ਦੇ ਪੈਰਾਂ ਹੇਠ ਦੇ ਕੇ ਕੁਚਲ ਦੇਵੋ। ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਉਸ ਸਮੇਂ ਦੇ ਧਰਮ ਦੇ ਠੇਕੇਦਾਰਾਂ ਨੇ ਬਾਦਸ਼ਾਹ ਨੂੰ ਉਨ੍ਹਾਂ ਦੇ ਖਿਲਾਫ ਭੜਕਾਇਆ ਸੀ, ਉਨ੍ਹਾਂ ਦੇ ਸਰੀਰ ਦੀ ਪੋਟਲੀ ਬੰਨ੍ਹ ਕੇ ਮਸਤ ਹਾਥੀ ਸਾਮ੍ਹਣੇ ਰੱਖ ਦਿਤੀ ਸੀ ਪਰ ਹਾਥੀ ਨੇ ਉਨ੍ਹਾਂ ਦਾ ਕੋਈ ਨੁਕਸਾਨ ਨਾ ਕੀਤਾ ਇਸ ਦੇ ਬਿਪਰੀਤ ਪੋਟਲੀ ਚੁੱਕ ਕੇ ਸੀਸ ਤੇ ਰੱਖੀ ਅਤੇ ਫੇਰ ਹੇਠਾਂ ਰੱਖ ਕੇ ਤਿੰਨ ਵਾਰੀ ਨਮਸ਼ਕਾਰ ਕੀਤੀ।

***ਕਿਆ ਅਪਰਾਧੁ ਸੰਤ ਹੈ ਕੀਨਾ॥***
***ਬਾਂਧਿ ਪੋਟ ਕੁੰਚਰ ਕਉ ਦੀਨਾ॥ ਪੰਨਾ – 871***

ਹੁਣ ਨਾਮਦੇਵ ਜੀ ਦਾ ਕੋਈ ਅਪਰਾਧ ਤਾਂ ਨਹੀਂ ਸੀ ਉਹ ਦਰਿਆ ਕਿਨਾਰੇ ਬੰਦਗੀ ਕਰਦੇ ਹਨ, ਨਾਮ ਜਪਦੇ ਹਨ। ਜੇ ਬਚਨ ਕਰਨ ਤੇ ਕੋਈ ਜੀਊਂਦਾ ਹੋ ਗਿਆ ਤਾਂ ਕੀ ਸੰਤਾਂ ਦਾ ਅਪਰਾਧ ਹੋ ਗਿਆ? ਕੋਈ ਕਾਨੂੰਨ ਵਿਚ ਐਸੀ ਗੱਲ ਹੈ ਕਿ ਜੀਊਂਦਾ ਨਹੀਂ ਕਰ ਸਕਦਾ ਕੋਈ? ਬਾਦਸ਼ਾਹ ਹੰਕਾਰੀ ਹੋ ਕੇ ਗੱਲ ਕਰਦਾ ਹੈ, ਕਹਿੰਦਾ ਦੇਖ ਮੈਂ ਤੈਨੂੰ ਹੁਣੇ ਹੀ ਦੇਖਦਾ

ਹਾਂ, ਕੌਣ ਤੈਨੂੰ ਬਚਾਉਣ ਵਾਲਾ ਹੈ। ਬਾਦਸ਼ਾਹ ਨੇ ਮਸਤ ਹਾਥੀ ਛਡਵਾ ਦਿਤਾ।

*ਗਜ ਹਸਤੀ ਦੀਨੋ ਚਮਕਾਰਿ॥*
*ਪੰਨਾ - 1165*

ਮਸਤ ਹਾਥੀ ਖੜ੍ਹਾ ਹੈ, ਸ਼ਰਾਬ ਪਿਲਾ ਦਿਤੀ। ਬਾਦਸ਼ਾਹ ਰੌਲਾ ਪਾ ਰਿਹਾ ਹੈ ਕਿ ਨਾਮਦੇਵ! ਹੁਣ ਹਾਥੀ ਦੇ ਸੰਗਲ ਖੁਲ੍ਹ ਜਾਣੇ ਹਨ, ਉਸ ਤੋਂ ਪਹਿਲਾਂ ਗਊ ਜੀਊਂਦੀ ਕਰ ਦੇ। ਬਹੁਤ ਹੰਕਾਰੀ ਹੋ ਕੇ ਗੱਲ ਕਰ ਰਿਹਾ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਚੜ੍ਹਿਆ ਹੰਕਾਰ ਓ ,*
*ਬਾਦਸ਼ਾਹ ਤਾਈਂ ਵੇਖੋ -2, 2.*
*ਬਾਦਸ਼ਾਹ ਤਾਂਈ ਵੇਖੋ, -2, 2.*
*ਚੜ੍ਹਿਆ ਹੰਕਾਰ ਜੀ ............... -2.*

*ਬਾਦਿਸਾਹੁ ਚੜਿਓ ਅਹੰਕਾਰਿ॥*
*ਗਜ ਹਸਤੀ ਦੀਨੋ ਚਮਕਾਰਿ॥*
*ਪੰਨਾ - 1165*

ਸਾਧ ਸੰਗਤ ਜੀ ਦੋਨੋਂ ਚੀਜ਼ਾਂ ਹੁੰਦੀਆਂ ਹਨ। ਇਕ ਹੰਕਾਰ, ਆਦਮੀ ਦੇ ਅੰਦਰ ਹੈ। ਦੂਜੀ ਹੁੰਦੀ ਹੈ ਨਿਮਰਤਾ-

*'ਹੰਕਾਰਿਆ ਸੋ ਮਾਰਿਆ।'*

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।।*

*ਪੰਨਾ - 1089*

ਸਾਰੇ ਵੇਦ ਉਚੀ ਆਵਾਜ਼ ਵਿਚ ਕਹਿੰਦੇ ਹਨ ਕਿ ਜੇ ਰਬ ਨੂੰ ਕੋਈ ਚੀਜ਼ ਨਹੀਂ ਭਾਉਂਦੀ ਤਾਂ ਉਹ ਹੈ 'ਹੰਕਾਰ', ਹੰਕਾਰੀ ਨੂੰ ਰੱਬ ਬਖਸ਼ਿਆ ਨਹੀਂ ਕਰਦਾ। ਹਰਨਾਖਸ਼ ਹੰਕਾਰੀ ਨੂੰ ਮਾਰਨ ਵਾਸਤੇ ਰੱਬ ਨੂੰ ਅੱਧਾ ਸ਼ੇਰ ਦਾ ਤੇ ਅੱਧਾ ਨਰ ਦਾ ਸਰੂਪ ਧਾਰਨ ਕਰਨਾ ਪਿਆ, ਲੇਕਿਨ ਹੰਕਾਰ ਨਹੀਂ ਭਾਇਆ। ਰੱਬ ਨੂੰ ਸਭ ਤੋਂ ਬੁਰੀ ਗੱਲ ਜੋ ਲਗਦੀ ਹੈ ਉਹ ਹੈ ਹੰਕਾਰ। ਹੰਕਾਰੀ ਬੰਦੇ ਦੀ ਗਿਰਾਵਟ ਹੋ ਜਾਇਆ ਕਰਦੀ ਹੈ। ਪੰਜ ਕਿਸਮ ਦੇ ਹੰਕਾਰ ਹੁੰਦੇ ਹਨ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ........॥ ਪੰਨਾ - 1288*

ਮਹਾਰਾਜ ਨੇ ਇਨ੍ਹਾਂ ਨੂੰ ਪੰਜ ਠੱਗ ਕਿਹਾ ਹੈ -

*ਏਨੀ ਠਗੀਂ ਜਗੁ ਠਗਿਆ ਕਿਨੈ ਨਾ ਰਖੀ ਲਜ॥ ਪੰਨਾ - 1288*

ਰਾਜ ਦਾ ਹੰਕਾਰ ਹੋ ਜਾਣਾ, ਬੇਤਹਾਸ਼ਾ ਤਾਕਤ ਇਕ ਬੰਦੇ ਦੇ ਹੱਥ ਵਿਚ ਆ ਜਾਣੀ, ਚਾਹੇ ਜ਼ੋਰ ਨਾਲ ਲੈ ਲਵੇ, ਚਾਹੇ ਵੋਟਾਂ ਨਾਲ ਲੈ ਲਵੇ, ਉਹਦੇ ਪੈਰ ਫੇਰ ਧਰਤੀ ਤੇ ਨਹੀਂ ਲਗਦੇ ਕਿਉਂਕਿ ਹੱਥ ਵਿਚ ਤਾਕਤ ਆ ਗਈ। ਕਿਸੇ ਦੇ ਹੱਥ ਆ ਜਾਵੇ, ਗਰੀਬ ਬੰਦੇ ਦੇ ਹੱਥ ਵਿਚ ਕੋਈ ਮਾੜੀ ਮੋਟੀ ਤਾਕਤ ਆ ਜਾਵੇ, ਆਹ ਸੀਮਿੰਟ ਦੀਆਂ ਪਰਚੀਆਂ ਦੇਣ ਦਾ ਹੀ ਅਧਿਕਾਰ ਮਿਲ ਜਾਵੇ, ਲਾਈਨ ਲਵਾਈ ਜਾਂਦਾ ਹੈ। ਚੰਗੇ ਚੰਗੇ ਬੰਦੇ ਲਾਈਨ ਵਿਚ ਖੜ੍ਹੇ ਰਹਿੰਦੇ ਹਨ। ਉਹ ਐਨਾ ਰੁੱਖਾ ਬੋਲੇਗਾ, ਕਦੀ ਧਿਆਨ ਨਾਲ ਦੇਖ ਲੈਣਾ ਕਿਉਂਕਿ ਮਾੜਾ ਜਿਹਾ ਮੱਦ ਚੜ੍ਹਿਆ ਹੈ, ਇਸ ਨੂੰ ਰਾਜ ਮੱਦ ਕਹਿੰਦੇ ਹਨ। ਰਾਜ ਮਦ ਵਿਚ ਰਾਜੇ ਤੋਂ ਫੇਰ ਉਲਟੇ ਕੰਮ ਹੋਇਆ ਕਰਦੇ ਹਨ। ਫਰਜ਼ ਤਾਂ ਰਾਜੇ ਨੂੰ ਭੁਲ ਹੀ ਜਾਂਦਾ ਹੈ ਕਿ ਉਸਦਾ ਧਰਮ ਇਨਸਾਫ ਕਰਨਾ ਹੈ। ਅੱਜਕਲ੍ਹ ਸੁਗੰਧ ਲਈ ਜਾਂਦੀ ਹੈ। ਜਿਸ ਬੰਦੇ ਦਾ ਪ੍ਰਮੇਸ਼ਰ ਤੇ ਯਕੀਨ ਹੀ ਨਹੀਂ, ਉਸ ਤੋਂ ਜੀਅ ਕਰਦਾ ਹੈ ਪ੍ਰਣ ਲਈ ਜਾਵੋ, ਉਹ ਅੱਖਰ ਬੋਲਣ ਤੋਂ ਬਿਨਾਂ ਹੋਰ ਕੁਝ ਨਹੀਂ ਹੋਇਆ ਕਰਦਾ, ਸਭ ਕੁਝ ਭੁੱਲ ਕੇ ਰਾਜਸੀ ਸ਼ਕਤੀ ਅਧੀਨ ਹੋਇਆ ਅਭਿਮਾਨ ਨਾਲ ਹੀ ਗੱਲ ਕਰਦਾ ਹੈ, ਮਿੰਟ ਵਿਚ ਕਹਿ ਦਿੰਦਾ ਹੈ ਕਿ ਇਸ ਨੂੰ ਖਤਮ ਕਰ ਦਿਓ। ਐਸੇ ਰਾਜੇ ਸੰਸਾਰ ਤੇ ਕਿੰਨੇ ਹੋਏ ਹਨ, 'ਨਾਦਰਸ਼ਾਹ' ਵਿਚ ਕਿੰਨਾ ਹੰਕਾਰ ਸੀ। ਨਾਦਰਸ਼ਾਹ ਦਾ ਇਕ ਹੌਲਦਾਰ ਸਿਪਾਹੀ ਕਿਸੇ ਇੱਜ਼ਤ ਵਾਲੇ ਘਰ ਚਲਾ ਗਿਆ, ਉਥੇ ਜਾ ਕੇ ਉਸਨੇ ਘਰ ਵਾਲਿਆਂ ਦੀ ਲੜਕੀ ਦੀ ਇਜ਼ਤ ਲੁੱਟਣ ਦਾ ਜਤਨ ਕੀਤਾ, ਉਹ ਅਣਖ ਵਾਲੇ ਬੰਦੇ ਸੀ, ਉਹਨਾਂ ਨੂੰ ਗੁੱਸਾ ਆਇਆ ਉਹਨਾਂ ਨੇ ਇਸ ਨੂੰ ਮਾਰ ਦਿਤਾ। ਮਾਰਨਾ ਕੀ ਸੀ ਸਾਰੀ ਦਿੱਲੀ ਤੇ ਕਹਿਰ ਹੋ ਗਿਆ, ਨਾਦਰਸ਼ਾਹ ਨੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਲਈ, ਕਹਿਣ ਲੱਗਾ ਜਿਤਨੀ ਦੇਰ ਮੈਂ ਤਲਵਾਰ ਮਿਆਨ ਵਿਚ ਨਹੀਂ ਪਾਉਂਦਾ, ਸਭ ਨੂੰ ਲੁੱਟ ਲਓ, ਮਾਰ ਲਓ। ਦਿਨ ਰਾਤ ਕਤਲੇਆਮ ਸ਼ੁਰੂ ਹੋ ਗਈ, ਦਿੱਲੀ ਦੇ ਭਾਗ ਮਾੜੇ ਹਨ। ਐਨੀ ਕਤਲੇਆਮ ਹੋਈ ਕਿ ਨੌਂ ਲੱਖ ਬੰਦਾ ਮਰ ਗਿਆ। ਅਹਿਮਦਸ਼ਾਹ ਕੋਲ ਜਾ ਕੇ ਬੇਨਤੀ ਕੀਤੀ, ਸ਼ਹਿਰ ਦੇ ਸਾਰੇ ਬੰਦੇ ਮੂੰਹ ਵਿਚ ਘਾਹ ਲੈ ਕੇ ਗਏ, ਕਹਿਣ ਲੱਗੇ, ਸਾਡਾ ਕੀ ਕਸੂਰ ਹੈ? ਤੇਰਾ ਸਿਪਾਹੀ ਤਾਂ ਇਕ ਬੰਦੇ ਨੇ ਮਾਰਿਆ ਹੈ, ਤੇ ਤੂੰ ਨੌਂ ਲੱਖ ਬੰਦਾ ਮਰਵਾ ਦਿੱਤਾ, ਦਿਲੀ ਉਜਾੜ ਕੇ ਰਖ ਦਿਤੀ। ਕਿੰਨਾ ਹੰਕਾਰ ਸੀ ਸਾਧ ਸੰਗਤ ਜੀ।

ਸੋ ਹੰਕਾਰੀ ਨਰਕਾਂ ਨੂੰ ਜਾਂਦਾ ਹੈ ਕਿਉਂਕਿ –

***ਰਾਜੇ ਚੁਲੀ ਨਿਆਵ ਕੀ ..................॥ ਪੰਨਾ – 1240***

ਰਾਜੇ ਨੂੰ ਜਪੁਜੀ ਸਾਹਿਬ ਪੜ੍ਹਨ ਦੀ ਐਨੀ ਲੋੜ ਨਹੀਂ, ਗਾਇਤ੍ਰੀ ਪੜ੍ਹਨ ਦੀ ਲੋੜ ਨਹੀਂ, ਨਮਾਜ਼ ਪੜ੍ਹਨ ਦੀ ਐਨੀ ਲੋੜ ਨਹੀਂ ਕਿਉਂਕਿ ਉਸਦਾ ਧਰਮ ਹੈ ਨਿਆਂ ਕਰਨਾ। ਜੇ ਰਾਜਾ ਨਿਆਂ ਨਹੀਂ ਕਰਦਾ ਤਾਂ ਪਾਪੀ ਹੋ ਜਾਇਆ ਕਰਦਾ ਹੈ। ਜਿਹੜਾ ਡਰ ਤੇ ਹਮਾਇਤ (without favour

& fear) ਤੋਂ ਬਿਨਾਂ ਇਨਸਾਫ ਕਰਦਾ ਹੈ, ਉਸਦਾ ਨਾਮ ਸਤਿਕਾਰ ਸਹਿਤ ਦੁਨੀਆਂ ਤੇ ਰਹਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਦਾ ਹਾਲ ਚਾਲ ਦੇਖਣ ਨਿਕਲਿਆ, ਕੁਝ ਅਫਸਰ ਰਸਾਲੇ ਦੇ ਅਤੇ ਸਿਪਾਹੀ ਨਾਲ ਹਨ। ਜਦੋਂ ਸੜਕ ਤੋਂ ਲੰਘ ਰਿਹਾ ਸੀ ਉਥੇ ਛੋਟੇ ਛੋਟੇ ਬੱਚੇ ਬੇਰ ਝਾੜ ਰਹੇ ਸਨ – ਚੇਤ ਦੇ ਮਹੀਨੇ ਵਿਚ। ਇਕ ਬੱਚੇ ਨੇ ਜ਼ੋਰ ਨਾਲ ਪੱਥਰ ਮਾਰਿਆ ਬੇਰੀ ਨੂੰ, ਉਹ ਟਾਹਣੀਆਂ ਵਿਚੋਂ ਲੰਘਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਦੀ ਪਿੱਠ ਤੇ ਆ ਲੱਗਾ। ਜੇ ਰਾਜੇ ਨੂੰ ਇੱਟ ਲੱਗ ਜਾਵੇ, ਕੀ ਉਥੇ ਸੁਖ ਰਹਿ ਸਕਦਾ ਹੈ? ਮਹਾਰਾਜੇ ਨਾਲ ਜਿਹੜੇ ਬਾਡੀਗਾਰਡ ਸਨ ਇਕ ਦਮ ਕਹਿਰ ਵਿਚ ਆ ਗਏ ਤੇ ਤਲਵਾਰਾਂ ਕੱਢ ਲਈਆਂ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਗੁੱਸੇ ਨਾਲ ਕੀ ਗੱਲ ਕਰੋਂਗੇ? ਤੁਹਾਡਾ ਹਥ ਤਲਵਾਰਾਂ ਤੇ ਕਿਉਂ ਗਿਆ? ਕਹਿਣ ਲੱਗੇ, ਮਹਾਰਾਜ! ਤੁਹਾਡੇ ਇੱਟ ਮਾਰੀ ਕਿਸੇ ਨੇ। ਮਹਾਰਾਜੇ ਨੇ ਕਿਹਾ, ਲਿਆਓ ਮੇਰੇ ਕੋਲ ਜਿਸਨੇ ਇੱਟ ਮਾਰੀ ਹੈ, ਤੁਸੀਂ ਉਸ ਨੂੰ ਕੁਝ ਨਹੀਂ ਕਹਿਣਾ, ਐਵੇਂ ਉਸਨੂੰ ਫੜੀ ਲਿਆਉਂਦੇ ਲਿਆਉਂਦੇ ਰਾਹ ਵਿਚ ਹੀ ਆਪਣਾ ਜੋਸ਼ ਦਿਖਾ ਦਿਓਂ। ਮਹਾਰਾਜੇ ਵਿਚ ਕਿੰਨਾ ਠਰੰਮਾ ਸੀ। ਸਿਪਾਹੀਆਂ ਨੇ ਸਾਰੇ ਬੱਚੇ ਫੜ ਲਿਆਂਦੇ, ਬੱਚਿਆਂ ਦੇ ਪੀਲੇ ਮੂੰਹ ਹੋ ਗਏ, ਡਰ ਗਏ ਕਿ ਸਾਡੀ ਇੱਟ ਮਹਾਰਾਜੇ ਦੇ ਲੱਗੀ ਹੈ, ਕਿਧਰੇ ਸਾਨੂੰ ਸਾਰਿਆਂ ਨੂੰ ਨਾ ਮਰਵਾ ਦੇਵੇ।

ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਪੁਛਿਆ, ਬੱਚਿਓ! ਤੁਸੀਂ ਮੇਰੇ ਇੱਟ ਮਾਰੀ ਹੈ? ਬੱਚੇ ਕਹਿਣ ਲੱਗੇ, ਸਰਕਾਰ ਅਸੀਂ ਤੁਹਾਡੇ ਇੱਟ ਨਹੀਂ ਮਾਰੀ, ਅਸੀਂ ਤਾਂ ਬੇਰੀ ਦੇ ਮਾਰੀ ਸੀ। ਕਹਿੰਦੇ, ਲੱਗੀ ਤਾਂ ਸਾਡੇ ਆ ਕੇ। ਕਹਿੰਦੇ, ਮਹਾਰਾਜ ਅਸੀਂ ਤਾਂ ਬੇਰੀ ਦੇ ਮਾਰੀ ਸੀ, ਸਾਡੀ ਬਦਕਿਸਮਤੀ ਹੈ ਕਿ ਇੱਟ ਤੁਹਾਨੂੰ ਲੱਗ ਗਈ। ਮਹਾਰਾਜੇ ਨੇ ਕਿਹਾ ਤੁਸੀਂ ਬੇਰੀ ਦੇ ਕਿਉਂ ਇੱਟਾਂ ਮਾਰਦੇ ਹੋ, ਉਸਨੇ ਤੁਹਾਡਾ ਕੀ ਵਿਗਾੜਿਆ ਹੈ? ਕਹਿਣ ਲੱਗੇ, "ਮਹਾਰਾਜ! ਇੱਟ ਮਾਰ ਕੇ ਅਸੀਂ ਬੇਰੀ ਤੋਂ ਬੇਰ ਝਾੜਦੇ ਹਾਂ।"

ਰਾਜੇ ਨੇ ਕਿਹਾ, "ਅੱਛਾ! ਬੇਰੀ ਤੇ ਇੱਟ ਮਾਰਿਆਂ ਤੁਹਾਨੂੰ ਬੇਰ ਮਿਲਦੇ ਹਨ?"

"ਹਾਂ ਜੀ।"

ਬੱਚਿਆਂ ਨੇ ਅਨੁਭਵ ਕੀਤਾ ਕਿ ਮਹਾਰਾਜ ਜੀ ਤਾਂ ਨਰਮਾਈ ਵਿਚ ਆ ਗਏ, ਬੱਚੇ ਸੋਚਣ ਲੱਗੇ, ਮਹਾਰਾਜ ਤਾਂ ਸਾਡੇ ਨਾਲ ਹੱਸ ਹੱਸ ਕੇ ਗੱਲ ਕਰ ਰਹੇ ਹਨ। ਮਹਾਰਾਜ ਨੇ ਸਾਥੀਆਂ ਨੂੰ ਪੁਛਿਆ ਕਿ ਹੁਣ ਇੱਟ ਰਾਜੇ ਦੇ ਲੱਗੀ ਹੈ, ਰਾਜੇ ਨੂੰ ਕੀ ਦੇਣਾ ਚਾਹੀਦਾ ਹੈ? ਸਾਰੇ ਚੁਪ ਕਰ ਗਏ, ਕੋਈ ਕਹੇ ਇਹਨਾਂ ਨੂੰ ਮੁੱਠੀ ਭਰ ਕੇ ਦਿਓ ਰੁਪਇਆ ਦੀ, ਕੋਈ ਕੁਝ ਕਹੇ, ਕੋਈ ਕੁਝ ਕਹੇ। ਮਹਾਰਾਜੇ ਨੇ ਕਿਹਾ, ਦੇਖੋ ਇਕ ਜੜ੍ਹ ਦਰਖਤ ਹੈ, ਜਦੋਂ ਉਸ ਨੂੰ ਇੱਟ ਲਗਦੀ ਹੈ ਤਾਂ ਜਿਹੜਾ ਸਭ ਤੋਂ ਮਿੱਠਾ ਬੇਰ ਹੁੰਦਾ

ਹੈ ਉਹ ਗਿਰਦਾ ਹੈ। ਕਦੀ ਕੱਚਾ ਵੀ ਗਿਰਿਆ ਹੈ? ਸਭ ਤੋਂ ਪੱਕਾ ਪਹਿਲਾਂ ਗਿਰੇਗਾ।

ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਸਾਡੇ ਲੱਗੀ ਹੈ ਇੱਟ, ਲਿਖੋ ਜੋ ਮੈਂ ਲਿਖਾਉਂਦਾ ਹਾਂ ਕਿ ਜਲਾਲਪੁਰ ਜੱਟਾਂ ਕੋਲ ਪਿੰਡ ਬੁਢਨ ਦੀ ਸਾਰੀ ਜ਼ਮੀਨ ਇਹਨਾਂ ਨੂੰ ਦੇ ਦਿਓ। ਸਾਰੇ ਬੱਚਿਆ ਨੂੰ ਜਗੀਰ ਦੇ ਦਿਤੀ। ਕਿੰਨੀ ਨਿਮਰਤਾ ਸੀ ਰਾਜੇ ਵਿਚ, ਅੱਜ ਤਕ ਇਹ ਕਹਾਣੀ ਯਾਦ ਹੈ।

ਕਿੰਨੀ ਨਿਮਰਤਾ ਸੀ ਮਹਾਰਾਜੇ ਵਿਚ। ਕਾਲ ਪਿਆ ਹੋਇਆ ਸੀ, ਦਾਣਾ ਭਾਲਿਆਂ ਨਹੀਂ ਸੀ ਮਿਲਦਾ। ਸਰਕਾਰੀ ਸਟੋਰ ਫੌਜਾਂ ਵਾਸਤੇ ਭਰਿਆ ਪਿਆ ਹੈ, ਵਕਤ ਬੇਵਕਤ ਵਾਸਤੇ ਗੁਦਾਮ ਕਣਕ ਦਾ ਭਰਿਆ ਪਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਢੰਡੋਰਾ ਫਿਰਾ ਦਿਤਾ ਕਿ ਹਿੰਦੂ ਮੁਸਲਮਾਨ ਸਿਖ ਸਭ ਸੁਣ ਲਓ ਕਿ ਕੋਈ ਵੀ ਮੇਰੇ ਰਾਜ ਵਿਚ ਭੁੱਖਾ ਨਾ ਮਰੇ, ਇਮਾਨਦਾਰੀ ਨਾਲ ਇਹ ਕਰ ਲਓ ਕਿ ਜਿੰਨਾ ਦਾਣਾ ਚੁਕ ਕੇ ਲਿਜਾ ਸਕਦੇ ਹੋ ਲੈ ਜਾਓ, ਵੇਚਿਓ ਨਾ, ਜਮਾਂ ਨਾ ਕਰਿਓ, ਜਦੋਂ ਮੁਕ ਗਿਆ ਫੇਰ ਆ ਜਾਇਓ, ਇਸ ਗੱਲ ਦੀ ਗਰੰਟੀ ਮੈਂ ਦਿੰਦਾ ਹਾਂ ਕਿ ਤੁਹਾਨੂੰ ਭੁਖਾ ਨਹੀਂ ਮਰਨ ਦਿੰਦਾ। ਉਸ ਵੇਲੇ ਲੋਕ ਬੜੀ ਇਮਾਨਦਾਰੀ ਨਾਲ ਅਨਾਜ ਦੀ ਪੰਡ ਭਰ ਕੇ ਲੈ ਜਾਂਦੇ ਹਨ। ਇਕ ਬਿਰਧ ਸੀ ਜੋ ਬੜੀ ਦੂਰ ਰਹਿੰਦਾ ਹੈ। ਉਸ ਬਿਰਧ ਨਾਲ ਕੇਵਲ ਇਕ ਛੋਟਾ ਬੱਚਾ ਸੀ ਜਿਸਦੀ ਉਮਰ ਨੌਂ ਸਾਲ ਦੀ ਸੀ ਜੋ ਕਿ ਉਸ ਬਿਰਧ ਦਾ ਪੋਤਾ ਸੀ, ਪੁੱਤਰ ਉਸਦਾ ਚੜ੍ਹਾਈ ਕਰ ਚੁਕਾ ਸੀ। ਪਰਿਵਾਰ ਕਾਫੀ ਵੱਡਾ ਹੈ, ਉਹ ਬਿਰਧ ਹੌਲੀ-ਹੌਲੀ ਤੁਰ ਕੇ ਆਇਆ, ਉਸ ਸਮੇਂ ਤਕ ਜਦੋਂ ਉਹ ਪੁੱਜਿਆ, ਸਟੋਰ ਬੰਦ ਹੋ ਗਿਆ। ਸਾਰਾ ਸਟੋਰ ਸਰਦਾਰ ਲਹਿਣਾ ਸਿੰਘ ਦੇ ਸਪੁਰਦ ਸੀ। ਜਦੋਂ ਲਹਿਣਾ ਸਿੰਘ ਬਾਹਰ ਆਇਆ ਤਾਂ ਉਸ ਨੂੰ ਪੁਛਿਆ, ਭਾਈ ਕੀ ਗੱਲ ਹੈ? ਉਸ ਬਜ਼ੁਰਗ ਨੇ ਕਿਹਾ, ਜੀ ਮੈਂ ਬੜੀ ਦੂਰੋਂ ਦਾਣੇ ਲੈਣ ਆਇਆ ਹਾਂ, ਮੈਂ ਹੌਲੀ ਹੌਲੀ ਤੁਰ ਸਕਦਾ ਹਾਂ? ਮੇਰੇ ਆਉਂਦੇ ਨੂੰ ਸਟੋਰ ਬੰਦ ਹੋ ਗਿਆ। ਉਸਨੇ ਸੇਵਾਦਾਰ ਨੂੰ ਬੁਲਾਇਆ ਤੇ ਸਟੋਰ ਖੁਲਵਾਇਆ। ਉਧਰੋ ਮਹਾਰਾਜ ਆਪ ਫਿਰਦੇ ਫਿਰਦੇ ਦੇਖਦੇ ਹਨ ਕਿ ਸਚਮੁਚ ਦਾਣਾ ਦਿੰਦੇ ਵੀ ਹਨ? ਕਿਧਰੇ ਲੋਕਾਂ ਨੂੰ ਐਵੇਂ ਤੇ ਝਿੜਕਾਂ ਨਹੀਂ ਮਾਰ ਰਹੇ? ਮਹਾਰਾਜਾ ਰਣਜੀਤ ਸਿੰਘ ਨੇ ਭੇਸ ਬਦਲਿਆ ਹੋਇਆ ਸੀ ਤੇ ਦੇਖ ਰਿਹਾ ਸੀ। ਐਨੇ ਨੂੰ ਬਿਰਧ ਨੇ ਦਾਣੇ ਤਾਂ ਪਾ ਲਏ ਪਰ ਹੁਣ ਪੰਡ ਚੁਕੀ ਨਹੀਂ ਜਾਂਦੀ। ਬਿਰਧ ਕਹਿਣ ਲੱਗਾ, ਸਰਦਾਰਾ ਜਿਥੇ ਤੂੰ ਐਨੀ ਮਿਹਰਬਾਨੀ ਕੀਤੀ ਹੈ, ਮੇਰੀ ਪੰਡ ਵੀ ਚੁਕਵਾ ਕੇ ਬਾਹਰ ਰੱਖ ਦੇ। ਪੰਡ ਹੈ ਤਾਂ ਐਨੀ ਹੀ ਕਿ ਇਕ ਬੰਦਾ ਚੁਕ ਲਵੇ ਪਰ ਮੈਂ ਬਿਰਧ ਹਾਂ, ਜੋ ਮੇਰੇ ਨਾਲ ਪੋਤਾ ਹੈ ਉਹ ਕੇਵਲ ਨੌਂ ਸਾਲ ਦਾ ਹੈ। ਸਟੋਰ ਕੀਪਰ ਨੇ ਪੰਡ ਬਾਹਰ ਰਖ ਦਿਤੀ ਤੇ ਸਟੋਰ ਬੰਦ ਕਰਕੇ ਚਲਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇੜੇ ਹੀ ਖੜ੍ਹਾ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਕੋਲ ਆ ਗਿਆ ਤੇ ਪੁਛਿਆ, ਬਾਬਾ ਕੀ ਗੱਲ ਤੂੰ ਪੰਡ ਨਹੀਂ ਚੁਕਦਾ, ਕੀ ਤੂੰ ਵੇਚਣੀ ਹੈ? ਨਹੀਂ ਸਰਦਾਰ ਜੀ ਮੈਂ ਵੇਚਣੀ ਨਹੀਂ,

ਮੇਰੇ ਕੋਲੋਂ ਚੁਕੀ ਨਹੀਂ ਜਾਂਦੀ। ਤੂੰ ਚੁਕਵਾ ਕੇ ਮੇਰੇ ਸਿਰ ਤੇ ਰਖਵਾ ਦੇ ਮੈਂ ਹੌਲੀ ਹੌਲੀ ਲੈ ਜਾਵਾਂਗਾ, ਕੋਈ ਰਸਤੇ ਵਿਚ ਭਲਾ ਪੁਰਸ਼ ਮਿਲ ਜਾਵੇਗਾ ਤਾਂ ਇਹ ਪੰਡ ਸਿਰੋਂ ਲਹਾ ਕੇ ਚੁਕਵਾ ਦੇਵੇਗਾ, ਮੈਨੂੰ ਕੁਝ ਆਰਾਮ ਮਿਲ ਜਾਵੇਗਾ। ਹੌਲੀ ਹੌਲੀ ਮੈਂ ਘਰ ਤੀਕਰ ਪੁੱਜ ਜਾਵਾਂਗਾ। ਸਰਦਾਰ ਜੀ ਮੇਰਾ ਸਰੀਰ ਬ੍ਰਿਧ ਹੈ, ਸਾਰੀ ਤਾਕਤ ਘੱਟ ਹੋ ਚੁੱਕੀ ਹੈ। ਅੱਖਾਂ ਪੂਰੀ ਤਰ੍ਹਾਂ ਕਿਸੇ ਨੂੰ ਪਹਿਚਾਣਦੀਆਂ ਨਹੀਂ ਹਨ। ਕੰਨਾਂ ਤੋਂ ਭੀ ਘੱਟ ਸੁਣਦਾ ਹੈ, ਕੋਈ ਉਚੀ ਬੋਲੇ ਤਾਂ ਸਮਝ ਵਿਚ ਉਸ ਦੀ ਗੱਲ ਆ ਜਾਂਦੀ ਹੈ, ਏਵੇਂ ਸਰੀਰ ਦੇ ਹੋਰ ਅੰਗ ਹਨ। ਸਰਦਾਰ ਜੀ ਅੱਲਾਹ ਦੀਆਂ ਪਾਈਆਂ ਤਾਂ ਝਲਣੀਆਂ ਹੀ ਪੈਂਦੀਆਂ ਹਨ। ਜਵਾਨ ਪੁੱਤਰ ਪਰਿਵਾਰ ਛੱਡ ਕੇ ਅੱਲਾਹ ਨੂੰ ਪਿਆਰਾ ਹੋ ਗਿਆ। ਇਹ ਨੀਂਗਣ ਇਆਣਾ ਹੈ, ਸਾਰੇ ਪਰਿਵਾਰ ਦਾ ਬੋਝ ਚੁਕਣਾ ਪੈ ਗਿਆ। ਅਸਾਡਾ ਮਹਾਰਾਜਾ ਕਿੰਨਾ ਦਿਆਲੂ ਹੈ, ਦਾਣਿਆਂ ਦੇ ਭੰਡਾਰ ਪਰਜਾ ਲਈ ਖੋਲ੍ਹ ਦਿਤੇ ਹਨ। ਹੁਣ ਜੋ ਸੁਕਾਲ (ਕਾਲ) ਰੱਬ ਨੇ ਪਾਇਆ ਉਹ ਨਿਕਲ ਜਾਵੇਗਾ। ਬੱਚੇ ਜਿਉਣ ਸਰਕਾਰ ਦੇ, ਕਿੰਨਾ ਤਰਸ ਹੈ ਮਹਾਰਾਜ ਦੇ ਦਿਲ ਵਿਚ। ਉਹ ਇਕ ਅੱਖ ਨਾਲ ਸਭ ਨੂੰ ਵੇਖ ਰਿਹਾ ਹੈ। ਦੇਖ ਸਰਦਾਰਾ, ਮੇਰੇ ਧਰਮ ਵਾਲੇ ਰਾਜਿਆਂ ਨੇ ਅਤਿ ਹੀ ਚੁੱਕੀ ਹੋਈ ਸੀ। ਹਿੰਦੂਆਂ ਨੂੰ ਤਾਂ ਉਹ ਕਾਫਰ ਸਮਝ ਕੇ ਬਹੁਤ ਸਾਰੇ ਕਸ਼ਟ ਦਿੰਦੇ ਸਨ। ਭਲਾ ਹੋਵੇ ਗੁਰੂਆਂ ਦਾ ਜਿਨ੍ਹਾਂ ਦੇ ਸਿੱਖ ਫਰਸ਼ਿਤੇ ਹਨ।

ਗੱਲ ਸੁਣਦਿਆਂ ਹੀ ਮਹਾਰਾਜੇ ਨੂੰ ਬੜਾ ਤਰਸ ਆਇਆ, ਉਸ ਨੇ ਉਸ ਬਿਰਧ ਦੀ ਪੰਡ ਆਪਣੇ ਸਿਰ ਤੇ ਹੀ ਰੱਖ ਲਈ ਤੇ ਟੁਰ ਪਏ। ਮਹਾਰਾਜਾ ਤੇਜ਼ ਟੁਰ ਰਿਹਾ ਸੀ, ਬਿਰਦ ਕੋਲੋਂ ਹੌਲੀ ਹੌਲੀ ਤੁਰਿਆ ਜਾਂਦਾ ਹੈ। ਕਹਿਣ ਲੱਗਿਆ, ਸਰਦਾਰਾ ਤੂੰ ਤਾਂ ਮੇਰਾ ਘਰ ਨਹੀਂ ਜਾਣਦਾ ਪਰ ਮੈਂ ਤੇਜ਼ ਤੁਰਨ ਦੀ ਕੋਸ਼ਿਸ਼ ਕਰਦਾ ਹਾਂ। ਘਰ ਕਾਫੀ ਦੂਰ ਸੀ। ਜਦੋਂ ਘਰ ਦੇ ਨੇੜੇ ਆ ਗਿਆ, ਬਿਰਧ ਕਹਿਣ ਲੱਗਾ ਸਰਦਾਰ ਜੀ, ਮੈਂ ਤੁਹਾਡੇ ਵਰਗਾ ਕੋਈ ਬੰਦਾ ਨਹੀਂ ਦੇਖਿਆ। ਤੂੰ ਮੈਨੂੰ ਆਪਣੇ ਰਾਜੇ ਦੇ ਦਰਸ਼ਨ ਕਰਾ ਸਕਦਾ ਹੈਂ? ਇਕ ਤਾਂ ਮੇਰੀ ਨਿਗ੍ਹਾ ਕਮਜ਼ੋਰ ਹੈ, ਇਕ ਸਾਰੀ ਰਿਆਇਆ ਉਸ ਨੂੰ ਦੇਖਣ ਚਲੀ ਜਾਂਦੀ ਹੈ। ਧੱਕਿਆਂ ਤੋਂ ਡਰਦਾ ਮੈਂ ਅਗੇ ਹੋ ਕੇ ਮਹਾਰਾਜਾ ਦੇ ਦਰਸ਼ਨ ਨਹੀਂ ਕਰ ਸਕਦਾ। ਸਰਦਾਰਾ! ਤੂੰ ਕਦੀ ਮੈਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਸ਼ਨ ਕਰਵਾ ਦੇ। ਮੈਂ ਕਿਸ ਤਰ੍ਹਾਂ ਧੰਨਵਾਦ ਕਰਾਂ, ਇਕ ਤਾਂ ਮੇਰੀ ਜਾਤ ਮੁਸਲਮਾਨ ਹੈ, ਦੂਜਾ ਮੈਂ ਸੱਚ ਦੱਸਾਂ ਕਿ ਲਾਲਚ ਕਰਕੇ ਜ਼ਿਆਦਾ ਕਣਕ ਦਾ ਭਾਰ (ਪੰਡ) ਬੰਨ੍ਹ ਲਿਆ। ਤੈਨੂੰ ਦੇਖ ਕਿੰਨੀ ਖੇਚਲ ਹੋਈ ਹੈ। ਇੰਨੇ ਨੂੰ ਇਕ ਮੁਸਲਮਾਨ ਗਾਰਦ (guard) ਆ ਗਈ ਜੋ ਕਿ ਗਸ਼ਤ ਕਰ ਰਹੇ ਸਨ ਕਿਉਂਕਿ ਫੌਜੀ ਸਨ, ਉਹ ਰਸਾਲੇ ਦਾ ਇਕ ਦਸਤਾ ਸੀ, ਉਹਨਾਂ ਨੇ ਦੂਰੋਂ ਹੀ ਪਛਾਣ ਲਿਆ ਕਿ ਮਹਾਰਾਜ ਆਪਣੇ ਸਿਰੋਂ ਲਾਹ ਕੇ ਕਣਕ ਦੀ ਪੰਡ ਇਸ ਗਰੀਬ ਮੁਸਲਮਾਨ ਦੇ ਘਰ ਰਖਦੇ ਹੋਏ ਆਪਣਾ ਆਪ ਛੁਪਾ ਰਹੇ ਹਨ। ਉਹ ਇਕ ਦਮ ਘੋੜਿਆਂ ਤੋਂ ਉਤਰ ਕੇ ਸੈਲਿਊਟ ਕਰਨ ਲਗ ਪਏ। ਬਿਰਧ ਕਹਿਣ ਲੱਗਾ, ਸਰਦਾਰਾ ਤੂੰ ਤੇ ਕੋਈ ਵੱਡਾ ਅਫਸਰ ਲਗਦਾ ਹੈਂ, ਤੂੰ ਤਾਂ ਮੈਨੂੰ ਦਸਦਾ ਨਹੀਂ। ਐਨੇ ਨੂੰ

ਉਹ ਇਕ ਸਿਪਾਹੀ ਨੂੰ ਪੁਛ ਬੈਠਿਆ, ਸਾਊ ਮੈਨੂੰ ਦਸ ਦਿਓ ਇਹ ਕਿਹੜੇ ਅਫਸਰ ਹਨ? ਜਦੋਂ ਦਸਿਆ ਕਿ ਇਹ ਤਾਂ ਮਹਾਰਾਜ ਆਪ ਨੇ, ਤੇਰੀ ਪੰਡ ਚੁਕ ਕੇ ਲਿਆਏ ਨੇ, ਧਾਹਾਂ ਮਾਰ ਕੇ ਬਿਰਧ ਮਹਾਰਾਜੇ ਦੇ ਚਰਨਾਂ ਵਿਚ ਗਿਰ ਗਿਆ, ਰੋਈ ਜਾਂਦਾ ਹੈ। ਉਹਦੇ ਵਿਚੋਂ ਇਕ ਹਵਾਲਦਾਰ ਸੀ ਜੋ ਕਿ ਬਾਅਦ ਵਿਚ ਆਪਣੀ ਵਫਾਦਾਰੀ ਸਦਕੇ ਜਰਨੈਲ ਬਣ ਗਿਆ, ਉਹ ਬਰੇਲੀ ਦੇ ਰਹਿਣ ਵਾਲਾ ਸੀ।

ਜਦੋਂ ਮੈਂ ਆਪਣੇ ਫਾਰਮ ਪਿੰਡ ਫੈਜ਼ਗੰਜ, ਤਹਿਸੀਲ ਬਿਲਾਸਪੁਰ, ਜ਼ਿਲਾ ਰਾਮਪੁਰ ਵਿਚ ਫਾਰਮ ਕਰਦਾ ਸਾਂ ਉਸ ਸਮੇਂ ਮੈਂ ਬਰੇਲੀ ਨੂੰ ਜਾ ਰਿਹਾ ਸਾਂ, ਮੇਰੀ ਕਾਰ ਵਿਚ ਇਕ ਪੁਲਿਸ ਦੇ A.S.I ਬੈਠੇ ਸਨ। ਉਸ ਠਾਣੇਦਾਰ ਨੇ ਜਾਂਦਿਆਂ ਹੋਇਆਂ ਸਾਨੂੰ ਦੱਸਿਆ ਕਿ ਮੇਰੇ ਘਰ ਮੇਰੇ ਬਜ਼ੁਰਗ ਦੀ ਲਿਖੀ ਹੋਈ ਡਾਇਰੀ ਹੈ, ਮੇਰੇ ਪੜਦਾਦੇ ਦੀ ਲਿਖੀ ਹੋਈ ਹੈ ਉਹ ਫੌਜ ਵਿਚ ਜਰਨੈਲ ਸੀ। ਉਸ ਨੇ ਲਿਖਿਆ ਹੋਇਆ ਸੀ ਕਿ ਮੈਂ ਤਾਂ ਮਹਾਰਾਜਾ ਰਣਜੀਤ ਸਿੰਘ ਕੋਲ ਵਿਕ ਗਿਆ ਸੀ ਕਿਉਂਕਿ ਮੈਂ ਇਕ ਐਸੀ ਘਟਨਾ ਦੇਖੀ, ਜੋ ਮੈਂ ਸਾਰੀ ਜ਼ਿੰਦਗੀ ਨਹੀਂ ਭੁਲ ਸਕਿਆ ਤੇ ਫੈਸਲਾ ਕਰ ਲਿਆ ਕਿ ਮੈਂ ਇਸ ਰਾਜੇ ਵਾਸਤੇ ਆਪਣੀ ਜਾਨ ਦੇ ਦੇਣੀ ਹੈ। ਉਹ ਘਟਨਾ ਇਹ ਸੀ ਕਿ ਮਹਾਰਾਜੇ ਨੇ ਇਕ ਗਰੀਬ ਦੀ ਕਣਕ ਦੀ ਭਰੀ ਹੋਈ ਪੰਡ ਆਪਣੇ ਸਿਰ ਤੇ ਚੁੱਕ ਕੇ ਇਕ ਬਿਰਧ ਮੁਸਲਮਾਨ ਦੇ ਘਰ ਪਹੁੰਚਾਈ। ਉਸ ਬਿਰਧ ਨੂੰ ਉਸਦੇ ਚਰਨਾਂ ਤੇ ਧਾਹਾਂ ਮਾਰਦੇ ਦੇਖਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਸਰਕਾਰ ਤੁਸੀਂ ਇਕ ਗਰੀਬ ਬੰਦੇ ਵਾਸਤੇ ਐਡਾ ਕੰਮ ਕੀਤਾ ਹੈ, ਮੈਂ ਸੋਚ ਲਿਆ ਇਹ ਮਹਾਰਾਜ ਇਕ ਫਰਿਸ਼ਤਾ ਹੈ ਜਿਸਦੇ ਦਿਲ ਵਿਚ ਗਰੀਬਾਂ ਵਾਸਤੇ ਹੱਦੋਂ ਵੱਧ ਹਮਦਰਦੀ ਹੈ, ਇਸ ਦੀ ਨਿਗ੍ਹਾ ਵਿਚ ਕੋਈ ਮੁਸਲਮਾਨ ਜਾਂ ਹੋਰ ਕੋਈ ਗੈਰ ਨਹੀਂ ਹੈ। ਮਾਪਿਆਂ ਵਾਂਗੂੰ ਆਪਣੀ ਰਈਅਤ ਨਾਲ ਵਰਤਾਉ ਕਰ ਰਿਹਾ ਹੈ। ਮੈਂ ਪ੍ਰਣ ਕੀਤਾ ਕਿ ਮੈਂ ਸਾਰੀ ਜ਼ਿੰਦਗੀ ਮਹਾਰਾਜਾ ਦੀ ਸੇਵਾ ਕਰਾਂਗਾ। ਕਹਿਣ ਲੱਗਾ, ਜਦੋਂ ਸਭਰਾਵਾਂ ਦੀ ਲੜਾਈ ਲੱਗੀ ਤਾਂ ਮੇਰੇ ਕੋਲ ਅੰਗਰੇਜ਼ਾਂ ਦਾ ਇਕ ਜਸੂਸ ਆਇਆ, ਕਹਿਣ ਲੱਗਾ ਤੇਰਾ ਭਰਾ ਓਧਰ ਜਰਨੈਲ ਹੈ, ਤੂੰ ਇਧਰ ਜਰਨੈਲ ਹੈਂ, ਤੂੰ ਇਨ੍ਹਾਂ ਦਾ ਸਾਥ ਛਡ ਦੇ। ਤੇਰੇ ਭਰਾ ਨੇ ਹੀ ਮੈਨੂੰ ਭੇਜਿਆ ਹੈ ਕਿ ਤੂੰ ਆ ਜਾ, ਤੈਨੂੰ ਅੰਗਰੇਜ਼ਾਂ ਦੀ ਫੌਜ ਵਿਚ ਬੜਾ ਵੱਡਾ ਅਹੁਦਾ ਦਿੱਤਾ ਜਾਵੇਗਾ। ਕਹਿਣ ਲੱਗਾ ਮੈਂ ਫਿਰ ਆਪਣੀ ਆਤਮਾ ਦੀ ਆਵਾਜ਼ ਸੁਣੀ। ਅੰਦਰੋਂ ਆਵਾਜ਼ ਆਈ ਕਿ ਤੂੰ ਪੈਸੇ ਦੇ ਲਾਲਚ ਵਿਚ ਐਸੇ ਮਹਾਰਾਜੇ ਦਾ ਸਾਥ ਛਡੇਂਗਾ ਜਿਹੜਾ ਮਹਾਰਾਜਾ ਸਾਰਿਆਂ ਨੂੰ ਇਕੋ ਨਜ਼ਰ ਨਾਲ ਦੇਖਦਾ ਰਿਹਾ ਹੈ। ਕਹਿਣ ਲੱਗਾ ਮੈਂ ਸੇਵਾ ਕਰਕੇ, ਜਦੋਂ ਰਿਟਾਇਰ ਹੋਇਆ ਤਾਂ ਘਰ ਆ ਗਿਆ, ਕਿਤੇ ਵੀ ਸਰਵਿਸ ਨਹੀਂ ਕੀਤੀ। ਜਦੋਂ ਇਸ A.S.I. ਨੇ ਇਸ ਡਾਇਰੀ ਦੀ ਲਿਖਤ ਬਾਰੇ ਮੈਨੂੰ ਦੱਸਿਆ, ਮੈਂ ਉਹਦੇ ਮੂੰਹ ਵੱਲ ਵੇਖੀ ਗਿਆ ਕਿ ਐਨਾ ਚੰਗਾ ਬੰਦਾ ਤੇਰਾ ਬਜ਼ੁਰਗ ਸੀ। ਸਬ ਇੰਨਸਪੈਕਟਰ ਦੱਸਣ ਲੱਗਾ ਕਿ ਇਸ ਡਾਇਰੀ ਵਿਚ ਮਹਾਰਾਜੇ ਬਾਰੇ ਬਹੁਤ ਗੱਲਾਂ ਲਿਖੀਆਂ ਹਨ।

ਮੈਂ ਉਸ ਨੂੰ ਕਿਹਾ, ਤੂੰ ਕਿਸੇ ਇਤਿਹਾਸਕਾਰ ਸ. ਗੰਡਾ ਸਿੰਘ ਵਰਗੇ ਨੂੰ ਦੇ ਦੇਣੀ ਸੀ ਜੋ ਇਸ ਘਟਨਾ ਨੂੰ ਆਪਣੀ ਪੁਸਤਕ ਵਿਚ ਲਿਖ ਲੈਣਗੇ। ਉਹ ਕਹਿਣ ਲੱਗਾ ਇਹ ਤਾਂ ਸਾਡੇ ਖਾਨਦਾਨ ਦਾ ਵਿਰਸਾ ਹੈ ਜੋ ਅਗੋਂ ਆਪਣੀਆਂ ਪੁਸ਼ਤਾਂ ਨੂੰ ਦੇ ਕੇ ਜਾਵਾਂਗਾ। ਸੋ ਦੋ ਹੀ ਚੀਜ਼ਾਂ ਹੁੰਦੀਆਂ ਹਨ - ਨਿਰਮਾਨਤਾ ਤੇ ਅਭਿਮਾਨ। ਸੋ ਮਹਾਰਾਜ ਦਾ ਫੁਰਮਾਨ ਹੈ - 'ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ।' ਸੋ ਭੁੱਲ ਕੇ ਵੀ ਗਰਬ ਨਹੀਂ ਕਰਨਾ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਗਰਬ ਨਾ ਕੀਜੈ ਨਾਨਕਾ,***
***ਮਤ ਸਿਰ ਆਵੈ ਭਾਰ -2, 2.***
***ਪਿਆਰੇ ਮਤ ਸਿਰ ਆਵੇ ਭਾਰ -2, 2.***
***ਗਰਬ ਨਾ ਕੀਜੈ ਨਾਨਕਾ,............... -2.***

***ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥***
***ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ ਪੰਨਾ - 956***

ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ, ਕਿਉਂ ਅਹੰਕਾਰ ਕਰਦਾ ਹੈਂ; ਸਿਰ ਤੇ ਪਾਪਾਂ ਦਾ ਬੋਝ ਆ ਜਾਵੇਗਾ। ਵੱਡੇ ਵੱਡੇ ਜਿਹੜੇ ਹੋਏ ਹਨ ਜਿਨ੍ਹਾਂ ਨੇ ਅਹੰਕਾਰ ਕੀਤਾ, ਉਹ ਮਾਰੇ ਗਏ।

ਇਕ ਵਾਰੀ ਸੰਤ ਬੁੱਧੂਸ਼ਾਹ, ਜੋ ਕਿ ਸ਼ਾਹਪੁਰ ਦੇ ਰਹਿਣ ਵਾਲੇ ਸਨ, ਬਹੁਤ ਚੰਗੇ ਮਹਾਤਮਾ ਹੋਏ, ਉਹਨਾਂ ਦਾ ਕੰਮ ਸੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਬੰਦਗੀ ਕਰਨੀ ਫਿਰ ਚੁਰਸਤੇ ਵਿਚ ਬੈਠਦੇ ਸਨ ਜਿਥੇ ਉਹਨਾਂ ਨੇ ਤੰਦੂਰ ਬਣਾਇਆ ਹੋਇਆ ਸੀ ਉਥੇ ਬੈਠ ਕੇ ਆਪ ਪ੍ਰਸ਼ਾਦੇ ਪਕਾਉਣੇ, ਜਿੰਨੀ ਵੀ ਸੰਗਤ ਆਉਣੀ ਸਭ ਨੂੰ ਪ੍ਰਸ਼ਾਦੇ ਛਕਾਉਣੇ। ਇਕ ਦਿਨ ਇਕ ਮੁਗਲ ਸਿਪਾਹੀ ਆ ਗਿਆ, ਉਸ ਸਿਪਾਹੀ ਨੇ ਪ੍ਰਸ਼ਾਦਾ ਮੰਗਿਆ। ਸੰਤਾਂ ਨੇ ਕਿਹਾ ਸਾਡੇ ਧੰਨ ਭਾਗ। ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਚ ਪਰਮੇਸ਼ਰ ਤੋਂ ਬਿਨਾਂ ਕੋਈ ਨਹੀਂ ਦਿਸਦਾ, ਸੋ ਉਹ ਹਰ ਸਮੇਂ ਪ੍ਰਭੂ ਦੀ ਹੀ ਸੇਵਾ ਕਰਦੇ ਹਨ। ਜਦੋਂ ਉਸ ਸਿਪਾਹੀ ਲਈ ਪ੍ਰਸ਼ਾਦਾ ਤੰਦੂਰ ਵਿਚ ਲਗਾਇਆ ਤਾਂ ਪ੍ਰਸ਼ਾਦਾ ਥੋੜਾ ਜ਼ਿਆਦਾ ਪੱਕ ਗਿਆ, ਇਕ ਦੋ ਰੋਟੀਆਂ ਨੂੰ ਦਾਗ ਲੱਗ ਗਿਆ, ਜਦੋਂ ਸਿਪਾਹੀ ਨੂੰ ਥਾਲੀ ਵਿਚ ਪ੍ਰਸ਼ਾਦਾ ਪਾ ਕੇ ਦਿਤਾ ਤਾਂ ਉਸ ਨੂੰ ਬੜਾ ਕ੍ਰੋਧ ਆਇਆ ਕਿਉਂਕਿ ਪ੍ਰਸ਼ਾਦੇ ਥੋੜ੍ਹੇ ਜਲ ਗਏ ਸਨ। ਉਸਨੇ ਸੰਤ ਬੁੱਧੂ ਸ਼ਾਹ ਨੂੰ ਬਹੁਤ ਬੁਰਾ ਭਲਾ ਕਿਹਾ, ਇਥੋਂ ਤਕ ਕਿ ਉਸ ਨੇ ਸੰਤਾਂ ਦੇ ਮੂੰਹ ਤੇ ਥੱਪੜ ਮਾਰਿਆ। ਸੰਤ ਸਮ ਅਵਸਥਾ ਵਿਚ ਵਿਚਰਨ ਵਾਲੇ ਸਨ, ਆਪ ਨੇ ਕਿਹਾ ਕਿ ਮੁਗਲ ਜੀ ਮੈਨੂੰ ਅਕਲ ਘੱਟ ਹੀ ਹੈ, ਮੇਰੀ ਮਾਂ ਨੇ ਇਸੇ ਕਰਕੇ ਮੇਰਾ ਨਾਮ 'ਬੁੱਧੂ' ਰੱਖਿਆ ਹੈ। ਅੱਗੇ ਤੋਂ ਮੈਂ ਸਾਵਧਾਨੀ ਵਰਤਾਂਗਾ ਅਤੇ ਪ੍ਰਸ਼ਾਦੇ ਹੋਰ ਧਿਆਨ ਨਾਲ ਲਾਹਿਆ ਕਰਾਂਗਾ। ਤੁਸੀਂ ਹੋਰ ਪ੍ਰਸ਼ਾਦੇ ਛਕ ਲਵੋ, ਮੈਂ ਤਾਜੇ ਲਾਹ ਦਿੰਦਾ ਹਾਂ। ਪਰ ਉਹ ਫੇਰ ਭੀ ਨਾ ਮੰਨਿਆ ਅਤੇ ਉਥੋਂ ਚਲਾ ਗਿਆ। ਥੋੜ੍ਹੀ ਅਗੇ ਜਾ ਕੇ

ਘੋੜੇ ਤੋਂ ਡਿਗ ਪਿਆ ਤੇ ਲੱਤ ਟੁਟ ਗਈ। ਫਿਰ ਸੰਤ ਬੁੱਧੂ ਸ਼ਾਹ ਕੋਲ ਵਾਪਸ ਲਿਆਂਦਾ ਗਿਆ, ਉਹਨਾਂ ਨੇ ਹੀ ਉਸ ਸਿਪਾਹੀ ਦੀ ਸੇਵਾ ਕੀਤੀ, ਕਿਉਂਕਿ ਸੰਤ ਤਾਂ ਨਿਰਵੈਰ ਹੁੰਦੇ ਹਨ। ਉਹਨਾਂ ਨੂੰ ਆਪਣੇ ਤੇ ਬਿਗਾਨੇ ਵਿਚ ਕੋਈ ਫਰਕ ਨਹੀਂ ਲਗਦਾ। ਫਿਰ ਉਹ ਬਹੁਤ ਪਛਤਾਇਆ ਤੇ ਭੁੱਲ ਦੀ ਮੁਆਫੀ ਮੰਗਦਾ ਸ਼ਰਧਾਲੂ ਬਣ ਗਿਆ।

ਸੋ ਹੰਕਾਰੀ ਬਾਦਸ਼ਾਹ ਨੇ ਮਸਤ ਹਾਥੀ ਨੂੰ ਨਾਮਦੇਵ ਜੀ ਵੱਲ ਭੇਜ ਦਿਤਾ ਕਿ ਹੁਣ ਨਾਮਦੇਵ ਜੀ ਨੂੰ ਖਤਮ ਕਰ ਦੇਵੇਗਾ। ਪਰ ਜਦੋਂ ਹਾਥੀ ਕੋਲ ਗਿਆ, ਉਸਨੇ ਤਾਂ ਸੀਸ ਨਿਵਾ ਦਿਤਾ। ਨਾਮਦੇਵ ਜੀ ਨੂੰ ਕੁਝ ਨਾ ਕੀਤਾ, ਹੋਰ ਜਿਹੜਾ ਸਾਹਮਣੇ ਆਵੇ ਉਸ ਨੂੰ ਚੁਕ ਚੁਕ ਕੇ ਮਾਰੇ। ਹਾਥੀ ਵਾਪਸ ਬੁਲਾ ਲਿਆ। ਨਾਮਦੇਵ ਜੀ ਦੀ ਮਾਤਾ ਪ੍ਰਭੂ ਪਾਸ ਪ੍ਰਾਰਥਨਾ ਕਰ ਰਹੀ ਸੀ, ਹੇ ਬੀਠਲ! ਮੇਰੇ ਪੁਤਰ ਦੀ ਹੁਣ ਲਾਜ ਰੱਖ ਜਿਵੇਂ ਹਰਨਾਖਸ਼ ਤੋਂ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ। ਮੇਰਾ ਪੁਤਰ ਬਹੁਤ ਸੰਕਟ ਵਿਚ ਹੈ। ਜਦੋਂ ਉਸ ਨੇ ਵੇਖਿਆ ਕਿ ਹਾਥੀ ਨੇ ਕੁਝ ਨਹੀਂ ਕਿਹਾ ਤਾਂ ਉਸ ਨੂੰ ਮਾਤਰੀ ਪਿਆਰ ਨੇ ਬਿਹਬਲ ਕਰ ਦਿਤਾ। ਇਸ ਹੰਕਾਰੀ ਤੇ ਜ਼ਿੱਦੀ ਬਾਦਸ਼ਾਹ ਨੇ ਮੇਰੇ ਪੁੱਤਰ ਦੇ ਪ੍ਰਾਣ ਲੈਣੇ ਹਨ ਤਾਂ ਉਹ ਦੂਰ ਦੂਰ ਤਕ ਦਿਸ ਰਹੀ ਭੀੜ ਵਿਚ ਵਿਰਲਾਪ ਕਰਦੀ ਨਾਮਦੇਵ ਪਾਸ ਆ ਕੇ ਕਹਿਣ ਲੱਗੀ, ਪੁੱਤਰ! ਕਿਉਂ ਪ੍ਰਾਣ ਦਿੰਦਾ ਹੈਂ? ਆਪਣੇ ਪਰਿਵਾਰ, ਆਪਣੀ ਮਾਂ ਵਾਸਤੇ ਜਿਊਂਦਾ ਰਹਿ। ਸੰਸਾਰ ਦੇ ਭਲੇ ਵਾਸਤੇ ਆਪਣੇ ਪ੍ਰਾਣ ਬਚਾ ਲੈ। ਬਾਦਸ਼ਾਹ ਦਾ ਫੁਰਮਾਨ ਹੈ ਕਿ ਤੂੰ ਮੁਸਲਮਾਨ ਬਣ ਜਾ, ਤੇਰੇ ਪ੍ਰਾਣ ਬਚ ਜਾਣਗੇ। ਬੇਟਾ! ਤੂੰ ਤਾਂ ਰਾਮ ਤੇ ਖੁਦਾ ਦੇ ਨਾਮ ਵਿਚ ਕੋਈ ਫਰਕ ਨਹੀਂ ਸਮਝਦਾ, ਰਾਮ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ, ਖੁਦਾ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ; ਰਾਮ ਰਾਮ ਕਹਿਣਾ ਛੱਡ ਕੇ ਖੁਦਾ ਖੁਦਾ, ਅੱਲਾਹ-ਅੱਲਾਹ ਕਹਿਣ ਲਗ ਜਾ।

***ਧਾਰਨਾ - ਰਾਮ ਛੱਡ ਕੇ ਖੁਦਾ ਦਾ ਨਾਮ ਜਪ ਲੈ,***
***ਨਾਮੇ ਦੀ ਮਾਈ ਰੁਦਨ ਕਰੇ - 2, 2***
***ਮੇਰੇ ਪਿਆਰੇ, ਨਾਮੇ ਦੀ ਮਾਈ ਰੁਦਨ ਕਰੇ - 2***
***ਰਾਮ ਛੱਡ ਕੇ ਖੁਦਾ ਦਾ..........2***

***ਰੁਦਨੁ ਕਰੈ ਨਾਮੇ ਕੀ ਮਾਇ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ॥***
***ਪੰਨਾ - 1165***

ਨਾਮਦੇਵ ਜੀ ਆਪਣੀ ਮਾਤਾ ਨੂੰ ਕਹਿਣ ਲੱਗੇ, ਤੂੰ ਡਰ ਕੇ ਮੈਨੂੰ ਕਿਹੋ ਜਿਹਾ ਉਪਦੇਸ਼ ਦਿੰਦੀ ਹੈਂ? ਮਾਰਨਾ ਜਿਊਂਦੇ ਰਖਣਾ ਪ੍ਰਭੂ ਦੇ ਹੱਥ ਵਿਚ ਹੈ ਮੈਂ ਉਸ ਦਾ ਭਰੋਸਾ ਛੱਡ ਕੇ ਇਸਲਾਮ ਕਬੂਲ ਕਰ ਲਵਾਂ। ਮਾਤਾ ਤੂੰ ਕਮਜ਼ੋਰ ਮਾਂ ਹੈਂ। ਸਰੀਰ ਨੇ ਤਾਂ ਸਦਾ ਰਹਿਣਾ ਨਹੀਂ, ਇਥੇ ਹੀ ਛੱਡ

ਜਾਣਾ ਹੈ, ਧਰਮ ਨੇ ਨਾਲ ਜਾਣਾ ਹੈ। ਮਾਤਾ! ਮੇਰਾ ਅਸਲੀ ਸਰੂਪ ਆਤਮਾ ਹੈ ਜੋ ਨਾ ਤਲਵਾਰ ਨਾਲ ਕੱਟ ਹੁੰਦੀ ਹੈ, ਨਾ ਅੱਗ ਨਾਲ ਜਲਾਈ ਜਾ ਸਕਦੀ ਹੈ, ਨਾ ਹੀ ਪਾਣੀ ਵਿਚ ਡੁਬਦੀ ਹੈ। ਸਰੀਰ ਨਾਸ਼ਵਾਨ ਹੈ; ਮੈਂ ਸਰੀਰ ਨਹੀਂ ਹਾਂ, ਸਦਾ ਅਮਰ ਹਾਂ, ਸਤਿ ਚਿਤ ਅਨੰਦ ਮੇਰਾ ਰੂਪ ਹੈ। ਇਸ ਬਾਦਸ਼ਾਹ ਪਾਸ ਐਸੀ ਕੋਈ ਤਾਕਤ ਨਹੀਂ ਜੋ ਆਤਮਾ ਨੂੰ ਖੇਦ ਪਹੁੰਚਾ ਸਕੇ, ਜੇ ਤੂੰ ਮੈਨੂੰ ਅਜਿਹਾ ਕਮਜ਼ੋਰ ਉਪਦੇਸ਼ ਦੇਣਾ ਹੈ ਤਾਂ ਮਾਤਾ ਸੁਣ, ਮੈਂ ਤੇਰਾ ਪੁੱਤਰ ਨਹੀਂ ਅਤੇ ਨਾ ਹੀ ਤੂੰ ਮੇਰੀ ਮਾਂ ਹੈਂ। ਸਰੀਰ ਬਿਨਸਦਾ ਹੈ, ਪਿਆ ਬਿਨਸ ਜਾਵੇ ਪਰ ਮੈਂ ਆਖਰੀ ਸੁਆਸ ਤਕ ਆਪਣੇ ਪਿਆਰੇ ਪ੍ਰਭੂ ਦੇ ਗੁਣ ਗਾਉਣੇ ਹਨ। ਇਉਂ ਪੜ੍ਹ ਲਵੋ –

***ਧਾਰਨਾ – ਨਾ ਹਉਂ ਤੇਰਾ ਪੂੰਗੜਾ,***
***ਨਾ ਤੂੰ ਮੇਰੀ ਮਾਏ – 2, 2***
***ਨਾ ਤੂੰ ਮੇਰੀ ਮਾਇਆ, –2***
***ਨਾ ਹਉਂ ਤੇਰਾ ਪੂੰਗੜਾ,..........2***

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥***
***ਪਿੰਡੁ ਪੜੈ ਤਉ ਹਰਿ ਗੁਨ ਗਾਇ॥***
***ਪੰਨਾ – 1165***

ਬਾਦਸ਼ਾਹ ਸੋਚਦਾ ਹੈ ਕਿ ਇਸ ਹਿੰਦੂ ਨੇ ਮੇਰਾ ਮਾਣ ਭੰਗ ਕਰ ਦਿਤਾ ਹੈ। ਸਾਰੇ ਕਾਜ਼ੀ ਮੁੱਲਾਂ ਮੈਨੂੰ ਸਲਾਮਾਂ ਕਰਦੇ ਹਨ ਪਰ ਇਹਦੇ ਮਨ ਵਿਚ ਕੋਈ ਡਰ ਨਹੀਂ ਹੈ।

***ਕਾਜੀ ਮੁਲਾਂ ਕਰਹਿ ਸਲਾਮੁ॥***
***ਇਨਿ ਹਿੰਦੂ ਮੇਰਾ ਮਲਿਆ ਮਾਨੁ॥ ਪੰਨਾ – 1165***

ਸਿਆਣੇ ਸਿਆਣੇ ਬੰਦੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਬਾਦਸ਼ਾਹ ਨੂੰ ਗਲਤ ਫਹਿਮੀ ਹੋਈ ਹੋਈ ਹੈ, ਇਹ ਸਾਧੂਆਂ ਦੀ ਮਹਿਮਾ ਨੂੰ ਨਹੀਂ ਜਾਣਦਾ, ਉਨ੍ਹਾਂ ਦਾ ਕਿਹਾ ਤਾਂ ਪ੍ਰਭੂ ਭੀ ਮੰਨਦਾ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***
***ਪੰਨਾ – 186***

ਬਾਦਸ਼ਾਹ ਨੂੰ ਐਵੇਂ ਜ਼ਿੱਦ ਪਈ ਹੋਈ ਹੈ। ਅਸੀਂ ਬਾਦਸ਼ਾਹ ਨੂੰ ਸਮਝਾਵਾਂਗੇ ਕਿ ਕਾਨੂੰਨ ਵਿਚ ਇਕ ਐਸੀ ਧਾਰਾ ਹੈ ਕਿ ਜਿਸ ਨੂੰ ਸਜਾਏ ਮੌਤ ਦਿੱਤੀ ਜਾ ਰਹੀ ਹੋਵੇ ਅਤੇ ਉਸਦੇ ਭਾਰ ਦੇ ਬਰਾਬਰ ਕੋਈ ਓਨਾਂ ਹੀ ਸੋਨਾ ਦਾਨ ਦੇਵੇ ਤਾਂ ਉਸ ਦੀ ਜਾਨ ਬਖਸ਼ੀ ਹੋ ਜਾਂਦੀ ਹੈ। ਉਹ ਸਿਆਣੇ ਬਾਦਸ਼ਾਹ ਕੋਲ ਜਾ ਕੇ ਬੇਨਤੀ ਕਰਦੇ ਹਨ –

***ਧਾਰਨਾ – ਰਾਜਾ, ਨਾਮੇ ਦੇ ਬਰਾਬਰ ਸੋਨਾ ਲੈ ਲੈ,***

***ਜਾਨ ਬਖਸ਼ੀ ਕਰਦੇ ਏਸ ਦੀ -2, 2.***
***ਮੇਰੇ ਪਿਆਰੇ, ਜਾਨ ਬਖਸ਼ੀ ਕਰਦੇ ਏਸ ਦੀ - 2, 2.***
***ਰਾਜਾ ਨਾਮੇ ਦੇ ਬਰਾਬਰ ਸੋਨਾ ਲੈ ਲੈ.. -2.***

ਬਾਦਸ਼ਾਹ! ਬੇਨਤੀ ਸੁਣੋ -

***ਬਾਦਿਸਾਹ ਬੇਨਤੀ ਸੁਨੇਹੁ॥***
***ਨਾਮੇ ਸਰ ਭਰਿ ਸੋਨਾ ਲੇਹੁ॥ ਪੰਨਾ - 1165***

ਉਹ ਹੈਰਾਨ ਪਰੇਸ਼ਾਨ ਹੋ ਕੇ ਕਹਿ ਰਿਹਾ ਹੈ ਕਿ ਦੇਖੋ ਸਾਰਾ ਦੇਸ਼ ਮੈਨੂੰ ਸਲਾਮਾਂ ਕਰ ਰਿਹਾ ਹੈ ਪਰ ਇਸ ਨੂੰ ਮੇਰਾ ਕੋਈ ਡਰ ਹੀ ਨਹੀਂ, ਮੇਰਾ ਮਾਣ ਦਲ ਦਿਤਾ ਹੈ ਇਸ ਨੇ -

***ਕਾਜੀ ਮੁਲਾਂ ਕਰਹਿ ਸਲਾਮੁ॥***
***ਇਨਿ ਹਿੰਦੂ ਮੇਰਾ ਮਲਿਆ ਮਾਨੁ॥ ਪੰਨਾ - 1165***

ਦੇਖੋ ਇਕ ਬੰਦਾ ਮੇਰੇ ਕਾਬੂ ਨਹੀਂ ਆ ਰਿਹਾ, ਮੈਨੂੰ ਤਾਂ ਸਾਰੇ ਸਲਾਮਾਂ ਕਰਦੇ ਹਨ। ਇਹਨਾਂ ਸਿਆਣਿਆਂ ਬੰਦਿਆਂ ਨੇ ਬਾਦਸ਼ਾਹ ਨੂੰ ਫੇਰ ਕਿਹਾ, ਐ ਬਾਦਸ਼ਾਹ ਸਲਾਮਤ! ਬੇਨਤੀ ਸੁਣੋ, ਤੁਹਾਡੇ ਕਾਨੂੰਨ ਵਿਚ ਇਹ ਧਾਰਾ ਹੈ ਕਿ ਸਜ਼ਾਏ ਮੌਤ ਵਾਲੇ ਦੇ ਬਰਾਬਰ ਦਾ ਅਗਰ ਸੋਨਾ ਦਿਤਾ ਜਾਵੇ ਤਾਂ ਉਸਦਾ ਦੰਡ ਮਾਫ ਹੋ ਜਾਂਦਾ ਹੈ। ਬਾਦਸ਼ਾਹ ਕਹਿਣ ਲੱਗਾ ਕਿ ਮੈਂ ਹਜ਼ਾਰਾਂ ਮੀਲਾਂ ਦੇ ਦੇਸ਼ ਦਾ ਬਾਦਸ਼ਾਹ ਹਾਂ, ਮੇਰੇ ਖਜ਼ਾਨਿਆਂ ਵਿਚ ਸੋਨੇ ਦੇ ਅੰਬਾਰ ਲੱਗੇ ਪਏ ਹਨ। ਪਰ ਇਹ ਮਸਲਾ ਤਾਂ ਦੀਨ ਨਾਲ ਸਬੰਧ ਰਖਦਾ ਹੈ। ਇਸਨੇ ਮਰਿਆ ਬੰਦਾ ਜੀਊਂਦਾ ਕੀਤਾ ਹੈ, ਸਾਡੇ ਬੰਦੇ ਕਹਿੰਦੇ ਹਨ ਕਿ ਜੀਊਂਦਾ ਨਹੀਂ ਕੀਤਾ ਬਲਕਿ ਧੋਖਾ ਕੀਤਾ ਹੈ, ਇਹ ਤਾਂ ਮਸਲਾ ਦੀਨ ਦਾ ਹੈ। ਜੇਕਰ ਇਹਦੇ ਵਿਚ ਮੈਂ ਪੈਸੇ ਜਾਂ ਸੋਨਾ ਲਵਾਂ ਤਾਂ ਮੈਂ ਲਾਲਚੀ ਕਹਾਵਾਂਗਾ। ਫੇਰ ਮੈਨੂੰ ਦਰਗਾਹ ਵਿਚ ਜਾ ਕੇ ਸਜ਼ਾ ਮਿਲੇਗੀ।

***ਧਾਰਨਾ - ਦੋਜਕ ਨੂੰ ਜਾਊਂਗਾ,***
***ਸੋਨਾ ਜੇ ਲੈ ਲਿਆ ਮੈਂ ਤਾਂ -2, 2.***
***ਸੋਨਾ ਜੇ ਲੈ ਲਿਆ ਮੈਂ ਤਾਂ -2, 2.***
***ਦੋਜਕ ਨੂੰ ਜਾਊਂਗਾ, .................. -2.***

ਬਾਦਸ਼ਾਹ ਕਹਿਣ ਲੱਗਾ ਕਿ ਜੇਕਰ ਮਾਲ ਲੈ ਲਿਆ ਤਾਂ ਮੈਂ ਦੋਜ਼ਕ ਦੀ ਅੱਗ ਵਿਚ ਸੜਾਂਗਾ -

***ਮਾਲੁ ਲੇਉ ਤਉ ਦੋਜਕਿ ਪਰਉ॥***
***ਦੀਨੁ ਛੋਡਿ ਦੁਨੀਆ ਕਉ ਭਰਉ॥ ਪੰਨਾ - 1165***

ਦੀਨ ਦਾ ਮਾਮਲਾ ਹੈ, ਨਾਮਦੇਵ ਮੇਰੀ ਗਾਂ ਹੀ ਜੀਊਂਦੀ ਕਰੇ।

ਉਸ ਵੇਲੇ ਬਾਦਸ਼ਾਹ ਨੇ ਕਿਹਾ, ਸੁਣ ਨਾਮਦੇਵ! ਅਸੀਂ ਤੈਨੂੰ ਸਿਰਫ

ਇਕ ਪਹਿਰ ਦੀ ਮੋਹਲਤ ਦਿੰਦੇ ਹਾਂ। ਜਦੋਂ ਪਹਿਰ ਪੂਰਾ ਹੋ ਜਾਵੇਗਾ ਉਸ ਵੇਲੇ ਉਧਰੋਂ ਘੰਟਾ ਵਜੇਗਾ ਤੇ ਤੇਰੀ ਗਰਦਨ ਕੱਟ ਕੇ ਧਰਤੀ ਤੇ ਗਿਰ ਜਾਵੇਗੀ। ਸੋ ਨਾਮਦੇਵ! ਜੇ ਤੂੰ ਬ੍ਰਾਹਮਣ ਦਾ ਬੱਚਾ ਜੀਊਂਦਾ ਕੀਤਾ ਹੈ ਤਾਂ ਇਸ ਗਾਂ ਨੂੰ ਵੀ ਜੀਊਂਦੀ ਕਰ, ਨਹੀਂ ਤਾਂ ਮਰਨ ਵਾਸਤੇ ਤਿਆਰ ਹੋ ਜਾ। ਉਸ ਵੇਲੇ ਸਾਰੇ ਲੋਕ ਹੈਰਾਨ ਹੋਈ ਜਾ ਰਹੇ ਹਨ। ਬਾਦਸ਼ਾਹ ਜ਼ਿੱਦ ਪਿਆ ਹੋਇਆ ਹੈ, ਸੰਤ ਬਹੁਤ ਉਚੇ ਹਨ ਸੋ ਸਾਰੇ ਸੋਚ ਰਹੇ ਹਨ ਕਿ ਪਰਮੇਸ਼ਰ ਨੇ ਆ ਹੀ ਜਾਣਾ ਹੈ। ਕਈ ਕਹਿੰਦੇ ਜਾ ਰਹੇ ਹਨ ਕਿ ਪਰਮੇਸ਼ਰ ਪਹਿਲਾਂ ਤਾਂ ਆਉਂਦੇ ਸੀ ਪਰ ਜਦੋਂ ਤੋਂ ਇਸਲਾਮ ਵਾਲੇ ਆਏ ਹਨ ਉਦੋਂ ਤੋਂ ਪਰਮੇਸ਼ਰ ਨੇ ਆਉਣਾ ਹੀ ਬੰਦ ਕਰ ਦਿਤਾ ਹੈ, ਸੋ ਹੁਣ ਪਰਮੇਸ਼ਰ ਕਿਸੇ ਦੀ ਮਦਦ ਨਹੀਂ ਕਰਦਾ, ਦੁਨੀਆਂ ਦੁਚਿਤੀ ਹੋਈ ਖੜ੍ਹੀ ਹੈ। ਉਧਰੋਂ ਨਾਮਦੇਵ ਜੀ ਦੇ ਹੱਥਾਂ ਤੇ ਪੈਰਾਂ ਵਿਚ ਜੋ ਬੇੜੀਆਂ ਸਨ, ਉਹ ਉਨ੍ਹਾਂ ਦੇ ਸਾਜ਼ ਵਜਾ ਕੇ ਇਸ ਤਰ੍ਹਾਂ ਪਰਮੇਸ਼ਰ ਦੀ ਯਾਦ ਵਿਚ ਲੀਨ ਹੋ ਗਏ –

***ਧਾਰਨਾ – ਗਾਵੇ ਗੁਨ ਗੋਪਾਲ,***
***ਨਾਮਾ ਗਾਵੈ, ਨਾਮਾ ਗਾਵੈ –2, 4.***

***ਪਾਵਹੁ ਬੇੜੀ ਹਾਥਹੁ ਤਾਲ॥***
***ਨਾਮਾ ਗਾਵੈ ਗੁਨ ਗੋਪਾਲ॥***

***ਪੰਨਾ – 1166***

ਨਾਮਦੇਵ ਜੀ ਬੇਪਰਵਾਹ ਹੋ ਕੇ ਵਾਹਿਗੁਰੂ ਜੀ ਦੇ ਗੁਣ ਗਾ ਰਹੇ ਹਨ। ਨਾ ਕੋਈ ਫੁਰਨਾ ਹੈ, ਨਾ ਕੋਈ ਚਿੰਤਾ ਹੈ, ਬਸ ਇਹੀ ਖਿਆਲ ਹੈ ਕਿ ਜੋ ਮੇਰੇ ਪ੍ਰਭੂ ਨੂੰ ਭਾਉਂਦਾ ਹੈ, ਓਹੀ ਠੀਕ ਹੈ, ਰਜ਼ਾਅ ਵਿਚ ਰਾਜ਼ੀ ਹਨ। ਕੋਈ ਸ਼ਕਤੀ ਦਿਖਾਉਣ ਵਾਸਤੇ ਕੋਈ ਫੁਰਨਾ ਨਹੀਂ ਬਣਦਾ। ਬਸ ਏਹੋ ਗੁਣ ਗਾ ਰਹੇ ਹਨ।

***ਪਾਵਹੁ ਬੇੜੀ ਹਾਥਹੁ ਤਾਲ॥***
***ਨਾਮਾ ਗਾਵੈ ਗੁਨ ਗੋਪਾਲ॥***
***ਗੰਗ ਜਮੁਨ ਜਉ ਉਲਟੀ ਬਹੈ॥***
***ਤਉ ਨਾਮਾ ਹਰਿ ਕਰਤਾ ਰਹੈ॥***

***ਪੰਨਾ – 1166***

ਜੇਕਰ ਗੰਗਾ ਜਮਨਾ ਉਲਟੀ ਵਹਿ ਕੇ ਕੈਲਾਸ਼ ਪਰਬਤ ਵੱਲ ਚਲ ਪਵੇ, ਮੈਂ ਤਾਂ ਵੀ ਪਰਮੇਸ਼ਰ ਦੇ ਗੁਣ ਗਾਉਣ ਤੋਂ ਨਹੀਂ ਹਟਣਾ। ਇਸ ਤਰ੍ਹਾਂ ਕਰਦੇ ਥੋੜ੍ਹੀ ਦੇਰ ਬਾਅਦ ਸਾਢੇ ਚੌਵੀ ਮਿੰਟ ਬੀਤ ਜਾਂਦੇ ਹਨ। ਘੜਿਆਲ ਤੇ ਘੰਟੀ ਵੱਜ ਗਈ, ਸਾਰੇ ਗਿਣ ਰਹੇ ਹਨ, ਸੱਤ ਘੜੀਆਂ ਬੀਤ ਗਈਆਂ, ਅੱਧੀ ਘੜੀ ਬਾਕੀ ਰਹਿ ਗਈ, ਉਸ ਵੇਲੇ ਸਾਰਿਆਂ ਦਿਲਾਂ ਵਿਚ ਘਬਰਾਹਟ ਹੋ ਗਈ ਕਿ ਹੁਣ ਕੀ ਹੋਵੇਗਾ। ਅਜੇ ਤਕ ਵੀ ਕੋਈ ਗੱਲ ਨਹੀਂ ਹੋਈ। ਪ੍ਰਮੇਸ਼ਰ ਤਾਂ ਨਾਮਦੇਵ ਦੀ ਰੱਖਿਆ ਕਰਨ ਆਇਆ ਹੀ ਨਹੀਂ।

*ਧਾਰਨਾ - ਤਿੰਨਾਂ ਲੋਕਾਂ ਦਾ ਪਤੀ ਨਾ ਅਜੇ ਬਹੁੜਿਆ,*
*ਸੱਤ ਘੜੀਆਂ ਬੀਤ ਚੁਕੀਆਂ -2, 2.*
*ਮੇਰੇ ਪਿਆਰੇ,*
*ਸੱਤ ਘੜੀਆਂ ਬੀਤ ਚੁਕੀਆਂ -2, 2.*
*ਤਿੰਨਾ ਲੋਕਾਂ ਦਾ ਪਤੀ ਨਾ*
*ਅਜੇ ਬਹੁੜਿਆ... -2.*

***ਸਾਤ ਘੜੀ ਜਬ ਬੀਤੀ ਸੁਣੀ॥***
***ਅਜਹੁ ਨ ਆਇਓ ਤ੍ਰਿਭਵਣ ਧਣੀ॥***

***ਪੰਨਾ - 1166***

ਸਾਰਿਆਂ ਦੇ ਦਿਲਾਂ ਵਿਚ ਹੌਲ ਪੈ ਗਿਆ ਕਿ ਹੁਣ ਤਾਂ ਕੇਵਲ ਅੱਧੀ ਘੜੀ ਬਾਕੀ ਰਹਿੰਦੀ ਹੈ। ਜੇਕਰ ਰੱਬ ਸੱਤ ਘੜੀਆਂ ਵਿਚ ਨਹੀਂ ਆਇਆ ਤੇ ਹੁਣ ਕਿਥੇ ਆ ਜਾਊ? ਸਾਰਿਆਂ ਦੇ ਦਿਲਾਂ ਵਿਚ ਅਰਦਾਸ ਚਲਦੀ ਹੈ, ਹੇ ਪ੍ਰਭੂ! ਤੂੰ ਆਪਣੇ ਭਗਤ ਦੀ ਲਾਜ ਰਖ ਲੈ। ਜੇਕਰ ਐਸ ਵੇਲੇ ਆਪਣੇ ਭਗਤ ਦੀ ਲਾਜ ਨਾ ਰਖੀ ਤਾਂ ਦੁਨੀਆ ਦਾ ਵਿਸ਼ਵਾਸ ਉਠ ਜਾਵੇਗਾ। ਹੁਣ ਤੂੰ ਆ ਕੇ ਆਪਣੇ ਭਗਤ ਦੀ ਰਾਖੀ ਕਰ, ਬਾਰ ਬਾਰ ਸਾਰੇ ਬੇਨਤੀ ਕਰ ਰਹੇ ਹਨ। ਜਦੋਂ ਪੰਦਰਾਂ ਮਿੰਟ ਹੋਰ ਲੰਘ ਗਏ ਤਾਂ ਸਾਰਿਆਂ ਨੇ ਕੀ ਦੇਖਿਆ ਕਿ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ ਤੇ ਦੋਨੋਂ ਹੱਥ ਜੋੜ ਲਏ, ਨਮਸ਼ਕਾਰ ਕਰ ਰਹੇ ਹਨ। ਲੋਕ ਅੰਦਾਜ਼ੇ ਲਾ ਰਹੇ ਹਨ ਕਿ ਕੀ ਹੋਇਆ ਹੋਣਾ ਹੈ ਜੋ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ, ਤੇ ਮੱਥਾ ਟੇਕ ਰਹੇ ਹਨ। ਕਈਆਂ ਨੇ ਸੋਚਿਆ ਕਿ ਹੁਣ ਅੰਤ ਸਮਾਂ ਆ ਗਿਆ ਹੋਵੇਗਾ। ਹੁਣ ਕੇਵਲ ਸੱਤ ਅੱਠ ਮਿੰਟ ਹੋਰ ਰਹਿ ਗਏ।

ਇਸ ਤੋਂ ਬਾਅਦ ਹੁਣ ਜਲਾਦ ਨਾਮਦੇਵ ਜੀ ਦਾ ਸਿਰ ਕੱਟਣ ਦੀ ਤਿਆਰੀ ਕਰਨ ਲੱਗ ਪਿਆ। ਜਿਸ ਵੇਲੇ ਨਾਮਦੇਵ ਜੀ ਨੇ ਮੱਥਾ ਟੇਕਿਆ ਸੀ, ਉਸ ਵੇਲੇ ਪਰਮੇਸ਼ਰ ਸਰਗੁਨ ਸਰੂਪ ਵਿਚ ਆ ਗਏ। ਮੈਂ ਪਹਿਲਾਂ ਵੀ ਦਸਿਆ ਹੈ ਕਿ ਵਾਹਿਗੁਰੂ ਦਾ ਕੋਈ ਰੂਪ ਨਹੀਂ ਹੈ, ਇਹ ਕੇਵਲ ਤੁਹਾਡੀ ਭਾਵਨਾ ਹੈ, ਜਿਸ ਰੂਪ ਵਿਚ ਪਰਮੇਸ਼ਰ ਨੂੰ ਦੇਖਣਾ ਚਾਹੋ, ਉਸ ਸਰੂਪ ਵਿਚ ਦਰਸ਼ਨ ਹੋਣਗੇ। ਜੇ ਗੁਰੂ ਨਾਨਕ ਨੂੰ ਦੇਖਣਾ ਚਾਹੋ ਜਾਂ ਦਸਵੇਂ ਪਾਤਸ਼ਾਹ ਨੂੰ ਦੇਖਣਾ ਚਾਹੋ, ਉਹੋ ਜਿਹੇ ਹੀ ਦਰਸ਼ਨ ਹੋਣਗੇ। ਕਿਸੇ ਮਹਾਤਮਾ ਦੇ ਰੂਪ ਵਿਚ ਦੇਖਣਾ ਚਾਹੋ ਤਾਂ ਉਸ ਤਰ੍ਹਾਂ ਹੀ ਦਰਸ਼ਨ ਹੋਣਗੇ, ਜੇ ਕਿਸੇ ਦੇਵਤਾ ਦੇ ਰੂਪ ਵਿਚ ਚਾਹੋ ਤਾਂ ਵੀ ਉਸੇ ਤਰ੍ਹਾਂ ਹੀ ਦਰਸ਼ਨ ਹੋਣਗੇ। ਆਮ ਤੌਰ ਤੇ ਸੋਚਦੇ ਹਨ ਕਿ ਚਾਰ ਬਾਹਾਂ ਵਾਲਾ ਹੋਵੇਗਾ, ਹੱਥ ਵਿਚ ਸੰਖ ਹੈ, ਗਦਾ ਹੈ, ਫੁਲ ਹੈ, ਵਾਹਿਗੁਰੂ ਐਸੇ ਕਿਸਮ ਦਾ ਹੋਵੇਗਾ। ਸਾਰੇ ਰੂਪ ਵਾਹਿਗੁਰੂ ਜੀ ਦੇ ਹੀ ਹਨ ਜਿਸ ਰੂਪ ਤੇ ਭਾਵਨਾ ਲੈ ਆਓ, ਉਹ ਉਸੇ ਰੂਪ ਵਿਚ ਸਾਕਾਰ ਹੋ ਕੇ ਦਰਸ਼ਨ ਦਿੰਦਾ ਹੈ। ਜਿਸ ਵੇਲੇ ਇਹ ਟਾਈਮ ਲੰਘਿਆ ਉਸ ਵੇਲੇ -

*ਪਾਖੰਤਣ ਬਾਜ ਬਜਾਇਲਾ॥*
*ਗਰੁੜ ਚੜੇ ਗੋਬਿੰਦ ਆਇਲਾ॥*
*ਅਪਨੇ ਭਗਤ ਪਰਿ ਕੀ ਪ੍ਰਤਿਪਾਲ॥*
*ਗਰੁੜ ਚੜੇ ਆਏ ਗੋਪਾਲ॥* *ਪੰਨਾ - 1166*

ਗਰੁੜ ਤੇ ਚੜ੍ਹੇ ਹੋਏ ਪਰਮੇਸ਼ਰ ਇਕ ਦਮ ਆ ਗਏ, ਬਾਕੀਆਂ ਨੂੰ ਤਾਂ ਨਜ਼ਰ ਨਹੀਂ ਆ ਰਹੇ। ਕਿੰਨੇ ਉਚੇ ਭਾਗ ਹਨ ਜਿਸ ਨੂੰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਸਭ ਨੇ ਅੰਦਾਜ਼ਾ ਲਾ ਲਿਆ ਕਿ ਜ਼ਰੂਰ ਕੁਝ ਹੋਇਆ ਹੈ ਕਿਉਂਕਿ ਨਾਮਦੇਵ ਜੀ ਕਿਸੇ ਅੱਗੇ ਬਾਰ ਬਾਰ ਮੱਥੇ ਟੇਕੀ ਜਾਂਦੇ ਹਨ।

ਉਸ ਵੇਲੇ ਪ੍ਰਭੂ ਨੇ ਨਾਮਦੇਵ ਜੀ ਨੂੰ ਕਿਹਾ ਕਿ ਇਸ ਬਾਦਸ਼ਾਹ ਨੇ ਤੈਨੂੰ ਬਹੁਤ ਦੁਖੀ ਕੀਤਾ ਹੈ। ਮੈਨੂੰ ਦੱਸ, ਜੇ ਤੂੰ ਕਹੇਂ ਤਾਂ ਮੈਂ ਧਰਤੀ ਉਲਟਾ ਦਿੰਦਾ ਹਾਂ, ਜੇ ਤੂੰ ਕਹੇਂ ਮੈਂ ਸਾਰੀ ਧਰਤੀ ਚੁਕ ਕੇ ਇਸ ਦੇ ਸਿਰ ਤੇ ਰੱਖ ਦਿੰਦਾ ਹਾਂ, ਜੇ ਤੇਰੀ ਮੌਜ ਹੈ ਤਾਂ ਮੈਂ ਮਰੀ ਹੋਈ ਗਊ ਜੀਊਂਦੀ ਕਰ ਦਿੰਦਾ ਹਾਂ, ਨਾਲੇ ਦੇਖ ਲੈਣਗੇ, ਪਰਤਿਆਵਾਂ ਦੇਖ ਲੈਣਗੇ।

*ਧਾਰਨਾ - ਧਰਤੀ ਉਲਟਾ ਦਿਆਂ ,*
*ਆਖੇਂ ਜੇ ਨਾਮਿਆ ਮੈਨੂੰ - 2, 2.*
*ਆਖੇਂ ਜੇ ਨਾਮਿਆ ਮੈਨੂੰ - 2, 2.*
*ਧਰਤੀ ਉਲਟਾ ਦਿਆਂ ................ -2.*

*ਕਹਹਿ ਤ ਧਰਣਿ ਇਕੋਡੀ ਕਰਉ॥*
*ਕਹਿਹ ਤ ਲੇ ਕਰਿ ਊਪਰਿ ਧਰਉ॥*
*ਕਹਹਿ ਤ ਮੁਈ ਗਊ ਦੇਉ ਜੀਆਇ॥*
*ਸਭੁ ਕੋਈ ਦੇਖੈ ਪਤੀਆਇ॥*
*ਪੰਨਾ - 1166*

ਨਾਮਦੇਵ ਜੀ ਕਹਿਣ ਲਗੇ ਕਿ ਹੇ ਪ੍ਰਭੂ! ਮਾਇਆ ਦੇ ਅਸਰ ਕਰਕੇ ਇਹ ਸਭ ਲੋਕ ਭੁਲੇ ਹੋਏ ਹਨ। ਜੇ ਧਰਤੀ ਉਲਟਾ ਦਿਤੀ ਤਾਂ ਸਾਰੇ ਦੁਖੀ ਹੋਣਗੇ। ਜੇ ਭੁਚਾਲ ਆ ਗਿਆ ਤਾਂ ਮਕਾਨ ਗਿਰ ਜਾਣਗੇ। ਉਚੇ ਥਾਵਾਂ ਤੇ ਸਮੁੰਦਰ ਚੜ੍ਹ ਜਾਵੇਗਾ। ਸਮੁੰਦਰਾਂ ਵਿਚ ਸੁੱਕਾ ਥਾਂ ਆ ਜਾਏਗਾ। ਸਾਰੀ ਅਬਾਦੀ ਮਾਰੀ ਜਾਵੇਗੀ। ਇਹ ਬਾਦਸ਼ਾਹ ਵੀ ਭੁਲਿਆ ਹੋਇਆ ਹੈ। ਤੁਸੀਂ ਗਊ ਜੀਊਂਦੀ ਕਰ ਦਿਓ, ਸਾਰਾ ਝਗੜਾ ਹੀ ਗਊ ਦਾ ਹੈ, ਜੀਊਂਦੀ ਕਰ ਦਿਓ। ਪਰਮੇਸ਼ਰ ਨੇ ਕਿਹਾ, ਜਾਹ ਇਹਨਾਂ ਨੂੰ ਕਹਿ, ਬਛੜਾ ਛੱਡ ਦੇਣ। ਬਛੜਾ ਛੱਡ ਦਿਤਾ, ਨਾਮਦੇਵ ਜੀ ਨੇ ਛਿਟਾ ਮਾਰਿਆ ਤੇ ਗਊ ਖੜ੍ਹੀ ਹੋ ਗਈ, ਕਿਧਰੇ ਖ਼ੂਨ ਗਿਆ, ਅੰਤੜੀਆਂ ਜੋ ਬਾਹਰ ਨਿਕਲੀਆਂ ਹੋਈਆਂ ਸਨ ਉਹ ਅੰਦਰ ਆ ਗਈਆਂ, ਬਛੜਾ ਛੱਡ ਕੇ ਗਊ ਚੋ ਕੇ ਮਟਕੀ ਦੁੱਧ ਦੀ ਭਰ ਦਿਤੀ।

*ਨਾਮਾ ਪ੍ਰਣਵੈ ਸੇਲ ਮਸੇਲ॥*
*ਗਊ ਦੁਹਾਈ ਬਛਰਾ ਮੇਲਿ॥*
*ਦੂਧਹਿ ਦੁਹਿ ਜਬ ਮਟੁਕੀ ਭਰੀ॥*
*ਲੇ ਬਾਦਿਸਾਹ ਕੇ ਆਗੇ ਧਰੀ॥*
*ਪੰਨਾ - 1166*

ਲਿਆ ਕੇ ਬਾਦਸ਼ਾਹ ਦੇ ਅੱਗੇ ਰੱਖ ਦਿਤੀ, ਬਾਦਸ਼ਾਹ ਬੜਾ ਸ਼ਰਮਿੰਦਾ ਹੋਇਆ, ਕਾਜੀ ਮੁਲਾਂ ਸਭ ਬੜੇ ਸ਼ਰਮਿੰਦੇ ਹੋਏ ਜਿਹੜੇ ਕਹਿੰਦੇ ਸੀ ਕਿ ਧੋਖਾ ਕੀਤਾ, ਹੁਣ ਉਹਨਾਂ ਨੂੰ ਕੋਈ ਜਵਾਬ ਨਹੀਂ ਆਉਂਦਾ।

ਸੋ ਬਾਦਸ਼ਾਹ ਉਠ ਕੇ ਆਪਣੇ ਮਹਿਲਾਂ ਵਿਚ ਚਲਾ ਗਿਆ ਪਰ ਅਜੇ ਵੀ ਮਾਫੀ ਨਹੀਂ ਮੰਗੀ, ਐਨਾ ਹੰਕਾਰਿਆ ਹੋਇਆ ਬੰਦਾ ਸੀ। ਪਰਤੱਖ ਦੇਖ ਲਿਆ ਕਿ ਪਰਮੇਸ਼ਰ ਆ ਗਿਆ, ਅੱਲਾ ਤਾਲਾ ਆ ਗਿਆ, ਗਊ ਜੀਊਂਦੀ ਕਰ ਦਿਤੀ, ਦੱਧ ਚੋ ਲਿਆ, ਮਟਕੀ ਲਿਆ ਕੇ ਮੇਰੇ ਅੱਗੇ ਵੀ ਰੱਖ ਦਿਤੀ, ਮੈਂ ਦੇਖ ਵੀ ਰਿਹਾ ਹਾਂ ਕਿ ਗਊ ਖੜ੍ਹੀ ਜੁਗਾਲੀ ਵੀ ਕਰ ਰਹੀ ਹੈ, ਹੁਣ ਤਾਂ ਮੈਂ ਮਾਫੀ ਮੰਗ ਲਵਾਂ। ਮਾਫੀ ਨਹੀਂ ਮੰਗੀ, ਐਡਾ ਹੰਕਾਰ। ਜਿਹੜੇ ਭਗਤਾਂ ਨੂੰ ਤੰਗ ਕਰਦੇ ਹਨ ਉਹਨਾਂ ਨੂੰ ਕਦੀ ਵੀ ਸੁਖ ਨਹੀਂ ਮਿਲਦਾ।

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ -2, 2.*
*ਸੰਤਾਂ ਨਾਲ ਖਹੰਦੇ ਮੁਗਧ ਨਰ -2, 2.*
*ਸੁਖ ਕਦੇ ਨਾ ਪਾਉਂਦੇ ਜੀ ,..... -2.*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥ ਪੰਨਾ - 306*

ਬਾਦਸ਼ਾਹ ਜਾ ਕੇ ਅਜੇ ਆਪਣੇ ਮਹਿਲ ਵਿਚ ਬੈਠਾ ਹੀ ਸੀ ਕਿ ਚੀਕਾਂ ਮਾਰਨ ਲੱਗ ਪਿਆ, ਪੇਟ ਵਿਚ ਸਖਤ ਦਰਦ ਉਠਿਆ, ਨਾ ਕੋਈ ਦਵਾਈ ਲਗ ਰਹੀ ਹੈ, ਨਾ ਕੋਈ ਹਕੀਮ ਕੁਝ ਕਰ ਰਹੇ ਹਨ। ਤਰਲੇ ਕਰ ਰਿਹਾ ਹੈ ਕਿ ਮੈਨੂੰ ਬਚਾਓ, ਮੈਨੂੰ ਬਚਾਓ, ਮੈਂ ਮਰ ਗਿਆ, ਮੇਰਾ ਅੰਤ ਸਮਾਂ ਆ ਗਿਆ ਲਗਦਾ ਹੈ। ਇਕ ਸਿਆਣੇ ਨੇ ਕਿਹਾ ਕਿ ਬਾਦਸ਼ਾਹ ਦੇਖੋ! ਨਾਮਦੇਵ ਜੀ ਹੈ ਤਾਂ ਭਗਤ, ਭਾਵੇਂ ਹਿੰਦੂ ਹੈ; ਜੇ ਕਿਸੇ ਭਗਤ ਨੂੰ ਤੰਗ ਕਰੋ ਤਾਂ ਪਰਮੇਸ਼ਰ ਨਾਰਾਜ਼ ਹੋ ਜਾਂਦਾ ਹੈ, ਉਹ ਦੁਖੀ ਹੋ ਜਾਂਦਾ ਹੈ, ਫਿਰ ਦੁਖਿਆ ਹੋਇਆ ਸਜ਼ਾ ਦੇ ਦਿੰਦਾ ਹੈ। ਤੁਸੀਂ ਜਾ ਕੇ ਭਗਤ ਨਾਮਦੇਵ ਜੀ ਦੇ ਚਰਨ ਫੜ ਲਓ, ਹੋਰ ਕੋਈ ਇਲਾਜ ਨਹੀਂ ਹੈ। ਉਸ ਵੇਲੇ ਕਾਜੀ ਮੁਲਾਂ ਇਕੱਠੇ ਕੀਤੇ ਤੇ ਬਾਦਸ਼ਾਹ ਨੇ ਕਿਹਾ ਕਿ ਦੇਖੋ, ਤੁਸੀਂ ਮੇਰੀ ਇਕ ਸੰਤ ਨਾਲ ਲੜਾਈ ਕਰਾਈ ਹੈ ਤੁਸੀਂ ਕਸੂਰਵਾਰ ਹੋ, ਹੁਣ ਇੰਜ ਕਰੋ ਕਿ ਮੇਰੇ ਵਲੋਂ ਗਲ ਵਿਚ ਪੱਲਾ ਪਾਓ ਤੇ ਮੂੰਹ ਵਿਚ ਫੜੋ ਘਾਹ, ਤੇ ਨਾਮਦੇਵ ਜੀ ਕੋਲ ਜਾਓ ਤੇ ਉਸ ਨੂੰ ਜਾ ਕੇ ਕਹੋ ਕਿ ਮੈਨੂੰ ਬਖਸ਼ ਦੇਵੇ, ਮੈਨੂੰ ਕਾਲੀ ਗਊ ਜਾਣ ਕੇ ਬਚਾ ਲਵੇ-

*ਕਾਜੀ ਮੁਲਾਂ ਬਿਨਤੀ ਫੁਰਮਾਇ॥*
*ਬਖਸੀ ਹਿੰਦੂ ਮੈ ਤੇਰੀ ਗਾਇ॥*
*ਪੰਨਾ - 1166*

ਸੋ ਕਾਜ਼ੀ ਮੁੱਲਾਂ ਜਾ ਕੇ ਬੇਨਤੀਆਂ ਕਰਦੇ ਹਨ ਤੂੰ ਬਖਸ਼ ਦੇ ਬਾਦਸ਼ਾਹ, ਤੇਰੀ ਕਾਲੀ ਗਊ ਹਾਂ। ਉਸ ਵੇਲੇ ਨਾਮਦੇਵ ਜੀ ਨੇ ਕਿਹਾ -

*ਨਾਮਾ ਕਹੈ ਸੁਨਹੁ ਬਾਦਿਸਾਹ॥*
*ਇਹੁ ਕਿਛੁ ਪਤੀਆ ਮੁਝੈ ਦਿਖਾਇ॥ ਪੰਨਾ - 1166*

ਪਰਮੇਸ਼ਰ ਨੇ ਬਖਸ਼ ਤਾਂ ਦੇਣਾ ਹੈ ਤੈਨੂੰ ਪਰ ਤੂੰ ਆਪਣੇ ਆਪ ਨੂੰ ਬਦਲ, ਉਹ ਇਹ ਹੈ ਕਿ ਤੂੰ ਸੱਚ ਦਾ ਰਾਜ ਕਰ, ਸਾਰਿਆਂ ਨੂੰ ਇਕੋ ਜਿਹਾ ਸਮਝ, ਹਿੰਦੂਆਂ ਤੇ ਮੁਸਲਮਾਨਾਂ ਵਿਚ ਵਿਤਕਰਾ ਨਾ ਪੈਦਾ ਕਰ।

*ਇਸ ਪਤੀਆ ਕਾ ਇਹੈ ਪਰਵਾਨੁ॥*
*ਸਾਚਿ ਸੀਲਿ ਚਾਲਹੁ ਸੁਲਿਤਾਨ॥*
*ਪੰਨਾ - 1166*

*ਧਾਰਨਾ - ਜੈ ਜੈ ਕਾਰ ਭਗਤ ਦੀ ਹੋਵੇ,*
*ਨਿੰਦਕਾਂ ਦੀ ਹਾਰ ਹੋ ਗਈ - 2, 2*
*ਮੇਰੇ ਪਿਆਰੇ, ਨਿੰਦਕਾਂ ਦੀ ਹਾਰ ਹੋ ਗਈ -2*
*ਜੈ ਜੈ ਕਾਰ ਭਗਤ ਦੀ ਹੋਵੇ,...........2*

ਸਾਰੇ ਸੋਚ ਰਹੇ ਸਨ ਕਿ ਜੇ ਗਊ ਹੁਣ ਜਿਉਂਦੀ ਨਾ ਹੋਈ ਤਾਂ ਵਿਸ਼ਵਾਸ਼ ਉਠ ਜਾਵੇਗਾ ਕਿ ਕਲਜੁਗ ਵਿਚ ਪ੍ਰਮੇਸ਼ਰ ਨਹੀਂ ਆਉਂਦਾ। ਐਸੇ ਖਿਆਲ ਆ ਰਹੇ ਸਨ ਸਭਨਾਂ ਦਰਸ਼ਕਾਂ ਦੇ ਮਨ ਵਿਚ।

ਨਾਮਦੇਵ ਜੀ ਤਾਂ ਪ੍ਰਭੂ ਦਾ ਹੀ ਰੂਪ ਹਨ, ਕੋਈ ਭੇਦ ਨਹੀਂ।

*ਧਾਰਨਾ - ਭੇਦ ਕੋਈ ਜਾਣੋ ਨਾ,*
*ਨਾਰਾਇਣ ਤੇ ਨਾਮਦੇਵ ਵਿਚ - 2, 2*
*ਨਾਰਾਇਣ ਤੇ ਨਾਮਦੇਵ ਵਿਚ - 2, 2*
*ਭੇਦ ਕੋਈ ਜਾਣੋ ਨਾ,.........2*

*ਨਾਮੇ ਕੀ ਕੀਰਤਿ ਰਹੀ ਸੰਸਾਰਿ॥*
*ਭਗਤ ਜਨਾਂ ਲੇ ਉਧਰਿਆ ਪਾਰਿ॥*
*ਸਗਲ ਕਲੇਸ ਨਿੰਦਕ ਭਇਆ ਖੇਦੁ॥*
*ਨਾਮੇ ਨਾਰਾਇਨ ਨਾਹੀ ਭੇਦੁ॥*
*ਪੰਨਾ - 1166*

ਸੋ ਇਸ ਤਰ੍ਹਾਂ ਵਾਹਿਗੁਰੂ ਆਪਣੇ ਭਗਤ ਦੀ ਰਾਖੀ ਕਰਦਾ ਹੈ।

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*

***ਪੰਨਾ - 612***

ਸੋ ਮੈਂ ਬੇਨਤੀ ਕਰਦਾ ਸੀ ਕਿ ਧਨ ਕਮਾਓ, ਬਾਲ ਬੱਚੇ ਪਾਲੋ ਪਰ ਇਕ ਗੱਲ ਯਾਦ ਰੱਖੋ ਕਿ ਜਿਹੜਾ ਕਦਮ ਤੁਸੀਂ ਪੁਟਦੇ ਹੋ, ਉਹ ਵਾਹਿਗੁਰੂ ਵਿਚ ਹੈ; ਸੌਂਦੇ ਵੀ ਹੋ, ਉਠਦੇ ਬੈਠਦੇ ਵੀ ਹੋ, ਵਾਹਿਗੁਰੂ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ। ਜਦੋਂ ਕੋਈ ਚੀਜ਼ ਦੇਖਦੇ ਹੋ ਉਸਦੇ ਪਿਛਲੇ ਪਾਸੇ ਵਾਹਿਗੁਰੂ ਨੂੰ ਦੇਖੋ, ਜਦੋਂ ਨਾਮ ਜਪਦੇ ਹੋ ਤਾਂ ਪ੍ਰਕਿਰਤੀ ਦੇ ਪਿਛਲੇ ਪਾਸੇ ਵਾਹਿਗੁਰੂ ਜੀ ਨੂੰ ਅਨੁਭਵ ਕਰੋ। ਵਾਹਿਗੁਰੂ ਤਾਂ ਪਰੀਪੂਰਨ ਹੈ, ਜਦੋਂ ਮਨ ਪਿਆਰ ਵਿਚ ਆ ਜਾਂਦਾ ਹੈ ਤਾਂ ਵਾਹਿਗੁਰੂ ਜੀ ਤਾਂ ਨਿਰਾ ਪਿਆਰ ਹੀ ਪਿਆਰ ਹੈ। ਵਾਹਿਗੁਰੂ ਤਾਂ ਸਭ ਨੂੰ ਪਿਆਰ ਕਰਦੇ ਹਨ। ਪਰ ਵਾਹਿਗੁਰੂ ਨੂੰ ਕੋਈ ਪਿਆਰ ਨਹੀਂ ਕਰਦਾ। ਕਹਿੰਦੇ ਹਨ -

***ਗੋਬਿੰਦ ਭਾਉ ਭਗਤਿ ਦਾ ਭੁਖਾ॥***

***(ਭਾਈ ਗੁਰਦਾਸ ਜੀ, ਵਾਰ 10/7)***

***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***

***ਪੰਨਾ - 1105***

ਬਲ ਰਾਜੇ ਦੇ ਦੁਆਰ ਖੜ੍ਹਾ ਹੈ - ਪਿਆਰ ਦਾ ਬੰਨਿਆ ਹੋਇਆ -

***ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ,***
***ਬੰਨ੍ਹਿਆਂ ਪ੍ਰੇਮ ਦਾ -2, 2.***
***ਬੰਨ੍ਹਿਆਂ ਪ੍ਰੇਮ ਦਾ ਹਰਿ ਜੀ -4, 2.***
***ਖੜ੍ਹਾ ਹੈ ਦੁਆਰੇ ,.............. -2.***

***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***

***ਪੰਨਾ - 1105***

ਸੋ ਐਸਾ ਜੋ ਪਰਮੇਸ਼ਰ ਹੈ ਜਦੋਂ ਇਹਦੇ ਨਾਲ ਮਨ ਪਿਆਰ ਵਿਚ ਰੱਤ ਜਾਂਦਾ ਹੈ -

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਪੰਨਾ - 487***

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਨਾਮਦੇਵ ਜੀ ਦਾ ਚਿੱਤ ਪਿਆਰੇ ਵਿਚ ਰਤਾ ਪ੍ਰਭੂ ਵਿਚ ਲੀਨ ਹੋ ਗਿਆ ਤਾਂ ਦੇਖੋ ਭਾਰਤ ਵਰਸ਼ ਦਾ ਚੱਕਰਵਰਤੀ ਬਾਦਸ਼ਾਹ ਭੀ ਚਰਨ ਪਰਸ ਰਿਹਾ ਹੈ। ਨਾਮ ਦੀ ਮਹਿਮਾ ਅਪਾਰ ਹੋ ਗਈ। ਇਹ ਸਾਰੀ ਕਥਾ ਧੰਨੇ ਨੇ ਮਹਾਂਪੁਰਸ਼ਾਂ ਤੋਂ ਸਤਸੰਗ ਵਿਚ ਸੁਣੀ ਤੇ ਉਸਦੇ ਮਨ ਵਿਚ ਨਿਸ਼ਚਾ ਹੋ ਗਿਆ ਕਿ ਵਾਹਿਗੁਰੂ ਦਾ ਨਾਮ ਬਹੁਤ ਅਮੋਲ ਹੈ। ਨਾਮਦੇਵ ਨੂੰ ਜੇ ਪ੍ਰਮੇਸ਼ਰ ਮਿਲ ਸਕਦਾ ਹੈ, ਕਬੀਰ ਜੀ ਨੂੰ ਮਿਲ ਸਕਦਾ ਹੈ, ਰਵੀਦਾਸ ਜੀ ਨੂੰ ਮਿਲ ਸਕਦਾ ਹੈ, ਸੈਣ ਜੀ ਨੂੰ

ਮਿਲ ਸਕਦਾ ਹੈ ਫਿਰ ਮੇਰੇ ਵਿਚ ਕਿਹੜੀ ਖੋਟ ਹੈ? ਮੈਂ ਵੀ ਗਰੀਬ ਆਦਮੀ ਹਾਂ। ਮਹਾਰਾਜ ਫੁਰਮਾਉਂਦੇ ਹਨ –

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਪੰਨਾ – 488***

ਭਗਤੀ ਕਰਨ ਲੱਗ ਪਿਆ। ਨਤੀਜਾ ਕੀ ਹੋਇਆ –

***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ ਪੰਨਾ – 488***

ਤੇ ਵਾਹਿਗੁਰੂ ਪ੍ਰਤੱਖ ਹੋ ਕੇ ਸਾਮ੍ਹਣੇ ਬੈਠ ਕੇ, ਨਾਮਦੇਵ ਨੂੰ ਕਹਿੰਦਾ ਹੈ ਕਿ ਮੈਨੂੰ ਹੋਰ ਪ੍ਰਸ਼ਾਦਾ ਦੇਹ, ਉਹ ਕਹਿੰਦਾ ਪ੍ਰਭੂ ਮੈਂ ਵੀ ਤਾਂ ਤੇਰੇ ਨਾਲ ਦਾ ਭੁਖਾ ਹਾਂ, ਮੇਰੇ ਜੋਗੇ ਵੀ ਪ੍ਰਸ਼ਾਦੇ ਰਹਿਣ ਦੇ। ਅੱਗੇ ਤੋਂ ਜ਼ਿਆਦਾ ਪ੍ਰਸ਼ਾਦੇ ਪਕਾ ਲਿਆ ਕਰਾਂਗੇ। ਉਹ ਤਾਂ ਬਾਲ ਬੱਚਿਆਂ ਵਾਂਗੂੰ ਪਿਆਰ ਕਰਦਾ ਹੈ, ਉਸ ਪਰਮੇਸ਼ਰ ਨੂੰ ਨਾ ਭੁਲੋ ਕਦੇ ਵੀ। ਵਾਹਿਗੁਰੂ ਨੂੰ ਹਰ ਵਕਤ ਯਾਦ ਰਖਣਾ ਹੀ ਨਾਮ ਹੈ। ਹਰ ਵਕਤ ਪਰੀਪੂਰਨ ਦੇਖਣਾ ਹੀ ਨਾਮ ਸ਼ਕਤੀ ਹੈ। ਇਹ ਜਦੋਂ ਹਿਰਦੇ ਵਿਚ ਆ ਗਿਆ ਤਾਂ ਫਿਰ ਦਰਗਾਹ ਦੇ ਵਿਚ ਤੋਸਾ ਬਣਦਾ ਹੈ –

***ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***
***ਪੰਨਾ – 264***

ਸੋ ਨਿਸ਼ਚਾ ਲਿਆਓ, ਜਿੰਨਾ ਨਾਮ ਜਪ ਹੁੰਦਾ ਹੈ ਜਪੋ। ਜਦੋਂ ਅਸੀਂ ਵਾਹਿਗੁਰੂ ਵਾਹਿਗੁਰੂ ਜਪਾਂਗੇ ਤਾਂ ਇਹ ਕੋਈ ਬਹੁਤ ਟੈਕਨੀਕ ਨਹੀਂ ਹੁੰਦੀ, ਆਪੇ ਹੀ ਆ ਜਾਂਦਾ ਹੈ। ਨਾਮ ਰਸਨਾ ਤੋਂ ਸ਼ੁਰੂ ਕਰ ਲਓ – ਵਾਹਿਗੁਰੂ ਵਾਹਿਗੁਰੂ, ਜਦੋਂ ਤੁਸੀਂ ਉਹਦੇ ਵੱਲ ਜਾਓਗੇ ਤਾਂ –

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥***
***(ਕਬਿੱਤ, ਭਾਈ ਗੁਰਦਾਸ ਜੀ)***

ਵਾਹਿਗੁਰੂ ਨੇ ਕ੍ਰੋੜਾਂ ਕਦਮ ਤੁਹਾਡੇ ਵੱਲ ਵਧਣਾ ਹੈ। ਸੋ ਆਪਣਾ ਕੰਮ ਐਨਾ ਹੀ ਹੈ ਕਿ ਮਾਨਸ ਜਨਮ ਲਿਆ ਹੈ, ਇਸ ਨੂੰ ਸੰਭਾਲ ਲਈਏ, ਉਸ ਨੂੰ ਧਿਆਨ ਵਿਚ ਰਖੀਏ। ਉਥੇ ਕਿਸੇ ਦੀ ਸ਼ਿਫਾਰਸ਼ ਨਹੀਂ ਚਲਦੀ, ਕਿਸੇ ਦੇ ਹੱਥ ਵਿਚ ਨਹੀਂ ਹੈ। ਪੂਰਾ ਗੁਰੂ ਨਾਲ ਦੀ ਨਾਲ ਗਾਈਡ ਕਰੀ ਜਾਂਦਾ ਹੈ, ਨਾਲ ਦੀ ਨਾਲ ਦੱਸੀ ਜਾਂਦਾ ਹੈ ਕਿ ਤੂੰ ਛੋਟਾ ਰਸਤਾ ਲੈ ਲੈ, ਐਵੇਂ ਲੰਮੇ ਰਾਹ ਵਿਚ ਨਾ ਪੈ। ਸੰਤ ਵੀ ਦਸੀ ਜਾਂਦੇ ਹਨ। ਸੋ ਵਾਹਿਗੁਰੂ

ਵਾਹਿਗੁਰੂ ਕਰਕੇ ਆਪਣਾ ਜੀਵਨ ਸਫਲ ਕਰੋ।

– ਅਨੰਦ ਸਾਹਿਬ –

– ਗੁਰ ਸਤੋਤਰ –

– ਅਰਦਾਸ –

# ਰੂਹਾਨੀ ਗੁਲਦਸਤਾ ਭਾਗ 2

# ਦੋ ਸ਼ਬਦ

ਸੰਸਾਰ ਦੇ ਰਚੇਤਾ ਨੇ ਸੰਸਾਰ ਨੂੰ ਦੁਖਾਂ ਦਾ ਘਰ ਨਹੀਂ ਬਣਾਇਆ, ਇਥੇ ਉਸ ਨੇ ਅਨੰਦ ਹੀ ਅਨੰਦ, ਸੁਖ ਹੀ ਸੁਖ ਪੈਦਾ ਕੀਤੇ ਸਨ ਕਿਉਂਕਿ ਉਹ ਆਪ ਸਤਿ ਚਿੱਤ ਅਨੰਦ ਹੈ। ਫੇਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸੰਸਾਰ ਵਿਚ ਦੁਖ ਕਿਥੋਂ ਆ ਗਿਆ ਕਿਉਂਕਿ ਪ੍ਰਮੇਸ਼ਰ ਤਾਂ ਸਤਿ ਚਿਤ ਅਨੰਦ ਹੈ, ਪਰਮ ਸੁੱਖ ਹੈ, ਪਰਮ ਸ਼ਕਤੀ ਹੈ। ਇਸ ਉਪਰ ਸਾਡੇ ਸ਼ਾਸਤਰ ਰਚੇਤਾ ਵਿਦਵਾਨਾਂ ਨੇ ਗਹਿਰੇ ਜਾ ਕੇ ਇਹ ਗੱਲ ਜਾਨਣ ਦੀ ਕੋਸ਼ਿਸ਼ ਕੀਤੀ ਕਿ ਸੰਸਾਰ ਵਿਚ ਚੇਤਨ ਤੱਤ ਤੋਂ ਬਗੈਰ ਕੋਈ ਐਸਾ ਵੀ ਤੱਤ ਹੈ ਜਿਸ ਵਿਚ ਦੁਖ ਦਾ ਬੀਜ ਭਰਿਆ ਹੋਵੇ, ਵਾਹਿਗੁਰੂ ਜੀ ਤਾਂ ਸਤਿ ਚਿਤ ਅਨੰਦ ਹਨ, ਦੁਖ ਉਸ ਵਿਚ ਆ ਹੀ ਨਹੀਂ ਸਕਦਾ। ਇਨ੍ਹਾਂ ਸ਼ਾਸਤਰਕਾਰਾਂ ਨੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਕਿ ਇਸ ਸੰਸਾਰ ਵਿਚ ਕੋਈ ਐਸੀ ਚੀਜ਼ ਹੈ ਜੋ ਬਹੁਤ ਸ਼ਕਤੀਸ਼ਾਲੀ ਹੈ ਜਿਸ ਵਿਚ ਸਤਿ ਚਿਤ ਅਨੰਦ ਤੋਂ ਵਿਪਰੀਤ ਨਾਸ਼ਵਾਨ, ਜੜ੍ਹ ਅਤੇ ਦੁਖ ਦਾ ਨਿਵਾਸ ਹੋਵੇ। ਇਸ ਤੱਤ ਨੂੰ ਅਨਾਦੀ ਤੱਤ ਮੰਨ ਲਿਆ ਅਤੇ ਇਸ ਦੇ ਬਹੁਤ ਸਾਰੇ ਨਾਮ ਕਲਪਤ ਹੋਏ। ਸੁਖ ਰੂਪ ਵਿਚੋਂ ਇਸ ਨੂੰ ਪ੍ਰਕ੍ਰਿਤੀ ਆਖਿਆ ਗਿਆ। ਭਾਵੇਂ ਇਸਨੂੰ ਮਾਇਆ ਕਹੋ, ਅਹੰਭਾਵ ਕਹੋ, ਭਰਮ ਕਹੋ, ਅਗਿਆਨ ਕਹੋ ਇਹ ਚੀਜ਼ਾਂ ਪ੍ਰਕ੍ਰਿਤੀ ਦੀ ਉਪਜ ਹਨ, ਚੇਤਨ ਦੀ ਉਪਜ ਨਹੀਂ ਹੋ ਸਕਦੀਆਂ। ਇਸ ਖਿਆਲ ਨੇ ਦ੍ਵੈਤ ਭਾਵ ਨੂੰ ਜਨਮ ਦਿਤਾ ਅਤੇ ਅਦ੍ਵੈਤ ਸਿਧਾਂਤ ਅਲੋਪ ਹੋ ਗਿਆ। ਗੁਰਮਤਿ ਇਸ ਵਿਚ ਵਿਸ਼ਵਾਸ਼ ਨਹੀਂ ਰਖਦੀ।

ਪਹਿਲੇ ਮਤਾਂ ਦੇ ਮੁਤਾਬਿਕ ਚੇਤਨ ਤੱਤ ਅਛੋਹ ਹੈ ਅਤੇ ਉਸ ਦਾ ਸੰਜੋਗ ਪ੍ਰਕ੍ਰਿਤੀ ਨਾਲ ਹੁੰਦਾ ਹੈ, ਪ੍ਰਕ੍ਰਿਤੀ ਉਤੇ ਜਦੋਂ ਉਸ ਦੀ ਸ਼ਕਤੀ ਦਾ ਪਰਛਾਵਾਂ ਪੈਂਦਾ ਹੈ ਤਾਂ ਪ੍ਰਕ੍ਰਿਤੀ ਵਿਚ ਹਰਕਤ ਆ ਜਾਂਦੀ ਹੈ। ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਵਿਚੋਂ ਉਥੱਲ ਪੁਥੱਲ ਹੋ ਕੇ ਸੰਸਾਰਕ ਕ੍ਰਿਆ ਸ਼ੁਰੂ ਹੋ ਜਾਂਦੀ ਹੈ। ਪ੍ਰਕ੍ਰਿਤੀ ਵਿਚ ਚੇਤਨ ਛੋਹ ਨਾਲ ਪ੍ਰਕਾਸ਼ ਪੈਦਾ ਹੁੰਦਾ ਹੈ, ਦੂਸਰਾ ਨਿਯਮਬੱਧ ਹੋ ਕੇ ਚਲਣਾ ਸ਼ੁਰੂ ਕਰ ਦਿੰਦੀ ਹੈ। ਤੀਜਾ ਛਿਨ ਛਿਨ ਵਧਦੀ ਘਟਦੀ ਹੈ। ਉਨ੍ਹਾਂ ਦਾ ਮਤ ਹੈ ਕਿ ਸੰਸਾਰ ਦੀ ਉਤਪਤੀ ਪ੍ਰਕ੍ਰਿਤੀ ਤੋਂ ਹੋਈ ਹੈ। ਇਸੇ ਵਿਚੋਂ ਸ਼ਬਦ, ਸਪਰਸ਼, ਰੂਪ, ਰਸ, ਗੰਧ, ਸੂਖਸ਼ਮ ਭੂਤ, ਪਉਣ, ਪਾਣੀ, ਬੈਸੰਤਰ, ਅਕਾਸ਼ ਤੇ ਮਿੱਟੀ ਤੇ ਸਥੂਲ ਭੂਤ ਬਣੇ, ਪ੍ਰਕ੍ਰਿਤੀਆਂ ਅਤੇ ਪ੍ਰਕ੍ਰਿਤੀਆਂ ਦੀ ਵੰਡ ਨਾਲ ਚੀਜ਼ਾਂ ਨੇ ਵਖਰੇ ਵਖਰੇ ਰੂਪ ਧਾਰਨ ਕੀਤੇ। ਇਸ ਤਰ੍ਹਾਂ ਦੇ ਨਾਲ ਇਸ ਸੰਸਾਰ ਵਿਚ ਦੋ ਤੱਤ ਅਨਾਦੀ ਹੋ ਗਏ, ਇਕ ਪ੍ਰਕ੍ਰਿਤਕ ਤੱਤ ਹਨ ਜਿਨ੍ਹਾਂ ਵਿਚ ਦੁਖ ਹੈ, ਹਿਲਜੁਲ ਹੈ, ਨਾਸ਼ ਅਤੇ ਵਧਣਾ ਘਟਣਾ ਹੈ ਅਤੇ ਗਿਆਨ ਹੈ, ਦੂਸਰਾ ਚੇਤਨ ਤੱਤ ਹੈ, ਜੋ ਆਪਣੇ ਸੁਭਾਅ ਵਿਚ ਸਤਿ ਚਿਤ ਅਨੰਦ ਹੁੰਦਾ ਹੋਇਆ ਅਕ੍ਰਿਆ ਰਹਿੰਦਾ ਹੈ, ਕ੍ਰਿਆ ਨਹੀਂ ਕਰਦਾ। ਐਸਾ ਪਹਿਲੇ ਅਚਾਰੀਆ ਨੇ ਇਸ ਕਰਕੇ ਵਿਚਾਰਿਆ ਸੀ ਕਿ ਵਾਹਿਗੁਰੂ ਜੀ ਤਾਂ ਸਤਿ ਚਿਤ ਅਨੰਦ ਹਨ ਤੇ ਐਸਾ ਤੱਤ ਵੀ ਸੰਸਾਰ ਵਿਚ ਹੋਣਾ ਹੈ ਜਿਸ ਵਿਚ ਦੁਖ ਹੈ, ਅਗਿਆਨ ਹੈ, ਹਿਲਜੁਲ ਹੈ, ਘਟਣਾ-ਵਧਣਾ ਹੈ। ਗੁਰੂ ਨਾਨਕ

ਪਾਤਸ਼ਾਹ ਦਾ ਐਸਾ ਮਤ ਨਹੀਂ ਹੈ, ਆਪ ਨੇ ਸਪਸ਼ਟ ਸਿਧਾਂਤ ਦਿਤਾ ਹੈ ਕਿ ਸ਼ਬਦ ਤੋਂ ਸਾਰੀ ਉਤਪਤੀ ਹੋਈ ਹੈ, ਸ਼ਬਦ ਏਕੰਕਾਰ ਤੋਂ ਹੋਇਆ ਹੈ, ਏਕੰਕਾਰ ਤੇ ਸ਼ਬਦ ਦਾ ਮਿਲਵਾਂ ਰੂਪ ੧ਓ ਹੈ, ਵਾਹਿਗੁਰੂ ਅਲੱਗ ਥਲੱਗ ਨਹੀਂ ਹੈ, ਉਹ ਸਦੀਵੀ ਸੱਤਾ ਹੈ, ਨਾਮ ਸ਼ਕਤੀ ਹੈ, ਕਰਤਾ ਹੈ, ਸਭ ਵਿਚ ਸਮਾਇਆ ਹੋਇਆ ਹੈ, ਉਸ ਦਾ ਆਪਣੀ ਕਿਰਤ ਦੇ ਨਾਲ ਪੂਰਾ ਸਬੰਧ ਹੈ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੇ ਨਿਆਰਾ।।***
***ਪੰਨਾ – 537***

ਨਿਆਰਾ ਰਹਿੰਦਾ ਹੋਇਆ ਸਭ ਕੁਝ ਸੰਭਾਲਦਾ ਹੈ, ਪਾਲਦਾ ਹੈ, ਪੋਸਦਾ ਹੈ, ਪਿਆਰ ਦਿੰਦਾ ਹੈ। ਗੁਰਬਾਣੀ ਵਿਚ ਦੂਸਰੀ ਚੀਜ਼ ਜੋ ਸਪਸ਼ਟ ਕੀਤੀ ਗਈ ਹੈ ਉਹ ਇਹ ਹੈ ਕਿ ਵਾਹਿਗੁਰੂ ਜੀ ਆਪ ਹੀ ਅਨੇਕ ਰੂਪ ਧਾਰ ਕੇ ਆਪਣਾ ਪਸਾਰਾ ਕਰ ਲੈਂਦੇ ਹਨ ਅਤੇ ਜਦੋਂ ਪਸਾਰਾ ਰੋਕਣਾ ਹੋਵੇ, ਸਾਰਾ ਪਸਾਰਾ ਸੰਕੋਚ ਕੇ ਪਹਿਲੇ ਵਾਲੇ ਰੂਪ ਵਿਚ ਹੀ ਵਾਹਿਗੁਰੂ ਜੀ ਹੋ ਜਾਂਦੇ ਹਨ।

***ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥***
***ਪੰਨਾ – 999***

ਸੰਸਾਰ ਵਿਚ ਵਾਹਿਗੁਰੂ ਜੀ ਦੇ ਹੁਕਮ ਨਾਲ ਹਉਮੈ ਤੱਤ ਦੀ ਉਤਪਤੀ ਹੋਈ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥***
***ਪੰਨਾ – 999***

ਹਉਮੈ ਪ੍ਰਮੇਸ਼ਰ ਨੂੰ ਭੁਲਾਉਂਦੀ ਹੈ ਅਤੇ ਨਕਲੀ ਚੀਜ਼ ਨੂੰ ਪ੍ਰਗਟ ਕਰਦੀ ਹੈ, ਇਸ ਤਰ੍ਹਾਂ ਨਾਮ ਸ਼ਕਤੀ ਨਾਲੋਂ ਟੁੱਟ ਕੇ, ਦੁਖ ਸ਼ੁਰੂ ਹੋ ਜਾਇਆ ਕਰਦਾ ਹੈ।

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਇਥੇ ਕੇਵਲ ਨਿਰੰਕਾਰ, ਨਿਰਾਕਾਰ, ਚੇਤਨ ਤੱਤ ਕਹੋ ਜਾਂ ਕੁਛ ਹੋਰ ਕਹੋ ਕੇਵਲ ਉਸ ਦੀ ਹੋਂਦ ਅਨਾਦੀ ਹੈ, ਉਸ ਨੇ ਆਪਣੇ ਆਪ ਤੋਂ ਆਪ ਹੀ ਸੰਸਾਰ ਦੀ ਖੇਲ੍ਹ ਰਚੀ। ਸੰਸਾਰ ਦੀ ਖੇਲ੍ਹ ਰਚ ਕੇ ਉਹ ਕਰਤਾ ਅਤੇ ਆਪਣੀ ਕਿਰਤ ਵਿਚ ਪੂਰੀ ਤਰ੍ਹਾਂ ਸਮਾਇਆ ਹੋਇਆ ਦੁਖ ਸੁਖ, ਪਿਆਰ ਸਭ ਦੀ ਪੂਰੀ ਤਰ੍ਹਾਂ ਗਿਆਤ ਰਖਦਾ ਹੈ। ਉਸ ਨੇ ਜੀਵ ਹੁਕਮ ਦੀ ਕ੍ਰਿਆ ਵਿਚ ਪੈਦਾ ਕੀਤਾ ਜੋ ਕੇਵਲ ਮੈਂ ਤੇ ਮੇਰੀ ਦੇ ਪ੍ਰਭਾਵ ਕਰਕੇ ਜਿਸ ਨੂੰ ਹਉਮੈ ਕਹਿੰਦੇ ਹਨ, ਉਹ ਵਖਰਾ ਪ੍ਰਤੀਤ ਦਿੰਦਾ ਹੈ। ਦਰਅਸਲ ਜੀਵ ਅਤੇ ਏਕੰਕਾਰ ਇਕੋ ਚੇਤਨ ਦੇ ਹੀ ਨਾਮ ਹਨ ਜਿਸ ਨੂੰ ਅਸੀਂ ਵਾਹਿਗੁਰੂ ਕਹਿੰਦੇ ਹਾਂ, ਕੋਈ ਭੇਦ ਨਹੀਂ ਹੈ। ਹਉਮੈ ਦੇ ਅਸਰ ਦੇ ਅਧੀਨ ਸਮੁੱਚਤਾ ਤੋਂ ਵਖਰਾ ਅਨੁਭਵ ਕਰਕੇ ਜੀਵ ਆਤਮਾ ਦੀ ਹੋਂਦ ਕਾਇਮ ਹੋਈ, ਪ੍ਰਕਿਰਤੀ ਦੀ ਹੋਂਦ ਕਾਇਮ ਹੋਈ ਪਰ ਇਥੇ ਕੋਈ ਵੀ ਚੀਜ਼ ਸਤਿ ਨਹੀਂ ਹੈ। ਅੰਤਮ ਸਤਿ ਕੇਵਲ ਵਾਹਿਗੁਰੂ ਜੀ ਹੈ, ਉਹ ਆਪ ਹੀ ਆਪਣੀ ਮੌਜ ਦੇ ਮੁਤਾਬਿਕ ਇਕ ਤੋਂ ਅਨੇਕ ਰੂਪ ਧਾਰਨ ਕਰ ਲੈਂਦੇ ਹਨ ਅਤੇ ਜਦੋਂ ਖੇਲ੍ਹ ਖਤਮ ਕਰਦੇ ਹਨ ਤਾਂ ਅਨੇਕ ਤੋਂ ਇਕ

ਹੋ ਜਾਂਦੇ ਹਨ। ਹਰ ਥਾਂ ਪਰੀਪੂਰਨ ਵਾਹਿਗੁਰੂ ਜੀ ਆਪ ਹਨ, ਇਥੇ ਨਾ ਕੋਈ ਮਾਇਆ ਹੈ, ਨਾ ਕੋਈ ਛਾਇਆ ਹੈ, ਨਾ ਕੋਈ ਸ਼ਿਵ ਜੀ ਹੈ, ਨਾ ਗੋਰਖਨਾਥ ਹੈ, ਨਾ ਕੋਈ ਪਹਾੜ ਹੈ, ਨਾ ਸੰਸਾਰ ਹੈ, ਇਹ ਕੇਵਲ ਹੁਕਮ ਦੇ ਝਲਕਾਰਿਆਂ ਵਿਚ ਹੋਂਦ ਕਾਇਮ ਹੁੰਦੀ ਹੈ ਪਰ ਹਉਮੈ ਦੇ ਅਧੀਨ ਹੋ ਕੇ ਇਹ ਵਖਰਾਪੁਣ ਧਾਰਨ ਕਰ ਲੈਂਦੀ ਹੈ। ਸੋ ਇਸ ਵਿਚਾਰ ਦਾ ਸਿੱਟਾ ਹੋਇਆ ਕਿ ਸੰਸਾਰ ਵਿਚ ਜੋ ਸ਼ਕਤੀਆਂ ਕੰਮ ਕਰਦੀਆਂ ਪ੍ਰਤੀਤ ਦਿੰਦੀਆਂ ਹਨ। ਉਹ ਇਕੋ ਅਨਾਦੀ ਤੱਤ ਹੈ ਪਿਆਰ ਕਰਨ ਵਾਲਾ ਮਹਾਨ ਸੁੱਖੀ, ਸਦਾ ਸਤਿਨਾਮ। ਦੂਸਰਾ ਤੱਤ ਇਸਦੇ ਵਿਪਰੀਤ ਪਰਛਾਵਾ ਪ੍ਰਤੀਤ ਦਿੰਦਾ ਹੈ ਇਸ ਕਰਕੇ ਏਕਤਾ ਵਿਚ ਅਨੇਕਤਾ ਦਾ ਨਿਸ਼ਚਾ ਕਾਇਮ ਹੋ ਕੇ ਉਹ ਆਤਮ ਤੱਤ ਜੀਵ ਤੱਤ ਕਹਾਉਣ ਲਗ ਜਾਂਦਾ ਹੈ, ਕਰਮ ਕਰਦਾ ਹੈ, ਕਰਮਾਂ ਦੀ ਵਾਸ਼ਨਾ ਉਸ ਨੂੰ ਬੰਨ੍ਹ ਲੈਂਦੀ ਹੈ, ਚੰਗੇ ਮੰਦੇ ਕਰਮ ਭੋਗਣ ਲਈ ਜੰਮਣ ਮਰਨ ਵਿਚ ਚੱਕਰ ਕੱਟਦਾ ਫਿਰਦਾ ਦੁਖੀ ਹੁੰਦਾ ਰਹਿੰਦਾ ਹੈ। ਅਨੰਤ ਕਾਲ ਤੋਂ ਇਹ ਕ੍ਰਿਆ ਚਲ ਰਹੀ ਹੈ ਅਤੇ ਜੀਵ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ। ਇਸ ਦੇ ਵਿਪਰੀਤ ਜਦੋਂ ਸਮਰੱਥ ਗੁਰੂ ਮਿਲਣ ਤੇ ਇਸ ਜੀਵ ਆਤਮਾ ਨੂੰ ਨਾਮ ਦਾ ਮਾਰਗ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਉਪਰ ਚਲਦਾ ਹੈ, ਅਗਾਹਾਂ ਚੜ੍ਹਾਈ ਕਰਦਾ ਹੈ, ਪ੍ਰਕ੍ਰਿਤੀ ਮੰਡਲਾਂ ਨੂੰ ਪਿਛੇ ਛੱਡਦਾ ਹੋਇਆ ਸਚਖੰਡ ਮੰਡਲ ਵਿਚ ਪ੍ਰਵੇਸ਼ ਕਰਕੇ ਸਤਿ ਰੂਪ ਬਣ ਜਾਂਦਾ ਹੈ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਇਸ ਪ੍ਰਾਪਤੀ ਨੂੰ ਗੁਰੂ ਮਹਾਰਾਜ ਜੀ ਨਾਮ ਪ੍ਰਾਪਤੀ ਦਾ ਦਰਜਾ ਦਿੰਦੇ ਹਨ।

ਗੋਰਖਨਾਥ ਨੇ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਪੁਛਿਆ ਕਿ ਹੇ ਨਾਨਕ ਜੀ! ਇਕੋ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ, ਅਸੀਂ ਤੁਸੀਂ ਸਾਰੇ ਇਕੋ ਪ੍ਰਮੇਸ਼ਰ ਨੂੰ ਸੰਸਾਰ ਦਾ ਰੂਪ ਜਾਣਦੇ ਹਾਂ ਤਾਂ ਫੇਰ ਦੁਖ ਕਿਥੋਂ ਪੈਦਾ ਹੋ ਜਾਂਦਾ ਹੈ, ਜੀਵ ਕਿਉਂ ਜਨਮ ਮਰਣ ਦੇ ਚੱਕਰ ਵਿਚ ਫਸ ਗਿਆ? ਗੁਰੂ ਮਹਾਰਾਜ ਜੀ ਨੇ ਕਿਹਾ ਗੋਰਖਾਨਾਥ! ਇਸ ਸਚਾਈ ਨੂੰ ਕੋਈ ਵੀ ਅਣਹੋਈ ਨਹੀਂ ਕਰ ਸਕਦਾ ਕਿ ਇਕੋ ਪ੍ਰਮੇਸ਼ਰ ਆਪ ਹੀ ਆਪਣਾ ਪਸਾਰਾ ਕਰਕੇ ਆਪ ਹੀ ਬਹੁ ਰੂਪ ਹੋਇਆ ਹੋਇਆ ਹੈ, ਸੰਸਾਰ ਨੂੰ ਚਲਾਉਣ ਲਈ ਉਸ ਦੀ ਹੀ ਪਰਮ ਸ਼ਕਤੀ ਜਿਸ ਨੂੰ ਅਸੀਂ ਹੁਕਮ ਆਖਦੇ ਹਾਂ ਉਸਦੀ ਕ੍ਰਿਆ ਹੋ ਰਹੀ ਹੈ, ਸਭ ਕੁਝ ਹੁਕਮ ਦੇ ਅਧੀਨ ਹੈ, ਹਰ ਚੀਜ਼ ਦੇ ਨਾਲ ਹੁਕਮ ਲਿਖਿਆ ਹੋਇਆ ਹੈ, ਦੁਖ-ਸੁਖ-ਵਿਛੋੜੇ ਮੇਲ, ਸਭ ਹੁਕਮ ਦੇ ਅਧੀਨ ਹਨ ਕਿਉਂਕਿ ਇਸ ਖੇਲ੍ਹ ਵਿਚ ਪ੍ਰਮੇਸ਼ਰ ਨੇ ਆਪਣੇ ਆਪ ਤੋਂ ਹੀ ਹੁਕਮ ਦੀ ਸਾਜਨਾ ਕਰ ਦਿਤੀ ਹੈ ਜਿਵੇਂ ਕਿ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਪੰਨਾ - 463*

ਕੁਦਰਤ ਕਹੋ ਜਾਂ ਪ੍ਰਮੇਸ਼ਰ, ਚੇਤਨ ਤੋਂ ਵਖਰਾ ਛੋਹਿਆ ਜਾਣ ਵਾਲਾ, ਜਾਣਿਆ ਜਾਣ ਵਾਲਾ ਤੱਤ ਪੈਦਾ ਹੋਇਆ ਜਿਸ ਨੂੰ ਪ੍ਰਕ੍ਰਿਤੀ ਕਹਿੰਦੇ ਹਨ ਪਰ ਇਸ ਕੁਦਰਤ ਦੀ ਹੋਂਦ ਦਾ ਆਦਿ ਹਉਮੈ ਤੱਤ ਹੈ। ਜਿਹੜਾ ਕੁਦਰਤ ਅਤੇ ਚੇਤਨ ਵਾਹਿਗੁਰੂ ਜੀ ਦੇ ਸੰਜੋਗ ਤੋਂ ਹੀ ਪੈਦਾ ਹੋਇਆ ਹੈ, ਇਸ

ਨੂੰ ਸ਼ਾਸਤਰਕਾਰਾਂ ਨੇ ਅਹੰਭਾਵ ਕਿਹਾ ਹੈ ਅਤੇ ਅਸੀਂ ਇਸ ਨੂੰ ਹਉਮੈ ਆਖਦੇ ਹਾਂ। ਨਾਥ ਜੀ! ਹੁਣ ਸਪਸ਼ਟ ਹੋਇਆ ਕਿ ਚੇਤਨ ਤੱਤ ਸਭ ਕੁਝ ਜਾਣਨ ਵਾਲਾ, ਪੂਰਨ ਗਿਆਨਵਾਨ, ਸਤਿ, ਚਿਤ, ਅਨੰਦ, ਕਾਲ ਤੋਂ ਰਹਿਤ, ਸਾਰੀ ਕੁਦਰਤ ਵਿਚ ਵਸਣ ਵਾਲਾ ਮਹਾਨ ਕ੍ਰਿਪਾਲੂ ਵਾਹਿਗੁਰੂ ਤੱਤ ਹੈ ਪਰ ਇਸ ਵਿਚੋਂ ਜਦੋਂ ਹਉਮੈ ਦੇ ਅਧੀਨ ਜੀਵ ਆਪਣੇ ਆਪ ਨੂੰ ਵਖਰਾ ਸਮਝਦਾ ਹੈ ਤਾਂ ਉਸ ਦੀ ਉਪਾਧੀ ਜੀਵ ਆਤਮਾ ਦੀ ਪੈਣ ਕਰਕੇ ਹਉਮੈ ਦੇ ਸਹਿਜ ਸੁਭਾਅ ਵਿਚੋਂ ਪੈਦਾ ਹੋਣ ਵਾਲਾ ਦੁਖ, ਸੁਖ, ਵਿਛੋੜੇ, ਪਰੇਸ਼ਾਨੀਆਂ ਪੈਦਾ ਹੋ ਜਾਇਆ ਕਰਦੀਆਂ ਹਨ। ਇਹ ਹਉਮੈ ਵਾਹਿਗੁਰੂ ਤੋਂ ਵਿਪਰੀਤ ਤੱਤ ਹੋਣ ਦਾ ਭਾਸ ਪਾਉਂਦੀ ਹੈ ਪਰ ਹੈ ਇਹ ਇਕ ਖੇਲ੍ਹ ਅਤੇ ਨਾਮ ਸੂਝ ਅਤੇ ਹਉਮੈ ਸੂਝ ਦੋਵੇਂ ਸੂਝਾਂ ਹਨ ਜਿਹੜੀਆਂ ਸੰਸਾਰ ਦੀ ਕ੍ਰਿਆ ਕਰਦੀਆਂ ਹਨ। ਜੇ ਨਾਮ ਸੂਝ ਪੈਦਾ ਹੋ ਜਾਵੇ ਤਾਂ ਇਹ ਸਾਰਾ ਸੰਸਾਰ ਵਾਹਿਗੁਰੂ ਜੀ ਦਾ ਰੂਪ ਨਜ਼ਰ ਆਉਂਦਾ ਹੈ। ਦੁਖ ਅਲੋਪ ਹੋ ਜਾਂਦਾ ਹੈ, ਕੋਈ ਪਰੇਸ਼ਾਨੀ ਨਹੀਂ ਰਹਿੰਦੀ। ਆਪਣਾ ਆਪ ਆਪ ਹੀ ਦੇਖਦਾ ਹੈ, ਆਪ ਹੀ ਸਮਝਦਾ ਹੈ। ਜਦੋਂ ਨਾਮ ਤੱਤ ਟੁੱਟ ਜਾਵੇ ਤਾਂ ਇਸ ਤੋਂ ਵਿਪਰੀਤ ਸੁਭਾਅ ਵਾਲਾ ਹਉਮੈ ਤੱਤ ਇਸ ਜੀਵ ਨੂੰ ਜੀਵ ਭਾਵ ਪੈਦਾ ਕਰਕੇ ਜੀਵ ਆਤਮਾ ਬਣਾ ਦਿੰਦਾ ਹੈ। ਸੋ ਦੁਖ ਦਾ ਕਾਰਨ ਉਸ ਪ੍ਰਮੇਸ਼ਰ ਤੋਂ ਭੁੱਲਣ ਵਿਚ ਹੈ ਅਤੇ ਆਪਣੇ ਨੂੰ ਅੱਡ ਜਾਨਣ ਵਿਚ ਹੈ ਜੋ ਸਤਿ ਨਹੀਂ ਹੈ –

> ***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
> ***ਪੰਨਾ – 135***

ਦੁਖ ਦਾ ਕਾਰਨ ਆਦਮੀ ਦਾ ਹਉਮੈ ਦੇ ਚੱਕਰ ਵਿਚ ਗ੍ਰਸਤ ਹੋ ਜਾਣਾ ਹੈ ਯਾਨਿ ਉਸ ਨੇ ਹਉਮੈ ਦੇ ਅਧੀਨ ਹੋ ਕੇ ਆਪਣੇ ਨਿੱਕੇ ਕਿਣਕੇ ਨੂੰ ਮੈਂ ਦੇ ਰੂਪ ਵਿਚ ਧਾਰਨ ਕਰ ਲਿਆ। ਇਹੋ ਨਾਮ ਦੇ ਬਲ ਨਾਲ ਸਰਬ ਵਿਆਪੀ ਹੋ ਉਠਦੀ ਹੈ –

> ***ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
> ***ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥***
> ***ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥***
> ***ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥***
> ***ਪੰਨਾ – 1302***

ਪ੍ਰਸ਼ਨ ਇਸ ਤਰ੍ਹਾਂ ਸੀ ਕਿ –

> ***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
> ***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ – 946***

ਮਹਾਰਾਜ ਨੇ ਕਿਹਾ, ਗੋਰਖਨਾਥ! –

> ***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***
> ***ਪੰਨਾ – 946***

ਹੈ ਤਾਂ ਇਹ ਪ੍ਰਮੇਸ਼ਰ ਦਾ ਰੂਪ ਪਰ ਇਹ ਸੰਸਾਰ ਸਮਸ਼ਟਤਾ ਤੋਂ ਵਿਅਸ਼ਟਤਾ ਵਿਚ ਆ ਕੇ ਪ੍ਰਮ ਸੁਖ ਨਾਲੋਂ ਟੁੱਟ ਕੇ ਦੁਖੀ ਹੋ ਰਿਹਾ ਹੈ ਸੋ ਸਾਰੀਆਂ ਬਿਮਾਰੀਆਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਜੇ ਪ੍ਰਮੇਸ਼ਰ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ ਨਾ ਕੋਈ ਘਾਟਾ ਰਹਿੰਦਾ ਹੈ, ਨਾ ਕੋਈ ਝੋਰਾ ਰਹਿੰਦਾ ਹੈ, ਉਸ ਨੂੰ ਸੱਚ ਦੀ ਸੋਝੀ ਹੋ ਜਾਂਦੀ ਹੈ। ਇਸ ਸੋਝੀ ਨੂੰ ਪ੍ਰਾਪਤ ਕਰਕੇ ਜੀਵ ਆਤਮਾ ਜੀਵ ਭਾਵ ਤੋਂ ਮੁਕਤ ਹੋ ਕੇ ਕੇਵਲ ਆਤਮਾ, ਪਰਮ ਜੋਤ ਨੂੰ ਆਪਣੇ ਆਪ ਵਿਚ ਦੇਖਦੀ ਅਤੇ ਨਿਹਚੇਪੂਰਬਕ ਮੰਨਦੀ ਹੈ ਜਿਸ ਕਰਕੇ ਸੰਸਾਰ ਵਿਚ ਕੋਈ ਬੇਗਾਨਾ ਨਹੀਂ ਰਹਿੰਦਾ, ਸਭ ਆਪਣਾ ਹੀ ਹੋ ਜਾਂਦਾ ਹੈ। ਸੋ ਨਾਥ ਜੀ! ਨਾਮ ਦੀ ਸੋਝੀ ਆ ਜਾਣ ਵਿਚ ਸੁਖ ਹੈ।

ਇਹ ਜੋ ਪੁਸਤਕ ਤੁਹਾਡੇ ਹੱਥ ਵਿਚ ਹੈ ਇਸ ਵਿਚ ਵਖਰੇ ਵਖਰੇ ਤਰੀਕੇ ਨਾਲ ਦੱਸੇ ਹੋਏ ਸਿਧਾਂਤ ਹਨ। ਇਹ ਲੰਮੇ ਦੀਵਾਨ ਰਾਤ ਦੀ ਸੁੰਨ ਸਾਨ ਵਿਚ ਪਿੰਡਾਂ ਵਿਚ ਲਗਦੇ ਸਨ। ਇਨ੍ਹਾਂ ਵਿਚ ਸੰਸਾਰ ਦੇ ਦੁਖ ਦੀ ਦਾਰੂ ਦਾ ਵਰਨਣ ਕੀਤਾ ਹੋਣ ਕਰਕੇ ਵਿਸ਼ਾ ਤਕਰੀਬਨ ਰਲਦਾ ਮਿਲਦਾ ਹੈ। ਪਹਿਲਾ 'ਨਾਮ ਮਹਿਮਾ' ਹੈ, ਜਿਸ ਤੋਂ ਆਦਮੀ ਦੇ ਅੰਦਰ ਰੁਚੀ ਜਾਗਦੀ ਹੈ, ਨਾਮ ਨੂੰ ਅਪਣਾਉਣ ਦੀ। ਦੂਜਾ ਵਿਸ਼ਾ 'ਸਰਬ ਰੋਗ ਕਾ ਅਉਖਦੁ ਨਾਮ' ਹੈ ਜਿਸ ਤੋਂ ਇਸ ਦਾਰੂ ਨੂੰ ਵਰਤਣ ਦੀ ਸੋਝੀ ਪੈਂਦੀ ਹੈ। ਤੀਜਾ 'ਮੈਂ ਨਾਹੀ' ਜਿਸ ਵਿਚ ਇਸ ਦੀ ਮੈਂ ਸਮੁੱਚਤਾ ਵਿਚ ਲੀਨ ਹੋ ਜਾਂਦੀ ਹੈ ਅਤੇ ਮੈਂ ਨਾਹੀ ਦਾ ਭਾਵ ਪੱਕੀ ਤਰ੍ਹਾਂ ਪ੍ਰਤੀਤ ਹੁੰਦਾ ਹੈ। ਚੌਥਾ 'ਜੇਹਾ ਮਨਰੋਥ ਕਰਿ ਆਰਾਧੈ' ਨਾਮ ਦੀ ਮਹਿਮਾ ਦੱਸਦਿਆਂ ਪਤਾ ਲਗਦਾ ਹੈ ਉਸ ਸ਼ਕਤੀ ਨੂੰ ਜਿਹੋ ਜਿਹਾ ਕਰਕੇ ਆਰਾਧ ਲਓ ਓਹੋ ਜਿਹਾ ਫਲ ਮਿਲਦਾ ਹੈ ਅਤੇ ਉਸ ਦੇ ਪਿਆਰ ਵਿਚ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ –

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥ ਪੰਨਾ – 748***

***ਚਾਰਿ ਪਦਾਰਥ ਜੇ ਕੋ ਮਾਗੈ।।***
***ਸਾਧ ਜਨਾ ਕੀ ਸੇਵਾ ਲਾਗੈ॥***
***ਪੰਨਾ – 266***

ਅਤੇ ਇਸ ਤੋਂ ਅਗਲੇ ਵਿਚ ਨਾਮ ਨੂੰ ਸਭ ਤੋਂ ਸੁਖਾਲਾ ਸਾਧਨ ਦਸਿਆ ਗਿਆ ਹੈ ਅਤੇ ਆਖਰੀ ਹਿੱਸੇ ਵਿਚ 'ਸਾਧ ਬਚਨ ਅਟਲਾਧਾ' ਜੋ ਨਾਮ ਦੇ ਨਾਲ ਰੱਤਿਆ ਗਿਆ ਉਸ ਦੇ ਬਚਨ ਦਾ ਜ਼ਿਕਰ ਹੈ ਕਿ ਉਸ ਦਾ ਕੀਤਾ ਹੋਇਆ ਪ੍ਰਮੇਸ਼ਰ ਵੀ ਮੰਨ ਲਿਆ ਕਰਦਾ ਹੈ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ।।***
***ਤਿਨ ਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥***

*ਭਗਤਾ ਬਣਿ ਆਈ ਪ੍ਰਭ ਅਪਨੇ*
*ਸਿਉ ਜਲਿ ਥਲਿ ਮਹੀਅਲਿ ਸੋਈ॥*
*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੇ ਨੇੜਿ ਨ ਆਵੈ।।*
*ਜਨਮ ਜਨਮ ਕਾ ਬਿਛੁੜਿਆ ਹੋਵੈ*
*ਤਿਨ ਹਰਿ ਸਿਉ ਆਣਿ ਮਿਲਾਵੈ॥*
*ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥*
*ਜੇਹਾ ਮਨਰੋਥੁ ਕਰਿ ਆਰਾਧੇ*
*ਸੋ ਸੰਤਨ ਤੇ ਪਾਵੈ।।      ਪੰਨਾ - 748*

ਇਨ੍ਹਾਂ ਵਖਰੇ ਵੱਖਰੇ ਕੀਤੇ ਕੀਰਤਨ ਦੀਵਾਨਾਂ ਵਿਚ ਦਿਤੇ ਵਿਚਾਰਾਂ ਨੂੰ ਇਕ ਲੜੀ ਵਿਚ ਰੱਖਣ ਲਈ ਯਤਨ ਹੋ ਰਿਹਾ ਹੈ ਅਤੇ ਇਸੇ ਲੜੀ ਦਾ ਦੂਸਰਾ ਰੂਹਾਨੀ ਗੁਲਦਸਤਾ ਰੂਪ ਧਾਰਨ ਕਰਕੇ ਤੁਹਾਡੇ ਕਰ ਕਮਲਾਂ ਵਿਚ ਪਹੁੰਚਿਆ ਹੈ, ਇਸ ਤੋਂ ਪੂਰਾ ਲਾਭ ਉਠਾਉਣ ਦਾ ਯਤਨ ਕਰੋ। ਪਰਮ ਸੁਖ ਦੀ ਪ੍ਰਾਪਤੀ ਹੋ ਕੇ ਜੀਵਨ ਮਨੋਰਥ ਦਾ ਪਰਮ ਫਲ ਪ੍ਰਾਪਤ ਹੋ ਜਾਵੇਗਾ।

*ਵਰਿਆਮ ਸਿੰਘ*
*ਬਾਨੀ, ਮੁਖੀ ਤੇ ਚੇਅਰਮੈਨ*
*ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ*
*ਐਜੂਕੇਸ਼ਨਲ ਚੈਰੀਟੇਬਲ ਟਰੱਸਟ*

# ਪ੍ਰਾਕਥਨ

ਰੂਹਾਨੀ ਗੁਲਦਸਤਾ (ਭਾਗ ਦੂਜਾ) ਮਹਾਂਪੁਰਸ਼ਾਂ ਦੇ ਮਹਿਕ ਭਰੇ ਛੇ ਦੀਵਾਨਾਂ ਦਾ ਲੇਖ-ਸੰਗ੍ਰਹਿ ਹੈ। ਸਭਨਾਂ ਲੇਖਾਂ ਵਿਚ ਨਾਮ ਦੀ ਸੁਗੰਧੀ ਹੈ ਪਰ ਵੱਖ ਵੱਖ ਲੇਖਾਂ ਦੀ ਰੰਗਤ ਅਤੇ ਆਭਾ ਵਿਚ ਵੰਨ-ਸੁਵੰਨਤਾ ਹੈ। ਨਾਮ ਦੇ ਰੰਗ ਵਿਚ ਕਹੇ ਬਚਨ ਮਿੱਠੇ ਵੀ ਲਗਦੇ ਹਨ, ਮਨ ਨੂੰ ਵੀ ਪਹੁੰਚਦੇ ਹਨ ਅਤੇ ਅਸਲੀ ਜੀਵਨ ਜੀਉਣ ਦੀ ਪ੍ਰੇਰਨਾ ਵੀ ਬਖਸ਼ਦੇ ਹਨ। ਆਮ ਤੌਰ ਤੇ ਵਿਆਖਿਆਕਾਰ ਨਾਮ ਦੀ ਵਡਿਆਈ ਤਾਂ ਦਸ ਦਿੰਦੇ ਹਨ ਪਰ ਨਾਮ-ਜਾਪ-ਸਿਮਰਨ ਕਿਵੇਂ ਕਰਨਾ ਹੈ ? ਸਬਦਿ-ਸੁਰਤਿ ਤੋਂ ਕੀ ਭਾਵ ਹੈ ? ਰਸਨਾ ਨਾਲ ਅਤੇ ਸੁਆਸ ਸੁਆਸ ਨਾਮ ਕਿਵੇਂ ਜਪਣਾ ਹੈ ? ਮਨ ਨੂੰ ਕਿਵੇਂ ਇਕਾਗਰ ਕਰਨਾ ਹੈ ? ਇਹ ਕੋਈ ਵਿਰਲਾ ਹੀ ਦਸਦਾ ਹੈ। ਧਾਰਮਿਕ ਸਤਿਸੰਗਾਂ ਵਿਚ ਇਹ ਤਾਂ ਦੱਸਿਆ ਜਾਂਦਾ ਹੈ ਕਿ ਵਿਕਾਰ-ਰਹਿਤ ਜੀਵਨ ਹੋਣਾ ਚਾਹੀਦਾ ਹੈ ਪਰ ਵਿਕਾਰਾਂ ਤੋਂ ਛੁਟਕਾਰਾ ਕਿਵੇਂ ਪਾਉਣਾ ਹੈ ? ਇਹ ਕੋਈ ਨਹੀਂ ਦਸਦਾ। ਇਹ ਕੰਮ ਬਹੁਤ ਕਠਨ ਹੈ ਕਿਉਂਕਿ ਇਸਨੂੰ ਅਨੁਭਵ ਤੋਂ ਬਿਨਾਂ ਦੱਸਿਆ ਹੀ ਨਹੀਂ ਜਾ ਸਕਦਾ। ਇਹ ਮੁਸ਼ਕਲ ਕਾਰਜ ਮਹਾਂਪੁਰਸ਼ਾਂ ਨੇ ਚੁਣਿਆ ਹੈ। ਆਪ ਜੀ ਦੇ ਪ੍ਰਵਚਨਾਂ ਵਿਚ ਨਾਮ ਦੀ ਭਰਪੂਰ ਵਿਆਖਿਆ ਵੀ ਪ੍ਰਾਪਤ ਹੈ ਅਤੇ ਨਾਮ ਜਪਣ ਦੀ ਪੂਰੀ ਪੂਰੀ ਵਿਧੀ ਵੀ ਦੱਸੀ ਹੈ। ਮਨ ਦੀ ਸ਼ੁਧਤਾ ਲਈ ਸਰਲ ਰਸਤਾ ਵੀ ਦਰਸਾਇਆ ਹੈ। ਇਸ ਤਰ੍ਹਾਂ ਜਗਿਆਸੂ ਨੂੰ ਨਾਮ ਅਭਿਆਸ ਲਈ ਪੂਰੀ ਸੇਧ ਪ੍ਰਾਪਤ ਹੋ ਜਾਂਦੀ ਹੈ। ਆਪ ਜੀ ਦੀ ਲਿਖਤ ਦਾ ਇਹ ਮੀਰੀ ਗੁਣ ਹੈ ਜਿਵੇਂ ਰੂਹਾਨੀ ਗੁਲਦਸਤਾ ਭਾਗ ਇਕ ਵਿਚ ਦੱਸਿਆ ਹੈ ਕਿ ਇਹ ਲੇਖ ਆਪ ਜੀ ਦੇ ਵੱਖ ਵੱਖ ਸਮਿਆਂ ਤੇ ਲਗਾਏ ਗਏ ਦੀਵਾਨਾਂ ਦਾ ਸੰਗ੍ਰਹਿ ਹੈ - ਪਹਿਲਾ ਲੇਖ 'ਨਾਮ-ਮਹਿਮਾ' ਹੈ ਜਿਸ ਵਿਚ ਆਪ ਜੀ ਨੇ ਦੱਸਿਆ ਹੈ ਕਿ ਨਾਮ ਅਮੋਲਕ ਵਸਤੂ ਹੈ, ਇਸ ਦਾ ਕੋਈ ਮੁੱਲ ਨਹੀਂ ਦਸ ਸਕਦਾ। ਨਾਮ ਕਿਵੇਂ ਪ੍ਰਾਪਤ ਹੁੰਦਾ ਹੈ ਅਤੇ ਨਾਮ-ਸਿਮਰਨ ਦੀਆਂ ਅਵਸਥਾਵਾਂ ਕੀ ਹਨ, ਆਪਣੇ ਅਨੁਭਵ ਵਿਚੋਂ ਪ੍ਰਵਚਨ ਕਰਦਿਆਂ ਆਪ ਜੀ ਦਸਦੇ ਹਨ ਕਿ **"ਹੌਲੀ ਹੌਲੀ ਅੰਦਰ ਨਾਮ ਦੀ ਅਵਸਥਾ ਚੜ੍ਹਦੀ ਹੈ, ਗੁਰਮੰਤਰ ਅਸੀਂ ਲੈਂਦੇ ਹਾਂ ਪੂਰੇ ਗੁਰਾਂ ਤੋਂ, ਪੰਜ ਪਿਆਰੇ ਗੁਰਮੰਤ੍ਰ ਦਿਆ ਕਰਦੇ ਹਨ, ਉਸ ਤੋਂ ਬਾਅਦ ਅਸੀਂ ਮਾਲਾ ਨਾਲ ਨਾਮ ਜਪਦੇ ਹਾਂ, ਫਿਰ ਰਸਨਾ ਨਾਲ, ਸੁਆਸ ਨਾਲ, ਆਗਿਆ ਚੱਕਰ ਦੇ ਵਿਚ ਜਪਦੇ ਹਾਂ। ਆਗਿਆ ਚੱਕਰ ਵਿਚ ਨਾਮ ਦੀ ਧੁਨੀ ਹੋਇਆ ਕਰਦੀ ਹੈ, ਉਹਦੇ ਨਾਲ ਨਾਮ ਲਾ ਲਈਦਾ ਹੈ, ਓਥੇ ਸੁਰਤ ਤੇ ਨਿਰਤ ਦੋ ਚੀਜ਼ਾਂ ਹੁੰਦੀਆਂ ਹਨ, 'ਸੁਰਤ' ਤਾਂ ਧੁਨੀ ਸੁਣਦੀ ਹੈ, 'ਨਿਰਤ' ਪ੍ਰਕਾਸ਼ ਦੇ ਦਰਸ਼ਨ ਕਰਦੀ ਹੈ, ਗੁਰੂ ਦੇ ਦਰਸ਼ਨ ਕਰਦੀ ਹੈ ਸਾਕਾਰ ਦਾ ਧਿਆਨ ਧਰਦੀ ਹੈ, ਫਿਰ ਹੌਲੀ ਹੌਲੀ ਨਾਮ ਚਲਦਾ ਚਲਦਾ ਵਿਵੇਕ ਮੰਡਲ ਵਿਚ ਪਹੁੰਚ ਜਾਇਆ ਕਰਦਾ ਹੈ।** ਅਨੇਕਾਂ ਉਦਾਹਰਣਾਂ ਅਤੇ ਪ੍ਰਸੰਗ ਪੜ੍ਹਨ ਉਪਰੰਤ ਇਹ ਪ੍ਰਤੱਖ ਹੋ ਜਾਂਦਾ ਹੈ ਕਿ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ - 81***

ਦੂਜੇ ਲੇਖ ਦਾ ਸਿਰਲੇਖ ਹੈ ***'ਸਰਬ ਰੋਗ ਕਾ ਅਉਖਦੁ ਨਾਮੁ।'*** ਜਿਵੇਂ ਕਿ ਸਿਰਲੇਖ ਤੋਂ ਹੀ ਪ੍ਰਗਟ ਹੈ ਇਸ ਵਿਚ ਇਹ ਸਪਸ਼ਟ ਕੀਤਾ ਹੈ ਕਿ ਪ੍ਰਮੇਸ਼ਰ ਦੇ ਨਾਮ ਨਾਲ ਸਰੀਰਕ ਤੇ ਮਾਨਸਕ ਦੋਨੋਂ ਦੁਖ ਹੀ ਨਾਸ਼ ਹੋ ਜਾਂਦੇ ਹਨ। **"ਸਰੀਰਕ ਦੁਖਾਂ ਨਾਲੋਂ ਮਾਨਸਕ ਦੁਖ ਜ਼ਿਆਦਾ ਪ੍ਰਬਲ ਹੁੰਦੇ ਹਨ, ਸਰੀਰਕ ਦੁਖ ਤਾਂ ਦਵਾਈਆਂ ਨਾਲ ਵੀ ਠੀਕ ਹੋ ਜਾਂਦੇ ਹਨ ਪਰ ਮਨ ਦੇ ਦੁਖਾਂ ਨੂੰ ਦੂਰ ਕਰਨ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ....ਇਸ ਤੋਂ ਬਾਦ ਆਰਥਕ ਦੁਖ ਹਨ, ਸਮਾਜਿਕ ਅਤੇ ਭਾਈਚਾਰਕ ਦੁਖ ਹਨ....ਰਾਜਸੀ ਦੁਖ ਹਨ ਆਪ ਜੀ ਨੇ** ਇਨ੍ਹਾਂ ਦੁਖਾਂ ਦਾ ਕਮਾਲ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਦੱਸਿਆ ਹੈ ਕਿ ਨਾਮ ਕਿਵੇਂ ਸਾਰੇ ਦੁਖਾਂ ਦਾ ਦਾਰੂ ਹੈ। ਇਹ ਸ਼ੰਕਾ ਉਤਪੰਨ ਹੋਣਾ ਕੁਦਰਤੀ ਹੈ ਕਿ ਨਾਮ ਜਪਣ ਨਾਲ ਅਰਥ ਵਿਵਸਥਾ ਕਿਵੇਂ ਠੀਕ ਹੋ ਸਕਦੀ ਹੈ? ਇਸ ਸਬੰਧੀ ਆਪ ਜੀ ਦੀ ਵਿਚਾਰ ਕਿੰਨੀ ਸਾਰਥਕ ਹੈ। ਆਪ ਜੀ ਲਿਖਦੇ ਹਨ **ਜੇ ਸਾਰੇ ਹੀ ਨਾਮ ਜਪਣ ਲਗ ਜਾਣ ਤਾਂ ਲਾਲਚ ਹਟ ਜਾਂਦਾ ਹੈ, ਤ੍ਰਿਸ਼ਨਾ ਹਟ ਜਾਂਦੀ ਹੈ, ਕੰਮ ਕਰਨ ਵਾਸਤੇ ਸੇਵਾ ਦਾ ਜਜ਼ਬਾ ਪੈਦਾ ਹੁੰਦਾ ਹੈ, ਸਾਰੇ ਸੰਸਾਰ ਦੀ ਸੇਵਾ ਦਾ ਜਜ਼ਬਾ।** ਏਸੇ ਤਰ੍ਹਾਂ ਜਦੋਂ ਨਿੰਦਿਆ, ਚੁਗਲੀ, ਵੈਰ, ਵਿਰੋਧ ਖਤਮ ਹੋ ਗਏ, ਹਰ ਬੰਦੇ ਨੂੰ ਨਾਲ ਲੈ ਕੇ ਚਲਣ ਦੀ ਆਦਤ ਬਣ ਗਈ ਤਾਂ ਭਾਈਚਾਰਕ ਦੁਖ ਵੀ ਖਤਮ ਹੋ ਜਾਂਦੇ ਹਨ, ਵਿਚੋਂ ਲਾਲਚ ਖਤਮ ਹੋ ਜਾਂਦਾ ਹੈ, ਆਦਮੀ ਸ਼ੁਧ ਹੋ ਕੇ ਵਰਤਦਾ ਹੈ। ਇਸ ਲੇਖ ਰਾਹੀਂ ਇਹ ਵਿਸ਼ਵਾਸ਼ ਦ੍ਰਿੜ੍ਹ ਹੋ ਜਾਂਦਾ ਹੈ ਕਿ ਸਾਰਾ ਸੰਸਾਰ ਹੀ ਕਿਸੇ ਨਾ ਕਿਸੇ ਰੋਗ ਵਿਚ ਗ੍ਰਸਤ ਹੈ ਅਤੇ ਇਸ ਦਾ ਇਕੋ ਇਲਾਜ 'ਨਾਮ' ਹੈ ਜਿਵੇਂ ਕਿ ਫੁਰਮਾਨ ਹੈ -

***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥***
***ਪੰਨਾ - 687***

ਇਸ ਤਰ੍ਹਾਂ ਮਹਾਂਪੁਰਸ਼ਾਂ ਨੇ ਰੋਗਾਂ ਦੇ ਕਾਰਨ ਦਸਦਿਆਂ ਸਪਸ਼ਟ ਕੀਤਾ ਹੈ ਕਿ ਮਨੁੱਖ 'ਪ੍ਰਮੇਸ਼ਰ ਨੂੰ ਭੁੱਲ ਕੇ ਰਸਾਂ ਵਿਚ ਪੈ ਜਾਂਦਾ ਹੈ, ਜੀਭ ਦੇ ਰਸਾਂ ਵਿਚ ਸਵਾਦੂ ਭੋਜਨ ਖਾਣ ਲਗ ਜਾਂਦਾ ਹੈ, ਭੋਗਾਂ ਦੇ ਰਸਾਂ ਵਿਚ ਪੈ ਕੇ ਸਰੀਰ ਰੋਗੀ ਕਰ ਲੈਂਦਾ ਹੈ, ਮਨ ਰੋਗੀ ਹੋ ਜਾਂਦਾ ਹੈ, ਮਨ ਤੋਂ ਬਾਅਦ ਸਰੀਰ ਰੋਗੀ ਹੋ ਜਾਂਦਾ ਹੈ। ਇਸ ਲੇਖ ਵਿਚ ਇਹ ਨਿਰਣਾ ਦ੍ਰਿੜ੍ਹ ਹੁੰਦਾ ਹੈ ਕਿ ਕਲਜੁਗ ਵਿਚ ਵਧੇ ਹੋਏ ਦੁਖਾਂ ਦਾ ਨਾਮ ਹੀ ਦਾਰੂ ਹੈ ਅਤੇ ਨਾਮ ਜਪ ਕੇ ਹੀ ਦੁਖਾਂ ਤੋਂ ਛੁਟਕਾਰਾ ਹੋ ਸਕਦਾ ਹੈ।

'ਮੈਂ ਨਾਹੀਂ' ਇਸ ਪੁਸਤਕ ਦਾ ਅਗਲਾ ਲੇਖ ਹੈ। 'ਮੈਂ' ਹੀ ਸਾਰੀ ਸਮੱਸਿਆ ਦੀ ਜੜ੍ਹ ਹੈ। ਜੇ 'ਮੈਂ' ਨਾ ਹੋਵੇ ਤਾਂ ਹੀ 'ਤੂੰ' ਹੋਵੇਗਾ। ਇਹ ਤਾਂ ਸਪਸ਼ਟ ਹੈ ਜਿਵੇਂ ਬਾਣੀ ਵਿਚ ਫੁਰਮਾਨ ਹੈ -

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ ਪੰਨਾ***

*– 474*

ਅਸੀਂ 'ਤੂੰ' 'ਤੇਰਾ' ਨੂੰ ਭੁੱਲ ਕੇ 'ਮੈਂ' 'ਮੇਰੀ' ਦਾ ਸੰਸਾਰ ਰਚ ਲਿਆ ਹੈ, **ਮੈਂ ਹਾਂ, ਮੇਰਾ ਸਭ ਕੁਛ ਹੈ – ਮੇਰੀ ਜ਼ਮੀਨ ਹੈ, ਮੇਰਾ ਘਰ ਹੈ, ਮੇਰੇ ਬੱਚੇ ਨੇ, ਮੇਰੇ ਰਿਸ਼ਤੇਦਾਰ ਨੇ, ਮੇਰਾ, ਮੇਰਾ ਮੁਕਦਾ ਹੀ ਨਹੀਂ, ਮੇਰਾ ਦੇਸ਼ ਹੈ, ਮੇਰਾ ਧਰਮ ਹੈ, ਕਿੰਨਾ ਹੀ ਕਰੀ ਜਾਉ ਮੇਰਾ, ਮੇਰਾ ਮੈਂ ਮੇਰੀ ਮਿਟ ਜਾਣ ਤੋਂ ਬਾਅਦ** ਹੀ ਅਸਲ ਦਾ ਪ੍ਰਕਾਸ਼ ਹੁੰਦਾ ਹੈ।

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥*** ***ਪੰਨਾ – 1161***

ਇਸ ਪਹੇਲੀ ਨੂੰ ਮਹਾਂਪੁਰਸ਼ਾਂ ਨੇ ਰਾਜਾ ਇੰਦਰਸੈਨ ਦੇ ਪ੍ਰਸੰਗ ਰਾਹੀਂ ਬੜੇ ਨਾਟਕੀ ਢੰਗ ਰਾਹੀਂ ਸਪਸ਼ਟ ਕੀਤਾ ਹੈ। ਇੰਦਰਸੈਨ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਆਉਂਦਾ ਹੈ। ਗੁਰੂ ਮਹਾਰਾਜ ਉਸ ਨੂੰ ਗਿਆਨ ਦੇਣ ਤੋਂ ਪਹਿਲਾਂ ਅਨਾਤਮ ਭੇਟ ਕਰਨ ਲਈ ਕਹਿੰਦੇ ਹਨ, ਉਹ ਹੌਲੀ ਹੌਲੀ – ਪੰਚ ਤੱਤ ਅਤੇ ਪੱਚੀ ਪ੍ਰਕ੍ਰਿਤੀਆਂ ਦਾ ਬਣਿਆ ਸਰੀਰ ਅਰਪਨ ਕਰਦਾ ਹੈ, ਫੇਰ ਸੂਖਸ਼ਮ ਸਰੀਰ – ਪੰਜ ਪ੍ਰਾਣ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਮਨ ਆਦਿ 17 ਤੱਤਾਂ ਦਾ ਬਣਿਆ ਸੂਖਸ਼ਮ ਸਰੀਰ ਵੀ ਭੇਟ ਕਰ ਦਿੰਦਾ ਹੈ, ਫੇਰ 'ਮਨ', ਬੁੱਧੀ, ਚਿਤ ਵੀ ਦੇ ਦਿੰਦਾ ਹੈ। **ਫੇਰ ਗੁਰੂ ਜੀ ਕਹਿੰਦੇ ਹਨ ਕਿ ਸਭ ਤੋਂ ਵੱਧ ਪ੍ਰਬਲ ਰੁਕਾਵਟ ਤਾਂ 'ਮੈਂ' ਹੈ, ਫੇਰ ਇਹ ਦੇ ਦੇ ਸਾਨੂੰ ਕਿ 'ਮੈਂ' ਹਾਂ। 'ਮੈਂ' ਹੀ ਸਭ ਦੁੱਖਾਂ ਦਾ ਕਾਰਨ ਹੈ। ਇਹੋ ਅਗਿਆਨ ਦਾ ਮੂਲ ਹੈ।** ਅਨੁਭਵੀ ਲੇਖਕ ਨੇ ਇੰਦਰਸੈਨ ਦੀ ਉਸ ਸਹਿਜ ਸਮਾਧ ਦਾ ਅਨੂਠਾ ਬਿਆਨ ਕੀਤਾ ਹੈ ਜੋ ਉਸ ਨੂੰ 'ਮੈਂ' ਭੇਟ ਕਰਨ ਤੇ ਪ੍ਰਾਪਤ ਹੋਈ। ਆਪ ਜੀ ਲਿਖਦੇ ਹਨ, ਆਤਮ ਜੋਤ ਜਿਹੜੀ ਸਾਰੇ ਪਰੀਪੂਰਨ ਹੈ, ਉਸ ਵੇਲੇ ਪ੍ਰਤੱਖ ਹੋ ਗਈ। ਉਸ ਦੀ ਸਮਾਧੀ ਲਗ ਗਈ, ਉਸ ਦੀ ਆਪਣੀ ਹੋਂਦ ਹੀ ਖਤਮ ਹੋ ਗਈ। ਉਸ ਦਾ ਸਾਰਾ ਕੁਝ ਭੁੱਲ ਗਿਆ, ਕੇਵਲ ਪ੍ਰਮੇਸ਼ਰ ਦਾ ਅਨੰਦ ਰਹਿ ਗਿਆ – ਸਤਿ ਚਿਤ ਅਨੰਦ ਵਾਹਿਗੁਰੂ ਦਾ ਰੂਪ ਬਣਾ ਦਿਤਾ।

'ਕਰਿ ਚਾਨਣ ਸਾਹਿਬ ਤਉ ਮਿਲੈ' ਇਸ ਪੁਸਤਕ ਦਾ ਚੌਥਾ ਲੇਖ ਹੈ। ਇਸ ਵਿਚ ਮਹਾਂਪੁਰਸ਼ਾਂ ਨੇ ਕਈ ਪ੍ਰਸੰਗਾਂ ਅਤੇ ਉਦਾਹਰਣਾਂ ਰਾਹੀਂ ਵਾਹਿਗੁਰੂ ਮਿਲਾਪ ਦਾ ਮਾਰਗ ਸਪਸ਼ਟ ਕੀਤਾ ਹੈ। "ਸਭ ਤੋਂ ਸ੍ਰੇਸ਼ਟ ਢੰਗ ਪ੍ਰਭੂ ਪਿਆਰ ਦੱਸਿਆ ਹੈ ਕਿਉਂਕਿ ਵਾਹਿਗੁਰੂ ਦਾ ਸਰੂਪ ਵੀ ਪਿਆਰ ਹੈ, ਕੇਵਲ ਪਿਆਰ ਹੀ ਪਿਆਰ ਨੂੰ ਮਿਲ ਸਕਦਾ ਹੈ।" ਸਾਡੇ ਅੰਦਰ ਪ੍ਰਭੂ ਪਿਆਰ ਦੀ ਭਾਵਨਾ ਕਿਉਂ ਨਹੀਂ ਪੈਦਾ ਹੁੰਦੀ ਕਿਉਂਕਿ ਅਸੀਂ ਸੁੱਤੇ ਪਏ ਹਾਂ, ਸਾਡੇ ਅੰਦਰ ਤਿੰਨ ਕਿਸਮ ਦੀ ਨੀਂਦ ਚਲ ਰਹੀ ਹੈ – ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ ਦਾ ਨਸ਼ਾ ਚਲ ਰਿਹਾ ਹੈ – ਅੰਦਰ ਕੋਈ ਐਸੀ ਕਿਰਿਆ ਚਲ ਰਹੀ ਹੈ ਜੋ ਆਦਮੀ ਨੂੰ ਸੁਲਾ ਰਹੀ ਹੈ, ਇਸ ਨੀਂਦ ਵਿਚੋਂ

ਕਿਵੇਂ ਜਾਗਿਆ ਜਾਵੇ? ਇਸ ਦਾ ਉਲੇਖ ਆਪ ਜੀ ਨੇ ਵਿਸਥਾਰ ਨਾਲ ਦੱਸਿਆ ਹੈ। ਆਪ ਜੀ ਨੇ ਗੁਰਬਾਣੀ ਦੇ ਪ੍ਰਸੰਗ ਵਿਚ ਦੱਸਿਆ ਹੈ ਕਿ ਨਾਮ ਦੀ ਕਮਾਈ ਕਰੋ, ਭਗਤੀ ਸ਼ਰਧਾ ਅਤੇ ਸਿਦਕ ਦੀ ਬੱਤੀ ਪਾਉ, ਸਤਿ ਸਾਸ਼ਤਰਾਂ, ਗੁਰਬਾਣੀ ਦੀ ਵੀਚਾਰ ਕਰੋ, ਸੱਚ ਨੂੰ ਬੁਝੋ, ਸੱਚ ਦੇ ਅੱਗੇ ਜੋ ਹਉਮੈ ਦੀ ਦੀਵਾਰ ਖੜ੍ਹੀ ਹੈ, ਉਸ ਨੂੰ ਤੋੜੋ - ਪ੍ਰਮੇਸ਼ਰ ਦੀ ਮਰਜ਼ੀ ਦੇ ਵਿਚ ਆਪਣੇ ਆਪ ਨੂੰ ਸੁਰ ਕਰਕੇ। ਇਸ ਤਰ੍ਹਾਂ ਰਿਦੈ ਵਿਚ ਸਚ ਨੂੰ ਵਸਾਉ ***(ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।। (ਪੰਨਾ - 468)*** ਜਿੰਨੀ ਦੇਰ ਮਨੁੱਖ ਭਗਤੀ ਨਹੀਂ ਕਰਦਾ, ਉਨੀਂ ਦੇਰ ਤਕ ਲੰਘ ਨਹੀਂ ਸਕਦਾ ਕਿਉਂਕਿ ਅਖੀਰ ਵਿਚ ਭਗਤੀ ਨੂੰ ਫਲ ਪਿਆਰ ਦਾ ਲਗਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

***ਪੋਥੀ ਪੁਰਾਣ ਕਮਾਈਐ॥***
***ਭਉ ਵਟੀ ਇਤੁ ਤਨਿ ਪਾਈਐ॥***
***ਸਚੁ ਬੂਝਣੁ ਆਣਿ ਜਲਾਈਐ॥***
***ਇਹੁ ਤੇਲੁ ਦੀਵਾ ਇਉ ਜਲੈ।।***
***ਕਰਿ ਚਾਨਣੁ ਸਾਹਿਬ ਤਉ ਮਿਲੈ॥ ਪੰਨਾ - 25***

ਇਸ ਲੇਖ ਵਿਚ ਇਸ ਦੀ ਭਰਪੂਰ ਵਿਆਖਿਆ ਹੋਈ ਹੈ। ਨਿਰਣੇ ਵਜੋਂ ਆਪ ਜੀ ਨੇ ਦੱਸਿਆ ਹੈ 'ਵਾਹਿਗੁਰੂ ਨੂੰ ਮਿਲਣ ਲਈ, 'ਸੁਰਤੀ' ਰੂਪੀ ਦੀਵਾ ਜਲਾਉਣ ਲਈ ਭਗਤੀ ਜ਼ਰੂਰੀ ਹੈ ਜਿਸ ਨੂੰ ਪਿਆਰ ਕਹਿੰਦੇ ਹਨ - ਪਿਆਰ-ਭਉ। ਇਹ ਲੇਖ ਪੜ੍ਹ ਕੇ ਪਾਠਕ ਅੰਦਰ ਵੀ ਪਿਆਰ ਦੀ ਭਾਵਨਾ ਸੁਤੇ ਸਿੱਧ ਉਜਾਗਰ ਹੁੰਦੀ ਹੈ।

ਇਸ ਪੁਸਤਕ ਦੇ ਪੰਜਵੇਂ ਲੇਖ ਦਾ ਸਿਰਲੇਖ ਹੈ - 'ਜੇਹਾ ਮਨਰੋਥ ਕਰਿ ਆਰਾਧੈ।' ਇਸ ਵਿਚ ਮਹਾਂਪੁਰਸ਼ਾਂ ਨੇ ਸੰਤਾਂ, ਸਾਧੂਆਂ ਅਤੇ ਅਨੁਭਵੀ ਪੁਰਸ਼ਾਂ ਦੀ ਸਥਿਤੀ ਤੇ ਮਹਿਮਾ ਦੱਸੀ ਹੈ ਤੇ ਕਈ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਤੇ ਪ੍ਰਸੰਗਾਂ ਰਾਹੀਂ ਸਿੱਧ ਕੀਤਾ ਹੈ ਕਿ ਸੰਤ ਅਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੁੰਦਾ। ਅਸਲ ਸੰਤ ਉਹ ਹੈ ਜੋ ਸ੍ਵਾਸ ਸ੍ਵਾਸ ਨਾਮ ਜਪਦਾ ਹੈ ਅਤੇ ਜਿਸ ਦੇ ਦਰਸ਼ਨ ਕਰਦਿਆਂ ਸਦਾ ਪ੍ਰਮਾਤਮਾ ਯਾਦ ਆਉਂਦਾ ਹੈ ਅਤੇ ਸਹਿਜ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਸੰਤ ਕਾਲ-ਚੱਕਰ ਤੋਂ ਰਹਿਤ ਹੁੰਦੇ ਹਨ, ਜਨਮ ਮਰਣ ਵਿਚ ਨਹੀਂ ਹੁੰਦੇ। ਉਹ ਜਗਿਆਸੂਆਂ ਨੂੰ ਨਾਮ ਨਾਲ ਜੋੜਦੇ ਹਨ, ਪ੍ਰਭੂ ਗਿਆਨ ਬਖਸ਼ਿਸ਼ ਕਰਦੇ ਹਨ ਅਤੇ ਪ੍ਰਭੂ ਦੀ ਨਦਰ ਦੇ ਪਾਤਰ ਬਣਾਉਂਦੇ ਹਨ। ਮਨ ਦਾ ਅਨ੍ਹੇਰਾ ਖਤਮ ਹੋਣ ਤੇ ਹੀ ਮਨੁੱਖ ਨੂੰ ਅਸਲ ਸਰੂਪ ਦੀ ਸੋਝੀ ਹੁੰਦੀ ਹੈ ਅਤੇ ਵਾਹਿਗੁਰੂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਅਨੁਭਵੀ ਮਹਾਂਪੁਰਸ਼ਾਂ ਨੇ ਇਸ ਲੇਖ ਵਿਚ ਦੱਸਿਆ ਹੈ ਕਿ ਹਉਮੈ ਦੀ ਸੁਰਤਿ ਨੂੰ ਵਿਸਾਰ ਕੇ ਹੀ ਸ੍ਵੈ-ਗਿਆਨ ਅਤੇ ਪ੍ਰਭੂ ਗਿਆਨ ਪ੍ਰਾਪਤ ਹੋ ਸਕਦਾ ਹੈ। ਇਸ ਲੇਖ ਵਿਚ ਬਹੁਤ ਸਾਰੇ ਐਸੇ ਸੱਚੇ ਪ੍ਰਸੰਗ ਹਨ ਜਿਨ੍ਹਾਂ ਵਿਚ ਇਹ ਦੱਸਿਆ ਹੈ ਕਿ ਕਿਵੇਂ

ਜਗਿਆਸੂਆਂ ਦੇ ਮਨੋਰਥ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਬਖਸ਼ਿਸ਼ ਨਾਲ ਸਪੰਨ ਹੋਏ। ਇਹ ਇਤਿਹਾਸਕ ਸੱਚ ਹੈ ਕਿ ਪੰਜਵੇਂ ਪਾਤਸ਼ਾਹ ਦੇ ਘਰ ਗੁਰੂ ਹਰਿਗੋਬਿੰਦ ਸਾਹਿਬ ਦਾ ਆਵੇਸ਼ ਪੂਰਨ ਪੁਰਸ਼ ਬਾਬਾ ਬੁੱਢਾ ਜੀ ਦੇ ਵਰ ਨਾਲ ਹੋਇਆ। ਸੰਤ ਮਹਾਂਪੁਰਸ਼ਾਂ ਪਾਸ ਪ੍ਰਭੂ ਵਲੋਂ ਪ੍ਰਾਪਤ ਨਾਮ ਸ਼ਕਤੀ ਹੁੰਦੀ ਹੈ। ਉਹ ਆਪ ਜੀਵਨ ਮੁਕਤ ਹੁੰਦੇ ਹਨ ਅਤੇ ਤੁਰੀਆ ਵਿਚ ਵਿਚਰਦੇ ਹਨ ਜਿਥੇ ਸਾਰੇ ਸੰਕਲਪ, ਸਾਰੀਆਂ ਬਿਰਤੀਆਂ ਖਤਮ ਹੋ ਜਾਂਦੀਆਂ ਹਨ। ਐਸੇ ਮਹਾਂਪੁਰਸ਼ਾਂ ਸਾਧ ਜਨਾਂ ਦੀ ਸੰਗਤ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

ਛੇਵਾਂ ਲੇਖ 'ਨਾਨਕ ਨਾਮੁ ਸੁਖਾਲਾ' ਭਾਈ ਗੁਰਦਾਸ ਦੇ ਕਥਨ 'ਕਲਿਜੁਗਿ ਨਾਨਕ ਨਾਮੁ ਸੁਖਾਲਾ' ਦੀ ਭਰਪੂਰ ਵਿਆਖਿਆ ਕਰਦਾ ਹੈ। ਨਿਰਸੰਦੇਹ ਗੁਰੂ ਘਰ ਵਿਚ 'ਨਾਮ' ਨੂੰ ਸ਼੍ਰੋਮਣੀ ਅਸਥਾਨ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਨਾਮ ਦੀ ਵਡਿਆਈ ਨਾਲ ਭਰਪੂਰ ਹੈ ਜਾਂ ਨਾਮ-ਰੰਗ ਮਾਣਨ ਵਾਲਿਆਂ ਦੀ ਉਚ ਅਵਸਥਾ ਦਸਦਾ ਹੈ। ਗੁਰੂ ਨਾਨਕ ਦੇ ਘਰ ਵਿਚ ਕੇਵਲ ਨਾਮ ਦੀ ਹੀ ਵਡਿਆਈ ਹੈ, 'ਨਾਨਕ ਕੇ ਘਰ ਕੇਵਲ ਨਾਮ' ਗੁਰੂ ਜੀ ਨੇ ਸੰਗਤ ਬੰਨੀ ਤਾਂ ਵੀ ਉਸ ਵਿਚ ਨਾਮ ਜਾਪ ਨੂੰ ਹੀ ਮੁੱਖ ਰੱਖਿਆ -

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥***

*ਪੰਨਾ - 72*

ਮਹਾਂਪੁਰਸ਼ਾਂ ਨੇ ਸਾਰਾ ਜੀਵਨ ਨਾਮ-ਰੰਗ ਮਾਣਿਆ ਹੈ, ਨਾਮ ਜਪਿਆ ਅਤੇ ਜਪਾਇਆ ਹੈ ਅਤੇ ਨਾਮ ਦੀ ਸਹੀ ਵਿਆਖਿਆ ਕੀਤੀ ਹੈ। ਨਾਮ ਦੀ ਵਡਿਆਈ ਦਸਣੀ ਤਾਂ ਐਨੀ ਔਖੀ ਗੱਲ ਨਹੀਂ ਪਰ ਨਾਮ ਕਿਵੇਂ ਜਪਣਾ ਹੈ? ਨਾਮ ਕਿਵੇਂ ਨਿਰੰਤਰ ਜੀਵਨ-ਜਾਚ ਬਣ ਜਾਂਦਾ ਹੈ? ਨਾਮ ਦਾ ਆਚਾਰ ਵਿਹਾਰ ਕੈਸਾ ਹੁੰਦਾ ਹੈ? ਨਾਮ ਦਾ ਡਿਸਿਪਲਨ ਕੀ ਹੈ ਤੇ ਕਿਵੇਂ ਧਾਰਨ ਕਰਨਾ ਹੈ? ਚਿੱਤ-ਬਿਰਤੀਆਂ ਕਿਵੇਂ ਇਕਾਗਰ ਕਰਨੀਆਂ ਹਨ? ਨਾਮ ਦੀਆਂ ਅਵਸਥਾਵਾਂ ਕੀ ਹਨ? ਮਹਾਂਪੁਰਸ਼ਾਂ ਵਰਗਾ ਕੋਈ ਅਨੁਭਵੀ ਪੁਰਸ਼ ਹੀ ਇਹ ਭੇਦ ਖੋਲ੍ਹ ਸਕਦਾ ਹੈ। ਇਹ ਲੇਖ ਪੜ੍ਹ ਕੇ ਜਗਿਆਸੂ ਦੀ ਪੂਰੀ ਪੂਰੀ ਤ੍ਰਿਪਤੀ ਹੁੰਦੀ ਹੈ ਅਤੇ ਨਾਮ-ਸਿਮਰਨ ਲਈ ਅੰਦਰ ਭਰਪੂਰ ਉਤਸ਼ਾਹ ਪੈਦਾ ਹੁੰਦਾ ਹੈ। ਆਪ ਜੀ ਨੇ ਦੂਜੇ ਸਾਧਨਾ, ਵਿਸ਼ੇਸ਼ ਕਰਕੇ ਯੋਗ ਸਾਧਨਾ ਦੀ ਵੀ ਪੂਰੀ ਵਿਆਖਿਆ ਕਰਕੇ ਨਾਮ ਨੂੰ ਸੌਖਾ, ਸਿੱਧਾ ਤੇ ਉਚਿਤ ਰਸਤਾ ਸਿੱਧ ਕੀਤਾ ਹੈ।

ਪੁਸਤਕ ਰੂਹਾਨੀ ਗੁਲਦਸਤਾ ਦਾ ਆਖਰੀ ਲੇਖ ਹੈ 'ਸਾਧ ਬਚਨ ਅਟਲਾਧਾ' ਜਿਸ ਵਿਚ ਇਹ ਸਿੱਧ ਕੀਤਾ ਹੈ ਕਿ ਜਿਸ ਸਾਧੂ ਮਹਾਂਪੁਰਸ਼ ਨੇ ਆਪਣੇ ਆਪ ਨੂੰ ਸਾਧ ਲਿਆ ਹੈ, ਰੱਬ ਨਾਲ ਜੋੜ ਲਿਆ ਹੈ, ਉਸਦੇ ਬਚਨਾਂ ਵਿਚ ਸਿੱਧੀ ਹੁੰਦੀ ਹੈ, ਉਹ ਬਚਨ ਅਜਾਈਂ ਨਹੀਂ ਜਾਂਦੇ। ਐਸੇ ਅਨੇਕਾਂ ਪ੍ਰਸੰਗ ਗੁਰੂ ਮਹਾਰਾਜ ਜੀ ਦੇ ਜੀਵਨ ਵਿਚੋਂ ਦਿਤੇ ਹਨ ਜਿਥੇ ਉਨ੍ਹਾਂ ਨੇ ਬਚਨ ਕੀਤੇ ਅਤੇ ਉਹ ਪ੍ਰਤੱਖ ਹੋਏ, ਐਸੇ ਗੁਰਸਿੱਖਾਂ ਦੇ ਪ੍ਰਸੰਗ ਦੱਸੇ ਹਨ ਜਿਨ੍ਹਾਂ ਦੇ

ਬਚਨਾਂ ਨੂੰ ਗੁਰੂ ਜੀ ਨੇ ਵੀ ਨਹੀਂ ਮੋੜਿਆ। ਭਾਰਤੀ ਇਤਿਹਾਸ ਮਿਥਿਹਾਸ ਵਿਚੋਂ ਅਨੇਕਾਂ ਐਸੇ ਪ੍ਰਸੰਗ ਦੱਸੇ ਹਨ ਜਦੋਂ ਕਿਸੇ ਰਿਸ਼ੀ ਦੇ ਵਰ ਜਾਂ ਸਰਾਪ ਰਾਹੀਂ ਸਮਾਜ ਦਾ ਇਤਿਹਾਸ ਹੀ ਬਦਲ ਗਿਆ। ਸਾਰਾ ਬ੍ਰਹਿਮੰਡ ਪ੍ਰਭੂ ਦੇ ਵਸ ਵਿਚ ਹੈ ਪਰ ਭਗਤ ਆਪਣੇ ਅਥਾਹ ਪਿਆਰ ਅਤੇ ਭਗਤੀ ਰਾਹੀਂ ਰੱਬ ਨੂੰ ਵੀ ਵਸ ਵਿਚ ਕਰ ਲੈਂਦਾ ਹੈ, ਐਸਾ ਗੁਰਬਾਣੀ ਵਿਚ ਫੁਰਮਾਨ ਹੈ –

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ।।ਪੰਨਾ – 962***

ਇਨ੍ਹਾਂ ਲੇਖਾਂ ਵਿਚ ਮਹਾਂਪੁਰਸ਼ਾਂ ਨੇ ਗੁਰਮਤਿ ਦੇ ਪ੍ਰਸੰਗ ਵਿਚ ਸਮੁੱਚੀ ਮਨੁੱਖਤਾ ਨੂੰ ਸੱਚੇ, ਸੁੱਚੇ, ਨਾਮ ਬਾਣੀ ਵਾਲੇ ਜੀਵਨ ਵਲ ਪ੍ਰੇਰਤ ਕੀਤਾ ਹੈ, ਅਨੇਕਾਂ ਪ੍ਰਸੰਗਾਂ ਨੇ ਲਿਖਤ ਵਿਚ ਰਸ ਵੀ ਭਰਿਆ ਹੈ ਅਤੇ ਸਪਸ਼ਟਤਾ ਵੀ ਲਿਆਂਦੀ ਹੈ। ਇਹ ਰੂਹਾਨੀ ਗੁਲਦਸਤਾ ਪਾਠਕ ਦੀ ਆਤਮਾ ਨੂੰ ਨਾਮ-ਰੰਗ ਦੀਆਂ ਸੁਗੰਧੀਆਂ ਨਾਲ ਭਰਪੂਰ ਕਰਦਾ, ਨਵਾਂ ਨਰੋਆ ਜੀਵਨ ਬਖਸ਼ਦਾ ਹੈ।

***ਡਾ. ਜਗਜੀਤ ਸਿੰਘ***
***ਮੁੱਖ ਸੰਪਾਦਕ, ਆਤਮ ਮਾਰਗ***

# ਨਾਮ ਮਹਿਮਾ

ਸ਼ਾਨ.....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਮਹਿਮਾ ਤੇਰੀ ਨਾ, ਵੇਦ ਜਾਣਦੇ - 2, 2*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ - 2, 2.*
*ਮਹਿਮਾ ਤੇਰੀ ਨਾ, ....................2*

*ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥*

*ਪੰਨਾ - 894*

*ਧਾਰਨਾ - ਵਾਹਿਗੁਰੂ! ਮਹਿਮਾ ਨਾ ਤੇਰੀ ਵੇਦ ਜਾਣਦੇ - 2, 2.*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ - 2, 2.*
*ਵਾਹਿਗੁਰੂ! ਮਹਿਮਾ.....................-2*

*ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥ ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥ ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥* *ਪੰਨਾ - 894*

*ਧਾਰਨਾ - ਮਹਿਮਾ ਤੇਰੀ ਨਾ, ਵੇਦ ਜਾਣਦੇ - 2, 2*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ - 2, 2*
*ਮਹਿਮਾ ਤੇਰੀ ਨਾ,..................2*

*ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ।*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ।*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ॥*
*ਅਕਾਲ ਉਸਤਤਿ*

*ਧਾਰਨਾ - ਨਾਮ ਅਮੋਲਕ ਜੀ, ਮੇਰੇ ਸਾਹਿਬ ਦਾ - 2, 2*

*ਸਾਈ ਨਾਮੁ ਅਮੋਲੁ ਕੀਮੁ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ - 81*

ਸਾਧ ਸੰਗਤ ਜੀ! ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਆਪ ਆਪਣੇ ਨਗਰਾਂ ਤੋਂ ਦੂਰ-ਦੂਰ ਤੋਂ ਆਏ ਹੋਂ, ਗੁਰੂ ਦਰਬਾਰ ਵਿਚ ਪਹੁੰਚੇ ਹੋ, ਮੈਂ ਹਰ ਵਾਰ ਬੇਨਤੀ ਕਰਦਾ ਹਾਂ ਕਿ ਜੋ ਸ਼ਰਧਾ ਦੇ ਨਾਲ ਗੁਰੂ ਦਰਬਾਰ ਵਿਚ ਆਉਂਦੇ ਹਨ ਉਨ੍ਹਾਂ ਨੂੰ ਇਕ-ਇਕ ਕਦਮ ਦਾ ਫਲ, ਇਕ ਇਕ ਅਸ੍ਵਮੇਧ ਜੱਗ ਦੇ ਫਲ ਦੇ ਬਰਾਬਰ ਮਿਲਦਾ ਹੈ, ਐਸਾ ਮਤ ਹੈ ਮਹਾਂਪੁਰਸ਼ਾਂ ਦਾ, ਸ਼ਾਸ਼ਤਰਾਂ ਦਾ ਤੇ ਗੁਰੂ ਮਹਾਰਾਜ ਦਾ। ਸੋ ਅੱਜ ਆਪ ਆਖਰੀ ਦੀਵਾਨ ਵਿਚ ਕਾਰੋਬਾਰ ਛੱਡ ਕੇ ਪਹੁੰਚੇ ਹੋ, ਥੋੜ੍ਹੀ ਦੇਰ ਵਾਸਤੇ ਬਿਰਤੀ ਇਕਾਗਰ ਕਰੋ। ਜਦੋਂ ਕੋਈ ਚੀਜ਼ ਵਿਧੀ ਪੂਰਵਕ ਕੀਤੀ ਜਾਵੇ, ਤਾਂ ਪੂਰਾ-ਪੂਰਾ ਲਾਭ ਪ੍ਰਾਪਤ ਹੁੰਦਾ ਹੈ। ਵਿਧੀ ਤੋਂ ਬਗੈਰ ਕੋਈ ਚੀਜ਼ ਕਰ ਲਓ ਲਾਭ ਨਹੀਂ ਦਿਆ ਕਰਦੀ। ਪਿਛਲੇ ਪੰਜ ਦਿਨ ਤੋਂ ਇਹ ਵੀਚਾਰ ਕੀਤੀ ਜਾ ਰਹੀ ਹੈ ਕਿ ਪ੍ਰਮੇਸ਼ਰ ਦਾ ਨਾਮ ਅਮੋਲਕ ਹੈ, ਇਹਦਾ ਕੋਈ ਮੁੱਲ ਨਹੀਂ ਪਾ ਸਕਦਾ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਜੀ ਬੈਠੇ ਹਨ ਤੇ ਨਾਰਦ ਜੀ ਆ ਗਏ, ਆ ਕੇ ਬੈਠ ਗਏ, ਜਿੰਨੀਆਂ ਮਹਾਰਾਣੀਆਂ ਸਨ, ਉਨ੍ਹਾਂ ਨੇ ਨਮਸ਼ਕਾਰ ਕੀਤਾ, ਚਰਣਾਮ੍ਰਿਤ ਲਿਆ ਤੇ ਕਹਿਣ ਲੱਗੀਆਂ ਨਾਰਦ ਜੀ! ਸਾਡਾ ਜੀਅ ਕਰਦਾ ਹੈ ਕਿ ਜਦੋਂ ਜਦੋਂ ਕ੍ਰਿਸ਼ਨ ਮਹਾਰਾਜ ਜੀ ਸੰਸਾਰ ਵਿਚ ਆਉਣ ਤਾਂ ਅਸੀਂ ਵੀ ਨਾਲ ਆਈਏ। ਨਾਰਦ ਜੀ ਕਹਿਣ ਲੱਗੇ, ਉਹ ਕਿਹੜੀ ਔਖੀ ਗੱਲ ਹੈ ਉਹ ਚੀਜ਼ ਪ੍ਰਾਪਤ ਹੋ ਜਾਇਆ ਕਰਦੀ ਹੈ, ਜਿਹੜੀ ਦਾਨ ਕਰ ਦਿਤੀ ਜਾਵੇ। ਉਹ ਸੋਚਣ ਲੱਗੀਆਂ ਕਿ ਕਿਵੇਂ ਕਰੀਏ ਤਾਂ ਨਾਰਦ ਜੀ ਨੇ ਕਿਹਾ ਕਿ ਤੁਸੀਂ ਕ੍ਰਿਸ਼ਨ ਮਹਾਰਾਜ ਜੀ ਨੂੰ ਦਾਨ ਕਰ ਦਿਓ, ਇਹ ਹੁਣ ਦੇ ਦਾਨ ਕੀਤੇ ਹੋਏ, ਅਗਲੇ ਜਨਮ ਵਿਚ ਵੀ ਇਹੀ ਪ੍ਰਾਪਤ ਹੋਣਗੇ। ਰਾਣੀਆਂ

ਕਹਿਣ ਲੱਗੀਆਂ ਕਿ ਠੀਕ ਹੈ, ਅਸੀਂ ਦਾਨ ਕਰਦੀਆਂ ਹਾਂ। ਕ੍ਰਿਸ਼ਨ ਮਹਾਰਾਜ ਸਾਮ੍ਹਣੇ ਬੈਠੇ ਮੁਸਕਰਾ ਰਹੇ ਸਨ, ਉਸ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਨੂੰ ਦਾਨ ਕਰ ਦਿਤਾ। ਨਾਰਦ ਜੀ ਕਹਿਣ ਲੱਗੇ, ਆਓ ਮਹਾਰਾਜ ਆਪਾਂ ਚੱਲੀਏ ਹੁਣ। ਕ੍ਰਿਸ਼ਨ ਮਹਾਰਾਜ ਉਠੇ ਤੇ ਤੁਰ ਪਏ। ਰਾਣੀਆਂ ਕਹਿਣ ਲੱਗੀਆਂ, "ਮਹਾਰਾਜ! ਅਗਲਾ ਜਨਮ ਤਾਂ ਜਦੋਂ ਆਇਆ ਸੋ ਆਇਆ, ਤੁਸੀਂ ਤਾਂ ਮਹਾਰਾਜ ਨੂੰ ਹੁਣੇ ਹੀ ਲੈ ਚੱਲੇ।" ਨਾਰਦ ਜੀ ਬੋਲੇ, ਦਾਨ ਕੀਤੀ ਹੋਈ ਚੀਜ਼ ਵਾਪਸ ਲੈਣੀ ਘੋਰ ਪਾਪ ਹੈ, ਵੱਡਾ ਅਪਰਾਧ ਹੋਇਆ ਕਰਦਾ ਹੈ, ਹੁਣ ਤੁਸੀਂ ਕ੍ਰਿਸ਼ਨ ਮਹਾਰਾਜ ਨੂੰ ਦਾਨ ਕਰ ਦਿਤਾ ਹੈ। ਸੋ ਐਸੀ ਗੱਲ ਨਾ ਸੋਚੋ। ਰਾਣੀਆਂ ਬੜੀਆਂ ਪਰੇਸ਼ਾਨ ਹੋ ਗਈਆਂ ਤੇ ਕਹਿਣ ਲੱਗੀਆਂ, ਸਾਨੂੰ ਕੋਈ ਉਪਾਓ ਦੱਸੋ। ਨਾਰਦ ਜੀ ਨੇ ਕਿਹਾ, ਤੁਸੀਂ ਹੀ ਦੱਸੋ। ਤਾਂ ਕਹਿਣ ਲੱਗੀਆਂ ਕਿ ਤੁਸੀਂ ਇਨ੍ਹਾਂ ਦੇ ਬਰਾਬਰ ਸੋਨਾ ਲੈ ਲਵੋ। ਨਾਰਦ ਜੀ ਨੇ ਦਸਿਆ ਕਿ ਜੇ ਕਰ ਸਾਰੀ ਤ੍ਰਿਲੋਕੀ ਦਾ ਸੋਨਾ ਵੀ ਪਲੜਿਆਂ ਵਿਚ ਪਾਇਆ ਜਾਵੇ, ਤਾਂ ਵੀ ਪੂਰਾ ਨਹੀਂ ਹੋਣਾ, ਚੱਲੋ ਤੁਸੀਂ ਕਹਿੰਦੀਆਂ ਹੋ ਤਾਂ ਮੈਨੂੰ ਸੋਨਾ ਦੇ ਦੇਵੋ। ਸੋ ਰਾਣੀਆਂ ਨੇ ਤਕੜ ਮੰਗਾ ਲਿਆ, ਇਕ ਪਾਸੇ ਕ੍ਰਿਸ਼ਨ ਮਹਾਰਾਜ ਜੀ ਬਿਠਾ ਦਿਤੇ, ਦੂਜੇ ਪਾਸੇ ਗਹਿਣੇ ਪਾਉਣੇ ਸ਼ੁਰੂ ਕਰ ਦਿਤੇ, ਬੇਅੰਤ ਗਹਿਣੇ ਪਾ ਕੇ, ਉਪਰ ਤਕ ਪੱਲਾ ਭਰ ਦਿਤਾ ਪਰ ਉਹ ਪਾਸਕੂ ਵੀ ਨਾ ਬਣਿਆ, ਸਾਰੇ ਹੈਰਾਨ ਹੋ ਗਏ ਕਿ ਹੁਣ ਕੀ ਕੀਤਾ ਜਾਵੇ, ਇਹ ਤਾਂ ਤ੍ਰਿਲੋਕੀ ਦਾ ਭਾਰ ਹੈ ਇਨ੍ਹਾਂ ਦਾ, ਸਾਰੀ ਤ੍ਰਿਲੋਕੀ ਇਕ ਪਾਸੇ ਹੋਵੇ ਤਾਂ ਵੀ ਇਹ ਭਾਰੇ ਹਨ, ਇਸ ਤਰ੍ਹਾਂ ਤਾਂ ਨਹੀਂ ਹੋਣਾ, ਜੁਗਤੀ ਕੋਈ ਹੋਰ ਪੁਛਣੀ ਚਾਹੀਦੀ ਹੈ। ਕ੍ਰਿਸ਼ਨ ਮਹਾਰਾਜ ਨੂੰ ਪੁਛਿਆ ਕਿ ਕ੍ਰਿਪਾ ਕਰਕੇ ਆਪ ਹੀ ਕੋਈ ਜੁਗਤੀ ਦੱਸੋ ਤਾਂ ਕਹਿਣ ਲੱਗੇ ਕਿ ਪ੍ਰਮੇਸ਼ਰ ਨਾਲੋਂ ਉਸ ਦਾ ਨਾਮ ਵੱਡਾ ਹੋਇਆ ਕਰਦਾ ਹੈ,

***ਊਚੇ ਊਪਰਿ ਊਚਾ ਨਾਉ॥***
***ਪੰਨਾ - 5***

ਤੁਸੀਂ ਤੁਲਸੀ ਦਾ ਪੱਤਾ ਲਵੋ ਤੇ ਉਸ ਦੇ ਉਪਰ 'ਰਾਮ' ਲਿਖ ਦਿਓ - ਦੋ ਅੱਖਰ, ਇਹ ਇਧਰ ਪਾ ਲਵੋ, ਫਿਰ ਦੇਖੋ ਪਲੜਾ ਕਿਸ ਤਰ੍ਹਾਂ ਉਠਦਾ ਹੈ, ਜਦੋਂ ਰਾਮ ਲਿਖ ਕੇ ਪਾਇਆ ਤਾਂ ਨਾਮ ਵਾਲਾ ਪੱਲਾ ਧਰਤੀ ਨਾਲ ਲਗ ਗਿਆ ਅਤੇ ਕ੍ਰਿਸ਼ਨ ਮਹਾਰਾਜ ਦਾ ਪੱਲਾ ਉਪਰ ਚੁਕਿਆ ਗਿਆ। ਮਹਾਰਾਜ ਨੇ ਕਿਹਾ ਗਹਿਣੇ ਕੱਢਣੇ ਸ਼ੁਰੂ ਕਰ ਲਓ। ਜਦੋਂ ਗਹਿਣੇ ਕੱਢਣੇ ਸ਼ੁਰੂ ਕਰ ਦਿਤੇ ਪਰ ਤੁਲਸੀ ਦਾ ਪੱਤਾ 'ਨਾਮ ਦੀ ਮਹਿਮਾ' ਨਾਲ ਇਤਨਾ ਭਾਰੀ ਹੋ ਗਿਆ ਕਿ ਕ੍ਰਿਸ਼ਨ ਮਹਾਰਾਜ ਦਾ ਪੱਲਾ ਉਚਾ ਰਹਿ ਗਿਆ। ਤਾਂ ਨਾਰਦ ਜੀ ਨੇ ਕਿਹਾ ਕਿ ਮੇਰੇ ਤੋਂ ਵੱਡਾ 'ਧੰਨਭਾਗੀ' ਕਿਹੜਾ ਹੈ, ਜਿਸ ਨੂੰ ਨਾਮ ਮਿਲ ਜਾਵੇ। ਨਾਰਦ ਜੀ ਤੁਲਸੀ ਦਾ ਪੱਤਾ ਲੈ ਕੇ, ਨਾਰਾਇਣ, ਹਰੇ ਨਾਰਾਇਣ ਕਹਿੰਦੇ ਹੋਏ ਚਲੇ ਗਏ।

ਜਿਨ੍ਹਾਂ ਨੂੰ ਸੋਝੀ ਆਈ ਹੈ ਕਿ ਪ੍ਰਮੇਸ਼ਰ ਦਾ ਨਾਮ ਕੀ ਹੈ, ਉਹ ਇਸ ਗੱਲ ਨੂੰ ਸਮਝਦੇ ਹਨ, ਜਿਨ੍ਹਾਂ ਨੂੰ ਸੋਝੀ ਨਹੀਂ ਆਈ ਉਹ ਸਮਝ ਨਹੀਂ ਸਕਦੇ ਕਿ ਪ੍ਰਮੇਸ਼ਰ ਦਾ ਨਾਮ ਕੀ ਹੈ। ਆਦਮੀ ਦੇ ਮਨ ਵਿਚ ਇਹ ਚੀਜ਼

ਨਹੀਂ ਬਹਿੰਦੀ, ਇਹਦੇ ਮਨ ਵਿਚ ਉਹ ਚੀਜ਼ ਬਹਿੰਦੀ ਹੈ, ਜਿਸ ਨਾਲ ਇਸਦਾ ਪਿਆਰ ਹੋਵੇ, ਸੋ ਸਾਡਾ ਪਿਆਰ ਮਾਇਆ ਨਾਲ ਵੀ ਹੈ, ਬੱਚਿਆ ਨਾਲ ਵੀ ਹੈ, ਜ਼ਮੀਨ ਜਾਇਦਾਦ, ਅਹੁਦਿਆਂ ਨਾਲ ਹੈ, ਇਲੈਕਸ਼ਨਾਂ ਕਰਕੇ ਕੋਈ ਨਾ ਕੋਈ ਪਦਵੀ ਪ੍ਰਾਪਤ ਕਰਨ ਨਾਲ ਹੈ। ਅੰਦਰ ਰੁਚੀ ਨਹੀਂ ਜਾਗਦੀ ਕਿ ਜੋ ਪ੍ਰਮੇਸ਼ਰ ਦਾ ਨਾਮ ਹੈ, ਇਸ ਨਾਲ ਵੀ ਕੋਈ ਪਿਆਰ ਪਾਉਣਾ ਚਾਹੀਦਾ ਹੈ। ਇਹ ਗੱਲ ਹਿਰਦੇ ਵਿਚ ਨਾ ਬੈਠਣ ਕਰਕੇ, ਗਾਉਣ ਵਾਲੇ ਵੀ ਤੇ ਸੁਣਨ ਵਾਲੇ ਵੀ ਸਭ ਬਰਾਬਰ ਹੋ ਜਾਂਦੇ ਹਨ, ਕੋਈ ਸੁਣਾਉਣ ਵਾਲਾ ਸੁਣਾਈ ਜਾਂਦਾ ਹੈ, ਉਸ ਨੂੰ ਵੀ ਨਾਮ ਦੀ ਮਹਿਮਾ ਦਾ ਪਤਾ ਨਹੀਂ, ਜੇ ਪਤਾ ਹੋਵੇ ਤਾਂ ਉਹ ਸਭ ਚੀਜ਼ਾਂ ਤੋਂ ਉਪਰ ਇਸ ਨੂੰ ਮਹੱਤਤਾ ਦੇਵੇ। ਇਹ ਨਾ ਕਰੇ ਕਿ ਮੈਂ ਕੀਰਤਨ ਕਰਨਾ ਹੈ ਤੇ ਇਕ ਹਜ਼ਾਰ ਰੁਪਿਆ ਲੈਣਾ ਹੈ ਜਾਂ ਦੋ ਹਜ਼ਾਰ ਰੁਪਏ ਲੈਣੇ ਹਨ। ਉਸ ਨੂੰ ਪਤਾ ਨਹੀਂ ਹੈ ਆਪਾਂ ਤਾਂ ਭਜਨ ਕਰ ਰਹੇ ਹਾਂ, ਸਾਰੇ ਇਕੱਠੇ ਹੋ ਕੇ ਬੰਦਗੀ ਕਰ ਰਹੇ ਹਾਂ। ਜੇਕਰ ਤੁਸੀਂ ਸਾਰੀ ਧਰਤੀ ਸੋਨੇ ਦੀ ਬਣਾ ਦਿਓ, ਦੂਜੇ ਪਾਸੇ ਜੋ ਸਤਿਸੰਗ ਕਰਿਆ ਹੈ, ਇਸ ਦਾ ਫਲ ਮੰਗ ਲਓ, ਕੋਈ ਵੀ ਦੇਣ ਵਾਸਤੇ ਤਿਆਰ ਨਹੀਂ ਹੋਵੇਗਾ। ਜਿਸ ਨੂੰ ਸੋਝੀ ਹੈ ਉਹ ਤਾਂ ਨਹੀਂ ਦੇਵੇਗਾ, ਜਿਸ ਨੂੰ ਸੋਝੀ ਨਹੀਂ, ਉਸ ਕੋਲ ਕੁਝ ਹੈ ਹੀ ਨਹੀਂ ਦੇਣ ਵਾਸਤੇ। ਸੋ ਇਸ ਤਰ੍ਹਾਂ ਆਦਮੀ ਦੇ ਮਨ ਵਿਚ ਇਹ ਗੱਲ ਸਮਾਅ ਨਹੀਂ ਸਕਦੀ। ਸੋ ਮਹਾਰਾਜ ਬਾਰ-ਬਾਰ ਦਸਦੇ ਹਨ -

***ਮਾਇਆਧਾਰੀ ਅਤਿ ਅੰਨਾ ਬੋਲਾ॥ ਪੰਨਾ - 313***

ਜਿਸ ਦਾ ਮਨ ਮਾਇਆ ਨਾਲ ਲਗ ਗਿਆ, ਉਹ 'extreme' ਅਤਿ ਨੂੰ ਕਹਿੰਦੇ ਹਨ, ਉਥੇ ਤਕ ਇਹ ਅੰਨਾ ਹੈ, ਬੋਲਾ ਹੈ, ਅੰਨ੍ਹਾ ਬੋਲਾ ਹੋਣ ਕਰਕੇ -

***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ - 313***

ਜਿਹੜਾ ਇਹਦੇ ਅੰਦਰ ਨਾਮ ਹੈ, ਹੌਲੀ-ਹੌਲੀ ਅੰਦਰ ਨਾਮ ਦੀ ਅਵਸਥਾ ਚੜ੍ਹਦੀ ਹੈ, ਗੁਰਮੰਤ੍ਰ ਅਸੀਂ ਲੈਂਦੇ ਹਾਂ ਪੂਰੇ ਗੁਰਾਂ ਤੋਂ, ਪੰਜ ਪਿਆਰੇ ਗੁਰਮੰਤ੍ਰ ਦਿਆ ਕਰਦੇ ਹਨ, ਉਸ ਤੋਂ ਬਾਅਦ ਅਸੀਂ ਮਾਲਾ ਨਾਲ ਨਾਮ ਜਪਦੇ ਹਾਂ, ਫਿਰ ਰਸਨਾ ਨਾਲ, ਸ੍ਵਾਸ ਨਾਲ, ਆਗਿਆ ਚੱਕਰ ਦੇ ਵਿਚ ਜਪਦੇ ਹਾਂ। ਆਗਿਆ ਚੱਕਰ ਵਿਚ ਨਾਮ ਦੀ ਧੁਨੀ ਹੋਇਆ ਕਰਦੀ ਹੈ, ਉਹਦੇ ਨਾਲ ਨਾਮ ਲਾ ਲਈਦਾ ਹੈ, ਉਥੇ ਸੁਰਤ ਤੇ ਨਿਰਤ ਦੋ ਚੀਜ਼ਾਂ ਹੁੰਦੀਆਂ ਹਨ, 'ਸੁਰਤ' ਤਾਂ ਧੁਨੀ ਸੁਣਦੀ ਹੈ, 'ਨਿਰਤ' ਪ੍ਰਕਾਸ਼ ਦੇ ਦਰਸ਼ਨ ਕਰਦੀ ਹੈ, ਗੁਰੂ ਦੇ ਦਰਸ਼ਨ ਕਰਦੀ ਹੈ ਸਾਕਾਰ ਦੇ, ਧਿਆਨ ਧਰਦੀ ਹੈ, ਫਿਰ ਹੌਲੀ-ਹੌਲੀ ਨਾਮ ਚਲਦਾ ਚਲਦਾ ਵਿਵੇਕ ਮੰਡਲ ਵਿਚ ਪਹੁੰਚ ਜਾਇਆ ਕਰਦਾ ਹੈ, ਜਿਸ ਨੂੰ ਗਿਆਨ ਦਾ ਮੰਡਲ ਆਖਦੇ ਹਨ, ਗਿਆਨ ਦੇ ਮੰਡਲ ਵਿਚ ਜਾ ਕੇ ਨਾਮ ਪਰੀਪੂਰਨ ਹੋ ਜਾਂਦਾ ਹੈ -

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***

*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*
*ਪੰਨਾ - 1265*

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ।।*
*ਪੰਨਾ - 1420*

ਸਭ ਪਾਸੇ ਨਾਮ ਦੀ ਧੁਨੀ ਸਮਾਈ ਰਹਿੰਦੀ ਹੈ ਪਉਣ ਪਾਣੀ, ਬੈਸੰਤਰ, ਅੱਗ, ਦਰਿਆ ਇਸ ਤਰ੍ਹਾਂ ਲਗਦੇ ਹਨ, ਜਿਵੇਂ ਪ੍ਰਮੇਸ਼ਰ ਦਾ ਨਾਮ ਜਪਦੇ ਹਨ ਕਿਉਂਕਿ ਵਾਹਿਗੁਰੂ ਤੋਂ ਬਗੈਰ ਸੰਸਾਰ ਤੇ ਨਾ ਕੋਈ ਹੋਇਆ, ਨਾ ਕੋਈ ਹੋਣਾ ਹੈ। ਬੰਦਾ ਸ਼ਬਦ ਸੁਣਦਾ ਨਹੀਂ ਕਿਉਂਕਿ ਇਹਦਾ ਮਨ ਮਾਇਆ ਨੇ ਮੋਹਿਆ ਹੈ। ਇਸ ਕਰਕੇ ਮਹਾਰਾਜ ਕਹਿੰਦੇ ਹਨ, ਮਾਇਆਧਾਰੀ ਮਨੁੱਖ ਅਤਿ ਅੰਨ੍ਹਾ ਬੋਲਾ ਹੈ-

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*
*ਪੰਨਾ - 313*

ਸੋ ਇਸ ਚੀਜ਼ ਦਾ ਇਹਦੇ ਮਨ ਤੇ ਅਸਰ ਨਹੀਂ ਪੈਂਦਾ, ਇਸ ਗੱਲ ਨੂੰ ਸਮਝ ਨਹੀਂ ਸਕਦਾ ਕਿਉਂਕਿ ਨਾਮ ਦਾ ਪਤਾ ਨਹੀਂ ਹੈ। ਜੇਕਰ ਇਹ ਦੱਸ ਦਿਤਾ ਜਾਵੇ ਕਿ ਨਡਿਆਲੀ ਤੋਂ ਲੈ ਕੇ ਰੋਪੜ ਤਕ ਬੇਅੰਤ ਰੁਪਈਏ, ਬੇਅੰਤ ਗਹਿਣੇ ਵਿਛਾ ਦਿਤੇ ਜਾਣਗੇ, ਕੱਲ੍ਹ ਨੂੰ, ਜਿਸ ਨੇ ਚੁਰਾਉਣੇ ਹਨ ਚੁਰਾ ਲੈਣਾ, ਇਕ ਵੀ ਬੱਚਾ ਘਰ ਨਹੀਂ ਰਹੇਗਾ, ਝੋਲੇ ਲਿਆ ਕੇ ਸਾਰੀ ਰਾਤ ਖੜ੍ਹੇ ਰਹਿਣਗੇ, ਕਿਉਂਕਿ ਮਾਇਆ ਨਾਲ ਮਨ ਲਗ ਗਿਆ, ਇਸ ਦੀ ਕੀਮਤ ਦਾ ਸਾਨੂੰ ਪਤਾ ਹੈ, ਜੇ ਦਸ ਹਜ਼ਾਰ ਚੁਕ ਲਿਆ ਤਾਂ ਕਿੰਨਾਂ ਕੰਮ ਚਲੇਗਾ, ਜੇ ਲੱਖ ਚੁਕ ਲਿਆ ਤਾਂ ਕਿਤਨਾ ਚਲੇਗਾ ਪਰ ਇਹ ਨਹੀਂ ਪਤਾ ਕਿ ਜੇ ਕ੍ਰੋੜ ਰੁਪਿਆ ਵੀ ਹੋ ਗਿਆ ਤਾਂ ਵੀ ਇਸ ਨੂੰ ਛੱਡ ਜਾਣਾ ਹੈ। ਜਿਥੇ ਕੋਈ ਚੀਜ਼ ਸਹਾਇਤਾ ਨਹੀਂ ਕਰਦੀ, ਉਥੇ ਕੇਵਲ ਨਾਮ ਸਹਾਇਤਾ ਕਰਿਆ ਕਰਦਾ ਹੈ। ਅਸਲੀ ਚੀਜ਼ ਦਾ ਗਿਆਨ ਨਾ ਹੋਣ ਕਰਕੇ ਝੂਠੀ ਮਾਇਆ ਵਿਚ ਫਸੇ ਰਹਿੰਦੇ ਹਨ। ਇਕਨਾ ਨੂੰ ਸੋਝੀ ਆ ਜਾਂਦੀ ਹੈ, ਦੂਜਿਆਂ ਨੂੰ ਨਹੀਂ ਆਉਂਦੀ-

*ਧਾਰਨਾ - ਇਕਨਾ ਨੂੰ ਸੋਝੀ ਆ ਗਈ ਹੈ - 2, 2*
*ਇਕ ਫਿਰਦੇ ਬੇਪਰਵਾਹ........ - 2, 2*

*ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥*

*ਪੰਨਾ - 1383*

ਇਕਨਾਂ ਨੂੰ ਤਾਂ ਵਿਸ਼ਵਾਸ਼ ਹੋ ਗਿਆ, ਇਕ ਸੁਣ ਕੇ ਵੀ ਬੇਪਰਵਾਹ ਹਨ। ਉਸ ਦੇ ਬਾਰੇ ਮਹਾਰਾਜ ਇਉਂ ਕਹਿੰਦੇ ਹਨ, ਮੁਸਲਮਾਨ ਕਹਿੰਦੇ ਹਨ ਕਿ ਕੀ ਕੀਤਾ ਜਾਵੇ, ਉਪਦੇਸ਼ ਤਾਂ ਦਿਤੇ ਜਾਂਦੇ ਹਨ ਪਰ ਸ਼ੈਤਾਨ ਇਸ ਦੇ ਵਿਚ ਬੈਠ ਕੇ ਇਸ ਨੂੰ ਬਹਿਕਾਉਂਦਾ ਹੈ। ਹਿੰਦੂ ਧਰਮ ਕਹਿੰਦਾ ਹੈ ਕਿ ਕਲਜੁਗ ਇਸ ਦੇ ਅੰਦਰ ਨਿਵਾਸ ਕਰ ਗਿਆ ਹੈ, ਉਹ ਇਸ ਨੂੰ ਸੁਣਨ ਨਹੀਂ ਦਿੰਦਾ।

ਮਹਾਤਮਾ ਬੁੱਧ ਕਹਿੰਦੇ ਹਨ ਕਿ ਉਪਦੇਸ਼ ਤਾਂ ਸਾਰੇ ਹੀ ਸੁਣਦੇ ਹਨ ਪਰ ਬਹੁਤ ਸਾਰੇ ਪ੍ਰੇਮੀਆਂ ਦੇ ਅੰਦਰ, ਇਕ 'ਮਾਰ' ਦੇਵਤਾ ਹੋਇਆ ਹੈ, ਜਿਹੜਾ ਪ੍ਰਮੇਸ਼ਰ ਤੋਂ ਬਾਗੀ ਸਮਝਿਆ ਜਾਂਦਾ ਸੀ, ਉਹ ਬੈਠ ਗਿਆ, ਉਹ ਸੁਣਨ ਨਹੀਂ ਦਿੰਦਾ, ਨਾਲ ਦੀ ਨਾਲ ਭੰਗ ਕਰੀ ਜਾਂਦਾ ਹੈ, ਉਹ ਭੁਲਾਈ ਜਾਂਦਾ ਹੈ, ਉਹ ਨਾਮ ਨਾਲੋਂ ਸ਼ਰਾਬ ਨੂੰ ਬਹੁਤਾ ਕੀਮਤੀ ਮੰਨਦਾ ਹੈ, ਪੈਸੇ ਨੂੰ, ਛਲ ਨੂੰ, ਕਪਟ ਨੂੰ, ਜ਼ਮੀਨਾਂ ਦਬਣੀਆਂ, ਧੋਖੇ ਕਰਨ ਨੂੰ ਮਹੱਤਤਾ ਦਿੰਦਾ ਹੈ।

ਇਕ ਪ੍ਰੇਮੀ ਮੈਨੂੰ ਦਸ ਰਿਹਾ ਸੀ ਕਿ ਇਕ ਹੋਰ ਪ੍ਰੇਮੀ ਆਪ ਜੀ ਨੂੰ ਮਿਲ ਕੇ ਕਾਫੀ ਸੁਧਰ ਗਿਆ ਹੈ। ਮੈਂ ਕਿਹਾ, ਕਿਵੇਂ? ਉਹ ਕਹਿਣ ਲੱਗਾ ਕਿ ਪਹਿਲਾਂ ਤਾਂ ਸਾਰੇ ਨਗਰ ਦੀਆਂ ਜ਼ਮੀਨਾਂ ਆਪਣੇ ਨਾਮ ਲਵਾ ਲਈਆਂ, ਬਹੁਤ ਪੈਸਾ ਕਮਾਇਆ, ਮਕਾਨ ਹੀ ਬਣਾ ਬਣਾ ਕੇ ਵੇਚੀ ਗਿਆ। ਫਿਰ ਆਪੇ ਸੋਚਣ ਲੱਗਾ ਕਿ ਮਕਾਨ ਤੇ ਪੈਸਾ ਤਾਂ ਸਭ ਇਥੇ ਹੀ ਪਏ ਹਨ, ਨਾਲ ਤਾਂ ਜਾਣ ਨਹੀਂ ਲੱਗੇ। ਸਾਧਸੰਗਤ ਜੀ! ਨਾਲ ਤਾਂ ਕੁਝ ਨਹੀਂ ਜਾਂਦਾ, ਸਭ ਇਥੇ ਹੀ ਰਹਿ ਜਾਂਦਾ ਹੈ ਪਰ ਉਨ੍ਹਾਂ ਨੇ ਮਨ ਦੂਜੇ ਪਾਸੇ ਲਾ ਲਿਆ, ਸੁਣਦਾ ਨਹੀਂ, ਉਸ ਨੂੰ ਅੰਦਰੋਂ ਬਹਿਕਾਉਂਦੇ ਹਨ ਜਿਸ ਤਰ੍ਹਾਂ ਮਹਾਰਾਜ ਜੀ ਦਾ ਫੁਰਮਾਨ ਹੈ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,***
***ਦਿਤੀਆਂ ਬਾਂਗਾਂ ਤੋਂ ਨਾ ਜਾਗਦੇ - 2, 2***
***ਬਾਂਗਾਂ ਤੋਂ ਨਾ ਜਾਗਣ, ਦਿਤੀਆਂ,***
***ਬਾਗਾਂ ਤੋਂ ਨਾ ਜਾਗਦੇ - 2, 2***
***ਭਾਗ ਜਿਨ੍ਹਾਂ ਦੇ ਮੰਦੇ,.........2***

***ਫਰੀਦਾ ਕੂਕੇਂਦਿਆਂ ਚਾਂਗੇਦਿਆ ਮਤੀ ਦੇਦਿਆਂ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਪੰਨਾ - 1378***

ਕੀ ਕੀਤਾ ਜਾਵੇ, ਅੰਦਰ 'ਕਲਜੁਗ' 'ਮਾਰ ਦੇਵਤਾ' ਬੈਠ ਗਿਆ, ਉਹ ਚਿੱਤ ਨਹੀਂ ਫਿਰਨ ਦਿੰਦਾ। ਕੋਈ ਨਹੀਂ ਬੈਠਾ ਅੰਦਰ, ਇਹਦਾ ਮਨ ਹੀ ਮੁਕਰ ਰਿਹਾ ਹੈ, ਮਨ ਦੇ ਪਿਛੇ ਲਗ ਕੇ ਮਨਮੁਖ ਬਣਿਆ ਹੋਇਆ ਹੈ। ਜੇ ਗੁਰੂ ਦੇ ਪਿਛੇ ਲਗ ਜਾਵੇ ਤਾਂ ਗੁਰੂ ਦੀ ਬਾਤ ਮੰਨੇਗਾ। ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਮਹਿਮਾ ਦਾ ਪਤਾ ਨਹੀਂ ਲਗਦਾ। ਸਾਰੇ ਵੇਦ ਸਾਸ਼ਤਰ, ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜੀਲ ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ, ਹੋਰ ਅਨੇਕਾਂ ਮਹਾਤਮਾ ਨਾਮ ਦੇ ਬਾਰੇ ਦਸਦੇ ਆ ਰਹੇ ਹਨ, ਜਦੋਂ ਤੋਂ ਸੰਸਾਰ ਰਚਿਆ ਹੈ, ਪਰ ਹੁੰਦਾ ਕੀ ਹੈ? ਕੋਈ ਵਿਰਲਾ ਵਿਰਲਾ ਪੁਰਸ਼ ਹੀ ਨਾਮ ਵਲ ਲਗਦਾ ਹੈ, ਇਹ ਸਾਰਾ ਕੁਝ ਦਸਣ ਤੋਂ ਬਾਅਦ ਵੀ ਸੰਸਾਰ ਅੱਖਾਂ ਤੋਂ ਅੰਨ੍ਹਾ ਤੇ ਕੰਨਾਂ ਤੋਂ ਬੋਲਾ ਹੋਇਆ ਹੋਇਆ ਹੈ, ਇਸ ਗੱਲ ਨੂੰ ਸੁਣਨ ਵਾਸਤੇ ਤਿਆਰ ਨਹੀਂ, ਰਸਤੇ ਪੈਣ ਨੂੰ ਤਿਆਰ ਨਹੀਂ ਕਿਉਂਕਿ ਇਸਦੇ ਮਨ ਵਿਚ ਇਸ ਦੀ ਕੀਮਤ ਨਹੀਂ, ਜਦੋਂ ਸਮਝ ਆ ਜਾਵੇ ਤਾਂ ਪਤਾ ਲਗ ਜਾਂਦਾ ਹੈ ਕਿ ਇਹ ਕਿਤਨੀ ਕੀਮਤੀ ਚੀਜ਼ ਹੈ। ਅਸੀਂ ਕਾਫੀ ਸਮੇਂ ਤੋਂ ਇਹੋ ਹੀ ਵਿਚਾਰ ਕਰ ਰਹੇ ਹਾਂ ਕਿ-

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ - 81***

ਇਹਦੇ ਬਾਰੇ ਕਲ੍ਹ ਵਿਚਾਰ ਕੀਤੀ ਸੀ ਕਿ ਰਾਜਾ ਜਨਕ ਜੋ ਤ੍ਰੇਤਾ ਯੁੱਗ ਵਿਚ ਬ੍ਰਹਮਗਿਆਨੀ ਸੀ ਤੇ ਪੂਰਨ ਯੋਗੀ ਵੀ ਸੀ, ਉਸ ਕੋਲ ਵੱਡੇ-ਵੱਡੇ ਮਹਾਂਪੁਰਸ਼, ਵੱਡੇ-ਵੱਡੇ ਯੋਗੀ ਆਇਆ ਕਰਦੇ ਸਨ। ਇਥੋਂ ਤਕ ਕਿ ਸੁਕਦੇਵ ਮੁਨੀ ਨੇ 36 ਸਾਲ ਤਪਸਿਆ ਕੀਤੀ, ਜਟਾਵਾਂ ਬਣ ਗਈਆਂ, ਜਾਨਵਰ ਉਨ੍ਹਾਂ ਵਿਚ ਬੱਚੇ ਦੇ ਕੇ ਪਾਲ ਕੇ ਲੈ ਜਾਇਆ ਕਰਦੇ ਸਨ। ਇਕ ਦਿਨ ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਦੁਨੀਆਂ ਦੇਖ ਆਵਾਂ ਕਿਉਂਕਿ ਜੋ ਕੁਝ ਬਾਹਰ ਹੈ, ਓਹੀ ਆਦਮੀ ਦੇ ਅੰਦਰ ਹੈ।

ਪ੍ਰਮੇਸ਼ਰ ਨੇ ਐਸਾ ਅਤਿ ਸੂਖਮ ਰੂਪ ਰੱਖਿਆ ਹੋਇਆ ਹੈ ਇਸ ਜੜ੍ਹ ਸਰੀਰ ਦੇ ਅੰਦਰ ਸਾਰਾ ਬ੍ਰਹਿਮੰਡ ਦਿਸ ਸਕਦਾ ਹੈ, ਜਿਸ ਤਰ੍ਹਾਂ ਕਿ ਕ੍ਰਿਸ਼ਨ ਮਹਾਰਾਜ ਨੇ ਇਕ ਵਾਰੀ ਮਿੱਟੀ ਖਾ ਲਈ, ਮਾਤਾ ਨੇ ਪੁਛਿਆ ਕਿ ਤੂੰ ਮਿੱਟੀ ਖਾਧੀ ਹੈ? ਕਹਿੰਦੇ ਨਹੀਂ। ਮਾਤਾ ਕਹਿਣ ਲੱਗੀ, ਗਪੌੜੂ ਨਾ ਹੋਵੇ, ਮੂੰਹ ਖੋਲ੍ਹ। ਜਦੋਂ ਮੂੰਹ ਖੋਲ੍ਹਿਆ ਤਾਂ ਕੀ ਦੇਖਿਆ ਕਿ ਸਾਰਾ ਬ੍ਰਹਿਮੰਡ ਅੰਦਰ ਨਜ਼ਰ ਆ ਰਿਹਾ ਹੈ, ਦਿਖਾ ਦਿਤਾ ਉਨ੍ਹਾਂ ਨੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ - ***'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੰਨਾ - 695'***

ਜੋ ਕੁਝ ਬ੍ਰਹਿਮੰਡ ਦਾ ਨਕਸ਼ਾ ਹੈ ਉਹ ਇਹਦੇ ਅੰਦਰ ਹੈ ਸਾਰੇ ਦਾ ਸਾਰਾ, ਅੰਦਰੋਂ ਹੀ ਰੂਹਾਨੀ ਚੜ੍ਹਾਈ ਕਰ ਸਕਦਾ ਹੈ, ਹਰ ਵਕਤ ਅੰਦਰੋਂ ਹੀ ਪ੍ਰਮੇਸ਼ਰ ਵਾਲਾ ਰਹਿ ਸਕਦਾ ਹੈ। ਸੋ ਸੁਕਦੇਵ ਮੁਨੀ ਨੂੰ ਖਿਆਲ ਹੋਇਆ ਕਿ ਅੱਜ ਮੈਂ ਪੁਰੀਆਂ ਦੇ ਦਰਸ਼ਨ ਕਰਾਂ। ਜਿਸ ਵਕਤ ਬ੍ਰਹਮਪੁਰੀ ਵਿਚ ਗਏ, ਉਥੇ ਦਰਵਾਜ਼ੇ ਬੰਦ ਹੋ ਗਏ, ਜਦੋਂ ਸ਼ਿਵਪੁਰੀ ਵਿਚ ਗਏ ਉਥੇ ਵੀ ਦਰਵਾਜ਼ੇ ਬੰਦ ਹੋ ਗਏ, ਜਦੋਂ ਬਿਸ਼ਨਪੁਰੀ ਬੈਕੁੰਠ ਧਾਮ ਵਿਚ ਗਏ ਉਨ੍ਹਾਂ ਨੇ ਵੀ ਦਰਵਾਜ਼ੇ ਬੰਦ ਕਰ ਲਏ, ਦੁਆਰਪਾਲਾਂ ਨੇ ਕਿਹਾ, "ਤੂੰ ਇਥੇ ਕਿਸ ਤਰ੍ਹਾਂ ਆ ਗਿਆ?" ਕਹਿਣ ਲੱਗਾ, "ਕਿਉਂ?" ਦੁਆਰਪਾਲਾਂ ਨੇ ਕਿਹਾ, "ਮੁਨੀ ਜੀ! ਤੂੰ ਨਿਗੁਰਾ ਹੈਂ, ਨਿਗੁਰੇ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਦਾ, ਉਹ ਤਾਂ ਕੁੱਤਿਆਂ ਬਿਲਿਆਂ ਦੀ ਜੂਨੀ ਵਿਚ ਪੈਂਦਾ ਹੈ।" ਜਦੋਂ ਨੇਤਰ ਖੋਲ੍ਹੇ ਤਾਂ ਧੱਕੇ ਪੈਂਦੇ ਨਜ਼ਰ ਆਏ, ਬੇਇਜ਼ਤੀ ਹੁੰਦੀ ਹੋਈ ਨਜ਼ਰ ਆਈ, ਬਹੁਤ ਉਦਾਸ ਹੋ ਗਿਆ। ਜਿਸ ਵੇਲੇ ਸਮਾਧੀ ਖੁਲ੍ਹੀ ਤਾਂ ਕੁਝ ਬੱਚੇ ਸਤਿਸੰਗ ਤੋਂ ਆਏ, ਉਥੇ ਗੱਲ ਚਲ ਰਹੀ ਸੀ ਕਿ ਸੁਕਦੇਵ ਤਪਸਿਆ ਤਾਂ ਬਹੁਤ ਕਰਦਾ ਹੈ ਪਰ ਨਿਗੁਰਾ ਹੈ, ਨਿਗੁਰੇ ਦੀ ਤਪੱਸਿਆ ਨੂੰ ਫਲ ਨਹੀਂ ਲਗਦਾ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥***

***ਪੰਨਾ - 435***

ਨਿਗੁਰਾ ਸੌ ਸਾਲ ਭਗਤੀ ਕਰਕੇ ਰਾਮ ਰਾਮ ਕਰੀ ਜਾਵੇ, ਗੁਰੂ ਵਾਲਾ

ਇਕ ਘੜੀ ਤਪਸਿਆ ਕਰ ਲਵੇ, ਗੁਰੂ ਵਾਲੇ ਦਾ ਫਲ ਬਹੁਤ ਵੱਡਾ ਹੁੰਦਾ ਹੈ। ਕੁਦਰਤੀ ਹੈ, ਨਿਗੁਰੇ ਨੂੰ ਫਲ ਨਹੀਂ ਲੱਗਿਆ ਕਰਦਾ। ਬਰੋਟਾ ਹੈ, ਬੋਹੜ ਹੈ, ਪਿੱਪਲ ਹੈ, ਹੋਰ ਬਹੁਤ ਸਾਰੇ ਐਸੇ ਦਰਖਤ ਹਨ ਜਿਨ੍ਹਾਂ ਦੇ ਬੀਜ ਹੇਠਾਂ ਗਿਰਿਆ ਕਰਦੇ ਹਨ, ਕਦੇ ਬੋਹੜ ਥੱਲੇ ਬੋਹੜ ਪੈਦਾ ਨਹੀਂ ਹੋਇਆ, ਉਹ ਉਨੀਂ ਦੇਰ ਤਕ ਪੈਦਾ ਨਹੀਂ ਹੁੰਦਾ ਜਿੰਨੀ ਦੇਰ ਤਕ ਉਸ ਬੀਜ ਨੂੰ ਪੂਰੀ ਗਰਮੀ ਨਹੀਂ ਮਿਲਦੀ। ਪ੍ਰਮੇਸ਼ਰ ਨੇ ਐਸਾ ਇੰਤਜ਼ਾਮ ਕੀਤਾ ਹੈ ਕਿ ਜਾਨਵਰ ਦੇ ਮਿਹਦੇ ਵਿਚ ਜਾ ਕੇ ਬੀਜ ਗਲਦਾ ਹੈ, ਨਰਮ ਹੁੰਦਾ ਹੈ, ਨਹੀਂ ਤਾਂ ਨਹੀਂ ਗਲਦਾ। ਜਦੋਂ ਉਹ ਬਾਹਰ ਵਿੱਠ ਵਗੈਰਾ ਕਰਦਾ ਹੈ, ਗਿੱਲ ਨਾਲ ਲਗ ਕੇ, ਪੱਕੇ ਮਕਾਨਾਂ ਦੇ ਕੋਲ ਜਿਥੇ ਖੂਹ ਚਲਦੇ ਹੋਣ, ਐਸੀਆਂ ਥਾਵਾਂ ਤੇ ਉਹ ਹਰਾ ਹੋ ਜਾਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਨਾਮ ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦਾ। ਗੁਰੂ ਦੇ ਮੁੱਖ ਤੋਂ ਹੋ ਕੇ ਜੋ ਨਾਮ ਆਉਂਦਾ ਹੈ, ਉਹ ਹਿਰਦੇ ਦੀ ਸ਼ਕਤੀ ਨਾਲ ਲੈ ਕੇ ਆਉਂਦਾ ਹੈ, ਉਹ ਮਨ ਵਿਚ ਵਸਿਆ ਕਰਦਾ ਹੈ, ਨਹੀਂ ਤਾਂ ਵਸਿਆ ਨਹੀਂ ਕਰਦਾ। ਸੋ ਉਥੇ ਬੱਚਿਆਂ ਨੇ ਕਿਹਾ ਕਿ ਸੁਕਦੇਵ ਤਾਂ ਨਿਗੁਰਾ ਹੈ, ਇਸ ਦੀ ਭਗਤੀ ਨੂੰ ਫਲ ਨਹੀਂ ਲਗਣਾ। ਛੋਟੇ-ਛੋਟੇ ਬੱਚਿਆਂ ਨੂੰ ਜਦੋਂ ਸੁਣਿਆ ਤਾਂ ਅਵਾਜ਼ ਇਹੋ ਆਈ ਅੰਦਰੋਂ ਵੀ ਕਿ ਵਾਕਿਆ ਹੀ ਮੇਰੀ ਭਗਤੀ ਵਿਚ ਨੁਕਸ ਜ਼ਰੂਰ ਹੋਣਾ ਹੈ। ਉਠ ਕੇ ਆਪਣੇ ਪਿਤਾ ਵੇਦ ਵਿਆਸ ਜੀ ਕੋਲ ਆ ਗਿਆ, ਕਹਿਣ ਲੱਗਿਆ, ਪਿਤਾ ਜੀ! ਮੈਨੂੰ ਇਹ ਭਾਸਿਆ ਹੈ ਕਿ ਮੇਰੀ ਭਗਤੀ ਨੂੰ ਫਲ ਨਹੀਂ ਲਗ ਰਿਹਾ, ਕਿਉਂਕਿ ਮੈਨੂੰ ਘੋਰ ਤਪਸਿਆ ਨੇ ਸ਼ਾਂਤੀ ਨਹੀਂ ਦਿਤੀ, ਕ੍ਰੋਧ ਵਧ ਰਿਹਾ ਹੈ। ਪਿਤਾ ਕਹਿਣ ਲੱਗੇ, "ਬੇਟਾ! ਅਸੀਂ ਤਾਂ ਤੈਨੂੰ ਓਦੋਂ ਹੀ ਕਹਿ ਰਹੇ ਸੀ, ਜਦੋਂ ਤੂੰ ਪੰਜ ਸਾਲ ਦਾ ਇਥੋਂ ਗਿਆ ਸੀ, ਤੈਨੂੰ ਦਸਿਆ ਸੀ ਕਿ ਤਪਸਿਆ ਕਰਨੀ ਹੋਰ ਚੀਜ਼ ਹੈ, ਭਗਤੀ ਕਰਨੀ ਹੋਰ ਚੀਜ਼ ਹੈ।" ਜਦੋਂ ਪੁਛਿਆ ਕਿ ਕੀ ਗੱਲ ਹੋਈ ਤਾਂ ਕਹਿਣ ਲੱਗਾ ਕਿ ਮੈਨੂੰ ਪੁਰੀਆਂ ਵਿਚ ਧੱਕੇ ਪਏ ਹਨ, ਸਭ ਪੁਰੀਆਂ ਦੇ ਦਰਵਾਜ਼ੇ ਬੰਦ ਹੋ ਗਏ, ਜਦੋਂ ਮੇਰੀ ਸਮਾਧੀ ਖੁਲ੍ਹੀ ਤਾਂ ਬੱਚੇ ਵੀ ਇਹੀ ਗੱਲ ਕਰ ਰਹੇ ਸੀ। ਮੈਂ ਤਾਂ ਐਨੀ ਐਨੀ ਸਮਾਧੀ ਲਾ ਸਕਦਾ ਹਾਂ। ਤਾਂ ਸੁਕਦੇਵ ਦੇ ਪਿਤਾ ਨੇ ਕਿਹਾ ਕਿ ਸਮਾਧੀ ਲਾਉਣੀ ਹੋਰ ਚੀਜ਼ ਹੈ, ਉਹ ਤਾਂ ਡੱਡੂ ਵੀ ਲਾ ਲੈਂਦਾ ਹੈ, ਦਸਵੇਂ ਦੁਆਰ ਪ੍ਰਾਣ ਚਾੜ੍ਹ ਲੈਂਦਾ ਹੈ, ਜਦੋਂ ਬਾਰਸ਼ ਹੁੰਦੀ ਹੈ ਤਾਂ ਟਰੈਂ-ਟਰੈਂ ਕਰਕੇ ਨਿਕਲ ਆਉਂਦਾ ਹੈ। ਕਈ ਅਣਜਾਣ ਬੰਦੇ ਕਹਿਣਗੇ ਕਿ ਉਹ ਤਾਂ ਅਸਮਾਨ ਤੋਂ ਬਦਲਾਂ ਵਿਚੋਂ ਗਿਰ ਪੈਂਦੇ ਹਨ। ਡੱਡੂ ਪੱਤਾ ਜਿਹਾ ਬਣ ਕੇ ਪਿਆ ਹੁੰਦਾ ਹੈ, ਜਦੋਂ ਮੀਂਹ ਪੈਂਦਾ ਹੈ ਤਾਂ ਉਸ ਦੇ ਸੁਆਸ ਉਤਰ ਜਾਂਦੇ ਹਨ ਤੇ ਉਹ ਫੁਲ ਜਾਂਦਾ ਹੈ। ਸਾਰੀ ਜ਼ਮੀਨ ਫੇਰ ਹਰੀ ਭਰੀ ਹੋ ਜਾਂਦੀ ਹੈ। ਉਹ ਵੀ ਸਮਾਧੀ ਲਾਉਂਦਾ ਹੈ, ਬਹੁਤ ਜਾਨਵਰ ਹਨ, ਜਿਹੜੇ ਸਮਾਧੀ ਲਾ ਲੈਂਦੇ ਹਨ। ਸੋ ਬੇਟਾ ਜਿੰਨੀ ਦੇਰ ਤਕ ਤੂੰ ਗੁਰੂ ਧਾਰਨ ਨਹੀਂ ਕਰਦਾ, ਤੇਰੀ ਭਗਤੀ ਨੂੰ ਫਲ ਨਹੀਂ ਲਗਣਾ। ਇਸ ਤਰ੍ਹਾਂ ਸੁਕਦੇਵ ਮੁਨੀ ਨੇ ਵੀ ਆ ਕੇ ਰਾਜੇ ਜਨਕ ਨੂੰ ਗੁਰੂ ਧਾਰਨ ਕੀਤਾ। 36 ਸਾਲ ਉਸ ਨੇ ਘੋਰ ਤਪਸਿਆ ਕੀਤੀ ਸੀ। ਰਾਜਾ ਜਨਕ ਜਦੋਂ ਸੰਸਾਰ ਤੋਂ ਗਏ, ਜਾਂਦੇ-ਜਾਂਦੇ ਧਰਮਰਾਜ ਵਲ ਦੀ ਲੰਘੇ, ਭਾਵੇਂ ਉਨ੍ਹਾਂ ਦਾ ਰਸਤਾ ਇਹ ਨਹੀਂ ਸੀ, ਉਥੇ ਜਾ ਕੇ ਧਰਮਰਾਜ ਨੇ ਆਪ ਦਾ ਬਹੁਤ ਆਦਰ ਕੀਤਾ, ਬੜੀ ਸੇਵਾ ਕੀਤੀ, ਬਹੁਤ ਉਚੇ ਬਚਨ ਕਹੇ। ਬਾਣੀ ਦਾ ਫੁਰਮਾਨ ਹੈ –

*ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,*
*ਸੰਤਾਂ ਦੇ ਸੰਗੀਆਂ ਦੀ - 2, 2*
*ਮੇਰੇ ਪਿਆਰੇ, ਸੰਤਾਂ ਦੇ ਸੰਗੀਆਂ ਦੀ-2, 2*
*ਧਰਮਰਾਜਾ ਵੀ ਕਰੇਗਾ ਸੇਵਾ,........-2*

*ਸਾਧਸੰਗਿ ਧਰਮਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥*
*ਪੰਨਾ - 271*

ਜੋ ਮਹਾਂਪੁਰਸ਼ਾਂ ਦਾ ਸਤਿਸੰਗ ਕਰਦੇ ਹਨ ਉਨ੍ਹਾਂ ਦੀ ਦੇਵਤਿਆਂ ਦੇ ਲੋਕ ਵਿਚ ਸੋਭਾ ਹੋਇਆ ਕਰਦੀ ਹੈ। ਇਸ ਤਰ੍ਹਾਂ ਧਰਮਰਾਜ ਕਹਿਣ ਲੱਗਾ, "ਮਹਾਰਾਜ! ਆਪ ਨੇ ਤਾਂ ਮੇਰੇ ਤੇ ਖਾਸ ਕ੍ਰਿਪਾ ਕੀਤੀ ਹੈ ਕਿ ਆਪ ਇਸ ਪੁਰੀ ਵਿਚ ਆਏ ਹੋ। ਆਪ ਨੇ ਤਾਂ ਮੇਰਾ ਭਵਨ ਹੀ ਪਵਿੱਤਰ ਕਰ ਦਿਤਾ ਹੈ। ਮਹਾਂਪੁਰਸ਼ਾਂ ਦੀ ਖਾਸ ਕ੍ਰਿਪਾ ਹੁੰਦੀ ਹੈ, ਜਦੋਂ ਸੁੱਤੇ ਭਾਗ ਜਾਗ ਪੈਣ।" ਅਨੇਕ ਐਸੇ ਬਚਨ ਕੀਤੇ। ਫਿਰ ਸਵਰਗ ਲੋਕ ਦਿਖਾਉਣ ਲਗ ਪਏ, ਜਦੋਂ ਦੂਜੇ ਪਾਸੇ ਨਰਕਾਂ ਵਾਲਾ ਪਾਸਾ ਆਇਆ ਤਾਂ ਰਾਜਾ ਜਨਕ ਜੀ ਕਹਿਣ ਲੱਗੇ ਕਿ ਇਹ ਹਾਏ ਕੁਰਲਾਹਟ ਕਿਥੇ ਹੋ ਰਹੀ ਹੈ, ਕਿਥੋਂ ਅਵਾਜ਼ ਆ ਰਹੀ ਹੈ? ਕਹਿਣ ਲੱਗੇ, "ਮਹਾਰਾਜ! ਇਹ ਉਨ੍ਹਾਂ ਦੀ ਅਵਾਜ਼ ਹੈ ਜਿਹੜੇ ਸੰਸਾਰ ਤੇ ਜਾਂਦੇ ਹਨ ਤੇ ਬਾਗੀ ਹੋ ਜਾਂਦੇ ਹਨ, ਉਥੇ ਜਾ ਕੇ ਮਨ ਦੇ ਪਿਛੇ ਲਗ ਕੇ ਗਲਤ ਗੱਲਾਂ ਕਰਦੇ ਹਨ, ਉਨ੍ਹਾਂ ਦੇ ਕਰਮਾਂ ਦੇ ਹਿਸਾਬ ਨਾਲ ਉਨ੍ਹਾਂ ਨੂੰ ਸਜਾਵਾਂ ਮਿਲਦੀਆਂ ਹਨ, ਉਥੇ ਜਾ ਕੇ ਬਾਗੀ ਹੋ ਕੇ ਦੇਖਦੇ ਨਹੀਂ ਕਿ ਮੈਂ ਕੀ ਕਰਮ ਕਰ ਰਿਹਾ ਹਾਂ, ਕੈਸੇ ਕੈਸੇ ਬੁਰੇ ਕੰਮ ਕਰਦੇ ਹਨ, ਦੁਨੀਆਂ ਨੂੰ ਤੰਗ ਕਰਦੇ ਹਨ। ਉਨ੍ਹਾਂ ਨੂੰ ਜਦੋਂ ਇਥੇ ਆ ਕੇ ਕਰਮ ਭੋਗਣੇ ਪੈਂਦੇ ਹਨ ਤਾਂ ਉਨ੍ਹਾਂ ਨੂੰ ਅਨੇਕ ਕਿਸਮ ਦੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ, ਉਨ੍ਹਾਂ ਸਜਾਵਾਂ ਕਰਕੇ ਦੁਖ ਪ੍ਰਾਪਤ ਹੁੰਦਾ ਹੈ, ਦੁਖ ਮਿਲਣ ਤੇ ਫਿਰ ਹਾਏ ਹਾਏ ਕਰਦੇ ਹਨ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥*
*ਪੰਨਾ - 1425*

ਉਥੇ ਕੋਈ ਬੇਲੀ ਨਹੀਂ ਹੋਇਆ ਕਰਦਾ -

*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥*
*ਪੰਨਾ - 546*

ਉਥੇ ਜੀਵ ਨੂੰ ਪਛਤਾਉਣਾ ਪੈਂਦਾ ਹੈ, ਉਥੇ ਹਾਏ ਪੁਕਾਰ ਕਰੀ ਵੀ ਕੋਈ ਨਹੀਂ ਸੁਣਦਾ -

*ਧਾਰਨਾ - ਸੁਣਨੀ ਨਾ ਪੁਕਾਰ,*
*ਜਦੋਂ ਬੰਨ੍ਹਿਆਂ ਜਮਾਂ ਨੇ - 2, 2*
*ਬੰਨ੍ਹਿਆਂ ਜਮਾਂ ਨੇ, ਜਦੋਂ ਬੰਨ੍ਹਿਆਂ ਜਮ੍ਹਾਂ ਨੇ*
*- 2, 2.*

***ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥***
***ਏਹ ਜਮ ਕੀ ਸਿਰਕਾਰ ਹੈ ਏਨਾ ਉਪਰਿ ਜਮ ਕਾ ਡੰਡੁ ਕਰਾਰਾ॥*** ***ਪੰਨਾ - 513***

ਇਹ ਜਮ ਕੀ ਸਰਕਾਰ ਹੈ, ਇਨ੍ਹਾਂ ਉਪਰ ਜਮ ਕਾ ਡੰਡ ਕਰਾਰਾ ਹੁੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਬਖੀਲੀ, ਚੁਗਲੀ, ਧੋਖੇ, ਪਾਖੰਡ ਗਲਤ ਗੱਲਾਂ ਕਰਨ ਵਾਲੇ, ਨਿੰਦਿਆ ਕਰਨ ਵਾਲੇ, ਜੋ ਐਸੇ ਪ੍ਰੇਮੀ ਹਨ ਉਹ ਜਮਦੂਤਾਂ ਨੂੰ ਸੰਭਾਲ ਦਿਤੇ ਜਾਂਦੇ ਹਨ ਕਿ ਇਨ੍ਹਾਂ ਦੇ ਉਤੇ ਤੁਹਾਡਾ ਹੁਕਮ ਚਲਣਾ ਹੈ, ਕਰਾਰਾ ਡੰਡ ਚਲਣਾ ਹੈ, ਇਹ ਜਮ ਕੀ ਸਰਕਾਰ ਹੈ, ਇਨ੍ਹਾਂ ਉਪਰ ਜਮ ਕਾ ਡੰਡ ਕਰਾਰਾ ਹੈ -

***ਮਨਮੁਖ ਜਮ ਮਗਿ ਪਾਈਅਨਿ.........॥***
***ਪੰਨਾ - 513***

ਜਿਨ੍ਹਾਂ ਨੇ ਸੰਸਾਰ ਵਿਚ ਰਹਿ ਕੇ ਗਲਤ ਕੰਮ ਕੀਤੇ ਹਨ, ਉਨ੍ਹਾਂ ਨੂੰ ਜਮਾਂ ਦੇ ਰਸਤੇ ਤੇ ਤੋਰ ਦਿਤਾ ਜਾਂਦਾ ਹੈ -

***..........ਜਿਨ ਦੂਜਾ ਭਾਉ ਪਿਆਰਾ॥***
***ਪੰਨਾ - 513***

ਪਰਮੇਸ਼ਰ ਨੂੰ ਛੱਡ ਕੇ ਜਿਨ੍ਹਾਂ ਦਾ ਦੂਜੀਆਂ ਚੀਜ਼ਾਂ ਨਾਲ ਪਿਆਰ ਹੁੰਦਾ ਹੈ, ਉਨ੍ਹਾਂ ਦਾ ਅਲਟੀਮੇਟ ਰੀਜ਼ਲਟ (ਆਖਰ ਨਤੀਜਾ) ਕੀ ਹੁੰਦਾ ਹੈ-

***ਜਮ ਪੁਰਿ ਬਧੇ ਮਾਰੀਅਨਿ...........॥*** ***ਪੰਨਾ - 513***

ਬੰਨ੍ਹ ਕੇ ਮਾਰਦੇ ਹਨ।

***............ਕੋ ਸੁਣੈ ਨ ਪੂਕਾਰਾ॥***
***ਪੰਨਾ - 513***

ਉਥੇ ਕੋਈ ਪੁਕਾਰ ਨਹੀਂ ਸੁਣਦਾ -

***ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ........॥***
***ਪੰਨਾ - 513***

ਜਿਸਨੂੰ ਬਚਾਉਣਾ ਹੁੰਦਾ ਹੈ, ਉਸ ਨੂੰ ਗੁਰੂ ਦਾ ਮਿਲਾਪ ਹੋ ਜਾਂਦਾ ਹੈ -

***..........ਗੁਰਮੁਖ ਨਿਸਤਾਰਾ।।***
***ਪੰਨਾ - 513***

ਸੋ ਇਸ ਤਰ੍ਹਾਂ ਦੇ ਨਾਲ ਉਹ ਦੇਸ਼ ਹੀ ਐਸਾ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਐਵੇਂ ਡਰਾਉਣ ਵਾਲੀਆਂ ਹੀ ਗੱਲਾਂ ਹੁੰਦੀਆਂ ਹਨ, ਜਿਸ ਤਰ੍ਹਾਂ ਅਸੀਂ ਬੱਚੇ ਨੂੰ ਕਹਿ ਦਿੰਦੇ ਹਾਂ ਕਿ ਅੰਦਰ ਨਾ ਜਾਈਂ, ਅੰਦਰ ਮਾਉਂ ਬਿੱਲਾ ਬੈਠਾ ਹੈ, ਹੋਰ ਕਈ ਪ੍ਰਕਾਰ ਦੀਆਂ ਗੱਲਾਂ ਕਹਿ ਦਿੰਦੇ ਹਾਂ। ਮਾਂ ਨੂੰ ਤਾਂ ਪਤਾ ਹੁੰਦਾ ਹੈ ਅੰਦਰ ਕੁਝ ਭੀ ਨਹੀਂ ਹੈ। ਸਾਧ

ਸੰਗਤ ਜੀ! ਕਈ ਮਹਾਂਪੁਰਸ਼ ਵੀ ਕਹਿ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਿੰਨ ਕਿਸਮ ਦੀ ਹੈ, ਇਕ ਰੌਚਕ, ਇਕ ਭਿਆਨਕ ਤੇ ਇਕ ਯਥਾਰਥਕ ਹੈ, ਇਕ ਡਰਾਉਣ ਵਾਲੀ, ਇਕ ਰੁਚੀ ਵਾਲੀ ਤੇ ਤੀਜੀ ਅਸਲੀ ਜਿਸ ਨੂੰ ਯਥਾਰਥ ਕਹਿੰਦੇ ਹਨ। ਇਹਦਾ ਮਤਲਬ ਹੈ ਜਿਹੜੀਆਂ ਦੋ ਹਨ, ਉਹ ਅਸਲੀ ਨਹੀਂ ਹਨ, ਡਰਾਉਣ ਤੇ ਰੁਚੀ ਲਾਉਣ ਵਾਲੀਆਂ ਹੀ ਹਨ। ਐਸੀ ਗੱਲ ਨਹੀਂ ਹੈ ਸਾਧਸੰਗਤ ਜੀ, ਇਹ ਅਵਸਥਾ ਭੇਦ ਦੀ ਗੱਲ ਹੋਇਆ ਕਰਦੀ ਹੈ। ਜਿਹੜੇ ਤਾਂ ਮਨ ਦੇ ਪਿਛੇ ਲਗਣ ਵਾਲੇ ਹਨ, ਉਨ੍ਹਾਂ ਦੀ ਜੋ ਗਤੀ ਹੈ, ਸਾਰੀ ਮਹਾਰਾਜ ਨੇ ਲਿਖੀ ਹੈ।

ਛੇ ਕਿਸਮ ਦੀ ਗਤੀ ਹੋਇਆ ਕਰਦੀ ਹੈ ਸੰਸਾਰ ਵਿਚ। ਪਹਿਲੇ ਉਹ ਪ੍ਰੇਮੀ ਹੋਇਆ ਕਰਦੇ ਹਨ, ਜੋ ਮਨ ਦੇ ਪਿਛੇ ਲਗ ਕੇ, ਮਨ ਦੀਆਂ ਗੱਲਾਂ ਕਰਦੇ ਹਨ ਕਿਉਂਕਿ ਮਨ ਬੇ-ਕਾਬੂ ਹੋਇਆ ਕਰਦਾ ਹੈ, ਇਹਦਾ ਪਤਾ ਨਹੀਂ ਕਿਧਰ ਨੂੰ ਉਡਾਰੀ ਮਾਰ ਲਵੇ, ਮਨ ਦੇ ਪਿਛੇ ਲਗਣ ਵਾਲੇ ਬੰਦੇ ਦਾ ਕੋਈ ਇਤਬਾਰ ਨਹੀਂ ਹੋਇਆ ਕਰਦਾ, ਕਦੇ ਨਾ ਧੋਖਾ ਖਾਓ ਉਸ ਦਾ। ਕਈ ਪ੍ਰੇਮੀ ਐਸੇ ਵੀ ਹੁੰਦੇ ਹਨ ਜਿਨ੍ਹਾਂ ਨੇ ਗੁਰੂ ਵੀ ਧਾਰਿਆ ਹੁੰਦਾ ਹੈ ਪਰ ਫਿਰ ਵੀ ਮਨ ਦੇ ਪਿਛੇ ਲਗਦੇ ਹਨ।

ਇਕ ਪ੍ਰੇਮੀ ਨੇ ਮੈਨੂੰ ਦਸਿਆ ਕਿ ਮੈਂ ਮੱਝ ਖਰੀਦਣ ਗਿਆ। ਮੈਂ ਮਾਲਕ ਨੂੰ ਕਿਹਾ ਕਿ ਦੇਖ, ਤੂੰ ਗੁਰੂ ਧਾਰਿਆ ਹੋਇਆ ਹੈ? ਕਹਿੰਦਾ ਹਾਂ ਜੀ। ਮੈਂ ਉਹਨੂੰ ਕਿਹਾ ਕਿ ਗਲਤ ਕੰਮ ਨਾ ਕਰੀਂ। ਕਹਿੰਦਾ ਜੀ, ਬਿਲਕੁਲ ਨਹੀਂ ਕਰਦਾ। ਮੱਝ ਹੇਠ ਦੁੱਧ ਬਹੁਤ ਦਿਖਾ ਦਿਤਾ, ਜਦੋਂ ਮੱਝ ਘਰ ਲੈ ਕੇ ਆਇਆ ਤਾਂ ਉਹ ਸਿਰਫ ਡੇਢ ਕਿਲੋ ਦੁਧ ਦੇਵੇ। ਮੈਨੂੰ ਦਸਿਆ ਹੀ ਨਾ ਕਿ ਮੈਂ ਤਾਂ ਇਹਨੂੰ ਦੁਧ ਹੀ ਪਿਲਾਂਦਾ ਰਿਹਾ ਹਾਂ, ਕਦੇ ਚੋਇਆ ਹੀ ਨਹੀਂ। ਕਈ ਐਸੇ ਵੀ ਪ੍ਰੇਮੀ ਹੁੰਦੇ ਹਨ, ਜੋ ਮਨ ਦੇ ਪਿਛੇ ਲੱਗੇ ਰਹਿੰਦੇ ਹਨ, ਉਨ੍ਹਾਂ ਦੇ ਕਿਰਦਾਰ ਬਾਰੇ ਫੁਰਮਾਨ ਹੈ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***
***ਪੰਨਾ - 656***

ਜੇਕਰ ਪਤਾ ਹੋਵੇ ਕਿ ਮੈਂ ਤਾਂ ਇਨ੍ਹਾਂ ਗੱਲਾਂ ਦਾ ਨਿਬੇਰਾ (ਹਿਸਾਬ) ਦੇਣਾ ਹੈ, ਫਿਰ ਉਹ ਕਿਉਂ ਗਲਤ ਗੱਲ ਕਰੇ। ਸੋ ਜੋ ਮਨ ਦੇ ਪਿਛੇ ਲਗਣ ਵਾਲਾ ਬੰਦਾ ਹੁੰਦਾ ਹੈ ਜਦੋਂ ਉਹ ਸੰਸਾਰ ਤੋਂ ਜਾਂਦਾ ਹੈ, ਉਹਦੀ ਪਹਿਲੀ ਕਿਸਮ ਦੀ ਗਤੀ ਹੋਇਆ ਕਰਦੀ ਹੈ ਜਿਸ ਨੂੰ ਪਾਪੀਆਂ ਦੀ ਗਤੀ ਕਹਿੰਦੇ ਹਨ। ਇਨ੍ਹਾਂ ਨੂੰ ਧਰਮਰਾਜ ਸਜਾਵਾਂ ਦਿੰਦਾ ਹੈ। ਇਨ੍ਹਾਂ ਬਾਰੇ ਹੀ ਫੁਰਮਾਨ ਹੈ -

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਪੰਨਾ - 471***

ਕਈ ਪ੍ਰੇਮੀ ਕਹਿਣਗੇ ਕਿ ਸਾਨੂੰ ਗੁਰੂ ਧਾਰਨ ਦੀ ਕੀ ਲੋੜ ਹੈ। ਅਸੀਂ ਤਾਂ ਸੱਚ ਬੋਲਦੇ ਹਾਂ, ਕੋਈ ਬੇਈਮਾਨੀ ਨਹੀਂ ਕਰਦੇ, ਧੋਖਾ ਨਹੀਂ ਕਰਦੇ, ਕੋਈ ਗਲਤ ਗੱਲ ਨਹੀਂ ਕਰਦੇ। ਦਰਅਸਲ ਵਿਚ ਉਨ੍ਹਾਂ ਦਾ ਦਿਲ ਘਬਰਾ ਜਾਂਦਾ ਹੈ - ਉਨ੍ਹਾਂ ਨੂੰ ਦੇਖ ਕੇ, ਜਿਨ੍ਹਾਂ ਨੇ ਗੁਰੂ ਧਾਰਨ ਕਰਕੇ ਸਿਰਫ ਰੂਪ ਧਾਰਿਆ ਹੁੰਦਾ ਹੈ, ਬਹੁ ਰੂਪੀਏ ਬਣੇ ਹੁੰਦੇ ਹਨ। ਉਨ੍ਹਾਂ ਨੇ ਐਵੇਂ ਗੁਰੂ ਧਾਰਿਆ ਹੁੰਦਾ ਹੈ, ਗੁਰੂ ਹੁਕਮ ਵਿਚ ਨਹੀਂ ਚਲਦੇ। ਪੰਜ ਕਿਸਮ ਦੀ ਸਿੱਖੀ ਹੁੰਦੀ ਹੈ।

ਪਹਿਲੀ ਸਿੱਖੀ ਹੁੰਦੀ ਹੈ ਦੇਖਾ ਦੇਖੀ ਦੀ, ਕਿ ਇਹ ਵੀ ਬਣ ਗਿਆ, ਮੈਂ ਵੀ ਬਣ ਜਾਵਾਂ, ਨਹੀਂ ਤਾਂ ਮੈਨੂੰ ਲੋਕ ਨਿਗੁਰਾ ਕਹਿਣਗੇ ਕਿਉਂਕਿ -

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਗੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ॥***

ਨਿਗੁਰੇ ਪੁਰਸ਼ ਦੇ ਹੱਥੋਂ ਛਕਣ ਨਾਲ ਪ੍ਰਭੂ ਦੀ ਪ੍ਰੀਤ ਟੁੱਟ ਜਾਇਆ ਕਰਦੀ ਹੈ। ਪਹਿਲੇ ਜ਼ਮਾਨਿਆਂ ਵਿਚ ਨਹੀਂ ਸੀ ਛਕਿਆ ਕਰਦੇ, ਪਹਿਲਾਂ ਪੁਛਦੇ ਸੀ। ਭੀਸ਼ਮ ਪਿਤਾਮਾ ਜੋ ਪਾਂਡਵਾਂ ਤੇ ਕੌਰਵਾਂ ਦਾ ਪੜਦਾਦਾ ਲਗਦਾ ਸੀ, ਬਹੁਤ ਉਚ ਕੋਟੀ ਦਾ ਯੋਗੀ ਸੀ, ਸ਼ੁਭ ਕਰਮੀ ਸੀ, ਕਰਮ ਕਾਂਡ ਵਿਚ ਪੂਰਾ ਪੱਕਾ ਸੀ, ਜਦੋਂ ਇਹ ਬਾਣਾਂ ਦੀ ਸੇਜ ਤੇ ਪਿਆ ਹੈ, ਉਤਰਾਇਣ ਦਾ ਇੰਤਜ਼ਾਰ ਕਰ ਰਿਹਾ ਸੀ। ਪੰਜੇ ਪਾਂਡਵ, ਦ੍ਰੋਪਤੀ ਤੇ ਕ੍ਰਿਸ਼ਨ ਮਹਾਰਾਜ ਰੋਜ਼ ਉਨ੍ਹਾਂ ਕੋਲ ਜਾਂਦੇ ਸਨ ਤੇ ਗਿਆਨ ਦੀਆਂ ਗੱਲਾਂ ਸੁਣਦੇ ਸਨ।

ਇਕ ਦਿਨ ਆਪ ਬਹੁਤ ਉਚੀਆਂ ਗੱਲਾਂ ਕਰ ਰਹੇ ਸੀ ਤਾਂ ਦ੍ਰੋਪਤੀ ਹਸ ਪਈ। ਕਹਿਣ ਲੱਗੇ, "ਬੇਟੀ! ਮੈਨੂੰ ਪਤਾ ਹੈ ਕਿ ਤੂੰ ਕਿਉਂ ਹਸ ਰਹੀ ਹੈਂ। ਤੂੰ ਇਸ ਵਾਸਤੇ ਹਸ ਰਹੀ ਹੈਂ ਕਿ ਜਦੋਂ ਤੇਰੇ ਚੀਰ ਹਰਣ ਕੀਤੇ ਜਾ ਰਹੇ ਸੀ, ਤੈਨੂੰ ਨਗਨ ਕੀਤਾ ਜਾ ਰਿਹਾ ਸੀ ਉਸ ਵੇਲੇ ਤੂੰ ਮੈਨੂੰ ਅਪੀਲ ਕੀਤੀ ਸੀ, ਮੈਂ ਹਾਅ ਦਾ ਨਾਅਰਾ ਕਿਉਂ ਨਾ ਮਾਰਿਆ।" ਕਹਿਣ ਲੱਗੀ, "ਦਾਦਾ ਜੀ! ਜੋ ਗਿਆਨ ਤੁਸੀਂ ਅੱਜ ਦੇ ਰਹੇ ਹੋਂ, ਜੇ ਉਸ ਵੇਲੇ ਜ਼ਰਾ ਤਕੜੇ ਹੋ ਜਾਂਦੇ ਤਾਂ ਮੇਰੀ ਇਹ ਹਾਲਤ ਨਾ ਹੁੰਦੀ ਜੋ ਉਥੇ ਕੀਤੀ ਗਈ। ਜਦੋਂ ਮੈਨੂੰ ਨਗਨ ਕਰ ਰਹੇ ਸੀ ਉਸ ਵੇਲੇ ਪ੍ਰਮੇਸ਼ਰ ਨੇ ਮੇਰੀ ਲਾਜ ਰਖੀ -

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***
***ਪੰਨਾ - 1008***

ਦ੍ਰੋਪਤੀ ਨੂੰ ਉਸ ਵੇਲੇ ਪ੍ਰਮੇਸ਼ਰ ਦੇ ਨਾਮ ਦੀ ਸੁੱਧ ਆ ਗਈ -

***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।।***

***ਭਾਈ ਗੁਰਦਾਸ ਜੀ, ਵਾਰ 10/8***

ਜਿਸ ਵੇਲੇ ਨਾਮ ਉਚਾਰਿਆ, ਉਸੇ ਵੇਲੇ-

***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥***

***ਭਾਈ ਗੁਰਦਾਸ ਜੀ, ਵਾਰ 10/8***

ਥੱਕ ਗਏ ਕਪੜੇ ਲਾਹੁਣ ਵਾਲੇ, ਪਰ ਕਪੜਾ ਲਹਿ ਨਹੀਂ ਰਿਹਾ -

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨ ਕਰਨਿ ਜਾਹਿ ਜਾਂਦੀ॥***

***ਭਾਈ ਗੁਰਦਾਸ ਜੀ, ਵਾਰ 10/8***

ਅਖੀਰ ਸ਼ਰਮਿੰਦੇ ਹੋ ਗਏ, ਹੱਥ ਮਲਦੇ ਨੇ, ਸਿਰ ਹਿਲਾਉਂਦੇ ਨੇ, ਪਛਤਾਵਾ ਕਰ ਰਹੇ ਹਨ। ਕਹਿਣ ਲੱਗੀ, ਜਦੋਂ ਮੇਰੇ ਨਾਲ ਇਹ ਭਾਣਾ ਬੀਤ ਰਿਹਾ ਸੀ ਤਾਂ ਤੁਸੀਂ ਜ਼ਰਾ ਵੀ ਤਕੜੇ ਹੋ ਜਾਂਦੇ ਤਾਂ ਮੈਂ ਏਸ ਗੱਲੋਂ ਬਚ ਤਾਂ ਜਾਂਦੀ। ਭੀਸ਼ਮ ਪਿਤਾਮਾ ਨੇ ਕਿਹਾ, "ਬੇਟੀ! ਤੂੰ ਠੀਕ ਕਹਿ ਰਹੀ ਹੈਂ, ਉਸ ਵੇਲੇ ਮੈਂ ਵੀ ਉਥੇ ਸੀ, ਗੁਰੂ ਕ੍ਰਿਪਾਚਾਰਯ ਤੇ ਗੁਰੂ ਦਰੋਣਾਚਾਰੀਆ ਜੀ ਵੀ ਉਥੇ ਸਨ, ਅਸੀਂ ਤਿੰਨੇ ਹੀ ਨਾ ਬੋਲ ਸਕੇ, ਉਹਦਾ ਕਾਰਣ ਇਹ ਸੀ ਕਿ ਅਸੀਂ ਰਾਜ ਅੰਨ ਖਾਂਦੇ ਸੀ, ਉਸ ਨੇ ਸਾਡੀ ਬੁੱਧੀ ਵਿਚ ਕਮਜ਼ੋਰੀ ਲਿਆ ਦਿਤੀ ਸੀ, ਹੁਣ ਮੇਰੇ ਅੰਦਰੋਂ ਲਹੂ ਸਾਰਾ ਨੁਚੜ ਗਿਆ ਹੈ, ਰਾਜ ਅੰਸ ਨਿਕਲ ਚੁਕੀ ਹੈ ਤੇ ਹੁਣ ਮੈਂ ਸਹੀ ਗੱਲ ਕਹਿ ਸਕਦਾ ਹਾਂ। ਸੋ ਇਸੇ ਤਰ੍ਹਾਂ ਨਿਗੁਰੇ ਦੇ ਹੱਥੋਂ ਖਾ ਕੇ, ਪਰਮੇਸ਼ਰ ਦੀ ਪ੍ਰੀਤ ਵਿਸਰ ਜਾਇਆ ਕਰਦੀ ਹੈ, ਬਹੁਤ ਮਹਾਂਪੁਰਸ਼ ਬਾਹਰ ਕੁਛ ਛਕਣ ਤੋਂ ਸੰਕੋਚ ਕਰਿਆ ਕਰਦੇ ਹਨ। ਸੋ ਇਸ ਤਰ੍ਹਾਂ ਦੇਖਾ ਦੇਖੀ ਦੀ ਸਿੱਖੀ ਕਈ ਧਾਰਨ ਕਰ ਲੈਂਦੇ ਹਨ।

ਦੂਜੀ ਸਿੱਖੀ ਭੇਖ ਦੀ ਹੁੰਦੀ ਹੈ, ਕੋਈ ਭੇਖ ਧਾਰ ਲਿਆ, ਮਨ ਨੂੰ ਸੋਹਣਾ ਲੱਗਾ ਕਿ ਇਹ ਤਾਂ ਬਹੁਤ ਸੋਹਣੇ ਲਗਦੇ ਹਨ ਕਿ ਮੈਂ ਵੀ ਇਹੋ ਜਿਹਾ ਬਣ ਜਾਵਾਂ, ਉਸ ਨੂੰ ਭੇਖ ਦੀ ਸਿੱਖੀ ਕਹਿੰਦੇ ਨੇ, ਉਹ ਵੀ ਅਸਲੀ ਨਹੀਂ ਹੋਇਆ ਕਰਦੀ।

ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ - ਜੇਕਰ ਮੈਂ ਗੁਰੂ ਧਾਰ ਲਿਆ ਤਾਂ ਮੇਰਾ ਕੰਮ ਠੀਕ ਹੋ ਜਾਵੇਗਾ, ਲੋਕ ਸਮਝਣਗੇ ਕਿ ਮੈਂ ਵੀ ਇਹ ਮਤ ਧਾਰ ਲਿਆ ਤੇ ਮੈਨੂੰ ਵੋਟਾਂ ਪਾਉਣ ਲਗ ਜਾਣਗੇ। ਮੇਰੀ ਦੁਨੀਆਦਾਰੀ ਸੋਹਣੀ ਚਲ ਪਵੇਗੀ। ਇਸ ਨੂੰ ਹਿਰਸ ਦੀ ਸਿੱਖੀ ਕਹਿੰਦੇ ਹਨ, ਇਹ ਵੀ ਕੁਝ ਨਹੀਂ ਹੋਇਆ ਕਰਦੀ।

ਇਕ ਵਾਰੀ ਦਸਵੇਂ ਪਾਤਸ਼ਾਹ ਜੀ ਇਸ ਗੱਲ ਨੂੰ ਪਰਤੱਖ ਰੂਪ ਵਿਚ ਸਮਝਾਉਣਾ ਚਾਹੁੰਦੇ ਸਨ। ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਸੀ, ਬੇਅੰਤ ਸੰਗਤਾਂ ਆਈਆਂ ਹੋਈਆਂ ਸਨ। ਮਹਾਰਾਜ ਜੀ ਨੇ ਕਿਹਾ, "ਭਾਈ ਸਾਡੀ ਇਜਾਜ਼ਤ ਤੋਂ ਬਗੈਰ ਕਿਸੇ ਨੇ ਨਹੀਂ ਜਾਣਾ। ਜਿਤਨੀ ਵੀ ਸੰਗਤ

ਸੀ ਸਭ ਗੁਰੂ ਮਹਾਰਾਜ ਦੇ ਹੁਕਮ ਦਾ ਇੰਤਜ਼ਾਰ ਕਰਨ ਲਗ ਪਈ ਕਿ ਕਦੋਂ ਮਹਾਰਾਜ ਹੁਕਮ ਦੇਣ ਤੇ ਅਸੀਂ ਘਰਾਂ ਨੂੰ ਜਾਈਏ। ਕਾਫੀ ਦਿਨ ਲੰਘ ਗਏ ਤੇ ਕਣਕਾਂ ਦੀ ਵਢਾਈ ਆ ਗਈ। ਪਹਿਰੇ ਲੱਗੇ ਹੋਏ ਹਨ, ਜਿਹੜਾ ਕੋਈ ਜਾਵੇ ਪਹਿਰੇਦਾਰ, ਕਹਿਣ ਕਿ ਨਹੀਂ ਜਾਣਾ। ਅਖੀਰ ਭਰੋਸਾ ਟੁੱਟਣਾ ਸ਼ੁਰੂ ਹੋ ਗਿਆ। ਜਿਵੇਂ ਹਰਿਆਣੇ ਦੀ ਪੁਲਿਸ ਨੇ ਨਾਕੇ ਲਗਾ ਦਿਤੇ ਸੀ ਅਤੇ ਸਿੰਘਾਂ ਨੂੰ ਦਿੱਲੀ ਨਹੀਂ ਜਾਣ ਦਿੰਦੇ ਸਨ। ਐਸੇ ਤਰ੍ਹਾਂ ਮਹਾਰਾਜ ਨੇ ਵੀ ਪਹਿਰੇ ਲਵਾ ਦਿਤੇ ਕਿ ਕਿਸੇ ਨੂੰ ਘਰੀਂ ਵਾਪਸ ਨਹੀਂ ਜਾਣ ਦੇਣਾ। ਉਹਦਾ ਨਤੀਜਾ ਕੀ ਹੋਇਆ। ਗੁਰੂ ਤੇ ਭਰੋਸਾ ਨਹੀਂ ਸੀ, ਸਾਰੇ ਬੈਠ ਕੇ ਸੋਚਣ ਲਗ ਪਏ, ਗੱਲਾਂ ਕਰਨ ਲਗ ਪਏ ਕਿ ਆਪਾਂ ਇਥੋਂ ਨਿਕਲੀਏ ਕਿਵੇਂ?

ਉਹ ਸਭ ਐਵੇਂ ਹੀ ਦੇਖਾ ਦੇਖੀ ਵਾਸਤੇ ਆਉਂਦੇ ਸੀ, ਆਪਣੇ ਕੰਮ ਕਰਾਉਣ ਵਾਸਤੇ – ਮੈਂ ਬਿਮਾਰ ਹਾਂ ਜੀ, ਮੇਰੀ ਘਰ ਵਾਲੀ ਬਿਮਾਰ ਹੈ ਜੀ, ਮੇਰੇ ਲੜਕੇ ਦਾ ਵਿਆਹ ਹੋ ਜਾਵੇ ਜੀ, ਮੇਰੀ ਲੜਕੀ ਨੂੰ ਕੋਈ ਵਰ ਮਿਲ ਜਾਵੇ, ਮੇਰਾ ਕਾਰੋਬਾਰ ਚਲ ਜਾਵੇ ਜੀ। ਸੰਤਾਂ ਕੋਲ ਵੀ ਬਹੁਤੀ ਦੁਨੀਆਂ ਇਸ ਤਰ੍ਹਾਂ ਹੀ ਆਉਂਦੀ ਹੈ, ਉਹ ਕੋਈ ਪਿਆਰ ਨਹੀਂ ਹੋਇਆ ਕਰਦਾ। ਮੈਨੂੰ ਦੇਖਦੇ ਨੂੰ ਕਿੰਨਾ ਚਿਰ ਹੋ ਗਿਆ, ਮੁੜ ਕੇ ਉਸ ਬੰਦੇ ਦਾ ਹੀ ਪਤਾ ਨਹੀਂ ਲਗਦਾ ਕਿਥੇ ਗਿਆ, ਪਹਿਲਾਂ ਤਾਂ ਸਤਿਸੰਗ ਵਿਚ ਬਹੁਤ ਆਉਂਦਾ ਸੀ, ਜਦੋਂ ਆਪਣਾ ਕਾਰਜ ਸਿੱਧ ਹੋ ਗਿਆ, ਮੁੜ ਕੇ ਨਹੀਂ ਆਇਆ ਕਰਦਾ। ਸੋ ਇਸ ਤਰ੍ਹਾਂ ਦੀ ਬਹੁਤ ਦੁਨੀਆਂ ਹੋਇਆ ਕਰਦੀ ਹੈ। ਸੋ ਉਹ ਦੇਖਾ ਦੇਖੀ ਦੇ ਸਿੱਖ ਹੁਣ ਸਕੀਮਾਂ ਬਣਾਉਣ ਲਗ ਪਏ ਕਿ ਨਿਕਲੀਏ ਕਿਵੇਂ? ਇਕ ਕਹਿਣ ਲੱਗਾ ਕਿ ਨਿਕਲਣ ਦੀ ਜੁਗਤ ਤਾਂ ਮੈਂ ਦਸ ਦਿੰਦਾ ਹਾਂ। ਬਾਕੀ ਕਹਿਣ ਲੱਗੇ, ਕਿਵੇਂ? ਕਹਿਣ ਲੱਗਾ, "ਮੈਂ ਦੋ ਮਿੰਟ ਵਾਸਤੇ ਸਾਹ ਰੋਕ ਲੈਂਦਾ ਹਾਂ। ਜਦੋਂ ਮੈਂ ਸਾਹ ਛਡਦਾ ਹਾਂ ਮੈਂ ਪਤਾ ਨਹੀਂ ਲਗਣ ਦਿੰਦਾ ਕਿ ਮੇਰਾ ਸਾਹ ਬਾਹਰ ਆਇਆ ਹੈ ਕਿ ਨਹੀਂ। ਨੱਕ ਅੱਗੇ ਰੂੰ ਰੱਖ ਕੇ ਦੇਖ ਲਓ, ਉਹ ਵੀ ਨਹੀਂ ਹਿਲੇਗਾ, ਐਨਾ ਹੌਲੀ ਮੇਰਾ ਸਾਹ ਚਲਦਾ ਹੈ। ਸੋ ਮੈਂ ਬਣ ਜਾਂਦਾ ਹਾਂ ਮੁਰਦਾ, ਤੁਸੀਂ ਮੇਰੀ ਅਰਥੀ ਚੁਕ ਲਓ, ਦੋ ਤਿੰਨ ਸੌ ਬੰਦਾ ਮੇਰੇ ਮਗਰ ਲਗ ਜਾਣਾ, ਸ਼ਬਦ ਪੜ੍ਹਨ ਲਗ ਜਾਣਾ। ਮਹਾਰਾਜ ਜੀ ਦੇ ਕੋਲੋਂ ਦੀ ਹੋ ਕੇ ਲੰਘਾਂਗੇ। ਇਹ ਨਹੀਂ ਸੀ ਸਮਝਦੇ ਕਿ ਮਹਾਰਾਜ ਅੰਤਰਜਾਮੀ ਹਨ, ਇਤਨਾ ਵਿਸ਼ਵਾਸ਼ ਨਹੀਂ ਸੀ। ਸੋ ਸਲਾਹ ਦੇ ਮੁਤਾਬਿਕ ਉਹ ਮੁਰਦਾ ਬਣ ਗਿਆ ਤੇ ਬਾਕੀ ਪਿਛੇ ਸ਼ਬਦ ਪੜ੍ਹਨ ਲਗ ਪਏ, ਐਸੇ ਸ਼ਬਦ –

*ਧਾਰਨਾ – ਜਿਹਦੇ ਦਰ ਤੇ ਝੂਲਦੇ ਹਾਥੀ, ਜਿਹਦੇ ਦਰ ਤੇ – 2, 2.*

*ਲਦ ਗਏ ਨੇ ਰੌਣ ਵਰਗੇ ਪਿਆਰਿਓ! ਪਿਆਰਿਓ,*

*ਲੱਦ ਗਏ ਨੇ ਰੌਣ ਵਰਗੇ, ਜਿਹਦੇ ਦਰ ਤੇ............–2*

*ਸਰਬ ਸੁੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥*
*ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ।।*

*ਪੰਨਾ - 693*

*ਗੁਰਮੁਖ ਜਨਮ ਸਵਾਰ ਦਰਗਹਿ ਚਲਿਆ।।*
*ਨਾਂਗੇ ਆਵਣਾ ਨਾਂਗੇ ਜਾਣਾ.......॥*
*ਪੰਨਾ - 1246*

ਮਹਾਰਾਜ ਜੀ ਨੇ ਪੁਛਿਆ ਭਾਈ! ਐਸੇ ਸ਼ਬਦ ਕਿਉਂ ਪੜ੍ਹੇ ਜਾ ਰਹੇ ਹਨ? ਕਹਿਣ ਲੱਗੇ, ਮਹਾਰਾਜ! ਇਕ ਸਿੰਘ ਚੜ੍ਹਾਈ ਕਰ ਗਿਆ, ਇਹਦਾ ਸਸਕਾਰ ਕਰਨ ਵਾਸਤੇ ਜਾ ਰਹੇ ਹਾਂ। ਅੰਦਰੋਂ ਇਹ ਖਿਆਲ ਸੀ ਕਿ ਇਕ ਵਾਰੀ ਅੰਦਰੋਂ ਬਾਹਰ ਨਿਕਲ ਜਾਈਏ, ਫਿਰ ਬਾਹਰੋਂ ਸਵਾਰੀਆਂ ਲੈ ਕੇ ਚਲੇ ਜਾਵਾਂਗੇ। ਮਹਾਰਾਜ ਜੀ ਕਹਿਣ ਲੱਗੇ ਕਿ ਕੀ ਗੱਲ ਹੈ ਤੁਸੀਂ ਐਨਾ ਰੁਦਨ ਕਰਦੇ ਹੋਂ? ਅੱਖਾਂ ਵਿਚ ਉਂਗਲੀਆਂ ਪਾ ਪਾ ਕੇ ਰੋਣ ਲੱਗੇ। ਜ਼ਿਆਦਾ ਅੱਖਾਂ ਵਿਚ ਸਰੋਂ ਦਾ ਤੇਲ ਪਾ ਲਿਆ, ਹੰਝੂ ਗਿਰੀ ਜਾਂਦੇ ਹਨ। ਲਗਦਾ ਤਾਂ ਤੇਲ ਹੈ, ਅੱਖਾਂ ਵਿਚ ਦਿਖਾਉਂਦੇ ਐਂ ਨੇ ਕਿ ਸਾਡਾ ਸਬੰਧੀ ਮਰ ਗਿਆ। ਮਹਾਰਾਜ ਜੀ ਕਹਿਣ ਲੱਗੇ, "ਭਾਈ! ਕੀ ਗੱਲ ਹੈ, ਐਨਾ ਰੁਦਨ ਕਿਉਂ ਕਰਦੇ ਹੋ। ਕਹਿਣ ਲੱਗੇ, "ਜੀ ਆਹ ਪ੍ਰੇਮੀ ਛੋਟੇ-ਛੋਟੇ ਬੱਚੇ ਛੱਡ ਕੇ ਮਰ ਗਿਆ ਹੈ, ਬੜਾ ਮਾੜਾ ਹੋਇਆ, ਸਾਡੇ ਪਾਸ ਆਇਆ ਸੀ, ਪਿਛੇ ਇਹਦੇ ਘਰ ਦਾ ਬਹੁਤ ਬੁਰਾ ਹਾਲ ਹੈ, ਕਿੰਨੇ ਤਾਂ ਏਸ ਨੇ ਕਰਜ਼ੇ ਦੇਣੇ ਹਨ।" ਬਹੁਤ ਦਰਦਨਾਕ ਕਹਾਣੀ ਸੁਣਾਈ। ਗੁਰੂ ਮਹਾਰਾਜ ਕਹਿਣ ਲੱਗੇ, "ਭਾਈ! ਕੋਈ ਗੱਲ ਨਹੀਂ, ਓਥੇ ਲਿਜਾ ਕੇ ਕਿਉਂ ਸਸਕਾਰ ਕਰਦੇ ਹੋ, ਇਥੇ ਹੀ ਕਰ ਦਿੰਦੇ ਹਾਂ।" ਮਹਾਰਾਜ ਜੀ ਨੇ ਕਿਹਾ, "ਘਾਹ ਲਿਆਓ, ਘਾਹ ਵਿਛਾ ਕੇ ਉਪਰ ਅਰਥੀ ਰਖ ਦਿਓ।" ਹੁਣ ਉਹਨੂੰ ਫਿਕਰ ਪੈ ਗਿਆ ਕਿ ਹੁਣ ਦੇਖੋ ਕੀ ਬਣਦਾ ਹੈ। ਉਧਰੋਂ ਮਹਾਰਾਜ ਨੇ ਕਹਿ ਦਿਤਾ ਕਿ ਲੰਗਰ ਵਿਚੋਂ ਇਕ ਬਲਦੀ ਹੋਈ ਲਕੜ ਲੈ ਕੇ ਆਓ, ਘਾਹ ਨੂੰ ਅੱਗ ਲਾਓ। ਜਦੋਂ ਅੱਗ ਲਾਈ ਤਾਂ ਉਹ ਪ੍ਰੇਮੀ ਅਰਥੀ ਉਪਰੋਂ ਉਠ ਕੇ ਛਾਲ ਮਾਰ ਕੇ ਦੌੜ ਗਿਆ, ਦੌੜਿਆ ਹੀ ਜਾਂਦਾ ਹੈ। ਮਹਾਰਾਜ ਜੀ ਕਹਿਣ ਲੱਗੇ, "ਅਸੀਂ ਇਹਨੂੰ ਸਣਦੇਹੀ ਸਚਖੰਡ ਨੂੰ ਭੇਜ ਰਹੇ ਹਾਂ। ਦੇਖੋ ਤੁਹਾਡਾ ਬੰਦਾ ਸਣਦੇਹੀ ਹੀ ਸਚਖੰਡ ਨੂੰ ਜਾ ਰਿਹਾ ਹੈ।" ਸੋ ਇਸ ਤਰ੍ਹਾਂ ਸਾਰੇ ਰੋਕ ਲਏ ਗਏ, ਉਸ ਬੰਦੇ ਨੂੰ ਵੀ ਬੁਲਾ ਲਿਆ। ਮਹਾਰਾਜ ਜੀ ਨੇ ਕਿਹਾ ਕਿ ਐਨਾ ਪਾਖੰਡ ਕਾਹਦੇ ਲਈ ਕੀਤਾ ਸੀ? ਕਹਿਣ ਲੱਗੇ, "ਮਹਾਰਾਜ! ਜਾਣ ਵਾਸਤੇ ਕੀਤਾ ਸੀ।" ਗੁਰੂ ਮਹਾਰਾਜ ਜੀ ਨੇ ਕਿਹਾ ਕਿ ਆਹ ਜਿਹੜੀ ਸਿੱਖੀ ਹੈ ਨਾ, ਦੇਖਾ ਦੇਖੀ ਦੀ, ਭੇਖ ਦੀ ਹੈ ਤੇ ਹਿਰਸ ਦੀ ਹੈ। ਇਹ ਟੈਸਟ ਵਿਚ ਪੂਰੀ ਨਹੀਂ ਉਤਰਦੀ। ਸਿਦਕ ਦੀ ਸਿੱਖੀ ਟੈਸਟ ਵਿਚ ਪੂਰੀ ਉਤਰਦੀ ਹੈ।

ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਹੈ। ਪਹਾੜੀ ਰਾਜਿਆਂ ਨੇ ਸਲਾਹ ਕੀਤੀ ਕਿ ਕੇਸਗੜ੍ਹ ਦਾ ਦਰਵਾਜ਼ਾ ਤੋੜੀਏ। ਹਾਥੀ ਨੂੰ ਸ਼ਰਾਬ ਪਿਲਾ ਕੇ, ਦਰਵਾਜ਼ੇ ਤੇ ਟੱਕਰ ਮਰਵਾਈ ਜਾਵੇ। ਗੁਰੂ ਮਹਾਰਾਜ ਜੀ ਨੂੰ

ਖਬਰ ਹੋਈ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਸਾਡਾ ਹਾਥੀ ਵੀ ਬੈਠਾ ਹੈ – 'ਦੁਨੀਚੰਦ', ਦੇਖੋ ਇਹ ਕਿਤਨਾ ਤਕੜਾ ਹੈ, ਇਹ ਗੁਰੂ ਦਾ ਹਾਥੀ ਹੈ। ਦੁਨੀਚੰਦ ਨੇ ਵੀ ਇਹ ਬਚਨ ਸੁਣ ਲਏ। ਜਦੋਂ ਰਾਤ ਹੋਈ, ਬਹੁਤ ਸਾਰੇ ਬੰਦੇ ਜਿਹੜੇ ਨਾਲ ਆਏ ਸੀ, ਉਨ੍ਹਾਂ ਨਾਲ ਸਲਾਹ ਕੀਤੀ। ਇਹ ਮਸੰਦ ਸੀ ਮਾਝੇ ਦਾ। ਕਹਿਣ ਲੱਗਿਆ, "ਦੇਖਿਆ, ਗੁਰੂ ਮੇਰੇ ਨਾਲ ਖਾਸ ਜਿੱਦ ਕਰਦਾ ਹੈ, ਐਨੇ ਸਿੱਖ ਬੈਠੇ ਹਨ ਕਿਸੇ ਨੂੰ ਨਹੀਂ ਕਿਹਾ, ਮੈਨੂੰ ਮਰਵਾਊਗਾ। ਕਹਿੰਦਾ ਆਪਾਂ ਤਾਂ ਐਵੇਂ ਆ ਫਸੇ ਇਥੇ, ਹੁਣ ਕੀ ਕੀਤਾ ਜਾਵੇ? ਵਿਚਾਰ ਕੀਤੀ ਕਿ ਰਾਤੀਂ ਕਿਲੇ ਤੋਂ ਰੱਸਾ ਲਮਕਾਅ ਕੇ ਸਾਰੇ ਦੌੜ ਜਾਵਾਂਗੇ। ਐਵੇਂ ਹਾਥੀ ਤੋਂ ਮਰਵਾਉਣਾ ਹੈ ਸਾਨੂੰ। ਰਾਤ ਨੂੰ ਰੱਸਾ ਪਾ ਲਿਆ ਤੇ ਸਾਰੇ ਉਤਰਨੇ ਸ਼ੁਰੂ ਹੋ ਗਏ। ਇਸਦਾ ਵਜ਼ਨ ਬਹੁਤ ਜ਼ਿਆਦਾ ਸੀ, ਇਹ ਜਦੋਂ ਉਤਰਨ ਲੱਗਿਆ ਤਾਂ ਰੱਸਾ ਟੁੱਟ ਗਿਆ। ਡਿਗਦੇ ਦੀ ਹੀ ਲੱਤ ਟੁੱਟ ਗਈ, ਕਿੰਨੇ ਬੰਦਿਆਂ ਨੇ ਇਕੱਠੇ ਹੋ ਕੇ ਚੁਕਿਆ ਤੇ ਪਾਲਕੀ ਵਿਚ ਪਾ ਲਿਆ, ਘਰ ਜਾ ਕੇ ਮਰ ਗਿਆ। ਜਦੋਂ ਮਹਾਰਾਜ ਜੀ ਨੂੰ ਦਸਿਆ ਕਿ ਉਹ ਤਾਂ ਦੌੜ ਗਿਆ, ਮਹਾਰਾਜ ਜੀ ਕਹਿਣ ਲੱਗੇ, "ਮੌਤ ਤੋਂ ਨਸਿਆ ਸੀ, ਉਹ ਇਹਦਾ ਇੰਤਜ਼ਾਰ ਕਰ ਰਹੀ ਸੀ, ਅਸੀਂ ਤਾਂ ਇਹਦਾ ਜੀਵਨ ਸਫਲਾ ਕਰਨਾ ਚਾਹੁੰਦੇ ਸੀ। ਹੁਣ ਸਾਡਾ ਸ਼ੇਰ ਹੈਗਾ ਬਚਿਤ੍ਰ ਸਿੰਘ ਇਹ ਲੜੇਗਾ। ਬਚਿਤਰ ਸਿੰਘ, ਨੇ ਆ ਕੇ ਮਹਾਰਾਜ ਜੀ ਦੇ ਚਰਨ ਫੜ ਲਏ। ਮਹਾਰਾਜ ਜੀ! ਇਹ ਹਾਥੀ ਕੀ, ਜੇਕਰ ਆਪ ਜੀ ਪਰਬਤਾਂ ਨਾਲ ਵੀ ਮੱਥਾ ਲਗਵਾ ਲਵੋਂ, ਪਿਛੇ ਆਪ ਦੀ ਸ਼ਕਤੀ ਹੋਵੇ, ਆਪ ਦੀ ਮਿਹਰ ਹੋਵੇ ਤਾਂ ਉਹ ਵੀ ਕੋਈ ਔਖੀ ਗੱਲ ਨਹੀਂ ਹੈ। ਇਕ ਹਾਥੀ ਕੀ, ਭਾਵੇਂ ਸੈਂਕੜੇ ਹਾਥੀ ਹੋਣ, ਇਹ ਤਾਂ ਆਪ ਨੇ ਹੀ ਸ਼ਕਤੀ ਦੇਣੀ ਹੈ, ਮੈਨੂੰ ਤਾਂ ਬਹਾਨਾ ਬਣਾਉਣਾ ਹੈ। ਪਤਾ ਲਗ ਗਿਆ ਕਿ ਹਾਥੀ ਆ ਰਿਹਾ ਹੈ ਤਾਂ ਮਹਾਰਾਜ ਜੀ ਨੇ ਅੰਦਰੋਂ ਨਾਗਨੀ ਕੱਢ ਕੇ ਲਿਆਂਦੀ। ਕਹਿੰਦੇ ਜਾਹ ਗੁਰਸਿੱਖਾ! ਤੇਰਾ ਗੁਰੂ ਰਾਖਾ। ਘੋੜੇ ਤੇ ਚੜ੍ਹਿਆ ਦਰਵਾਜ਼ਾ ਖੋਲ੍ਹ ਕੇ ਬਾਹਰ ਜਾ ਕੇ ਖਲ੍ਹੋ ਗਿਆ। ਉਧਰੋਂ ਢੋਲ ਵਜਦਾ ਆ ਰਿਹਾ ਹੈ, ਹਾਥੀ ਆ ਰਿਹਾ ਹੈ, ਹਾਥੀ ਸਿਖਾਏ ਹੋਏ ਸੀ। ਜਿਸ ਵਕਤ ਬਚਿਤਰ ਸਿੰਘ ਕੋਲ ਆਇਆ, ਉਹ ਘੋੜੇ ਤੇ ਖੜ੍ਹਾ ਹੋ ਗਿਆ ਪਬਾਂ ਭਾਰ-ਰਕਾਬਾਂ ਵਿਚ, ਐਸੇ ਜ਼ੋਰ ਨਾਲ ਬਰਛਾ ਮਾਰਿਆ ਗੁਰੂ ਮਹਾਰਾਜ ਦਾ ਧਿਆਨ ਧਰ ਕੇ ਕਿ ਤਵੀਆਂ ਪਾਰ ਕਰਕੇ ਨਾਗਨੀ ਹਾਥੀ ਦੇ ਮੱਥੇ ਵਿਚ ਜਾ ਲੱਗੀ, ਉਸੇ ਵੇਲੇ ਹਾਥੀ ਘਬਰਾ ਗਿਆ, ਉਸ ਨੂੰ ਚੱਕਰ ਆ ਗਿਆ, ਉਸ ਨੇ ਮੂੰਹ ਉਲਟਾ ਕਰ ਦਿਤਾ, ਜਿਹੜੇ ਪਹਾੜੀ ਰਾਜੇ ਸੀ ਉਨ੍ਹਾਂ ਦੀਆਂ ਫੌਜਾਂ ਪੈਰਾਂ ਹੇਠ ਰੌਂਦਦਾ ਹੀ ਚਲਾ ਗਿਆ। ਇਹ ਸਿਦਕ ਦੀ ਸਿੱਖੀ ਹੁੰਦੀ ਹੈ, ਭਾਵਨਾ ਦੀ।

ਸਿੱਖੀ ਨੂੰ ਕਾਇਮ ਰੱਖਿਆ ਬੀਬੀਆਂ ਨੇ, ਲਹੌਰ ਦੇ ਭੌਰਿਆਂ ਦੇ ਅੰਦਰ, ਬੱਚੇ ਟੋਟੇ ਟੋਟੇ ਕਰਕੇ ਝੋਲੀਆਂ ਵਿਚ ਪਵਾ ਲਏ, ਲੇਕਿਨ ਸਿੱਖੀ ਸਿਦਕ ਨਹੀਂ ਹਾਰਿਆ। ਸੋ ਏਸ ਤਰ੍ਹਾਂ ਦੇ ਨਾਲ ਮੈਂ ਇਹ ਬੇਨਤੀ ਕਰਦਾ ਸੀ ਕਿ ਉਹ ਪੁਰਸ਼ ਜਿਹੜੇ ਸੰਸਾਰ ਵਿਚ ਆ ਕੇ ਨਿਗੁਰੇ ਰਹਿੰਦੇ ਹਨ, ਜਦੋਂ ਸੰਸਾਰ ਤੋਂ ਜਾਂਦੇ ਹਨ ਉਨ੍ਹਾਂ ਨੂੰ ਪਾਪੀਆਂ ਦੀ ਗਤੀ ਪ੍ਰਾਪਤ ਹੁੰਦੀ ਹੈ ਤੇ ਉਨ੍ਹਾਂ ਨੂੰ ਨਰਕਾਂ ਵਿਚ ਜਾਣਾ ਪੈਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ (ਹੁਣ ਤਾਂ ਅਸੀਂ ਪੜ੍ਹਦੇ ਹੀ ਨਹੀਂ ਹਾਂ) ਪੁਰਾਣਾਂ ਦੀ ਵੀ ਕਥਾ ਹੁੰਦੀ ਸੀ। ਗੁਰੂ ਦਸਮੇਸ਼ ਪਿਤਾ ਜੀ ਦੇਵੀਆਂ, ਰਾਮਾਇਣ, ਮਹਾਂਭਾਰਤ ਆਦਿ ਦੇ ਅਨੁਵਾਦ ਕਵੀਆਂ ਰਾਹੀਂ ਕਰਵਾਉਂਦੇ ਸਨ। ਗਰੁੜ ਪੁਰਾਣ ਦੀ ਕਥਾ ਹੁੰਦੀ ਸੀ। ਤੀਜੇ ਪਹਿਰ ਵੇਲੇ ਦਸ਼ਮੇਸ਼ ਪਿਤਾ ਜੀ ਨੇ ਬੇਅੰਤ ਗ੍ਰੰਥ ਲਿਖਵਾਏ ਸਨ, ਉਨ੍ਹਾਂ ਵਿਚੋਂ ਇਕ ਵਿਦਿਆਧਰ ਗ੍ਰੰਥ ਸੀ ਨੌਂ ਮਣ ਦਾ, ਉਸ ਗ੍ਰੰਥ ਦੇ ਥੋੜ੍ਹੇ ਪਤਰੇ ਹੀ ਰਹਿ ਗਏ ਸੀ, ਬਾਕੀ ਸਾਰਾ ਗ੍ਰੰਥ ਸਰਸੇ ਵਿਚ ਰੁੜ੍ਹ ਗਿਆ ਸੀ। ਜਦੋਂ ਗੁਰੂ ਮਹਾਰਾਜ ਨੇ ਅਨੰਦਪੁਰ ਸਾਹਿਬ ਛੱਡਿਆ, ਬਹੁਤ ਸਾਰੀਆਂ ਪੁਸਤਕਾਂ ਹਮਲਾਵਰਾਂ ਨੇ ਬਰਬਾਦ ਕਰ ਦਿਤੀਆਂ। ਮਹਾਰਾਜ ਜੀ ਨੇ ਸਵਾ ਲੱਖ ਸਲੋਕ ਲਿਖਿਆ ਸੀ ਪਰ ਹੁਣ ਸਾਡੇ ਕੋਲ ਕੇਵਲ ਛੇ ਹਜ਼ਾਰ ਦੇ ਕਰੀਬ ਰਹਿ ਗਏ ਹਨ। ਬਾਕੀ ਦੇ ਸਾਰੇ ਦਰਿਆ ਦੀ ਭੇਟ ਹੋ ਗਏ। ਕੁਝ ਜਾਲ ਦਿਤੇ ਹਮਲਾਵਰਾਂ ਨੇ, ਉਹਦੇ ਵਿਚ ਸਾਰਾ ਪੁਰਾਣਾ ਸਾਹਿਤ ਲਿਖਿਆ ਸੀ। ਏਸੇ ਤਰ੍ਹਾਂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਗਰੁੜ ਪੁਰਾਣ ਦੀ ਕਥਾ ਹੁੰਦੀ ਸੀ। ਇਕ ਪੰਡਤ ਨਿਤਾਨੰਦ ਬਟਾਲੇ ਵਾਲੇ ਕਰਿਆ ਕਰਦੇ ਸਨ, ਇਕ ਦਿਨ ਉਹਦੇ ਵਿਚ ਆਇਆ ਕਿ ਪਰਲੋਕ ਦਾ ਰਸਤਾ ਸਵਾ ਸਾਲ ਦਾ ਹੈ ਤੇ ਇਕੀ ਪੁਰੀਆਂ ਰਸਤੇ ਵਿਚ ਆਉਂਦੀਆਂ ਹਨ, ਹਰ ਪੁਰੀ ਵਿਚ ਕੀ ਕੀ ਪੁੰਨਾਂ ਦਾ ਟੈਕਸ ਦੇਣਾ ਪੈਂਦਾ ਹੈ, ਉਹਦਾ ਬੜੇ ਵੇਰਵੇ ਨਾਲ ਜ਼ਿਕਰ ਕੀਤਾ ਗਿਆ ਸੀ; ਦੀਵਾ ਕਿਸ ਤਰ੍ਹਾਂ ਜਲਾਉਣਾ ਹੈ? ਬੜਾ ਲੰਬਾ ਚੌੜਾ ਹਾਲ ਸੀ, ਜਦੋਂ ਪੰਡਤ ਜੀ ਕਥਾ ਕਰ ਹਟੇ, ਉਥੇ ਕੁਝ ਗੁਰਸਿੱਖ ਬੈਠੇ ਸੀ। ਕਹਿਣ ਲੱਗੇ, ਸਵਾ ਸਾਲ ਦਾ ਰਾਹ ਤਾਂ ਬੜਾ ਲੰਬਾ ਹੈ। ਇਕ ਕਹਿਣ ਲੱਗਾ, "ਮੈਂ ਤਾਂ 12 ਘੰਟੇ ਵਿਚ ਹੀ ਚਲਿਆ ਜਾਵਾਂਗਾ।" ਪੰਡਤ ਜੀ ਗਰੁੜ ਪੁਰਾਣ ਦੀ ਪੋਥੀ ਸੰਤੋਖ ਰਹੇ ਸਨ, ਨਾਲੇ ਉਨ੍ਹਾਂ ਗੁਰਸਿੱਖਾਂ ਦੀ ਗੱਲ ਵੀ ਸੁਣ ਰਹੇ ਸਨ। ਦੂਜਾ ਕਹਿਣ ਲੱਗਾ, "ਮੈਂ ਤਾਂ ਤਿੰਨ ਘੰਟੇ ਵਿਚ ਚਲਾ ਜਾਵਾਂਗਾ।" ਤੀਜਾ ਕਹਿਣ ਲੱਗਾ, "ਮੈਂ ਇਕ ਘੜੀ 25 ਮਿੰਟ ਵਿਚ ਚਲਾ ਜਾਵਾਂਗਾ।" ਚੌਥਾ ਚੁਟਕੀ ਮਾਰ ਕੇ ਕਹਿਣ ਲੱਗਾ, "ਅਸੀਂ ਤਾਂ ਐਨੇ ਚਿਰ ਵਿਚ ਹੀ ਚਲੇ ਜਾਵਾਂਗੇ।" ਪੰਡਤ ਜੀ ਨੇ ਕਿਹਾ ਕਿ ਇਹ ਤਾਂ ਬੜਾ ਹੀ ਮਾੜਾ ਕੰਮ ਹੋਇਆ, ਮੈਂ ਤਾਂ ਐਨਾ ਜ਼ੋਰ ਲਗਾ ਕੇ ਗ੍ਰੰਥ ਸੁਣਾ ਰਿਹਾ ਹਾਂ, ਵਿਆਖਿਆ ਕਰ ਕਰ ਕੇ, ਇਹ ਤਾਂ ਅਧਿਕਾਰੀ ਹੀ ਨਹੀਂ ਹਨ ਜਿਨ੍ਹਾਂ ਨੂੰ ਮੈਂ ਸੁਣਾ ਰਿਹਾ ਹਾਂ। ਗ੍ਰੰਥ ਵਿਚ ਅਨਬੰਧ ਲਿਖਿਆ ਹੁੰਦਾ ਹੈ ਕਿ ਅਧਿਕਾਰੀ ਕੌਣ ਹੈ, ਉਹਦੇ ਵਿਚ ਲਿਖਿਆ ਹੈ ਕਿ ਜਿਹੜਾ ਇਸ ਉਪਰ ਵਿਸ਼ਵਾਸ਼ ਕਰੇ, ਉਹ ਅਧਿਕਾਰੀ ਹੁੰਦਾ ਹੈ। ਇਹ ਤਾਂ ਅਧਿਕਾਰੀ ਹੀ ਨਹੀਂ, ਮੈਂ ਤਾਂ ਐਵੇਂ ਸਮਾਂ ਬਰਬਾਦ ਕਰ ਰਿਹਾ ਹਾਂ ਇਨ੍ਹਾਂ ਤੇ।

ਅਗਲੇ ਦਿਨ ਪੰਡਤ ਜੀ ਕਥਾ ਕਰਨ ਨਾ ਆਏ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਪੰਡਤ ਜੀ ਨਹੀਂ ਆਏ? ਤਾਂ ਗੁਰਸਿੱਖਾਂ ਨੇ ਦਸਿਆ ਕਿ ਪੰਡਤ ਜੀ ਨਰਾਜ਼ ਹਨ। ਗੁਰੂ ਮਹਾਰਾਜ ਜੀ ਨੇ ਭਾਈ ਬਿਧੀ ਚੰਦ ਨੂੰ ਕਿਹਾ ਕਿ ਪੰਡਤ ਜੀ ਨੂੰ ਜਾ ਕੇ ਬੁਲਾ ਕੇ ਲਿਆਓ। ਬਿਧੀ ਚੰਦ ਜੀ ਨੇ ਜਾ ਕੇ ਮੋਢੇ ਤੋਂ ਫੜ ਕੇ ਕਿਹਾ ਕਿ ਪੰਡਤ ਜੀ! ਗੁਰੂ ਮਹਾਰਾਜ ਜੀ ਆਪ ਨੂੰ ਬੁਲਾ ਰਹੇ ਹਨ। ਪੰਡਤ ਜੀ ਨੇ ਸੋਚਿਆ ਕਿ ਤਕੜਾ ਹੱਥ ਹੈ, ਇਹਨੇ

ਛਡਣਾ ਤਾਂ ਹੈ ਨਹੀਂ। ਸੋ ਪੰਡਤ ਜੀ ਭਾਈ ਬਿਧੀ ਚੰਦ ਨਾਲ ਹੀ ਆ ਗਏ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਪੰਡਤ ਜੀ! ਤੁਸੀਂ ਅੱਜ ਕਥਾ ਨਹੀਂ ਕੀਤੀ? ਪੰਡਤ ਜੀ ਕਹਿਣ ਲੱਗੇ ਕਿ ਮਹਾਰਾਜ ਜੀ! ਮੈਂ ਕੀ ਕਥਾ ਕਰਾਂ, ਇਥੇ ਅਧਿਕਾਰੀ ਤਾਂ ਕੋਈ ਹੈ ਨਹੀਂ। ਗੁਰੂ ਮਹਾਰਾਜ ਨੇ ਪੁਛਿਆ, "ਕਿਉਂ ਪੰਡਤ ਜੀ?" ਪੰਡਤ ਜੀ ਕਹਿਣ ਲੱਗੇ ਕਿ ਕਲ੍ਹ ਤੁਹਾਡੇ ਗੁਰਸਿਖ ਕਥਾ ਸੁਣਨ ਪਿਛੋਂ ਗੱਲਾਂ ਕਰ ਰਹੇ ਸੀ। ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਮੈਂ ਚਾਰ ਪਹਿਰ ਵਿਚ ਪਰਲੋਕ ਦਾ ਰਾਹ ਲੰਘ ਜਾਵਾਂਗਾ, ਦੂਜਾ ਕਹਿੰਦਾ ਕਿ ਮੈਂ ਪਹਿਰ ਵਿਚ ਤਹਿ ਕਰ ਲਵਾਂਗਾ, ਤੀਜਾ ਕਹਿਣ ਲੱਗਾ ਕਿ ਇਕ ਘੜੀ ਵਿਚ ਤੇ ਚੌਥਾ ਚੁਟਕੀ ਮਾਰ ਕੇ ਕਹਿੰਦਾ ਸੀ ਕਿ ਮੈਂ ਐਨੀ ਦੇਰ ਵਿਚ ਪਾਰ ਕਰ ਲਵਾਂਗਾ। ਮਹਾਰਾਜ ਜੀ ਨੇ ਕਿਹਾ ਕਿ ਪੰਡਤ ਜੀ! ਇਨ੍ਹਾਂ ਨੇ ਗਲਤ ਨਹੀਂ ਕਿਹਾ। ਜਿਹੜਾ ਗਰੁੜ ਪੁਰਾਣ ਹੈ ਉਹ ਇਕੱਲੇ ਪਾਪੀਆਂ ਦੀ ਹੀ ਗੱਲ ਕਰਦਾ ਹੈ, ਜਿਹੜੇ ਲੋਕ ਪਾਪ ਕਰਦੇ ਹਨ। ਗੁਰੂ ਮਹਾਰਾਜ ਨੇ ਕਿਹਾ ਕਿ ਛੇ ਕਿਸਮ ਦੀਆਂ ਗਤੀਆਂ ਹੁੰਦੀਆਂ ਹਨ। ਪਹਿਲੀ ਗਤੀ ਹੁੰਦੀ ਹੈ ਪਾਪੀਆਂ ਦੀ। ਉਹ ਪਾਪੀ ਜਿਸ ਵਕਤ ਇਥੋਂ ਜਾਂਦੇ ਹਨ, ਉਸ ਵੇਲੇ ਉਨ੍ਹਾਂ ਨੂੰ ਸਜ਼ਾਵਾਂ ਮਿਲਦੀਆਂ ਹਨ, ਬਹੁਤ ਸਖਤ ਸਜ਼ਾਵਾਂ ਮਿਲਦੀਆਂ ਹਨ –

***ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥***
***ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥***
***ਪੰਨਾ – 546***

ਜਿਸ ਤਰ੍ਹਾਂ ਤਿਲ ਘਾਣੀ ਵਿਚ ਪੀੜੀਦੇ ਹਨ, ਇਸ ਤਰ੍ਹਾਂ ਪੀੜਿਆ ਜਾਂਦਾ ਹੈ। ਸੋ ਇਹ ਜਿਹੜਾ ਗਰੁੜ ਪੁਰਾਣ ਹੈ ਇਹ ਕੇਵਲ ਪਾਪੀਆਂ ਦੀ ਗੱਲ ਕਰਦਾ ਹੈ। ਦੂਜੀ ਗਤੀ ਹੁੰਦੀ ਹੈ, ਪੁੰਨੀਆਂ ਦੀ। ਉਹ ਜਿਹੜੇ ਇਥੇ ਪੁੰਨ ਦਾਨ ਕਰਦੇ ਹਨ –

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***

***ਪੰਨਾ – 747***

ਉਨ੍ਹਾਂ ਨੂੰ ਜਮ ਰਾਹ ਵਿਚ ਲੁੱਟ ਲੈਂਦੇ ਹਨ। ਜਦੋਂ ਅੱਗੇ ਅੱਗ ਦਾ ਵਾਤਾਵਰਣ ਆਉਂਦਾ ਹੈ ਓਦੋਂ ਜੀਵ ਤੜਫਦਾ ਹੈ, ਜਿਥੇ ਬਹੁਤ ਜ਼ਿਆਦਾ ਗਰਮ ਧਰਤੀ ਆਉਂਦੀ ਹੈ ਉਥੇ ਜੀਵ ਤੜਫਦਾ ਹੈ, ਉਥੇ ਜਮਦੂਤ ਕਹਿੰਦੇ ਹਨ ਜੋ ਕੋਈ ਪੁੰਨ ਕੀਤਾ ਹੈ ਤਾਂ ਦੇ ਦੇ, ਲੰਘਾ ਦਿੰਦੇ ਹਾਂ। ਸਾਰੇ ਪੁੰਨ ਤਾਂ ਰਾਹ ਵਿਚ ਲੁੱਟ ਲਏ ਜਾਂਦੇ ਹਨ, ਜੇ ਥੋੜ੍ਹੇ ਬਹੁਤ ਬਚਦੇ ਹਨ ਤਾਂ ਸਵਰਗ ਲੋਕ ਵਿਚ ਥੋੜ੍ਹੀ ਦੇਰ ਲਈ ਵਾਸਾ ਹੋ ਜਾਂਦਾ ਹੈ। ਜੇ ਉਹਦੇ ਲੇਖੇ ਜਲਦੀ ਲੈਣੇ ਦੇਣੇ ਹਨ ਤਾਂ ਕਿਸੇ ਮਨੁੱਖ ਜੂਨੀ ਵਿਚ ਪੈ ਜਾਵੇਗਾ, ਨਹੀਂ ਤਾਂ ਜਾਨਵਰਾਂ ਦੀ ਜੂਨੀ ਵਿਚ ਸੁੱਟ ਦਿਤਾ ਜਾਂਦਾ ਹੈ। ਸੋ ਇਹ ਪੁੰਨੀਆਂ ਦੀ ਗਤੀ ਹੋਇਆ ਕਰਦੀ ਹੈ।

ਤੀਸਰੀ ਹੋਇਆ ਕਰਦੀ ਹੈ ਪ੍ਰਾਣਾਯਾਮੀਆਂ ਦੀ, ਜਿਹੜੇ ਮਨ ਨੂੰ

ਰੋਕਦੇ ਹਨ, ਸੰਜਮ ਕਰਦੇ ਹਨ, ਸਾਧਨ ਕਰਦੇ ਹਨ। ਉਹ ਮਰਨ ਤੋਂ ਬਾਅਦ ਬ੍ਰਹਮ ਲੋਕ ਵਿਚ ਜਾਇਆ ਕਰਦੇ ਹਨ ਜਿਥੇ 4 ਅਰਬ 32 ਕਰੋੜ ਸਾਲ, ਹਜ਼ਾਰ ਕਲਪ ਦੇ ਸਮੇਂ ਤਕ ਉਥੇ ਰਿਹਾ ਕਰਦੇ ਹਨ।

ਚੌਥੀ ਗਤੀ ਹੋਇਆ ਕਰਦੀ ਹੈ ਉਨ੍ਹਾਂ ਪੁਰਸ਼ਾਂ ਦੀ ਜੋ ਗੁਰੂ ਧਾਰਨ ਕਰਦੇ ਹਨ, ਗੁਰੂ ਨਾਲ ਪਿਆਰ ਕਰਦੇ ਹਨ, ਉਨ੍ਹਾਂ ਨੂੰ ਭਗਤ ਆਖਿਆ ਜਾਂਦਾ ਹੈ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ।।***
***ਜਗ ਮਗਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।।ਪੰਨਾ - 517***

ਗੁਰੂ ਮਹਾਰਾਜ ਕਹਿਣ ਲੱਗੇ ਕਿ ਜਿਸ ਵਕਤ ਉਹ ਸੰਸਾਰ ਤੋਂ ਜਾਂਦੇ ਹਨ, ਉਨ੍ਹਾਂ ਦੀ ਜੈ ਜੈਕਾਰ ਹੁੰਦੀ ਹੈ, ਧੰਨ ਧੰਨ ਹੁੰਦੀ ਹੈ। ਉਹ ਸਿੱਧੇ ਨਿਰੰਕਾਰ ਦੇ ਦੇਸ਼ ਜਾਂਦੇ ਹਨ -

***ਸਚ ਖੰਡਿ ਵਸੈ ਨਿਰੰਕਾਰੁ॥***
***ਕਰਿ ਕਰਿ ਵੇਖੈ ਨਦਰਿ ਨਿਹਾਲ॥***
***ਪੰਨਾ - 8***

ਉਥੇ ਜਾ ਕੇ ਉਨ੍ਹਾਂ ਨੂੰ ਥਾਂ ਮਿਲਦਾ ਹੈ -

***ਧਾਰਨਾ - ਦਰਗਹ ਮਿਲਦੈ ਥਾਉ ਗੁਰਾਂ ਨਾਲ ਰਤਿਆਂ ,***
***ਗੁਰਾਂ ਨਾਲ ਰੱਤਿਆਂ - 2, 4.***

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ - 517***

ਦਰਗਾਹ ਵਿਚ ਥਾਂ ਮਿਲਦਾ ਹੈ ਤਾਂ ਉਸ ਦੀ ਮਾਤਾ ਨੂੰ ਧੰਨ ਆਖਿਆ ਜਾਂਦਾ ਹੈ, 101 ਕੁਲ ਦਾ ਉਹ ਉਧਾਰ ਕਰਦਾ ਹੈ।

ਪੰਜਵੀਂ ਗਤੀ ਹੋਇਆ ਕਰਦੀ ਹੈ ਕਾਰਕਾਂ ਦੀ। ਜਦੋਂ ਧਰਤੀ ਤੇ ਗਿਲਾਨੀ ਫੈਲ ਜਾਵੇ, ਪ੍ਰਮੇਸ਼ਰ ਵਲੋਂ ਉਹ ਅਵਤਾਰ ਲੈ ਕੇ ਆਇਆ ਕਰਦੇ ਹਨ ਜਿਵੇਂ ਕ੍ਰਿਸ਼ਨ ਮਹਾਰਾਜ, ਸ੍ਰੀ ਰਾਮ ਚੰਦਰ ਜੀ ਮਹਾਰਾਜ ਆਦਿ। ਜਦੋਂ ਕੋਈ ਕੰਮ ਹੋ ਜਾਵੇ, ਉਹ ਵਾਪਸ ਚਲੇ ਜਾਇਆ ਕਰਦੇ ਹਨ। ਛੇਵੀਂ ਗਤੀ ਹੋਇਆ ਕਰਦੀ ਹੈ ਬ੍ਰਹਮਗਿਆਨੀਆਂ ਦੀ -

***ਮਨਿ ਸਾਚਾ ਮੁਖਿ ਸਾਚਾ ਸੋਇ।।***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ***

*- 272*

ਜਿਹੜੇ ਇਸ ਸੰਸਾਰ ਵਿਚ ਪ੍ਰਮੇਸ਼ਰ ਤੋਂ ਬਗੈਰ ਦੂਜਾ ਨਹੀਂ ਦੇਖਦੇ, ਉਹ ਐਥੇ ਹੀ ਪ੍ਰਮੇਸ਼ਰ ਵਿਚ ਲੀਨ ਹੋਇਆ ਕਰਦੇ ਹਨ -

***ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਉਹ ਬ੍ਰਹਮ ਵਿਚ ਲੀਨ ਹੁੰਦੇ ਹਨ, ਉਹ ਆਉਂਦੇ ਜਾਂਦੇ ਨਹੀਂ ਹੁੰਦੇ। ਉਹ ਤਾਂ ਜਿਸ ਤਰ੍ਹਾਂ ਪਾਣੀ ਵਿਚ ਕੋਈ ਘੜਾ ਰੱਖਿਆ ਹੋਵੇ, ਇੱਟ ਮਾਰ ਕੇ ਘੜਾ ਭੰਨ ਦੇਈਏ ਤਾਂ ਉਸ ਪਾਣੀ ਨੇ ਕਿਥੇ ਜਾਣਾ ਹੈ, ਉਹ ਤਾਂ ਪਹਿਲਾਂ ਹੀ ਪਾਣੀ ਵਿਚ ਰਲਿਆ ਹੋਇਆ ਹੈ, ਬਿਆਧੀ ਤਾਂ ਕੇਵਲ ਘੜੇ ਦੀ ਹੀ ਸੀ ਜਿਸ ਕਰਕੇ ਘੜੇ ਦਾ ਪਾਣੀ ਵਖਰਾ ਲਗਦਾ ਸੀ। ਇਸ ਤਰ੍ਹਾਂ ਸਰੀਰ ਦੀ ਬਿਆਧੀ ਹੁੰਦੀ ਹੈ, ਹੁੰਦੇ ਤਾਂ ਉਹ ਪ੍ਰਮੇਸ਼ਰ ਵਿਚ ਲੀਨ ਹਨ, ਉਹ ਆਉਂਦੇ ਜਾਂਦੇ ਨਹੀਂ ਹੁੰਦੇ -

***ਨਾ ਕਛੁ ਆਇਬੋ ਨ ਕਛੁ ਜਾਇਬੋ ਰਾਮ ਕੀ ਦੁਹਾਈ॥***
***ਪੰਨਾ - 695***

ਜਿਸ ਗੁਰਸਿੱਖ ਨੇ ਇਹ ਜਿਹੜੀ ਚੁਟਕੀ ਮਾਰੀ ਹੈ, ਇਹ ਬ੍ਰਹਮਗਿਆਨੀ ਮਹਾਂਪੁਰਸ਼ ਹਨ। ਇਹ ਆਪਣੀ ਆਪਣੀ ਅਵਸਥਾ ਹੈ। ਸੋ ਸਾਧਸੰਗਤ ਜੀ! ਛੇ ਕਿਸਮ ਦੀ ਗਤੀ ਹੋਇਆ ਕਰਦੀ ਹੈ। ਪਾਪੀਆਂ ਦੀ ਗਤੀ ਸਭ ਤੋਂ ਮਾੜੀ ਹੋਇਆ ਕਰਦੀ ਹੈ।

ਤੁਹਾਨੂੰ ਚੰਡੀਗੜ੍ਹ ਦੀ ਹੀ ਗੱਲ ਦਸਦਾ ਹਾਂ, ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) 34 ਸੈਕਟਰ ਦੇ ਗੁਰਦੁਆਰੇ ਵਿਚ ਗੁਰ ਦਰਸ਼ਨ ਕਰਨ ਲਈ ਜਾ ਰਹੇ ਸੀ, ਰਸਤੇ ਵਿਚ ਇਨ੍ਹਾਂ ਨੂੰ ਇਕ ਬੀਬੀ ਮਿਲ ਗਈ ਜੋ ਕਿ ਰਾਸ਼ਨ ਦੀਆਂ ਪੋਟਲੀਆਂ ਬੰਨ੍ਹੀਂ ਲਿਜਾ ਰਹੀ ਸੀ। ਇਹ ਕਹਿਣ ਲੱਗੇ, "ਭੈਣ! ਤੂੰ ਪੋਟਲੀਆਂ ਬੰਨ੍ਹੀ ਲਿਜਾ ਰਹੀ ਹੈਂ। ਕਹਿੰਦੀ, ਬਹਿ ਜਾਓ! ਮੈਂ ਤੁਹਾਨੂੰ ਦਸਦੀ ਹਾਂ। ਉਹ ਬੀਬੀ ਕਹਿਣ ਲੱਗੀ ਕਿ ਮੈਂ ਮਰ ਗਈ ਸੀ, ਥੋੜ੍ਹੇ ਸਾਲ ਪਹਿਲਾਂ। ਮੈਨੂੰ ਕੋਈ ਭਲੇ ਪੁਰਸ਼ ਲੈ ਕੇ ਤੁਰ ਗਏ। ਵੈਸੇ ਪਹਿਲਾਂ ਵੀ ਮੈਂ ਗੁਰਦਵਾਰੇ ਆਉਂਦੀ ਸੀ, ਮਾੜਾ ਕੰਮ ਕਦੀ ਕਰਿਆ ਨਹੀਂ ਸੀ, ਬਾਣੀ ਪੜ੍ਹਦੀ ਹੁੰਦੀ ਸੀ, ਮੈਨੂੰ ਮਾਰਿਆ ਕੁਟਿਆ ਤਾਂ ਹੈ ਨਹੀਂ, ਲੈ ਕੇ ਟੁਰ ਪਏ। ਰਸਤੇ ਵਿਚ ਮੈਨੂੰ ਬਹੁਤ ਪਿਆਸ ਲੱਗੀ -

***ਜਹਾ ਤ੍ਰਿਖਾ ਮਨ ਤੁਝੁ ਆਕਰਖੈ॥***
***ਪੰਨਾ - 264***

ਤਾਂ ਮੈਂ ਉਨ੍ਹਾਂ ਭਲੇ ਪੁਰਸ਼ਾਂ ਨੂੰ ਕਿਹਾ ਕਿ ਮੈਨੂੰ ਪਾਣੀ ਪਿਲਾ ਦਿਓ, ਮੈਂ ਬੇ-ਬਸ ਹੁੰਦੀ ਜਾ ਰਹੀ ਹਾਂ। ਐਨਾ ਕਹਿਣ ਦੀ ਦੇਰ ਸੀ ਉਸੇ ਵੇਲੇ ਪਾਣੀ ਆ ਗਿਆ, ਬੇਅੰਤ ਕਿਸਮ ਦਾ ਪਾਣੀ ਆ ਗਿਆ, ਮੈਂ ਦਸ ਨਹੀਂ ਸਕਦੀ। ਪਰ ਜਿਹੜੇ ਬਰਤਨ ਦੇ ਪਾਣੀ ਨੂੰ ਹੱਥ ਲਾਵਾਂ ਉਹ ਸੁੱਕ ਜਾਵੇ। ਮੈਂ ਕਿਹਾ, ਭਾਈ! ਪਾਣੀ ਤਾਂ ਹੱਥ ਲਾਉਂਦੇ ਸਾਰ ਸੁੱਕ ਜਾਂਦਾ ਹੈ। ਕਹਿਣ

ਲੱਗੇ ਬੀਬੀ! ਇਥੇ ਉਹ ਚੀਜ਼ ਨਹੀਂ ਮਿਲਦੀ ਜਿਹੜੀ ਦੁਨੀਆਂ ਵਿਚ ਨਾ ਬੀਜੀ ਹੋਵੇ। ਜੋ ਦੁਨੀਆਂ ਵਿਚ ਕਰਕੇ ਆਇਆ ਹੈ, ਇਥੇ ਓਹੀ ਚੀਜ਼ ਮਿਲੇਗੀ, ਇਥੇ ਵਧਦਾ ਹੈ ਤੁਹਾਡਾ ਬੀਜਿਆ ਹੋਇਆ। ਤੂੰ ਪਾਣੀ ਦਾਨ ਹੀ ਨਹੀਂ ਕੀਤਾ, ਹੁਣ ਮਿਲਣਾ ਕੀ ਹੈ। ਕਹਿਣ ਲੱਗੀ, ਅੱਗੇ ਜਾ ਕੇ ਮੈਨੂੰ ਭੁੱਖ ਲੱਗੀ, ਮੈਂ ਕਿਹਾ ਕਿ ਮੈਨੂੰ ਬਹੁਤ ਭੁੱਖ ਲੱਗੀ ਹੈ, ਬਹੁਤ ਪਿਆਸ ਲੱਗੀ ਹੈ। ਥਾਲ ਆ ਗਏ। ਜਿਹੜੇ ਥਾਲ ਨੂੰ ਹੱਥ ਲਾਵਾਂ, ਮੇਰੇ ਹੱਥ ਤੋਂ ਉਚਾ ਹੋ ਜਾਵੇ। ਮੈਂ ਕਿਹਾ ਕਿ ਇਹ ਤਾਂ ਮੇਰੇ ਹੱਥ ਵਿਚ ਨਹੀਂ ਆਉਂਦੇ। ਉਹ ਪੁਰਸ਼ ਕਹਿਣ ਲੱਗੇ ਕਿ ਹੱਥ ਵੀ ਕੀ ਆਉਣਾ ਹੈ, ਹੱਥ ਵਿਚ ਤਾਂ ਉਹ ਆਉਂਦਾ ਹੈ ਜੋ ਦੁਨੀਆਂ ਵਿਚ ਬੀਜਿਆ ਹੁੰਦਾ ਹੈ। ਤੂੰ ਕਦੇ ਕੁਝ ਬੀਜਿਆ ਹੀ ਨਹੀਂ। ਲੰਗਰ ਵਾਸਤੇ ਕਦੇ ਕੁਝ ਦਿਤਾ ਨਹੀਂ ਹੋਣਾ। ਜਦੋਂ ਮੈਂ ਧਰਮਰਾਜ ਦੇ ਸਾਮ੍ਹਣੇ ਗਈ ਤਾਂ ਕਹਿਣ ਲੱਗੇ, ਇਹ ਰੂਹ ਤਾਂ ਤੁਸੀਂ ਗਲਤ ਲੈ ਆਏ। ਜਾਓ ਇਹਨੂੰ ਵਾਪਸ ਕਰਕੇ ਆਓ। ਕਹਿੰਦੀ ਮੈਨੂੰ ਤਾਂ ਵਾਪਸ ਕਰ ਦਿਤਾ ਤੇ ਸਾਡੇ ਘਰ ਦੇ ਪਿਛਲੇ ਪਾਸੇ ਜੋ ਸਾਡੀ ਪੜੌਸਣ ਸੀ – ਮੇਰੇ ਹੀ ਨਾਮ ਦੀ, ਉਹ ਚੜ੍ਹਾਈ ਕਰ ਗਈ। ਐਨੇ ਨੂੰ ਰੋਣ ਧੋਣ ਦੀ ਅਵਾਜ਼ ਵੀ ਆਉਣੀ ਸ਼ੁਰੂ ਹੋ ਗਈ। ਸੋ ਇਹਦੇ ਹੁਣ ਦੋ ਤੱਥ ਨੇ, ਉਹਦਾ ਜਿਉਂਦਾ ਹੋ ਜਾਣਾ ਤੇ ਦੂਜੀ ਦਾ ਮਰ ਜਾਣਾ। ਇਹ ਕੋਈ ਅਚਨਚੇਤ ਵਾਪਰੀ (accidental) ਗੱਲ ਨਹੀਂ ਹੁੰਦੀ। ਇਹ ਕਈ ਵਾਰੀ ਪ੍ਰਮੇਸ਼ਰ ਦੇ ਦਰ ਤੇ, ਸੰਸਾਰ ਨੂੰ ਦਸਣ ਵਾਸਤੇ ਕਈ ਕੌਤਕ ਹੋ ਜਾਇਆ ਕਰਦੇ ਹਨ। ਸੋ ਉਹ ਬੀਬੀ ਕਹਿਣ ਲੱਗੀ ਕਿ ਉਸ ਦਿਨ ਤੋਂ ਮੈਂ ਨੇਮ ਕਰ ਲਿਆ ਕਿ ਮੈਂ ਸਭ ਚੀਜ਼ਾਂ ਦਾਨ ਕਰਨੀਆਂ ਹਨ। ਬਸਤ੍ਰ ਵੀ ਦਾਨ ਕਰਨੇ ਹਨ, ਜਲ ਵੀ ਦਾਨ ਕਰਨਾ ਹੈ, ਦੁਧ, ਮਿੱਠਾ ਵੀ ਦਾਨ ਕਰਨਾ ਹੈ। ਮੈਂ ਹਰ ਚੀਜ਼ ਤਾਂਹੀਓਂ ਹੀ ਗੁਰਦਵਾਰੇ ਲੈ ਕੇ ਆਉਂਦੀ ਹਾਂ। ਸੋ ਦਾਨ ਹੋਇਆ ਕਰਦਾ ਹੈ –

***ਖੇਤੁ ਪਛਾਣੈ ਬੀਜੈ ਦਾਨੁ॥*** ***ਪੰਨਾ – 1411***

ਕਈ ਦਾਨ ਨਰਕ ਵਿਚ ਲੈ ਜਾਇਆ ਕਰਦੇ ਹਨ। ਸ਼ਰਾਬ ਪੀਣ ਵਾਲੇ ਨੂੰ ਦਾਨ ਦੇ ਦਿਓ, ਮਾਸ ਖਾਣ ਵਾਲੇ ਨੂੰ ਦੇ ਦਿਓ, ਉਹਦਾ ਪਾਪ ਆਪਣੇ ਉਤੇ ਆ ਜਾਂਦਾ ਹੈ। ਦਾਨ ਹਮੇਸ਼ਾ ਬ੍ਰਹਮਗਿਆਨੀ ਨੂੰ ਦਿਤਾ ਹੋਇਆ ਫਲਦਾ ਹੈ ਹਜ਼ਾਰਾਂ ਗੁਣਾਂ ਉਥੇ ਦਰਗਾਹ ਵਿਚ ਜਾ ਕੇ, ਜਿਥੇ ਲੰਗਰ ਚਲਦਾ ਹੋਵੇ, ਹਰ ਵਕਤ ਲੰਗਰ ਚਲਦਾ ਹੋਵੇ ਜਾਂ ਜਿਥੇ ਫਟਾਫਟ ਜਨਤਾ ਦੇ ਭਲੇ ਵਾਸਤੇ ਕੋਈ ਕੰਮ ਹੁੰਦੇ ਹੋਣ। ਜਿਥੇ ਦਾਨ ਆਪਣੇ ਗੁਜ਼ਾਰੇ ਲਈ, ਕਥਾ ਕਰਕੇ, ਸ਼ਬਦ ਗਾ ਕੇ ਲਿਆ ਜਾਂਦਾ ਹੈ ਉਹ ਘੱਟ ਹੀ ਫਲਦਾ ਹੈ, ਬੰਦਗੀ ਕਰਨ ਵਾਲੇ ਗੁਰਸਿੱਖਾਂ ਨੂੰ ਦਿਤਾ ਦਾਨ ਫਲਦਾ ਹੈ। ਜਿਵੇਂ ਦਸਮੇਸ਼ ਪਿਤਾ ਜੀ ਫੁਰਮਾਉਂਦੇ ਹਨ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***

***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਤਨ ਤੇ ਮਨ ਤੇ,
ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥ ਗਿਆਨ ਪ੍ਰਬੋਧ ਪਾ: ੧੦***

ਕਈ ਸੰਸਥਾਵਾਂ ਦਾਨ ਲੈਂਦੀਆਂ ਹਨ ਪਰ ਪ੍ਰਬੰਧਕ ਆਪਣੇ ਨਿਜੀ ਲਾਭਾਂ ਵਾਸਤੇ ਬੇਈਮਾਨੀਆਂ ਕਰਕੇ ਧਨ ਖਰਚਦੇ ਹਨ। ਉਹ ਦਾਨ ਤਮੋ ਗੁਣ ਦਾਨ ਹੋਣ ਕਰਕੇ ਫਲ ਨਹੀਂ ਦਿੰਦਾ। ਖੇਤ ਪਛਾਣ ਕੇ ਬੀਜਿਆ ਦਾਨ ਹੀ ਉਗਦਾ ਹੈ, ਕਲਰ ਦਾ ਨਹੀਂ ਉਗਦਾ।

ਸੋ ਬਹੁਤ ਤਰ੍ਹਾਂ ਦੀਆਂ ਮਿਸਾਲਾਂ ਹਨ। ਇਕ ਸੰਤ ਸ਼ਾਮ ਸਿੰਘ ਜੀ ਹੋਏ ਹਨ, ਉਹ ਵੀ ਇਸੇ ਤਰ੍ਹਾਂ ਚੜ੍ਹਾਈ ਕਰ ਗਏ ਸੀ, ਤਾਂ ਉਪਰ ਕਹਿਣ ਲੱਗੇ, ਇਹ ਸ਼ਾਮ ਸਿੰਘ ਨਹੀਂ ਸੀ ਲਿਆਉਣਾ, ਉਹ ਤਾਂ ਸ਼ਾਮ ਸਿੰਘ ਰਾਮਗੜ੍ਹੀਆ ਲਿਆਉਣਾ ਸੀ। ਇਹ ਫੌਜੀ ਸਨ - ਰਿਜ਼ਰਵ ਆਏ ਹੋਏ, ਇਹ ਜਦ ਵਾਪਸ ਆਉਣ ਲੱਗੇ ਤੇ ਕਹਿਣ ਲੱਗੇ ਕਿ ਮੈਨੂੰ ਨਰਕ ਤਾਂ ਦਿਖਾ ਦਿਓ, ਉਹ ਕਹਿਣ ਕਿ ਐਨਾ ਟਾਈਮ ਤਾਂ ਹੈ ਨਹੀਂ। ਜਦੋਂ ਬਾਰ-ਬਾਰ ਕਿਹਾ ਤਾਂ ਉਨ੍ਹਾਂ ਨੇ ਨਰਕਾਂ ਦੇ ਉਪਰੋਂ ਦੀ ਇਨ੍ਹਾਂ ਨੂੰ ਲੰਘਾ ਦਿਤਾ ਤਾਂ ਕੀ ਦੇਖਦੇ ਹਨ ਕਿ ਅੱਗ ਮਚ ਰਹੀ ਹੈ ਨਰਕ ਦੀ, ਪਾਪੀ ਪੁਕਾਰਾਂ ਕਰ ਰਹੇ ਹਨ ਤੇ ਹਾਏ ਹਾਏ ਦੀ ਆਵਾਜ਼ ਆ ਰਹੀ ਹੈ। ਇਹ ਕਹਿਣ ਲੱਗੇ ਕਿ ਮੈਨੂੰ ਸਵਰਗ ਵੀ ਦਿਖਾ ਦਿਓ। ਉਨ੍ਹਾਂ ਦੂਤਾਂ ਨੇ ਕਿਹਾ ਕਿ ਮ੍ਰਿਤੂ ਮੰਡਲ ਵਿਚ ਤੁਹਾਡਾ ਸਰੀਰ ਜਲਾ ਦੇਣਗੇ, ਉਨ੍ਹਾਂ ਨੇ ਇਨ੍ਹਾਂ ਨੂੰ ਸਵਰਗ 'ਚੋਂ ਵੀ ਲੰਘਾ ਦਿਤਾ। ਐਨੇ ਨੂੰ ਇਨ੍ਹਾਂ ਦਾ ਸਰੀਰ ਚਿਤਾ ਤੇ ਰੱਖ ਦਿਤਾ ਤੇ ਅੱਗ ਲਾ ਦਿਤੀ। ਓਸੇ ਵੇਲੇ ਇਨ੍ਹਾਂ ਵਿਚ ਪ੍ਰਾਣ ਪਾ ਦਿਤੇ ਗਏ, ਇਹ ਛਾਲ ਮਾਰ ਕੇ ਚਿਖਾ ਤੋਂ ਬਾਹਰ ਹੋ ਗਏ। ਲੱਤ ਨੂੰ ਸੇਕ ਲਗ ਗਿਆ, ਸਾਰੀ ਜ਼ਿੰਦਗੀ ਦਿਖਾਉਂਦੇ ਹੁੰਦੇ ਸੀ ਕਿ ਇਹ ਦੇਖੋ, ਮੇਰੀ ਲੱਤ ਜਲ ਗਈ ਸੀ। ਉਸ ਵੇਲੇ ਖੁਸ਼ੀਆਂ ਹੋ ਗਈਆਂ ਕਿ ਭਾਈ ਸ਼ਾਮ ਸਿੰਘ ਜਿਉਂਦਾ ਹੋ ਗਿਆ। ਤਾਂ ਕਹਿਣ ਲੱਗੇ ਮੈਂ ਤਾਂ ਜੀਉਂਦਾ ਹੋ ਗਿਆ ਪਰ ਸ਼ਾਮ ਸਿੰਘ ਰਾਮਗੜ੍ਹੀਏ ਨੂੰ ਲੈਣ ਚਲੇ ਗਏ। ਸਾਰੇ ਕਹਿਣ ਲੱਗੇ ਉਹ ਤਾਂ ਹੁਣੇ ਇਥੇ ਹੀ ਸੀ। ਬੱਚੇ ਕਹਿਣ ਲੱਗੇ ਉਹ ਕਿੱਕਰ ਤੇ ਚੜ੍ਹ ਗਿਆ - ਕੁਹਾੜਾ ਲੈ ਕੇ - ਕਿੱਕਰ ਵੱਢਣ ਵਾਸਤੇ, ਕੁਹਾੜਾ ਟਾਹਣੇ ਵਿਚ ਤਾਂ ਲੱਗਿਆ ਨਾ, ਥੱਲੇ ਘੁੰਮ ਗਿਆ। ਗਰਦਨ ਪਰਨੇ ਆ ਡਿਗਿਆ, ਜਮਦੂਤਾਂ ਨੇ ਮਾਰ ਦਿਤਾ। ਸੰਤ ਸ਼ਾਮ ਸਿੰਘ ਜੀ ਕਹਿਣ ਲੱਗੇ ਕਿ ਦੇਖੋ ਭਾਈ! ਮਾਂ ਬਾਪ, ਸਾਰੇ ਰਿਸ਼ਤੇਦਾਰ ਵੀ, ਪਿੰਡ ਦੇ ਹੋਰ ਸਾਰੇ ਲੋਕ ਵੀ ਬੁਲਾ ਲਵੋ। ਜਿੰਨੇ ਰੋਂਦੇ ਧੋਂਦੇ ਸੀ ਸਭ ਬੁਲਾ ਲਏ, ਕਹਿਣ ਲੱਗੇ ਦੇਖੋ ਭਾਈ! ਮੈਂ ਤਾਂ ਮਰ ਗਿਆ ਸੀ, ਇਹ ਸਮਝੋ ਕਿ ਮੈਂ ਜਿਉਂਦਾ ਨਹੀਂ ਹੋਇਆ। ਮੈਂ ਦੇਖ ਆਇਆ ਹਾਂ ਕਿ ਅੱਗੇ ਕੀ ਹੁੰਦਾ ਹੈ, ਉਥੇ ਜੋ ਕੁਝ ਹੁੰਦਾ ਹੈ ਮੈਂ ਹੁਣ ਉਸ ਦਾ ਇਲਾਜ ਕਰਨਾ ਹੈ। ਉਹ ਉਥੋਂ ਹੀ ਸਾਰਾ ਕੁਛ ਛੱਡ ਕੇ ਤੁਰ ਪਏ। ਮਹਾਂਪੁਰਸ਼ਾਂ ਦੀ ਸੰਗਤ ਕੀਤੀ ਤੇ ਬੜੇ ਉਚ ਕੋਟੀ ਦੇ ਮਹਾਤਮਾ ਹੋਏ, ਸਾਰਿਆਂ ਨੂੰ ਇਸ ਆਪ ਬੀਤੀ ਬਾਰੇ ਦਸਿਆ ਕਰਦੇ ਸਨ।

ਸੋ ਇਹ ਗੱਲਾਂ ਕੋਈ ਡਰਾਉਣ ਵਾਸਤੇ ਨਹੀਂ ਹਨ, ਇਹ ਪਾਪੀਆਂ ਦੀ ਗਤੀ ਦੇ ਮੁਤਾਬਿਕ ਨਰਕ ਸਵਰਗ ਹਨ।

***ਖੁਸਿ ਖੁਸਿ ਲੈਦਾ ਵਸਤੁ ਪਰਾਈ॥***
***ਵੇਖੈ ਸੁਣੇ ਤੇਰੈ ਨਾਲਿ ਖੁਦਾਈ॥***
***ਦੁਨੀਆ ਲਬਿ ਪਇਆ ਖਾਤ ਅੰਦਰਿ***
***ਅਗਲੀ ਗਲ ਨ ਜਾਣੀਆ॥ ਪੰਨਾ – 1020***

ਕਹਿੰਦੇ ਪਤਾ ਨਹੀਂ ਅੱਗੇ ਤੇਰੇ ਨਾਲ ਕੀ ਭਾਣਾ ਬੀਤਣਾ ਹੈ–

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥***
***ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥***
***ਪੰਨਾ – 1020***

ਸੋ ਐਸੇ ਹਾਲ ਹੋਇਆ ਕਰਦੇ ਹਨ ਤੇ ਗਤੀਆਂ ਹੁੰਦੀਆਂ ਹਨ–

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526***

ਅੰਤ ਸਮਾਂ ਆ ਜਾਵੇ, ਬੈਂਕ ਬੈਲੈਂਸ ਵਿਚ ਧਿਆਨ ਰਹਿ ਜਾਵੇ, ਸੱਪ ਬਣ ਜਾਇਆ ਕਰਦਾ ਹੈ। ਅੰਤ ਸਮੇਂ ਧਿਆਨ ਮੰਦਰ (ਕੋਠੀ), ਜ਼ਮੀਨ–ਜਾਇਦਾਦ, ਇੰਡਸਟਰੀ, ਕਾਰੋਬਾਰ ਵਿਚ ਰਹਿ ਜਾਵੇ, ਹੁੰਦਾ ਕੀ ਹੈ –

***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526***

ਆਪ ਦੁਖੀ ਹੁੰਦਾ ਹੈ, ਘਰ ਵਾਲਿਆਂ ਨੂੰ ਦੁਖੀ ਕਰਦਾ ਹੈ, ਡੰਗਰ ਮਾਰਨੇ ਸ਼ੁਰੂ ਕਰ ਦਿੰਦਾ ਹੈ, ਦਸਦਾ ਹੈ ਨਹੀਂ, ਬੋਲ ਨਹੀਂ ਸਕਦਾ, ਕਿਤੇ–ਕਿਤੇ ਬੋਲਦਾ ਹੈ, ਫੇਰ ਪੁਛਦੇ ਨੇ ਤੂੰ ਐਨਾ ਨੁਕਸਾਨ ਕਰਦਾ ਹੈਂ ਬਜ਼ੁਰਗਾ। ਫੇਰ ਬੋਲਦਾ ਹੈ ਕਿ ਮੇਰੀ ਗਤੀ ਕਰਾ ਦਿਓ ਮੈਂ ਬਹੁਤ ਦੁਖੀ ਹਾਂ। ਉਹ ਕਹਿੰਦੇ ਨੇ ਕਿ ਗਤੀ ਤਾਂ ਕਰਾਈ ਸੀ ਉਥੇ। ਫੇਰ ਗਤੀ ਦੇ ਸਾਧਨ ਕੀਤੇ ਜਾਂਦੇ ਹਨ।

ਮੈਨੂੰ ਧਨਾਸ ਇਕ ਪ੍ਰੇਤ ਮਿਲਿਆ, ਜੋ ਪ੍ਰੀਤਮ ਸਿੰਘ (ਰੇਡੀਓ ਸਟੇਸ਼ਨ) ਦੇ ਘਰੋਂ ਬੀਬੀ ਵਿਚ ਆਉਂਦਾ ਸੀ, ਉਹਨੂੰ ਤੰਗ ਕਰਦਾ ਸੀ। ਮੈਂ ਕਿਹਾ ਤੁਸੀਂ ਅੰਮ੍ਰਿਤ ਛਕ ਲਓ, ਉਨ੍ਹਾਂ ਨੇ ਅੰਮ੍ਰਿਤ ਛਕ ਲਿਆ ਤਾਂ ਉਹ ਆਉਣ ਤੋਂ ਹਟ ਗਿਆ। ਉਸ ਤੋਂ ਬਾਅਦ ਉਨ੍ਹਾਂ ਦਾ ਲੜਕਾ ਸੈਨਿਕ ਸਕੂਲ ਵਿਚ ਪੜ੍ਹਦਾ ਸੀ, ਉਹਦੇ ਵਿਚ ਆ ਗਿਆ। ਕਹਿਣ ਲੱਗੇ ਅੱਜ

ਸਾਡਾ ਕਾਕਾ ਫੜਿਆ ਹੋਇਆ ਹੈ। ਮੈਂ ਕਿਹਾ, ਗੱਲ ਤਾਂ ਕਰਾਓ। ਬੱਚਾ ਰੋਈ ਜਾਵੇ, ਰੋਈ ਜਾਵੇ। ਗੱਲ ਚਲਾਈ, ਕਹਿੰਦਾ ਬਾਬਾ ਜੀ ਨਾਲ ਗੱਲ ਕਰਨੀ ਹੈ। ਮੈਂ ਕਿਹਾ, ਕੀ ਗੱਲ ਕਰਨੀ ਹੈ? ਮੈਂ ਕਿਹਾ ਪਹਿਲਾਂ ਤੂੰ ਆਪਣੀ ਨੂੰਹ ਵਿਚ ਆਉਣ ਲਗ ਪਿਆ, ਤੈਨੂੰ ਬੀਬੀ ਵਿਚ ਆਉਣਾ ਨਹੀਂ ਸੀ ਚਾਹੀਦਾ, ਹੁਣ ਤੂੰ ਕਾਕੇ ਵਿਚ ਆਉਣ ਲਗ ਪਿਆ। ਕਹਿਣ ਲੱਗਿਆ, "ਮੈਂ ਕੀ ਕਰਾਂ ਜੀ! ਤਿੰਨ ਮਹੀਨੇ ਦਾ ਡਿਓੜੀ ਤੇ ਬੈਠਾ ਹਾਂ, ਇਨ੍ਹਾਂ ਨੇ ਛਕ ਲਿਆ ਅੰਮ੍ਰਿਤ, ਹੁਣ ਮੈਨੂੰ ਅੰਦਰ ਆਉਣ ਦੀ ਆਗਿਆ ਨਹੀਂ, ਬਾਣੀ ਪੜ੍ਹਦੇ ਨੇ, ਨਾਮ ਜਪਦੇ ਨੇ, ਰਹਿਤਾਂ ਵਿਚ ਪੱਕੇ ਨੇ, ਏਸ ਲੜਕੇ ਨੇ ਅਜੇ ਅੰਮ੍ਰਿਤ ਛਕਿਆ ਨਹੀਂ, ਮੈਂ ਤੁਹਾਡੇ ਨਾਲ ਗੱਲ ਕਰਨੀ ਹੈ, ਫੇਰ ਮੈਂ ਚਲੇ ਜਾਣਾ ਹੈ, ਮੇਰੀ ਗਤੀ ਕਰਾ ਦਿਓ, ਮੈਂ ਬਹੁਤ ਦੁਖੀ ਹਾਂ।" ਮੈਂ ਕਿਹਾ, "ਅਖੰਡ ਪਾਠ ਕਰਾ ਦਿਆਂਗੇ।" ਅਖੰਡ ਪਾਠ ਕਰਾਇਆ ਗਿਆ ਜਿਸ ਵਿਚ ਐਨੀ ਵਿਧੀ ਸੀ ਕਿ ਪਾਠ ਕਰਨ ਵਾਲਾ ਨਾ ਪੈਸੇ ਦਾ ਲਾਲਚੀ ਹੋਵੇ, ਨਾ ਪੈਸੇ ਵਿਚ ਉਸ ਦਾ ਧਿਆਨ ਹੋਵੇ, ਨਾ ਹੀ ਇਹ ਕਹੇ ਕਿ ਮੈਂ ਐਨੇ ਪੈਸੇ ਲੈਣੇ ਹਨ, ਹਰ ਵਾਰੀ ਹਰ ਰੋਜ਼ ਕੇਸੀ ਇਸ਼ਨਾਨ ਕਰਕੇ ਰੌਲ ਸ਼ੁਰੂ ਕਰੇ। ਉਸ ਤੋਂ ਬਾਅਦ ਕਿਸੇ ਨਾਲ ਗੱਲ ਨਾ ਕਰੇ, ਚੁੱਪ ਕਰਕੇ ਰਹੇ, ਫੇਰ ਜਾ ਕੇ ਉਹ ਪਾਠ ਲਗਦਾ ਹੈ। ਪੰਜ ਗ੍ਰੰਥੀ ਵੀ ਨਾਲ ਹੋਵੇ, ਜੋਤ ਹੋਵੇ, ਧੂਪ ਹੋਵੇ, ਪੂਰੀ ਵਿਧੀ ਨਾਲ ਕੁੰਭ ਵਗੈਰਾ ਰੱਖ ਕੇ ਜਿਵੇਂ ਪੁਰਾਣੇ ਵਕਤਾਂ ਵਿਚ ਮਹਾਂਪੁਰਸ਼ ਕਰਦੇ ਸੀ, ਉਸ ਤਰ੍ਹਾਂ ਕੀਤਾ ਜਾਵੇ, ਫੇਰ ਪਾਠ ਕਰਾ ਕੇ ਅਰਦਾਸ ਕੀਤੀ ਜਾਵੇ। ਜਦੋਂ ਪਾਠ ਕਰਾਇਆ, ਮੈਂ ਲੜਕੇ ਨੂੰ ਕਿਹਾ, ਤੂੰ ਪਾਠ ਸੁਣੀ ਜਾਈਂ। ਜੇਕਰ ਤੇਰੀ ਗਤੀ ਨਾ ਹੋਈ ਤਾਂ ਬੋਲ ਪਈਂ; ਨਹੀਂ ਤਾਂ ਸਾਨੂੰ ਪਤਾ ਲਗ ਜਾਏਗਾ ਕਿ ਤੇਰੀ ਗਤੀ ਹੋ ਗਈ। ਪੌਣੇ ਦੋ ਸਾਲ ਹੋ ਗਏ, ਮੁੜ ਕੇ ਬੋਲਿਆ ਹੀ ਨਹੀਂ। ਐਸੀ ਗਤੀ ਤਾਂ ਹੁੰਦੀ ਹੈ ਜੇਕਰ ਆਦਮੀ ਦਾ ਮਨ ਇਥੇ ਰਹਿ ਜਾਵੇ। ਸੋ ਏਸ ਤਰ੍ਹਾਂ ਕਈ ਪ੍ਰਕਾਰ ਦੀਆਂ ਗਤੀਆਂ ਹੁੰਦੀਆਂ ਹਨ। ਦੂਸਰਾ ਜਿਹੜਾ ਸੰਤਾਂ ਦਾ ਦੋਖੀ ਹੋਵੇ - ਬੰਦਗੀ ਕਰਨ ਵਾਲਿਆਂ ਦਾ, ਉਸ ਨੂੰ ਸੱਪ ਦੀ ਜੂਨੀ ਮਿਲਦੀ ਹੈ-

***ਧਾਰਨਾ - ਪਾਵੇ ਸੱਪ ਦੀ ਜੂਨ, ਦੋਖੀ ਸੰਤਾਂ ਦਾ - 2, 4***

***ਸੰਤ ਕੈ ਦੂਖਨਿ ਸਰਪ ਜੋਨਿ ਪਾਇ॥***
***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ ਪੰਨਾ - 279***

ਜਿਹੜੀ ਤ੍ਰੈਗਿਰਦ ਜੋਨ ਹੈ - ਕੁੱਤੇ, ਬਿੱਲੇ, ਸੂਰ ਆਦਿ ਉਨ੍ਹਾਂ ਵਿਚ ਜਿਹੜੇ ਕੀੜੇ ਪੈਂਦੇ ਨੇ, ਉਹ ਜੂਨੀ ਮਿਲਿਆ ਕਰਦੀ ਹੈ। ਪਸ਼ੂ ਦੀ ਜੂਨ ਮਿਲਦੀ ਹੈ - ਮਨਮੁਖ ਨੂੰ। 'ਸੂਕਰ ਸੁਆਨ ਗਰਧਭ ਮਝਾਰਾ' ਬਿੱਲਾ, ਗਧਾ, ਕੁੱਤਾ ਤੇ ਸੂਰ।

***ਸੂਕਰ ਸੁਆਨ ਗਰਧਭ ਮੰਜਾਰਾ॥***
***ਪਸੂ ਮਲੇਛ ਨੀਚ ਚੰਡਾਲਾ॥***
***ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ॥***

***ਬੰਧਨਿ ਬਾਧਿਆ ਆਈਐ ਜਾਈਐ॥ ਪੰਨਾ - 832***

ਜਿਹੜੇ ਗੁਰੂ ਧਾਰ ਕੇ ਬੇਮੁਖ ਹੋ ਜਾਂਦੇ ਹਨ, ਉਨ੍ਹਾਂ ਨੂੰ ਫਿਰ ਇਹ ਜੂਨਾਂ ਪ੍ਰਾਪਤ ਹੁੰਦੀਆਂ ਹਨ -

***ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥***
***ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥***
***ਪੰਨਾ - 752***

ਮਹਾਰਾਜ ਕਹਿੰਦੇ ਹਨ ਖੁਦਾ ਤਾਂ ਹਰ ਥਾਂ ਤੇ ਰਹਿੰਦਾ ਹੈ। ਇਹ ਗਲਤੀ ਕੱਢਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਕਾਹਬੇ ਵਲ ਪੈਰ ਕਰਕੇ ਪੈ ਗਏ। ਜਿਸ ਵਕਤ ਸਫਾਈ ਕਰਨ ਵਾਲਾ ਜੀਵਨ ਨਾਮ ਦਾ ਸੇਵਕ ਆਇਆ, ਉਸ ਨੇ ਦੇਖਿਆ ਕਿ ਬਾਕੀ ਤਾਂ ਸਾਰੇ ਇਧਰ ਸਿਰ ਕਰੀਂ ਪਏ ਹਨ ਇਹ ਕੌਣ ਆ ਗਿਆ ਕਾਹਬੇ ਵਲ ਪੈਰ ਕਰਕੇ ਪੈਣ ਵਾਲਾ? ਉਸ ਨੇ ਗੁਰੂ ਮਹਾਰਾਜ ਦੇ ਲੱਤ ਮਾਰੀ ਤੇ ਕਹਿਣ ਲੱਗਿਆ, "ਕਿਹੜਾ ਹੈਂ ਤੂੰ ਕਾਫਰ ਜਿਹੜਾ ਐਧਰ ਪੈਰ ਕਰੀਂ ਪਿਆ ਹੈਂ?" ਮਹਾਰਾਜ ਕਹਿਣ ਲੱਗੇ, "ਕਿਉਂ ਮਾਰਦੈਂ ਭਾਈ?" ਉਸ ਨੇ ਕਿਹਾ, "ਖੁਦਾ ਦੇ ਘਰ ਵਲ ਪੈਰ ਕਿਉਂ ਕਰੇ ਨੇ?" ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਅਨ੍ਹੇਰੇ ਹੋਏ ਇਥੇ ਆਏ ਸੀ, ਥੱਕੇ ਹੋਏ ਸੀ, ਸਾਨੂੰ ਪਤਾ ਨਹੀਂ ਸੀ ਕਿ ਖੁਦਾ ਦਾ ਘਰ ਕਿਧਰ ਹੈ। ਜਿਧਰ ਖੁਦਾ ਦਾ ਘਰ ਨਹੀਂ ਹੈ ਸਾਡੇ ਪੈਰ ਤੂੰ ਓਧਰ ਨੂੰ ਕਰ ਦੇ। ਅਸੀਂ ਆਪੇ ਉਠ ਕੇ ਕਰ ਲੈਂਦੇ, ਪਰ ਹੁਣ ਤੂੰ ਸਾਡੇ ਲੱਤ ਮਾਰੀ ਹੈ, ਉਠਿਆ ਨਹੀਂ ਜਾਂਦਾ। ਮਹਾਰਾਜ ਨੇ ਦੋਨੋਂ ਪੈਰ ਉਪਰ ਨੂੰ ਕਰ ਲਏ। ਉਸ ਨੇ ਖਿਝੇ ਹੋਏ ਨੇ 'ਟੰਗੋ ਪਕੜ ਘਸੀਟਿਆ' - ਮਹਾਰਾਜ ਨੂੰ; ਗਿਆਨਹੀਨ ਕਿਉਂਕਿ ਗੁੱਸੇ ਵਿਚ ਆਇਆ ਹੋਇਆ ਸੀ। ਜਦੋਂ ਧਾਰਮਕ ਬੰਦੇ ਗੁੱਸੇ ਵਿਚ ਆ ਜਾਣ ਤਾਂ ਉਹ ਰਾਕਸ਼ਾਂ ਨਾਲੋਂ ਵੀ ਭੈੜੇ ਹੋ ਜਾਇਆ ਕਰਦੇ ਹਨ। ਬਹੁਤ ਬੁਰੀ ਕਰਦੇ ਹਨ, ਮਾਰ ਦਿੰਦੇ ਹਨ, ਗਲ ਵੱਢ ਦਿੰਦੇ ਹਨ, ਉਨ੍ਹਾਂ ਅੰਦਰ ਸਹਿਨਸ਼ੀਲਤਾ ਨਹੀਂ ਹੋਇਆ ਕਰਦੀ। ਧਰਮ ਤਾਂ ਸਹਿਨਸ਼ੀਲਤਾ ਸਿਖਾਉਂਦਾ ਹੈ। ਕਰਮ ਕਾਂਡ ਵਿਚ ਰਹਿਣ ਵਾਲੇ, ਕ੍ਰੋਧੀ ਹੋ ਜਾਇਆ ਕਰਦੇ ਹਨ, ਦੂਜਿਆਂ ਨੂੰ ਮਾਰਨ ਲਗ ਜਾਂਦੇ ਹਨ। ਜਿਹਨੂੰ ਸੱਚਾ ਧਰਮ ਪ੍ਰਾਪਤ ਹੋ ਜਾਵੇ ਉਹ ਤਾਂ ਗਿਰਿਆਂ ਹੋਇਆਂ ਨੂੰ ਵੀ ਪਿਆਰ ਕਰਦਾ ਹੈ, ਮਾੜਿਆਂ ਨੂੰ ਵੀ ਪਿਆਰ ਕਰਦਾ ਹੈ, ਨਫਰਤ ਤਾਂ ਕਰਦਾ ਹੀ ਨਹੀਂ।

ਬਹੁਤ ਸਾਰੇ ਪ੍ਰੇਮੀ ਪਹਿਲਾਂ ਪਹਿਲਾਂ ਜਦੋਂ ਸਾਡੇ ਦੀਵਾਨ ਲਗਦੇ ਸੀ, ਜੇ ਕੋਈ ਸ਼ਰਾਬ ਪੀ ਕੇ ਆ ਜਾਵੇ ਉਹਨੂੰ ਮਾਰਨ ਲਗ ਜਾਣ। ਬਡਹੇੜੀ ਦੀਵਾਨ ਲੱਗਿਆ, ਉਥੇ ਵੀ ਇਸੇ ਤਰ੍ਹਾਂ ਹੋਇਆ। ਤੁਹਾਡੇ ਬੀਜੀ ਉਠ ਕੇ ਗਏ ਤੇ ਕਿਹਾ ਕਿ ਕਿਉਂ ਮਾਰਦੇ ਹੋਂ ਤੁਸੀਂ ਇਹਨੂੰ? ਉਹ ਕਹਿਣ ਲੱਗੇ ਕਿ ਇਹਨੇ ਸ਼ਰਾਬ ਪੀਤੀ ਹੋਈ ਹੈ। ਬੀਜੀ ਨੇ ਕਿਹਾ ਕਿ ਸ਼ਰਾਬ ਤਾਂ ਸਾਰਾ ਇਲਾਕਾ ਹੀ ਪੀਂਦਾ ਹੈ, ਇਹ ਸ਼ਰਾਬ ਤਾਂ ਹੀ ਛੱਡੇਗਾ, ਜੇ ਕੁਛ ਸੁਣੇਗਾ। ਇਹ ਗੱਲ ਨਹੀਂ ਕਰਨੀ, ਤੁਹਾਨੂੰ ਕਿਸਨੇ ਇੰਚਾਰਜ ਬਣਾ ਦਿਤਾ ਹੈ? ਮੁੜ ਕੇ ਮੈਂ ਕਹਿ ਦਿਤਾ ਕਿ ਕੋਈ ਸ਼ਰਾਬ ਪੀਵੇ, ਕੁਝ ਕਰੇ, ਕਿਸੇ ਨੇ ਕੁਝ ਨਹੀਂ

ਕਹਿਣਾ, ਪਿਆਰ ਪ੍ਰੇਮ ਨਾਲ ਲਿਆ ਕੇ ਅੱਗੇ ਬਿਠਾਓ, ਸਾਡੇ ਕੋਲ ਲਿਆ ਕੇ ਬਿਠਾ ਦਿਆ ਕਰੋ। ਇਸ ਤਰ੍ਹਾਂ ਉਹ ਸੁਣਨ ਲਗ ਪਏ, ਸੁਣਨ ਦੇ ਨਾਲ ਕਿੱਡੇ-ਕਿੱਡੇ ਸ਼ਰਾਬੀ ਸ਼ਰਾਬ ਛੱਡ ਗਏ ਕਿਉਂਕਿ ਉਨ੍ਹਾਂ ਦੇ ਗੱਲ ਸਮਝ ਵਿਚ ਆਉਣ ਲਗ ਪਈ। ਜਿਹੜਾ ਨਫਰਤ ਕਰਦਾ ਹੈ, ਨਫਰਤ ਕਰਨ ਨਾਲ ਗੱਲ ਵਿਗੜ ਜਾਇਆ ਕਰਦੀ ਹੈ। ਬਿਮਾਰ ਆਦਮੀ ਡਾਕਟਰ ਕੋਲ ਜਾਂਦਾ ਹੈ। ਜੇ ਡਾਕਟਰ ਹੀ ਕਹਿਣ ਲਗ ਜਾਵੇ ਕਿ ਬਿਮਾਰ ਮੇਰੇ ਕੋਲ ਕਿਉਂ ਆਉਂਦਾ ਹੈ? ਜੇ ਉਹ ਇਸ ਤਰ੍ਹਾਂ ਕਹਿੰਦਾ ਹੈ ਤਾਂ ਉਹ ਡਾਕਟਰ ਕਾਹਦਾ? ਗੁਰੂ ਤਾਂ-

***ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥***
***ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ॥***
***ਪੰਨਾ - 802***

ਪਸ਼ੂਆਂ ਨੂੰ, ਪ੍ਰੇਤਾਂ ਨੂੰ, ਮਹਾਂਮੂਰਖਾਂ ਨੂੰ, ਪੱਥਰ ਜੈਸੇ ਆਦਮੀਆਂ ਨੂੰ ਤਾਰਨ ਵਾਸਤੇ ਗੁਰੂ ਆਉਂਦਾ ਹੈ। ਗੁਰੂ ਦੀ ਕੀ ਲੋੜ ਹੈ ਜੇ ਸਾਰੇ ਹੀ ਚੰਗੇ ਹੋਣ?

ਸੋ ਧਾਰਮਕ ਆਦਮੀ ਜਦੋਂ ਈਰਖਾ ਵਿਚ ਆ ਜਾਵੇ, ਵੱਡੇ-ਵੱਡੇ ਸੰਤ ਮੈਂ ਦੇਖੇ ਹਨ - ਈਰਖਾ ਕਰਦੇ, ਜਿਨ੍ਹਾਂ ਦੀ ਬੜੀ ਮਾਨਤਾ ਹੁੰਦੀ ਹੈ, ਜਿਨ੍ਹਾਂ ਦੇ ਪਿਛੇ ਬੜੀ ਦੁਨੀਆਂ ਲੱਗੀ ਹੁੰਦੀ ਹੈ। ਉਹ ਗੱਲਾਂ ਕਰਨਗੇ ਦੂਜੇ ਸੰਤਾਂ ਦੀਆਂ, ਕਹਿਣਗੇ ਜੀ, ਉਹ ਤਾਂ ਐਵੇਂ ਹੀ ਹੈ, ਅਸੀਂ ਜਾਣਦੇ ਹਾਂ ਉਨ੍ਹਾਂ ਨੂੰ, ਅੰਦਰ ਈਰਖਾ ਹੁੰਦੀ ਹੈ। ਇਹ ਮਾੜੀ ਚੀਜ਼ ਹੈ। ਦੁਨੀਆਦਾਰਾਂ ਵਿਚ ਤਾਂ ਹੁੰਦੀ ਹੈ, ਧਾਰਮਕ ਬੰਦਿਆਂ ਵਿਚ ਵੀ ਆ ਜਾਂਦੀ ਹੈ। ਧਾਰਮਕ ਈਰਖਾ ਸਭ ਤੋਂ ਮਾੜੀ ਹੁੰਦੀ ਹੈ, ਜੋ ਸਭ ਕੁਝ ਜਾਣਦੇ ਹੋਏ ਈਰਖਾ ਕਰਨ ਲਗ ਜਾਂਦੇ ਹਨ। ਸੋ ਏਸ ਤਰ੍ਹਾਂ ਦੇ ਨਾਲ ਜਦੋਂ ਧਰਮ ਦੇ ਨਾਮ ਤੇ ਮਾਰਨ ਲਗ ਜਾਓ ਤਾਂ ਚੰਗੀ ਗੱਲ ਨਹੀਂ। ਇਸਲਾਮ ਵਾਲਿਆਂ ਨੇ ਕਿੰਨੇ ਬੰਦੇ ਮਾਰੇ, ਲੱਖਾਂ ਕਰੋੜਾਂ ਦੀ ਤਦਾਦ ਵਿਚ ਹਿੰਦੁਸਤਾਨ ਦੇ ਬੰਦੇ ਮਾਰੇ ਤੇ ਸਿਰਫ ਏਸ ਕਰਕੇ ਕਿ ਇਹ ਸਾਰੇ ਸਾਡੇ ਧਰਮ ਵਿਚ ਕਿਉਂ ਨਹੀਂ ਆ ਰਹੇ। ਇਹ ਪੁੰਨ ਨਹੀਂ ਹੋਇਆ ਕਰਦਾ। ਗੁਰੂ ਨਾਨਕ ਨੇ ਤਾਂ ਕਹਿ ਦਿਤਾ -

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਇਥੇ ਇਹ ਤਾਂ ਕਿਹਾ ਨਹੀਂ ਕਿ ਸ਼ਰਾਬੀਆਂ ਦਾ ਭਲਾ ਨਾ ਹੋਵੇ, ਮਨਮੁਖਾਂ ਦਾ ਭਲਾ ਨਾ ਹੋਵੇ; ਸਾਰਿਆਂ ਦਾ ਭਲਾ ਮੰਗਦੇ ਹਾਂ, ਜਿਹੜਾ ਦੁਸ਼ਮਨੀ ਵੀ ਕਰਦਾ ਹੈ, ਉਹਦਾ ਵੀ ਭਲਾ ਮੰਗਦੇ ਹਾਂ। ਜੇ ਸਚਮੁਚ ਅਰਦਾਸ ਵੇਲੇ ਇਹ ਗੱਲ ਕਹਿ ਦਿਆ ਕਰੇ ਤਾਂ ਵੈਰ ਹੀ ਨਹੀਂ ਰਹਿੰਦਾ ਕਿਸੇ ਨਾਲ। ਸਾਰੀ ਦੁਨੀਆਂ ਦਾ ਮਿਤਰ ਬਣ ਜਾਂਦਾ ਹੈ, ਸਾਰੀ ਦੁਨੀਆਂ ਇਹਦਾ ਸਤਿਕਾਰ ਕਰੇ ਕਿਉਂਕਿ ਅੰਦਰੋਂ ਲਹਿਰ ਐਸੀ ਉਠਦੀ ਹੈ ਕਿ ਸਭ ਦਾ ਭਲਾ ਮੰਗਦਾ ਹੈ। ਸਭ ਦਾ ਭਲਾ ਗੁਰੂ ਮਨਾਉਂਦਾ ਹੈ, ਸਭ ਦਾ ਭਲਾ ਉਹਦੇ ਸਿੱਖ ਨੂੰ ਮਨਾਉਣਾ ਚਾਹੀਦਾ ਹੈ। ਸੋ ਉਹਦੇ ਵਿਚ ਗੁੱਸਾ ਆਉਣ

ਕਰਕੇ ਮਹਾਰਾਜ ਨੂੰ 'ਟੰਗੋ ਪਕੜ ਘਸੀਟਿਆ' ਦੂਜੇ ਪਾਸੇ ਪੈਰ ਫੜ ਕੇ ਜ਼ੋਰ ਨਾਲ ਧਰਤੀ ਤੇ ਮਾਰੇ। ਗੁਰੂ ਮਹਾਰਾਜ ਨੇ ਕਿਹਾ, ਗੁਸਾ ਨਾ ਕਰ। ਪਹਿਲਾਂ ਦੇਖ ਲੈ ਕਿ ਖੁਦਾ ਦਾ ਘਰ ਤਾਂ ਨਹੀਂ ਇਧਰ, ਫਿਰ ਕੋਈ ਹੋਰ ਆਏਗਾ ਉਹ ਲੱਤ ਮਾਰੇਗਾ। ਉਸ ਨੇ ਦੇਖਿਆ ਤਾਂ ਕੀ ਦੇਖਦਾ ਹੈ ਕਿ ਕਾਹਬਾ ਤਾਂ ਇਧਰ ਹੀ ਹੈ। ਜਿਧਰ ਨੂੰ ਗੁਰੂ ਮਹਾਰਾਜ ਦੇ ਪੈਰ ਕਰਦਾ ਹੈ ਉਧਰ ਹੀ ਕਾਹਬਾ ਨਜ਼ਰ ਆਉਂਦਾ ਹੈ। ਗੁਰੂ ਮਹਾਰਾਜ ਨੇ ਭਰਮ ਕੱਢ ਦਿਤਾ। ਇਸ ਨੇ ਨਮਸ਼ਕਾਰ ਕਰ ਦਿਤੀ, ਸਿਜਦਾ ਕਰ ਦਿਤਾ, ਕਹਿਣ ਲੱਗਾ, "ਤੂੰ ਤਾਂ ਕੋਈ ਵਲੀ ਅੱਲਾਹ ਹੈਂ, ਮੈਨੂੰ ਨਹੀਂ ਸੀ ਏਸ ਗੱਲ ਦੀ ਸੋਝੀ, ਤੂੰ ਮੈਨੂੰ ਸੋਝੀ ਦੇ ਦਿਤੀ ਹੈ ਕਿ ਖੁਦਾ ਹਰ ਥਾਂ ਤੇ ਹੈ।"

ਉਸ ਤੋਂ ਬਾਅਦ ਸਾਰੇ ਆ ਗਏ - ਵੱਡੇ-ਵੱਡੇ ਪੀਰ, ਉਨ੍ਹਾਂ ਵਿਚੋਂ ਇਕ ਬੜਾ ਸਿਆਣਾ ਸੀ ਰੁਕਨਦੀਨ, ਉਥੇ ਈਮਾਮ ਲੱਗਿਆ ਹੋਇਆ ਸੀ। ਕਹਿਣ ਲੱਗਾ, "ਹੇ ਨਾਨਕ! ਸਾਨੂੰ ਇਹ ਦੱਸ, ਅਸੀਂ ਇਹ ਤਾਂ ਸਹੀ ਕਰ ਲਿਆ ਕਿ ਤੂੰ ਵਲੀ ਅੱਲਾਹ ਹੈਂ, ਜਿਹੜੀ ਗੱਲ ਤੂੰ ਦੱਸੇਂਗਾ, ਸਹੀ ਹੀ ਦੱਸੇਂਗਾ, ਅਸੀਂ ਇਉਂ ਸੁਣਿਆ ਹੈ - ਕਿਤਾਬਾਂ ਦੇ ਅੰਦਰ ਕਿ ਅੱਗੇ ਦਰਗਾਹ ਵਿਚ ਜਾ ਕੇ ਬਹੁਤ ਬੁਰਾ ਹਾਲ ਹੁੰਦਾ ਹੈ, ਤੁਸੀਂ ਤਾਂ ਦੇਖੀ ਹੋਣੀ ਹੈ, ਕ੍ਰਿਪਾ ਕਰਕੇ ਇਹ ਦੱਸੋ ਕਿ ਕੀ ਹਾਲ ਹੁੰਦਾ ਹੈ। ਬਹੁਤ ਲੰਮੀ ਚੌੜੀ ਗੋਸ਼ਟ ਹੋਈ ਜਿਹਦੇ ਵਿਚੋਂ ਮੈਂ ਇਕ ਛੋਟੀ ਜਿਹੀ ਗੱਲ ਦਸਦਾ ਹਾਂ -

***ਰੁਕਨਲ ਆਖੇ ਨਾਨਕਾ ਸੱਚਾ ਦੇਹ ਜਵਾਬ।***
***ਦਰਗਹ ਤਿਨਾਂ ਕਉਨ ਹਾਲ ਜੋ ਪੀਵੈ ਭੰਗ ਸ਼ਰਾਬ।***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 98***

ਜਿਹੜੇ ਭੰਗ ਪੀਂਦੇ ਹਨ, ਸ਼ਰਾਬ ਪੀਂਦੇ ਹਨ ਉਨ੍ਹਾਂ ਦਾ ਦਰਗਾਹ ਵਿਚ ਕੀ ਹਾਲ ਹੁੰਦਾ ਹੈ, ਮਹਾਰਾਜ ਕਹਿੰਦੇ -

***ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।***
***ਦਰਗਹਿ ਅੰਦਰ ਮਾਰੀਅਨਿ ਜੋ ਪੀਂਦੇ ਭੰਗ ਸ਼ਰਾਬ।***
***ਚਰਸ ਅਫ਼ੀਮੀ ਪੋਸਤੀ ਚਿਲਮਾਂ ਛਿਕਨਿ ਪਿਸਾਬੁ।***
***ਖਾਨ ਮਜੂਨਾ ਕਤਲੀਆ ਸੀਖੀ ਲਾਇ ਕਬਾਬੁ।***
***ਪੀਂਦੇ ਭੰਗ ਤ੍ਰਕਾਇ ਕੇ ਜਹਰੀ ਨਾਲ ਰਲਾਇ।***
***ਦੁਨੀਆਂ ਮਾਣਨਿ ਮਸਤੀਆ ਦਰਗਹ ਲਹਨ ਸਜਾਇ।***
***ਜਿਉ ਤਿਲ ਘਾਣੀ ਪੀੜੀਅਨਿ ਦੁਹਾਂ ਜਹਾਨਾ ਮਾਹਿ।***
***ਰਵਨਿ ਪਰਾਈਆਂ ਔਰਤਾਂ ਤਪਤ ਥੰਮ ਗਲ ਲਾਇ।***
***ਸਿੱਕਾ ਗਾਲ ਸਹੰਸ੍ਰ ਮਣ ਮੁਹੀਂ ਤਿਨਾ ਦੀ ਪਾਇ।***
***ਅਮਲ ਬਿਕਾਰੀ ਸੰਗ ਮਿਲੇ ਤਿਨਾ ਮਿਲੇ ਸਜਾਇ।***
***ਦੁਹੀਂ ਜਹਾਨੀਂ ਜਰਦ ਰੋਇ ਰਹਿੰਦੇ ਸਦਾ ਖੁਆਰ।***
***ਸੋਫੀ ਖਾਸੇ ਮਜਲਸੀ ਜਿਨਾ ਸਚੁ ਖੁਮਾਰਿ।***
***ਚੋਰ ਹਰਾਮੀ ਕਮੀਰਬਾਜ ਇਨਾ ਪੀੜਨ ਘਾਣੀ ਪਾਇ।***

*ਮੁਖਹੁ ਪੁਕਾਰਨ ਹਾਇ ਹਾਇ ਅਗੇ ਸੁਣੀਐ ਨਾਹੀ ਕਾਇ।*
*ਬਾਝੂ ਰੋਟੀ ਪਾਣੀਐ ਹੋਰ ਨ ਖਾਣੇ ਖਾਨਿ।*
*ਕਰਨ ਅਲਾਹ ਦੀ ਬੰਦਗੀ ਸਾਬਤੁ ਰਖੀ ਈਮਾਨਿ।*
*ਪੀਵਨ ਬਿਕਾਰੀ ਅਮਲ ਨੂੰ ਦਰਗਹ ਲਹਨ ਨ ਢੋਇ।*
*ਮੁਖ ਤਿਨਾਂ ਦੇ ਕਿਰਬਤੀ ਬਾਤ ਨ ਪੁਛੇ ਕੋਇ।*
*ਨਾਨਕ ਆਖੇ ਰੁਕਨਦੀਨ ਸਚਾ ਏਹੁ ਜਵਾਬੁ।*
*ਜੋ ਦਰਗਹਿ ਅੰਦਰਿ ਵਰਤਦਾ ਲਿਖਿਆ ਵਿਚਿ ਕਿਤਾਬੁ।*
*ਬਾਝੁ ਅਲਹ ਦੀ ਬੰਦਗੀ ਗਲਾਂ ਹੋਰ ਸੈਤਾਨ।*
*ਸੋਫੀ ਖਾਸੇ ਮਜਲਸੀ ਦਰਗਹ ਪੈਧੇ ਜਾਨ।*
*ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 99*

ਮਹਾਰਾਜ ਕਹਿਣ ਲੱਗੇ ਤੱਤੇ ਥੰਮਾਂ ਨਾਲ ਲਗਾਏ ਜਾਂਦੇ ਹਨ ਜੋ ਵਿਵਚਾਰ ਕਰਦੇ ਹਨ। ਸੂਖਸ਼ਮ ਸਰੀਰ ਜਿਹੜਾ 17 ਤੱਤਾਂ ਦਾ ਹੁੰਦਾ ਹੈ, ਉਹ ਦੁਖ ਸੁਖ ਮੰਨਿਆ ਕਰਦਾ ਹੈ ਜਿਵੇਂ ਸੁਪਨੇ ਵਿਚ ਕੋਈ ਦੁਖ ਹੋ ਜਾਵੇ, ਉਥੇ ਸਰੀਰ ਤਾਂ ਸੁੱਤਾ ਪਿਆ ਹੁੰਦਾ ਹੈ, ਉਠ ਕੇ ਡਰ ਜਾਂਦਾ ਹੈ, ਫੇਰ ਦੁਖੀ ਹੁੰਦਾ ਹੈ ਕਿਉਂਕਿ ਭਿਆਨਕ ਸੁਪਨਾ ਦੇਖਿਆ ਹੈ, ਸੁੱਤਾ ਪਿਆ ਹੀ ਰੋਂਦਾ ਹੈ, ਹੋਇਆ ਕੁਝ ਵੀ ਨਹੀਂ ਹੁੰਦਾ, ਉਹ ਸੂਖਸ਼ਮ ਸਰੀਰ ਦੁਖ ਸਹਿੰਦਾ ਹੈ। ਉਹ ਜਿਹੜਾ ਸਰੀਰ ਹੈ, ਰੋਜ਼ ਹਜ਼ਾਰ ਮਣ ਸਿੱਕਾ ਘੋਲ ਕੇ ਗਰਮ ਕਰਕੇ ਉਹਦੇ ਗਲ ਵਿਚ ਪਾਇਆ ਜਾਂਦਾ ਹੈ।

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਧਾਣੀਆ ਤਿਉ ਮਥੇ ਧ੍ਰਮਰਾਇ॥*
*ਪੰਨਾ - 1425*

*ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ।।*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ਪੰਨਾ - 953*

*ਸੁਣਹੁ ਨਿਸਾਨੀ ਪੁਰਸਲਾਤਿ ਵਾਲਹੁ ਨਿਕੀ ਕਹਾਇ॥*
*ਖੰਡੇ ਕੋਲੋ ਤ੍ਰਿਖੜੀ ਅਗ ਲੋਹੇ ਜਿਉ ਤਪਤਾਇ॥*
*ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 71*

ਕਹਿੰਦੇ ਉਥੇ ਪੁਲ ਹੈ ਬੈਤਰਨੀ ਨਦੀ ਦੇ ਉਤੇ, ਅੱਗ ਵਰਗਾ ਤਪਿਆ ਹੋਇਆ, ਵਾਲ ਤੋਂ ਵੀ ਨਿੱਕਾ।

*ਤਲੇ ਵਹੇ ਨਦੀ ਪੂੰ ਰਤ ਦੀ ਉਥਲੇ ਤੇ ਗਰੜਾਇ॥*
*ਸਰਪ ਅਠੂਹਿ ਵਿਚ ਫਿਰਹਿ ਜੋ ਕਟਿ ਕਟਿ ਪਾਪੀਆ ਖਾਹਿ।*
*ਪੀਰ ਖੜੇ ਲਈ ਬੇੜੀਆਂ ਸਦਿ ਲੈਨਿ ਮੁਰੀਦਿ ਬੈਠਾਇ॥*
*ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 71*

ਗੁਰੂ ਅਤੇ ਪੀਰ ਉਨ੍ਹਾਂ ਨੂੰ ਕੱਢ ਲਿਆ ਕਰਦੇ ਹਨ, ਬਾਕੀ ਉਥੇ ਚਲੇ ਜਾਂਦੇ ਹਨ–

*ਚੋਰਿ ਉਚਕੇ ਲਾਲਚੀ ਹਰਾਮ ਖੋਰਿ ਬਰਚਾਹਿ।*
*ਠਗਿ ਬਟਿਪਾਰੇ ਰਾਹਿਜਨ ਲਾਇਤਬਾਰੀ ਖਾਇ।*
*ਬੇ-ਉਸਤਾਦਿ ਬੇ-ਮੁਰਸ਼ਦਾ ਇਨਾ ਮਿਲਦੀ ਬਹੁਤ ਸਜਾਇ।*
*ਲੂਣ ਹਰਾਮੀ ਅਕਿਰਤਘਣ ਤਾਉ ਲਗੇ ਕਰਨਿ ਕਹਾਇ॥*
*ਕੁਟਣੀਆ ਅਤੇ ਲੋਲੀਆ ਇਨਾ ਰੂਹਾਂ ਵਡੀ ਸਜਾਇ।*
*ਕਰਿ ਕੇ ਜੋਰਿ ਗਰੀਬ ਪਰਿ ਮਾਇਆ ਲੈਨ ਛਿਨਾਇ।*
*ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 71*

ਗਰੀਬ ਤੋਂ ਪੈਸਾ ਖੋਹ ਲੈਣਾ –

*ਰਖ ਪਰਾਈ ਅਮਾਨਤੀ ਜਦਿ ਮੰਗੇ ਮੁਕਰਿ ਪਾਹਿ॥*

ਅਮਾਨਤ ਦੇ ਪੈਸੇ ਰੱਖ ਦੇਣੇ ਕਿ ਮੈਂ ਜਾ ਆਵਾਂ ਕਿਧਰੇ। ਅਫਸਰਾਂ ਨੂੰ ਵੱਢੀਆਂ ਦੇ ਕੇ, ਜ਼ਮੀਨ ਕਿਸੇ ਦੀ, ਰਜਿਸਟਰੀਆਂ ਝੂਠੀਆਂ ਆਪਣੇ ਨਾਉਂ ਕਰਾ ਲੈਣੀਆਂ –

*ਖਸਿ ਲੈਨ ਪਰਾਈ ਜਿਮੀ ਨੁ ਦੇ ਵਢੀ ਸਚੁ ਕਹਾਇ।*
*ਕਰਿਕੇ ਜੋਰ ਜਤੀਮ ਪਰ ਲੈਂਦੇ ਮਾਲ ਦਬਾਇ।*
*ਹਕ ਪਰਾਇਆ ਖਾਇ ਕੇ ਝੂਠੀ ਦੇਨ ਉਗਾਇ।*
*ਇਨਾ ਕਉਮਾ ਜਾਮਨ ਕੋ ਨਹੀਂ ਤਾਰਿ ਉਤੇ ਦੇਨਿ ਚੜਾਇ।*
*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ - 71*

ਝੂਠਾ ਲੇਖਾ ਕਰਨਾ ਜਿਵੇਂ ਕਿਸੇ ਕੋਲੋਂ ਲੈਣੇ 500 ਹਨ, ਅੱਗੇ ਇਕ ਹੋਰ ਸਿਫਰਾ ਪਾ ਕੇ ਪੰਜ ਹਜ਼ਾਰ ਰੁਪਏ ਬਣਾ ਲੈਣੇ। ਇਸ ਤਰ੍ਹਾਂ ਜਿਹੜੇ ਕਰਦੇ ਹਨ ਉਨ੍ਹਾਂ ਨੂੰ ਫੇਰ –

*ਕਟਿ ਉਤਾਰੇ ਪੁਰਸਲਾਤਿ ਬਹੁ ਕੂਕੇ ਕਰਹਿ ਕਹਾਇ।*
*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ - 71*

ਕੱਟ ਕੇ ਸੁੱਟ ਦਿਤੇ ਜਾਂਦੇ ਹਨ –

*ਕਟਿ ਕੇ ਫੇਰਿ ਸਵਾਰੀਅਨਿ ਰਾਹਿਵਤ ਉਤੇ ਹੀ ਪਾਇ।*
*ਕੇਤੇ ਹੀ ਅਸੰਖ ਜੁਗ ਵਿਚ ਭਉਜਲ ਲਹਨਿ ਸਜਾਇ।*
*ਬੀਤੇ ਅਸੰਖਾ ਚਉਕੜੀ ਫਿਰਿ ਸੁਟੀਅਨਿ ਧਰਤੀ ਖਾਇ।*
*ਲਖ ਚਉਰਾਸੀਹ ਜੋਨਿ ਵਿਚਿ ਫਿਰਿ ਭੰਭਲ ਭੂਸੇ ਖਾਇ।*

*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 71*

ਦਸ ਕਰੋੜ ਸਾਲ ਤਕ ਉਹ ਬਿੱਲਾ ਕੁੱਤਾ ਬਣਿਆ ਕਰਦਾ ਹੈ। ਪਾਪੀਆਂ ਦਾ ਵੀ ਫਰਕ ਹੋਇਆ ਕਰਦਾ ਹੈ –

*ਪਾਪੀ ਬਹੁ ਪਰਕਾਰ ਕੇ ਉਤਮ ਮਧਮ ਜਾਨਿ।*
*ਹਤਿਆ ਖਟ ਪ੍ਰਕਾਰ ਹੈ ਮਨ ਮਹਿ ਲੇਹੁ ਪਛਾਨਿ।*

*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 72*

ਕਹਿੰਦੇ 96 ਕਰੋੜ ਪਾਪ ਕਰੇ ਤਾਂ ਇਕ ਹੱਤਿਆ ਦੇ ਬਰਾਬਰ ਹੁੰਦਾ ਹੈ –

*ਗਊ ਬ੍ਰਾਹਮਣ ਮਾਰੀਐ ਗੋਤ੍ਰੀ ਹਤਿ ਕਹਾਇ।*
*ਰਿਣਿ ਹਤਿਆ ਕੰਨਿਆ ਹਤਿਆ ਵਿਸਾਸਘਾਤ ਅਧਿਕਾਇ।*
*ਕੋਟਿ ਛਿਨਵੇ ਪਾਪ ਸਮਿ ਹਤਿ ਏਕ ਕਹਾਇ।*

*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73*

ਗਊ ਨੂੰ ਮਾਰ ਦੇਣਾ, ਗਰੀਬ ਬੰਦਾ, ਗਰੀਬ ਬੀਬੀ, ਜਿਹੜੀ ਕਿਸੇ ਨੂੰ ਕੁਝ ਨਾ ਕਹਿੰਦੀ ਹੋਵੇ, ਐਸੇ ਨੂੰ ਮਾਰ ਦੇਣਾ, ਇਹ ਗਊ ਮਾਰਨ ਦੇ ਬਰਾਬਰ ਹੋਇਆ ਕਰਦੀ ਹੈ। ਪੜ੍ਹਿਆ ਲਿਖਿਆ ਬੰਦਾ, ਬੰਦਗੀ ਕਰਾਉਣ ਵਾਲਾ, ਪਿੰਡ ਦੇ ਵਿਚ ਸ਼ਾਂਤੀ ਰੱਖਣ ਵਾਲਾ, ਐਸਾ ਬੰਦਾ ਜੋ ਨਾਮ ਜਪਦਾ ਹੈ, ਬੰਦਗੀ ਕਰਦਾ ਹੈ, ਬਾਣੀ ਪੜ੍ਹਦਾ ਹੈ, ਗਾਇਤ੍ਰੀ ਦਾ ਪਾਠ ਕਰਦਾ ਹੈ, ਨਮਾਜ਼ ਪੜ੍ਹਦਾ ਹੈ, ਐਸੇ ਬੰਦੇ ਨੂੰ ਮਾਰਨਾ, ਇਕ ਬ੍ਰਾਹਮਣ ਨੂੰ ਮਾਰਨ ਦੇ ਬਰਾਬਰ ਹੋਇਆ ਕਰਦਾ ਹੈ।

ਆਪਣੇ ਹੀ ਭਾਈ ਭਤੀਜੇ ਮਾਰ ਦੇਣੇ। ਰਿਣ ਹੱਤਿਆ– ਪੈਸਾ ਲੈ ਲੈਣਾ, ਜਦੋਂ ਅਗਲੇ ਨੇ ਮੰਗਿਆ ਦੋ ਚਾਰ ਵਾਰੀ ਤਾਂ ਕਹਿਣਾ ਲੈ ਲੈ, ਪਰ ਜ਼ੋਰ ਨਹੀਂ ਦਿੰਦਾ, ਇਹਨੂੰ ਰਿਣ ਹੱਤਿਆ ਕਹਿੰਦੇ ਹਨ। ਕੰਨਿਆ ਹੱਤਿਆ – ਵਿਸ਼ਵਾਸ਼ ਘਾਤ ਹੁੰਦਾ ਹੈ, ਕੰਨਿਆ ਮਾਰ ਦੇਣੀ, ਵਿਸ਼ਵਾਸ਼ਘਾਤ ਕਰ ਦੇਣਾ। ਹੋਰ ਛਿਆਨਵੇਂ ਪਾਪ ਹਨ, ਛਿਆਨਵੇਂ ਕ੍ਰੋੜ ਪਾਪ ਹੁੰਦਾ ਹੈ –

*ਖਟ ਹਤਿਆ ਕੇ ਤੁਲਿ ਹੈ ਗੁਰ ਤੇ ਸਿਖੁ ਫਿਰਿ ਜਾਇ।*
*ਵਿਸ਼ਾਸਿਘਾਤ ਇਕ ਕੋਟਿ ਸਮ ਹਤੇ ਮਾਇ ਅਰ ਬਾਪ।*

*ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73*

ਵਿਸ਼ਵਾਸ਼ਘਾਤ ਦੀ ਹੱਤਿਆ ਆਦਿ ਕ੍ਰੋੜ ਹੱਤਿਆ ਹੋਣ ਤਾਂ, ਮਾਂ ਨੂੰ ਮਾਰ ਦੇਵੇ ਜਾਂ ਪਿਓ ਨੂੰ ਮਾਰ ਦੇਵੇ, ਉਹਦੇ ਬਰਾਬਰ ਹੁੰਦਾ ਹੈ –

***ਅਉਰ ਹਤਿਆ ਸਭ ਉਤਰੇ ਏਹ ਹਤਿਆ ਨਹੀਂ ਜਾਤਿ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73***

ਸੋ ਇਹ ਹੱਤਿਆ ਨਹੀਂ ਉਤਰਿਆ ਕਰਦੀ। ਜਦੋਂ ਰਾਜਾ ਜਨਕ ਧਰਮਰਾਇ ਦੇ ਮੰਡਲ ਵਿਚ ਗਿਆ ਅਤੇ ਧਰਮਰਾਇ ਨੂੰ ਆਖਿਆ ਕਿ ਮੈਂ ਨਰਕਾਂ ਦਾ ਦੁਖ ਨਹੀਂ ਦੇਖ ਸਕਦਾ, ਇਨ੍ਹਾਂ ਦੀ ਬੰਦ ਖਲਾਸੀ ਕਰ ਦੇ ਤਾਂ ਰਾਜਾ ਜਨਕ ਨੂੰ ਧਰਮਰਾਜ ਇਹ ਦਸ ਰਿਹਾ ਸੀ ਕਿ ਇਹ ਪਾਪੀ ਪੁਰਸ਼ ਹਨ ਜਿਨ੍ਹਾਂ ਨੇ ਸੰਸਾਰ ਵਿਚ ਜਾ ਕੇ, ਆਪਣੀ ਸਾਰੀ ਜ਼ਿੰਦਗੀ ਪਾਪਾਂ ਵਿਚ ਬਤੀਤ ਕਰ ਦਿਤੀ, ਹੁਣ ਆਪ ਉਨ੍ਹਾਂ ਦੀ ਕੂਕ ਪੁਕਾਰ ਸੁਣ ਰਹੇ ਹੋ –

***ਧਾਰਨਾ – ਪਾਪੀ ਕਰਮ ਕਮਾਵਦੇ – 2, 2.***
***ਕਰਦੇ ਹਾਇ ਹਾਇ, ਪਾਪੀ ਕਰਮ......... – 2, 2***

ਜੀਵ ਨੇ ਜਨਮ ਲੈ ਕੇ ਪਾਪ ਕੀਤੇ ਹਨ, ਮੈਂ ਤਾਂ ਕੇਵਲ ਫਲ ਹੀ ਭੁਗਤਾਉਂਦਾ ਹਾਂ।

ਕਈ ਪ੍ਰੇਮੀ ਕਹਿੰਦੇ ਹਨ ਅਸੀਂ ਸ਼ਰਾਬ ਪੀਂਦੇ ਹਾਂ, ਕਿਸੇ ਦਾ ਗਲ ਤਾਂ ਨਹੀਂ ਵੱਢਦੇ –

***ਧਾਰਨਾ – ਦਰਗਹ ਮਿਲਣ ਸਜਾਵਾਂ ਭਾਰੀ,***
***ਝੂਠੇ ਨਸ਼ੇ ਪੀਣ ਵਾਲਿਆ – 2, 2.***

***ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥***
***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥***
***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥***
***ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥***
***ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥***
***ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥ ਪੰਨਾ – 554***

ਏਸ ਤਰ੍ਹਾਂ ਦੇ ਨਾਲ ਉਥੇ ਤਕਲੀਫਾਂ ਸਹਿ ਰਹੇ ਹਨ, ਅਨੇਕਾਂ ਜੀਵ ਹਨ। ਤਮਾਕੂ ਕਿੱਡੀ ਬੁਰੀ ਚੀਜ਼ ਹੈ, ਸਾਧਸੰਗਤ ਜੀ! ਹਿੰਦੁਸਤਾਨ ਵਿਚ ਨਹੀਂ ਸੀ ਹੋਇਆ ਕਰਦਾ, ਜਹਾਂਗੀਰ ਦੇ ਵੇਲੇ ਤਕ ਨਹੀਂ ਸੀ ਆਇਆ, ਉਹਦੇ ਬਾਦ ਆਇਆ ਹੈ। ਸਕੰਧ ਪੁਰਾਨ ਵਿਚ ਤਮਾਕੂ ਬਾਰੇ ਦਸ ਪੰਨੇ ਲਿਖੇ ਮਿਲਦੇ ਹਨ। ਬ੍ਰਹਮਾ ਜੀ ਤੇ ਨਾਰਦ ਜੀ ਦੇ ਸੰਵਾਦ ਵਿਚ ਲਿਖਿਆ ਹੈ ਕਿ ਤਮਾਕੂ ਪੀਣ ਵਾਲੇ ਦਾ ਕੀ ਹਾਲ ਹੋਇਆ ਕਰਦਾ ਹੈ, ਸਾਰੇ ਕਰਮ ਧਰਮ ਨਸ਼ਟ ਹੋ ਜਾਇਆ ਕਰਦੇ ਹਨ, ਲੱਜਿਆ ਨਹੀਂ ਕਰਦੇ ਤਮਾਕੂ ਦੇ

ਨਾਂ ਤੇ।

ਇਕ ਵਾਰੀ ਇਕ ਰਾਜਾ ਸੀ ਜਿਸ ਦਾ ਨਾਮ ਅਜਮੇਰ ਸ਼ਾਹ ਸੀ। ਉਸ ਨੇ ਹਿੰਦੁਸਤਾਨ ਤੇ ਹੱਲਾ ਕੀਤਾ ਪਰ ਉਹ ਜਿੱਤ ਨਾ ਸਕਿਆ, ਕਿੰਨੇ ਮਹੀਨੇ ਜੇਲ੍ਹਮ ਦਰਿਆ ਦੇ ਪਰਲੇ ਪਾਸੇ ਰੁਕਿਆ ਰਿਹਾ। ਕਈ ਵਾਰੀ ਆਇਆ, ਹਾਰ ਥੱਕ ਕੇ ਮੁੜ ਗਿਆ। ਇਕ ਵਾਰੀ ਉਸ ਨੇ ਵੱਡੇ-ਵੱਡੇ ਸਿਆਣਿਆਂ ਨੂੰ ਪੁਛਿਆ ਕਿ ਮੈਂ ਜਿਤਦਾ ਕਿਉਂ ਨਹੀਂ? ਕਹਿੰਦੇ ਕਿ ਹਿੰਦੁਸਤਾਨ ਨੂੰ ਕੋਈ ਨਹੀਂ ਜਿੱਤ ਸਕਦਾ, ਉਹਦਾ ਕਾਰਣ ਹੈ ਕਿ ਇਕ ਤਾਂ ਉਹ ਮਾਸ ਨਹੀਂ ਖਾਂਦੇ, ਇਕ ਉਹ ਗਊਆਂ ਨੂੰ ਬਹੁਤ ਸਤਿਕਾਰ ਦਿੰਦੇ ਹਨ, ਉਹਦਾ ਦੁੱਧ ਪੀਂਦੇ ਹਨ, ਏਸ ਕਰਕੇ ਉਨ੍ਹਾਂ ਦੀ ਬੁੱਧੀ ਬੜੀ ਨਿਰਮਲ ਹੈ, ਤੀਸਰਾ ਇਹ ਹੈ ਕਿ ਉਹ ਜਟਾ ਜੂਟ ਹਨ, ਕੇਸ ਨਹੀਂ ਕਟਵਾਉਂਦੇ। ਕਹਿੰਦੇ ਫੇਰ ਕੋਈ ਤਰੀਕਾ ਹੈ ਇਨ੍ਹਾਂ ਨੂੰ ਹਰਾਉਣ ਦਾ? ਕਹਿੰਦੇ, ਇਨ੍ਹਾਂ ਨੂੰ ਹਰਾਉਣ ਦਾ ਇਕ ਤਰੀਕਾ ਹੈ, ਇਕ ਤਾਂ ਗਊਆਂ ਮਾਰ ਕੇ ਕਸ਼ਮੀਰ ਵਲ ਦਰਿਆ ਵਿਚ ਸੁੱਟ ਦਿਓ, ਇਹ ਦਰਿਆ ਦਾ ਪਾਣੀ ਪੀਂਦੇ ਹਨ, ਇਨ੍ਹਾਂ ਦਾ ਧਰਮ ਕਰਮ ਨਸ਼ਟ ਹੋ ਜਾਏਗਾ, ਇਨ੍ਹਾਂ ਦੇ ਮੰਤਰ ਐਨੇ ਤੇਜ਼ ਹਨ ਕਿ ਦੁਸ਼ਮਣ ਇਨ੍ਹਾਂ ਤੇ ਚੜ੍ਹਾਈ ਨਹੀਂ ਕਰ ਸਕਦਾ, ਜਦੋਂ ਇਹ ਹੋ ਗਿਆ ਤਾਂ ਅਗਾਂਹ ਦਾ ਕੰਮ ਚਲ ਪਵੇਗਾ। ਮੰਤਰ ਫਲ ਨਹੀਂ ਦੇਣਗੇ।

ਦੂਜਾ ਇਹ ਹੈ ਕਿ ਇਨ੍ਹਾਂ ਦੇ ਧਰਮ ਕਰਮ ਨਸ਼ਟ ਕਰਨ ਵਾਸਤੇ ਹਕੀਮ ਭੇਜੋ ਬਹੁਤ ਸਾਰੇ, ਉਹ ਤਮਾਕੂ ਦੀਆਂ ਗੋਲੀਆਂ ਬਣਾਉਣ, ਉਹ ਕਿਸੇ ਤਰ੍ਹਾਂ ਇਨ੍ਹਾਂ ਦੀਆਂ ਫੌਜਾਂ ਦੇ ਬੰਦਿਆਂ ਨੂੰ ਖਿਲਾਉਣ, ਕਿਸੇ ਢੰਗ ਦੇ ਨਾਲ। ਇਨ੍ਹਾਂ ਦਾ ਬਲ ਨਸ਼ਟ ਹੋ ਜਾਵੇਗਾ, ਬਲ ਵੀ ਹਾਰ ਜਾਵੇਗਾ, ਉਸ ਤੋਂ ਬਾਅਦ ਇਨ੍ਹਾਂ ਨੂੰ ਜਿੱਤਿਆ ਜਾ ਸਕਦਾ ਹੈ। ਸੋ ਉਸ ਰਾਜੇ ਨੇ ਇਸੇ ਤਰ੍ਹਾਂ ਹੀ ਕੀਤਾ। ਉਸ ਨੇ ਹਮਲਾ ਕੀਤਾ ਤੇ ਹਿੰਦੁਸਤਾਨ ਹਾਰ ਗਿਆ, ਕਿਉਂਕਿ ਤਮਾਕੂ ਆ ਗਿਆ। ਗੁਰੂ ਦਸਵੇਂ ਪਾਤਸ਼ਾਹ ਨੇ ਏਸ ਗੱਲ ਨੂੰ ਪਛਾਣ ਲਿਆ ਅਤੇ ਇਸ ਨੂੰ ਬਜਰ ਕੁਰਹਿਤ ਕਹਿ ਕੇ ਤਮਾਕੂ ਦੀ ਵਰਤੋਂ ਤੇ ਬਹੁਤ ਹੀ ਸਖਤ ਪਾਬੰਦੀ ਲਾ ਦਿਤੀ। ਇਕ ਵਾਰੀ 10ਵੇਂ ਪਾਤਸ਼ਾਹ ਜਾ ਰਹੇ ਸਨ। ਇਕ ਖੇਤ ਆ ਗਿਆ ਜੋ ਕਿ ਵਾਹਿਆ ਪਿਆ ਸੀ, ਘੋੜਾ ਪੈਰ ਉਠਾ ਕੇ ਖੜ੍ਹ ਗਿਆ। ਮਹਾਰਾਜ ਨੇ ਹੰਟਰ ਮਾਰਿਆ, ਉਹ ਤੁਰਿਆ ਹੀ ਨਾ। ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਮਹਾਰਾਜ! ਇਹ ਟੁਰਦਾ ਹੀ ਨਹੀਂ। ਮਹਾਰਾਜ ਕਹਿਣ ਲੱਗੇ, ਘੋੜੇ ਨੂੰ ਸਾਡੀ ਸਵਾਰੀ ਕਰਨ ਨਾਲ ਤਿੰਨਾਂ ਲੋਕਾਂ ਦੀ ਸੋਝੀ ਆ ਗਈ। ਕਹਿੰਦੇ ਆਹ ਜਿਹੜਾ ਖੇਤ ਹੈ, ਜਿਥੋਂ ਲੰਘਾਉਣ ਲੱਗੇ ਸੀ, ਇਸ ਵਿਚ ਪਹਿਲਾਂ ਤਮਾਕੂ ਬੀਜਿਆ ਹੋਇਆ ਸੀ, ਇਸ ਲਈ ਸਾਡਾ ਘੋੜਾ ਪੈਰ ਨਹੀਂ ਪਾ ਰਿਹਾ। ਐਨੀ ਸਖਤ ਪਾਬੰਦੀ ਮਹਾਰਾਜ ਨੇ ਲਾਈ। ਹੁਣ ਜਿਹੜਾ ਇਹ ਜਰਦਾ ਖਾਂਦੇ ਹਨ, ਇਹਦੇ ਵਿਚ ਤਮਾਕੂ ਹੁੰਦਾ ਹੈ। ਇਹ ਤੁਸੀਂ ਦੇਖ ਲੈਣਾ ਜਿਹੜਾ ਪੰਜਾਬ ਕਹਿੰਦੇ ਸੀ ਨਾ ਕਿ ਇਹ ਪੰਜਾਬ ਕਿਸੇ ਦੁਸ਼ਮਣ ਨੂੰ ਆਪਣੇ ਸੂਬੇ ਉਤੇ ਚੜ੍ਹਨ ਨਹੀਂ ਦਿੰਦਾ, ਪਾਕਿਸਤਾਨ ਨੇ ਹੱਲੇ ਕੀਤੇ, ਚੀਨ ਨੇ ਹੱਲੇ ਕੀਤੇ, ਸਾਰਿਆਂ ਦਾ ਮੂੰਹ ਪੈ ਗਿਆ, ਉਨ੍ਹਾਂ ਨੇ ਏਸ ਗੱਲ ਨੂੰ ਵਿਚਾਰ ਲਿਆ ਕਿ ਜੇ ਪੰਜਾਬੀਆਂ ਨੂੰ

ਨਸ਼ਿਆਂ ਵਿਚ ਪਾ ਦਿਤਾ ਜਾਵੇ, ਤਮਾਕੂ ਇਥੇ ਭਿਜਵਾ ਦਿਤਾ ਜਾਵੇ, ਉਹਦੀਆਂ ਗੋਲੀਆਂ ਵੰਡ ਦਿਤੀਆਂ ਜਾਣ, ਇਹ ਪੰਜਾਬ ਦਾ ਅਸਥਾਨ ਨਸ਼ਈ ਹੋ ਜਾਵੇ, ਮੁੜ ਕੇ ਇਹਦੇ ਵਿਚ ਕੁਝ ਵੀ ਨਹੀਂ ਰਹਿੰਦਾ ਕਿਉਂਕਿ 'ਸਵੈ ਵਿਸ਼ਵਾਸ਼' ਟੁੱਟ ਜਾਵੇਗਾ –

***ਨਿਸ਼ਚੈ ਕਰ ਅਪੁਨੀ ਜੀਤ ਕਰੂੰ॥***

ਉਹ ਟੁੱਟਣ ਦੇ ਨਾਲ ਫਿਰ ਉਹ ਗਿਰ ਜਾਵੇਗਾ। ਏਸ ਤਰ੍ਹਾਂ ਹੀ ਹੋ ਰਿਹਾ ਹੈ, ਇਹਦੇ ਨਾਲ ਪੰਜਾਬ ਦਾ ਬੁਰਾ ਹਾਲ ਹੋ ਰਿਹਾ ਹੈ।

ਯੂ.ਪੀ. ਤੋਂ ਇਹ ਜ਼ਰਦਾ ਪੰਜਾਬ ਦੇ ਪੇਂਡੂ ਖੇਤਰ ਵਿਚ ਮਜ਼ਦੂਰਾਂ ਨਾਲ ਆ ਗਿਆ। ਇਹਨੇ ਸਾਡਾ ਬਹੁਤ ਨੁਕਸਾਨ ਕਰ ਦਿਤਾ। ਬੱਚੇ ਖਾਂਦੇ ਨੇ, ਕੋਈ ਪਤਾ ਨਹੀਂ ਕਿ ਕੀ ਹੋ ਜਾਵੇਗਾ। ਤਮਾਕੂ ਤੇ ਜਰਦਾ ਇਹ ਕੈਂਸਰ ਪੈਦਾ ਕਰਦਾ ਹੈ, ਬਾਅਦ ਵਿਚ ਪਤਾ ਲਗਦਾ ਹੈ। ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ। ਗਲਤ ਕਰਮ ਕਰਨ ਵਾਲਿਆਂ ਦਾ ਹਾਲ ਧਰਮਰਾਜ ਕੋਲ ਰਾਜੇ ਜਨਕ ਨੇ ਦੇਖਿਆ। ਦੇਖਣ ਤੋਂ ਬਾਅਦ ਉਹਨੂੰ ਬਹੁਤ ਤਰਸ ਆ ਗਿਆ, ਜਦੋਂ ਨਰਕ ਤੋਂ ਬਾਹਰ ਪੈਰ ਰੱਖਿਆ ਤਾਂ ਫੇਰ ਭੱਠ ਵਾਂਗੂੰ ਤਪਣ ਲਗ ਪਿਆ, ਉਹ ਜੀਵ ਜੰਤ ਪੁਕਾਰਾਂ ਕਰਨ ਲਗ ਪਏ ਕਿ ਸਾਨੂੰ ਬਚਾਓ, ਸਾਨੂੰ ਕੱਢ ਦਿਓ, ਉਸ ਵੇਲੇ ਰਾਜਾ ਜਨਕ ਵਾਪਸ ਆ ਗਿਆ, ਧਰਮਰਾਜ ਨੇ ਬਹੁਤ ਆਦਰ ਸਤਿਕਾਰ ਨਾਲ ਸੇਵਾ ਕੀਤੀ। ਜਦੋਂ ਆਪ ਵਿਦਾ ਹੋਣ ਲੱਗੇ ਤਾਂ ਧਰਮਰਾਜ ਕਹਿਣ ਲੱਗਿਆ, "ਮਹਾਰਾਜ! ਮੇਰੇ ਲਾਇਕ ਕੋਈ ਸੇਵਾ ਦੱਸੋ ਤਾਂ ਕਿ ਮੈਂ ਆਪ ਨੂੰ ਪ੍ਰਸੰਨ ਕਰ ਸਕਾਂ।" ਕਹਿਣ ਲੱਗੇ ਕਿ ਕਰ ਦਏਂਗਾ? ਕਹਿੰਦਾ, "ਮਹਾਰਾਜ! ਦੱਸੋ।" ਕਹਿੰਦੇ ਦਸਣਾ ਕੀ ਹੈ –

***ਜਮਪੁਰਿ ਗਇਆ ਪੁਕਾਰ ਸੁਣਿ***
***ਬਿਲਲਾਵਨਿ ਜੀਅ ਨਰਕ ਨਿਵਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਇਨ੍ਹਾਂ ਦਾ ਵਿਰਲਾਪ ਸਾਥੋਂ ਸਹਿਆ ਨਹੀਂ ਗਿਆ, ਜੇ ਤੂੰ ਸੇਵਾ ਕਰਨੀ ਹੈ ਤਾਂ ਇਹ ਸੇਵਾ ਕਰ ਦੇ –

***ਧਾਰਨਾ – ਕਰਦੇ ਬੰਦ ਖਲਾਸੀ, ਏਨ੍ਹਾਂ ਜੀਵਾਂ ਦੀ – 2, 4***

***ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਸਾਥੋਂ ਇਹ ਦੁਖ ਨਹੀਂ ਸਹਿਆ ਜਾਂਦਾ। ਧਰਮਰਾਜ ਕਹਿਣ ਲੱਗਾ, "ਮਹਾਰਾਜ! ਇਨ੍ਹਾਂ ਨੇ ਪਾਪ ਬੜੇ ਕੀਤੇ ਹਨ, ਬਹੁਤ ਬੁਰੀਆਂ ਗੱਲਾਂ ਕੀਤੀਆਂ ਹਨ, ਇਹ ਤਾਂ ਸਜਾਵਾਂ ਅਰਬਾਂ ਸਾਲ ਤੋਂ ਭੁਗਤ ਰਹੇ ਹਨ, ਬਾਕੀ ਜੋ ਆਪ ਦਾ ਹੁਕਮ ਹੈ, ਮੇਰੀ ਇਕ ਬੇਨਤੀ ਹੈ, ਉਹ ਬੇਨਤੀ ਹੈ –

***ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਮੈਂ ਅਜ਼ਾਦ ਨਹੀਂ ਹਾਂ ਮਹਾਰਾਜ, ਮੈਂ ਤਾਂ ਨੌਕਰ ਹਾਂ – ਪ੍ਰਮੇਸ਼ਰ ਦਾ। ਉਹਨੇ ਧਰਮ ਦਾ ਤੱਕੜ ਇਥੇ ਲਾਇਆ ਹੋਇਆ ਹੈ, ਉਹਦੇ ਹਿਸਾਬ ਨਾਲ ਇਹ ਕਾਨੂੰਨ ਇਥੇ ਚਲਦਾ ਹੈ, ਮੇਰੇ ਵਸ ਵਿਚ ਨਹੀਂ ਹੈ ਇਨ੍ਹਾਂ ਨੂੰ ਛੱਡਣਾ।" ਰਾਜਾ ਕਹਿਣ ਲੱਗਾ, "ਧਰਮਰਾਜ ਜੀ! ਇਹ ਛੱਡਣੇ ਤਾਂ ਜ਼ਰੂਰ ਹਨ।" ਕਹਿੰਦਾ, "ਮਹਾਰਾਜ! ਇਹ ਛੱਡੇ ਨਹੀਂ ਜਾ ਸਕਦੇ।" ਕਹਿਣ ਲੱਗੇ, "ਕੋਈ ਤਰੀਕਾ ਹੈ?" ਕਹਿਣ ਲੱਗਾ ਕਿ ਪਾਪਾਂ ਦੇ ਬਦਲੇ ਜਿੰਨੇ ਪੁੰਨ ਦੇਵੋਂਗੇ ਉਨੇ ਪਾਪੀ ਮੈਂ ਛੱਡ ਦਿਆਂਗਾ, ਉਨ੍ਹਾਂ ਨੂੰ ਮਾਫ ਕਰ ਸਕਦਾ ਹਾਂ। ਰਾਜਾ ਜਨਕ ਕਹਿਣ ਲੱਗਿਆ, "ਕਿੰਨੇ ਪਾਪ ਨੇ?" ਦਸ ਦਿਤਾ ਕਿ ਐਨੇ ਪਾਪ ਨੇ, ਇਕ ਯੂਨਿਟ ਬਣਾ ਦਿਤੀ। ਅਸਾਡੇ ਸਮਝ ਵਿਚ ਆਉਣ ਲਈ ਐਉਂ ਸਮਝ ਲਵੋ ਕਿ ਇਕ ਤੱਕੜੀ ਲਾ ਦਿਤੀ, ਇਕ ਪਾਸੇ ਪਾਪ ਪਾ ਲਏ ਸਾਰੇ। ਜਨਕ ਜੀ ਕਹਿਣ ਲੱਗੇ, "ਅਸੀਂ ਹੁਣ ਪ੍ਰਮੇਸ਼ਰ ਦਾ ਨਾਮ ਜਪਦੇ ਹਾਂ, ਸਿਮਰਨ ਕਰਦੇ ਹਾਂ, ਅਸੀਂ ਉਸ ਨਾਮ ਦਾ ਫਲ ਇਨ੍ਹਾਂ ਨੂੰ ਦੇਵਾਂਗੇ।"

ਸੋ ਸਾਧ ਸੰਗਤ ਜੀ! ਰਾਜਾ ਜਨਕ ਸਮਾਧੀ ਲਗਾ ਕੇ ਬੈਠ ਗਏ ਤੇ ਨਾਮ ਜਪਣਾ ਸ਼ੁਰੂ ਕਰ ਦਿਤਾ। ਸਿਰਫ ਅੱਧੀ ਘੜੀ ਨਾਮ ਜਪਿਆ, ਉਸ ਵੇਲੇ ਪਾਪੀਆਂ ਦੇ, ਅਕ੍ਰਿਤਘਣਾ ਦੇ, ਹਤਿਆਰਿਆਂ ਦੇ, ਮਹਾਂ ਮਹਾਂ ਹਤਿਆਰਿਆਂ, ਬੇਮੁਖਾਂ ਦੇ, ਸਾਰਿਆਂ ਦੇ ਜੋ ਪਾਪ ਇਕੱਠੇ ਕਰਕੇ ਪਾਏ ਹੋਏ ਸਨ, ਉਹ ਪਾਪਾਂ ਦਾ ਪਲੜਾ ਉਚਾ ਹੋ ਗਿਆ, ਉਚਾ ਹੋਇਆ ਤਾਂ ਰਾਜਾ ਜਨਕ ਨੇ ਅੱਧੀ ਘੜੀ ਹੋਰ ਨਾਮ ਜਪ ਦਿਤਾ ਕਿ ਆਉਣ ਵਾਲਿਆਂ ਦਾ ਵੀ ਭਲਾ ਹੋ ਜਾਵੇ, ਨਰਕ ਹੀ ਠੰਡਾ ਕਰ ਦਿਤਾ। ਪਾਪਾਂ ਨਾਲ ਨਾਮ ਤੋਲਣਾ ਸ਼ੁਰੂ ਕਰ ਦਿਤਾ –

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ***
***ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ***
***ਤੁਲਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਤੱਕੜ ਉਪਰ ਚਲਾ ਗਿਆ, ਸਾਰੇ ਪਾਪ ਪਾਸਕੂ ਬਣ ਗਏ। ਗੁਰੂ ਦੇ ਰਾਹੀਂ ਲਏ ਹੋਏ ਰਾਮ ਦੇ ਨਾਮ ਦਾ ਮੁੱਲ ਐਨਾ ਜ਼ਿਆਦਾ ਹੋ ਗਿਆ ਕਿ ਤੋਲਿਆ ਨਹੀਂ ਜਾ ਰਿਹਾ।

***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥ ਭਾਈ ਗੁਰਦਾਸ ਜੀ,***
***ਵਾਰ 10/5***

***ਧਾਰਨਾ – ਕਰ 'ਤੇ ਕੁੰਡ ਨਰਕਾਂ ਦੇ ਖਾਲੀ,***
***ਅੱਧੀ ਘੜੀ ਨਾਮ ਜਪ ਕੇ – 2, 2.***

*ਮੇਰੇ ਪਿਆਰੇ, ਅੱਧੀ ਘੜੀ ਨਾਮ ਜਪ ਕੇ-*
*2, 2*
*ਕਰ 'ਤੇ ਕੁੰਡ ਨਰਕਾਂ ਦੇ ਖਾਲੀ,........2*

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ - 81*

*ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥*
*ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥*

*ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥*

*ਪੰਨਾ - 62*

ਧੂਪ ਬਣਾ ਕੇ ਅੱਗ ਵਿਚ ਜਾਲ ਦਓ। ਦਿਨੇ ਰਾਤ ਅੱਗ ਜਲਦੀ ਹੈ।

*ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥*
*ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥*
*ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥*
*ਪੰਨਾ - 62*

ਸੋ ਖਰਬ ਚੰਗਾ ਕਰਮ ਕਰੇ ਅਤੇ ਜੇ ਇਕ ਵਾਰੀ ਰਾਮ ਅੱਲਾਹ ਦਾ ਨਾਮ ਕਹੇ, ਉਹਦੇ ਬਰਾਬਰ ਇਹ ਕਰਮ ਫਲ ਨਹੀਂ ਪਹੁੰਚਿਆ ਕਰਦਾ। ਐਸਾ ਜੋ ਨਾਮ ਹੈ, ਇਹ ਨਿਗੁਰੇ ਨੂੰ ਪ੍ਰਾਪਤ ਨਹੀਂ ਹੁੰਦਾ, ਨਾਮ ਗੁਰੂ ਤੋਂ ਮਿਲਿਆ ਕਰਦਾ ਹੈ, ਗੁਰੂ ਧਾਰੇ ਬਗੈਰ ਨਾਮ ਨਹੀਂ ਮਿਲਦਾ ਤੇ ਗੁਰੂ ਨਾ ਧਾਰਨਾ -

*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*

*ਪੰਨਾ - 1357*

ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ -

*ਧਾਰਨਾ - ਕਾਵਾਂ ਕੁੱਤਿਆਂ ਗਧਿਆਂ ਦੀ ਜੂਨੀ ਪੈਣਗੇ,*
*ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ - 2, 2.*
*ਮੇਰੇ ਪਿਆਰੇ, ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ*
*-2, 2*
*ਕਾਵਾਂ ਕੁੱਤਿਆਂ ਗਧਿਆਂ ਦੀ ਜੂਨੀ*
*ਪੈਣਗੇ...2*

ਜਿਹਨੂੰ ਗੁਰਮੰਤ੍ਰ ਨਹੀਂ ਮਿਲਿਆ, ਧਿਰਕਾਰ ਹੈ ਉਸ ਦੇ ਜਨਮ ਤੇ। ਕਹਿੰਦੇ ਦਸ ਕ੍ਰੋੜ ਸਾਲ ਬਾਅਦ ਮਨੁੱਖ ਦਾ ਜਾਮਾ ਮਿਲਿਆ, ਫੇਰ ਵੀ ਉਸ ਦਰ ਤੋਂ ਖਾਲੀ ਰਹਿ ਗਿਆ, ਆਪਣੀ ਵਾਰੀ ਤੋਂ ਕੋਈ ਲਾਹਾ ਨਾ ਲੈ ਸਕਿਆ, ਧਿਰਕਾਰ ਹੈ, ਸੌ ਵਾਰੀ ਫਿੱਟੇ ਮੂੰਹ, ਭ੍ਰਿਸ਼ਟਿਆ, ਭਿਟਿਆ ਹੋਇਆ

ਹੋਇਆ, ਕੋਹੜ ਹੋਇਆ ਹੋਇਆ। ਕੁੱਤਾ, ਬਿੱਲਾ, ਸੂਰ, ਗਧਾ, ਕਾਓਂ, ਐਸੀਆਂ ਜੂਨੀਆਂ ਵਿਚ ਉਸ ਨੂੰ ਜਾਣਾ ਪਵੇਗਾ, ਏਸ ਕਰਕੇ ਸਾਧਸੰਗਤ ਜੀ! ਗੁਰੂ ਤੋਂ ਬਗੈਰ ਜਨਮ ਬਿਰਥਾ ਜਾਂਦਾ ਹੈ।

ਇਕ ਵਾਰੀ ਗੁਰੂ ਦਸਮੇਂ ਪਾਤਸ਼ਾਹ ਜੀ ਮਹਾਰਾਜ, ਸਾਬੋ ਕੀ ਤਲਵੰਡੀ ਗਏ ਹੋਏ ਹਨ। ਉਥੇ ਭਾਈ ਡੱਲੇ ਤੇ ਮਹਾਰਾਜ ਮਿਹਰਬਾਨ ਸਨ। ਡੱਲਾ ਕਹਿਣ ਲੱਗਾ, "ਮਹਾਰਾਜ! ਮੈਂ ਆਪ ਦੇ ਚਰਨਾਂ ਵਿਚ ਇਕ ਬੇਨਤੀ ਕਰਨੀ ਹੈ।" ਮਹਾਰਾਜ ਕਹਿਣ ਲੱਗੇ, "ਕਰ ਡੱਲਿਆ।" ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਮੈਨੂੰ ਦਰਗਾਹ ਵਿਚ ਇਕ ਪੀੜ੍ਹੀ ਜੋਗਾ ਥਾਉਂ ਦੇ ਦੇਣਾ।" ਮਹਾਰਾਜ ਚੁੱਪ ਕਰ ਗਏ, ਬੋਲੇ ਨਹੀਂ। ਇਹ ਵੀ ਹੈਰਾਨ ਹੋ ਗਿਆ, ਕੋਲ ਕੁਝ ਗੁਰਸਿੱਖ ਭੀ ਖੜ੍ਹੇ ਸਨ। ਗੁਰੂ ਜੀ ਕਹਿਣ ਲੱਗੇ, "ਡੱਲਿਆ! ਦੁਨੀਆਂ ਮੰਗ ਲੈ, ਦਿੱਲੀ ਦਾ ਤਖਤ ਜੇ ਤੂੰ ਮੰਗੇਂ, ਤੈਨੂੰ ਮਿਲ ਜਾਵੇਗਾ, ਇੰਦਰ ਲੋਕ ਦਾ ਰਾਜ ਮੰਗੇਂ, ਤੈਨੂੰ ਦੇ ਦਿੰਦੇ ਹਾਂ, ਰਿਧੀਆਂ ਸਿਧੀਆਂ ਮੰਗ ਲੈ, ਘਰ ਵਿਚ ਲਹਿਰੇ ਬਹਿਰੇ ਹੋ ਜਾਣਗੇ, ਸਦਾ ਸਰਦਾਰੀ ਤੇਰੇ ਘਰ ਵਿਚ ਰਹੇਗੀ, ਇਹ ਚੀਜ਼ਾਂ ਮੰਗ ਲੈ, ਪਰ ਦਰਗਾਹ ਵਿਚ ਥਾਂ ਨਹੀਂ ਅਸੀਂ ਤੈਨੂੰ ਦੇ ਸਕਦੇ।" ਮਹਾਰਾਜ ਕੁਝ ਦੇਰ ਵਾਸਤੇ ਖਾਮੋਸ਼ ਹੋ ਗਏ। ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਫੇਰ ਦਰਗਾਹ ਤੁਸੀਂ ਕਿਸਨੂੰ ਦਿੰਦੇ ਹੋ?" ਕਹਿੰਦੇ ਅਸੀਂ ਤਾਂ ਉਨ੍ਹਾਂ ਨੂੰ ਦਿੰਦੇ ਹਾਂ, ਜਿਨ੍ਹਾਂ ਨੇ ਬੰਦ-ਬੰਦ ਕਟਾਉਣੇ ਹਨ, ਖੋਪਰੀਆਂ ਲਹਾਉਣੀਆਂ ਹਨ, ਆਰਿਆਂ ਨਾਲ ਚਰਵਾਏ ਜਾਣੇ ਹਨ, ਦੇਗਾਂ ਵਿਚ ਉਬਾਲੇ ਖਾਣੇ ਨੇ, ਅਨੇਕਾਂ ਕਸ਼ਟ ਸਹਾਰਨੇ ਨੇ, ਜਿਨ੍ਹਾਂ ਮਾਈਆਂ ਬੀਬੀਆਂ ਨੇ ਬੱਚਿਆਂ ਦੇ ਟੋਟੇ ਕਰਵਾ ਕਰਵਾ ਕੇ ਗਲਾਂ ਵਿਚ ਹਾਰ ਪਾਉਣੇ ਨੇ, ਜਿਨ੍ਹਾਂ ਗੁਰਸਿੱਖਾਂ ਨੇ ਬੰਦਗੀ ਕਰਨੀ ਹੈ, ਨਾਮ ਜਪਣਾ ਹੈ, ਸੱਚ ਦੇ ਰਸਤੇ ਚਲਣਾ ਹੈ, ਸੰਸਾਰ ਵਿਚ ਸੁੱਖ ਸ਼ਾਂਤੀ ਵਰਤਾਉਣੀ ਹੈ ਜਿਨ੍ਹਾਂ ਨੇ ਗਿਆਨ ਦਾ ਪ੍ਰਚਾਰ ਕਰਨਾ ਹੈ ਡੱਲਿਆ! ਇਹ ਥਾਵਾਂ ਉਨ੍ਹਾਂ ਵਾਸਤੇ ਰੱਖੀਆਂ ਹੋਈਆਂ ਹਨ, ਨਿਗੁਰਿਆਂ ਵਾਸਤੇ ਨਹੀਂ। ਡੱਲਾ ਖਾਮੋਸ਼ ਹੋ ਗਿਆ। ਗੁਰਸਿੱਖ ਕਹਿਣ ਲੱਗਾ, "ਡੱਲਿਆ! ਉਦਾਸ ਨਾ ਹੋ।" ਡੱਲਾ ਅੱਗੋਂ ਕਹਿਣ ਲੱਗਾ, "ਮੈਂ ਉਦਾਸ ਨਾ ਹੋਵਾਂ? ਮੈਨੂੰ ਇਕ ਪੀੜ੍ਹੀ ਜੋਗਾ ਥਾਂ ਨਹੀਂ ਮਿਲਦਾ।" ਗੁਰਸਿੱਖ ਨੇ ਕਿਹਾ ਕਿ ਪੀੜ੍ਹੀ ਜੋਗਾ ਕੀ, ਜਿੰਨਾ ਤੇਰਾ ਜੀਅ ਕਰਦਾ ਹੈ ਓਨਾਂ ਥਾਂ ਲੈ ਲਈਂ, ਪਰ ਤਾਂ ਮਿਲੇਗਾ ਜੇ ਤੂੰ ਦਸ਼ਮੇਸ਼ ਪਿਤਾ ਨੂੰ ਗੁਰੂ ਧਾਰ ਲਵੇਂਗਾ।"

***ਧਾਰਨਾ - ਜੇ ਮਿਲਣਾ ਕਲਗੀਆਂ ਵਾਲੇ ਨੂੰ,***
***ਜੇ ਮਿਲਣਾ ਬਾਜਾਂ ਵਾਲੇ ਨੂੰ - 2, 2.***
***ਖੰਡੇ ਦਾ ਅੰਮ੍ਰਿਤ ਛਕ ਲੈ,***
***ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਬਾਜਾਂ ਵਾਲੇ ਨੂੰ,........2***

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***

*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
**ਭਾਈ ਗੁਰਦਾਸ ਸਿੰਘ, ਵਾਰ 41/1**

ਡੱਲਾ ਚੁੱਪ ਕਰ ਗਿਆ, ਕਹਿਣ ਲੱਗਾ, "ਮੈਂ ਐਨੀ ਸੇਵਾ ਕਰਦਾ ਹਾਂ, ਫੇਰ ਵੀ ਥਾਂ ਨਹੀਂ ਮਿਲਦਾ।" ਸਿੰਘ ਕਹਿਣ ਲੱਗੇ, "ਸੇਵਾ ਤਾਂ ਤੂੰ ਦੁਨੀਆਂ ਵਾਸਤੇ ਕਰਦਾ ਹੈ, ਦਸ਼ਮੇਸ਼ ਪਿਤਾ ਨੂੰ ਤੂੰ ਗੁਰੂ ਧਾਰ ਲੈ।" ਕਹਿਣ ਲੱਗਾ, "ਮੇਰੇ ਗੁਰੂ ਤਾਂ ਹੈਗੇ ਹੀ।" ਸਿੰਘ ਨੇ ਕਿਹਾ, "ਪਰ ਤੂੰ ਗੁਰਮੰਤਰ ਨਹੀਂ ਲਿਆ, ਇਨ੍ਹਾਂ ਕੋਲੋਂ। ਜਿੰਨੀ ਦੇਰ ਕੋਈ ਗੁਰੂ ਕੋਲੋਂ ਗੁਰਮੰਤ੍ਰ ਨਹੀਂ ਲੈਂਦਾ, ਓਨੀ ਦੇਰ ਉਹ ਸ਼ਿਸ਼ ਨਹੀਂ ਬਣ ਸਕਦਾ। ਕਿਸੇ ਮਹਾਤਮਾ ਦੀ ਸੇਵਾ ਕਰੀ ਜਾਓ, ਜਿੰਨੀ ਦੇਰ ਉਹਦੇ ਕੋਲੋਂ ਗੁਰਮੰਤਰ ਨਹੀਂ ਲੈਂਦਾ, ਉਹਦਾ ਚੇਲਾ ਕਿਸ ਤਰ੍ਹਾਂ ਬਣ ਜਾਵੇਗਾ। ਏਸੇ ਤਰ੍ਹਾਂ ਗੁਰੂ ਘਰ ਦੇ ਅੰਦਰ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਜਿੰਨੀ ਦੇਰ ਗੁਰਮੰਤ੍ਰ ਨਹੀਂ ਲੈਂਦਾ, ਓਨੀ ਦੇਰ ਤਕ ਗੁਰੂ ਕਲਗੀਧਰ ਦਾ ਸਿੱਖ ਬਣ ਹੀ ਨਹੀਂ ਸਕਦਾ। ਕਹਿਣ ਲੱਗੇ, "ਤੂੰ ਅੰਮ੍ਰਿਤ ਛਕ ਕੇ ਨਾਮ ਲੈ ਲੈ, ਫੇਰ ਤੇਰਾ ਸਬੰਧ ਗੁਰੂ ਨਾਨਕ ਜੁੜ ਜਾਵੇਗਾ।" ਦੂਜੇ ਦਿਨ ਡੱਲੇ ਨੇ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਛਕ ਲਿਆ। ਗੁਰੂ ਮਹਾਰਾਜ ਨੇ ਕਿਹਾ ਕਿ ਡੱਲਾ ਸਿੰਘ! ਪੀੜ੍ਹੀ ਜਿੰਨਾ ਕੀ, ਹੁਣ ਜਿੰਨਾਂ ਥਾਂ ਚਾਹੀਦਾ ਹੈ ਮੰਗ ਲਈਂ ਪਰ ਰਹਿਤ ਬਹਿਤ ਵਿਚ ਪੱਕਾ ਰਹੀਂ, ਗਿਰੀਂ ਨਾ।

ਸੋ ਸਾਧ ਸੰਗਤ ਜੀ! ਨਾਮ ਗੁਰੂ ਧਾਰਨ ਕਰਕੇ ਹੀ ਮਿਲਦਾ ਹੈ, ਹੋਰ ਨਾਮ ਕਿਤੋਂ ਨਹੀਂ ਮਿਲਦਾ ਕਿਉਂਕਿ ਸਤਿਗੁਰੂ ਸੱਚਾ ਹੁੰਦਾ ਹੈ। ਚਾਰ ਕਿਸਮ ਦੇ ਗੁਰੂ ਹੁੰਦੇ ਹਨ।

ਇਕ ਹੁੰਦੇ ਹਨ ਕੱਚੇ ਗੁਰੂ, ਇਕ ਹੁੰਦੇ ਹਨ ਅੰਨ੍ਹੇ ਗੁਰੂ-

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥*
**ਭਾਈ ਗੁਰਦਾਸ ਜੀ,**
**ਵਾਰ 35/2**

ਆਪ ਵੀ ਡੁੱਬਦਾ ਹੈ, ਦੂਜਿਆਂ ਨੂੰ ਵੀ ਡੋਬਦਾ ਹੈ। ਇਕ ਪਾਖੰਡੀ ਗੁਰੂ ਹੋਇਆ ਕਰਦਾ ਹੈ, ਜੋ ਐਵੇਂ ਪਾਖੰਡ ਕਰ ਕਰਕੇ ਹੀ ਲੋਕਾਂ ਨੂੰ ਧੋਖਾ ਦਿੰਦਾ ਹੈ। ਇਕ ਅਵਧੂਤ ਗੁਰੂ ਹੁੰਦਾ ਹੈ, ਉਹ ਪਹੁੰਚੇ ਤਾਂ ਹੁੰਦੇ ਹਨ ਪਰ ਕਿਸੇ ਹੋਰ ਨੂੰ ਨਹੀਂ ਤਾਰ ਸਕਦੇ। ਇਕ ਵਿਦਵਾਨ ਗੁਰੂ ਹੁੰਦੇ ਹਨ, ਉਹ ਸਭ ਕੁਝ ਜਾਣਦੇ ਤਾਂ ਹੁੰਦੇ ਹਨ, ਪਰ ਰਾਈਫਲ ਵਿਚੋਂ ਫੋਕੀ ਗੋਲੀ ਚਲਣ ਦੇ ਸਮਾਨ ਹੁੰਦੇ ਹਨ, ਜੋ ਕਿਸੇ ਨੂੰ ਮਾਰ ਨਹੀਂ ਸਕਦੀ। ਇਕ ਸਮਰੱਥ ਗੁਰੂ ਹੁੰਦੇ ਹਨ।

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।*

*ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥*
*ਭਾਈ ਗੁਰਦਾਸ ਜੀ, ਵਾਰ 34/1*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਕ ਮੈਂ ਬੇਨਤੀ ਕਰਨੀ ਹੈ ਕਿ ਤੁਹਾਡੇ ਨਗਰ ਵਿਚ ਇਕ ਬਹੁਤ ਵੱਡਾ ਯੱਗ ਹੋ ਰਿਹਾ ਹੈ ਜਿਸ ਨੂੰ ਸਤਿਸੰਗ ਕਹਿੰਦੇ ਹਨ। ਇਹ ਸਭ ਤੋਂ ਵੱਡਾ ਪੁੰਨ ਹੈ। ਮਹਾਰਾਜ ਤੋਂ ਪੁਛਿਆ ਕਿ ਕਲਜੁੱਗ ਵਿਚ ਕਿਹੜਾ ਵੱਡਾ ਪੁੰਨ ਹੈ, ਜਿਸ ਨੂੰ ਜਮਦੂਤ ਨਾ ਲੁੱਟ ਸਕਣ ਅਤੇ ਜਿਸ ਦਾ ਬਹੁਤਾ ਪੁੰਨ ਹੋਵੇ, ਮਹਾਰਾਜ ਨੇ ਕਿਹਾ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥*
*ਪੰਨਾ – 962*

ਕਲਜੁਗ ਵਿਚ ਕਰਮ ਧਰਮ, ਤੀਰਥ, ਦਾਨ, ਵੇਦਾਂ ਸਾਸ਼ਤਰਾਂ ਦੀ ਵੀਚਾਰ ਤਾਰਨ ਨੂੰ ਸਮਰੱਥ ਨਹੀਂ ਹਨ ਜਿਵੇਂ ਕਿ –

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ਪੰਨਾ – 747*

ਅੱਖ ਦੇ ਝਮਕਣ ਜਿੰਨੇ ਚਿਰ ਵਿਚ ਛੁਟਕਾਰਾ ਹੋ ਜਾਂਦਾ ਹੈ, ਸੋ ਐਸਾ ਯੱਗ ਆਪ ਦੇ ਨਗਰ ਵਿਚ ਹੋਇਆ ਹੈ। ਜਿਨ੍ਹਾਂ ਹਿਰਦਿਆਂ ਵਿਚ ਅਵਾਜ਼ ਪਹੁੰਚੀ ਉਹ ਹਿਰਦੇ ਪਵਿੱਤਰ ਹੋ ਗਏ, ਜਿਨ੍ਹਾਂ ਘਰਾਂ ਵਿਚ ਆਵਾਜ਼ ਪਹੁੰਚੀ ਉਹ ਘਰ ਪਵਿੱਤਰ ਹੋ ਗਏ, ਜਿਥੋਂ ਤਕ ਅਵਾਜ਼ ਪਹੁੰਚੀ ਉਹ ਸਾਰਾ ਵਾਤਾਵਰਣ ਪਵਿੱਤਰ ਹੋ ਗਿਆ, ਸ਼ੁਧ ਹੋ ਗਿਆ ਅਤੇ ਬੜੀ ਦੇਰ ਤਕ ਸ਼ੁੱਧ ਰਹੇਗਾ, ਹਜ਼ਾਰਾਂ ਸਾਲਾਂ ਤਕ ਰਹੇਗਾ।

ਇਕ ਵਾਰੀ ਸ਼ਿਵ ਜੀ ਮਹਾਰਾਜ ਤੁਰੇ ਜਾ ਰਹੇ ਸਨ ਅਤੇ ਜਾਂਦੇ ਜਾਂਦੇ ਇਕ ਥਾਂ ਨਮਸ਼ਕਾਰ ਕਰਨ ਲਗ ਪਏ। ਪਾਰਬਤੀ ਜੀ ਕਹਿਣ ਲੱਗੇ, "ਮਹਾਰਾਜ! ਇਥੇ ਤਾਂ ਕੋਈ ਨਜ਼ਰ ਨਹੀਂ ਆਉਂਦਾ, ਤੁਸੀਂ ਕਿਸ ਨੂੰ ਨਮਸਕਾਰ ਕਰ ਰਹੇ ਹੋ?" ਆਪ ਚੁੱਪ ਰਹੇ। ਅੱਗੇ ਇਕ ਹੋਰ 'ਥੇਹ' ਆ ਗਿਆ, ਉਥੇ ਵੀ ਨਮਸਕਾਰ ਕਰੀ। ਪਾਰਬਤੀ ਨੇ ਫੇਰ ਕਿਹਾ ਕਿ ਤੁਸੀਂ ਇਥੇ ਵੀ ਨਮਸਕਾਰ ਕੀਤੀ ਹੈ, ਇਥੇ ਹੈ ਤਾਂ ਕੋਈ ਵੀ ਨਹੀਂ। ਸ਼ਿਵ ਜੀ ਕਹਿਣ ਲੱਗੇ, "ਪਾਰਬਤੀ! ਤੈਨੂੰ ਦਿਸਿਆ ਨਹੀਂ, ਮੈਨੂੰ ਦਿਸਿਆ ਹੈ, ਇਹੀ ਫਰਕ ਹੈ। ਇਕ ਹਜ਼ਾਰ ਸਾਲ ਪਹਿਲਾਂ ਇਕ ਮਹਾਂਪੁਰਸ਼ ਨੇ ਇਥੇ ਬੈਠ ਕੇ ਬੰਦਗੀ ਕੀਤੀ ਸੀ, ਉਹਦੀ ਬੰਦਗੀ ਦੇ ਪ੍ਰਤਾਪ ਨਾਲ ਹੁਣ ਤਕ ਇਹ ਵਾਤਾਵਰਣ ਸ਼ੁਧ ਹੋਇਆ ਪਿਆ ਹੈ, ਮੈਂ ਤਾਂ ਨਮਸਕਾਰ ਕੀਤੀ ਹੈ –

*ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ – 273*

ਆਹ ਮੈਂ ਜਿਥੇ ਹੁਣ ਨਮਸਕਾਰ ਕੀਤੀ ਹੈ ਇਕ ਹਜ਼ਾਰ ਸਾਲ ਨੂੰ ਇਥੇ ਪ੍ਰਮੇਸ਼ਰ ਦਾ ਪਿਆਰਾ ਆਉਣਾ ਹੈ, ਇਹ ਥਾਂ ਵੀ ਪਵਿੱਤਰ ਹੋ ਜਾਣੀ ਹੈ, ਹੁਣ ਤੋਂ ਹੀ ਇਸ ਥਾਂ ਦਾ ਭਾਗ ਜਾਗ ਪਿਆ।" ਜਿੰਨੀ ਦੇਰ ਭਾਗ ਨਹੀਂ ਜਾਗਦਾ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*
*ਪੰਨਾ - 204*

ਸੋ ਇਹ ਵਾਤਾਵਰਣ ਸ਼ੁੱਧ ਹੋ ਗਿਆ, ਮਨ ਸ਼ੁੱਧ ਹੋ ਗਏ। ਸੋ ਕਲ੍ਹ ਨੂੰ ਸਾਰੇ ਹੁੰਮ ਹੁੰਮਾ ਕੇ ਦਰਸ਼ਨ ਦਿਓ ਕਿਉਂਕਿ ਇਹ ਅਵਸਰ ਬਾਰ-ਬਾਰ ਨਹੀਂ ਮਿਲਣਾ। ਸੰਗਤਾਂ ਨੂੰ ਵੀ ਏਸ ਗੱਲ ਦਾ ਪਤਾ ਹੈ ਕਿ ਪ੍ਰੋਗਰਾਮ ਬੜਾ ਲੰਬਾ ਹੈ। ਦੂਰ ਦਰਾਜ਼ ਤਕ, ਦਿਨ ਰਾਤ ਇਕ ਕਰਕੇ ਮੈਂ ਤੁਰਿਆ ਰਹਿੰਦਾ ਹਾਂ, ਪਿਛੇ ਮੇਰਾ ਬੋਲ ਵੀ ਖਰਾਬ ਹੋ ਗਿਆ ਸੀ, ਮੈਂ ਬਹੁਤ ਮੁਸ਼ਕਲ ਨਾਲ ਕੀਰਤਨ ਕੀਤਾ ਹੈ, ਹੁਣ ਬੋਲ ਕੁਝ ਠੀਕ ਹੋਇਆ ਹੈ। ਮੈਂ ਇਕੱਲੇ ਇੱਕਲੇ ਪਿੰਡ ਵਿਚ ਜਾਣਾ ਹੈ, ਜੇਕਰ ਪੰਦਰਾਂ ਪਿੰਡ ਇਕੱਠੇ ਹੋ ਕੇ ਕਹਿ ਦੇਣ ਕਿ ਅਸੀਂ ਇੱਕਠੇ ਹੋ ਕੇ ਦੀਵਾਨ ਲਗਵਾਵਾਂਗੇ ਤਾਂ ਇਕ ਸੈਂਟਰ ਬਣਾ ਲਿਆ ਕਰਨ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਨੂੰ ਸਾਲ ਵਿਚ ਇਕ ਹਫਤੇ ਦੇ ਦੀਵਾਨ ਜ਼ਰੂਰ ਮਿਲਣਗੇ, ਹੁਣ ਤਕ ਸਾਢੇ ਚਾਰ ਸੌ ਪਿੰਡਾਂ ਦੇ ਤੀਹ ਸੈਂਟਰ ਬਣ ਗਏ ਹਨ, 30 ਹਫਤੇ ਤਾਂ ਮੇਰੇ ਉਧਰ ਲੰਘ ਗਏ, ਬਾਕੀ ਤੀਹ ਰਹਿ ਗਏ, ਜਿਨ੍ਹਾਂ ਵਿਚੋਂ ਕੁਝ ਬਰਸਾਤਾਂ ਵਿਚ ਲੰਘ ਜਾਣੇ ਹਨ, ਕੁਝ ਦਿਨਾਂ ਲਈ ਯੂ.ਪੀ. ਜਾਣਾ ਪੈਣਾ ਹੈ। ਯੂ.ਪੀ. ਵਾਲਿਆਂ ਨੂੰ ਮੈਂ ਪਹਿਲਾਂ ਤਿੰਨ ਮਹੀਨੇ ਦਿਤੇ ਸੀ, ਜਦੋਂ ਮੈਂ ਉਥੋਂ ਆਇਆ ਸੀ, ਉਥੇ ਸੰਗਤ ਬਹੁਤ ਬੈਰਾਗ ਕਰਦੀ ਸੀ, ਸੰਗਤ ਐਨਾ ਰੋ ਰਹੀ ਸੀ ਕਿ ਮੇਰੇ ਕੋਲੋਂ ਉਨ੍ਹਾਂ ਵਲੋਂ ਕੀਤਾ ਬੈਰਾਗ ਸਹਿ ਨਹੀਂ ਸੀ ਹੁੰਦਾ, ਅਖੀਰ ਤੇ ਮੈਂ ਉਨ੍ਹਾਂ ਨੂੰ ਹਫਤਾ ਹੀ ਦੇਣਾ ਸ਼ੁਰੂ ਕੀਤਾ ਕਿਉਂਕਿ ਟਾਈਮ ਹੀ ਨਹੀਂ ਬਚਿਆ, ਅਗਲੇ ਦੀਵਾਨਾਂ ਵਾਸਤੇ ਹੋਰ ਕਈ ਪਿੰਡਾਂ ਨੂੰ ਟਾਈਮ ਦੇ ਦਿਤਾ ਹੈ। ਹੁਣ ਜਿਹੜੇ ਅੱਗੋਂ ਟਾਈਮ ਮੰਗਦੇ ਹਨ, ਉਨ੍ਹਾਂ ਨੂੰ 1984 ਦਾ ਟਾਈਮ ਮਿਲੇਗਾ, ਸੋ ਹੁਣ ਆਪ ਪੂਰਾ-ਪੂਰਾ ਲਾਭ ਉਠਾਓ ਅਤੇ ਅੰਮ੍ਰਿਤ ਛਕਣ ਵਾਸਤੇ ਆਪਣਾ ਮਨ ਬਣਾਓ। ਜਿਹੜੇ ਗੁਰਸਿੱਖ ਨੇ, ਗੁਰੂ ਨਾਨਕ ਨੂੰ ਮੰਨਣ ਵਾਲੇ ਹਨ, ਜਿਨ੍ਹਾਂ ਨੇ ਗੁਰੂ ਧਾਰਨ ਕੀਤਾ ਹੋਇਆ ਹੈ, ਉਨ੍ਹਾਂ ਨੂੰ ਮੁਬਾਰਕ ਹੈ, ਜਿਨ੍ਹਾਂ ਨੇ ਨਹੀਂ ਧਾਰਨ ਕੀਤਾ ਹੋਇਆ, ਉਹ ਹੁਣ ਕਰ ਲਓ, ਪੰਜ ਪਿਆਰੇ ਪੂਰੀ ਵਿਧੀ ਨਾਲ ਅੰਮ੍ਰਿਤ ਛਕਾਉਣਗੇ। ਅਸਲੀ ਚੀਜ਼ ਨਾਮ ਹੁੰਦੀ ਹੈ, ਉਹ ਦਸ ਦੇਣਗੇ, ਨਾਮ ਰਸਨਾ ਨਾਲ ਕਿਸ ਤਰ੍ਹਾਂ ਜਪਣਾ ਹੈ, ਮਾਲਾ ਨਾਲ ਕਿਸ ਤਰ੍ਹਾਂ ਜਪਣਾ ਹੈ ਤੇ ਕਿੰਨਾ ਕਿੰਨਾ ਜਪਣਾ ਹੈ, ਸ੍ਵਾਸ ਨਾਲ ਕਿਵੇਂ ਜਪਣਾ ਹੈ, ਮਨ ਦੌੜਦੇ ਨੂੰ ਕਿਵੇਂ ਰੋਕਣਾ ਹੈ, ਆਗਿਆ ਚੱਕਰ ਵਿਚ ਨਾਮ ਕਿਵੇਂ ਜਪਣਾ ਹੈ, ਪੰਜ ਪਿਆਰੇ ਨਾਮ ਦ੍ਰਿੜ੍ਹ ਕਰਾਉਂਦੇ ਹਨ, ਇਕੱਲੇ-ਇਕੱਲੇ ਪ੍ਰੇਮੀ ਨੂੰ ਪ੍ਰੈਕਟੀਕਲੀ ਸਮਝਾਉਂਦੇ ਹਨ। ਉਸ ਤੋਂ ਬਾਦ ਤੁਹਾਡੀ ਡਿਊਟੀ ਰਹਿ ਜਾਂਦੀ ਹੈ ਕਿ

ਬੰਦਗੀ ਕਰੋ ਅਤੇ ਮਾਨਸ ਜਨਮ ਨੂੰ ਸਫਲਾ ਕਰੋ। ਜੋ ਵੀ ਕੋਈ ਅੰਮ੍ਰਿਤ ਛਕਾਉਣ, ਉਨ੍ਹਾਂ ਨੂੰ ਨਾਮ ਜਪਣ ਦੀ ਜੁਗਤੀ ਚੰਗੀ ਤਰ੍ਹਾਂ ਦਸਣੀ ਚਾਹੀਦੀ ਹੈ ਤਾਂ ਕਿ ਪ੍ਰੇਮੀ ਅੰਮ੍ਰਿਤ ਛਕ ਕੇ ਐਵੇਂ ਨਾ ਭਟਕਦੇ ਰਹਿਣ। ਜਿਸ ਦੇ ਅੰਦਰ ਨਾਮ ਦਾ ਬੀਜ ਪੈ ਗਿਆ, ਉਹ ਨਾਮ ਜ਼ਰੂਰ ਜਪੇਗਾ। ਹੁਣ ਸਾਰੇ ਆਪਣੀ ਰਸਨਾ ਪਵਿੱਤਰ ਕਰੋ, ਅਨੰਦ ਸਾਹਿਬ ਤੇ ਗੁਰੂ ਸਤੋਤਰ ਵਿਚ ਬੋਲੋ।

# ਸਰਬ ਰੋਗ ਕਾ ਅਉਖਦੁ ਨਾਮੁ

ਸ਼ਾਨ.......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਕੋਈ ਨਾਓਂ ਨਾ ਜਾਣੇ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ - 2, 2.*
*ਤੇਰੀ ਵਡਿਆਈ ਐ,*
*ਗੁਰੂ ਜੀ ਸਭ ਤੇਰੀ ਵਡਿਆਈ ਐ - 2, 2.*
*ਕੋਈ ਨਾਓਂ ਨਾ ਜਾਣੇ ਮੇਰਾ,........2*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥*
*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥*
*ਪੰਨਾ - 383*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*

*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ - 2, 2.*

*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.........2*

ਸਾਧ ਸੰਗਤ ਜੀ! ਆਪ ਦੂਰ-ਦੂਰ ਤੋਂ ਦੀਵਾਨ ਵਿਚ ਪਹੁੰਚੇ ਹੋ, ਇਕ ਇਕ ਕਦਮ ਦਾ ਫਲ ਇਕ-ਇਕ ਅਸ੍ਵਮੇਧ ਯੱਗ ਦੇ ਬਰਾਬਰ ਹੁੰਦਾ ਹੈ, ਜਦੋਂ ਆਪ ਮਸਤਕ ਨਿਵਾਉਂਦੇ ਹੋ ਤਾਂ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ, ਸ਼ਬਦ ਵਿਚ ਬੋਲਣ ਨਾਲ ਕਰੋੜਾਂ ਯੱਗਾਂ ਦਾ ਫਲ ਮਿਲਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ - 546*

ਜਦੋਂ ਸਾਰੇ ਸੰਸਾਰ ਵਿਚ ਹਾਹਾਕਾਰ ਮਚੀ ਹੋਈ ਹੈ ਤਾਂ ਮਹਾਰਾਜ ਨੇ ਸੀਤਲ ਜਲ ਦਾ ਸਤਿਸੰਗ ਰੂਪੀ ਸੋਮਾ ਚਲਾ ਦਿਤਾ, ਜਿਸ ਵਿਚ ਜਗਿਆਸੂ ਟੁੱਭੀ ਲਾ ਕੇ ਸ਼ਾਂਤੀ ਪ੍ਰਾਪਤ ਕਰਦੇ ਹਨ, ਸਤਿਸੰਗ ਤਾਂ ਕੇਵਲ ਚੰਗੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ, ਇਹ ਧਰਤੀ ਪਾਵਨ ਹੈ ਜਿਥੇ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਇਸ ਦਾ ਕਣ-ਕਣ ਪਵਿੱਤਰ ਹੋ ਚੁੱਕਾ ਹੈ।

ਜਦੋਂ ਪੂਰੀ ਵਿਧੀ ਨਾਲ ਸਤਿਸੰਗ ਕੀਤਾ ਜਾਵੇ ਤਾਂ ਦੁਖ ਦੂਰ ਹੋ ਜਾਂਦੇ ਹਨ, ਦੁਖ ਕੇਵਲ ਸਰੀਰਕ ਹੀ ਨਹੀਂ ਹੁੰਦੇ, ਮਾਨਸਕ ਰੋਗ ਵੱਡੇ ਹਨ, ਹਉਮੈ ਦੇ ਰੋਗ ਨਾਲ ਤਾਂ ਮਨੁੱਖ ਜੰਮਦਾ ਤੇ ਮਰਦਾ ਹੀ ਰਹਿੰਦਾ ਹੈ, ਜੇ ਇਕ ਵਾਰੀ ਮਾਨਸ ਜੂਨੀ ਤੋਂ ਖੁੰਝ ਜਾਵੇ ਤਾਂ ਫਿਰ ਦਸ ਕ੍ਰੋੜ ਸਾਲ ਛੋਟੀਆਂ ਵੱਡੀਆਂ ਜੂਨੀਆਂ ਵਿਚ ਘੁੰਮਦਾ ਰਹਿੰਦਾ ਹੈ। ਬਾਣੀ ਦਾ ਕਥਨ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਪੰਨਾ - 631*

ਕੋਈ ਦੋ ਚਾਰ ਜੁਗ ਨਹੀਂ ਹਾਰਿਆ, ਬਹੁਤ ਜੁਗ, ਚਾਰ ਜੁਗਾਂ ਦੀ ਉਮਰ 43 ਲੱਖ 20 ਹਜ਼ਾਰ ਸਾਲ ਦੀ ਹੁੰਦੀ ਹੈ ਜੇਕਰ ਚਾਲੀ ਜੁਗਾਂ ਦੀ ਉਮਰ ਜੋੜੀਏ ਤਾਂ ਦਸ ਗੁਣਾਂ ਨਾਲ ਜਰਬ ਦੇ ਦਿਓ, ਅੱਸੀ ਨੱਬੇ ਸੌ ਜੁੱਗ ਲੰਘ ਜਾਂਦੇ ਹਨ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥*
*ਪੰਨਾ - 1075*

ਆਦਮੀ ਦੇ ਸਾਮ੍ਹਣੇ ਇਹ ਵੱਡਾ ਸਵਾਲ ਹੈ ਕਿ ਮਨੁੱਖ ਜੂਨੀ ਕਿਉਂ ਪ੍ਰਾਪਤ ਹੋਈ? ਬੰਦਾ ਸੋਚਦਾ ਹੈ ਕਿ ਖਾ ਪੀ ਕੇ ਐਸ਼ ਕਰੋ, ਮੁੜ ਕੇ ਇਸ ਆਲਮ ਵਿਚ ਨਹੀਂ ਆਉਣਾ, ਜੇ ਬੰਦਾ ਸੋਚਦਾ ਹੈ ਕਿ ਦੁਨੀਆਂ ਵਿਚ ਅਮੀਰ ਬਣ ਜਾਵੇ, ਜ਼ਮੀਨ ਨਾਲ, ਜਾਇਦਾਦ ਨਾਲ ਜਾਂ ਕੋਈ ਵੱਡੀ ਚੌਧਰ ਹਾਸਲ ਕਰ ਲਵੇ, ਕੋਈ ਵੱਡਾ ਅਹੁਦਾ ਹਾਸਲ ਕਰ ਲਵੇ, ਕੋਈ ਵੱਡੀ

ਕਰਤੂਤ ਕਰ ਲੈਣੀ, ਤਾਂ ਕਿ ਲੋਕ ਚੰਗਾ ਚੰਗਾ ਕਹੀ ਜਾਣ, ਕੀ ਜ਼ਿੰਦਗੀ ਦਾ ਇਹੀ ਮਕਸਦ ਹੈ? ਜਾਂ ਇਸ ਤੋਂ ਉਪਰ ਵੀ ਹੈ ਕੋਈ? ਜੇ ਕੇਵਲ ਇਹੀ ਮੰਤਵ ਹੈ, eat drink and be merry for we shall have to die. ਐਸ਼ ਕਰਕੇ ਕੀ ਹੋਏਗਾ, ਸਾਧਸੰਗਤ ਜੀ! ਦੁਨੀਆਂ ਵਿਚ ਕੋਈ ਐਸ਼ ਤਾਂ ਕਰ ਹੀ ਨਹੀਂ ਸਕਦਾ, ਭਾਵੇਂ ਕਿਤਨਾ ਵੱਡਾ ਕਿਉਂ ਨਾ ਹੋਵੇ, ਉਹਦੇ ਮਨ ਵਿਚ ਤਣਾਓ ਅਤੇ ਘਬਰਾਹਟ ਰਹਿੰਦੀ ਹੈ, ਕੋਈ ਵੀ ਆਪਣੇ ਹਿਰਦੇ ਵਿਚ ਟਟੋਲ ਕੇ ਦੇਖ ਲਓ, ਅੰਦਰ ਸ਼ਾਂਤੀ ਨਹੀਂ ਹੁੰਦੀ, ਸ਼ਾਂਤੀ ਕੇਵਲ ਨਾਮ ਨਾਲ ਪ੍ਰਾਪਤ ਹੁੰਦੀ ਹੈ। ਸੋ ਪ੍ਰਮੇਸ਼ਰ ਦੇ ਨਾਮ ਨਾਲ ਸਰੀਰਕ ਤੇ ਮਾਨਸਕ ਦੋਨੋਂ ਦੁਖ ਹੀ ਨਾਸ਼ ਹੋ ਜਾਂਦੇ ਹਨ। ਸਰੀਰਕ ਦੁਖਾਂ ਨਾਲੋਂ ਮਾਨਸਕ ਦੁਖ ਜ਼ਿਆਦਾ ਪ੍ਰਬਲ ਹੁੰਦੇ ਹਨ, ਸਰੀਰਕ ਦੁਖ ਤਾਂ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ ਪਰ ਮਨ ਦੇ ਦੁਖਾਂ ਨੂੰ ਠੀਕ ਕਰਨ ਵਾਸਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ ਅਤੇ ਗੁਰੂ ਦੀ ਲੋੜ ਹੋਇਆ ਕਰਦੀ ਹੈ।

ਇਸ ਤੋਂ ਬਾਅਦ ਆਰਥਕ ਦੁਖ ਹਨ, ਪੈਸੇ ਟਕੇ ਦੀ ਤੰਗੀ ਹੁੰਦੀ ਹੈ, ਸਮਾਜਿਕ ਦੁਖ ਹਨ, ਸਮਾਜਿਕ ਭਾਈਚਾਰੇ ਦੀ ਬਣਤਰ ਗਲਤ ਹੈ, ਆਦਮੀ ਨੂੰ ਕਿਸੇ ਪਾਸੇ ਚਲਣ ਨਹੀਂ ਦਿੰਦੀ। ਰਾਜਸੀ ਦੁਖ ਹਨ, ਰਾਜ ਵਿਚ ਪੂਰਾ ਹਿੱਸਾ ਨਹੀਂ ਮਿਲਿਆ। ਫਿਰ ਮਿਹਨਤ ਕਰਨ ਵਾਲਾ ਵਰਗ ਹੈ, ਘਰਵਾਲੀ ਵੀ ਲੱਗੀ ਰਹਿੰਦੀ ਹੈ, ਪਸ਼ੂ ਸਾਂਭਦੇ ਹਨ, ਖੇਤੀ ਕਰਦੇ ਹਨ, ਮਜ਼ਦੂਰੀ ਕਰਦੇ ਹਨ, ਲੱਕੜੀ ਦਾ ਕੰਮ ਕਰਦੇ ਹਨ, ਦਫਤਰਾਂ ਵਿਚ ਜਾਂਦੇ ਹਨ, ਹੋਰ ਬੇਅੰਤ ਕੰਮ ਕਰਦੇ ਹਨ, ਪਰ ਪੂਰਾ ਨਹੀਂ ਪੈਂਦਾ, ਇਹ ਆਰਥਿਕ ਦੁਖ ਹੁੰਦੇ ਹਨ। ਤੁਸੀਂ ਆਪਣੀ ਮਰਜ਼ੀ ਦਾ ਭਾਅ ਨਹੀਂ ਲਾ ਸਕਦੇ। ਰਾਜਸੀ ਦੁਖ ਹਰ ਵਕਤ ਚਿੰਬੜੇ ਰਹਿੰਦੇ ਹਨ। ਜ਼ਰਾ ਜਿੰਨੀ ਗਲਤੀ ਹੋ ਗਈ, ਰਾਜਾ ਨਰਾਜ਼ ਹੋ ਜਾਂਦਾ ਹੈ, ਕਿਸੇ ਕੌਮ ਤੇ ਨਰਾਜ਼ ਹੋ ਗਿਆ ਉਹਨੂੰ ਸਜ਼ਾ ਦੇਣ ਲਗ ਜਾਂਦਾ ਹੈ। ਤੁਸੀਂ ਆਪੇ ਦੇਖ ਲਵੋ, ਪੰਜਾਬ ਨੂੰ ਸਜ਼ਾ ਮਿਲੀ ਹੋਈ ਹੈ ਉਹ ਇਸ ਕਰਕੇ ਕਿ ਇਹ ਅਨਾਜ ਬਹੁਤਾ ਪੈਦਾ ਕਰਦਾ ਹੈ, ਬਾਕੀ ਸੂਬਿਆਂ ਵਿਚ ਇੰਨਾਂ ਅਨਾਜ ਨਹੀਂ ਹੁੰਦਾ। ਯੂ.ਪੀ. ਵਿਚ ਪੰਜਾਬੀਆਂ ਨੇ ਜਾ ਕੇ ਉਜਾੜ ਧਰਤੀ ਨੂੰ ਵਾਧੂ ਅਨਾਜ ਵਾਲਾ ਬਣਾਇਆ ਹੈ, ਬਾਕੀ ਸਾਰੇ ਸੂਬੇ ਖਾਣ ਵਾਲੇ ਬੈਠੇ ਹਨ, ਖਾਣ ਵਾਲੇ ਸੈਂਟਰ ਵਿਚ ਬੈਠੇ ਹਨ, ਉਹ ਕਦੀ ਵੀ ਨਹੀਂ ਚਾਹੁੰਣਗੇ ਕਿ ਤੁਹਾਡੀ ਫਸਲ ਦਾ ਮੁੱਲ ਜ਼ਿਆਦਾ ਦਿਤਾ ਜਾਵੇ, ਤੁਸੀਂ ਜੀਅ ਭਰ ਕੇ ਖਰਚੇ ਕਰਦੇ ਹੋ, ਸੋਚਦੇ ਹੋ ਕਿ ਮੇਰੀ ਕਣਕ ਵੀਹ ਕੁਇੰਟਲ ਦੀ ਹੋ ਜਾਵੇਗੀ ਜਾਂ 30 ਕੁਇੰਟਲ ਦੀ ਏਕੜ ਵਿਚੋਂ ਹੋ ਜਾਵੇਗੀ, ਕੋਈ ਗੰਨੇ ਨੂੰ ਕਹਿੰਦਾ ਹੈ ਕਿ ਮੇਰਾ ਗੰਨਾ ਇਕ ਏਕੜ ਵਿਚੋਂ 500 ਕੁਇੰਟਲ ਹੋ ਗਿਆ ਪਰ ਖਾਣ ਵਾਲੇ ਇਸ ਨੂੰ ਜ਼ੀਰੋ ਤੇ ਲਿਆ ਦਿੰਦੇ ਹਨ ਕਿਉਂਕਿ ਪੈਦਾ ਤਾਂ ਕਰਦਾ ਹੈ ਪੰਜਾਬ, ਖਾਣ ਵਾਲੇ ਹੋਰ ਬਹੁਤ ਹਨ, ਇਹ ਰਾਜਸੀ ਦੁਖ ਹਨ ਕਿ ਹੱਥ ਵਿਚ ਤਾਕਤ ਨਾ ਹੋਣੀ ਅਤੇ ਆਪਣੀ ਮਿਹਨਤ ਦਾ ਪੂਰਾ ਫਲ ਨਾ ਪ੍ਰਾਪਤ ਹੋਣਾ, ਜਾਂ ਕਿਸੇ ਨਾਲ ਨਜਾਇਜ਼ ਹੋਣ ਲਗ ਜਾਵੇ, ਮਹਾਰਾਜ ਨੇ ਸਾਰੀਆਂ ਚੀਜ਼ਾਂ ਦਾ ਇਕੋ ਹੀ ਇਲਾਜ ਦੱਸਿਆ ਹੈ

ਕਿ –

***ਸਰਬ ਰੋਗ ਕਾ ਅਉਖਦੁ ਨਾਮੁ॥***
***ਪੰਨਾ – 274***

ਨਾਮ ਸਾਰੀਆਂ ਚੀਜ਼ਾਂ ਦਾ ਇਲਾਜ ਕਰ ਦਿੰਦਾ ਹੈ, ਇਹ ਬੜੀ ਵਿਆਖਿਆ ਦਾ ਮਹੁਤਾਜ ਹੈ ਕਿ ਅਰਥ (ਪੈਸਾ) ਕਿਸ ਤਰ੍ਹਾਂ ਨਾਲ ਠੀਕ ਹੋ ਜਾਂਦਾ ਹੈ, ਪੈਸੇ ਵਾਲੇ ਲੋਕਾਂ ਦੀ ਜਾਂ ਰਾਜਸੀ ਲੋਕਾਂ ਦੀ ਇਹ ਥਿਊਰੀ ਹੈ ਕਿ ਅਸੀਂ ਅਮੀਰ ਬਣਾ ਦੇਵਾਂਗੇ, ਸਾਡੇ ਕੋਲ ਐਸੀ ਸਕੀਮ ਹੈ ਕਿ ਅਸੀਂ ਗਰੀਬ ਜਨਤਾ ਨੂੰ ਅਮੀਰੀ ਵਿਚ ਲੈ ਆਵਾਂਗੇ, ਕਈ ਬਾਹਰਲੇ ਲੋਕ ਕਹਿੰਦੇ ਹਨ ਕਿ ਅਸੀਂ ਅਰਥ ਵਿਵਸਥਾ ਠੀਕ ਕਰ ਦਿਆਂਗੇ, ਪਰ ਸਾਧਸੰਗਤ ਜੀ! ਅਰਥ ਵਿਵਸਥਾ ਕਿਤੇ ਵੀ ਠੀਕ ਨਹੀਂ ਹੁੰਦੀ, ਨਾਮ ਜਪਣ ਨਾਲ ਕੀ ਹੁੰਦਾ ਹੈ? ਜੇ ਸਾਰੇ ਹੀ ਨਾਮ ਜਪਣ ਲਗ ਜਾਣ ਤਾਂ ਲਾਲਚ ਹਟ ਜਾਂਦਾ ਹੈ, ਤ੍ਰਿਸ਼ਨਾ ਹਟ ਜਾਂਦੀ ਹੈ, ਕੰਮ ਕਰਨ ਵਾਸਤੇ ਸੇਵਾ ਦਾ ਜਜ਼ਬਾ ਪੈਦਾ ਹੁੰਦਾ ਹੈ, ਕਈ ਸੋਚਦੇ ਹਨ ਸੇਵਾ ਤਾਂ ਸਿਰਫ ਗੁਰਦਵਾਰੇ ਸਾਹਿਬ ਦੀ ਹੀ ਹੁੰਦੀ ਹੈ, ਸਾਧ ਸੰਗਤ ਜੀ! ਸੇਵਾ ਤਾਂ ਸਾਰੀ ਹੀ ਸਾਰੇ ਸੰਸਾਰ ਦੀ ਹੁੰਦੀ ਹੈ ਮਹਾਰਾਜ ਦਾ ਫੁਰਮਾਨ ਹੈ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਇਹ ਸਾਰਾ ਸੰਸਾਰ ਵਾਹਿਗੁਰੂ ਜੀ ਦਾ ਘਰ ਹੈ, ਇਹਦੇ ਵਿਚ ਹੀ ਉਹ ਰਹਿੰਦਾ ਹੈ ਇਹਦੇ ਵਿਚ ਜਿਥੇ ਵੀ ਤੁਹਾਡਾ ਦਿਲ ਕਰਦਾ ਹੈ, ਸੇਵਾ ਕਰ ਲਓ, ਬਿਮਾਰ ਬੰਦਿਆਂ ਦੀ ਸੇਵਾ ਕਰ ਲਓ। ਰਸਤੇ ਖਰਾਬ ਨੇ, ਹਰ ਬੰਦਾ ਫਸ ਕੇ ਜਾਂਦਾ ਹੈ, ਗੱਡੇ ਫਸ ਜਾਂਦੇ ਹਨ, ਟਰੈਕਟਰ ਫਸ ਜਾਂਦੇ ਹਨ, ਸੇਵਾ ਕਰਕੇ ਰਸਤੇ ਠੀਕ ਕਰ ਲਓ, ਦਰਖਤ ਬੀਜੇ ਹੋਏ ਹਨ, ਕੱਟ ਕੱਟ ਕੇ ਬੱਕਰੀਆਂ ਨੂੰ ਖਲਾਈ ਜਾਂਦੇ ਹਨ, ਪੇੜਾਂ ਦੀ ਰਾਖੀ ਕਰ ਲਓ, ਇਹ ਵੀ ਸੇਵਾ ਹੈ, ਸੰਸਾਰ ਇਤਨਾ ਵਿਸ਼ਾਲ ਹੈ, ਇਹ ਇਕ ਖੇਤਰ ਹੈ, ਜਿਥੇ ਵੀ ਚਾਹੋ ਸੇਵਾ ਕਰ ਸਕਦੇ ਹੋ, ਸਾਰੀ ਹੀ ਪ੍ਰਵਾਨ ਹੋ ਜਾਂਦੀ ਹੈ।

ਜਦੋਂ ਸੇਵਾ ਦਾ ਜਜ਼ਬਾ ਆ ਗਿਆ ਤਾਂ ਫਸਲ ਪੈਦਾ ਕਰਨਾ ਵੀ ਸੇਵਾ ਹੈ, ਹੋਰ ਕਾਰੋਬਾਰ ਕਰਕੇ ਵੀ ਸੇਵਾ ਹੈ ਪਰ ਜਿਹੜੀ ਬੇਦਿਲੀ ਅੱਜ ਪਾਈ ਜਾਂਦੀ ਹੈ, ਮਜ਼ਦੂਰ ਕੰਮ ਕਰਦਾ ਹੈ, ਪਰ ਮਾਲਕ ਦੇ ਮਨ ਵਿਚ ਇਹ ਰਹਿ ਜਾਂਦਾ ਹੈ ਕਿ ਇਹ ਪੂਰਾ ਕੰਮ ਨਹੀਂ ਕਰਦਾ, ਜਨਤਾ ਦੇ ਮਨ ਵਿਚ ਰਹਿੰਦਾ ਹੈ ਕਿ ਕਰਮਚਾਰੀ ਦਫਤਰਾਂ ਵਿਚ ਕੰਮ ਪੂਰਾ ਨਹੀਂ ਕਰਦੇ, ਅਗਰ ਅਸੀਂ ਪੈਸੇ ਦੇ ਦਿੰਦੇ ਹਾਂ ਤਾਂ ਕੰਮ ਜਲਦੀ ਹੋ ਜਾਂਦਾ ਹੈ, ਨਹੀਂ ਤਾਂ ਹੁੰਦਾ ਨਹੀਂ ਇਸ ਦਾ ਕਾਰਣ ਇਹ ਹੈ ਕਿ ਅਜੇ ਸੇਵਾ ਦਾ ਜਜ਼ਬਾ ਪੈਦਾ ਨਹੀਂ ਹੋਇਆ, ਜਦੋਂ ਨਾਮ ਜਪਣ ਲਗ ਜਾਵੇਗਾ, ਸੇਵਾ ਦਾ ਜਜ਼ਬਾ ਪੈਦਾ ਹੋ ਜਾਏਗਾ, ਜਦੋਂ ਨਾਮ ਜਪੇਗਾ, ਉਸ ਵੇਲੇ ਪੈਸੇ ਦੀ ਕੁਰਬਾਨੀ ਆ ਜਾਏਗੀ, ਜਦੋਂ ਨਾਮ ਜਪ ਕੇ ਇਹ ਸੋਝੀ ਆ ਗਈ ਤਾਂ ਗਿਆਨ ਪ੍ਰਾਪਤ ਹੋ ਜਾਏਗਾ

ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਨਾ ਕੋਈ ਹੋਇਆ, ਨਾ ਹੈ ਤੇ ਨਾ ਕੋਈ ਹੋਰ ਹੋਵੇਗਾ। ਜਦੋਂ ਉਹ ਆਪੇ ਆਪ ਹੀ ਹੈ, ਸਭ ਥਾਂ ਤੇ ਆਪਣਾ ਰੂਪ ਹੀ ਹੈ, ਜਦੋਂ ਇਹ ਸਮਝ ਆ ਗਈ ਤਾਂ ਆਰਥਕ ਦੁਖ ਆਪੇ ਹੀ ਠੀਕ ਹੋ ਜਾਣਗੇ, ਗੁਰੂ ਦੇ ਲੰਗਰ ਵਿਚ ਵਰਤਾਵੇ ਨੇ ਕਦੀ ਨਹੀਂ ਪੁਛਿਆ ਕਿ ਤੂੰ ਕੌਣ ਹੈਂ? ਕਿਹੜੀ ਜਾਤ ਦਾ ਹੈਂ, ਬਸ ਪ੍ਰਸ਼ਾਦਾ ਵਰਤਾਅ ਦਿਤਾ, ਰਾਤ ਨੂੰ ਰਹਿਣ ਵਾਸਤੇ ਥਾਂ ਦਿਤੀ ਜਾਂਦੀ ਹੈ। ਇਹ ਇਕ ਛੋਟਾ ਜਿਹਾ ਤਜਰਬਾ ਹੈ, ਵੱਡੀ ਸਕੇਲ ਤੇ ਲਿਆਉਣ ਵਾਸਤੇ। ਸੋ ਸਾਰੇ ਦੁਖਾਂ ਦਾ ਇਲਾਜ ਹੈ ਪਰਮੇਸ਼ਰ ਦਾ ਨਾਮ। ਦੁਖ ਭਾਵੇਂ ਆਰਥਕ ਹੋਵੇ, ਭਾਈਚਾਰਕ ਹੋਵੇ ਸਭ ਠੀਕ ਹੋ ਜਾਂਦਾ ਹੈ। ਜਦੋਂ ਨਿੰਦਿਆ, ਚੁਗਲੀ, ਵੈਰ, ਵਿਰੋਧ ਖਤਮ ਹੋ ਗਏ, ਹਰ ਬੰਦੇ ਨੂੰ ਨਾਲ ਲੈ ਕੇ ਚਲਣ ਦੀ ਆਦਤ ਬਣ ਗਈ ਤਾਂ ਭਾਈਚਾਰਕ ਦੁਖ ਵੀ ਖਤਮ ਹੋ ਜਾਂਦੇ ਹਨ, ਵਿਚੋਂ ਲਾਲਚ ਖਤਮ ਹੋ ਜਾਂਦਾ ਹੈ, ਆਦਮੀ ਸ਼ੁਧ ਹੋ ਕੇ ਵਰਤਦਾ ਹੈ। ਸੋ ਇਸ ਕਰਕੇ ਮਹਾਰਾਜ ਕਹਿੰਦੇ ਹਨ ਕਿ ਸੰਸਾਰ ਵਿਚ ਜਿਤਨੇ ਵੀ ਦੁਖ ਹਨ, ਭਾਵੇਂ ਮੌਤ ਦਾ ਹੈ, ਭਾਵੇਂ ਜੰਮਣ ਮਰਨ ਦਾ ਹੈ, ਇਨ੍ਹਾਂ ਸਾਰਿਆਂ ਦਾ ਇਕੋ ਹੀ ਇਲਾਜ ਹੈ, ਉਹ ਹੈ ਨਾਮ –

***ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ – 2, 2.***

ਸੰਸਾਰ ਦੇ ਸਾਰੇ ਰੋਗਾਂ ਦਾ ਇਕੋ ਹੀ ਇਲਾਜ ਹੈ ਜਿਸ ਤਰ੍ਹਾਂ ਕਿ ਬਾਣੀ ਦਾ ਫੁਰਮਾਨ ਹੈ –

***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ ਪੰਨਾ – 687***

ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਜੇ ਆਦਮੀ ਸਰੀਰਕ ਤੌਰ ਤੇ ਬਿਮਾਰ ਹੈ ਤਾਂ 'ਨਾਮ' ਕਿਹੜੇ ਕੈਪਸੂਲ ਹਨ ਜੋ ਰਾਜ਼ੀ ਕਰ ਦੇਣਗੇ ਜਾਂ ਨਾਮ ਦੇ ਵਿਚ ਕੋਈ ਵਿਟਾਮਿਨ ਹਨ ਜੋ ਰਾਜ਼ੀ ਕਰ ਦੇਣਗੇ। ਸਾਧਸੰਗਤ ਜੀ! ਇਥੇ ਚੰਡੀਗੜ੍ਹ ਵਿਚ ਇਕ ਇੰਸਪੈਕਟਰ ਜਰਨਲ ਪੁਲਿਸ ਹੋਇਆ ਕਰਦੇ ਸਨ ਜਿਨ੍ਹਾਂ ਦਾ ਨਾਮ ਸਮਸ਼ੇਰ ਸਿੰਘ ਸੀ, ਉਹ ਰੋਹਤਕ ਦੇ ਸਨ, ਉਨ੍ਹਾਂ ਦੀ ਸ਼ਾਦੀ ਨਾਰੰਗਵਾਲ ਹੋਈ ਹੋਈ ਸੀ। ਐਸ. ਪ੍ਰਤਾਪ (S. Partap) ਦੀ ਭੈਣ, ਬੀਬੀ ਸ਼ੀਲਾ ਸੀ ਉਨ੍ਹਾਂ ਦਾ ਨਾਮ। ਇਹ ਗੱਲ 1959 ਜਾਂ 1960 ਦੀ ਹੈ। ਇਸ ਗੱਲ ਨੂੰ 20 ਜਾਂ 21 ਸਾਲ ਹੋ ਗਏ, ਉਸ ਦੇ ਸਰੀਰ ਨੂੰ ਕੁਸ਼ਟ ਹੋ ਗਿਆ ਤੇ ਸਾਰੇ ਸਰੀਰ ਵਿਚੋਂ ਪਾਣੀ ਜਾਣ ਲਗ ਪਿਆ, ਬਹੁਤ ਇਲਾਜ ਕਰਾਇਆ ਪਰ ਦਵਾਈ ਨਹੀਂ ਲਗਦੀ। ਜਿਥੇ ਜਿਥੇ ਕਿਸੇ ਨੇ ਕਿਹਾ, ਉਥੇ ਉਥੇ ਲੈ ਗਏ, ਫਿਰ ਬਾਹਰ ਲੈ ਗਏ, ਜਿਥੇ ਚਮੜੀ ਦੇ ਰੋਗ ਦੂਰ ਹੁੰਦੇ ਹਨ। ਅਖੀਰ ਉਹ ਬੀਬੀ ਵਾਪਸ ਆ ਗਈ, ਘਰ ਵਿਚ ਬਹੁਤ ਉਦਾਸੀ ਤੇ ਇਕ ਕਿਸਮ ਦਾ ਸੋਗ ਜਿਹਾ ਰਹਿਣ ਲਗ ਪਿਆ ਕਿ ਕਿਸ ਤਰ੍ਹਾਂ ਦੀ ਬੁਰੀ ਬਿਮਾਰੀ ਲੱਗੀ ਹੈ, ਪਤਾ ਨਹੀਂ ਕਿਹੜੇ ਕਰਮਾਂ ਦੀ ਸਜ਼ਾ ਮਿਲ ਰਹੀ ਹੈ। ਇਥੇ ਇਕ ਡੀ. ਆਈ. ਜੀ. ਹੁੰਦੇ ਸਨ, ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦਸਿਆ ਕਿ ਇਥੇ ਇਕ ਸਿੰਘ ਹਨ 'ਸਧਾਰ' ਦੇ ਜੋ

ਬੜੀ ਬੰਦਗੀ ਕਰਦੇ ਹਨ। ਆਪ ਖੇਤੀ ਕਰਦੇ ਸਨ, ਇਕ ਬਲਦਾਂ ਦੀ ਜੋੜੀ ਰੱਖੀ ਸੀ, ਇਕ ਊਂਠ ਰੱਖਿਆ ਹੋਇਆ ਸੀ, ਊਠ ਵਾਲਾ ਹੱਲ ਉਹ ਆਪ ਚਲਾਉਂਦੇ ਸੀ। ਆਈ. ਜੀ. ਸਮਸ਼ੇਰ ਸਿੰਘ ਜੀ ਉਨ੍ਹਾਂ ਕੋਲ ਚਲੇ ਗਏ ਤਾਂ ਉਸ ਬੰਦਗੀ ਕਰਨ ਵਾਲੇ ਨੇ ਕਿਹਾ, ਆਈ. ਜੀ. ਸਾਹਿਬ! ਤੁਹਾਨੂੰ ਮੇਰੇ ਕੋਲ ਨਹੀਂ ਸੀ ਆਉਣਾ ਚਾਹੀਦਾ, ਪਿੰਡ ਵਿਚ ਤਾਂ ਬੇਅੰਤ ਲੜਾਈ ਝਗੜੇ, ਫੌਜਦਾਰੀਆਂ ਹੁੰਦੀਆਂ ਰਹਿੰਦੀਆਂ ਹਨ, ਲੋਕ ਮੈਨੂੰ ਨਾਲ ਲੈ ਕੇ ਟੁਰਨਾ ਚਾਹੁੰਣਗੇ, ਜਿਹਦੇ ਨਾਲ ਮੈਂ ਟੁਰ ਪਿਆ ਉਹ ਤਾਂ ਖੁਸ਼ ਹੋ ਜਾਏਗਾ ਜਿਹਦੇ ਨਾਲ ਨਾ ਟੁਰਿਆ ਉਹ ਨਰਾਜ਼ ਹੋ ਜਾਏਗਾ। ਸੋ ਤੁਸੀਂ ਇਥੇ ਨਹੀਂ ਆਉਣਾ, ਤੁਸੀਂ ਲੁਧਿਆਣੇ ਚੱਲੋ, ਮੈਂ ਤੁਹਾਡੇ ਕੋਲ ਓਥੇ ਆ ਜਾਵਾਂਗਾ। ਸੋ ਉਹ ਲੁਧਿਆਣੇ ਮਾਡਲ ਟਾਊਨ ਵਿਚ ਆ ਕੇ ਮਿਲੇ, ਉਨ੍ਹਾਂ ਨੇ ਭਾਈ ਸਾਹਿਬ ਨੂੰ ਦੱਸਿਆ ਮੇਰੇ ਘਰੋਂ ਬੀਬੀ ਬਹੁਤ ਬਿਮਾਰ ਹੈ, ਕੋਹੜ ਹੋ ਗਿਆ ਹੈ, ਅਸੀਂ ਬਹੁਤ ਇਲਾਜ ਕਰਵਾ ਲਿਆ ਹੈ, ਕਿਤੋਂ ਰਾਜ਼ੀ ਨਹੀਂ ਹੁੰਦੀ, ਪਹਿਲਾਂ ਤਾਂ ਭਾਈ ਸਾਹਿਬ ਨੇ ਬਹੁਤ ਟਾਲ ਮਟੋਲ ਕੀਤੀ ਤਾਂ ਫਿਰ ਕਹਿਣ ਲੱਗੇ ਕਿ ਸਾਡੇ ਕੋਲ ਹੋਰ ਤਾਂ ਕੋਈ ਦਾਰੂ ਨਹੀਂ ਹੈ, ਕੇਵਲ ਨਾਮ ਦੀ ਦਾਰੂ ਹੈ ਜੇ ਕੋਈ ਪੱਥ ਰੱਖ ਕੇ ਸੰਜਮ ਦੇ ਨਾਲ ਦਵਾਈ ਖਾਵੇ, ਉਹ ਰਾਜ਼ੀ ਹੋ ਜਾਂਦਾ ਹੈ। ਉਨ੍ਹਾਂ ਨੇ ਆਈ. ਜੀ. ਸਾਹਿਬ ਨੂੰ ਕਾਗਜ਼ ਪੈਨ ਲੈਣ ਵਾਸਤੇ ਕਿਹਾ ਅਤੇ ਲਿਖਣ ਲਈ ਕਿਹਾ ਉਹ ਬੋਲੇ ਲਿਖੋ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥***
***ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ***
***ਨਾਨਕ ਹੋਸੀ ਭੀ ਸਚੁ॥*** ***ਪੰਨਾ – 1***

ਉਨ੍ਹਾਂ ਨੇ ਵਿਧੀ ਪੂਰਵਕ ਦਸ ਦਿਤਾ ਕਿ ਐਸ ਵਿਧੀ ਨਾਲ ਪੜ੍ਹਨਾ ਹੈ, ਇਹ ਸ਼ਰਧਾ ਨਾਲ ਪੜ੍ਹਨਾ ਹੈ, ਇਹ ਪੱਥ ਰਖਣਾ ਹੈ ਘਰ ਵਿਚ ਅੰਡੇ ਮਾਸ ਤੇ ਸ਼ਰਾਬ ਨਹੀਂ ਵੜਨ ਦੇਣੇ, ਸ਼ੁਧਤਾ ਤੇ ਪਵਿੱਤਰਤਾ ਰੱਖਣੀ ਹੈ, ਸਾਰਾ ਪਰਿਵਾਰ ਇਸ ਬੀਬੀ ਦੇ ਨਮਿਤ ਜਿਤਨਾ ਜ਼ਿਆਦਾ ਤੇ ਜਲਦੀ ਪਾਠ ਕਰੋਗਾ, ਇਹ ਬੀਬੀ ਰਾਜ਼ੀ ਹੋ ਜਾਏਗੀ, ਫਿਰ ਉਨ੍ਹਾਂ ਨੇ ਕਿਹਾ ਮੇਰੇ ਕੋਲ ਕੋਈ ਬੰਦਾ ਭੇਜ ਦੇਣਾ, ਪਰ ਸਿਪਾਹੀ ਨਹੀਂ ਜਾਂ ਮੈਂ ਆਪੇ ਹੀ ਆ ਜਾਵਾਂਗਾ, ਮੈਨੂੰ ਸੁਨੇਹਾ ਭੇਜ ਦੇਣਾ। ਸੁਨੇਹਾ ਭੇਜਿਆ, ਸਾਰੇ ਫਿਰ ਲੁਧਿਆਣੇ ਮਾਡਲ ਟਾਊਨ ਆ ਗਏ, ਭਾਈ ਸਾਹਿਬ ਵੀ ਗਏ ਤਾਂ ਦੇਖਿਆ ਬੀਬੀ ਸਾਰੀ ਠੀਕ ਹੋ ਗਈ ਹੈ ਪਰ ਸਿਰਫ ਹੱਥਾਂ ਤੇ ਰੋਗ ਅਜੇ ਰਹਿ ਗਿਆ ਹੈ। ਭਾਈ ਸਾਹਿਬ ਨੇ ਪੁਛਿਆ ਕਿ ਕੀ ਤੁਸੀਂ ਪੱਥ ਪੂਰਾ ਰੱਖਿਆ ਸੀ? ਘਰ ਵਿਚ ਸ਼ਰਾਬ, ਮਾਸ ਜਾਂ ਅੰਡੇ ਤਾਂ ਨਹੀਂ ਵੜਨ ਦਿਤੇ ਤਾਂ ਪਰਿਵਾਰ ਨੇ ਉਤਰ ਦਿਤਾ ਜੀ! ਘਰ ਵਿਚ ਸ਼ਰਾਬ ਮਾਸ ਤਾਂ ਨਹੀਂ ਆਏ ਪਰ ਅੰਡੇ ਜੋ ਕਿ ਵੈਜੀਟੇਰੀਅਨ ਸੀ, ਉਹ ਵਰਤੇ ਗਏ। ਭਾਈ ਸਾਹਿਬ ਨੇ ਕਿਹਾ ਉਹ ਵੀ ਛੱਡ ਦਿਓ, ਸਾਰੇ ਪਰਿਵਾਰ ਨੇ ਉਹ ਵੀ ਛੱਡ ਦਿਤੇ, ਬੀਬੀ ਠੀਕ ਹੋ ਗਈ, ਪਰ ਭਾਈ ਸਾਹਿਬ ਨੇ ਕਿਹਾ ਕਿ ਕਿਸੇ ਨਾਲ ਗੱਲ ਨਹੀਂ ਕਰਨੀ ਕਿ ਬੀਬੀ ਮੇਰੇ ਕੋਲੋਂ ਠੀਕ ਹੋਈ ਹੈ ਪਰ ਹੌਲੀ ਹੌਲੀ ਪਤਾ ਲਗ ਹੀ ਗਿਆ।

ਸਾਧਸੰਗਤ ਜੀ! ਨਾਮ ਦੀ ਦੁਆਈ ਦਿਤੀ, ਜਿਸ ਨਾਲ ਉਹ ਠੀਕ ਹੋ ਗਈ, ਇਕ ਨਹੀਂ ਸੈਂਕੜੇ ਠੀਕ ਹੋਏ ਹਨ ਨਾਮ ਦੀ ਦੁਆਈ ਨਾਲ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਹੋਏ ਹਨ, ਜੋ ਕਿ ਨਾਰੰਗਵਾਲ ਦੇ ਸਨ, ਉਨ੍ਹਾਂ ਨੇ ਸੋਲਾਂ ਸਾਲ ਜੇਲ੍ਹ ਵਿਚ ਕੱਟੇ। ਸਾਧਸੰਗਤ ਜੀ! ਹੁਣ ਤਾਂ ਜੇਲ੍ਹ ਬਿਲਕੁਲ ਕੁਝ ਨਹੀਂ ਹੈ। ਵਿਹਲੇ ਦਿਨਾਂ ਵਿਚ ਬੇਸ਼ਕ ਜਾ ਆਇਆ ਕਰੋ, ਤਕੜੇ ਹੋ ਕੇ ਆਓਗੇ, ਰਾਜਸੀ ਲੋਕਾਂ ਨੂੰ ਖਾਣ ਵਾਸਤੇ, ਮੱਖਣ, ਫਲ, ਦੁੱਧ ਸਭ ਮਿਲਦੇ ਹਨ, ਰਹਿਣ ਨੂੰ ਵਧੀਆ ਥਾਂ ਮਿਲਦਾ ਹੈ। ਪਿੰਡਾਂ ਨੂੰ ਪਤਾ ਹੀ ਨਹੀਂ ਲੱਗਾ - ਕਲ੍ਹ ਜੋ ਮੇਰੇ ਨਾਲ ਬਸਤਾ ਸਿੰਘ ਜੀ ਢੋਲਕੀ ਵਜਾਉਂਦੇ ਸਨ ਉਹ ਭੜੌਂਜੀਆਂ ਪਿੰਡ ਦੇ ਸਰਪੰਚ ਹਨ, ਉਹ ਕਾਫੀ ਦਿਨ ਆਏ ਨਾ ਤਾਂ ਪੁਛਿਆ ਤੁਸੀਂ ਐਨੇ ਦਿਨ ਕਿਉਂ ਨਾ ਆਏ। ਕਹਿਣ ਲੱਗੇ ਅਸੀਂ ਤਿਹਾੜ ਜੇਲ੍ਹ ਵਿਚ ਚਲੇ ਗਏ ਸੀ, ਤਲਵੰਡੀ ਸਾਹਿਬ ਕੋਲ। ਕਹਿਣ ਲੱਗੇ ਜੇਲ੍ਹ ਵਿਚ ਤਾਂ ਬਹੁਤ ਮੌਜ ਮੇਲਾ ਹੈ ਪਤਾ ਹੀ ਨਹੀਂ ਲੱਗਾ ਕਿ ਅਸੀਂ ਜੇਲ੍ਹ ਵਿਚ ਹਾਂ - ਬਾਹਰ ਤਾਂ ਐਵੇਂ ਰੋਟੀ ਖਾਂਦੇ ਹਾਂ, ਉਥੇ ਤਾਂ ਬਹੁਤ ਵਧੀਆ ਰੋਟੀ ਮਿਲਦੀ ਹੈ, ਰੋਜ਼ ਪਰਾਉਂਠੇ, ਮੱਖਣ, ਫਲ ਆਦਿ ਮਿਲਣਾ, ਕੜਾਹ ਪ੍ਰਸ਼ਾਦ ਦੀ ਦੇਗ ਆਈ ਜਾਵੇ, ਸਵੇਰੇ ਅਸੀਂ ਆਸਾ ਜੀ ਦੀ ਵਾਰ ਲਗਾ ਲੈਣੀ, ਫਿਰ ਸੂਰਜ ਪ੍ਰਕਾਸ਼ ਦੀ ਕਥਾ ਦਾ ਪ੍ਰਬੰਧ ਸੀ ਸਾਨੂੰ ਘਰ ਬਾਰ ਵੀ ਭੁੱਲ ਗਿਆ।

ਪਹਿਲੇ ਸਮੇਂ ਵਿਚ ਇਸ ਤਰ੍ਹਾਂ ਦੀ ਜੇਲ੍ਹ ਨਹੀਂ ਸੀ, ਬਹੁਤ ਸਖਤੀ ਹੁੰਦੀ ਸੀ ਜੇ ਇਕ ਵਾਰੀ ਬੰਦਾ ਜੇਲ੍ਹ ਚਲਾ ਜਾਂਦਾ ਸੀ, ਮੁੜ ਕੇ ਕੰਨਾਂ ਨੂੰ ਹੱਥ ਲਾ ਲੈਂਦਾ ਸੀ। ਸੋ ਭਾਈ ਰਣਧੀਰ ਸਿੰਘ ਜੀ ਨੇ ਬੜੀ ਸਖਤ ਕਿਸਮ ਦੀ ਜੇਲ੍ਹ ਕੱਟੀ ਸੀ। ਜਦੋਂ ਭਾਈ ਸਾਹਿਬ ਅਜੇ ਬੱਚੇ ਸੀ, ਉਨ੍ਹਾਂ ਦੇ ਪਿਤਾ ਨੂੰ ਜਲੋਧਰ ਦੀ ਬਿਮਾਰੀ ਹੋ ਗਈ, ਉਨ੍ਹਾਂ ਦੇ ਪਿਤਾ ਜੀ ਜੱਜ ਸਨ, ਉਨ੍ਹਾਂ ਨੂੰ ਲੁਧਿਆਣੇ ਦੇ ਮਿਸ਼ਨ ਹਸਪਤਾਲ (C.M.C) ਵਿਚ ਲਿਆਂਦਾ ਗਿਆ। ਡਾਕਟਰਾਂ ਨੇ ਕਿਹਾ ਕਿ ਤੁਸੀਂ ਆਪਣੇ ਪਿਤਾ ਨੂੰ ਹੁਣ ਘਰ ਲੈ ਜਾਵੋ, ਹੁਣ ਇਹ ਠੀਕ ਨਹੀਂ ਹੋ ਸਕਦੇ। ਇਕ ਬੁਖਾਰ ਬਹੁਤ ਤੇਜ਼ ਹੈ, ਦੂਜਾ ਪੇਟ ਵਿਚੋਂ ਪਾਣੀ ਨਹੀਂ ਮੁਕਦਾ ਜਿੰਨਾਂ ਅਸੀਂ ਪਾਣੀ ਕੱਢਦੇ ਹਾਂ, ਉਤਨਾ ਫੇਰ ਭਰ ਜਾਂਦਾ ਹੈ, ਉਸੇ ਸਮੇਂ ਸੰਤ ਹੀਰਾ ਸਿੰਘ ਜੀ ਉਥੇ ਪਹੁੰਚ ਗਏ ਜੋ ਕਿ ਦਾਸ ਦੇ (ਸੰਤ ਬਾਬਾ ਵਰਿਆਮ ਸਿੰਘ ਜੀ ਦੇ) ਸਹੁਰਿਆਂ ਵਲੋਂ ਪਿਤਾ ਜੀ ਸਨ, ਉਨ੍ਹਾਂ ਨੇ ਭਾਈ ਸਾਹਿਬ ਨੂੰ ਕਿਹਾ ਕਿ ਆਪਣੇ ਪਿਤਾ ਜੀ ਨੂੰ ਨਾਮ ਦੀ ਦਵਾਈ ਦਿਓ, ਇਨ੍ਹਾਂ ਕੋਲ ਬੈਠ ਕੇ ਇਕ ਚਿਤ ਜਪੁਜੀ ਸਾਹਿਬ ਦਾ ਪਾਠ ਕਰੋ - ਭਾਈ ਸਾਹਿਬ ਪਾਠ ਕਰਦੇ ਕਰਦੇ ਇਤਨੇ ਲੀਨ ਹੋ ਗਏ ਜਦੋਂ 'ਮੰਨੇ ਕੀ ਗਤ' ਦੀ ਪਉੜੀ ਤੇ ਪਹੁੰਚੇ, ਉਸ ਨੂੰ ਬਾਰ-ਬਾਰ ਜਪੀ ਜਾਣ। ਜਦੋਂ ਅੱਖ ਖੁਲ੍ਹੀ ਤਾਂ ਕੀ ਦੇਖਦੇ ਹਨ ਕਿ ਪਿਤਾ ਜੀ ਦਾ ਪੇਟ ਜੋ ਘੜੇ ਦੀ ਤਰ੍ਹਾਂ ਹੋਇਆ ਹੋਇਆ ਸੀ ਬਿਲਕੁਲ ਲੱਕ ਨਾਲ ਜਾ ਲੱਗਾ। ਬੁਖਾਰ ਵੀ ਬਿਲਕੁਲ ਉਤਰ ਗਿਆ। ਜਦੋਂ ਡਾਕਟਰ

ਆਏ, ਉਹ ਵੀ ਦੇਖ ਕੇ ਹੈਰਾਨ ਹੋ ਗਏ, ਪਹਿਲਾਂ ਪੁਛਣ ਲੱਗੇ ਕਿ ਤੁਸੀਂ ਅਜੇ ਕਮਰਾ ਖਾਲੀ ਨਹੀਂ ਕੀਤਾ। ਜਦੋਂ ਉਨ੍ਹਾਂ ਦੇ ਪਿਤਾ ਜੀ ਨੂੰ ਬਿਲਕੁਲ ਠੀਕ ਦੇਖਿਆ ਤਾਂ ਕਹਿਣ ਲੱਗੇ, ਯੇ ਕੌਨ ਥੇ ਕਰਾਮਾਤ ਹੁਈ ਹੈ, ਜਿਸ ਸੇ ਆਪ ਕੇ ਪਿਤਾ ਬਿਲਕੁਲ ਠੀਕ ਹੋ ਗਏ ਹੈਂ? ਹਮਾਰੀ ਡਾਕਟਰੀ ਤੋ ਬਿਲਕੁਲ ਫੇਲ੍ਹ ਹੋ ਗਈ, ਭਾਈ ਰਣਧੀਰ ਸਿੰਘ ਜੀ ਨੇ ਉਤਰ ਦਿਤਾ ਕਿ ਜਦੋਂ ਦੁਨਿਆਵੀ ਦਵਾਈਆਂ ਕੰਮ ਨਹੀਂ ਕਰਦੀਆਂ, ਉਸ ਵਕਤ ਕੇਵਲ ਨਾਮ ਦੀ ਦਵਾਈ ਕੰਮ ਕਰਦੀ ਹੈ, ਵਿਸ਼ਵਾਸ਼ ਕੰਮ ਕਰਦਾ ਹੈ, ਭਰੋਸਾ ਕੰਮ ਕਰਦਾ ਹੈ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ - 2, 2.***
***ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ - 2, 2***
***ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,..........2***

ਸਾਰੇ ਦੁਖਾਂ ਦਾ ਇਲਾਜ ਹੈ - ਪ੍ਰਮੇਸ਼ਰ ਦਾ ਨਾਮ, ਦੁਖ ਕਿਥੋਂ ਲਗਦੇ ਹਨ?

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਵੇਮੁਖ ਹੋਇ ਰਾਮ ਤੇ ਲਗਨਿ ਜਨਮ ਵਿਜੋਗ॥***
***ਪੰਨਾ - 135***

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥***
***ਪੰਨਾ - 1256***

ਪ੍ਰਮੇਸ਼ਰ ਨੂੰ ਭੁੱਲ ਕੇ ਰਸਾਂ ਵਿਚ ਪੈ ਗਿਆ, ਜੀਭ ਦੇ ਰਸਾਂ ਵਿਚ ਪੈ ਗਿਆ, ਸਵਾਦੂ ਭੋਜਨ ਖਾਣ ਲਗ ਜਾਂਦਾ ਹੈ, ਭੋਗਾਂ ਦੇ ਰਸਾਂ ਵਿਚ ਪੈ ਕੇ ਸਰੀਰ ਰੋਗੀ ਕਰ ਲੈਂਦਾ ਹੈ, ਮਨ ਰੋਗੀ ਹੋ ਜਾਂਦਾ ਹੈ, ਮਨ ਤੋਂ ਬਾਅਦ ਸਰੀਰ ਰੋਗੀ ਹੋ ਜਾਂਦਾ ਹੈ, ਇਕ ਮਿਸਾਲ ਨਹੀਂ ਹੈ, ਅਨੇਕਾਂ ਮਿਸਾਲਾਂ ਹਨ ਜੋ ਨਾਮ ਦੀ ਦਵਾਈ ਨਾਲ ਠੀਕ ਹੋਏ।

ਇਕ ਡਰਾਈਵਰ ਸੀ ਜੋ ਕਲਕੱਤੇ ਰਹਿੰਦਾ ਸੀ ਜਿਸ ਦਾ ਨਾਮ ਮਹਿੰਦਰ ਸਿੰਘ ਸੀ, ਉਹ 'ਭੁਚੋ ਮੰਡੀ' ਦਾ ਸੀ, ਉਸ ਨੂੰ Crd ਸਟੇਜ ਦੀ ਟੀ.ਬੀ. ਹੋ ਗਈ। ਡਾਕਟਰਾਂ ਨੇ ਕਿਹਾ, "ਹੁਣ ਤੇਰੀ ਜ਼ਿੰਦਗੀ ਕੇਵਲ ਦਸ ਦਿਨ ਦੀ ਬਾਕੀ ਹੈ, ਤੂੰ ਪੰਜਾਬ ਦਾ ਰਹਿਣ ਵਾਲਾ ਹੈ, ਉਨ੍ਹਾਂ ਦਿਨਾਂ ਵਿਚ ਟੀ.ਬੀ ਦਾ ਇਲਾਜ ਨਹੀਂ ਸੀ ਹੁੰਦਾ, ਅੱਜਕਲ੍ਹ ਤਾਂ ਹੈ। ਡਾਕਟਰਾਂ ਨੇ ਮਹਿੰਦਰ ਸਿੰਘ ਨੂੰ ਕਿਹਾ, ਤੂੰ ਆਪਣੇ ਘਰ ਚਲਾ ਜਾ, ਐਵੇਂ ਇਧਰ ਤੇਰੀ ਲਾਸ਼ ਰੁਲਦੀ ਫਿਰੇਗੀ, ਉਹ ਗੱਡੀ ਚੜ੍ਹਕੇ ਜਦੋਂ ਅੰਬਾਲੇ ਪਹੁੰਚਿਆ,

ਉਸ ਦੇ ਭਾਗ ਚੰਗੇ ਸਨ, ਉਥੇ ਕੁਝ ਫੌਜੀ ਬੈਠੇ ਸਨ ਉਨ੍ਹਾਂ ਕੋਲੋਂ ਪੁਛ ਲਿਆ ਕਿ ਇਥੇ ਨੇੜੇ ਕੋਈ ਸਾਧੂ ਸੰਤ ਹੈ? ਉਨ੍ਹਾਂ ਜਵਾਬ ਦਿਤਾ ਕਿ ਦੁਰਾਹੇ ਕੋਲ ਉਤਰ ਜਾਈਂ, ਉਥੋਂ ਰਾੜਾ ਸਾਹਿਬ ਚਲਿਆ ਜਾਈਂ। ਉਥੇ ਮਹਾਤਮਾ ਰਹਿੰਦੇ ਹਨ, ਉਥੇ ਵੱਡੇ ਮਹਾਰਾਜ ਜੀ ਸੰਤ ਈਸ਼ਰ ਸਿੰਘ ਜੀ ਕੋਲ ਚਲਾ ਗਿਆ, ਜਦੋਂ ਪਹੁੰਚਿਆ ਤਾਂ ਸੰਤ ਮਹਾਰਾਜ ਕੁਰਸੀ ਤੇ ਬੈਠੇ ਸਨ, ਸਾਮ੍ਹਣੇ ਸੰਗਤਾਂ ਬੈਠੀਆਂ ਸਨ, ਇਸ ਨੂੰ ਵੀ ਦੋ ਮਿੰਟ ਟਾਈਮ ਮਿਲ ਗਿਆ। ਜਦੋਂ ਸੰਤ ਮਹਾਰਾਜ ਨੇ ਪੁਛਿਆ ਕਿ ਕਿਥੋਂ ਆਇਆ ਹੈ? ਉਤਰ ਦਿਤਾ ਕਿ ਮੈਂ ਕਲਕੱਤੇ ਤੋਂ ਆਇਆ ਹਾਂ, ਭੂਚੋ ਮੰਡੀ ਦਾ ਰਹਿਣ ਵਾਲਾ ਹਾਂ, ਟੀ.ਬੀ. ਦੀ ਬੀਮਾਰੀ ਹੈ। ਡਾਕਟਰਾਂ ਨੇ ਕਿਹਾ ਹੈ ਕਿ ਮੇਰੀ ਜ਼ਿੰਦਗੀ ਕੇਵਲ ਦਸ ਦਿਨ ਹੋਰ ਹੈ, ਦੋ ਤਿੰਨ ਦਿਨ ਤਾਂ ਸਫਰ ਵਿਚ ਹੀ ਲੰਘ ਗਏ, ਹੁਣ ਕੇਵਲ ਹਫਤਾ ਹੀ ਰਹਿ ਗਿਆ। ਮੇਰੀ ਸਲਾਹ ਹੈ ਕਿ ਤੁਹਾਡੇ ਕੋਲ ਹੀ ਇਥੇ ਪ੍ਰਾਣ ਛੱਡ ਦਿਆਂ, ਮੇਰਾ ਅੰਤਮ ਸਸਕਾਰ ਵੀ ਹੋ ਜਾਵੇਗਾ, ਮੈਂ ਆਪਣਾ ਘਰ ਦਾ ਐਡਰੈਸ ਵੀ ਦੇ ਦਿੰਦਾ ਹਾਂ। ਸੰਤ ਮਹਾਰਾਜ ਨੇ ਬਚਨ ਕੀਤਾ, ਭਾਈ ਗੁਰੂ ਦਰਬਾਰ ਵਿਚ ਤਾਂ ਮਰਨ ਨਹੀਂ ਆਈਦਾ, ਇਥੇ ਤਾਂ ਜ਼ਿੰਦਗੀ ਮਿਲਦੀ ਹੈ ਗੁਰੂ ਘਰ ਵਿਚ ਮੌਤ ਨਹੀਂ ਮਿਲਦੀ, ਤੈਨੂੰ ਪਾਠ ਦਸ ਦਿੰਦੇ ਹਾਂ, ਮੂਲਮੰਤਰ ਦਾ ਪਾਠ ਕਰਿਆ ਕਰ ਨਾਲੇ ਸ਼ਬਦ ਦਸ ਦਿੰਦੇ ਹਾਂ। ਮੂੰਹ ਬੰਨ੍ਹ ਕੇ ਬਰਤਨ ਮਾਂਜਣ ਦੀ ਸੇਵਾ ਕਰੀ ਜਾਹ।

ਕਿਉਂਕਿ ਜਿੰਨੇ ਬਰਤਨ ਮਾਂਜੇਗਾ, ਸੇਵਾ ਕਰੇਂਗਾ, ਉਨਾਂ ਜਲਦੀ ਠੀਕ ਹੋਵੇਂਗਾ। ਜਿਸ ਤਰ੍ਹਾਂ ਕਿ ਅਸੀਂ ਧਾਨ ਬੀਜੇ ਹੋਏ ਹਨ, ਬਾਰਸ਼ ਨਹੀਂ ਹੋਈ, ਧਾਨ ਸੁਕਣ ਲਗ ਪਏ, ਧਰਤੀ ਵਿਚ ਤਰੇੜਾਂ ਪੈ ਗਈਆਂ। ਹੁਣ ਜੇਕਰ ਇਕ ਟਿਊਬਵੈਲ ਦਾ ਪਾਣੀ ਲਗਾ ਦੇਈਏ ਤਾਂ ਤ੍ਰੇੜਾਂ ਹੀ ਨਹੀਂ ਭਰਨਗੀਆਂ ਪਰ ਜੇ ਪੜੋਸੀ ਤੋਂ ਪਾਣੀ ਮੰਗ ਲਈਏ ਤਾਂ ਫਸਲ ਨੂੰ ਦੋ ਟਿਊਬਵੈਲਾਂ ਦਾ ਪੂਰਾ ਪਾਣੀ ਮਿਲ ਜਾਂਦਾ ਹੈ, ਅਤੇ ਖੇਤ ਭਰ ਜਾਂਦਾ ਹੈ। ਏਸੇ ਤਰ੍ਹਾਂ ਜੇ ਦੋ ਕੰਮ ਕਰ ਲਈਏ, ਭਜਨ ਵੀ ਤੇ ਸੇਵਾ ਵੀ ਤਾਂ ਬਹੁਤ ਚੰਗਾ ਹੋ ਜਾਂਦਾ ਹੈ। ਦੋ ਕੰਮ ਕਰਨ ਨਾਲ ਦੋ ਟਿਊਬਵੈਲ, ਦੋ ਹਲਟ ਚਲ ਪੈਂਦੇ ਹਨ, ਜੇ ਨਹਿਰ ਚਲਦੀ ਹੈ ਤਾਂ ਨਹਿਰ ਦਾ ਵੀ ਪਾਣੀ ਚਲਦਾ ਹੈ, ਏਧਰੋਂ ਟਿਊਬਵੈਲ ਵੀ ਚਲਦਾ ਹੈ, ਛੇਤੀ ਕੰਮ ਹੋ ਜਾਂਦਾ ਹੈ। ਸੋ ਸੰਤ ਮਹਾਰਾਜ ਨੇ ਕਿਹਾ ਕਿ ਤੂੰ ਤਕੜਾ ਹੋ ਕੇ ਸੇਵਾ ਕਰ, ਪਾਠ ਹਰ ਵਕਤ ਕਰਦਾ ਰਹੀਂ, ਭੁੱਲੀ ਨਾ। ਕਹਿਣ ਲੱਗਾ, "ਮੈਨੂੰ ਕੋਈ ਟੋਕੇਗਾ ਤਾਂ ਨਹੀਂ।" ਸੰਤ ਮਹਾਰਾਜ ਨੇ ਬਚਨ ਕੀਤਾ ਕਿ ਮੂੰਹ ਬੰਨ ਲਿਆ ਕਰੀ, ਉਸ ਨੂੰ ਰਹਿਣ ਵਾਸਤੇ ਜਗ੍ਹਾ ਦੇ ਦਿਤੀ, ਜਿਸ ਦਿਨ ਉਹ ਆਇਆ ਸੀ, ਉਸ ਦਿਨ ਕੱਤਕ ਦੀ ਪੂਰਨਮਾਸ਼ੀ ਸੀ। ਸੇਵਾ ਕਰਦਾ ਰਿਹਾ, ਜਦੋਂ ਹੌਲਾ ਮਹੱਲਾ ਆਇਆ ਤਾਂ ਦੇਖਿਆ ਗਿਆ ਕਿ ਓਹੀਓ ਮਹਿੰਦਰ ਸਿੰਘ ਦੋ ਸ਼ਤੀਰ ਮੋਢਿਆਂ ਤੇ ਰੱਖ ਕੇ ਦੌੜ ਦੌੜ ਕੇ ਸੇਵਾ ਕਰ ਰਿਹਾ ਸੀ, ਕਿਸੇ ਪ੍ਰੇਮੀ ਨੇ ਕਿਹਾ ਕਿ ਇਹ ਬੰਦਾ ਤਾਂ ਬੜਾ ਤਕੜਾ ਹੈ ਜੋ ਮੋਢਿਆਂ ਤੇ ਦੋ ਸ਼ਤੀਰ ਚੁੱਕੀ ਜਾ ਰਿਹਾ

ਹੈ। ਉਸ ਪ੍ਰੇਮੀ ਨੇ ਛੋਟੇ ਸੰਤ ਮਹਾਰਾਜ ਜੀ ਨੂੰ ਕਿਹਾ ਕਿ ਅਸੀਂ ਏਸਨੂੰ ਚਾਰ ਸੇਰ ਘਿਓ ਦੇਣਾ ਚਾਹੁੰਦੇ ਹਾਂ। ਕਹਿਣ ਲੱਗੇ, "ਕਿਉਂ?" ਉਹ ਪ੍ਰੇਮੀ ਕਹਿਣ ਲੱਗਿਆ, "ਦੇਖੋ ਇਹ ਬੰਦਾ ਸ਼ਤੀਰਾਂ ਢੋਣ ਦੀ ਕਿਤਨੀ ਸੇਵਾ ਕਰ ਰਿਹਾ ਹੈ।" ਸੰਤ ਮਹਾਰਾਜ ਨੇ ਕਿਹਾ ਕਿ ਅਸੀਂ ਤੁਹਾਡੇ ਨਾਲ ਇਸ ਦੀ ਗੱਲ ਕਰਵਾਉਂਦੇ ਹਾਂ। ਅਵਾਜ਼ ਮਾਰ ਕੇ ਕਿਹਾ, ਮਹਿੰਦਰ ਸਿੰਘ ਇਹ ਸ਼ਤੀਰ ਸੁੱਟ ਕੇ ਜ਼ਰਾ ਏਧਰ ਆਈਂ। ਉਹ ਸ਼ਤੀਰ ਸੁੱਟ ਕੇ ਆ ਗਿਆ, ਸੰਤ ਮਹਾਰਾਜ ਜੀ ਨੇ ਕਿਹਾ ਇਹ ਪ੍ਰੇਮੀ ਤੈਨੂੰ ਘਿਓ ਦੇਣਾ ਚਾਹੁੰਦੇ ਹਨ, ਭਾਈ ਮਹਿੰਦਰ ਸਿੰਘ ਕਹਿਣ ਲੱਗਾ ਕਿ ਜੀ ਕੱਲ੍ਹ ਹੋਲਾ ਮਹੱਲਾ ਹੈ, ਪੂਰਨਮਾਸ਼ੀ ਹੈ, ਕਲ੍ਹ ਨੂੰ ਇਹ ਮੇਰੀ ਗੱਲ ਸੁਣ ਲੈਣ, ਫੇਰ ਜੋ ਵੀ ਦੇਣਾ ਚਾਹੁੰਣਗੇ ਦੇ ਦੇਣ। ਅਗਲੇ ਦਿਨ ਭੋਗ ਪੈਣ ਤੋਂ ਬਾਅਦ, ਭਾਈ ਮਹਿੰਦਰ ਸਿੰਘ ਨੇ ਜੋੜਿਆਂ ਕੋਲ ਖਲੋ ਕੇ, ਉਚੀ ਆਵਾਜ਼ ਵਿਚ ਕਿਹਾ ਕਿ ਸਾਧਸੰਗਤ ਜੀ! ਸਾਰੇ ਮੇਰੀ ਗੱਲ ਸੁਣ ਕੇ ਜਾਣ। ਉਸ ਨੇ ਆਪਣੀ ਬਿਮਾਰੀ ਦਾ ਸਾਰਾ ਹਾਲ ਦੱਸਿਆ ਕਿ ਉਹ ਮਰਨ ਵਾਲਾ ਸੀ ਪਰ ਕਿਸੇ ਚੰਗੇ ਕਰਮ ਕਰਕੇ ਉਹ ਮਹਾਂਪੁਰਸ਼ਾਂ ਕੋਲ ਆ ਗਿਆ ਅਤੇ ਮਹਾਂਪੁਰਸ਼ਾਂ ਨੇ ਪਾਠ ਦੱਸਿਆ ਤੇ ਸੇਵਾ ਤੇ ਲਾ ਲਿਆ। ਜਿਸਦਾ ਨਤੀਜਾ ਇਹ ਹੋਇਆ ਕਿ ਕਲ੍ਹ ਜਦੋਂ ਮੈਂ ਡਾਕਟਰ ਕੋਲ ਐਕਸਰੇ ਕਰਵਾਉਣ ਗਿਆ, ਐਕਸਰੇ ਬਿਲਕੁਲ ਠੀਕ ਆਈ ਅਤੇ ਮੇਰੀ ਪੁਰਾਣੀ ਐਕਸਰੇ ਦੇਖ ਕੇ ਡਾਕਟਰ ਕਹਿਣ ਲੱਗਾ ਕਿ ਭਾਈ ਮਹਿੰਦਰ ਸਿੰਘ! ਇਹ ਪੁਰਾਣੀ ਐਕਸਰੇ ਤੇਰੀ ਨਹੀਂ। ਕਲਕੱਤੇ ਵਿਚ ਕਿਸੇ ਡਾਕਟਰ ਕੋਲੋਂ ਗਲਤੀ ਨਾਲ ਬਦਲੀ ਗਈ ਹੈ, ਤੂੰ ਤਾਂ ਬਿਲਕੁਲ ਠੀਕ ਹੈਂ, ਤੇਰੀ ਛਾਤੀ ਵਿਚ ਤਾਂ ਇਕ ਵੀ ਦਾਗ ਨਹੀਂ ਹੈ, ਕਿਹੜੇ ਡਾਕਟਰ ਨੇ ਤੈਨੂੰ ਕਹਿ ਦਿਤਾ ਕਿ ਤੈਨੂੰ ਟੀ.ਬੀ. ਹੈ।

ਇਹ ਪ੍ਰੇਮੀ ਜੋ ਮੈਨੂੰ ਚਾਰ ਸੇਰ ਘਿਓ ਦੇਣਾ ਚਾਹੁੰਦੇ ਹਨ, ਘਿਓ ਤਾਂ ਮੈਂ ਕੀ ਲੈਣਾ ਹੈ, ਬਾਕੀ ਦੀ ਜ਼ਿੰਦਗੀ ਮੈਂ ਕੇਵਲ ਨਾਮ ਜਪਾਂਗਾ ਤੇ ਘਰ ਵਾਪਸ ਨਹੀਂ ਜਾਣਾ। ਸੋ ਸਾਧਸੰਗਤ ਜੀ! ਇਹ ਪ੍ਰਮੇਸ਼ਰ ਦੇ ਨਾਮ ਦਾ ਕ੍ਰਿਸ਼ਮਾ ਹੈ, ਕੋਈ ਇਕ ਮਿਸਾਲ ਨਹੀਂ ਬੇਅੰਤ ਮਿਸਾਲਾਂ ਹਨ।

ਇਕ ਦਿਨ ਅਸੀਂ ਰਾੜੇ ਸਾਹਿਬ ਨੂੰ ਆ ਰਹੇ ਸੀ, ਮੇਰੇ ਨਾਲ ਹਰਬੰਸ ਸਿੰਘ ਦੁਆਬੀਆ ਸੀ, ਰਾੜੇ ਸਾਹਿਬ ਇਕ ਪ੍ਰੇਮੀ ਸੰਤ ਭੇਖ ਵਿਚ ਮਿਲ ਗਏ। ਉਹ ਸਾਡੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਨ ਲਗ ਪਏ। ਮੈਂ ਉਸਨੂੰ ਕਿਹਾ ਤੂੰ ਅੰਗਰੇਜ਼ੀ ਵਿਚ ਗੱਲ ਕਰੀ ਜਾ ਰਿਹਾ ਹੈਂ ਤਾਂ ਉਸ ਨੇ ਕਿਹਾ ਕਿ ਮੈਂ ਐਮ.ਏ. ਪੜ੍ਹਿਆ ਹੋਇਆ ਹਾਂ, ਮੈਂ ਆਸਾਮ ਵਿਚ ਇਨਕਮ ਟੈਕਸ ਆਫੀਸਰ ਸੀ, ਇਹ ਗੱਲ ਜੋ ਮੈਂ ਆਪ ਨੂੰ ਦਸ ਰਿਹਾ ਹਾਂ ਇਹ ਰਾੜੇ ਸਾਹਿਬ ਦੀ ਗੱਲ ਹੈ। ਮੇਰਾ ਨਾਮ, ਰਜਿੰਦਰ ਕੁਮਾਰ ਸੀ, ਮੈਂ ਰਿਸ਼ਵਤਾਂ ਲੈਂਦਾ ਸੀ, ਸ਼ਰਾਬਾਂ ਪੀਂਦਾ ਸੀ, ਬਹੁਤ ਮਾੜੇ ਕੰਮ ਕਰਦਾ ਸੀ, ਉਹਦੀ ਸਜ਼ਾ ਮੈਨੂੰ ਮਿਲੀ ਕਿ ਮੈਨੂੰ ਗਠੀਆ ਹੋ ਗਿਆ, ਫਿਰ ਜੋਧਪੁਰ ਵਿਚ ਮੇਰਾ ਇਲਾਜ ਹੋਣ ਲੱਗਾ, ਇਕ ਦਿਨ ਮੈਂ ਅਖਬਾਰ ਵਿਚ ਪੜ੍ਹਿਆ ਕਿ ਸੰਤ ਮਹਾਰਾਜ ਨੇ ਇਕ

ਪ੍ਰੇਤ ਨੂੰ ਮਨੁੱਖ ਜੂਨੀ ਦਿਵਾ ਦਿਤੀ ਹੈ, ਸੋ ਮੈਂ ਵੀ ਇਥੇ (ਰਾੜਾ ਸਾਹਿਬ) ਆ ਗਿਆ। ਮਹਾਂਪੁਰਸ਼ਾਂ ਨੇ ਮੈਨੂੰ ਸ਼ਬਦ ਦੇ ਦਿਤਾ, ਮੈਂ ਕਰਦਾ ਰਿਹਾ ਤੇ ਠੀਕ ਹੋ ਗਿਆ। ਫਿਰ ਮੈਂ ਦੇਗ ਕਰਾਈ ਤੇ ਅਰਦਾਸ ਕੀਤੀ ਕਿ ਮੈਂ ਸਾਰਾ ਰਾਜ਼ੀ ਹੋ ਜਾਵਾਂ ਪਰ ਮੇਰੀ ਇਕ ਉਂਗਲੀ ਨਾ ਠੀਕ ਹੋਈ, ਸੋ ਉਸੇ ਤਰ੍ਹਾਂ ਹੀ ਹੋਇਆ। ਇਕ ਉਂਗਲੀ ਉਸੇ ਤਰ੍ਹਾਂ ਮੁੜੀ ਰਹੀ।

ਸੋ ਸਾਧਸੰਗਤ ਜੀ! ਇਹ ਹੈ –

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥*** ***ਪੰਨਾ – 274***

ਪੱਥ ਹੋਵੇ। ਪੱਥ ਰੱਖ ਕੇ ਭਰੋਸੇ ਨਾਲ ਕਰੇ ਬੰਦਾ, ਨਾਮ ਤਾਂ ਦਾਰੂ ਹੈ, ਮਹਾਰਾਜ ਕਹਿੰਦੇ ਨੇ ਅਸੀਂ ਤਾਂ ਨਾਮ ਦੀ ਦਾਰੂ ਦਰਗਾਹ ਵਿਚੋਂ ਲੈ ਕੇ ਆਏ ਹਾਂ। ਸੋ ਨਾਮ ਹਰ ਪਾਸੇ ਕੰਮ ਦਿੰਦਾ ਹੈ, ਹੁਣ ਸਾਡੇ ਮਨ ਵਿਚ ਖਿਆਲ ਆ ਜਾਂਦਾ ਹੈ ਕਿ ਨਾਮ ਕਿਥੋਂ ਮਿਲਦਾ ਹੈ? ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁਛੋ ਜੋ ਕਿ ਸਾਡੇ ਗੁਰੂ ਹਨ ਕਿ ਨਾਮ ਕਿਥੋਂ ਲਈਏ, ਮਹਾਰਾਜ ਕਹਿੰਦੇ ਹਨ –

***ਨਾਨਕ ਕੈ ਘਰਿ ਕੇਵਲ ਨਾਮੁ॥***
***ਪੰਨਾ – 1136***

ਸਾਡੇ ਘਰ ਤਾਂ ਕੇਵਲ ਨਾਮ ਹੈ, ਅਸੀਂ ਨਾ ਕੋਈ ਸਿੱਧੀ ਨਾ ਕੋਈ ਜੰਤਰ ਮੰਤਰ ਲਿਆਏ ਹਾਂ, ਅਸੀਂ ਤਾਂ ਕੇਵਲ ਨਾਮ ਲੈ ਕੇ ਆਏ ਹਾਂ ਕਿਉਂਕਿ ਸੰਸਾਰ ਰੋਗੀ ਹੋ ਚੁਕਿਆ ਹੈ। ਇਸ ਕਰਕੇ ਅਸੀਂ ਸਾਰੇ ਦੁਖਾਂ ਦੀ ਇਕ ਦਵਾਈ ਲੈ ਕੇ ਆਏ ਹਾਂ। ਨਾਮ ਜਪ ਕੇ ਦੁਖਾਂ ਦਾ ਨਾਸ ਹੁੰਦਾ ਹੈ, ਸੇਵਾ ਕਰਕੇ ਮਾਨ ਪ੍ਰਾਪਤ ਹੁੰਦਾ ਹੈ। ਸਾਧਸੰਗਤ ਜੀ! ਜੰਮਣ ਮਰਨ ਦਾ ਦੁਖ ਅਸਾਡੇ ਗਲੋਂ ਨਹੀਂ ਲਹਿੰਦਾ। ਮਾਨਸ ਜਨਮ ਅਸਾਨੂੰ ਪ੍ਰਾਪਤ ਹੈ, ਹੁਣ ਸਾਰੇ ਦੁਖਾਂ ਤੋਂ ਛੁਟਕਾਰਾ ਪਾ ਕੇ ਪਰਮ ਸੁਖੀ ਹੋਣ ਦੀ ਵਾਰੀ ਪ੍ਰਾਪਤ ਹੋਈ ਹੈ। ਪ੍ਰਮੇਸ਼ਰ ਨੂੰ ਮਿਲ ਕੇ ਸਾਰੇ ਦੁਖਾਂ ਦਾ ਖਾਤਮਾ ਹੋਜਾਂਦਾ ਹੈ। ਪੜ੍ਹੋ –

***ਧਾਰਨਾ – ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ – 2, 2.***
***ਗੋਬਿੰਦ ਮਿਲਣੇ ਦੀ ਇਹੋ ਤੇਰੀ ਵਾਰੀ ਐ – 2, 2***
***ਇਹੋ ਤੇਰੀ ਵਾਰੀ ਐ, ...............2***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ – 12***

ਤੁਸੀਂ ਕਿਸਾਨ ਲੋਕ ਜਾਣਦੇ ਹੋ, ਵਾਰੀ ਕੀ ਹੁੰਦੀ ਹੈ, ਜਦੋਂ ਚੰਡੀਗੜ੍ਹ 'ਚ ਨਵੀਂ ਨਵੀਂ ਗੈਸ ਦੀ ਇਕ ਏਜੰਸੀ ਆਈ ਤਾਂ ਲੋਕਾਂ ਨੂੰ ਪਤਾ ਲੱਗਾ ਗੈਸ ਦੇ ਕਨੈਕਸ਼ਨ ਮਿਲਣੇ ਹਨ। ਸ਼ਹਿਰੀਆਂ ਨੂੰ ਗੈਸ ਬਹੁਤ ਪਿਆਰੀ ਹੈ, ਕਿਉਂਕਿ ਇਸ ਦਾ ਨਾ ਕੋਈ ਧੂੰਆਂ ਹੁੰਦਾ ਹੈ, ਨਾ ਕੋਈ ਔਖ ਹੁੰਦੀ ਹੈ, ਬਸ ਬਟਨ ਦੱਬੀ ਜਾਓ ਤੇ ਅੰਨ ਪਾਣੀ ਦਾ ਸਾਰਾ ਕੰਮ ਕਰ ਲਓ, ਕਨੈਕਸ਼ਨ ਲੈਣ ਵਾਸਤੇ ਲੋਕਾਂ ਨੇ ਰਾਤ ਨੂੰ ਹੀ ਲਾਈਨਾਂ ਲਾ ਲਈਆਂ, 35 ਸੈਕਟਰ ਵਿਚ ਦੋ ਤਿੰਨ ਫਰਲਾਂਗ ਤੇ ਮੋੜ ਮੋੜ ਕੇ ਲਾਈਨਾਂ ਲਗ ਗਈਆਂ, ਰਾਤ ਨੂੰ ਸੜਕ ਤੇ ਹੀ ਸੁੱਤੇ, ਰੋਟੀਆਂ ਵੀ ਉਥੇ ਹੀ ਖਾਧੀਆਂ, ਦੁਕਾਨ ਵਾਲੇ ਨੇ ਸਵੇਰੇ 10 ਵਜੇ ਦੀ ਥਾਂ 11 ਵਜੇ ਹੀ ਦੁਕਾਨ ਖੋਲੀ - ਭਾਦੋਂ ਦਾ ਮਹੀਨਾ ਸੀ, ਲੋਕਾਂ ਨੇ ਛਤਰੀਆਂ ਵੀ ਓਥੇ ਹੀ ਮੰਗਵਾ ਲਈਆਂ, ਬੱਸ ਇਹੋ ਫਿਕਰ ਸੀ ਕਿ ਲਾਈਨ ਵਿਚੋਂ ਵਾਰੀ ਨਾ ਕਿਧਰੇ ਖੁੰਝ ਜਾਵੇ, ਉਂਜ ਤਾਂ ਕਈ ਪੰਜ ਜਾਂ ਦਸ ਰੁਪਏ ਵਧ ਦੇ ਕੇ ਵੀ ਕੰਮ ਕਰਵਾ ਲੈਂਦੇ ਹਨ। ਆਪਾਂ ਨੂੰ ਮਨੁੱਖਾ ਜਨਮ ਸਾਰੇ ਦੁਖਾਂ ਦੇ ਖਾਤਮੇਂ ਲਈ ਜਿਹੜਾ 83 ਲੱਖ 99,999 ਜੂਨਾਂ ਤੋਂ ਬਾਅਦ ਵਾਰੀ ਵਿਚ ਮਿਲਿਆ ਹੈ, ਜਿਸ ਦਾ ਪਰਮ ਮਨੋਰਥ ਪ੍ਰਭੂ ਪ੍ਰਾਪਤੀ ਹੈ ਪਰ ਇਹ ਹਰ ਵਾਰੀ ਆਪਣੀ ਵਾਰੀ ਤੋਂ ਖੁੰਝ ਜਾਂਦਾ ਹੈ। ਮਹਾਰਾਜ ਕਹਿੰਦੇ ਹਨ ਕਿ ਇਹ ਮਨੁੱਖ ਇਕ ਵਾਰੀ ਹੀ ਮਨੁਖ ਨਹੀਂ ਬਣਿਆ ਬਲਕਿ ਕਰੋੜਾਂ ਵਾਰੀ ਬਣ ਚੁਕਿਆ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ।।***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***
***ਪੰਨਾ - 268***

ਮਨੁੱਖ ਹਰ ਵਾਰੀ ਮਾਇਆ ਦੇ ਜਾਲ ਵਿਚ ਫਸ ਕੇ ਆਪਣੀ ਵਾਰੀ ਤੋਂ ਖੁੰਝ ਜਾਂਦਾ ਹੈ, ਇਸ ਮਾਇਆ ਦੀ ਵਾੜ ਵਿਚ ਫਸ ਜਾਂਦਾ ਹੈ, ਉਹਦੇ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਗੁਰੂ ਨਾ ਧਾਰਨ ਕਰੇ - ਗੁਰੂ ਧਾਰਨ ਕੀਤੇ ਬਗੈਰ ਰਾਹ ਨਹੀਂ ਲੱਭਦਾ ਅਤੇ ਨਾ ਹੀ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਨਾਮ ਦੀ ਕਮਾਈ ਕਰ ਸਕਦਾ ਹੈ, ਨਾਮ ਜਪੇ ਬਗੈਰ ਗਿਆਨ ਪ੍ਰਾਪਤ ਨਹੀਂ ਹੁੰਦਾ, ਕਰਮ, ਉਪਾਸਨਾ, ਗਿਆਨ, ਵਿਗਿਆਨ ਇਹ ਚਾਰ ਅਵਸਥਾਵਾਂ ਹੁੰਦੀਆਂ ਹਨ, ਇਹ ਢੰਗ ਨਾਲ ਹੀ ਆਉਂਦੀਆਂ ਹਨ।

ਇਹ ਗੱਲ ਇਕ ਮਿਸਾਲ ਨਾਲ ਸਮਝ ਆ ਜਾਵੇਗੀ, ਇਕ ਰਾਜੇ ਨੇ ਕਿਲਾ ਬਣਾਇਆ ਅਤੇ ਉਸ ਦੇ ਚੌਰਾਸੀ ਦਰਵਾਜੇ ਰੱਖੇ, ਇਹ ਕਿਲਾ ਗੋਲ ਸ਼ਕਲ ਦਾ ਸੀ ਉਹਦੇ ਵਿਚ ਕੋਈ ਨੇਤ੍ਰਹੀਣ ਮਨੁੱਖ ਆ ਵੜਿਆ, ਉਸ ਨੇ ਟੁਰਨਾ ਸ਼ੁਰੂ ਕੀਤਾ, ਜਿਧਰ ਜਾਵੇ ਕੰਧ ਆ ਜਾਵੇ, ਜਿਧਰ ਜਾਵੇ ਕੰਧ ਆ ਜਾਵੇ, ਅਖੀਰ ਤੇ ਰੋਣ ਲਗ ਪਿਆ, ਬਾਰ ਬਾਰ ਅਵਾਜ਼ਾਂ ਦਿੰਦਾ ਹੈ

ਕਿ ਕੋਈ ਅੱਖਾਂ ਵਾਲਾ ਮੈਨੂੰ ਆ ਕੇ ਦੱਸੇ, ਮੈਂ ਕਿਥੇ ਆ ਗਿਆ ਹਾਂ, ਮੈਂ ਇਥੇ ਸਵੇਰ ਦਾ ਫਸਿਆ ਬੈਠਾ ਹਾਂ। ਕਿਸੇ ਮਹਾਂਪੁਰਸ਼ ਨੇ ਆ ਕੇ ਦਸਿਆ ਕਿ ਤੂੰ ਗੋਲ ਸ਼ਕਲ ਦੇ ਕਿਲੇ ਵਿਚ ਵੜ ਗਿਆ ਹੈਂ ਜਿਸਦੇ ਅੰਦਰ ਚੌਰਾਸੀ ਦਰਵਾਜ਼ੇ ਲੱਗੇ ਹਨ, 83 ਦਰਵਾਜ਼ਿਆਂ ਨੂੰ ਤਾਂ ਤਾਲਾ ਲੱਗਾ ਹੈ ਕੇਵਲ ਇਹੋ ਹੀ ਖੁਲ੍ਹਾ ਹੈ, ਤੂੰ ਭਾਈ! ਇਸ ਤਰ੍ਹਾਂ ਕਰ ਕਿ ਕੰਧ ਨੂੰ ਹੱਥ ਲਾ ਲੈ, ਜਿਥੇ ਖੁਲ੍ਹਾ ਦਰਵਾਜ਼ਾ ਆਵੇਗਾ ਉਥੋਂ ਤੂੰ ਬਾਹਰ ਨਿਕਲ ਜਾਈਂ। ਇਸ ਪ੍ਰੇਮੀ ਨੇ ਇਸ ਤਰ੍ਹਾਂ ਹੀ ਮੰਨ ਲਿਆ ਅਤੇ ਕੰਧ ਨਾਲ ਟੁਰਨਾ ਸ਼ੁਰੂ ਕਰ ਦਿਤਾ, ਜਦੋਂ ਖੁਲ੍ਹਾ ਦਰਵਾਜ਼ਾ ਆਇਆ ਇਸ ਨੂੰ ਸ਼ਹਿਦ ਦੀਆਂ ਮੱਖੀਆਂ ਲੜ ਗਈਆਂ। ਇਹ ਖਾਜ ਕਰਨ ਲਗ ਪਿਆ ਤੇ ਖੁਲ੍ਹੇ ਦਰਵਾਜ਼ੇ ਕੋਲੋਂ ਛੇਤੀ-ਛੇਤੀ ਲੰਘ ਗਿਆ, ਮੁੜ ਕੇ ਫੇਰ ਕੰਧ ਨੂੰ ਹੱਥ ਲਾ ਲਿਆ, ਫਿਰ ਗਿਣਤੀ ਸ਼ੁਰੂ ਕਰ ਲਈ, ਪਤਾ ਨਹੀਂ ਚਾਲੀਵਾਂ ਦਰਵਾਜ਼ਾ ਸੀ ਜਾਂ ਸੱਠਵਾਂ ਸੀ ਫੇਰ 120 ਦਰਵਾਜ਼ੇ ਲੰਘ ਗਏ ਤਾਂ ਕਹਿਣ ਲੱਗਿਆ ਕਿ ਦੇਖੋਂ ਮੇਰੇ ਅੰਨ੍ਹੇ ਨਾਲ ਵੀ ਕਿਸੇ ਨੇ ਮਖੌਲ ਕੀਤਾ ਹੈ, ਅੱਖਾਂ ਵਾਲਿਆਂ ਦਾ ਫਰਜ਼ ਹੁੰਦਾ ਹੈ ਕਿ ਅੰਨ੍ਹੇ ਨੂੰ ਰਸਤਾ ਦਸਣਾ ਤੇ ਹਮਦਰਦੀ ਕਰਨੀ, ਮੇਰੀਆਂ ਅੱਖਾਂ ਵਿਚ ਤਾਂ ਜੋਤ ਨਹੀਂ ਹੈ ਮੇਰੇ ਨਾਲ ਹਮਦਰਦੀ ਕਰਨ ਦੀ ਬਜਾਏ ਧੋਖਾ ਕੀਤਾ ਹੈ, ਉਨ੍ਹਾਂ ਮਹਾਂਪੁਰਸ਼ਾਂ ਨੇ ਫੇਰ ਇਹਦੀ ਅਵਾਜ਼ ਸੁਣੀ ਤੇ ਪੁਛਿਆ, "ਤੂੰ ਫੇਰ ਕਿਉਂ ਰੋਣ ਲਗ ਪਿਆ ਹੈਂ?" ਕਹਿਣ ਲੱਗਿਆ, "ਮਹਾਰਾਜ ਤੁਸੀਂ ਤਾਂ ਮੇਰੇ ਨਾਲ ਮਖੌਲ ਕੀਤਾ ਹੈ। ਮਹਾਂਪੁਰਖਾਂ ਨੇ ਕਿਹਾ ਕਿ ਅਸੀਂ ਮਖੌਲ ਨਹੀਂ ਕੀਤਾ - ਅਸੀਂ ਤੈਨੂੰ ਸੱਚੀ ਗੱਲ ਦੱਸੀ ਸੀ, ਪਰ ਤੂੰ ਇਹ ਦਸ ਕਿ ਤੂੰ ਕਿਧਰੇ ਕੰਧ ਤੋਂ ਹੱਥ ਤਾਂ ਨਹੀਂ ਸੀ ਚੱਕਿਆ। ਕਹਿਣ ਲਗਾ, "ਚੁਕਿਆ ਸੀ ਅਤੇ ਮੈਂ ਹੱਥ ਚੁੱਕ ਕੇ ਟੁਰਦਾ ਹੀ ਰਿਹਾ, ਉਸ ਨੇ ਦੱਸਿਆ ਮੇਰੇ ਸਿਰ ਵਿਚ ਮੱਖੀ ਲੜ ਗਈ ਸੀ। ਓਥੇ ਮੈਂ ਸਿਰ ਵਿਚ ਖੁਰਕ ਕਰਨ ਲਗ ਗਿਆ - ਹੱਥ ਚੁਕ ਕੇ ਅਤੇ ਤੁਰੀ ਭੀ ਗਿਆ। ਸੋ ਮਹਾਂਪੁਰਸ਼ਾਂ ਨੇ ਸਮਝਾਇਆ ਕਿ ਹੁਣ ਕੰਧ ਤੋਂ ਹੱਥ ਨਾ ਚੁਕੀਂ ਇਸ ਤਰ੍ਹਾਂ ਉਹ ਖੁਲ੍ਹੇ ਦਰਵਾਜ਼ੇ ਤਕ ਪਹੁੰਚ ਗਿਆ ਤੇ ਬਾਹਰ ਨਿਕਲ ਗਿਆ। ਇਹ ਇਕ ਦ੍ਰਿਸ਼ਟਾਂਤ ਹੈ, ਸਾਧਸੰਗਤ ਜੀ।

ਇਸੇ ਤਰ੍ਹਾਂ ਵਾਹਿਗੁਰੂ ਜੀ ਨੇ ਜੋ ਕਿ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, 83 ਲੱਖ ਨੜ੍ਹਿਨਵੇਂ ਹਜ਼ਾਰ ਨੌਂ ਸੌ ਨੜ੍ਹਿਨਵੇਂ ਜੂਨਾਂ ਦਾ ਗੋਲ ਸ਼ਕਲ ਦਾ ਸੰਸਾਰ ਰਚਿਆ ਹੈ - ਇਤਨੇ ਦਰਵਾਜ਼ੇ ਤਾਂ ਬੰਦ ਕਰ ਦਿਤੇ ਅਤੇ ਜੀਵ ਭਟਕਣ ਲਗ ਪਿਆ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***

***ਚਿਰੰਕਾਲ ਇਹ ਦੇਹ ਸੰਜਰੀਆ॥***
***ਪੰਨਾ - 176***

ਕੀੜੇ, ਮਕੌੜੇ, ਹਾਥੀ, ਹਿਰਨ, ਘੋੜੇ, ਕੁੱਤੇ, ਬਿੱਲੇ, ਸੱਪ ਬਣਦਾ ਬਣਦਾ ਹੁਣ ਮਨੁੱਖ ਦੇ ਸਰੀਰ ਵਿਚ ਆ ਗਿਆ, ਹੁਣ ਖੁਲ੍ਹਾ ਦਰਵਾਜ਼ਾ ਆ ਗਿਆ ਪਰ ਹੁਣ ਇਸ ਨੂੰ ਵਿਸ਼ੇ ਵਿਕਾਰਾਂ ਦੀ ਮੱਖੀ ਲੜ ਗਈ, ਗਾਫਲ ਹੋ ਕੇ ਟੁਰਿਆ ਜਾ ਰਿਹਾ ਹੈ, ਇਕ ਦਿਨ ਉਹ ਸਮਾਂ ਆ ਜਾਣਾ ਹੈ, ਜਦੋਂ ਸੰਸਾਰ ਤੋਂ ਚਲੇ ਜਾਣਾ ਹੈ ਉਸ ਵੇਲੇ -

***ਕਹੁ ਕਬੀਰ ਤਬ ਹੀ ਨਰੁ ਜਾਗੈ॥***
***ਜਮ ਕਾ ਡੰਡੁ ਮੂੰਡ ਮਹਿ ਲਾਗੈ॥***
***ਪੰਨਾ - 870***

ਜਦੋਂ ਸਿਰ ਵਿਚ ਡੰਡਾ ਪੈਣਾ ਹੈ ਫਿਰ ਇਸ ਜੀਵ ਨੂੰ ਧਿਆਨ ਆਏਗਾ ਕਿ ਸਮਾਂ ਤਾਂ ਸਾਰਾ ਹੀ ਲੰਘ ਗਿਆ, ਹੁਣ ਫੇਰ ਤੇ ਐਡਾ ਲੰਮਾ ਚੱਕਰ ਸ਼ੁਰੂ ਹੋ ਜਾਵੇਗਾ, ਫੇਰ ਜੰਮੀ ਜਾਂਦਾ ਹੈ, ਮਰੀ ਜਾਂਦਾ ਹੈ ਫੇਰ ਜਦੋਂ ਮਨੁੱਖ ਜਨਮ ਦੀ ਵਾਰੀ ਆਉਂਦੀ ਹੈ, ਫੇਰ ਭੁੱਲ ਜਾਂਦਾ ਹੈ।

ਇਸ ਨੂੰ ਬਾਰ-ਬਾਰ ਮਹਾਂਪੁਰਸ਼, ਗੁਰੂ, ਵੇਦ, ਸਿਮ੍ਰਤੀਆਂ ਆਦਿ ਜਗਾਉਂਦੀਆਂ ਹਨ, ਕੁਰਾਨ ਸ਼ਰੀਫ ਜਗਾ ਰਿਹਾ ਹੈ, ਬਾਈਬਲ ਅਵਾਜ਼ ਮਾਰ ਮਾਰ ਕੇ ਜਗਾ ਰਹੀ ਹੈ, ਤੌਰੇਤ, ਅੰਜੀਰ, ਜੰਬੂਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਹੋਰ ਸਾਰੇ ਧਰਮ ਗ੍ਰੰਥ ਬਾਰ-ਬਾਰ ਮਨੁੱਖ ਨੂੰ ਸਮਝਾ ਰਹੇ ਹਨ ਕਿ ਤੂੰ ਸਮਝ ਜਾ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ।।***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।।***
***ਪੰਨਾ - 12***

ਜਿਹੜੇ ਕੰਮਾਂ ਵਿਚ ਤੂੰ ਲੱਗਾ ਹੋਇਆ ਹੈਂ, ਉਹ ਕਿਸੇ ਕੰਮ ਨਹੀਂ ਆਉਣੇ। ਇਹ ਦੇਹੀ ਤਾਂ ਬੜੀ ਕੀਮਤੀ ਹੈ, ਪਿਛਲੇ ਸਾਲ ਜਰਮਨ ਦੇ ਡਾਕਟਰਾਂ ਨੇ ਇਸ ਮਨੁੱਖ ਦੇ ਸਰੀਰ ਦਾ ਮੁੱਲ ਪਾਇਆ ਹੈ, ਇਕੱਲੇ ਦਿਮਾਗ ਦਾ 72 ਖਰਬ ਰੁਪਏ ਮੁੱਲ ਪਾਇਆ ਹੈ, ਐਨਾ ਹਿੰਦੁਸਤਾਨ ਕੋਲ ਪੈਸਾ ਨਹੀਂ ਜਿੰਨਾ ਬਾਕੀ ਚੀਜ਼ਾਂ ਦਾ ਮੁੱਲ ਹੈ, ਦੇਖਣ ਵਾਲੀ ਸ਼ਕਤੀ ਦਾ, ਸੁਣਨ ਵਾਲੀ ਸ਼ਕਤੀ ਦਾ, ਇਕੱਲੇ-ਇਕੱਲੇ ਸੁਆਸ ਦਾ ਕੋਈ ਮੁੱਲ ਨਹੀਂ ਹੈ, ਸਰੀਰ ਵਿਚ ਜੋ ਆਤਮਾ ਹੈ, ਜੋਤ ਹੈ ਇਹ ਸਰੀਰ ਬਹੁਤ ਕੀਮਤੀ ਹੈ ਪਰ ਜੀਵ ਗਾਫਲ ਹੋ ਜਾਂਦਾ ਹੈ, ਸਵਰਗਾਂ ਵਿਚ ਬੈਠੇ ਦੇਵਤੇ ਭੀ ਇਸ ਦੇਹੀ ਨੂੰ ਲੋਚਦੇ ਹਨ, ਬਾਣੀ ਦਾ ਫੁਰਮਾਨ ਹੈ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਪੰਨਾ - 1159*

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਜਿਹੜੀ ਦੇਹੀ ਨੂੰ - 2, 2.*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ, ਪਿਆਰਿਆ! ਪਿਆਰਿਆ!*
*ਉਹ ਦੇਹੀ ਤੈਨੂੰ ਮਿਲ ਗਈ, ਜਿਹੜੀ ਦੇਹੀ ਨੂੰ - 2.*

ਇਕ ਸਵਾਲ ਆਉਂਦਾ ਹੈ ਕਿ ਤੂੰ ਖਾ ਪੀ ਕਿਉਂ ਰਿਹਾ ਹੈ, ਇਤਨਾ ਤਕੜਾ ਕਿਉਂ ਹੋ ਰਿਹਾ ਹੈਂ, ਫਿਰ ਅਗਲਾ ਸਵਾਲ ਆਉਂਦਾ ਹੈ ਕਿ ਤੂੰ ਸਿਰਫ ਖਾਣ ਪੀਣ ਵਾਸਤੇ ਹੀ ਜਿਉਂਦਾ ਰਹਿ ਰਿਹਾ ਹੈਂ ਪਰ ਵਾਹਿਗੁਰੂ ਜੀ ਨੇ ਤਾਂ ਮਾਨਸ ਦੇਹੀ ਇਸ ਕਰਕੇ ਦਿਤੀ ਹੈ ਕਿ ਜੋ ਇਸ ਨੂੰ ਜੰਮਣ ਮਰਨ ਦਾ ਦੁੱਖ ਚਿੰਬੜਿਆ ਹੋਇਆ ਹੈ, ਜੂਨਾਂ ਵਿਚ ਘੁੰਮਦਾ ਫਿਰਦਾ ਹੈ, ਮਨੁੱਖ ਬੰਦਗੀ ਕਰਕੇ ਇਸ ਤੋਂ ਛੁਟਕਾਰਾ ਪਾ ਲਵੇ, ਤਾਂ ਕਿ ਇਸ ਨੂੰ ਪਰਮ ਸੁੱਖ ਦੀ ਅਵਸਥਾ ਪ੍ਰਾਪਤ ਹੋ ਜਾਵੇ, ਉਹ ਸੁੱਖ ਜੋ ਕਦੀ ਵੀ ਨਾਸ਼ ਹੋਣ ਵਾਲਾ ਨਾ ਹੋਵੇ - ਮਹਾਰਾਜ ਦਾ ਫੁਰਮਾਨ ਹੈ ਕਿ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ॥*
*ਮਾਨਸੁ ਜਨਮ ਕਾ ਏਹੀ ਲਾਹੁ॥*
*ਪੰਨਾ - 1159*

ਜਿੰਨਾਂ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਾ, ਬੁਢਾਪੇ ਦਾ ਰੋਗ ਬਹੁਤ ਬੁਰਾ ਹੁੰਦਾ ਹੈ, ਦਵਾਈਆਂ ਖਾਈ ਜਾਂਦਾ ਹੈ ਪਰ ਆਰਾਮ ਹੀ ਨਹੀਂ ਆਉਂਦਾ–

*ਜਬੁ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਪੰਨਾ - 1159*

ਜਦੋਂ ਤਕ ਕੋਈ ਮਾਰ ਦੇਣ ਵਾਲੀ ਬੀਮਾਰੀ ਨਾ ਲਗ ਜਾਵੇ ਜੇ ਕੈਂਸਰ

ਹੋ ਜਾਵੇ, ਆਦਮੀ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਹੁਣ ਨਹੀਂ ਬਚਦਾ -

*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ।। ਪੰਨਾ - 1159*

ਜਦੋਂ ਐਸਾ ਸਮਾਂ ਆ ਜਾਵੇ ਕਿ ਜੁਬਾਨ ਤੋਤਲੀ ਬੋਲਣ ਲਗਜਾਵੇ ਉਸ ਤੋਂ ਪਹਿਲਾਂ ਕੀਰਤਨ ਵਿਚ ਬੋਲਦੇ, ਜੁਬਾਨ ਨੂੰ ਸਫਲੀ ਕਰ ਲੈ, ਨਾਮ ਜਪ ਲੈ ਪ੍ਰਮੇਸ਼ਰ ਦਾ ਭਜਨ ਕਰ ਲੈ -

*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ।।*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*
*ਪੰਨਾ - 1159*

ਫਿਰ ਸਮਾਂ ਹੱਥ ਨਹੀਂ ਆਉਣਾ, ਆਪਣੇ ਪੱਲੇ ਕੇਵਲ ਪਛਤਾਵਾ ਹੀ ਰਹਿ ਜਾਂਦਾ ਹੈ -

ਸੋ ਆਦਮੀ ਨੂੰ ਪਰਮ ਸੁੱਖ ਪ੍ਰਾਪਤ ਕਰਨ ਵਾਸਤੇ, ਜੀਵਨ ਪ੍ਰਾਪਤ ਹੋਇਆ ਹੈ, ਪਰਮ ਸੁਖ ਮਿਲਦਾ ਹੈ -

*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*

*ਪੰਨਾ - 714*

ਜੇ ਤੂੰ ਐਸਾ ਸੁੱਖ ਮੰਗਦਾ ਹੈਂ ਜੋ ਕਦੀ ਵੀ ਖਤਮ ਨਾ ਹੋਵੇ, ਪਰ ਸੰਸਾਰ ਵਿਚ ਕੋਈ ਵੀ ਦੁੱਖ ਨਹੀਂ ਮੰਗਦਾ, ਪਰ ਇਤਿਹਾਸ ਵਿਚ ਇਕ ਮਿਸਾਲ ਹੈ, ਉਹ ਕੁੰਤੀ ਦੀ ਹੈ ਜੋ ਕਿ ਪਾਂਡਵਾਂ ਦੀ ਮਾਂ ਸੀ, ਉਹ ਭਜਨ ਕਰਨ ਤੋਂ ਬਾਅਦ ਸਦਾ ਦੁੱਖ ਮੰਗਦੀ ਸੀ। ਕੁੰਤੀ ਨੂੰ ਪੁਛਿਆ ਗਿਆ ਕਿ ਤੂੰ ਦੁਖ ਕਿਉਂ ਮੰਗਦੀ ਹੈਂ? ਜਵਾਬ ਦਿਤਾ ਕਿ ਸੁਖਾਂ ਵਿਚ ਪ੍ਰਮੇਸ਼ਰ ਭੁੱਲ ਜਾਂਦਾ ਹੈ ਅਤੇ ਜੀਵ ਨਰਕਾਂ ਵਿਚ ਚਲਾ ਜਾਂਦਾ ਹੈ, ਜਿਸ ਤਰ੍ਹਾਂ ਕਿ ਫੁਰਮਾਨ ਹੈ ਤਪੋ ਰਾਜ ਤੇ ਰਾਜੋ ਨਰਕ। ਅਸੀਂ ਹਿੰਦੁਸਤਾਨ ਦੇ ਚਕਰਵਰਤੀ ਰਾਜੇ ਹਾਂ ਜੇਕਰ ਸਾਨੂੰ ਕੋਈ ਦੁਖ ਪਿਆ ਰਹੇ ਤਾਂ ਮੇਰੇ ਬੱਚੇ ਪ੍ਰਮੇਸ਼ਰ ਨੂੰ ਨਹੀਂ ਭੁੱਲਣਗੇ, ਬਾਕੀ ਸਾਰਾ ਸੰਸਾਰ ਸੁੱਖ ਮੰਗਦਾ ਹੈ, ਪਰ ਸੁਖ ਦੀ ਖੋਜ ਦਾ ਨਹੀਂ ਪਤਾ ਕਿ ਸੁਖ ਹੈ ਕਿਥੇ? ਇਕ ਵਾਰੀ ਇਕ ਰਾਜਾ ਸੀ, ਉਸ ਦੀ ਲੜਕੀ ਇਸ਼ਨਾਨ ਕਰਨ ਗਈ, ਇਸ਼ਨਾਨ ਕਰਨ ਸਮੇਂ ਉਸ ਨੇ ਆਪਣਾ ਨੌਂ ਲੱਖਾ ਹਾਰ ਉਤਾਰ ਕੇ ਰੱਖ ਦਿਤਾ, ਸੋਨੇ ਵਿਚ ਹੀਰੇ, ਜਵਾਹਰਾਤ ਲਾਲ ਜੜ੍ਹੇ ਹੋਏ ਸੀ, ਜਦੋਂ ਰਾਜਕੁਮਾਰੀ ਇਸ਼ਨਾਨ ਕਰ ਰਹੀ ਸੀ, ਇਕ ਇੱਲ ਆਈ

ਤੇ ਹਾਰ ਚੁੱਕ ਕੇ ਲੈ ਗਈ ਜਦੋਂ ਲੜਕੀ ਇਸ਼ਨਾਨ ਕਰਨ ਤੋਂ ਬਾਅਦ ਆਪਣਾ ਹਾਰ ਪਾਉਣ ਲੱਗੀ ਤਾਂ ਹਾਰ ਹੈ ਹੀ ਨਹੀਂ ਸੀ, ਬਹੁਤ ਰੌਲਾ ਪੈ ਗਿਆ, ਪੁਛ ਗਿੱਛ ਸ਼ੁਰੂ ਹੋ ਗਈ, ਰਾਜੇ ਨੇ ਐਲਾਨ ਕਰ ਦਿਤਾ ਕਿ ਮੈਂ ਬਹੁਤ ਵੱਡਾ ਇਨਾਮ ਦੇਵਾਂਗਾ ਜੋ ਹਾਰ ਲੱਭ ਕੇ ਲਿਆਏਗਾ। ਕਿਸੇ ਨੂੰ ਹਾਰ ਨਾ ਲੱਭਾ।

ਇਕ ਦਿਨ ਇਕ ਲੱਕੜਹਾਰਾ, ਗਰਮੀ ਤੋਂ ਤੰਗ ਆ ਕੇ, ਸਰੋਵਰ ਦੇ ਕੰਢੇ ਤੇ ਆ ਕੇ ਆਰਾਮ ਕਰਨ ਲਗ ਪਿਆ। ਪਾਣੀ ਪੀਤਾ, ਮੂੰਹ ਹੱਥ ਧੋਤਾ ਤੇ ਗਰਮੀ ਸੁਕਾਉਣ ਲਗ ਪਿਆ, ਅਚਾਨਕ ਉਸ ਦੀ ਨਜ਼ਰ ਪਾਣੀ ਵਿਚ ਪਈ ਤਾਂ ਕੀ ਦੇਖਿਆ ਕਿ ਇਕ ਹਾਰ ਨਜ਼ਰ ਆਇਆ, ਲੱਕੜਹਾਰੇ ਨੇ ਸੋਚਿਆ ਕਿ ਹੁਣ ਤਾਂ ਮੌਜਾਂ ਬਣ ਗਈਆਂ, ਹੁਣ ਮੇਰੀ ਕਿਸਮਤ ਬਦਲ ਜਾਵੇਗੀ, ਬੈਠੇ ਬੈਠੇ ਨੇ ਮਨ ਵਿਚ ਕਈ ਸਕੀਮਾਂ ਬਣਾ ਲਈਆਂ ਕਿ ਹੁਣ ਮੈਂ ਵੱਡਾ ਆਦਮੀ ਬਣ ਜਾਵਾਂਗਾ, ਲੱਖਾਂ ਰੁਪਏ ਮਿਲ ਜਾਣਗੇ, ਮੈਂ ਕੋਠੀਆਂ ਖਰੀਦ ਲਵਾਂਗਾ, ਮਾਲ ਡੰਗਰ ਆਦਿ ਰਖ ਲਵਾਂਗਾ, ਜ਼ਮੀਨਾਂ ਖਰੀਦ ਲਵਾਂਗਾ, ਹੁਣ ਮੈਂ ਹਾਰ ਕੱਢ ਲਵਾਂ, ਇਕ ਦਮ ਪਾਣੀ ਵਿਚ ਛਾਲ ਮਾਰੀ, ਹਾਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਹੱਥ ਵਿਚ ਕੇਵਲ ਗਾਰਾ ਹੀ ਆ ਗਿਆ, ਲੱਕੜਹਾਰੇ ਨੇ ਪਾਣੀ ਵਿਚ ਕਈ ਵਾਰੀ ਹੱਥ ਮਾਰਿਆ ਪਰ ਹਾਰ ਤਾਂ ਹੱਥ ਨਾ ਲੱਗਾ ਕੇਵਲ ਗਾਰਾ ਹੀ ਹੱਥ ਵਿਚ ਆਉਂਦਾ ਰਿਹਾ। ਫਿਰ ਉਸ ਨੇ ਸੋਚਿਆ ਕਿ ਰਾਜੇ ਨੇ ਇਹ ਵੀ ਤਾਂ ਕਿਹਾ ਸੀ ਜਿਹੜਾ ਹਾਰ ਦੀ ਦੱਸ ਵੀ ਪਾਏਗਾ ਉਸ ਨੂੰ ਇਨਾਮ ਮਿਲੇਗਾ। ਜਦੋਂ ਰਾਜੇ ਨੂੰ ਜਾ ਕੇ ਦੱਸਿਆ ਕਿ ਹਾਰ ਦਾ ਪਤਾ ਲਗ ਗਿਆ ਹੈ – ਰਾਜੇ ਨੇ ਹਾਰ ਲੱਭਣ ਵਾਸਤੇ ਨਾਲ ਪੁਲਿਸ ਭੇਜ ਦਿਤੀ, ਗੋਤੇਖੋਰ ਨਾਲ ਚਲੇ ਗਏ, ਰਾਜੇ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਜਾਣ ਵਾਸਤੇ ਕਿਹਾ ਕਿ ਜਿਥੇ ਪਾਣੀ ਵਿਚ ਹਾਰ ਪਿਆ ਹੈ, ਉਥੋਂ ਕੱਢ ਲਿਆਵੋ, ਗੋਤੇ ਖੋਰਾਂ ਨੇ ਬਹੁਤ ਕੋਸ਼ਿਸ਼ ਕੀਤੀ, ਬਾਰ-ਬਾਰ ਮਿੱਟੀ ਬਾਹਰ ਸੁੱਟੀ ਜਾਣ ਪਰ ਹਾਰ ਹੱਥ ਵਿਚ ਨਾ ਆਵੇ, ਸਾਰੇ ਬੜੇ ਪਰੇਸ਼ਾਨ ਹੋਏ, ਐਨੀ ਦੇਰ ਵਿਚ ਇਕ ਮਹਾਤਮਾ ਉਧਰੋਂ ਦੀ ਲੰਘ ਰਹੇ ਸੀ, ਉਨ੍ਹਾਂ ਨੇ ਰੌਲਾ ਗੋਲਾ ਸੁਣ ਕੇ ਪੁਛਿਆ, "ਭਾਈ! ਕੀ ਗੱਲ ਹੈ? ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਰਾਜੇ ਦੀ ਲੜਕੀ ਦਾ ਹਾਰ ਗਵਾਚ ਗਿਆ, ਪਾਣੀ ਵਿਚ ਨਜ਼ਰ ਤਾਂ ਆਉਂਦਾ ਹੈ, ਪਰ ਹੱਥ ਨਹੀਂ ਲਗਦਾ।" ਮਹਾਤਮਾ ਨੇ ਕਿਹਾ ਜ਼ਰਾ ਪਾਣੀ ਟਿਕ ਲੈਣ ਦਿਓ ਜਦੋਂ ਪਾਣੀ ਟਿਕ ਗਿਆ ਤਾਂ ਮਹਾਤਮਾ ਨੇ ਦੇਖਿਆ ਕਿ ਪਾਣੀ ਵਿਚ ਤਾਂ ਹਾਰ ਦਾ ਪਰਛਾਵਾਂ ਪੈ ਰਿਹਾ ਹੈ, ਮਹਾਤਮਾ ਨੇ ਰਾਜੇ ਨੂੰ ਕਿਹਾ ਕਿ ਕਿਸੇ ਬੰਦੇ ਨੂੰ ਇਸ ਪੇੜ ਤੇ ਚੜ੍ਹਾ ਦੇਵੋ, ਉਹ ਦੇਖੋ ਹਾਰ ਤਾਂ ਉਪਰ ਇੱਲ ਦੇ ਆਲ੍ਹਣੇ ਵਿਚ ਪਿਆ ਹੈ, ਬੰਦਾ ਉਪਰ ਚੜ੍ਹ ਕੇ ਹਾਰ ਲੈ ਆਇਆ।

ਸਾਧ ਸੰਗਤ ਜੀ! ਇਹ ਇਕ ਦ੍ਰਿਸ਼ਟਾਂਤ ਹੈ, ਗੱਲ ਇਹ ਹੈ ਕਿ

ਦੁਨੀਆਂ ਸੁਖ ਦੀ ਭਾਲ ਕਰਦੀ ਹੈ, ਕੋਈ ਤਾਂ ਸੁਖ ਨੌਕਰੀਆਂ ਚਾਕਰੀਆਂ ਵਿਚੋਂ ਭਾਲਦੇ ਹਨ, ਕਈ ਵਣਜ ਵਪਾਰ ਵਿਚੋਂ ਸੁੱਖ ਦੀ ਤਲਾਸ਼ ਕਰਦੇ ਹਨ, ਕੋਈ ਬੱਚਿਆਂ ਨੂੰ ਬਹੁਤੀ ਪੜ੍ਹਾਈ ਕਰਾ ਕੇ, ਪਿਆਰ ਕਰਕੇ ਸੁੱਖ ਚਾਹੁੰਦਾ ਹੈ, ਕੋਈ ਖਾਣ ਪੀਣ ਵਿਚੋਂ, ਕੋਈ ਵਿਦੇਸ਼ਾਂ ਨੂੰ ਜਾ ਕੇ ਸੁੱਖ ਦੀ ਤਲਾਸ਼ ਕਰਦਾ ਹੈ, ਕੋਈ ਬਰਫਾਂ ਦੇ ਪਹਾੜਾਂ ਤੇ ਪਹਿਰੇ ਦੇ ਕੇ ਸੁਖ ਦੀ ਆਸ ਕਰਦਾ ਹੈ, ਲੇਕਿਨ ਇਸ ਤਰ੍ਹਾਂ ਸੁੱਖ ਨਹੀਂ ਮਿਲਦਾ, ਸੁਖ ਉਥੋਂ ਹੀ ਮਿਲਦਾ ਹੈ ਜਿਥੇ ਸੁੱਖ ਹੁੰਦਾ ਹੈ, ਜੇ ਤੂੰ ਸਦਾ ਦਾ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਰਾਮ ਦੀ ਸ਼ਰਣ ਲੈ ਲੈ।

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥*
*ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥*
*ਪੰਨਾ - 1427*

ਨਾਮ ਤੋਂ ਬਿਨਾਂ ਕਿਧਰੇ ਵੀ ਸੁਖ ਨਹੀਂ ਮਿਲਦਾ, ਸਾਰਾ ਸੰਸਾਰ ਦੁਖ ਨਾਲ ਪੀੜਿਆ ਜਾ ਰਿਹਾ ਹੈ ਪਰ ਸਮਝ ਨਹੀਂ ਸਕਦਾ ਕਿ ਸੁੱਖ ਤਾਂ ਕੇਵਲ ਨਾਮ ਵਿਚ ਹੈ, ਨਾਮ ਹੀ ਸੁਖ ਦਿਆ ਕਰਦਾ ਹੈ।

*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*

*ਪੰਨਾ - 714*

ਜੇ ਤੂੰ ਕੇਵਲ ਨਾਰਾਇਣ ਦਾ ਸਿਮਰਨ ਕਰੇਂਗਾ ਤਾਂ ਤੈਨੂੰ ਸੁੱਖ ਦੀ ਪ੍ਰਾਪਤੀ ਹੋ ਜਾਵੇਗੀ, ਮਨ ਵਿਚ ਧੀਰਜ ਆ ਜਾਂਦਾ ਹੈ।

*ਧਾਰਨਾ - ਕਿਤ ਬਿਧ ਮਨ ਧੀਰੇ ਜੀ - 2, 2*
*ਬਿਨ ਹਰਿ ਨਾਮ ਨ ਸ਼ਾਂਤ ਹੋਇ - 2, 2.*
*ਕਿਤ ਬਿਧ ਮਨ ਧੀਰੇ ਜੀ - 2*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*

*ਪੰਨਾ - 707*

ਦੁਨੀਆਂ ਵਿਚ ਦੌਲਤ ਦੇ ਅੰਬਾਰ ਲੱਗੇ ਹੋਣ।

ਗੁਰੂ ਨਾਨਕ ਸਾਹਿਬ ਮਹਾਰਾਜ ਉੜੀਸਾਂ ਵਿਚ ਬੈਠੇ ਹਨ, ਉਥੇ ਅਚਾਨਕ ਹੀ ਬਹੁਤ ਕਾਲੀ ਬੋਲੀ ਹਨ੍ਹੇਰੀ ਉਠੀ, ਦਰਖਤਾਂ ਨੂੰ ਤੋੜਦੀ ਤੁਰੀ

ਆ ਰਹੀ ਹੈ, ਜਦੋਂ ਮਰਦਾਨੇ ਨੇ ਦੇਖੀ ਤਾਂ ਘਬਰਾ ਕੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਇਹ ਹਨ੍ਹੇਰੀ ਤਾਂ ਸਾਨੂੰ ਵੀ ਓਡਾ ਕੇ ਲੈ ਜਾਵੇਗੀ, ਗੁਰੂ ਸਾਹਿਬ ਨੇ ਕਿਹਾ, ਮਰਦਾਨਿਆ! ਤੂੰ ਨਿਰੰਕਾਰ ਦਾ ਚਾਕਰ ਹੈਂ, ਕੁਝ ਨਹੀਂ ਹੋਣ ਲੱਗਾ, ਬੈਠ ਕੇ ਵਾਹਿਗੁਰੂ ਵਾਹਿਗੁਰੂ ਕਰੀ ਜਾ।

ਸਾਧਸੰਗਤ ਜੀ! ਮਰਦਾਨਾ ਅੰਦਰੋਂ ਡਰ ਗਿਆ, ਅਜੇ ਨਿਰਭਉ ਵਾਲੀ ਅਵਸਥਾ ਨਹੀਂ ਸੀ ਆਈ, ਮੂੰਹ ਤੇ ਕਪੜਾ ਲੈ ਲਿਆ, ਜਦੋਂ ਹਨ੍ਹੇਰੀ ਖਤਮ ਹੋ ਗਈ ਤਾਂ ਮੂੰਹ ਨੰਗਾ ਕੀਤਾ, ਤਾਂ ਕੀ ਦੇਖਦਾ ਹੈ ਕਿ ਇਕ ਇਕ ਸੇਰ, ਦੋ ਦੋ ਸੇਰ ਦੇ ਗੜ੍ਹੇ ਪੈਣੇ ਸ਼ੁਰੂ ਹੋ ਗਏ। ਮਰਦਾਨਾ ਕਹਿਣ ਲੱਗਾ, "ਹਨ੍ਹੇਰੀ ਤੋਂ ਬਚ ਗਏ ਪਰ ਹੁਣ ਇਨ੍ਹਾਂ ਗੜ੍ਹਿਆਂ ਤੋਂ ਨਹੀਂ ਬਚਦੇ।" ਗੁਰੂ ਮਹਾਰਾਜ ਨੇ ਕਿਹਾ, "ਮਰਦਾਨਿਆਂ! ਡਰ ਨਾ, ਉਠ ਕੇ ਕਾਰ (ਲਕੀਰ) ਕੱਢ ਦੇ, ਮਰਦਾਨੇ ਨੇ ਕਾਰ ਕੱਢ ਦਿਤੀ ਤਾਂ ਗੜ੍ਹੇ ਕਾਰ ਤੋਂ ਬਾਹਰ ਡਿੱਗੀ ਜਾਂਦੇ ਹਨ ਫਿਰ ਉਸ ਤੋਂ ਬਾਅਦ ਬੜੀ ਭਿਆਨਕ ਅੱਗ ਲਗ ਗਈ, ਬੜੀਆਂ-ਬੜੀਆਂ ਲਾਟਾਂ ਨਿਕਲ ਰਹੀਆਂ ਹਨ। ਮਰਦਾਨਾ ਕਹਿਣ ਲੱਗਾ, "ਮਹਾਰਾਜ! ਹੁਣ ਤਾਂ ਇਹ ਅੱਗ ਸਾਨੂੰ ਨਹੀਂ ਛੱਡਣ ਲਗੀ। ਗੁਰੂ ਮਹਾਰਾਜ ਨੇ ਕਿਹਾ, ਜਿਸ ਨੇ ਪਹਿਲਾਂ ਰੱਖਿਆ ਕੀਤੀ ਹੈ, ਹੁਣ ਵੀ ਓਹੀ ਰੱਖਿਆ ਕਰੇਗਾ। ਇਸ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਗਿਆ, ਫਿਰ ਇਕ ਬਹੁਤ ਵੱਡੇ ਕੱਦ ਵਾਲਾ ਬੰਦਾ ਨਗਨ ਟੁਰਿਆ ਆ ਰਿਹਾ ਹੈ, ਚਿਹਰਾ ਬਹੁਤ ਡਰਾਉਣਾ ਹੈ, ਜ਼ੁਬਾਨ ਹਿੱਲ ਰਹੀ ਹੈ, ਜਦੋਂ ਗੁਰੂ ਨਾਨਕ ਦੇ ਸਾਮ੍ਹਣੇ ਆਇਆ ਤਾਂ ਗੁਰੂ ਨਾਨਕ ਨੇ ਪੁਛਿਆ, "ਤੂੰ ਕੌਣ ਹੈਂ? ਉਸ ਨੇ ਕਿਹਾ ਕਿ ਮੈਂ ਇਸ ਜੁਗ ਦਾ ਰਾਜਾ ਹਾਂ, ਮੇਰਾ ਨਾਂ ਕਲਜੁਗ ਹੈ। ਤੁਸੀਂ ਇਸ ਜਗਤ ਦੇ ਤਾਰਕ ਹੋਂ, ਮੈਂ ਤੁਹਾਨੂੰ ਡਰਾ ਰਿਹਾ ਸੀ ਕਿ ਮੇਰੀ ਈਨ ਮੰਨ ਲੈਣ ਪਰ ਤੁਸੀਂ ਬਹੁਤ ਵੱਡੇ ਹੋਂ, ਮੈਂ ਤੁਹਾਡਾ ਕੁਝ ਭੀ ਨਹੀਂ ਵਿਗਾੜ ਸਕਿਆ। ਮੈਂ ਦੇਖਣ ਆਇਆ ਸੀ ਕਿ ਤੁਸੀਂ ਇਸ ਜੁਗ ਦੇ ਤਾਰਕ ਹੋ, ਕੀ ਮੈਨੂੰ ਦੇਖ ਕੇ ਡਰੋਗੇ ਜਾਂ ਨਹੀਂ?

***ਨਿਰਭਉ ਜਪੈ ਸਗਲ ਭਉ ਮਿਟੈ॥***
***ਪੰਨਾ - 293***

ਮਹਾਰਾਜ ਨੇ ਦੱਸਿਆ ਕਿ ਜਿਹੜਾ ਨਿਰਭਉ ਦਾ ਜਾਪ ਕਰਦਾ ਹੈ ਉਹ ਡਰਦਾ ਨਹੀਂ, ਤੂੰ ਕੀ ਦੇਖਣਾ ਹੈ? ਤੇਰੇ ਜੁਗ ਦਾ ਕੀ ਵਰਤਾਰਾ ਹੈ, ਕਲਜੁੱਗ ਕਹਿਣ ਲੱਗਾ ਕਿ ਮੈਂ ਇਸ ਜੁੱਗ ਵਿਚ ਕਿਸੇ ਦਾ ਧਰਮ ਨਹੀਂ ਰਹਿਣ ਦੇਣਾ, ਧਰਮ ਦੇ ਚਾਰੇ ਪੈਰ ਤੋੜ ਦੇਣੇ ਹਨ, ਕਿਸੇ ਦਾ ਜਪ ਪੂਰਾ ਨਹੀਂ ਹੋਣ ਦੇਣਾ, ਕਿਸੇ ਦਾ ਤਪ ਪੂਰਾ ਨਹੀਂ ਹੋਣ ਦੇਣਾ, ਮੇਰੇ ਰਾਜ ਦੇ ਅੰਦਰ ਪਾਖੰਡ ਚਲੇਗਾ, ਲੋਕਾਂ ਦੇ ਚੱਲਣ ਵਿਗੜ ਜਾਣਗੇ, ਨਸ਼ਿਆਂ ਵਿਚ ਪ੍ਰਵਿਰਤ ਹੋ ਜਾਣਗੇ, ਪ੍ਰਮੇਸ਼ਰ ਦਾ ਭਜਨ ਬੰਦ ਹੋ ਜਾਵੇਗਾ, ਜਿਹੜੇ ਪ੍ਰਮੇਸ਼ਰ ਦੇ ਅਸਥਾਨ ਹੋਣਗੇ, ਠਾਕੁਰ ਦੁਆਰੇ ਹੋਣਗੇ, ਉਥੇ ਮੈਂ ਭ੍ਰਿਸ਼ਟਾਚਾਰ ਲੈ ਆਵਾਂਗਾ, ਰੌਲੇ ਰੱਪੇ ਪੁਆ ਦਿਆਂਗਾ। ਸੋ ਇਸ ਤਰ੍ਹਾਂ ਮੇਰੇ ਰਾਜ ਦੇ ਅੰਦਰ

ਪਾਪ ਹੀ ਪਾਪ ਚਲੇਗਾ, ਗੁਰੂ ਨਾਨਕ ਨੇ ਕਿਹਾ, ਫਿਰ ਤੂੰ ਇਸ ਪਾਪ ਦਾ ਫਲ ਭੋਗੇਂਗਾ, ਤੈਨੂੰ ਪਤਾ ਹੈ ਨਿਰੰਕਾਰ ਦੀ ਦਰਗਾਹ ਵਿਚ ਵੀ ਅਸੀਂ ਹੀ ਜਵਾਬ ਲੈਣਾ ਹੈ –

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***
***ਪੰਨਾ – 903***

ਅਸੀਂ ਨਿਰੰਕਾਰ ਦੇ ਚਾਕਰ ਹਾਂ, ਅਸੀਂ ਹੀ ਤੇਰੇ ਕੋਲੋਂ ਜਵਾਬ ਲੈਣਾ ਹੈ ਤਾਂ ਕਲਜੁਗ ਕਹਿਣ ਲੱਗਾ, "ਮਹਾਰਾਜ! ਮੈਂ ਇਸੇ ਵਾਸਤੇ ਆਪ ਕੋਲ ਆਇਆ ਹਾਂ ਕਿ ਮੈਂ ਪਾਪ ਲੈ ਕੇ ਆਇਆ ਹਾਂ, ਤੁਸੀਂ ਕਲਜੁਗ ਵਿਚ ਜਨ ਸਮੂੰਹ ਨੂੰ ਤਾਰਨ ਵਾਸਤੇ ਆਏ ਹੋ, ਫਿਰ ਤੁਸੀਂ ਕਿਸ ਤਰ੍ਹਾਂ ਤਾਰ ਦਿਓਗੇ। ਗੁਰੂ ਨਾਨਕ ਨੇ ਕਿਹਾ ਕਿ ਅਸੀਂ ਇਤਨੀ ਤਕੜੀ ਚੀਜ਼ ਲੈ ਕੇ ਆਏ ਹਾਂ ਕਿ ਜਿਸਨੂੰ ਜਪ ਕੇ ਆਦਮੀ ਤੇਰੇ ਪਾਪਾਂ ਤੋਂ ਬਚ ਜਾਏਗਾ, ਉਹ ਹੈ ਨਾਮ ਜੋ ਕਿ ਤੇਰੇ ਯੁੱਗ ਵਿਚ ਫਲ ਦੇਵੇਗਾ, ਅਸੀਂ ਤੇਰੇ ਯੁੱਗ ਨੂੰ ਮਾੜਾ ਨਹੀਂ ਕਹਿੰਦੇ, ਇਹ ਸਭ ਤੋਂ ਚੰਗਾ ਯੁੱਗ ਹੈ।

ਜਦੋਂ ਕਲਜੁਗ ਨਵਾਂ ਨਵਾਂ ਸ਼ੁਰੂ ਹੋਇਆ। ਰਾਜੇ ਪ੍ਰੀਛਤ ਦਾ ਰਾਜ ਸੀ, ਓਦੋਂ ਲੋਕਾਂ ਦੇ ਖਿਆਲ ਬਦਲ ਚੁੱਕੇ ਸੀ। ਕ੍ਰਿਸ਼ਨ ਮਹਾਰਾਜ ਨੇ ਪਾਂਡਵਾਂ ਨੂੰ ਦੱਸਿਆ ਕਿ ਹੁਣ ਕਲਜੁਗ ਆ ਗਿਆ ਹੈ, ਪਾਂਡਵਾਂ ਨੇ ਕਿਹਾ ਕਿ ਮਹਾਰਾਜ! ਕੀ ਤਾਰੇ, ਸੂਰਜ ਤੇ ਹਵਾ ਬਦਲ ਜਾਣਗੇ। ਕ੍ਰਿਸ਼ਨ ਮਹਾਰਾਜ ਨੇ ਕਿਹਾ, "ਨਹੀਂ, ਕੇਵਲ ਲੋਕਾਂ ਦੇ ਖਿਆਲ ਬਦਲ ਜਾਣਗੇ।" ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਦੱਸੋ ਕੀ ਤੁਹਾਡੇ ਕੋਲ ਕੋਈ ਮੁਕਦਮਾ ਹੈ। ਪਾਂਡਵਾਂ ਨੇ ਕਿਹਾ ਜੀ ਹੈ। ਇਕ ਕਿਸਾਨ ਨੇ ਜ਼ਮੀਨ ਵੇਚੀ ਹੈ, ਜਿਸ ਨੇ ਖਰੀਦੀ ਹੈ, ਉਹ ਜਦੋਂ ਖੂਹ ਲਾਉਣ ਲੱਗਾ ਤਾਂ ਵਿਚੋਂ ਇਕ ਮੋਹਰਾਂ ਭਰੀ ਗਾਗਰ ਨਿਕਲ ਆਈ, ਵੇਚਣ ਵਾਲਾ ਕਹਿਣ ਲੱਗਾ ਕਿ ਮੈਂ ਤਾਂ ਜ਼ਮੀਨ ਵੇਚ ਦਿਤੀ – ਖਰੀਦਣ ਵਾਲੇ ਨੂੰ ਜ਼ਮੀਨ ਵਿਚੋਂ ਭਾਵੇਂ ਸੋਨਾ ਲੱਭ ਜਾਵੇ, ਭਾਵੇਂ ਕੁਝ ਹੋਰ ਇਹ ਓਸੀ ਦਾ ਹੱਕ ਹੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਜੇ ਇਕ ਦੋ ਮਹੀਨੇ ਫੈਸਲਾ ਨਾ ਕਰਨਾ, ਦੋ ਮਹੀਨੇ ਬਾਅਦ ਆਪੇ ਹੀ ਉਲਟੀਆਂ ਅਰਜ਼ੀਆਂ ਆ ਗਈਆਂ, ਜ਼ਮੀਨ ਖਰੀਦਣ ਵਾਲੇ ਨੇ ਕਿਹਾ ਕਿ ਮੈਂ ਜ਼ਮੀਨ ਖਰੀਦੀ ਹੈ – ਗਾਗਰ ਤੇ ਵੀ ਮੇਰਾ ਹੀ ਹੱਕ ਹੈ, ਜ਼ਮੀਨ ਵੇਚਣ ਵਾਲੇ ਨੇ ਅਰਜ਼ੀ ਦਿਤੀ ਹੈ ਕਿ ਮੈਂ ਜ਼ਮੀਨ ਵੇਚੀ ਹੈ, ਗਾਗਰ ਨਹੀਂ, ਮੈਂ ਦੱਬ ਕੇ ਭੁੱਲ ਗਿਆ ਸੀ, ਇਸ ਤੇ ਮੇਰਾ ਹੱਕ ਹੈ, ਸੋ ਗਾਗਰ ਮੈਨੂੰ ਵਾਪਸ ਮਿਲੇ। ਕ੍ਰਿਸ਼ਨ ਮਹਾਰਾਜ ਨੇ ਕਿਹਾ ਰਾਜਨ! ਹੁਣ ਕਲਜੁਗ ਨੇ ਪੈਰ ਰੱਖ ਲਿਆ, ਲੋਕਾਂ ਦੇ ਖਿਆਲ ਬਦਲ ਗਏ। ਕੋਈ ਚੰਦ, ਸੂਰਜ, ਤਾਰੇ ਨਹੀਂ ਬਦਲੇ।

ਰਾਜਾ ਪ੍ਰੀਛਤ ਜੰਗਲ ਵਿਚ ਗਿਆ ਤਾਂ ਦੇਖਿਆ, ਇਕ ਬੈਲ ਨੂੰ

ਮਾਰਿਆ ਜਾ ਰਿਹਾ ਹੈ, ਇਕ ਦਮ ਨੇੜੇ ਆਇਆ, ਦੇਖਿਆ ਇਕ ਆਦਮੀ ਨੇ ਕਾਲੇ ਕਪੜੇ ਪਾਏ ਹੋਏ ਹਨ ਤੇ ਬੈਲ ਨੂੰ ਮਾਰ ਰਿਹਾ ਹੈ। ਰਾਜੇ ਨੇ ਤਲਵਾਰ ਕੱਢ ਲਈ ਪਰ ਕਾਲੇ ਕਪੜਿਆਂ ਵਾਲੇ ਨੇ ਕਿਹਾ ਕਿ ਚਾਹੇ ਮਾਰ ਚਾਹੇ ਰੱਖ, ਮੈਂ ਦੱਸਣ ਆਇਆ ਹਾਂ ਕਿ ਮੈਂ ਕਲਜੁਗ ਹਾਂ, ਇਹਦੇ ਵਿਚ ਮੈਂ ਧਰਮ ਦੇ ਚਾਰੇ ਪੈਰ ਤੋੜ ਦਿਤੇ, ਚਾਰ ਪੈਰ – ਇਕ ਪੈਰ ਰਾਜਾ ਹੁੰਦਾ ਹੈ, ਦੂਜਾ ਪੈਰ ਪੰਡਤ ਵਿਦਵਾਨ ਹੁੰਦਾ ਹੈ, ਤੀਜਾ ਪੈਰ ਤੀਰਥ ਹੁੰਦੇ ਹਨ ਤੇ ਚੌਥਾ ਪੈਰ ਸਾਹਿਤ (ਸਤਿ ਸਾਸ਼ਤਰ) ਹੁੰਦਾ ਹੈ, ਇਹ ਚਾਰੇ ਹੀ ਤੋੜ ਦਿਤੇ, ਤੀਰਥਾਂ ਵਿਚ ਮੈਂ ਭ੍ਰਿਸ਼ਟਾਚਾਰ ਕਰ ਦੇਣਾ ਹੈ, ਸਾਹਿਤ ਮੈਂ ਨਾਸਤਕ ਬਣਾ ਦੇਣਾ ਹੈ, ਗੰਦਾ ਮੰਦਾ ਕਰ ਦੇਣਾ ਹੈ, ਰਾਜਾ ਨਾਸਤਕ ਹੋਏਗਾ, ਜਿਹੜਾ ਪ੍ਰਚਾਰਕ ਹੋਏਗਾ, ਉਹ ਲੋਕਾਂ ਨੂੰ ਤਾਂ ਕਹੇਗਾ ਕਿ ਇਹ ਗੱਲਾਂ ਨਹੀਂ ਕਰਨੀਆਂ ਪਰ ਉਹ ਆਪ ਸਾਰੀਆਂ ਕਰੇਗਾ। ਲੋਕਾਂ ਨੂੰ ਉਪਦੇਸ਼ ਦੇਵੇਗਾ ਕਿ ਸ਼ਰਾਬ ਨਾ ਪੀਓ ਪਰ ਆਪ ਚੋਰੀ ਚੋਰੀ ਪੀਏਗਾ। ਹੰਸ ਕੀੜੇ ਮਕੌੜੇ ਖਾਏਗਾ, ਹੰਸ ਨੇ ਮੋਤੀ ਨਹੀਂ ਚੁਗਣੇ। ਰਾਜੇ ਪ੍ਰੀਛਤ ਨੇ ਕਿਹਾ ਕਿ ਫੇਰ ਤੇਰਾ ਜੁਗ ਬਹੁਤ ਮਾੜਾ ਹੈ, ਤੈਨੂੰ ਮਾਰ ਦੇਣਾ ਚਾਹੀਦਾ ਹੈ। ਕਲਜੁੱਗ ਕਹਿਣ ਲੱਗਾ, "ਮਹਾਰਾਜ! ਮੇਰੇ ਵਿਚ ਗੁਣ ਵੀ ਹਨ। ਪੁਛਿਆ, "ਤੇਰੇ ਵਿਚ ਕੀ ਗੁਣ ਹਨ?" ਉਸ ਨੇ ਕਿਹਾ ਕਿ ਮੇਰੇ ਵੱਡੇ ਭਰਾ 'ਸਤਿਜੁਗ' ਵਿਚ ਕੋਈ ਦੱਸ ਹਜ਼ਾਰ ਸਾਲ ਤਪਸਿਆ ਕਰੇ, ਉਸ ਤੋਂ ਛੋਟਾ ਭਰਾ 'ਤ੍ਰੇਤਾ ਜੁਗ' ਸੀ, ਉਸ ਵਿਚ ਕੋਈ ਇਕ ਹਜ਼ਾਰ ਸਾਲ ਤਪਸਿਆ ਕਰੇ, ਫਿਰ 'ਦੁਆਪਰ ਯੁਗ' ਵਿਚ ਕੋਈ ਇਕ ਸੌ ਸਾਲ ਤਪਸਿਆ ਕਰੇ, ਇਸ ਕਲਜੁਗ ਦੇ ਅੰਦਰ ਕੋਈ ਢਾਈ ਘੜੀ ਸਤਿਸੰਗ ਕਰ ਲਵੇ, ਬਰਾਬਰ ਹੋ ਜਾਂਦਾ ਹੈ। ਸੋ ਕਿਤਨਾ ਵੱਡਾ ਫਲ ਹੈ, ਇਸ ਤੋਂ ਵੱਡਾ ਫਲ ਹੈ ਕਿ ਜਦੋਂ ਅੰਤ ਸਮਾਂ ਆਇਆ ਹੋਵੇ, ਅਖੀਰਲੇ ਸ੍ਵਾਸ ਤੇ, ਪੂਰੇ ਧਿਆਨ ਨਾਲ ਰਾਮ ਗੋਬਿੰਦ ਨਾਰਾਇਣ, ਅੱਲਾਹ, ਵਾਹਿਗੁਰੂ ਕਹਿ ਦੇਵੇ, ਓਹਦੀ ਉਸੇ ਵੇਲੇ ਮੁਕਤੀ ਹੋ ਜਾਵੇਗੀ, ਭਾਵੇਂ ਉਸ ਨੇ ਕਿਤਨੇ ਵੀ ਪਾਪ ਕੀਤੇ ਹਨ। ਰਾਜੇ ਪ੍ਰੀਛਤ ਨੇ ਕਲਜੁਗ ਨੂੰ ਕਿਹਾ ਕਿ ਤੇਰੇ ਵਿਚ ਤਾਂ ਸਚਮੁੱਚ ਬਹੁਤ ਵੱਡੇ ਗੁਣ ਹਨ, ਵਕਤੇ-ਅਖੀਰ ਕੋਈ ਭੁੱਲ ਭੁਲੇਖੇ ਇਕ ਵਾਰੀ ਵੀ ਨਾਮ ਜਪ ਲਏ ਤਾਂ ਉਸ ਦਾ ਕਲਿਆਣ ਹੋ ਜਾਂਦਾ ਹੈ, ਜੇ ਧਿਆਨ ਵਾਹਿਗੁਰੂ ਵਲ ਚਲਿਆ ਜਾਵੇ।

ਸਾਡੇ ਮਨ ਵਿਚ ਖਿਆਲ ਆਉਂਦਾ ਹੈ ਕਿ ਕੀ ਕਿਸੇ ਦੀ ਗਤੀ ਇਸ ਤਰ੍ਹਾਂ ਹੋਈ ਵੀ ਹੈ? ਗਵਾਹੀ ਗੁਰੂ ਗ੍ਰੰਥ ਸਾਹਿਬ ਜੀ ਦਿੰਦੇ ਹਨ ਕਿ ਅਜਾਮਲ ਦੀ, ਗਨਕਾ ਦੀ ਹੋਈ ਹੈ।

ਸੋ ਸਾਧਸੰਗਤ ਜੀ! ਅਸੀਂ ਬੇਨਤੀ ਕੀਤੀ ਸੀ ਕਿ –

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥*** ***ਪੰਨਾ – 274***

ਕਲਜੁੱਗ ਵਿਚ ਦੁਖ ਬੇਅੰਤ ਵਧ ਗਏ ਹਨ ਪਰ ਨਾਮ ਹੀ ਸਭ ਦੀ ਦਾਰੂ ਹੈ ਅਤੇ ਕਲਜੁਗ ਵਿਚ ਨਾਮ ਜਪ ਕੇ ਹੀ ਛੁਟਕਾਰਾ ਹੋ ਜਾਂਦਾ ਹੈ।

# ਮੈਂ ਨਾਹੀਂ

ਸ਼ਾਨ .......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛ ਨਾਹੀ, ਮੈਂ ਕਿਛੁ ਨਾਹੀ -2, 2.*
*ਮੈਂ ਕਿਛ ਨਾਹੀ, ਮੈਂ ਕਿਛੁ ਨਾਹੀ -2, 2.*
*ਪ੍ਰਭ ਸਭ ਕਿਛ ਤੇਰਾ ਜੀ,.......... -2.*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨ ਆਪੇ ਹੀ ਰਾਇਆ॥*
*ਕਹ ਕਹ ਠਾਕੁਰ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ॥*
*ਜਹ ਜਹ ਪੇਖਹੁ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨਹੇਰਾ॥ ਪੰਨਾ - 827*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਆਪ ਸਾਵਣ ਜਿਸ ਨੂੰ ਸਾਉਣ ਵੀ ਆਖਦੇ ਨੇ, ਏਸ ਮਹੀਨੇ ਦੇ ਸਭ ਤੋਂ ਪਹਿਲੇ ਸ਼ੁਭ ਦਿਹਾੜੇ ਦੀ ਹਾਜ਼ਰੀ ਭਰਨ ਵਾਸਤੇ ਸ਼ਰਧਾ, ਭਰੋਸੇ ਦੇ ਨਾਲ ਸੈਂਕੜੇ ਕਿਲੋਮੀਟਰਾਂ ਤੋਂ ਚੱਲ ਕੇ ਇੱਥੇ ਪਹੁੰਚੇ ਹੋ। ਵਾਹਿਗੁਰੂ ਤੁਹਾਡੇ ਸਫਰ ਨੂੰ, ਯਾਤਰਾ ਨੂੰ ਲੇਖੇ ਵਿਚ ਲਾਵੇ। ਸਾਵਣ ਦੇ ਮਹੀਨੇ ਬਾਰੇ ਆਪਾਂ ਵਿਚਾਰ ਕਰਨੀ ਹੈ। ਜੋ ਸ਼ਬਦ ਆਪਾਂ ਪੜ੍ਹਿਆ ਹੈ ਜੇ ਇਹ ਸਮਝ ਵਿਚ ਆ ਜਾਵੇ ਪਹਿਲੀ ਹੀ ਲਾਇਨ ਕਿ-

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਪੰਨਾ - 827***

ਐਨੀ ਹੀ ਗੱਲ ਹੈ, ਏਸ ਤੋਂ ਜ਼ਿਆਦਾ ਨਹੀਂ ਹੈ। ਮੈਂ ਕੋਈ ਬੜੀ ਫਿਲਾਸਫੀ ਦੀ ਗੱਲ ਨਹੀਂ ਕਰ ਰਿਹਾ, ਬੜੀ ਸਰਲ ਗੱਲ ਹੈ। ਇੱਕ ਗੱਲ ਗੁਰੂ ਮਹਾਰਾਜ ਜੀ ਕਹਿ ਰਹੇ ਨੇ - ***'ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ - 827'*** ਇਸ ਦੇ ਮੁਕਾਬਲੇ ਸਾਡੇ ਅੰਦਰ ਇਸ ਤੋਂ ਉਲਟਾ ਨਿਸ਼ਚਾ ਰੱਖਿਆ ਹੋਇਆ ਹੈ। ਉਹ ਇਹ ਹੈ ਕਿ ਪ੍ਰਭੂ! ਮੈਂ ਹਾਂ ਤੇ ਸਭ ਕਿਛ ਮੇਰਾ ਹੈ। ਐਨਾ ਹੀ ਰੌਲਾ ਹੈ। ਇਹ ਰੌਲਾ ਮਿਟ ਜਾਵੇ ਤਾਂ ਮੁੜ ਕੇ ਜੰਮਣ ਮਰਨ ਦੇ ਗੇੜੇ ਵਿਚ ਨਹੀਂ ਆਦਮੀ ਆਉਂਦਾ, ਹੁਣੇ ਹੀ ਮਿਟ ਸਕਦਾ ਹੈ, ਐਸੇ ਵੇਲੇ ਇਥੇ ਹੀ ਬੈਠੇ; ਪਰ ਇਹ ਮਿਟਦਾ ਨਹੀਂ ਹੈ ਕਿੰਨਾ ਹੀ ਜ਼ੋਰ ਲਾ ਲਓ, ਕਿੰਨੀਆਂ ਹੀ ਫਿਲਾਸਫੀਆਂ ਪੜ੍ਹ ਲਓ, ਕਿੰਨੇ ਹੀ ਤੀਰਥ ਯਾਤਰਾ ਕਰ ਲਓ, ਪੰਜਾਹ ਵਾਰੀ ਤੁਸੀਂ ਹੇਮਕੁੰਟ ਜਾ ਆਓ, ਹਜ਼ਾਰ ਵਾਰੀ ਹਜ਼ੂਰ ਸਾਹਿਬ ਜਾ ਆਇਓ, ਨਹੀਂ ਮਿਟਦਾ, ਜਾ ਕੇ ਦੇਖ ਲਓ। ਫੇਰ ਤਾਂ ਮੈਨੂੰ ਕਹਿਓ ਕਿ ਬਾਬਾ ਜੀ ਝੂਠ ਬੋਲਦਾ ਹੈ। ਇਸ ਦਾ ਰਸਤਾ ਹੀ ਹੋਰ ਹੈ ਮਿਟਾਉਣ ਦਾ, ਇਹ ਜ਼ੋਰ ਵਾਲਾ, ਕਰਮ ਕਾਂਡਾਂ ਵਾਲਾ ਰਸਤਾ ਨਹੀਂ ਹੈ। ਜਿਹੜੀ ਸਾਨੂੰ ਸਜ਼ਾ ਮਿਲ ਰਹੀ ਹੈ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਪੰਨਾ - 176***

ਹੁਣ ਤਾਂ ਸਾਨੂੰ ਐਵੇਂ ਹੀ ਲਗਦੀ ਹੈ, ਜਦੋਂ ਗਧੇ ਬਣੇ ਹੋਏ ਸੀ ਤੇ ਭਾਰ ਚੁੱਕਿਆ ਹੋਇਆ ਸੀ, ਪਾਣੀ ਨਹੀਂ ਸੀ ਪੀਣ ਨੂੰ ਮਿਲਦਾ, ਗਰਮੀ ਪੈਂਦੀ ਸੀ ਬਹੁਤੀ। ਉਸ ਵੇਲੇ ਦਾ ਹਾਲ ਦੇਖ ਲਓ ਕੀ ਹੁੰਦਾ ਹੋਏਗਾ। ਜੀਵ-ਆਤਮਾ ਤਾਂ ਓਹੀ ਹੈ ਨਾ, ਬਸ ਸਿਰਫ ਕੱਪੜੇ ਬਦਲਦੀ ਹੈ-ਕੁੱਤੇ ਬਣ ਕੇ ਬਦਲਦੀ ਹੈ, ਸੱਪ ਬਣ ਕੇ ਬਦਲਦੀ ਹੈ। ਕਿਤੇ ਇੱਕ ਜਨਮ ਨਹੀਂ,

***ਕਈ ਜਨਮ ਭਏ ਕੀਟ ਪਤੰਗਾ॥ ਪੰਨਾ - 176***

ਕੀੜੇ ਮਕੌੜੇ ਹੀ ਬਣਦੇ ਤੁਰੇ ਆਏ -

***ਕਈ ਜਨਮ ਗਜ ਮੀਨ ਕੁਰੰਗਾ॥ ਪੰਨਾ - 176***

ਕਈ ਜਨਮ ਹਾਥੀ, ਮੱਛੀਆਂ, ਹਿਰਨ, ਮ੍ਰਿਗ ਹੀ ਬਣਦੇ ਤੁਰੇ ਆਏ।

***ਕਈ ਜਨਮ ਪੰਖੀ ਸਰਪ ਹੋਇਓ॥ ਪੰਨਾ - 176***

ਕਿੰਨੀ ਵਾਰੀ ਪੰਛੀ ਹੀ ਬਣਦੇ ਗਏ। ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ। ਕਿਤੇ ਇਕ ਵਾਰੀ ਥੋੜ੍ਹਾ ਬਣੇ ਹਾਂ, ਬਣਦੇ ਹੀ ਤੁਰੇ ਆਏ। ਐਨਾ

ਵਾਹਿਗੁਰੂ ਮਿਹਰਵਾਨ ਹੈ ਕਿ ਸਾਨੂੰ ਪਿੱਛਾ ਭੁੱਲ ਜਾਂਦਾ ਹੈ। ਪਿੱਛਾ ਤਾਂ ਸਾਨੂੰ ਏਸ ਜੀਵਨ ਵਿਚ ਵੀ ਜੋ ਬਚਪਨ ਵਿਚ ਕਰਿਆ ਹੈ, ਉਹ ਵੀ ਭੁੱਲਿਆ ਹੋਇਆ ਹੈ। ਜਦੋਂ ਅਸੀਂ ਮਿਹਨਤਾਂ ਕਰਦੇ ਸੀ ਉਮੀਦ ਹੀ ਨਹੀਂ ਸੀ ਕਿ ਇਸ ਇਲਾਕੇ ਵਿਚ ਪਹੁੰਚ ਜਾਵਾਂਗੇ, ਕਾਰਾਂ ਵਿਚ ਵੀ ਚੜ੍ਹ ਜਾਵਾਂਗੇ, ਕਦੇ ਕੋਈ ਸਤਿ ਸ੍ਰੀ ਅਕਾਲ ਵੀ ਬੁਲਾ ਦਏਗਾ, ਉਹ ਭੁੱਲ ਗਿਆ, ਸਾਨੂੰ ਉਹ ਨਹੀਂ ਯਾਦ ਰਿਹਾ। ਅੱਜ ਵਾਲਾ ਯਾਦ ਹੈ ਕਿ ਮੈਂ ਬਹੁਤ ਵੱਡਾ ਬਣ ਗਿਆ। ਆਹ ਜਿਹੜਾ ਰੌਲਾ-ਰੱਪਾ ਹੈ ਇਹ ਸਾਨੂੰ ਜੰਮਣ-ਮਰਨ ਦੇ ਗੇੜੇ ਵਿਚ ਲਈ ਫਿਰਦਾ ਹੈ। ਸਾਰੇ ਹੀ ਸਮਝਦਾਰ ਨੇ ਤੁਹਾਡੇ ਵਿਚ ਕੋਈ ਅਣਜਾਣ ਨਹੀਂ ਹੈ। ਗੱਲ ਬੜੀ ਸਿੱਧੀ ਜਿਹੀ ਹੈ। ਮੈਂ ਤਾਂ ਇਹ ਦੇਖਦਾ ਹੁੰਦਾ ਹਾਂ ਕਿ ਜੇ positive mind (ਨਿਸ਼ਚੈਆਤਮਕ ਦਿਮਾਗ) ਨਾਲ ਅਸੀਂ ਗੱਲ ਨਹੀਂ ਲੈਂਦੇ, ਕੁਝ ਤਰੱਕੀ ਨਹੀਂ ਹੋਇਆ ਕਰਦੀ, ਸੋਚੋ! ਤੁਸੀਂ ਗੁਰਦੁਆਰੇ ਆਏ ਹੋ ਇੱਥੇ ਆਉਣ ਦਾ ਕੀ ਫਾਇਦਾ ਹੈ? ਕਿੱਡੀ ਦੂਰੋਂ ਚੱਲੇ ਹੋ, ਸਵੇਰ ਦੇ ਚੱਲੇ ਹੋਏ ਹੋ, ਬਾਰਸ਼ਾਂ ਕਰਕੇ ਚਿੱਕੜ, ਪਾਣੀਆਂ ਦੇ ਵਿਚੋਂ ਲੰਘ ਕੇ ਆਏ ਹੋ, ਪਾਉਂਟੇ ਸਾਹਿਬ ਵਾਲੇ ਦਸਦੇ ਨੇ ਕਿ ਮੀਂਹ ਪਈ ਹੀ ਗਿਆ, ਪਰ੍ਹੇ ਤੋਂ ਵੀ ਮੀਂਹ ਵਿਚ ਆਏ ਤੇ ਕਿਉਂ ਆਏ ਹੋ? ਐਨੀ ਖੇਚਲ ਕਿਉਂ ਝੱਲਦੇ ਹੋ? ਕੋਈ ਸਬਕ ਮਿਲਦਾ ਹੈ? ਕੋਈ ਚੀਜ਼ ਲੈ ਕੇ ਜਾਂਦੇ ਹੋ? ਸਾਨੂੰ ਆਪਣੇ ਟੀਚੇ ਦਾ ਵੀ ਨਹੀਂ ਪਤਾ। ਠੀਕ ਹੈ ਸਾਡੇ ਸੰਸਕਾਰ ਕੋਈ ਐਸੇ ਨੇ ਜਿਹੜੇ ਸਾਨੂੰ ਲਈ ਫਿਰਦੇ ਨੇ। ਸੁਜਾਗ ਹੋ ਕੇ ਗੱਲ ਨਹੀਂ ਕਰਦੇ ਤਾਂ ਗੱਲ ਦਾ ਨਤੀਜਾ ਹੱਥ ਨਹੀਂ ਆਇਆ ਕਰਦਾ, ਸੁੱਤਨੀਂਦਰੇ ਜਿਹੇ ਤੁਰੇ ਫਿਰਦੇ ਹਾਂ। ਛੋਟੀਆਂ-ਛੋਟੀਆਂ ਗੱਲਾਂ ਸਾਡੇ ਮਨ ਵਿਚ ਵਸੀਆਂ ਹੋਈਆਂ ਹਨ ਪਰ ਨਹੀਂ ਪਤਾ ਕਿ ਕਿਉਂ, ਅਸੀਂ ਕਿਉਂ ਜਾਂਦੇ ਹਾਂ? ਕੀ ਮਤਲਬ ਹੈ ਸਾਡੇ ਜਾਣ ਦਾ? ਇਹ ਨਹੀਂ ਕਿ ਮੈਨੂੰ ਤਾਂ ਕਰੋੜਾਂ ਹੀ ਜਨਮ ਹੋ ਗਏ, ਕਰੋੜਾਂ ਹੀ ਸਾਲ ਹੋ ਗਏ ਭਟਕਦਾ ਫਿਰਦਾ ਹਾਂ। ਇਹ ਕੋਈ ਸੁਖਾਲੀ ਗੱਲ ਹੈ ਕਿ ਬੰਦਾ ਆਮ ਹਾਲਤ ਵਿਚੋਂ ਇਹੋ ਜਿਹੀ ਹਾਲਤ ਵਿਚ ਆ ਜਾਵੇ? ਆਹ ਹੁਣੇ ਮੈਂ ਬੈਠਾ ਉਥੇ ਸੁਣਦਾ ਸੀ ਭਾਈ ਹਰਪਾਲ ਸਿੰਘ ਕਹਿੰਦੇ ਸਨ ਕਿ ਦਸਵੇਂ ਪਾਤਿਸ਼ਾਹ! ਮਾਲਵੇ 'ਚ ਗਏ ਹੋਏ ਨੇ, ਉਥੇ ਇੱਕ ਘੋਗੜ ਮਾਰ ਦਿਤਾ। ਮਹਾਰਾਜ ਜੀ ਦੇ ਹਰ ਬਾਣ ਨਾਲ ਸਵਾ ਤੋਲਾ ਸੋਨਾ ਲੱਗਿਆ ਹੁੰਦਾ ਸੀ। ਉਹ ਇਸ ਕਰਕੇ ਸੀ ਕਿ ਜਿਸ ਦੇ ਸਾਡਾ ਬਾਣ ਲੱਗੇ ਉਸ ਦਾ ਭਲਾ ਹੋ ਜਾਵੇ। ਕਿਵੇਂ ਹੁੰਦਾ ਹੈ ਭਲਾ? ਗੁਰੂ ਦੇ ਹੱਥਾਂ ਨਾਲ ਛੋਹਿਆ ਹੋਇਆ ਬਾਣ ਜਦੋਂ ਲਗਦਾ ਹੈ, ਪਹਿਲੀ ਗੱਲ ਤਾਂ ਇਹ ਕਰਦਾ ਹੈ ਕਿ ਉਸ ਦੇ ਸਾਰੇ ਪਾਪ ਨਾਸ਼ ਕਰਦਾ ਹੈ। ਇਹ ਤਾਂ ਬੜੀ ਭਾਰੀ ਕਿਰਪਾ ਸੀ ਉਨ੍ਹਾਂ ਦੀ। ਦੂਸਰਾ ਇਹ ਕਿ ਮ੍ਰਿਤਕ ਸਰੀਰ ਰੁਲੇ ਨਾ......, ਸਵਾ ਤੋਲਾ ਸੋਨਾ ਅੱਜ ਪੰਜ ਹਜਾਰ ਦਾ ਹੈ। ਜੇ ਕਿਸੇ ਦਾ ਕਿਰਿਆ ਕਰਮ ਕਰਨਾ ਹੋਵੇ ਤਾਂ ਸਮਝ ਲਓ ਮਹਾਰਾਜ ਜੀ ਪੂਰਾ ਖਰਚਾ ਦਿੰਦੇ ਸਨ। ਅੱਗੇ ਵੀ ਰੁਲਦਾ ਨਾ ਫਿਰੇ ਕਿਉਂਕਿ ਸਾਡੇ ਹੱਥੋਂ ਇਹ ਮਾਰਿਆ ਗਿਆ।

ਸੋ ਮਹਾਰਾਜ ਜੀ ਨੇ ਘੋਗੜ ਮਾਰ ਦਿੱਤਾ, ਨਾਲ ਵਿਰਲੇ ਸਿੰਘ ਦਾਨ ਸਿੰਘ ਵਗੈਰਾ ਵਰਗੇ ਮਹਾਰਾਜ ਜੀ ਦੀ ਕਿਰਿਆ ਨੂੰ ਜਾਣਦੇ ਨਹੀਂ ਸਨ

ਕਿਉਂਕਿ ਨਵੇਂ-ਨਵੇਂ ਸਿੰਘ ਬਣੇ ਸਨ। ਪਹਿਲੇ ਜਿਹੜੇ ਸਿੱਖ ਸਨ ਜਾਂ ਤਾਂ ਉਹ ਸ਼ਹੀਦ ਹੋ ਗਏ ਜਿਹੜੇ ਬਚੇ ਸਨ ਉਹ ਬਹੁਤ ਥੋੜ੍ਹੇ ਸਨ। ਉਹ ਝੱਟ ਬੋਲ ਉਠਿਆ, "ਵਾਹ ਮਹਾਰਾਜ ਜੀ! ਤੁਸੀਂ ਤਾਂ ਘੋਗੜ ਮਾਰ ਦਿੱਤਾ।"

ਮਹਾਰਾਜ ਜੀ ਕਹਿੰਦੇ, "ਹਾਂ! ਘੋਗੜ ਮਾਰ ਦਿੱਤਾ।"

ਇਕ ਵਿਚਾਰ ਵਾਲਾ ਸੀ ਕਹਿੰਦਾ ਕਿ ਸੱਚੇ ਪਾਤਸ਼ਾਹ! ਇਸ ਨੂੰ ਬੋਲਣਾ ਨਹੀਂ ਆਉਂਦਾ, ਕਿਰਪਾ ਕਰਕੇ ਉਹ ਗੁਪਤ ਭੇਤ ਸਾਨੂੰ ਦੱਸੋ ਕਿ ਘੋਗੜ ਕਿਉਂ ਮਾਰਿਆ।

ਮਹਾਰਾਜ ਜੀ ਕਹਿੰਦੇ, "ਪਿਆਰਿਓ! ਇਹ ਇਕ ਸੌ ਇਕ ਜਨਮ ਤੋਂ ਪਹਿਲਾਂ ਰਾਜਾ ਸੀ ਤੇ ਮਹਾਂਪੁਰਸ਼ਾਂ ਦਾ ਸਿੱਖ ਸੀ। ਇੱਕ ਗਰੀਬ ਗੁਰਸਿੱਖ ਦੇ ਮਨ ਵਿਚ ਆਇਆ ਕਿ ਗੁਰਸਿਖਾਂ ਨੂੰ ਬੁਲਾ ਕੇ ਆਪਣੇ ਘਰ ਵਿਚ ਜੋ ਜਲ-ਪਾਣੀ ਮੈਂ ਛਕਾ ਸਕਦਾ ਹਾਂ, ਛਕਾਵਾਂ। ਰਾਜਾ ਚੰਗਾ ਸੀ। ਉਸ ਨੂੰ ਜਾ ਕੇ ਬੇਨਤੀ ਕਰੀ ਕਿ ਮਹਾਰਾਜ ਜੀ ਅੱਜ ਮੇਰੇ ਘਰ ਸਮਾਗਮ ਹੈ, ਗੁਰਸਿੱਖ ਇਕੱਠੇ ਹੋ ਰਹੇ ਨੇ ਤੁਸੀਂ ਵੀ ਦਰਸ਼ਨ ਦੇ ਦਿਓ ਜੋ ਜਲ-ਪਾਣੀ ਮੈਥੋਂ ਸਰੇਗਾ ਉਹ ਮੈਂ ਸੇਵਾ ਵਿਚ ਹਾਜ਼ਰ ਕਰਾਂਗਾ। ਰਾਜਾ ਕਹਿਣ ਲੱਗਿਆ ਚੰਗਾ ਭਾਈ! ਮੈਂ ਆਵਾਂਗਾ। ਜਦੋਂ ਉਹ ਆਇਆ ਉਦੋਂ ਗੁਰਸਿੱਖ ਹੋਰ ਇੰਤਜਾਮ ਕਰ ਰਿਹਾ ਸੀ। ਉਸ ਦੀ ਇੱਕ ਲੜਕੀ ਸੀ ਆਠਾਰਾਂ-ਉਨੀ ਸਾਲ ਦੀ ਉਹ ਬਹੁਤ ਖ਼ੂਬਸੂਰਤ ਸੀ। ਉਹ ਬੜੇ ਪਿਆਰ ਨਾਲ ਪ੍ਰਸ਼ਾਦਾ ਵਰਤਾ ਰਹੀ ਸੀ। ਰਾਜੇ ਨੇ ਜਦੋਂ ਉਸ ਵੱਲ ਦੇਖਿਆ। ਇਨ੍ਹਾਂ ਨੂੰ ਪੈਸੇ ਦੀ, ਮਾਇਆ ਦੀ ਵਿਹੁ ਚੜ੍ਹੀ ਹੁੰਦੀ ਹੈ, ਹੋਸ਼ ਹਵਾਸ਼ ਗਾਇਬ ਹੁੰਦੇ ਨੇ ਬੰਦੇ ਦੇ। ਉਹ ਇਕ-ਦਮ ਕਾਮ ਬਿਰਤੀ ਵਿਚ ਆ ਗਿਆ ਕਿ ਹੈਂ! ਐਨੀ ਸੁਨੱਖੀ ਲੜਕੀ। ਇਹ ਤਾਂ ਮੇਰੇ ਕੋਲ ਹੋਣੀ ਚਾਹੀਦੀ ਹੈ। ਪ੍ਰਸ਼ਾਦਾ ਛੱਕ ਹਟੇ। ਜਿਸ ਵਕਤ ਉਸਨੂੰ ਵਿਦਾ ਕਰਨ ਗਿਆ ਗੁਰਸਿੱਖ ਤਾਂ ਉਸ ਨੇ ਪਿੱਛੇ ਹਟਾ ਦਿੱਤੇ ਸਾਰੇ ਕਿ ਮੈਂ ਗੱਲ ਕਰਨੀ ਹੈ। ਕਹਿੰਦਾ ਦੇਖ ਸਿੱਖਾ! ਮੈਂ ਹਾਂ ਰਾਜਾ ਇੱਥੋਂ ਦਾ, ਤੈਨੂੰ ਤੇ ਤੇਰੇ ਸਾਰੇ ਟੱਬਰ ਨੂੰ ਮੈਂ ਮਰਵਾ ਸਕਦਾ ਹਾਂ, ਗਰੀਬ ਬਣਾ ਸਕਦਾ ਹਾਂ। ਪਰ ਮੈਂ ਇਹ ਕੰਮ ਨਹੀਂ ਕਰਨਾ ਚਾਹੁੰਦਾ, ਧੱਕੇ ਨਾਲ ਵੀ ਮੈਂ ਤੇਰੀ ਲੜਕੀ ਲਿਜਾ ਸਕਦਾ ਹਾਂ। ਤੂੰ ਸੰਮਤੀ ਨਾਲ ਆਪਣੀ ਲੜਕੀ ਮੇਰੇ ਕੋਲ ਲਿਆ। ਬੜਾ ਭਾਰਾ ਸੁਆਲ ਆ ਗਿਆ। ਗੈਰਤ ਵਾਲਾ ਸੀ ਗੁਰਸਿੱਖ, ਬੰਦਗੀ ਕਰਨ ਵਾਲਾ। ਉਸ ਨੇ ਕਿਹਾ ਇਸ ਨਾਲੋਂ ਤਾਂ ਮਰ ਜਾਣਾ ਹੀ ਅੱਛਾ ਹੈ। ਉਸ ਲੜਕੀ ਨੇ ਜਦੋਂ ਪਿਤਾ ਦੇ ਤੌਰ ਬਦਲੇ ਹੋਏ ਦੇਖੇ, ਚਿਹਰਾ ਦੇਖਿਆ। ਉਹ ਕਹਿਣ ਲੱਗੀ ਕਿ ਪਿਤਾ ਜੀ! ਆਪਣੇ ਘਰ ਅੱਜ ਸੰਗਤ ਨੂੰ ਪ੍ਰਸ਼ਾਦਾ ਛਕਾਇਆ ਸੀ, ਤੁਸੀਂ ਖੁਸ਼ ਹੋਣੇ ਚਾਹੀਦੇ ਸੀ ਪਰ ਉਸ ਦੀ ਥਾਂ ਤੁਹਾਡੇ ਚਿਹਰੇ ਤੇ ਐਸੇ ਨਕਸ਼ ਉਭਰ ਆਏ ਜਿਵੇਂ ਮਹਾਨ ਚਿੰਤਾ ਵਿਚ ਤੁਸੀਂ ਚਲੇ ਗਏ ਹੋਵੋ। ਇਸ ਦੀ ਤਾਂ ਸਾਨੂੰ ਖੁਸ਼ੀ ਹੋਣੀ ਚਾਹੀਦੀ ਸੀ। ਗੁਰਸਿੱਖ ਨੇ ਕੋਈ ਜਵਾਬ ਨਾ ਦਿਤਾ। ਲੜਕੀ ਬੜੀ ਸਮਝਦਾਰ ਸੀ ਫੇਰ ਪੁੱਛਿਆ, ਫੇਰ ਪੁੱਛਿਆ। ਸੰਗਤ ਵਿਦਾ ਕਰ ਦਿੱਤੀ ਫੇਰ ਪੁੱਛਿਆ ਕਿ ਪਿਤਾ ਜੀ ਮੈਨੂੰ ਦੱਸੋ। ਤੁਹਾਡੇ ਅੰਦਰ ਬਹੁਤ ਗਹਿਰੀ ਚਿੰਤਾ ਹੈ। ਕਹਿਣ ਲੱਗਿਆ

ਕਿ ਬੇਟਾ! ਮੈਂ ਕੀ ਕਰਾਂ ਮੇਰੀ ਇੱਜ਼ਤ ਦਾ ਸਵਾਲ ਆ ਗਿਆ। ਇੱਕ ਪਾਸੇ ਰਾਜਾ ਹੈ, ਇੱਕ ਪਾਸੇ ਉਸ ਦੀ ਮੂੜ੍ਹ ਮੱਤ ਹੈ, ਇੱਕ ਪਾਸੇ ਉਹ ਸਭ ਕੁਝ ਕਰ ਸਕਦਾ ਹੈ, ਆਪਾਂ ਨੂੰ ਉਜਾੜ ਸਕਦਾ ਹੈ ਜੇ ਮੈਂ ਨਾ ਗੱਲ ਮੰਨੀ, ਮਾਰ ਵੀ ਸਕਦਾ ਹੈ, ਜਬਰਦਸਤੀ ਵੀ ਕਰ ਸਕਦਾ ਹੈ। ਕਹਿਣ ਲੱਗੀ ਕਿ ਐਸੀ ਕੀ ਗੱਲ ਹੈ? ਪਿਤਾ ਨੇ ਦੱਸਿਆ ਉਸ ਪਾਮਰ ਰਾਜੇ ਨੇ ਤੇਰੇ ਬਾਰੇ ਕਿਹਾ ਹੈ ਕਿ ਮੇਰੇ ਕੋਲ ਭੇਜ ਦਿਓ ਲੜਕੀ ਨੂੰ ਤੇ ਮੈਂ ਕਿਵੇਂ ਭੇਜ ਦੇਵਾਂ। ਕਹਿੰਦੀ ਕਿ ਤੁਸੀਂ ਫਿਕਰ ਨਾ ਕਰੋ, ਮੈਂ ਆਪ ਹੀ ਜਾਵਾਂਗੀ ਤੇ ਮੈਨੂੰ ਆਪਣੀ ਇੱਜ਼ਤ ਰੱਖਣ ਦਾ ਆਪ ਪਤਾ ਹੈ। ਕਹਿੰਦਾ ਕਿ ਬੇਟਾ! ਜਾਹਲ ਬਹੁਤ ਹੈ। ਕਹਿਣ ਲੱਗੀ ਕਿ ਕੋਈ ਨਾ, ਤੁਸੀਂ ਫਿਕਰ ਨਾ ਕਰੋ, ਮੈਂ ਤੁਹਾਨੂੰ ਦਾਗ ਨਹੀਂ ਲੱਗਣ ਦਿੰਦੀ ਕੋਈ, ਮੈਂ ਬੰਦਗੀ ਕੀਤੀ ਹੈ ਬਚਪਨ ਤੋਂ, ਨਾਮ ਜਪਿਆ ਹੈ, ਮੇਰੀ ਬਿਰਤੀ ਵਿਚ ਕੋਈ ਗਿਰਾਵਟ ਨਹੀਂ ਆਈ ਅੱਜ ਤੱਕ, ਮੈਂ ਸਤੀ ਹਾਂ। ਤੁਸੀਂ ਕੋਈ ਫਿਕਰ ਨਾ ਕਰੋ ਮੇਰੀ ਇਜ਼ਤ ਮੇਰਾ ਸਤਿਗੁਰੂ ਆਪ ਰੱਖੇਗਾ। ਉਹ ਚਲੀ ਜਾਂਦੀ ਹੈ। ਜਾ ਕੇ ਕਹਿੰਦੀ, "ਮੈਂ ਆ ਗਈ, ਦੱਸੋ ਕੀ ਗੱਲ ਹੈ?" ਉਸ ਰਾਜੇ ਨੇ ਆਪਣੀ ਮੰਦ ਵਾਸ਼ਨਾ ਵਾਲੀ ਗੱਲ ਕਹੀ। ਉਹ ਕਹਿੰਦੀ, "ਚੰਗਾ! ਮੈਂ ਕੱਲ੍ਹ ਨੂੰ ਤਿਆਰ ਹੋ ਕੇ ਆਵਾਂਗੀ, ਮੇਰਾ ਕੱਲ੍ਹ ਨੂੰ ਇੰਤਜਾਰ ਕਰਿਓ।"

ਦੂਸਰੇ ਦਿਨ ਇਹ ਗੁਰਮੁਖ ਲੜਕੀ ਰਾਜੇ ਪਾਸ ਗਈ ਤਾਂ ਉਸ ਨੂੰ ਸਮਝਾਇਆ ਕਿ ਰਾਜਨ! ਰਾਜੇ ਮਾਂ-ਪਿਓ ਹੁੰਦੇ ਨੇ। ਤੈਨੂੰ ਵਾਹਿਗੁਰੂ ਨੇ ਬੜੀ ਉੱਚੀ ਪਦਵੀ ਤੇ ਲਿਆਂਦਾ ਹੈ, ਇਹ ਮਾੜੇ ਕੰਮ ਨਾ ਸੋਚ। ਅਸੀਂ ਤੇਰੇ ਬਾਲ-ਬੱਚੇ ਹਾਂ, ਰਿਆਇਆ ਬੱਚੇ ਹੁੰਦੀ ਹੈ। ਇਹ ਗਲਤ ਗੱਲ ਨਾ ਸੋਚ। ਨਾਲ ਕਹਿੰਦੀ ਤੂੰ ਕਾਮਯਾਬ ਨਹੀਂ ਹੋਣਾ ਏਸ ਗੱਲ ਵਿਚ। ਜਦੋਂ ਉਸ ਨੇ ਜਬਰਦਸਤੀ ਉਸ ਦੀ ਬਾਂਹ ਫੜ ਲਈ ਤਾਂ ਉਸਦੇ ਦੂਸਰੇ ਹੱਥ ਵਿਚ ਜ਼ਹਿਰ ਸੀ ਉਸੇ ਵੇਲੇ ਨਿਗਲ ਲਈ।

ਕਹਿਣ ਲੱਗੀ, "ਤੂੰ ਗੰਦਾ ਕੰਮ ਕਰਨ ਲਈ ਲੋਚਿਆ, ਗੰਦਗੀ ਖਾਣ ਦੀ ਨੀਅਤ ਧਾਰੀ ਹੈ, ਜਾਹ! ਸੌ ਜਨਮ ਤੂੰ ਘੋਗੜ ਬਣੇਗਾ।"

ਹੁਣ ਸੌ ਜਨਮ ਉਸ ਦੇ ਗੁਰੂ ਦਸਵੇਂ ਪਾਤਿਸ਼ਾਹ ਵੇਲੇ ਮੁੱਕੇ ਤੇ ਸਤੀ ਦਾ ਬਚਨ ਸੀ ਉਹ ਟਲ ਕਿਵੇਂ ਸਕਦਾ ਸੀ? ਉਹ ਮਰ ਜਾਂਦਾ ਸੀ ਘੋਗੜ ਬਣ ਜਾਂਦਾ ਸੀ, ਮਰ ਜਾਂਦਾ ਸੀ ਹਰ ਵਾਰੀ ਘੋਗੜ ਬਣ ਜਾਂਦਾ ਸੀ। ਘੋਗੜ ਦੀ ਖੁਰਾਕ ਗੰਦ-ਮੰਦ ਹੁੰਦਾ ਹੈ। ਉਹ ਦਰਖਤ ਦੇ ਸੁੱਕੇ ਹੋਏ ਟਾਹਣੇ ਤੇ ਬੈਠਾ ਸੀ। ਗੁਰੂ ਮਹਾਰਾਜ ਜੀ ਨੇ ਬਾਣ ਮਾਰਿਆ।

ਸੋ ਮਹਾਰਾਜ ਜੀ ਨੇ ਸਾਰੀ ਵਿਥਿਆ ਦੱਸੀ ਕਿ ਰਾਜੇ ਨੇ ਪੁੰਨ-ਦਾਨ ਤਾਂ ਬਹੁਤ ਕਰੇ ਸਨ, ਕੁਝ ਸਮਾਂ ਉਸ ਨੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਸੀ ਉਸ ਦਾ ਫਲ ਵੀ ਉਸ ਨੂੰ ਮਿਲਣਾ ਸੀ। ਇਸ ਕਰਕੇ ਉਸ ਲੜਕੀ ਦਾ ਬਚਨ, ਇਕ ਸੌ ਇਕ ਜਨਮ ਘੋਗੜ ਬਣਨ ਦਾ ਪੂਰਾ ਹੋ ਗਿਆ ਤੇ ਅਸੀਂ ਇਸ ਦੇ ਕੀਤੇ ਹੋਏ ਪਾਪਾਂ ਨੂੰ ਮਾਫ ਕਰ ਦਿਤਾ ਕਿਉਂਕਿ ਇਸ ਨੇ

ਭੋਗ ਲਿਆ।

ਸੋ ਮੈਂ ਇਹ ਸਾਖੀ ਇਸ ਕਰਕੇ ਦੱਸੀ ਹੈ ਕਿ ਕਿੱਥੇ ਰਾਜਾ ਤੇ ਕਿੱਥੇ ਗੰਦਗੀ ਖਾਣ ਵਾਲਾ ਘੋਗੜ। ਜੀਵ ਆਤਮਾ ਜਿਹੜਾ ਇਸ ਸਰੀਰ ਵਿਚ ਰਹਿੰਦਾ ਹੈ ਉਹ ਕਿਤੇ ਗੈਬ ਵਿਚ ਨਹੀਂ ਰੁਲ ਜਾਂਦਾ ਕਿ ਉੱਤੇ ਜਾ ਕੇ ਰੁਲ ਗਿਆ ਤੇ ਕਿਤੇ ਪਤਾ ਹੀ ਨਹੀਂ -

***ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥***
***ਪੰਨਾ - 1193***

ਮਹਾਰਾਜ ਜੀ ਨੇ ਸੁਆਲ ਦੇ ਰੂਪ ਵਿਚ ਦੱਸਿਆ ਕਿ ਇਹ ਜੀਵ ਆਉਂਦਾ ਕਿੱਥੋ ਹੈ? ਰਹਿੰਦਾ ਕਿੱਥੇ ਹੈ? ਤੇ ਜਦੋਂ ਮਰ ਜਾਂਦਾ ਹੈ ਫੇਰ ਕਿੱਥੇ ਚਲਿਆ ਜਾਂਦਾ ਹੈ? ਮਹਾਰਾਜ ਜੀ ਕਹਿੰਦੇ -

***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥ ਪੰਨਾ - 1193***

ਐਨੇ ਜੀਵ-ਜੰਤ ਨੇ ਕਿ ਜੇ ਆਪਾਂ ਗਿਣੀਏ ਤਾਂ ਇਸੇ ਧਰਤੀ ਤੇ ਇੱਕ ਅਰਬ ਸਾਡੀ ਮਨੁੱਖਾਂ ਦੀ ਹੀ ਆਬਾਦੀ ਹੋਣ ਵਾਲੀ ਹੈ ਥੋੜੇ ਦਿਨਾਂ ਵਿੱਚ। ਇੱਕ ਅਰਬ ਦਾ ਕਿਹੜਾ ਲੇਖਾ ਜੋਖਾ ਲਾ ਲਏਗਾ। ਫੇਰ ਜੂਨਾਂ ਨੇ, ਇੱਕ-ਇੱਕ ਜੂਨ ਲੱਖਾਂ-ਲੱਖਾਂ ਕਿਸਮ ਦੀ ਹੈ। ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ, ਇੱਕ -ਇੱਕ ਕਿਸਮ ਵਿਚ ਲੱਖਾਂ-ਕਰੋੜਾਂ ਨੇ। ਇਹ ਗਿਣਤੀ ਖਰਬਾਂ-ਖਰਬਾ-ਖਰਬਾਂ-ਖਰਬਾਂ ਵਿਚ ਚਲੀ ਜਾਂਦੀ ਹੈ। ਮਹਾਰਾਜ ਜੀ ਕਹਿੰਦੇ ਪਿਆਰਿਓ! ਐਨਿਆਂ ਦੀ ਕੀਮਤ ਕੌਣ ਪਾ ਕੇ ਦੱਸੇ, ਕਾਗਜ਼ ਹੀ ਨਹੀਂ ਐਨੇ ਬਣੇ। ਜੇ ਸਾਰੀ ਦੁਨੀਆਂ ਦੇ ਕਾਰਖਾਨੇ ਵੀ ਚੱਲ ਪੈਣ ਕਾਗਜ਼ ਹੀ ਬਣਾਈ ਜਾਣ ਤਾਂ ਉਨ੍ਹਾਂ ਦੇ ਹਾਲ ਨਹੀਂ ਲਿਖੇ ਜਾ ਸਕਦੇ। ਠੀਕ ਹੈ ਕਰਮਾਂ ਦੇ ਹਿਸਾਬ ਨਾਲ ਉਸ ਨੂੰ ਕੱਪੜਾ ਮਿਲਦਾ ਹੈ, ਉਸ ਨੂੰ ਸਰੀਰ ਮਿਲਦਾ ਹੈ। ਉਹ ਜੋ ਜੂਨਾਂ ਵਿਚ ਘੁੰਮਦਾ ਫਿਰਦਾ ਬਾਰ-ਬਾਰ ਜੰਮਦਾ ਮਰਦਾ ਰਹਿੰਦਾ ਹੈ ਉਸ ਨੂੰ ਜੀਵ-ਆਤਮਾ ਕਹਿੰਦੇ ਹਨ -

***ਮਰਣਹਾਰ ਇਹੁ ਜੀਅਰਾ ਨਾਹੀ॥ ਪੰਨਾ - 188***

ਇਹ ਮਰਿਆ ਨਹੀਂ ਕਰਦਾ। ਇਸ ਨੂੰ ਕਰਮਾਂ ਅਨੁਸਾਰ ਸਰੀਰ ਰੂਪੀ ਕੱਪੜਾ ਮਿਲਦਾ ਹੈ। ਕਿਹੋ-ਜਿਹਾ ਮਿਲ ਜਾਂਦਾ ਹੈ। ਮਹਾਰਾਜ ਜੀ ਨੇ ਦੱਸਿਆ ਵੀ ਹੈ -

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲ ਵਲ ਅਉਤਰੈ॥ ਪੰਨਾ - 526***

ਸੱਪ ਦਾ ਸਰੀਰ ਵੀ ਮਿਲ ਜਾਂਦਾ ਹੈ, ਸੂਰ ਦਾ ਵੀ ਮਿਲ ਜਾਂਦਾ ਹੈ, ਵੇਸਵਾ ਦਾ ਵੀ ਮਿਲ ਜਾਂਦਾ ਹੈ, ਭੂਤ ਦਾ ਮਿਲ ਜਾਂਦਾ ਹੈ। ਭੂਤਾਂ ਦੀ

ਤਾਂ ਬਹੁਤ ਹੀ ਅਬਾਦੀ ਹੈ। ਇੱਕ ਭੂਤ ਮੈਨੂੰ ਮਿਲਿਆ ਉਹ ਪੜ੍ਹਿਆ-ਲਿਖਿਆ ਸੀ, ਬਹੁਤ ਪੜ੍ਹਿਆ ਹੋਇਆ ਮੌਲਵੀ ਸੀ ਉਹ। ਸੁਲੇਮਾਨ ਨਾਂ ਸੀ ਉਸਦਾ। ਮੈਂ ਕਿਹਾ, "ਸੁਲੇਮਾਨ! ਐਉਂ ਤਾਂ ਦੱਸ ਤੁਹਾਡੀ ਅਬਾਦੀ ਕਿੰਨੀ ਕੁ ਹੈ?" ਮੈਨੂੰ ਉਹ ਗਿੱਲ ਸਾਹਿਬ ਕਹਿੰਦਾ ਹੁੰਦਾ ਸੀ।

ਕਹਿੰਦਾ, "ਗਿੱਲ ਸਾਹਿਬ! ਤੁਸੀਂ ਕਿੰਨੇ-ਕੁ ਹੋ?"

ਅਸੀਂ ਤਾਂ ਉਦੋਂ ਨੱਬੇ ਕਰੋੜ ਤੋਂ ਹੇਠਾਂ ਸੀ। ਮੈਂ ਕਿਹਾ, "ਇਕ ਅਰਬ ਲਾ ਲੈ।" ਕਹਿੰਦਾ, "ਇਸ ਨੂੰ ਤਿੰਨ ਸੌ ਨਾਲ ਗੁਣਾ ਕਰ ਲਓ।"

ਮੈਂ ਕਿਹਾ, "ਇਹ ਤਾਂ ਤੀਹ ਖਰਬ ਹੋ ਗਿਆ।"

ਕਹਿੰਦਾ, "ਤੀਹ ਖਰਬ ਅਸੀਂ ਪ੍ਰੇਤ ਹਾਂ। ਇੱਕ ਮਨੁੱਖ ਤੇ ਤਿੰਨ ਸੌ ਅਸੀਂ, ਆਹ ਸਾਡੀ ਗਿਣਤੀ ਹੈ।"

ਮੈਂ ਕਿਹਾ, "ਰਹਿੰਦੇ ਕਿੱਥੇ ਹੋ?"

ਕਹਿੰਦਾ, "ਸਾਰਾ ਪੁਲਾੜ, ਜੰਗਲ ਬੇਲੇ, ਖੋਲੇ, ਉਜੜੇ ਥੇਹ ਓਜਾੜਾਂ ਸਭ ਸਾਡੇ ਹੀ ਰਹਿਣ ਦਾ ਥਾਂ ਹੈ, ਜਿੱਥੇ ਜੀਅ ਕਰਿਆ ਰਹਿੰਦੇ ਹਾਂ।"

ਮੈਂ ਕਿਹਾ, "ਕੋਈ ਮਾੜਾ-ਮੋਟਾ ਤਾਂ ਦੱਸ।"

ਕਹਿੰਦਾ, "ਕਾਹਦਾ ਦੱਸਣਾ ਹੈ ਐਵੇਂ ਡਰਨਗੇ ਲੋਕ ਜੇ ਮੈਂ ਦੱਸ ਦਿਤਾ। ਅਸੀਂ ਚਿੰਬੜਦੇ ਹਾਂ ਜਿਵੇਂ ਚਮਗਿੱਦੜ ਚਿੰਬੜੇ ਹੁੰਦੇ ਹਨ ਅਸੀਂ ਥੋੜ੍ਹੇ-ਥੋੜ੍ਹੇ point ਨੂੰ ਚਿੰਬੜ ਕੇ ਬੈਠੇ ਰਹਿੰਦੇ ਹਾਂ। ਸਾਨੂੰ ਹੁਕਮ ਨਹੀਂ ਹੈ ਕਿ ਅਸੀਂ ਤੁਹਾਨੂੰ ਕੁਝ ਕਹਿ ਸਕੀਏ। ਅਸੀਂ ਤਾਂ ਹੀ ਦੁੱਖ ਦਿੰਦੇ ਹਾਂ ਜਾਂ ਤਾਂ ਸਾਨੂੰ ਕੋਈ ਬੰਨ੍ਹ ਕੇ ਕਿਸੇ ਵਿਚ ਵਾੜ ਦੇਵੇ ਜਾਂ ਸਾਡਾ ਕੋਈ ਲੈਣਾ ਦੇਣਾ ਹੋਵੇ ਫੇਰ ਫੜਦੇ ਹਾਂ। ਨਹੀਂ ਤਾਂ ਅਸੀਂ ਦੁਨੀਆਂ ਨੂੰ ਮਾਰ ਦੇਈਏ ਪਰ ਸਾਡਾ ਵਸ ਨਹੀਂ ਚਲਦਾ ਜਿੱਥੇ ਪ੍ਰਮੇਸ਼ਰ ਦਾ ਕੋਈ ਨਾਮ ਜਪਦਾ ਹੈ।" ਜਮਦੂਤ ਵੀ ਨੱਠ ਜਾਂਦੇ ਨੇ ਅਸੀਂ ਤਾਂ ਨੱਠਣਾ ਹੀ ਸੀ -

***ਨਾਮੁ ਸੁਣਤ ਜਮੁ ਦੂਰਹੁ ਭਾਗੈ॥ ਪੰਨਾ - 1150***

ਸੋ ਏਸ ਤਰ੍ਹਾਂ ਜੂਨਾਂ ਹੀ ਜੂਨਾਂ ਨੇ ਇਨ੍ਹਾਂ ਦਾ ਲੇਖਾ-ਪੱਤਾ ਕੌਣ ਕਰ ਲਏਗਾ? ਦੁਨੀਆਂ ਵਿਚ ਕੌਣ ਜੰਮਿਆ ਹੈ ਜਿਹੜਾ ਸਾਰਿਆਂ ਦਾ ਲੇਖਾ ਲਵੇ। ਮਹਾਰਾਜ ਜੀ ਕਹਿੰਦੇ -

***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥ ਪੰਨਾ - 1193***

ਚਲੋ ਜਿੰਨਾ-ਕੁ ਸਾਨੂੰ ਪਤਾ ਹੈ ਓਨਾ-ਕੁ ਲੈ ਲਓ। ਕੁੱਤੇ-ਬਿੱਲੇ ਜਿਹੜੇ ਆਪਾਂ ਦੇਖਦੇ ਹਾਂ ਅੱਖਾਂ ਨਾਲ ਇਨ੍ਹਾਂ ਸਾਰੀਆਂ ਜੂਨਾਂ ਵਿਚ ਆਦਮੀ ਨੂੰ ਘੁੰਮਣਾ ਪੈਂਦਾ ਹੈ -

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ ਪੰਨਾ***

*– 279*

ਜਿਹੜਾ ਸੰਤਾਂ ਨੂੰ ਦੁਖੀ ਕਰਦਾ ਹੈ, ਤੰਗ ਕਰਦਾ ਹੈ, ਉਹ ਤਾਂ ਕਹੀ ਜਾਂਦਾ ਹੈ, ਪਰ ਸੰਤ ਦੁਖੀ ਨਹੀਂ ਹੁੰਦੇ। ਇਹ ਵੀ ਫਰਕ ਹੈ, ਸੰਤ ਨਹੀਂ ਦੁਖੀ ਹੁੰਦੇ। ਉਨ੍ਹਾਂ ਦੇ ਅੰਦਰ ਐਨਾ ਅਨੰਦ ਹੁੰਦਾ ਹੈ, ਐਨਾ ਖੇੜਾ ਹੁੰਦਾ ਹੈ ਕਿ ਉਹ ਆਪਣੀ ਬਿਰਤੀ ਨੂੰ ਉਪਰੋ ਸਤੋ ਗੁਣ ਤੋਂ ਨਖਿੱਧ ਤਮੋ ਗੁਣ ਰੂਪੀ ਕ੍ਰੋਧੀ, ਕਾਮੀ, ਲੋਭੀ, ਵੈਰ ਭਾਵ ਵਾਲੇ, ਥੱਲੇ ਵਾਲੀ ਅਵਸਥਾ ਵਿਚ ਲਿਆਉਣਾ ਨਹੀਂ ਚਾਹੁੰਦੇ –

***ਨਾਨਕ ਭਗਤਾ ਸਦਾ ਵਿਗਾਸੁ॥ ਪੰਨਾ – 2***

ਉਹ ਸਦਾ ਹੀ ਖਿੜੇ ਰਹਿੰਦੇ ਨੇ। ਗੁਰੂ ਪੰਜਵੇਂ ਪਾਤਿਸ਼ਾਹ ਜੀ ਨੂੰ ਸਾਈਂ ਮੀਆਂ ਮੀਰ ਨੇ ਕਿਹਾ ਕਿ ਸੱਚੇ ਪਾਤਸ਼ਾਹ! ਤੁਸੀਂ ਤੱਤੀ ਤਵੀ ਤੇ ਬੈਠੇ ਹੋ, ਪਾਣੀ ਵਿਚ ਉਬਾਲ ਦਿੱਤੇ। ਸਾਰੀ ਦੁਨੀਆਂ ਨੂੰ ਇਕ ਫੁਰਨੇ ਨਾਲ ਤੁਸੀਂ ਖਤਮ ਕਰ ਸਕਦੇ ਹੋ, ਤੁਸੀਂ ਇਨ੍ਹਾਂ ਨੂੰ ਸਰਾਪ ਨਹੀਂ ਦੇ ਸਕਦੇ? ਮਹਾਰਾਜ ਜੀ ਕਹਿੰਦੇ, "ਮੀਆਂ ਮੀਰ! ਕਿਸ ਦੇ ਨਾਲ ਦ੍ਵੈਸ਼ ਕਰੀਏ? ਇੱਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ?"

***ਆਪੇ ਪਾਵਕੁ ਆਪੇ ਪਵਨਾ॥***
***ਜਾਰੈ ਖਸਮੁ ਤ ਰਾਖੈ ਕਵਨਾ॥ ਪੰਨਾ – 329***

***ਪਉਣ ਪਾਣੀ ਬੈਸੰਤਰ ਮਾਹਿ॥ ਪੰਨਾ – 294***

ਕਹਿੰਦੇ, "ਅਸੀਂ ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ ਪੌਣ ਵਿਚ ਵੀ ਓਹੀ ਹੈ, ਪਾਣੀ ਵਿਚ ਵੀ ਓਹੀ ਹੈ ਬੈਸੰਤਰ (ਅੱਗ) ਵਿਚ ਵੀ ਓਹੀ ਹੈ। ਜੇ ਤੱਤੇ ਪਾਣੀ ਵਾਲੀ ਦੇਗ ਵਿਚ ਸਾਨੂੰ ਉਬਾਲਾ ਦੇ ਦਿੱਤਾ ਉਥੇ ਵੀ ਓਹੀ ਸੀ ਹੋਰ ਤਾਂ ਹੈ ਨਹੀਂ ਸੀ। ਹੁਣ ਇਹ ਤੱਤੀ ਤਵੀ ਤੇ ਬਿਠਾਈ ਬੈਠੇ ਨੇ ਅੱਗ ਵੀ ਉਹ ਆਪ ਹੈ, ਤਵੀ ਵੀ ਉਹ ਆਪ ਹੈ, ਇਹ ਵੀ ਆਪ ਹੈ, ਕੌਣ ਕਿਸ ਤੇ ਬੈਠਾ ਹੈ ਤੇ ਕੌਣ ਕਿਸ ਨੂੰ ਸਰਾਪ ਦੇਵੇ।" ਸਾਰੀ ਲੀਲਾ ਹੈ ਮੇਰੇ ਪ੍ਰਭ ਜੀ ਦੀ। ਭਾਣਾ ਵਰਤ ਰਿਹਾ ਹੈ।

ਇਹ ਦ੍ਰਿਸ਼ਟੀ ਮਹਾਂਪੁਰਸ਼ਾਂ ਦੀ ਹੋਇਆ ਕਰਦੀ ਹੈ। ਦੁਨੀਆਂ ਨੂੰ ਇਸ ਦੀ ਸਮਝ ਨਹੀਂ ਆਉਂਦੀ। ਉਹ ਸਦਾ ਖਿੜੇ ਰਹਿੰਦੇ ਨੇ। ਮਹਾਰਾਜ ਜੀ ਕਹਿੰਦੇ ਜੋ ਕੋਈ ਦੁਖੀ ਕਰਦਾ ਹੈ ਉਹ ਕੁੱਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ ਉਹ ਬਣਦਾ ਹੈ।

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ ਪੰਨਾ – 279***

ਕਿਰਮ ਬਣਦਾ ਹੈ। ਫੇਰ ਦੂਜਾ –

***ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਪੰਨਾ – 278***

ਰਾਜਸੀ ਸ਼ਕਤੀ ਦਾ ਜੋ ਅਭਿਮਾਨ ਕਰਦਾ ਹੈ ਉਹ ਕਿੱਥੇ ਜਾਂਦਾ ਹੈ?

ਕਹਿੰਦੇ–

***ਸੋ ਨਰਕ ਪਾਤੀ..॥ ਪੰਨਾ – 278***

ਪਹਿਲਾਂ ਤਾਂ ਨਰਕ ਕੱਟੇਗਾ। ਫੇਰ ਉਸ ਤੋਂ ਬਾਅਦ।

***.....ਹੋਵਤ ਸੁਆਨੁ॥***
***ਪੰਨਾ – 278***

ਕੁੱਤਾ ਬਣ ਕੇ ਤੁਰਿਆ ਫਿਰੇਗਾ। ਸੋ ਇਹ ਜੋ ਚੱਕਰ ਹੈ ਸਾਧ ਸੰਗਤ ਜੀ! ਜਿਹੜਾ ਸਾਡੇ ਅੱਗੇ ਪੜਦਾ ਪਾ ਦਿੱਤਾ ਪ੍ਰਮੇਸ਼ਰ ਨੇ, ਸਾਨੂੰ ਪਤਾ ਨਹੀਂ ਲਗਦਾ ਕਿ ਅਸੀਂ ਜਾਣਾ ਕਿੱਥੇ ਹੈ ਤੇ ਕੀ ਬਣੇਗਾ? ਇਹ ਇਕ ਬੜਾ ਭਾਰਾ ਮਾਇਆ ਦਾ ਅੰਧ ਗੁਬਾਰ ਹੈ। ਅਸੀਂ ਮਾਇਆ ਦੇ ਅਸਰ ਵਿਚ ਆਏ ਹੋਏ ਮਨੁੱਖ ਜਾਮਾ ਧਾਰਨ ਕਰਕੇ ਏਸ ਗੱਲ ਨੂੰ ਸਮਝਣ ਦਾ ਯਤਨ ਨਹੀਂ ਕਰਦੇ। ਅੱਜ ਦਾ ਦਿਨ ਦੇਖਦੇ ਹਾਂ, ਪਹਿਲੇ ਵੀ ਭੁੱਲ ਗਏ ਸਾਨੂੰ, ਪਿਛਲੇ ਵੀ ਭੁੱਲ ਗਏ ਜਿਹੜੇ ਆਉਣਗੇ ਉਨ੍ਹਾਂ ਦਾ ਦਿਮਾਗ ਵਿਚ ਸਾਨੂੰ ਚਿੱਤ-ਚੇਤਾ ਨਹੀਂ ਹੈ ਕਿ ਫੇਰ ਬਣੇਗਾ ਕੀ? ਮਹਾਤਮਾ ਆਵਾਜ਼ਾਂ ਦਿੰਦੇ ਨੇ ਕਿ ਪਿਆਰਿਆ! ਤੂੰ ਨਾਮ ਜਪ ਲੈ। ਜੇ ਤੈਨੂੰ ਸਰੀਰ ਮਾੜਾ ਮਿਲ ਗਿਆ ਫੇਰ ਤਾਂ ਤੂੰ ਚੱਕਰ ਵਿਚ ਪੈ ਗਿਆ ਤੇ ਪਤਾ ਨਹੀਂ ਕਿਹੜੇ ਵੇਲੇ ਤੇਰੀ ਵਾਰੀ ਆਵੇ; ਨਾਮ ਤਾਂ ਜਪ ਨਹੀਂ ਹੋਣਾ-ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਗੁੰਗਾ ਮੁਖ ਹੋ ਗਿਆ,***
***ਫੇਰ ਕਿਵੇਂ ਨਾਮ ਜਪੇਂਗਾ –2, 2.***
***ਕਿਵੇਂ ਨਾਮ ਜਪੇਂਗਾ –4, 2.***
***ਗੁੰਗਾ ਮੁਖ ਹੋ ਗਿਆ, ..........–2.***

ਦੋ ਪੈਰ ਮਿਲੇ ਹੋਏ ਨੇ। ਕਹਿੰਦੇ ਫੇਰ ਚਾਰ ਪੈਰ ਮਿਲ ਜਾਣਗੇ, ਪਾਟੇ ਹੋਏ ਪੈਰ। ਦੋ ਸਿੰਗ ਵੀ ਮਿਲ ਜਾਣਗੇ, ਲੰਮਾ ਮੂੰਹ ਮਿਲ ਜਾਏਗਾ, ਮੂੰਹ ਹੋ ਜਾਏਗਾ ਗੂੰਗਾ ਤੇ ਰੰਭਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦਾ। ਫੇਰ ਤੈਨੂੰ ਵਿਹਲਾ ਨਹੀਂ ਬੈਠਣ ਦੇਣਾ ਤੇਰਾ ਨੱਕ ਫਾੜ ਕੇ ਨੱਥ ਪਾ ਲਈ ਜਾਏਗੀ, ਕੰਧੇ (ਮੋਢੇ) ਤੇ ਤੇਰੇ ਪੰਜਾਲੀ, ਹਲ ਖਿਚਣ ਵਾਸਤੇ ਕੰਮ ਲਿਆ ਜਾਵੇਗਾ ਫੇਰ ਕੰਧਾ ਪੱਕ ਜਾਣਾ ਹੈ ਤੇਰਾ। ਫੇਰ ਤੈਨੂੰ ਖਾਣ ਨੂੰ ਕੁਝ ਨਹੀਂ ਮਿਲਣਾ ਐਉਂ ਤਾਂ ਦੱਸ ਫੇਰ ਤੂੰ ਕਰੇਂਗਾ ਕੀ?

***ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥***
***ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥***
***ਪੰਨਾ – 524***

ਸੋਟੀ ਮਾਰਨੀ ਹੈ ਫੜਾਕ ਦੇ ਕੇ ਉਠ ਓਏ! ਹਲ ਨੂੰ ਜੋੜ ਲਿਆ ਤਾਂ ਸੋਟੀਆਂ ਮਾਰੀ ਜਾਣੀਆਂ ਨੇ। ਉਸ ਨੇ ਕਿਹੜਾ ਬੋਲ ਕੇ ਦੱਸਣਾ ਹੈ ਕਿ ਮੇਰੇ ਸੋਟੀ ਨਾ ਮਾਰ। ਜੇ ਉਹ ਦੱਸੇ ਵੀ ਤਾਂ ਕਿਹੜਾ ਕੋਈ ਉਸ ਦੀ ਪਰਵਾਹ ਕਰਦਾ ਹੈ। ਫੇਰ ਕਹਿੰਦੇ ਕਿੱਥੇ ਸਿਰ ਲੁਕੋਏਂਗਾ –

*ਹਰਿ ਬਿਨੁ ਬੈਲ ਬਿਰਾਨੇ ਹੁਈਹੈ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥*
*ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ॥*

*ਪੰਨਾ - 524*

ਵਾਹਿਗੁਰੂ ਦਾ ਨਾਮ ਨਾ ਜੱਪਣ ਕਰਕੇ ਬੈਲ ਹੋ ਗਿਆ। ਸਾਰਾ ਦਿਨ ਵਣ ਵਿਚ ਫਿਰਦਾ ਹੈ, ਤੇਰਾ ਪੇਟ ਭਰ ਨਹੀਂ ਹੁੰਦਾ ਤੇ ਜੇ ਤੂੰ ਮੇਰਾ ਕਿਹਾ ਮੰਨ ਲੈਂਦਾ ਕਬੀਰ ਸਾਹਿਬ ਕਹਿੰਦੇ -

*ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥*
*ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ॥*

*ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ॥*
*ਭ੍ਰਮਤ ਫਿਰਤ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈ ਹੈ॥*
*ਪੰਨਾ - 524*

ਜਦੋਂ ਅਸੀ ਕਹਿੰਦੇ ਸੀ ਨਾਮ ਜਪੋ, ਨਾਮ ਜਪੋ ਜੇ ਮੰਨ ਲੈਂਦੇ ਤਾਂ ਚੰਗਾ ਹੀ ਸੀ ਅੱਜ ਦੇਖ ਤੈਨੂੰ ਆਹ ਜੂਨ ਪ੍ਰਾਪਤ ਹੋ ਗਈ। ਇਸ ਸੰਸਾਰ ਨੇ ਐਵੇਂ ਹੀ ਚਲਦਾ ਰਹਿਣਾ ਹੈ ਸਾਧ ਸੰਗਤ ਜੀ! ਰੁਕਣਾ ਨਹੀਂ। ਇਹ ਨਹੀਂ ਹੈ ਕਿ-

*ਆਪ ਮੂਏ ਜਗ ਪਰਲੋ॥*

ਕਿ ਜੱਗ ਵੀ ਮਰ ਗਿਆ। ਨਹੀਂ, ਆਪਣਾ ਜੀਵ ਆਤਮਾ ਜਾਣਾ ਹੈ। ਦਰਗਾਹ ਵਿਚ ਕੰਡਾ ਲੱਗਿਆ ਹੋਇਆ ਹੈ, ਕੰਪੀਊਟਰ ਲੱਗਿਆ ਹੋਇਆ ਹੈ ਜਿੱਥੇ ਇਕ-ਦਮ ਨਿਕਲ ਆਉਣਾ ਹੈ -

*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥*
*ਪੰਨਾ - 524*

ਉਸੇ ਵੇਲੇ ਨਵਾਂ ਕੱਪੜਾ ਮਿਲ ਜਾਣਾ ਹੈ। ਪਹਿਲਾਂ-ਪਹਿਲਾਂ ਇਹ ਝਾਕਦਾ ਹੈ ਕਿ ਆਹ ਕੀ ਮਿਲ ਗਿਆ ਮੈਨੂੰ ਫੇਰ ਆਦੀ ਹੋ ਜਾਂਦਾ ਹੈ। ਸੋ ਮਹਾਰਾਜ ਜੀ ਕਹਿੰਦੇ ਇਹ ਗੱਲਾਂ ਅਸੀਂ ਭੁੱਲ ਗਏ ਸਾਨੂੰ ਇਹ ਪਤਾ ਨਹੀ ਕਿ ਸਾਡਾ ਛੁਟਕਾਰਾ ਕਿਵੇਂ ਹੋਵੇ। ਛੁਟਕਾਰੇ ਦੀ ਬੇਨਤੀ ਮੈਂ ਪਹਿਲਾਂ ਕਰ ਦਿੱਤੀ ਕਿ ਜੋ ਕੋਈ ਇਹ ਸਮਝ ਲਵੇ ਜਿਹੜੀ ਪਹਿਲੀ ਧਾਰਨਾ ਪੜ੍ਹੀ ਹੈ -

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2, 2.*

***ਪ੍ਰਭ ਸਭ ਕਿਛੁ ਤੇਰਾ ਜੀ,............ -2.***

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਪੰਨਾ - 827***

ਇੱਕ ਲਾਈਨ ਹੈ ਇਸ ਦੇ ਸਾਰੇ ਹੀ ਅਰਥ ਸਮਝਦੇ ਹੋ। ਇਸ ਦੇ ਉਲਟ ਹਾਂ ਅਸੀਂ ਕਿ ਮੈਂ ਹਾਂ ਤੇ ਮੇਰਾ ਸਭ ਕੁਛ ਹੈ - ਮੇਰੀ ਜ਼ਮੀਨ ਹੈ, ਮੇਰਾ ਘਰ ਹੈ, ਮੇਰੇ ਬੱਚੇ ਨੇ, ਮੇਰੇ ਰਿਸ਼ਤੇਦਾਰ ਨੇ, ਮੇਰਾ-ਮੇਰਾ ਮੁਕਦਾ ਹੀ ਨਹੀਂ, ਮੇਰਾ ਦੇਸ਼ ਹੈ, ਮੇਰਾ ਧਰਮ ਹੈ ਕਿੰਨਾ ਹੀ ਕਰੀ ਜਾਓ ਮੇਰਾ-ਮੇਰਾ। ਮਹਾਰਾਜ ਜੀ ਕਹਿੰਦੇ -

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਾਹੀ ਸਰੈ॥ ਪੰਨਾ - 1160***

ਜਦੋਂ 'ਮੇਰੀ-ਮੇਰੀ ਮਿਟ ਜਾਂਦੀ ਹੈ ਫੇਰ ਜਿਹੜਾ 'ਮੇਰੀ-ਮੇਰੀ' ਮਿਟਣ ਤੋਂ ਬਾਅਦ ਅਸਲੀ ਹੈ ਉਹ ਰਹਿ ਜਾਂਦਾ ਹੈ -

***ਜਬ ਮੇਰੀ ਮੇਰੀ ਮਿਟ ਜਾਇ॥ ਤਬ ਪ੍ਰਭ ਕਾਜੁ ਸਵਾਰਹਿ ਆਏ॥***
***ਪੰਨਾ - 1161***

ਉਹ ਤਾਂ ਆਪ ਹੀ ਵਿਚ ਰਹਿੰਦਾ ਹੈ; ਉਥੇ ਝੂਠਾ ਪੜਦਾ ਪਿਆ ਹੋਇਆ ਹੈ ਇਹ ਫਿਲੋਸਫੀ ਦੀ ਬਾਤ ਹੈ। ਬਹੁਤ ਵਾਰ ਮੈਂ ਦੱਸਿਆ ਹੈ ਸੰਗਤ ਦੇ ਅੰਦਰ।

ਗੁਰੂ ਨਾਨਕ ਪਾਤਿਸ਼ਾਹ ਦੇ ਪਾਸ ਇੰਦਰਸੈਨ ਆਇਆ ਜਦੋਂ ਆਪ ਝੰਡਾ ਬਾਢੀ ਦੇ ਪਾਸ ਗਏ। ਰਾਜਾ ਸੁਧਰਸੈਨ ਦਾ ਉਹ ਭਾਣਜਾ ਸੀ।

ਮਹਾਰਾਜ ਜੀ ਕਹਿੰਦੇ, "ਤੈਨੂੰ ਕੀ ਚਾਹੀਦਾ ਹੈ ਇੰਦਰਸੈਨ।"

ਕਹਿੰਦਾ, "ਮਹਾਰਾਜ! ਮੈਨੂੰ ਸਤਿ ਚਿਤ ਅਨੰਦ ਵਿਚ ਪ੍ਰਵੇਸ਼ ਕਰਾ ਦਿਓ। ਮੈਨੂੰ 'ਬ੍ਰਹਮ ਅਨੰਦ' ਚਾਹੀਦਾ ਹੈ। "ਬ੍ਰਹਮ-ਅਨੰਦ" ਕਹਿੰਦੇ ਨੇ ਇਸ ਨੂੰ।

ਅਨੰਦ ਤਾਂ ਦੁਨੀਆਂ ਵਿਚ ਬੇਅੰਤ ਨੇ। ਰੋਟੀ ਵਧੀਆ ਮਿਲ ਗਈ ਕਹਿੰਦਾ ਅਨੰਦ ਆ ਗਿਆ, ਕੋਈ ਫਿਲਮ ਦੇਖ ਲਈ ਕਹਿੰਦਾ ਅਨੰਦ ਆ ਗਿਆ ਇਹ ਸਭ ਵਿਸ਼ੇ ਅਨੰਦ ਕਹਾਉਂਦਾ ਹੈ। ਅੱਗੇ ਸ਼੍ਰੇਣੀਆਂ ਬਹੁਤ ਨੇ ਅਨੰਦਾਂ ਦੀਆਂ ਜਿਹੜਾ ਆਖਰੀ ਅਨੰਦ ਹੈ ਉਹ 'ਬ੍ਰਹਮ ਅਨੰਦ' ਕਹਾਉਂਦਾ ਹੈ।

ਮਹਾਰਾਜ ਜੀ ਕਹਿੰਦੇ, "ਫੇਰ ਏਸ ਦੀ ਦੱਛਣਾ ਤਾਂ ਪਿਆਰਿਆ! ਪਹਿਲਾਂ ਦੇਣੀ ਪੈਂਦੀ ਹੈ।"

ਕਹਿੰਦਾ, "ਮਹਾਰਾਜ! ਜਿਹੜਾ ਕੁਝ ਮੈਥੋਂ ਲੈਣਾ ਹੈ ਲੈ ਲਓ।"

ਮਹਾਰਾਜ ਜੀ ਕਹਿੰਦੇ, "ਤੂੰ ਪੜ੍ਹਿਆ-ਲਿਖਿਆ ਹੈਂ, ਸਾਸ਼ਤਰ ਪੜ੍ਹਿਆ ਹੋਇਆ ਹੈਂ, ਵੇਦ ਪੜ੍ਹਿਆ ਹੋਇਆ ਹੈਂ।"

ਕਹਿੰਦਾ, "ਹਾਂ ਜੀ! ਸਭ ਸੁਣਿਆ ਹੋਇਆ ਹੈ ਮਹਾਰਾਜ! ਪਰ ਮੈਂ ਪਹੁੰਚ ਨਹੀਂ ਸਕਦਾ ਉਥੇ ਤੱਕ।"

ਮਹਾਰਾਜ ਜੀ ਕਹਿੰਦੇ, "ਫੇਰ ਤੂੰ ਜਾਣਦਾ ਹੈ ਕਿ ਆਤਮਾ ਕੀ ਹੈ ਤੇ ਅਨਾਤਮ ਕੀ ਹੈ? ਇਸ ਦਾ ਨਿਰਣਾ ਕਰ।"

ਕਹਿੰਦਾ, "ਮਹਾਰਾਜ! ਆਤਮਾ ਤੋਂ ਬਗੈਰ ਜੋ ਕੁਝ ਵੀ ਹੈ, ਜਿਸਨੂੰ ਅਸੀਂ ਜਾਣ ਸਕਦੇ ਹਾਂ, ਸੁੰਘ ਸਕਦੇ ਹਾਂ, ਛੋਹ ਸਕਦੇ ਹਾਂ ਸੁਆਦ ਲੈ ਸਕਦੇ ਹਾਂ, ਸਪਰਸ਼ ਕਰ ਸਕਦੇ ਹਾਂ। ਜੋ ਸਾਡੀ ਸੋਚ ਵਿਚ ਆ ਸਕਦਾ ਹੈ, ਸਾਡੀ ਬੁੱਧੀ ਵਿਚ ਆ ਸਕਦਾ ਹੈ ਉਹ ਸਭ ਅਨਾਤਮ ਹੈ।"

ਮਹਾਰਾਜ ਜੀ ਕਹਿੰਦੇ, "ਇਹ ਫਜੂਲ ਚੀਜ਼ ਹੈ ਨਾ ਆਤਮਾ ਦੀ ਤੁਲਨਾ ਵਿਚ?"

ਕਹਿੰਦਾ, "ਹਾਂ ਜੀ!"

ਮਹਾਰਾਜ ਜੀ ਕਹਿੰਦੇ, "ਦੇ ਦੇ ਸਾਨੂੰ। ਜੋ ਕੁਝ ਤੇਰੇ ਕੋਲ ਹੈ ਦੇ ਦੇ।"

ਉਸ ਵੇਲੇ ਸਾਵਧਾਨ ਹੋਇਆ, ਅੱਖਾਂ ਬੰਦ ਕੀਤੀਆਂ ਤੇ ਚੁਲੀ ਛਡ ਦਿਤੀ।

ਮਹਾਰਾਜ ਜੀ ਕਹਿੰਦੇ, "ਕਾਹਦੀ ਚੂਲੀ ਛੱਡੀ ਹੈ?"

ਕਹਿੰਦਾ, "ਮਹਾਰਾਜ! ਮੇਰੀਆਂ ਬੇਅੰਤ ਕੋਠੀਆਂ ਨੇ, ਬਾਜ਼ਾਰ ਨੇ, ਮੈਂ ਰਾਜੇ ਦਾ ਭਾਣਜਾ ਹਾਂ। ਧਨ, ਦੌਲਤ ਸਭ ਕੁਝ ਮੇਰੇ ਕੋਲ ਹੈ ਇਹ ਮੈਂ ਸਾਰੀ ਸੰਕਲਪ ਕਰਕੇ ਤੁਹਾਡੇ ਚਰਨਾਂ ਵਿਚ ਭੇਟ ਕਰ ਦਿਤੀ।"

ਮਹਾਰਾਜ ਜੀ ਕਹਿੰਦੇ, "ਹੁਣ ਤੇਰੀ ਮਾਲਕੀ ਤਾਂ ਨਹੀਂ ਉਸ ਤੇ ਰਹੀ? ਅਸੀਂ ਚਾਹੇ ਸਾਰੇ ਗਰੀਬਾਂ ਨੂੰ ਵੰਡ ਦੇਈਏ?"

ਕਹਿੰਦਾ, "ਹਾਂ ਮਹਾਰਾਜ! ਮੇਰੀ ਕੋਈ ਮਾਲਕੀ ਨਹੀਂ ਹੈ ਇਸ ਦੇ ਉੱਤੇ।"

ਮਹਾਰਾਜ ਜੀ ਨੇ ਕਿਹਾ, "ਹੁਣ ਦੇਖ ਤੇਰੇ ਕੋਲ ਕੀ ਰਹਿ ਗਿਆ?"

ਸੋਚਿਆ ਕਿ ਆਹ ਸਰੀਰ ਹੈ ਮੇਰੇ ਕੋਲ ਜੋ ਅਨਾਤਮ ਹੈ, ਪੰਜ ਤੱਤ ਤੇ ਪੱਚੀ ਪ੍ਰਾਕਿਰਤੀਆਂ ਦਾ ਬਣਿਆ ਹੋਇਆ ਹੈ।

ਕਹਿੰਦਾ, "ਆਹ ਸਰੀਰ ਵੀ ਅਨਾਤਮ ਹੈ।"

ਮਹਾਰਾਜ ਜੀ ਕਹਿੰਦੇ, "ਆਹ ਵੀ ਦੇ ਦੇ। ਹੁਣ ਤੇਰੇ ਕੋਲ ਕੀ ਰਹਿ ਗਿਆ?"

ਸੋਚੀ ਜਾਂਦਾ ਹੈ ਕਹਿੰਦਾ, "ਹੁਣ ਤਾਂ ਕੁਝ ਹੋਰ ਹੈ ਹੀ ਨਹੀਂ ਮਹਾਰਾਜ।"

ਮਹਾਰਾਜ ਜੀ ਕਹਿੰਦੇ, " ਇਸ ਦੇ ਥੱਲੇ ਇਕ ਸੂਖਸ਼ਮ ਸਰੀਰ ਹੋਰ ਹੈ। ਉਸ ਦੇ ਵਿੱਚ ਪੰਜ ਪ੍ਰਾਣ ਨੇ, ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਮਨ ਆਦਿ ਸਤਾਰਾਂ ਤੱਤਾਂ ਦਾ ਬਣਿਆ ਹੋਇਆ ਹੈ।"

ਸੋਚ ਕੇ ਕਹਿਣ ਲੱਗਿਆ, "ਮਹਾਰਾਜ! ਓਹ ਵੀ ਮੈਂ ਦੇ ਦਿੱਤਾ।"

ਮਹਾਰਾਜ ਜੀ ਕਹਿੰਦੇ, "ਹੁਣ ਦੇਖ ਤੇਰੇ ਕੋਲ ਕੀ ਰਹਿ ਗਿਆ, ਸਾਰਾ ਕੁਝ ਨਹੀਂ ਦਿੱਤਾ ਤੂੰ ਅਜੇ।"

ਕਹਿੰਦਾ, " ਨਹੀਂ ਮਹਾਰਾਜ! ਸਭ ਕੁਝ ਦੇ ਦਿੱਤਾ।"

ਮਹਾਰਾਜ ਜੀ ਕਹਿੰਦੇ, "ਤੂੰ ਫੁਰਨਾ ਕਰ ਰਿਹਾ ਹੈਂ। ਫੁਰਨਾ ਕਰਨਾ ਤਾਂ ਮਨ ਦਾ ਧਰਮ ਹੈ ਤੇ ਮਨ ਸੂਖਮ ਸਰੀਰ ਦਾ ਹਿੱਸਾ ਹੈ ਫੇਰ ਤੂੰ ਮਨ ਤਾਂ ਸਾਨੂੰ ਦਿੱਤਾ ਹੀ ਨਹੀਂ।" ਸਮਝੋ ਏਸ ਗੱਲ ਨੂੰ ਜ਼ਰਾ, ਥੋੜ੍ਹੀ ਜਿਹੀ ਔਖੀ ਹੈ।

ਸੋਚ ਸੋਚ ਕੇ ਉਸ ਨੇ ਕਿਹਾ, "ਮਹਾਰਾਜ! ਮੈਂ ਮਨ ਵੀ ਦਿੱਤਾ।"

ਜਿਸਨੇ ਮਨ ਦੇ ਦਿੱਤਾ ਹੈ, "ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ -2, 2.***
***ਮੇਰੇ ਪਿਆਰੇ, ਕਾਰਜ ਤੇਰੇ ਰਾਸ ਹੋਣਗੇ -2, 2.***
***ਮਨ ਵੇਚ ਦੇ ਗੁਰਾਂ ਨੂੰ ਆਪਣਾ, .. -2.***

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥ ਪੰਨਾ - 286***

ਸਿਧਾ ਸੂਤਰ (formula) ਹੈ ਪਰ ਇਹ ਗੱਲਾਂ ਹੋ ਨਹੀਂ ਸਕਦੀਆਂ ਜਿਹੜੀਆਂ ਮੈਂ ਕਹਿ ਰਿਹਾ ਹਾਂ। ਗੱਲਾਂ ਸਿੱਧੀਆਂ ਹੀ ਨੇ, ਪਰ ਨਾ ਅਸੀਂ ਮਨ ਵੇਚ ਸਕਦੇ ਹਾਂ, ਨਾ ਸਰੀਰ ਵੇਚ ਸਕਦੇ ਹਾਂ, ਨਾ ਅਸੀਂ ਕਹਿ ਸਕਦੇ ਹਾਂ ਕਿ ਮੇਰਾ ਕੁਝ ਨਹੀਂ ਹੈ, ਉਂਝ ਅਸੀਂ ਗਾ ਕੇ ਸਭ ਕੁਝ ਕਹਿ ਲੈਂਦੇ ਹਾਂ ਪਰ ਅਮਲੀ ਤੌਰ ਤੇ ਨਹੀਂ ਅਸੀਂ ਕੁਝ ਦੇ ਰਹੇ। ਕਿਤੇ ਭੁਲੇਖਾ ਲੱਗ ਜਾਵੇ ਕਿ ਬਾਬਾ ਜੀ ਸੱਚੀਓਂ ਕਹਿ ਰਿਹਾ ਹੈ - ਮੈਂ ਕੁਛ ਨਾਹੀ ਜੀ, ਸਭ ਕੁਛ ਤੇਰਾ। ਇਹ ਗੱਲ ਬੜੀ ਔਖੀ ਹੈ। ਜਦੋਂ ਇਹ ਗੱਲ ਹੋ ਜਾਂਦੀ ਹੈ ਤਾਂ ਉਹ ਪ੍ਰਮੇਸ਼ਰ ਬਣ ਜਾਂਦਾ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਮਹਾਰਾਜ ਜੀ ਕਹਿੰਦੇ, "ਮਨ ਨਾਲ ਫੁਰਨਾ ਕਰਿਆ ਤੂੰ?"

ਕਹਿੰਦਾ, "ਹਾਂ ਜੀ!"

ਕਹਿੰਦੇ, "ਕੀ ਕਰਿਆ ਸੀ।"

ਕਹਿੰਦਾ, "ਮੈਂ ਆਹੀ ਕਰਿਆ ਸੀ ਕਿ ਮੈਂ ਕੋਠੀਆਂ ਆਦਿ ਸਭ ਕੁਝ ਆਪ ਜੀ ਦੇ ਚਰਨਾਂ ਵਿਚ ਭੇਟ ਕਰ ਦਿਤੀਆਂ ਹਨ।

ਮਹਾਰਾਜ ਜੀ ਕਹਿੰਦੇ, "ਮਨ ਤੇਰਾ ਦੌੜਿਆ ਨਾ ਫੇਰ?"

ਸਾਡਾ ਵੀ ਮਨ ਦੌੜਦਾ ਹੈ। ਕਹਿੰਦੇ ਪਾਠ ਵਿਚ ਮੇਰਾ ਜੀਅ ਨਹੀਂ ਲਗਦਾ ਮਨ ਬਹੁਤ ਦੌੜਦਾ ਹੈ। ਉਸ ਨੂੰ ਫੜਾ ਦਿਓ ਗੁਰੂ ਨੂੰ, ਆਪਣੇ ਕੋਲ ਰੱਖੋ ਹੀ ਨਾ; ਝਗੜਾ ਹੀ ਖਤਮ ਹੋ ਜਾਏਗਾ ਮਨ ਦੇ ਦਿੱਤਾ ਤਾਂ ਸਭ ਕੁਛ ਦੇ ਦਿੱਤਾ। ਮਨ ਸੁਥਰਾ ਤਾਂ ਹੈ ਨਹੀਂ ਮੈਲੀ ਚੀਜ਼ ਹੈ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ॥* *ਪੰਨਾ - 558*

ਕਿੰਨਾ ਮੈਲਾ ਹੈ?

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥* *ਪੰਨਾ - 651*

ਕਰੋੜਾਂ ਜਨਮਾਂ ਦੀ ਮੈਲ ਬਦਬੂਦਾਰ ਲੱਗੀ ਪਈ ਹੈ। ਗੁਰੂ ਕਹਿੰਦਾ, ਇਹ ਮੈਨੂੰ ਦੇ ਦੇ। ਗੁਰੂ ਦੇ ਕੰਮ ਨਹੀਂ ਆਉਣਾ ਮਨ, ਉਹ ਤੁਹਾਨੂੰ ਬਚਾਉਣਾ ਚਾਹੁੰਦਾ ਹੈ ਕਿ ਇਹ ਗੰਦਾ-ਮੰਦਾ ਜਿਹਾ ਇਥੇ ਰੱਖ ਦੇ ਸਾਡੇ ਚਰਨਾ 'ਚ। ਉਹ ਇਕ ਦ੍ਰਿਸ਼ਟੀ ਨਾਲ ਸੁਥਰਾ ਕਰਕੇ ਦੁਬਾਰਾ ਤੁਹਾਨੂੰ ਮੋੜ ਦੇਣਗੇ। ਸੁਥਰੇ ਮਨ ਨੂੰ ਉਨਮਨ ਕਹਿੰਦੇ ਨੇ, ਨਾਂ ਬਦਲ ਜਾਂਦਾ ਹੈ ਉਸ ਦਾ।

ਉਸ ਨੇ ਬੜਾ ਤਕੜਾ ਹੋ ਕੇ ਕਿਹਾ, "ਜੀ! ਮਨ ਵੀ ਦੇ ਦਿੱਤਾ।" ਫੇਰ ਖੜ੍ਹਾ ਰਿਹਾ।

ਹੁਣ ਬੁੱਧੀ ਆ ਗਈ ਉਥੇ ਤੇ ਨਿਰਣਾ ਕਰਨ ਲੱਗ ਗਈ ਕਿ ਮਨ ਵੀ ਦੇ ਦਿੱਤਾ, ਗੁਰੂ ਸਾਹਿਬ ਇੰਤਜ਼ਾਮ ਕਿਵੇਂ ਕਰਨਗੇ ਉਸਦਾ।

ਮਹਾਰਾਜ ਜੀ ਕਹਿੰਦੇ, "ਆਹ ਕੀ ਕਰਦਾ ਹੈ? ਹੁਣ ਤੂੰ ਨਿਰਣਾ ਕਰ ਰਿਹਾ ਹੈ?"

ਕਹਿੰਦਾ, "ਹਾਂ ਜੀ!"

ਮਹਾਰਾਜ ਜੀ ਕਹਿੰਦੇ, "ਨਿਰਣਾ ਕਰਨਾ ਧਰਮ ਹੁੰਦਾ ਹੈ ਬੁੱਧੀ ਦਾ, ਕੀ ਇਹ ਆਤਮਾ ਹੈ?"

ਕਹਿੰਦਾ, "ਨਹੀਂ ਜੀ! ਅਨਾਤਮ ਹੈ।"

ਕਹਿੰਦੇ, "ਤੈਨੂੰ ਇਕ ਵਾਰੀ ਕਿਹਾ ਹੈ ਕਿ ਅਨਾਤਮ ਸਭ ਮੈਨੂੰ ਦੇ ਦੇ।"

ਉਸ ਨੇ ਬੁੱਧੀ ਵੀ ਦੇ ਦਿਤੀ। ਹੁਣ ਫੇਰ ਖੜ੍ਹਾ ਹੈ ਤੇ ਚਿਤਵਨੀ ਕਰੀ ਜਾਂਦਾ ਹੈ ਕਿ ਬੁੱਧੀ ਵੀ ਗਈ, ਮਨ ਵੀ ਗਿਆ, ਜਾਇਦਾਦ ਵੀ ਗਈ, ਸਰੀਰ ਵੀ ਗਿਆ। ਸਭ ਅਰਪਨ ਕਰ ਦਿਤਾ ਹੈ।

ਮਹਾਰਾਜ ਜੀ ਕਹਿੰਦੇ, "ਹੁਣ ਕੀ ਕਰ ਰਿਹਾ ਹੈ ਤੂੰ?" ਅੰਦਰਲੀ ਜਾਣਦੇ ਸਨ।

ਕਹਿੰਦੇ, "ਹੁਣ ਤੂੰ ਚਿਤਵਨੀ ਕਰ ਰਿਹਾ ਹੈ? ਚਿਤਵਨੀ ਕਰਨਾ ਤਾਂ ਚਿਤ ਦਾ ਧਰਮ ਹੁੰਦਾ ਹੈ। ਇਹ ਵੀ ਸਾਨੂੰ ਦੇ ਦੇ।"

ਸਮਝ ਆ ਗਈ, ਚਿੱਤ ਵੀ ਦੇ ਦਿੱਤਾ। ਹੁਣ ਸਭ ਤੋਂ ਔਖੀ ਚੀਜ਼ ਰਹਿ ਗਈ ਜਿਹੜੀ ਅਸੀਂ ਦੇ ਹੀ ਨਹੀਂ ਸਕਦੇ - ਨਾ ਗੁਰੂ ਨੂੰ ਦੇ ਸਕਦੇ ਹਾਂ ਨਾ ਰੱਬ ਨੂੰ। ਉਹ ਕਹਿੰਦਾ ਤੈਨੂੰ ਸਾਰੀਆਂ ਗੱਲਾਂ ਤੋਂ ਛੁਡਾ ਦਿਆਂਗਾ। ਕਹਿੰਦਾ ਨਹੀਂ। ਉਹ ਕਹਿੰਦੇ ਇਹ ਮੂਲ ਹੈ ਦੁੱਖਾਂ ਦਾ ਜਿਹੜੀ ਚੀਜ਼ ਹੁਣ ਅਸੀਂ ਤੈਥੋਂ ਮੰਗਣੀ ਹੈ। ਤੈਨੂੰ ਖਰਾਬ ਕਰਦੀ ਫਿਰਦੀ ਹੈ, ਤੂੰ ਭਟਕਦਾ ਫਿਰਦਾ ਹੈ।

ਕਹਿੰਦੇ, "ਤੈਨੂੰ ਲਗਦਾ ਹੈ ਕਿ 'ਮੈਂ' ਹਾਂ?" ਤੈਨੂੰ ਆਪਣਾ ਆਪਾ ਮਹਿਸੂਸ ਹੋ ਰਿਹਾ ਹੈ।

ਕਹਿੰਦਾ, "ਹਾਂ ਜੀ!"

ਮਹਾਰਾਜ ਜੀ ਕਹਿੰਦੇ, "ਫੇਰ ਏਹ ਦੇ ਦੇ ਸਾਨੂੰ ਕਿ 'ਮੈਂ ਹਾਂ'। ਇਹ 'ਮੈਂ' ਦੇ ਦੇ ਜਿਹੜੀ ਤੂੰ ਸਾਂਭੀ ਬੈਠਾ ਹੈ 'ਮੈਂ' ਹੀ ਸਭ ਦੁਖਾਂ ਦਾ ਕਾਰਨ ਹੈ।" ਇਹੋ ਅਗਿਆਨ ਦਾ ਮੂਲ ਹੈ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਕਹਿੰਦੇ, "ਜੂਨੀਆਂ ਦੇ ਵਿਚ ਘੁੰਮਦਾ ਫਿਰਦਾ ਹੈਂ ਪਿਆਰਿਆ!"

***ਧਾਰਨਾ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ -2, 2***
***ਹਉਮੈ ਦਾ ਬੰਨ੍ਹਿਆ ਹੋਇਆ -2, 2***
***ਜੰਮਦਾ ਤੇ ਮਰਦਾ ਹੈ, ....-2.***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਕੁੱਲ ਸੰਸਾਰ। ਮਹਾਰਾਜ ਜੀ ਕਹਿੰਦੇ ਕੋਈ ਵਿਰਲਾ ਹੀ ਹੈ -

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ - 1411***

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥***
***ਪੰਨਾ - 1427***

ਕਰੋੜ ਬੰਦੇ 'ਚੋਂ ਮਹਾਰਾਜ ਜੀ ਨੇ ਅੰਦਾਜ਼ਾ ਲਾਇਆ ਕਿ ਇੱਕ ਹੋ ਸਕਦਾ ਹੈ, ਕਰੋੜ ਵਿਚੋਂ ਪਰ ਇੱਕ ਕਰੋੜ ਨਹੀਂ ਮਹਾਰਾਜ ਜੀ ਨੇ ਕਿਹਾ 'ਕੋਟਨ' ਕਿਹਾ ਹੈ 'ਕੋਟਨ' ਦਾ ਮਤਲਬ ਹੁੰਦਾ ਹੈ ਕਿੰਨ੍ਹਿਆਂ ਕਰੋੜਾਂ ਵਿਚੋਂ ਇੱਕ ਹੈ। ਹੁਣ ਹਿੰਦੋਸਤਾਨ ਦੀ ਅਬਾਦੀ ਸਤਾਨਵੇਂ ਕਰੋੜ ਪਹੁੰਚ ਗਈ।

ਦੋ ਜਾਂ ਪੰਜ ਰਹਿੰਦੇ ਹੁੰਦੇ ਨੇ ਹਮੇਸ਼ਾ ਤਾਂ ਕਿ ਸੰਸਾਰ ਚਲਦਾ ਰਹੇ। ਕਿਉਂਕਿ ਸੰਸਾਰ ਸਾਜਿਆ ਹੀ ਪ੍ਰਮੇਸ਼ਰ ਦੇ ਪਿਆਰਿਆਂ ਵਾਸਤੇ ਹੈ –

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥*
*ਪੰਨਾ – 224*

ਸੰਤਾਂ ਵਾਸਤੇ ਸੰਸਾਰ ਦੀ ਰਚਨਾ ਕਰੀ ਹੈ ਪਰ –

*ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥*
*ਪੰਨਾ – 1375*

ਚੋਰ ਆ ਕੇ ਬਹਿ ਗਏ ਇਸ ਦੇ ਉਤੇ। ਚੋਰਾਂ ਨੂੰ ਸੁਮੱਤ ਦੇਣ ਲਈ ਪ੍ਰਮੇਸ਼ਰ ਸੰਤਾਂ ਨੂੰ ਸੰਸਾਰ ਤੇ ਭੇਜੀ ਜਾਂਦਾ ਹੈ। ਇਹ ਵੀ ਉਸ ਦੀ ਖੇਡ ਹੀ ਹੈ ਜੇ ਉਹ ਚਾਹੇ ਤਾਂ ਇਕ ਸਕਿੰਟ ਵਿਚ ਆਪ ਹੀ ਸਿੱਧੇ ਕਰ ਦਿੰਦਾ ਹੈ। ਇਕ 'ਐਟਮ ਬੰਬ' ਗਿਰਿਆ ਬਹੁਤ ਹੈ, ਸਾਰੇ ਥਾਵਾਂ ਤੇ ਵਾਹਿਗੁਰੂ-ਵਾਹਿਗੁਰੂ ਉਸੇ ਵੇਲੇ ਹੋਣ ਲੱਗ ਜਾਏਗੀ, ਭੂਚਾਲ ਆ ਜਾਵੇ ਵੱਡਾ, ਵਾਹਿਗੁਰੂ-ਵਾਹਿਗੁਰੂ ਲਗ ਜਾਂਦੀ ਹੈ ਪਰ ਵਾਹਿਗੁਰੂ ਕਰਦਾ ਨਹੀਂ ਏਸ ਤਰ੍ਹਾਂ, ਉਹ ਵੀ ਖੇਡ ਕਰ ਰਿਹਾ ਹੈ, ਭੇਜੀ ਜਾਂਦਾ ਹੈ ਕਿ ਜਾਹ, ਤੂੰ ਜਾਹ, ਤੂੰ ਜਾਹ।

ਸੋ ਏਸ ਤਰ੍ਹਾਂ ਸਾਧ-ਸੰਗਤ ਜੀ! ਮਹਾਰਾਜ ਜੀ ਨੇ ਕਿਹਾ ਕਿ ਅਸਲੀ ਚੀਜ਼ ਤਾਂ ਤੂੰ ਲਈ ਬੈਠਾ ਹੈ ਉਹ ਮੈਨੂੰ ਦੇ ਦੇ ਜੇ ਬ੍ਰਹਮ ਅਨੰਦ ਲੈਣਾ ਹੈ ਤੂੰ। ਉਸ ਵੇਲੇ ਉਸ ਨੇ ਆਪਣੀ ਹੋਂਦ ਦੇ ਦਿੱਤੀ; ਇੰਦ੍ਰਸੈਨ ਜਿਸ ਨੂੰ ਕਹਿੰਦੇ ਸਨ ਉਹ ਫੜਾ ਦਿੱਤਾ ਮਹਾਰਾਜ ਜੀ ਦੇ ਚਰਨਾਂ ਵਿਚ, ਆਪ ਖਤਮ ਹੋ ਗਿਆ। ਹੁਣ ਜਦੋਂ ਖਤਮ ਹੋ ਗਿਆ ਤਾਂ ਕੀ ਹੋਇਆ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*
*ਪੰਨਾ – 278*

ਆਤਮ ਜੋਤ ਜਿਹੜੀ ਸਾਰੇ ਪਰੀਪੂਰਣ ਹੈ, ਉਸੇ ਵੇਲੇ ਪ੍ਰਤੱਖ ਹੋ ਗਈ। ਪੜ੍ਹਦਾ ਹੀ 'ਮੈਂ' ਦਾ ਪਾਇਆ ਹੋਇਆ ਹੈ। ਜਦੋਂ ਪ੍ਰਤੱਖ ਹੋਈ ਤਾਂ ਉਸ ਦੀ ਸਮਾਧੀ ਲੱਗ ਗਈ, ਉਸ ਦੀ ਹੋਂਦ ਹੀ ਖਤਮ ਹੋ ਗਈ। ਉਹ ਸਾਰਾ ਕੁਝ ਭੁੱਲ ਗਿਆ ਕੇਵਲ ਪ੍ਰਮੇਸ਼ਰ ਦਾ ਆਨੰਦ ਰਹਿ ਗਿਆ – ਸਤਿ ਚਿਤ ਆਨੰਦ ਵਾਹਿਗੁਰੂ ਦਾ ਰੂਪ ਬਣਾ ਦਿੱਤਾ। ਤਿੰਨ ਘੰਟੇ ਲੰਘ ਗਏ, ਮਹਾਰਾਜ ਜੀ ਨੇ ਫੇਰ ਸਮਾਧੀ ਤੋਂ ਜਗਾਇਆ।

ਕਹਿੰਦੇ, "ਲੈ ਇੰਦਰਸੈਨ! ਤੂੰ ਬ੍ਰਹਮ-ਅਨੰਦ ਦੇ ਦਰਸ਼ਨ ਕਰਨੇ ਸਨ; ਤੈਨੂੰ ਕਰਾ ਦਿਤੇ ਅਸੀਂ। ਆਹ ਤੇਰੀ 'ਮੈਂ' ਅਸੀਂ ਤੈਨੂੰ ਮੋੜਦੇ ਹਾਂ ਪਰ ਤੂੰ ਧੋਖਾ ਨਾ ਖਾਈਂ ਏਸ ਤੋਂ ਇਹ ਤੇਰੀ ਨਹੀਂ ਹੈ, ਇਹ ਬਨਾਉਟੀ ਚੀਜ਼ ਹੈ। ਤੇਰਾ ਉਹ ਸਰੂਪ ਹੈ ਜਿਹੜਾ ਹੁਣ ਤੈਨੂੰ ਦਿਖਾਇਆ ਹੈ। ਆਪਣੇ ਸਰੂਪ

ਦੀ ਸਥਿਤੀ ਵਿਚ ਟਿਕਿਆ ਰਹੀਂ ਮੁੜ ਕੇ ਜੀਵ ਨਾ ਬਣ ਜਾਈਂ।"

ਸਾਰਾ ਰੌਲਾ-ਗੌਲਾ 'ਅਹੰ' ਦਾ ਹੈ। ਸਭ ਤੋਂ ਪਹਿਲਾਂ ਜਦੋਂ ਸ੍ਰਿਸ਼ਟੀ ਰਚੀ ਪ੍ਰਮੇਸ਼ਰ ਨੇ ਤਾਂ ਪਹਿਲਾਂ ਮੂਲ ਪ੍ਰਾਕਿਰਤੀ ਰਚੀ। ਇਹ ਫਿਲਾਸਫੀ ਦੀ ਗੱਲ ਹੈ, ਆਮ ਸਮਝ ਵਿਚ ਆਉਣ ਵਾਲੀ ਨਹੀਂ ਹੈ ਕਿ ਆਮ ਬੰਦੇ ਦੀ ਸਮਝ ਵਿਚ ਆ ਜਾਵੇ। ਉਸ ਮੂਲ ਪ੍ਰਾਕਿਰਤੀ ਦੇ ਅੰਦਰ ਤਿੰਨ ਗੁਣ ਸਨ -ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਸ ਦੇ ਵਿਚ ਜਿਹੜਾ ਸਭ ਤੋਂ ਪਹਿਲਾਂ ਪ੍ਰਭਾਵ ਆਇਆ ਉਸ ਦੇ ਵਿਚ (ਮੂਲ ਪ੍ਰਕ੍ਰਿਤੀ ਵਿਚ) ਪ੍ਰਕਾਸ਼ ਫੜਨ ਦੀ ਸ਼ਕਤੀ ਹੈ। ਆਹ ਜਿਹੜਾ ਆਪਣਾ ਦਿਮਾਗ ਹੈ ਇਸ ਦੇ ਨਾਲ ਆਪਾਂ ਹੁਣ ਗੱਲਾਂ ਫੜ ਰਹੇ ਹਾਂ ਫਟਾ-ਫਟ; ਹੈ ਤਾਂ ਜੜ੍ਹ, ਇਹ ਕੁਝ ਵੀ ਨਹੀਂ ਹੈ। ਇਸ ਦੇ ਵਿਚੋਂ ਚੇਤਨ ਜੋਤ ਨਿਕਲ ਜਾਏ ਤਾਂ ਏਸ ਨੂੰ ਜਾਲ ਦਿੰਦੇ ਨੇ ਕਿ ਕਿਸੇ ਕੰਮ ਦਾ ਨਹੀਂ ਰਿਹਾ ਇਹ, ਹੁਣ ਸਭ ਗੱਲਾਂ ਫੜ ਰਿਹਾ ਹੈ। ਇਹ ਪ੍ਰਕਾਸ਼ ਗ੍ਰਹਿਣ ਕਰ ਲੈਂਦਾ, ਹੋਸ਼ ਗ੍ਰਹਿਣ ਕਰ ਲੈਂਦਾ ਹੈ। ਜਦੋਂ ਇਸ ਨੂੰ ਹੋਸ਼ ਆਈ ਤਾਂ ਇਸ ਦੇ (ਪ੍ਰਕ੍ਰਿਤੀ ਦੇ) ਹਰ ਕਣ ਵਿਚ ਇਹ ਭਾਵਨਾ ਆ ਗਈ, I am' 'ਮੈਂ ਹਾਂ'। ਜਦੋਂ ਇਹ ਭਾਵ ਆਇਆ ਤਾਂ ਚਿਤ ਬਣ ਗਿਆ। ਚਿੱਤ ਨੇ ਉਸ ਵੇਲੇ ਪੰਜ ਚੀਜ਼ਾਂ ਪੈਦਾ ਕਰ ਲਈਆ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਸ ਨੂੰ ਤਨ ਮਾਤਰਾ ਕਹਿੰਦੇ ਨੇ। ਇਨ੍ਹਾਂ ਤਨ ਮਾਤਰਾ ਤੋਂ ਪੰਜ ਵਿਸ਼ੇ ਪੈਦਾ ਹੋ ਗਏ, ਸਥੂਲ ਭੂਤ ਪੈਦਾ ਹੋ ਗਏ; ਸ੍ਰਿਸ਼ਟੀ ਬਣ ਗਈ ਸਾਰੀ। ਜਿਉਂ ਜਿਉਂ ਪ੍ਰਕ੍ਰਿਤੀ ਫੈਲਦੀ ਗਈ। ਗਿਆਰਾਂ ਇੰਦ੍ਰੀਆਂ ਹੋ ਗਈਆਂ - ਦਸ ਇੰਦ੍ਰੀਆਂ ਤੇ ਮਨ ਸਮੇਤ। ਇਸ ਤਰ੍ਹਾਂ ਇਹ ਸੰਸਾਰ ਬਣ ਗਿਆ। ਹੁਣ ਦੁਬਾਰਾ ਸੋਮੇ ਵੱਲ (Back to source) ਜਾਈਏ ਤਾਂ ਸਾਡਾ ਛੁਟਕਾਰਾ ਹੋਣਾ ਹੈ। 'ਮੈਂ' ਦਰਅਸਲ ਕੋਈ ਚੀਜ਼ ਨਹੀਂ ਹੈ ਇਹ ਭਾਵ ਹੀ ਹੈ ਕਿ 'ਮੈਂ' ਹਾਂ। ਇਹ ਭਾਵ ਹੀ ਛੱਡਣਾ ਹੈ। ਜੇ ਕੋਈ ਬੰਦਾ ਹੁਣੇ ਸਮਝ ਜਾਵੇ ਤਾਂ ਜਨਮ-ਮਰਣ ਹੁਣੇ ਹੀ ਖਤਮ ਹੋ ਸਕਦਾ ਹੈ। ਫੇਰ ਉਹ ਪ੍ਰਮੇਸ਼ਰ ਬਣ ਜਾਂਦਾ ਹੈ ਪਰ ਇਹ ਸੰਭਵ ਨਹੀਂ ਹੈ ਸਾਧ ਸੰਗਤ ਜੀ! ਇਸ ਦੇ ਵਾਸਤੇ -

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥***
***ਪੰਨਾ - 1375***

ਮਹਾਂ ਜੋਤੀ ਨਾਲੋਂ ਸਬੰਧ ਤੋੜ ਲਿਆ ਇਸ ਨੇ 'ਮੈਂ' ਦਾ ਚੱਕਰ ਦੇ ਕੇ। ਪਰਮ ਆਪੇ ਤੋਂ ਨਿਜ ਆਪਾ ਬਣ ਗਈ। ਹੁਣ ਬੇਅੰਤ ਸਿਆਣੇ ਲੱਗੇ ਹੋਏ ਨੇ, ਜਿਸ ਦਿਨ ਤੋਂ ਸੰਸਾਰ ਬਣਿਆ ਹੈ ਰਿਸ਼ੀ-ਮੁਨੀ, ਸਾਧੂ-ਸੰਤ ਇਸ ਨੂੰ ਦਸਦੇ ਹੀ ਆਉਂਦੇ ਨੇ ਪਰ ਕੱਢ ਨਹੀਂ ਸਕੇ, ਕਾਮਯਾਬ ਨਹੀਂ ਹੋਏ। ਕੋਈ ਇਕ-ਅੱਧਾ ਬਚਾ ਲਿਆ, ਸਾਰੇ ਤਾਂ ਨਹੀਂ ਬਚ ਸਕੇ ਕਿ ਸਾਰੀ ਦੁਨੀਆਂ ਨੂੰ ਤਾਰ ਦਿੱਤਾ ਪਰ ਉਨ੍ਹਾਂ ਨੂੰ ਚੁੱਕ ਕੇ ਰਸਤੇ ਤੇ ਪਾ ਦਿੱਤਾ ਕਿ ਹੌਲੀ-ਹੌਲੀ ਚਲੇ ਚਲੋ ਵਾਰੀ ਆ ਜਾਏਗੀ। ਫੇਰ ਇਹ ਨਿਰਮਲ ਬੂੰਦ,

ਜੀਵਨ-ਤੱਤ, ਚੇਤਨ-ਤੱਤ ਜੋ 'ਮੈਂ' ਬਣ ਕੇ ਆਪਣੇ ਨਿਜ ਚੇਤਨ ਸਰੂਪ ਤੋਂ ਕੱਟ ਚੁੱਕਿਆ ਹੈ ਅਤੇ ਜੀਵ ਬਣ ਗਿਆ। ਇਸ ਤੋਂ ਹੋਰ ਹੇਠਾਂ ਉਤਰ ਕੇ ਸਾਢੇ ਤਿੰਨ ਹੱਥ ਦੀ, ਚੇਤਨ ਪ੍ਰਤੀਤ ਦਿੰਦੀ, ਨਾਮ ਤੇ ਰੂਪ, ਸਬੰਧਾਂ ਵਾਲੀ, ਲੋਭ ਦੀ ਕੋਹਝੀ ਰੰਗਣ ਵਿਚ ਰੰਗੀ, ਮੋਹ ਦੀਆਂ ਤੰਦਾਂ ਵਿਚ ਫਸੀ, ਅਭਿਮਾਨ ਵਸ ਪੰਜਾਂ ਤੱਤਾਂ ਦੀ ਦੇਹ ਬਣ ਗਿਆ। ਸੀ ਤਾਂ ਚੇਤਨ, ਅਮਰ, ਸਦਾ ਅਨੰਦ ਦਾ ਰੂਪ ਪਰ ਦੁਖਾਂ ਵਿਚ ਪ੍ਰਵੇਸ਼ ਕਰਾ ਦਿਤਾ। ਇਸ ਦੀ ਗਲਤੀ ਨੇ ਜੋ ਇਸ ਨੇ ਆਪਣੇ ਆਪ ਨੂੰ ਜੀਵ ਅਤੇ ਦੇਹ ਮੰਨ ਲਿਆ। 'ਮੈਂ' ਖਤਮ ਕਰ ਦੇਵੇ ਤਾਂ ਸਭ ਕੁਝ ਬਣ ਜਾਏਗਾ। ਆਹ ਪਰਮ ਸੋਝੀ ਵਾਲੇ ਬਚਨ ਹੋਏ ਹਨ ਇਨ੍ਹਾਂ ਨੂੰ ਵੀਚਾਰੋ। ਜਦੋਂ ਆਪਣੇ ਪਰਮ ਚੇਤਨ, ਆਪਣੇ ਅਸਲੀ ਰੂਪ, ਹੋਂਦ ਦੀ ਸੂਝ ਗਿਆਨ ਰਾਹੀਂ ਹਿਰਦੇ ਵਿਚ ਸਮਾਅ ਗਈ ਤਾਂ ਸਮਝੋ ਇਸ ਨੂੰ ਨਾਮ ਨਿਵਾਸ ਮਿਲ ਗਿਆ। ਨਾਮੀ ਨਾਲ ਅਭੇਦ ਹੋ ਗਿਆ। ਇਸੇ ਲਗਾਤਾਰੀ ਸੂਝ ਨੂੰ ਜੋ ਨਿਰੋਲ ਓਅੰਕਾਰ ਰੂਪ ਹੈ, ਨੂੰ ਨਾਮ ਕਿਹਾ ਜਾਂਦਾ ਹੈ, ਮੰਤਰ ਹੋਰ ਚੀਜ਼ ਹੈ।

ਜਦੋਂ ਗੁਰੂ ਨਾਨਕ ਸਾਹਿਬ ਸੱਚਖੰਡ ਗਏ। ਉਥੇ ਸਾਕਾਰ ਰੂਪ ਵਿਚ ਪ੍ਰਮੇਸ਼ਰ ਮਿਲੇ, ਬਚਨ ਹੀ ਹੋਏ ਤੇ ਇਹ ਵੀ ਆਦੇਸ਼ ਹੋਇਆ ਕਿ ਤੂੰ ਸੰਸਾਰ ਤੇ ਜਾ ਕੇ ਜਿਹੜਾ ਕੰਮ ਅਸੀਂ ਕਿਹਾ ਹੈ, ਉਹ ਕਰਿਆ ਨਹੀਂ।

ਮਹਾਰਾਜ ਜੀ ਕਹਿੰਦੇ, "ਤੁਹਾਡੀ ਜਿਹੜੀ ਮਰਿਆਦਾ ਹੈ ਉਹ ਇਹ ਹੈ ਕਿ ਜਦੋਂ ਤੱਕ ਗੁਰੂ ਧਾਰਨ ਨਹੀਂ ਕਰਦਾ, ਉਦੋਂ ਤੱਕ ਕਰ ਨਹੀਂ ਸਕਦਾ ਤੇ ਮੈਨੂੰ ਸੰਸਾਰ ਤੇ ਕੋਈ ਗੁਰੂ ਲੱਭ ਨਹੀਂ ਸਕਿਆ।"

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥***
***ਪੰਨਾ - 936***

ਕਹਿੰਦੇ, "ਏਸ ਕਰਕੇ ਮੈਂ ਤੁਹਾਨੂੰ ਗੁਰੂ ਧਾਰਨ ਕਰਨ ਆਇਆ ਹਾਂ।"

***ਆਦਿ ਅੰਤਿ ਏਕੈ ਅਵਤਾਰਾ।।***
***ਸੋਈ ਗੁਰੂ ਸਮਝਿਯਹੁ ਹਮਾਰਾ॥ ਕਬਜੋ ਬਾਚ ਬੇਨਤੀ ਚੌਪਈ***

ਕਈ ਮੂਰਖ ਆਦਮੀ ਕਹਿੰਦੇ ਗੁਰੂ ਨਾਨਕ ਸਾਹਿਬ ਦਾ ਗੁਰੂ 'ਸੰਤ ਰੇਣ' ਸੀ। ਜਦੋਂ ਖਰਾ ਸੌਦਾ ਕਰਿਆ ਤਾਂ ਏਹੀ ਕਰਿਆ ਕਿ ਉਸ ਤੋਂ 'ਗੁਰੂ ਮੰਤਰ' ਲਿਆ।

ਅਸਲ ਗੱਲ ਇਸ ਤਰ੍ਹਾਂ ਲਿਖੀ ਹੈ ਕਿ ਜਦੋਂ ਗੁਰੂ ਨਾਨਕ ਪਾਤਿਸ਼ਾਹ ਸਾਧੂਆਂ ਕੋਲ ਰਾਸ਼ਨ ਲੈ ਕੇ ਗਏ ਤਾਂ ਆਪ ਨੇ ਕਿਹਾ ਕਿ ਮਹਾਂਪੁਰਸ਼ੋਂ! ਰਾਸ਼ਨ ਮੈਂ ਲੈ ਆਇਆ ਵੀਹ ਰੁਪਏ ਦਾ। ਵੀਹ ਰੁਪਏ ਕਿਹੜਾ ਥੋੜੇ ਸਨ, ਵੀਹ ਨੂੰ ਦੋ ਸੌ ਨਾਲ ਗੁਣਾ ਕਰ ਲਓ, ਚਾਰ ਹਜ਼ਾਰ ਦਾ ਰਾਸ਼ਨ ਲੈ ਆਏ। ਸੰਤਾਂ ਦੀ ਮੰਡਲੀ ਵੱਡੀ ਸੀ। ਉਨ੍ਹਾਂ ਨੇ ਕਿਹਾ ਕਿ ਕਾਕਾ! ਅਸੀਂ ਸਭ ਕੁਝ ਕਰ ਲਵਾਂਗੇ, ਹੁਣ ਤੂੰ ਜਾਹ। ਬਾਅਦ ਵਿਚ ਸਾਧੂਆਂ ਨੇ ਸੰਤ ਰੇਣ ਜੀ ਨੂੰ ਪੁੱਛਿਆ ਕਿ ਉਹ ਨੂਰੀ ਲੜਕਾ ਰਾਸ਼ਨ ਲੈ ਕੇ ਆਇਆ ਤੇ ਤੁਸੀਂ

ਖੜ੍ਹਨ ਵੀ ਨਹੀਂ ਦਿੱਤਾ, ਉਦੋਂ ਹੀ ਕਹਿ ਦਿੱਤਾ ਜਾਹ।

ਸੰਤ ਰੇਣ ਜੀ ਕਹਿਣ ਲੱਗੇ, "ਸੰਤ ਜਨੋ! ਉਨ੍ਹਾਂ ਵਿਚ ਐਨਾ ਜਲਾਲ ਤੇ ਤੇਜ਼ ਸੀ ਕਿ ਮੈਂ ਸਹਿਨ ਨਾ ਕਰ ਸਕਿਆ। ਮੈਂ ਉਚੇ ਥਾਂ ਬੈਠਾ ਸੀ ਜਾਂ ਤਾਂ ਮੈਂ ਉਨ੍ਹਾਂ ਦੇ ਚਰਨਾਂ ਵਿਚ ਬਹਿ ਜਾਂਦਾ, ਫੇਰ ਤੁਹਾਨੂੰ ਸਾਰਿਆਂ ਨੂੰ ਮੇਰੇ ਤੇ ਗਲਾਨੀ ਆਉਣੀ ਸੀ ਕਿ ਸਾਡਾ ਗੁਰੂ ਇਕ ਬੱਚੇ ਦੇ ਚਰਨਾਂ ਵਿਚ ਬਹਿ ਗਿਆ। ਇਸ ਕਰਕੇ ਮੈਂ ਉਸ ਨੂੰ ਜਾਣ ਲਈ ਕਿਹਾ।"

ਹੁਣ ਉਹ ਗੁਰੂ ਬਣ ਗਿਆ? ਪੜ੍ਹ ਕੇ ਤਾਂ ਦੇਖੋ ਪਹਿਲਾਂ ਸਾਖੀ, ਬੱਸ ਹਾਂ ਜੀ! ਸੰਤ ਰੇਣ ਸੀ ਉਨ੍ਹਾਂ ਦੇ ਗੁਰੂ। ਮਹਾਰਾਜ ਜੀ ਕਹਿੰਦੇ ਮੇਰਾ ਗੁਰੂ –

***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥*** ***ਪੰਨਾ – 599***

ਮੈਨੂੰ ਤਾਂ ਗੁਰੂ ਵੀ ਪ੍ਰਮੇਸ਼ਰ ਮਿਲਿਆ ਹੈ –

***ਆਦਿ ਅੰਤਿ ਏਕੈ ਅਵਤਾਰਾ॥***
***ਸੋਈ ਗੁਰੂ ਸਮਝਿਯਹੁ ਹਮਾਰਾ॥*** ***ਕਬਜੋ ਬਾਚ ਬੇਨਤੀ ਚੌਪਈ***

ਅਕਾਲ ਪੁਰਖ ਦੇ ਹੀ ਸਾਨੂੰ ਲੜ ਲਾਇਆ ਹੈ। ਸ਼ਬਦ ਕੀ ਹੈ? ਅਕਾਲ-ਪੁਰਖ ਦਾ ਰੂਪ ਹੈ, ਚੇਤਨ ਸ਼ਕਤੀ ਹੈ। ਸੋ ਇਥੇ ਪਹੁੰਚਣਾ ਸਾਡਾ ਮੰਤਵ ਹੈ –

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥*** ***ਪੰਨਾ – 827***

ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਸੱਚੇ ਪਾਤਿਸ਼ਾਹ! ਆਪ ਦੇ ਸਾਕਾਰ ਦਰਸ਼ਨ ਤਾਂ ਮੈਂ ਕਰ ਲਏ। ਹੁਣ ਮੈਨੂੰ ਆਪਣੇ ਅਸਲੀ ਦਰਸ਼ਨ ਕਰਾ ਦੇਵੋ। ਕਹਿੰਦੇ, "ਅੱਗੇ ਚੱਲ।"

ਮਹਾਰਾਜ ਸੁੰਨ ਮੰਡਲ ਵਿਚ ਜਿੱਥੇ ਤਮੋ ਗੁਣ, ਪ੍ਰਧਾਨ ਹੈ ਉਥੋਂ ਹੋ ਕੇ ਜਦੋਂ ਨਿਰਾਕਾਰ ਦੇ ਦੇਸ ਵਿਚ ਪਹੁੰਚਦੇ ਨੇ ਤੇ ਉਥੇ ਅਕਾਲ ਪੁਰਖ ਨੇ ਜਦੋਂ ਦਰਸ਼ਨ ਦਿੱਤੇ ਤਾਂ ਕੀ ਦੇਖਦੇ ਨੇ ਕਿ ਕੋਈ ਚੀਜ਼ ਵੀ ਇੱਥੇ ਵਾਹਿਗੁਰੂ ਤੋਂ ਬਿਨਾਂ ਨਹੀਂ ਹੈ।

ਉਸ ਵੇਲੇ ਉਨ੍ਹਾਂ ਨੇ ਆਪਣਾ ਸਰੂਪ ਦਿਤਾ –

***ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ***
***ਅਕਾਲ ਮੂਰਤਿ ਅਜੂੰਨੀ ਸੈਭੰ ਗੁਰ ਪ੍ਰਸਾਦਿ॥***

ਨਿਰੰਕਾਰ ਜੀ ਕਹਿੰਦੇ, "ਹੇ ਨਾਨਕ! ਆਹ ਉਪਦੇਸ਼ ਤੂੰ ਕਰਨਾ ਹੈ ਜਾ ਕੇ। ਸੰਸਾਰ ਭੁੱਲ ਗਿਆ ਇਸ ਨੂੰ। ਕੋਈ ਸ਼ਿਵ ਜੀ ਨੂੰ ਮੰਨਦਾ ਹੈ,

ਕੋਈ ਬ੍ਰਹਮਾ ਨੂੰ ਮੰਨਦਾ ਹੈ, ਕੋਈ ਵਿਸ਼ਨੂੰ ਜੀ ਨੂੰ ਮੰਨਦਾ ਹੈ।" ਇਹ ਤਾਂ ਮੇਰੀ ਤ੍ਰਿਗੁਣੀ ਮਾਇਆ ਦੇ ਮੁੱਖ ਦੇਵ ਹਨ। ਮਾਇਆ ਦੀਆਂ ਉਚਤਮ ਸ਼ਕਤੀਆਂ ਹਨ। ਮੈਂ ਨਹੀਂ ਹਾਂ।

ਹਿੰਦੋਸਤਾਨ ਤਾਂ ਸਾਰਾ ਹੀ ਭੁਲਿਆ ਹੋਇਆ ਸੀ। ਹੁਣ ਵੀ ਮੰਨਦੇ ਨੇ ਅਜੇ ਕਿਹੜਾ ਹਟੇ ਨੇ। ਬਥੇਰਾ ਮੁਸਲਮਾਨਾਂ ਨੇ ਜ਼ੋਰ ਲਾਇਆ ਕਿ ਦੇਵਤਿਆਂ ਨੂੰ ਨਾ ਮੰਨੋ, ਖੁਦਾ ਨੂੰ ਮੰਨੋ ਪਰ ਉਹ ਖੁਦਾ ਨੂੰ ਮੰਨਣ ਵਾਲੇ ਜ਼ੁਬਾਨੀ ਗੱਲਾਂ ਕਰਦੇ ਸਨ, ਖੁਦਾ ਨੂੰ ਪਛਾਣਿਆ ਨਹੀਂ ਸੀ ਉਨ੍ਹਾਂ ਨੇ। ਜੇ ਪਛਾਣ ਜਾਂਦੇ ਫੇਰ ਚਰਖੜੀਆਂ ਤੇ ਨਾ ਚਾੜ੍ਹਦੇ, ਬੰਦ-ਬੰਦ ਨਾ ਕੱਟਦੇ। ਪਛਾਣਿਆ ਨਹੀਂ ਸੀ। ਇੱਕ ਗੱਲ ਕਹਿਣ ਵਾਸਤੇ ਬਣਾਈ ਹੋਈ ਸੀ ਉਨ੍ਹਾਂ ਨੇ। ਏਧਰ ਇਨ੍ਹਾਂ ਦੀ ਭਾਵਨਾ ਸੀ ਤੇ ਬਹੁਤ ਚੰਗੀ ਭਾਵਨਾ ਸੀ। ਗੁਰਮਤਿ ਨੇ ਘੇਰਾ ਬਣਾ ਦਿਤਾ ਕਿ ਜਿੰਨੀਆਂ ਸ਼ਕਤੀਆਂ ਨੇ ਇਨ੍ਹਾਂ ਨੂੰ ਅੱਡ-ਅੱਡ ਨਾ ਕਰੋ। ਵਿਸ਼ਨੂੰ ਜੀ ਦੀ ਸ਼ਕਤੀ ਵੀ ਪ੍ਰਮੇਸ਼ਰ ਦੀ ਸ਼ਕਤੀ ਹੈ, ਬ੍ਰਹਮਾ ਜੀ ਦੀ ਸ਼ਕਤੀ ਵੀ ਪ੍ਰਮੇਸ਼ਰ ਦੀ ਸ਼ਕਤੀ ਹੈ ਤੇ ਹੋਰ ਵੀ ਜਿੰਨੀਆਂ ਸ਼ਕਤੀਆਂ ਨੇ ਸਭ ਪ੍ਰਮੇਸ਼ਰ ਦੀਆਂ ਸ਼ਕਤੀਆਂ ਨੇ। ਕਹਿੰਦੇ ਝਗੜਿਆਂ ਵਿਚ ਨਾ ਪਓ। ਤੁਸੀਂ ਅਕਾਲ-ਪੁਰਖ ਤੱਕ ਪਹੁੰਚੋ ਜਿਹੜਾ ਇਨ੍ਹਾਂ ਸਭ ਦਾ ਮਾਲਕ ਹੈ। ਤੁਸੀਂ ਹੇਠਲਿਆਂ ਨੂੰ ਨਾ ਮੰਨੋ ਉਸ ਏਕੰਕਾਰ ਨੂੰ ਮੰਨੋ, ਸਤਿਕਾਰ ਸਭ ਦਾ ਕਰੋ। ਨਫਰਤ ਦੀ ਪਹੁੰਚ ਧਰਮ ਤਕ ਨਹੀਂ ਹੈ। ਉਹ ਭੀ ਪ੍ਰਮਾਤਮਾ ਦੇ ਕੀਤੇ ਹੋਏ ਹਨ, ਨਫਰਤ ਕਿਸ ਗੱਲ ਤੋਂ। ਆਪਣੇ ਆਪ ਨੂੰ ਸੰਭਾਲ ਕੇ ਰੱਖੋ। ਸਰਬ ਜੋਤ ਪ੍ਰਮੇਸ਼ਰ ਦੀ ਹੀ ਸਭਨਾਂ ਰੰਗਾਂ ਜਿਨਸਾਂ ਜਤੀਆਂ ਵਿਚ ਸਾਰੀਆਂ ਹੋਂਦਾਂ ਵਿਚ ਪਸਰ ਰਹੀ ਹੈ।

***ਨਿਰੰਕਾਰੁ ਆਕਾਰ ਕਰਿ ਏਕੰਕਾਰ ਅਪਾਰ ਸਦਾਇਆ॥***

***ਭਾਈ ਗੁਰਦਾਸ ਜੀ, ਵਾਰ 26/2***

ਜਦੋਂ ਨਿਰੰਕਾਰ ਨੇ, ਜਿਹੜਾ ਆਪੇ ਆਪ ਹੈ ਸਭ ਕੁਝ ਜਦੋਂ ਉਸ ਨੇ ਆਪਣਾ ਆਕਾਰ ਸਾਜਿਆ, ਬਣਾਇਆ ਤਾਂ ਉਸ ਦਾ ਨਾਂ ਪਿਆ ਏਕੰਕਾਰ।

ਪਾਰਾਵਾਰ ਤੋਂ ਬਾਹਰ ਜਿਸ ਦਾ ਕੋਈ ਅੰਤ ਨਾ ਪਾ ਸਕੇ। ਹੁਣ ਇੱਥੇ ਥੋੜਾ-ਜਿਹਾ ਫਰਕ ਪੈ ਗਿਆ ਸਾਡਾ ਤੇ ਪਹਿਲੇ ਸਾਸ਼ਤਰਾਂ ਦਾ ਉਹ ਇਹ ਹੈ ਕਿ ਉਹ ਕਹਿੰਦੇ ਈਸ਼ਵਰ ਹੋਇਆ ਹੈ। ਉਹ ਈਸ਼ਵਰ ਨੂੰ ਕਰਨ-ਕਾਰਨ ਸਮਰੱਥ ਨਹੀਂ ਗਿਣਦੇ। ਕਹਿੰਦੇ ਉਸ ਨੂੰ ਪ੍ਰਾਕਿਰਤੀ ਦੀ ਲੋੜ ਸੀ। ਮਾਇਆ ਪਹਿਲਾਂ ਹੀ ਸੀ ਜਿਹੜਾ ਈਸ਼ਵਰ ਹੋਇਆ ਉਸ ਨੇ ਮਾਇਆ ਦੀ ਸਹਾਇਤਾ ਦੇ ਨਾਲ ਸੰਸਾਰ ਰਚ ਦਿਤਾ ਕਿਉਂਕਿ ਉਹ ਸਰਬ-ਕਲਾ ਸਮਰੱਥ ਸੀ।

ਹੁਣ ਏਕੰਕਾਰ ਨੇ ਸੰਸਾਰ ਦੀ ਰਚਨਾ ਕਿਵੇਂ ਕੀਤੀ? ਗੁਰੂ ਦਸਵੇਂ ਪਾਤਿਸ਼ਾਹ ਕਹਿੰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ॥***

ਸਭ ਤੋਂ ਪਹਿਲਾਂ ਜਿਹੜਾ ਸ਼ਬਦ ਉਚਾਰਨ ਹੋਇਆ ਉਹ 'ਓਅੰਕਾਰ' ਦਾ ਹੋਇਆ।

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥*
*ਓਅੰਕਾਰਿ ਬੇਦ ਨਿਰਮਏ॥*
*ਪੰਨਾ - 930*

ਏਸ ਓਅੰਕਾਰ ਨੂੰ ਨਾਮ ਕਹਿੰਦੇ ਨੇ। ਇਹ ਨਾਮ ਸ਼ਕਤੀ ਹੈ, ਨਾਮ ਧੁਨ ਹੈ। ਇਸ ਨਾਮ ਤੋਂ ਸਾਰੇ ਜੀਵ-ਜੰਤੂ, ਖੰਡ-ਬ੍ਰਹਿਮੰਡ ਜੋ ਵੀ ਹਨ ਨਾਮ ਤੋਂ ਹੋਏ ਨੇ -

*ਨਾਮੈ ਹੀ ਤੇ ਸਭੁ ਕਿਛੁ ਹੋਆ॥* *ਪੰਨਾ - 753*

ਸੋ ਉਹ ਦੇ ਦਿਤਾ ਆਕਾਲ-ਪੁਰਖ ਨੇ ਗੁਰੂ ਮਹਾਰਾਜ ਜੀ ਨੂੰ - ਮੂਲ ਮੰਤਰ। ਅਸੀਂ ਕਹਿ ਦਿੰਦੇ ਹਾਂ ਕਿ ਮੂਲ ਮੰਤਰ ਦਾ ਪਾਠ ਕਰੋ। ਇਹ ਮੂਲ ਮੰਤਰ ਕੋਈ ਛੋਟੀ ਚੀਜ਼ ਥੋੜ੍ਹੀ ਹੈ। ਇਹ ਓਹੀ ਮੂਲ ਮੰਤਰ ਹੈ ਜਿਹੜਾ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਨੂੰ ਦਿੱਤਾ ਹੈ। ਜੇ ਸਾਨੂੰ ਇਸ ਦੇ ਭਾਵ ਸਮਝ ਆ ਜਾਣ ਤਾਂ ਅਸੀਂ ਏਕੰਕਾਰ ਵਿਚ ਚਲੇ ਜਾਂਦੇ ਹਾਂ। ਅਕਾਲਪੁਰਖ ਨੇ ਕਿਹਾ ਕਿ ਹੇ ਨਾਨਕ! ਇਸ ਦੇ ਨਾਲ ਹੁਣ ਤੂੰ ਆਪਣੀ ਬਾਣੀ ਰਚ ਕੇ ਲਾ। ਹੁਣ ਗੁਰੂ ਨਾਨਕ ਸਾਹਿਬ ਨੇ ਜਿਹੜਾ ਕੁਝ ਅੱਖਾਂ ਨਾਲ ਦੇਖ ਆਏ ਸੀ, ਜਿਹੜੇ ਨਿਰੰਕਾਰ ਦੇ ਰੂਪ ਦੇ ਦਰਸ਼ਨ ਅੱਖਾਂ ਨਾਲ ਕਰੇ ਸਨ ਸਾਕਾਰ ਤੋਂ ਬਾਅਦ, ਉਹ ਸੀ ਇੱਥੇ ਹੋਰ ਕੋਈ ਨਹੀਂ ਆਪੇ-ਆਪ ਹੈ। ਉਨ੍ਹਾਂ ਨੇ ਕਿਹਾ ਹੇ ਪ੍ਰਭੂ!

*ਆਦਿ ਸਚੁ ........॥* *ਪੰਨਾ - 1*

ਤੂੰ ਹੀ ਸੀ ਪਹਿਲਾਂ ਹੋਰ ਇਥੇ ਕੋਈ ਨਹੀਂ ਸੀ -

*ਜੁਗਾਦਿ ਸਚੁ॥* *ਪੰਨਾ - 1*

ਜੁਗ ਬਣਨ ਵੇਲੇ, ਸਮੇਂ ਵੇਲੇ ਜਦੋਂ ਕਾਲ ਬਣਾਇਆ ਓਸ ਵੇਲੇ ਵੀ ਤੂੰ ਹੀ ਸੀ ਹੋਰ ਕੋਈ ਨਹੀਂ ਆਇਆ, ਨਾ ਕੋਈ ਪ੍ਰਾਕਿਰਤੀ ਆਈ ਹੈ, ਨਾ ਕੋਈ ਮਾਇਆ ਆਈ ਹੈ, ਤੂੰ ਹੀ ਤੂੰ ਹੈ। ਤੂੰ ਹੀ ਇੱਕ ਤੋਂ ਅਨੇਕ ਹੋ ਕੇ ਬੇਅੰਤ ਰੂਪ ਧਾਰ ਲਏ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਅਕਾਲ ਉਸਤਤਿ*

ਮੈਂ ਲੌਂਸ ਐਂਜਲਸ ਗਿਆ ਉਥੇ ਕੰਧ ਤੇ ਲਿਖਿਆ ਹੋਇਆ ੴ (ਇਕ ਓਅੰਕਾਰ) ਅੰਗਰੇਜ਼ੀ ਵਿਚ ਲਿਖਿਆ ਹੋਇਆ God is one (ਰੱਬ ਇਕ ਹੈ) ਮੈਂ ਕਿਹਾ ਪੜ੍ਹੇ-ਲਿਖੇ ਬੰਦੇ ਨੇ, ਨਵੇਂ ਥਾਂ ਆਏ ਹਾਂ। ਕਈ ਵੱਡੇ ਖਰੜ ਗਿਆਨੀ ਵੀ ਬੈਠੇ ਹੁੰਦੇ ਨੇ। ਮੈਂ ਕਿਹਾ ਕਿ ਜਿਹੜਾ ਇਹ ਤੁਹਾਡਾ ਕੰਧ

ਤੇ ਲਿਖਿਆ ਹੋਇਆ ਹੈ ਇਹ ਗਲਤ ਹੈ ਪਿਆਰਿਓ! ਇਹ ਏਸ ਤਰ੍ਹਾਂ ਨਹੀਂ, ਅਨਰਥ ਨਾ ਕਰੋ। ਤੁਸੀਂ ਪ੍ਰਦੇਸ਼ਾਂ ਵਿਚ ਆਏ ਹੋਏ ਹੋ। ਮੈਨੂੰ ਇਸ ਦੁਨੀਆਂ ਵਿਚ ਦੱਸ ਦਿਓ ਕਿ ਇਥੇ ਦੋ ਕੌਣ ਨੇ? ਕੋਈ ਦੱਸ ਦਿਓ ਤੁਹਾਡੀ ਸਾਰੀ ਸੰਗਤ ਵਿਚੋਂ ਕਿ ਫਲਾਣੀ ਦੋ ਚੀਜ਼ਾਂ ਨੇ। ਇਕ ਮੱਝ ਲੈ ਲਓ ਉਸ ਦੇ ਨਾਲ ਦੀ ਦੂਜੀ ਨਹੀਂ ਹੈ, ਇੱਕ ਪੰਛੀ ਲੈ ਲਓ ਉਸ ਦੇ ਨਾਲ ਦਾ ਦੂਸਰਾ ਨਹੀਂ ਹੈ, ਮਨੁੱਖ ਲੈ ਲਓ ਉਸ ਦੇ ਨਾਲ ਦਾ ਦੂਸਰਾ ਨਹੀਂ ਹੈ ਇਕੋ-ਇਕ ਹੈ ਸਭ ਫੇਰ ਰੱਬ ਵੀ ਇਕ ਹੈ, ਰੱਬ ਨੂੰ ਕੌਣ ਕਹਿੰਦਾ ਕਿ ਦੋ ਨੇ, ਜਦੋਂ ਅਸੀਂ ਇਕ ਹਾਂ ਵਰਿਆਮ ਸਿੰਘ ਹੋਰ ਕੋਈ ਹੈ ਹੀ ਨਹੀਂ। ਕੱਢ ਕੇ ਦਿਖਾ ਦਿਓ ਸਾਰੀ ਦੁਨੀਆਂ ਵਿਚੋਂ ਜੇ ਲੱਭ ਜਾਵੇ ਇਹ ਤਾਂ ਆਹੀ ਹੈ ਜਿਹੜਾ ਤੁਹਾਡੇ ਨਾਲ ਬਚਨ ਕਰਦਾ ਹੈ। ਮੈਂ ਕਿਹਾ ਸਾਰੀ ਦੁਨੀਆਂ ਹੀ ਇੱਕ ਹੈ। ਇਕੱਲੇ ਰੱਬ ਨੂੰ ਤੁਸੀਂ ਕੀ ਵਡਿਆ ਦਿੱਤਾ ਕਿ ਇਕ ਹੈ ਰੱਬ। ਮੈਂ ਕਿਹਾ ਸੁਣੋ ਧਿਆਨ ਨਾਲ ਸਾਰੀ ਫਿਲਾਸਫੀ ਜਿੰਨੀ ਵੀ ਹੈ ਗੁਰੂ ਗਰੰਥ ਸਾਹਿਬ ਦੀ, ਜਦੋਂ ਕੁਝ ਲਿਖਿਆ ਜਾਂਦਾ ਹੈ ਤਾਂ subject (ਵਿਸ਼ਾ) ਪਹਿਲਾਂ ਲਿਖਿਆ ਜਾਂਦਾ ਹੈ। ਤੁਸੀ ਕਾਗਜ਼ ਭੇਜਦੇ ਹੋ ਸਰਕਾਰ ਨੂੰ ਉੱਤੇ ਲਿਖਦੇ ਹੋ subject. ਪੁਸਤਕ ਵਿਚ ਲਿਖਿਆ ਜਾਂਦਾ ਹੈ ਕਿ ਇਸ ਦੇ ਵਿਚ ਕੀ ਤੁਹਾਨੂੰ ਪੜ੍ਹਨ ਨੂੰ ਮਿਲੇਗਾ। ਵਿਸ਼ਾ ਕਹਿੰਦੇ ਨੇ ਉਸਨੂੰ। ਵਿਸ਼ਾ ਕੀ ਹੈ ਗੁਰੂ ਗ੍ਰੰਥ ਸਾਹਿਬ ਦਾ, ਇਸ ਨੂੰ ਪੜ੍ਹ ਕੌਣ ਸਕਦਾ ਹੈ, ਕੌਣ ਅਧਿਕਾਰੀ ਹੈ? ਇਹ ਦੋ ਚੀਜ਼ਾਂ ਨਾ ਇੱਥੇ ਹੀ ਆਉਂਦੀਆਂ ਨੇ। ਅਰਥ ਅਸੀਂ ਪੜ੍ਹਦੇ ਹਾਂ ਬੇਅੰਤ ਪਰ ਉਹ ਅਰਥ ਹੋਰ ਨੇ ਇਹ ਅਰਥ ਹੋਰ ਨੇ ਜਿਹੜੇ ਮੈਂ ਦਸਦਾ ਹਾਂ। ਗੁਰੂ ਨਾਨਕ ਸਾਹਿਬ ਨੇ ਕਿਹਾ-

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***
***ਪੰਨਾ - 1***

ਹੇ ਪ੍ਰਭੂ! ਤੂੰ ਆਪ ਹੀ ਹੈਂ ਇੱਥੇ ਹੋਰ ਕੋਈ ਨਹੀਂ। ਹੁਣ ਜਿਹੜੀ ਖੇਡ ਚਲਦੀ ਹੈ ਅਸੀਂ ਮੰਨਦੇ ਵੀ ਨਹੀਂ ਕਿ ਵਾਹਿਗੁਰੂ ਆਪ ਹੀ ਹੈ। ਜੇ ਸਾਨੂੰ ਗਿਆਨ ਹੋ ਗਿਆ ਵੇਦਾਂਤ ਦਾ ਅਸੀਂ ਕਹਾਂਗੇ - 'ਅਹੰ ਬ੍ਰਹਮ ਅਸਮੀ'। ਮੈਂ ਹੀ ਖੁਦਾ ਹਾਂ, ਅਨਹਲ ਹੱਕ ਬਿਗੋ।' ਮੈਂ ਹੀ ਖੁਦਾ ਹਾਂ। ਉਸ ਖੁਦਾ ਨੂੰ ਨਹੀਂ ਅਸੀਂ ਕਹਿੰਦੇ ਇਸ ਸਰੀਰ ਵਿਚ ਜਿਹੜਾ ਮੈਂ ਹਾਂ ਉਸ ਨੂੰ ਕਹਿੰਦੇ ਹਾਂ। ਉਹ ਫੇਰ ਦੇਖ ਲਓ ਸਜ਼ਾਵਾਂ ਕਿੰਨੀਆਂ ਮਿਲੀਆਂ ਉਨ੍ਹਾਂ ਨੂੰ। ਕ੍ਰਿਸ਼ਨ ਮਹਾਰਾਜ ਜੀ ਨੇ ਜਿਸ ਵਕਤ ਕਿਹਾ, ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ। ਉਸ ਵੇਲੇ ਕ੍ਰਿਸ਼ਨ ਮਹਾਰਾਜ ਸਰੀਰ ਨੂੰ ਨਹੀਂ ਸੀ ਕਹਿ ਰਹੇ, ਅਸਲੀ ਗੱਲ ਕਹਿ ਰਹੇ ਸੀ। ਮੇਰੀ ਪ੍ਰਾਕਿਰਤੀ, ਮਾਇਆ ਦੇ ਓਹਲੇ ਹੋ ਕੇ ਮੈਂ ਕੰਮ ਕਰ ਰਿਹਾ ਹਾਂ ਉਹ ਕ੍ਰਿਸ਼ਨ ਨਹੀਂ ਸੀ। ਉਨ੍ਹਾਂ ਨੇ ਉਸ ਵੇਲੇ ਬ੍ਰਹਮ ਦੀ ਬਾਤ ਕਰੀ ਹੈ। ਅਸੀਂ ਨਹੀਂ ਕਰ ਸਕਦੇ ਕਿਉਂਕਿ ਸਾਡੀ 'ਮੈਂ' ਨਹੀਂ ਟੁੱਟੀ ਅਜੇ, ਨੀਵੇਂ ਦਰਜੇ ਤੇ ਬੈਠੇ ਹਾਂ। ਅਸੀਂ ਤਾਂ ਅਜੇ ਪਹਿਲਾ ਹੀ ਅੱਖਰ ਸਮਝਿਆ -

***ਆਦਿ ਸਚੁ ਜੁਗਾਦਿ ਸਚੁ ॥***

***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1***

ਅਸੀਂ ਪਹਿਲਾਂ ਮੂਲ ਮੰਤਰ ਹੀ ਨਹੀਂ ਸਮਝਿਆ, ਬਹੁਤ ਵੱਡੇ ਗਿਆਨੀ ਬਣੇ ਫਿਰਦੇ ਹਾਂ, ਕਥਾਕਾਰ ਬਣੇ ਫਿਰਦੇ ਹਾਂ, ਅਜੇ ਕੁਝ ਨਹੀਂ ਪਤਾ ਲੱਗਿਆ ਸਾਨੂੰ। ਅਸੀਂ ਲੋਕਾਂ ਨੂੰ ਧੋਖਾ ਦਿੰਦੇ ਹਾਂ, ਆਪਣੇ-ਆਪ ਨੂੰ ਧੋਖਾ ਦੇ ਰਹੇ ਹਾਂ। ਮਹਾਰਾਜ ਜੀ ਕਹਿੰਦੇ ਜਿਵੇਂ ਤੇਲੀ ਦਾ ਬਲਦ ਘੁੰਮਦਾ ਹੈ ਇਸ ਤਰ੍ਹਾਂ ਪੈੜ ਵਿੱਚ ਘੁੰਮੀ ਜਾਂਦਾ ਹੈ, ਇਸ ਨੂੰ ਖੋਪੇ ਲੱਗੇ ਹੋਏ ਨੇ ਇਸ ਨੂੰ ਪਤਾ ਹੀ ਨਹੀਂ ਲਗਦਾ, ਅਸਾਡੀ ਭੀ ਸਮਝ ਵਿਚ ਨਹੀਂ ਆਉਂਦਾ ਕਿਉਂਕਿ ਇਸ ਜੀਵ ਨੇ ਸਾਧਨ ਨਹੀਂ ਕਰਿਆ, ਗੁਰੂ ਨਹੀਂ ਧਾਰਨ ਕਰਿਆ। 'ਗੁਰ ਪ੍ਰਸਾਦਿ' ਲਿਖਿਆ ਹੋਇਆ ਹੈ ਇਥੇ। ਗੁਰੂ ਜਿੰਨੀ ਦੇਰ ਤੱਕ ਨਹੀਂ ਧਾਰਨ ਕਰਦਾ ਓਨੀ ਦੇਰ ਤੱਕ ਨਹੀਂ ਇਸ ਨੂੰ ਪਤਾ ਲਗਦਾ ਗੱਲਾਂ ਦਾ ਗਿਆਨੀ ਜਿੰਨਾ ਜੀਅ ਕਰਦਾ ਹੈ ਬਣ ਜਾਵੇ, ਇਹ ਯਥਾਰਥ ਗਿਆਨੀ ਨਹੀਂ ਹੈ, ਮੁੱਖ ਗਿਆਨੀ ਹੈ। ਮੁਖ ਗਿਆਨੀ ਨੂੰ ਮਹਾਰਾਜ ਜੀ ਨੇ ਮੁਰਦਾ ਕਿਹਾ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ॥***

***ਪੰਨਾ - 253***

ਜੇ ਪਿਆਰ ਨਹੀਂ ਵਾਹਿਗੁਰੂ ਨਾਲ ਪਿਆ ਅਜੇ, ਫੇਰ ਇਹ ਮਰਿਆ ਹੋਇਆ ਬੰਦਾ ਹੈ। ਸਾਨੂੰ ਤਾਂ ਜੀਵਨ ਵੀ ਨਹੀਂ ਮਿਲਿਆ ਅਸੀਂ ਬਣੇ ਫਿਰਦੇ ਹਾਂ ਅਸੀਂ ਵੱਡੇ-ਵੱਡੇ ਗਿਆਨੀ, ਸੰਤ ਬਣੀ ਫਿਰਦੇ ਹਾਂ। ਹਰ ਇਕ ਤੇ ਲਾ ਲਓ ਮੈਂ ਬੜੀ ਖੋਜ ਕਰੀ ਹੈ, ਮੈਂ ਤਾਂ ਆਪ ਹੀ ਨਹੀਂ ਹਾਂ, ਦੂਜਿਆਂ ਨੂੰ ਕੀ ਕਹਿਣਾ ਹੈ। ਮਹਾਰਾਜ ਜੀ (ਸ੍ਰੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਮੈਨੂੰ ਮਿਲੇ ਸੀ। ਜਿਨ੍ਹਾਂ ਅਵਸਥਾਵਾਂ ਦੀ ਮੈਂ ਬਾਤ ਕਰਦਾ ਹਾਂ ਉਹ ਸੀ ਇਨ੍ਹਾਂ ਵਿਚ ਕਿਉਂਕਿ ਮੇਰਾ ਬਚਪਨ ਤੋਂ ਹੀ ਤਰਕਸ਼ੀਲ ਮਨ ਹੈ। ਕੋਈ ਗੱਲ ਮੈਂ ਮੰਨੀ ਹੀ ਨਹੀਂ ਜਿੰਨਾ ਚਿਰ ਤਜਰਬੇ ਵਿਚ ਮੇਰੇ ਸਹੀ ਨਹੀਂ ਉਤਰੀ, ਐਵੇਂ ਨਹੀਂ ਲੋਕਾਂ ਦੇ ਕਹੇ ਕੁਹਾਏ ਤੋ ਮੰਨਿਆ। ਮੈਂ ਤਾਂ ਮਹਾਰਾਜ ਜੀ ਕੋਲ ਜਾਂਦਾ ਹੀ ਨਹੀਂ ਸੀ। ਸਤਾਰਾਂ ਸਾਲ ਦੀ ਉਮਰ ਸੀ। ਮੈਂ ਦੇਖ ਲਿਆ ਬਾਹਰ ਕਿ ਬੜੇ ਸੋਹਣੇ ਕੱਪੜੇ ਪਾਏ ਹੋਏ ਨੇ, ਅੱਗੇ ਦਾ ਮੈਨੂੰ ਵੀ ਗਿਆਨ ਨਹੀਂ ਸੀ ਅਜੇ। ਉਹ ਮਹਾਂਪੁਰਸ਼ਾਂ ਨੇ ਤਾੜ ਲਈ ਇਹ ਗੱਲ। ਉਹ ਅੰਦਰ ਜਾ ਕੇ ਬਹਿ ਗਏ। ਮਾਤਾ ਜੀ ਸਾਡੇ ਕਹਿੰਦੇ ਕਿ ਤੂੰ ਦਰਸ਼ਨ ਕਰਨ ਆਇਆ ਹੈਂ, ਦਰਸ਼ਨ ਕਰ ਲੈ।

ਮੈਂ ਕਿਹਾ, "ਕਰ ਲਏ ਬਾਹਰੋਂ ਆਉਂਦਿਆਂ ਦੇ।"

ਉਹ ਫੇਰ ਆਈ, ਫੇਰ ਤੀਜੀ ਵਾਰ ਆਈ।

ਮਹਾਰਾਜ ਜੀ ਕਹਿੰਦੇ, "ਕੀ ਗੱਲ ਮਾਤਾ ਵਾਰ-ਵਾਰ ਉੱਠਦੀ ਹੈ?"

ਕਹਿੰਦੀ, "ਮੁੰਡਾ ਮੇਰਾ ਹੈ ਤਾਂ ਚੰਗਾ ਪਰ ਅੰਦਰ ਨਹੀਂ ਆ ਰਿਹਾ।"

ਕਹਿੰਦੇ, "ਜਾਹ! ਲਿਆ।" ਉਹ ਮੇਰੇ ਨਾਲੋਂ ਤਿੰਨ-ਚਾਰ ਗੁਣਾ ਤਕੜੀ ਸੀ, ਮੁਰੱਬਿਆਂ ਵਾਲਿਆਂ ਦੀ ਧੀ ਸੀ।

ਮੈਨੂੰ ਮਾਰਿਆ ਜ਼ੋਰ ਦੀ ਝਟਕਾ। ਮਾਂ ਨੇ ਮੈਨੂੰ ਖਿੱਚ ਲਿਆ। ਇੱਕ ਖੱਡਾ ਜਿਹਾ ਸੀ ਮੈਂ ਉਸ ਦੇ ਵਿਚ ਹੱਥ ਪਾ ਲਿਆ। ਉਸ ਨੇ ਫੇਰ ਝਟਕਾ ਮਾਰਿਆ ਮੈਂ ਖਿੱਚ ਨਾ ਹੋਇਆ। ਕਹਿੰਦੀ, "ਪਤਲੇ ਜਿਹੇ ਵਿਚ ਕਿੰਨਾ ਜ਼ੋਰ ਹੈ।" ਉਸ ਨੇ ਫੇਰ ਤਕੜੀ ਹੋ ਕੇ ਝਟਕਾ ਮਾਰਿਆ ਤੇ ਮੈਨੂੰ ਖਿੱਚ ਲਿਆ ਉਸਨੇ, ਤੇ ਲੈ ਕੇ ਸੰਤਾਂ ਦੇ ਕੋਲ ਚਲੀ ਗਈ। ਮੈਂ ਕਿਹਾ, "ਹੁਣ ਤੂੰ ਮੇਰੀ ਬਾਂਹ ਤਾਂ ਛੱਡ ਦੇ, ਸਾਰੇ ਲੋਕ ਦੇਖਣਗੇ।"

ਮੈਂ ਗਿਆ ਜਾ ਕੇ ਨਮਸਕਾਰ ਕਰੀ ਤੇ ਖੜ੍ਹ ਗਿਆ।

ਮਹਾਰਾਜ ਜੀ ਨੇ ਦੇਖਿਆ, ਕਹਿੰਦੇ, "ਤੂੰ ਕੌਣ ਹੈਂ?"

ਮੈਂ ਚੁੱਪ। ਉਥੇ ਬਹੁਤ ਸੰਗਤ ਬੈਠੀ ਸੀ। ਮੈਨੂੰ ਕਹਿੰਦੇ ਨਿੱਕਿਆ। ਤੂੰ ਜਵਾਬ ਕਿਉਂ ਨਹੀਂ ਦਿੰਦਾ।

ਮੈਂ ਕਿਹਾ, "ਦਿੰਦਾ ਹਾਂ।"

ਇੱਕ ਮਿੰਟ ਬਾਅਦ ਮਹਾਰਾਜ ਜੀ ਨੇ ਫੇਰ ਕਿਹਾ, "ਤੂੰ ਕੌਣ ਹੈਂ?"

ਮੈਂ ਫੇਰ ਚੁੱਪ। ਉਹ ਸਾਰੇ ਹੀ ਹੱਸ ਪਏ। ਆਪਸ ਵਿਚ ਕਰਨ ਲੱਗ ਗਏ ਕਿ ਲੈ ਇਸ ਨੂੰ ਐਉਂ ਨਹੀਂ ਪਤਾ ਕਿ ਮੈਂ ਕੌਣ ਹਾਂ।

ਮਹਾਰਾਜ ਜੀ ਕਹਿੰਦੇ, "ਖਾਮੋਸ਼! ਤੁਹਾਨੂੰ ਨਹੀਂ ਪਤਾ ਕਿ ਗੱਲ ਕੀ ਹੋ ਰਹੀ ਹੈ।"

ਮਹਾਰਾਜ ਜੀ ਬਹੁਤ ਗੰਭੀਰ ਹੋ ਗਏ, ਉਨ੍ਹਾਂ ਦੇ ਨੇਤਰ ਇਕ-ਦਮ ਬਹੁਤ ਕਿਸੇ ਰਸ ਵਿਚ ਆ ਗਏ, ਜਲਾਲ ਵਿਚ ਆ ਗਏ। ਮੇਰੇ ਵੱਲ ਦੇਖਣ ਲੱਗ ਗਏ, ਤਿੰਨ ਮਿੰਟ ਲੰਘ ਗਏ। ਜੇ ਕੋਈ ਤਿੰਨ ਮਿੰਟ ਆ ਕੇ ਖੜ੍ਹਾ ਰਹੇ ਤਾਂ ਤੁਸੀਂ ਸਾਰੇ ਵੀ ਕਹੋਂਗੇ ਲੈ ਦਸਦਾ ਹੀ ਨਹੀਂ ਕਿ ਮੈਂ ਕੌਣ ਹਾਂ।

ਸੰਗਤ ਵਿਚੋਂ ਫੇਰ ਅਵਾਜ਼ ਆਈ, ਕਹਿੰਦੇ, "ਕਾਕਾ! ਤੈਨੂੰ ਪੁੱਛਿਆ ਹੈ ਕਿ ਤੂੰ ਕੌਣ ਹੈ, ਤੂੰ ਦਸਦਾ ਹੀ ਨਹੀਂ?"

ਮਹਾਰਾਜ ਜੀ ਕਹਿੰਦੇ, "ਚੁੱਪ! ਖਾਮੋਸ਼!! ਤੁਹਾਨੂੰ ਨਹੀਂ ਪਤਾ ਇਹ ਕੀ ਗੱਲ ਹੋ ਰਹੀ ਹੈ।"

ਮੈਨੂੰ ਕਹਿੰਦੇ, ਦੱਸਿਆ ਨਹੀਂ।"

ਮੈਂ ਕਿਹਾ, ਮਹਾਰਾਜ! ਮੈਂ ਕੀ ਦੱਸਾਂ! ਮੈਨੂੰ ਦੱਸਣਾ ਨਹੀਂ ਆਉਂਦਾ ਕਿ ਮੈਂ ਕੌਣ ਹਾਂ।"

ਸਾਰੀ ਸੰਗਤ ਹੱਸ ਪਈ।

ਮਹਾਰਾਜ ਕਹਿੰਦੇ, "ਕਿਵੇਂ ਨਹੀਂ ਦੱਸਣਾ ਆਉਂਦਾ?"

ਮੈਂ ਕਿਹਾ, "ਮਹਾਰਾਜ! ਜੇ ਤਾਂ ਮੈਂ ਆਪਣਾ ਨਾਮ ਦਸਦਾ ਹਾਂ ਕਿ ਮੈਂ ਵਰਿਆਮ ਸਿੰਘ ਹਾਂ।"

ਤਿੰਨ ਚਾਰ ਸਾਲ ਬਚਪਨ ਵਿਚ ਮੇਰਾ ਨਾ ਹੋਰ ਵੀ ਰਿਹਾ ਹੈ। ਅੰਮ੍ਰਿਤ ਮੈਨੂੰ ਛਕਾ ਦਿਤਾ ਸੀ ਤਿੰਨ ਸਾਲ ਦੇ ਨੂੰ, ਮੇਰਾ ਨਾਂ ਵਰਿਆਮ ਸਿੰਘ ਹੋ ਗਿਆ। ਉਸ ਵੇਲੇ ਤੋਂ ਪਹਿਲਾਂ ਨਾਂ ਕੋਈ ਹੋਰ ਸੀ ਪਰ ਮੈਨੂੰ ਕਈ ਸਾਲ ਬਾਅਦ ਵਿਚ ਵੀ ਉਸੇ ਨਾਮ ਨਾਲ ਬੁਲਾਉਂਦੇ ਰਹੇ। ਮੈਂ ਕਿਹਾ ਮੈਂ ਐਂ ਕਹਿ ਦਿੰਦਾ ਹਾਂ ਕਿ ਪੰਜ ਸਾਲ ਮੇਰਾ ਨਾਂ ਉਹ ਰਿਹਾ ਤੇ ਗਿਆਰਾਂ ਸਾਲ ਤੋਂ ਇਹ ਨਾਂ ਹੈ। ਮੈਂ ਕਿਹਾ, "ਨਾਉਂ ਤਾਂ ਮੇਰਾ ਹੈ, ਤੁਸੀਂ ਪੁੱਛਿਆ ਹੈ 'ਮੈਂ' ਕੌਣ ਹਾਂ।"

ਦੂਜਾ ਮੈਂ ਸੋਚਿਆ ਕਿ ਜੇ ਮੈਂ ਪੰਗਤ ਵਿਚ ਬੈਠਿਆ ਹੁੰਦਾ ਤੇ ਮੈਨੂੰ ਪੁਛਦੇ ਫੇਰ ਮੈਂ ਆਪਣੀ ਜਾਤ ਦਸਦਾ। ਹਨ੍ਹੇਰੇ ਵਿਚ ਆ ਕੇ ਜੇ ਮੈਂ ਦਰਵਾਜ਼ਾ ਖੜਕਾਉਂਦਾ ਤੇ ਮੈਨੂੰ ਪੁਛਦੇ ਤੂੰ ਕੌਣ ਹੈ? ਤਾਂ ਮੈਂ ਆਪਣਾ ਨਾਂ ਦਸਦਾ। ਹਨ੍ਹੇਰਾ ਹੋਇਆ ਹੁੰਦਾ ਤੁਸੀਂ ਪੁੱਛਦੇ ਕਿ ਤੂੰ ਕੌਣ ਹੈ ਤਾਂ ਮੈਂ ਕਹਿਣਾ ਸੀ ਜੀ! ਮੁੰਡਾ ਹਾਂ, ਮੈਂ ਲੜਕਾ ਹਾਂ। ਹੁਣ ਚਾਰੇ ਗੱਲਾਂ ਨਹੀਂ ਹਨ ਇੱਥੇ। ਤੁਸੀਂ ਮੈਨੂੰ ਪੁਛਦੇ ਹੋ 'ਤੂੰ ਕੌਣ ਹੈ?'

ਮੈਂ ਕਿਹਾ, "ਮਹਾਰਾਜ! ਏਸ ਜਨਮ ਦਾ ਤਾਂ ਮੈਂ ਤੁਹਾਨੂੰ ਦੱਸ ਹੀ ਦਿੱਤਾ। ਇਹ ਮੈਂ ਨਹੀਂ ਸੀ ਮੇਰਾ ਨਾਂ ਸੀ। ਪਹਿਲੇ ਜਨਮ ਵਿਚ ਮੇਰਾ ਨਾਂ ਹਰਨਾਮ ਸਿੰਘ ਸੀ। ਉਸ ਤੋਂ ਪਹਿਲੇ ਜਨਮ ਦਾ ਮੈਨੂੰ ਪਤਾ ਹੈ ਪਰ ਨਾਂ ਦਾ ਨਹੀਂ ਪਤਾ ਕਿ ਕੀ ਸੀ? ਤੁਸੀਂ ਹੁਣ ਇਸ ਭੌਣੀ ਨੂੰ ਪੁੱਠੀ ਘੁਮਾ ਲਓ ਤੇ ਹੁਣ ਉਥੇ ਪਹੁੰਚ ਗਏ ਜਿੱਥੇ ਪਹਿਲੇ ਦਿਨ ਮੇਰੀ ਹੋਂਦ ਹੋਈ ਹੈ। ਮੈਨੂੰ ਇਹ ਨਹੀਂ ਦੱਸਣਾ ਆਉਂਦਾ। ਕਿਸੇ ਨਾ ਕਿਸੇ ਦਿਨ ਮੇਰੀ ਹੋਂਦ ਹੋਈ ਹੈ, ਮੈਂ ਬਣਿਆ ਹਾਂ। ਮੈਂ ਸਕੂਲ ਵਿਚ ਪੜ੍ਹ ਕੇ ਆਇਆ ਹਾਂ, ਮੈਂ ਕਦੇ ਸੁਣੀ ਨਹੀਂ ਇਹ ਗੱਲ।"

ਮਹਾਰਾਜ ਜੀ ਕਹਿੰਦੇ, "ਬਹਿ ਜਾਹ!" ਨੇਤਰ ਬੰਦ ਕਰ ਲਏ ਆਪ ਨੇ। ਪੰਤਾਲੀ ਮਿੰਟ ਖੋਲ੍ਹੇ ਹੀ ਨਾਂਹ ਸਾਰੀ ਸੰਗਤ ਹੈਰਾਨ ਕਿ ਆਹ ਮੁੰਡਾ ਕੀ ਆ ਗਿਆ, ਸਾਰੇ ਬਚਨ ਰਹਿ ਗਏ ਸਾਡੇ ਅੱਜ। ਮੈਂ ਵੀ ਓਵੇਂ ਹੀ ਬੈਠਾ।

ਮਹਾਰਾਜ ਜੀ ਕਹਿੰਦੇ, "ਨੇਤਰ ਖੋਲ੍ਹ।"

ਸੰਗਤ ਨੂੰ ਕਹਿੰਦੇ, "ਆਹ ਮੁੰਡੇ ਤੇ ਤੁਸੀਂ ਹਸਦੇ ਸੀ ਅੱਜ ਪਹਿਲੇ ਦਿਨ ਸਾਨੂੰ ਇਕ ਸੁਹਾਗਣ ਨਾਲ ਮੇਲ ਹੋਇਆ ਹੈ, ਬਾਕੀ ਰੰਡੀਆਂ ਹੀ ਮਿਲੀਆਂ ਨੇ ਸਾਨੂੰ ਹੁਣ ਤੱਕ। ਚਾਹੇ ਇਹ ਬੱਚਾ ਹੀ ਹੈ। ਕਹਿੰਦੇ ਕੋਈ ਵੀ ਦੁਨੀਆਂ ਤੇ ਦੱਸ ਨਹੀਂ ਸਕਦਾ।"

ਮਹਾਰਾਜ ਜੀ ਦੀ ਤੀਹ ਸਾਲ ਦੀ ਉਮਰ ਸੀ ਉਸ ਵੇਲੇ। ਮੈਨੂੰ ਕਹਿੰਦੇ, "ਕਾਕਾ! ਇਸ ਨੂੰ ਕੋਈ ਵੀ ਨਹੀਂ ਦੱਸ ਸਕਦਾ ਪਰ ਇਸ ਦਾ

ਨਾਂ ਰੱਖਿਆ ਗਿਆ ਹੈ ਇਸ ਨੂੰ ਜੀਵ-ਆਤਮਾ ਕਹਿੰਦੇ ਨੇ। ਤੈਨੂੰ ਹੋਰ ਸੁਖਾਲਾ ਦਸਦੇ ਹਾਂ ਅਸੀਂ। ਉਸ ਪਹਿਲੇ ਦਿਨ ਤੋਂ ਜੇ ਤੂੰ ਥੋੜ੍ਹਾ ਹੋਰ ਪਿਛੇ ਸੁਰਤ ਲਜਾ ਕੇ ਦੇਖੇਂ ਜਦੋਂ ਤੂੰ ਹੈ ਨਹੀਂ ਸੀ ਉਸ ਵੇਲੇ ਪਰਮਾਤਮਾ ਹੀ ਸੀ ਹੋਰ ਕੋਈ ਨਹੀਂ ਸੀ, ਆਪੇ ਆਪ ਸੀ। ਉਸ ਦੇ ਵਿਚੋਂ ਹੁਕਮ ਨਾਲ ਤੇਰੀ ਹੋਂਦ ਕਾਇਮ ਹੋਈ, ਇਕ ਘੇਰਾ ਬਣ ਗਿਆ 'ਮੈਂ' ਦਾ ਤੇ 'ਮੇਰੀ' ਇਸ ਨੂੰ ਜੀਵ-ਆਤਮਾ ਕਹਿਣ ਲੱਗ ਗਏ। ਹੁਣ ਤੂੰ ਐਉਂ ਕਰ ਜੀਵ ਪਰੇ ਕਰ ਦੇ ਤੇ ਆਤਮਾ ਹੈ ਤੂੰ।

ਪਹਿਲੇ ਦਿਨ ਹੀ ਗਿਆਨ ਦੇ ਦਿੱਤਾ ਉਹ ਮੇਰੇ ਵੀ ਅੰਦਰ ਚਲਿਆ ਗਿਆ ਉਪਦੇਸ਼। ਮੈਂ ਫੇਰ ਘਰ ਆਇਆ ਤੇ ਆਉਂਦਾ ਹੀ ਤੁਰ ਗਿਆ। ਮਸਤੂਆਣੇ ਚਲਾ ਗਿਆ ਉਥੋਂ ਫੇਰ ਅੱਗੇ ਕਿਧਰੇ-ਕਿਧਰੇ ਛੇ ਮਹੀਨੇ ਨਾ ਮੁੜਿਆ ਜਾ ਕੇ ਜੰਗਲ ਦੇ ਵਿਚ ਬਹਿ ਗਿਆ ਮਾਨਸਾ ਵੱਲ। ਉਹ ਸਰੂਪ ਆ ਗਿਆ ਸਾਹਮਣੇ ਕਿ ਮੈਂ ਤਾਂ ਹਾਂ ਹੀ ਨਹੀਂ, ਮੇਰੀ ਤਾਂ ਮਨੌਤ ਹੀ ਗਲਤ ਹੈ ਇਹ ਤਾਂ ਆਤਮਾ ਹੈ, ਸਾਰੇ ਕਿਤੇ ਆਤਮਾ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਇਥੇ ਤਾਂ ਵਾਹਿਗੁਰੂ ਆਪ ਹੀ ਖੇਲ੍ਹ ਰਿਹਾ ਹੈ। ਛੇ ਮਹੀਨੇ ਬਾਅਦ ਮਹਾਰਾਜ ਜੀ ਪਿੰਡ ਧਮੋਟ ਆਏ। ਉਥੇ ਆ ਕੇ ਉਨ੍ਹਾਂ ਨੇ ਪੁੱਛਿਆ ਕਿ ਵਰਿਆਮ ਸਿੰਘ ਕਿੱਥੇ ਗਿਆ। ਉਨ੍ਹਾਂ ਦਿਨਾਂ ਵਿਚ ਭਲੇ ਦਿਨ ਸੀ ਕੋਈ ਟੋਲ੍ਹਣ ਨਹੀਂ ਸੀ ਜਾਂਦਾ ਹੁੰਦਾ। ਮੈਂ ਬੈਠਾ ਸੀ ਸੌ ਮੀਲ ਤੇ ਮਾਨਸਾ ਤੋਂ ਪਰ੍ਹੇ 'ਜਵਾਰਕੇ' ਪਿੰਡ ਹੈ ਉਸ ਤੋਂ ਪਰਲੇ ਪਾਸੇ ਇਕ ਤਿਕੋਣ ਜਿਹੀ ਨਹਿਰ ਤੇ ਖਾਲੇ ਵਿਚਾਲੇ ਥਾਂ ਸੀ, ਉਥੇ ਬੜੇ ਟਿੱਬੇ ਸਨ ਉਡਾਰ ਦੇ ਦੋ ਸੂਏ ਵਗਦੇ ਸਨ, ਉਥੇ ਕਰੀਰ ਉੱਗੇ ਹੋਏ ਸਨ ਤੇ ਕਰੀਰਾਂ ਵਿਚ ਮੈਂ ਬਹਿੰਦਾ ਸੀ। ਇੱਕ ਸਮੇਂ ਰੋਟੀ ਖਾ ਲੈਣੀ। ਮਹਾਰਾਜ ਜੀ ਅੰਤਰ ਧਿਆਨ ਹੋਏ, ਮੈਨੂੰ ਜਾ ਮਿਲੇ। ਮਿਲੇ ਕਿਵੇਂ? ਮੇਰੀ ਸੁਰਤ ਚੜ੍ਹੀ ਹੋਈ ਸੀ। ਉਸ ਵੇਲੇ ਮੈਂ 'ਅਕਾਲ-ਉਸਤਤਿ' ਪੜ੍ਹ ਰਿਹਾ ਸੀ ਸੁਰਤ ਦੇ ਨਾਲ। ਉਨ੍ਹਾਂ ਨੇ ਆ ਕੇ ਕੱਟ ਦਿਤੀ, ਇਕ ਦਮ ਮੈਂ ਥੱਲੇ ਆ ਗਿਆ। ਹੈਰਾਨ ਹੋ ਗਿਆ, ਮੈਂ ਕਿਹਾ ਇਹ ਕੀ ਹੋ ਗਿਆ। ਦੂਜੀ ਵਾਰੀ ਮੈਂ ਫੇਰ ਸੁਰਤ ਚਾੜ੍ਹ ਲਈ, ਉਹ ਫੇਰ ਕੱਟ ਦਿਤੀ। ਮੇਰੀ ਨਬਜ਼ ਤੇਜ਼ ਹੋ ਗਈ ਬਹੁਤ ਜ਼ਿਆਦਾ। ਮੈਂ ਕਿਹਾ ਇਹ ਕੀ ਹੋ ਗਿਆ, ਦਿਲ ਮੇਰਾ ਧਕ-ਧਕ ਕਰਨ ਲੱਗ ਗਿਆ। ਮੈਂ ਕਿਹਾ ਮੈਨੂੰ ਕੋਈ ਖਿੱਚ ਰਿਹਾ ਹੈ। ਕੌਣ ਖਿੱਚ ਰਿਹਾ ਹੈ ਇਸ ਦਾ ਮੈਨੂੰ ਪਤਾ ਨਾ ਲੱਗਿਆ। ਬਾਰਾਂ ਵੱਜਣ ਵਿਚ ਕੁਝ ਮਿੰਟ ਰਹਿੰਦੇ ਸਨ ਮੇਰੇ ਕੋਲ ਕੋਈ ਚੀਜ਼ ਤਾਂ ਹੈ ਨਹੀਂ ਸੀ ਇੱਕ ਕਛਹਿਰਾ ਹੁੰਦਾ, ਇੱਕ ਪਰਨਾ ਹੁੰਦਾ। ਕੁੜਤਾ ਧੋ ਲਈਦਾ ਸੀ ਜਦੋਂ ਮੈਲਾ ਹੋ ਜਾਂਦਾ ਸੀ। ਬਹੁਤਾ ਪਸਾਰਾ ਤੰਗ ਕਰਦਾ ਹੈ। ਮੇਰੇ ਕੋਲ ਹੀ ਸੀ ਕਛਹਿਰਾ ਵੀ, ਪਰਨਾ ਵੀ। ਉਹ ਮੈਂ ਲੱਕ ਨਾਲ ਬੰਨ੍ਹਿਆ। ਜਿਉਂ ਮੈਂ ਦੋੜਿਆ ਉਥੋਂ ਦੋ ਢਾਈ ਮੀਲ ਹੋਏਗਾ ਸਟੇਸ਼ਨ। ਮੈਂ ਦੌੜਿਆ

ਹੀ ਆਇਆ। ਉਥੇ ਆ ਕੇ ਗੱਡੀ ਚੜ੍ਹ ਗਿਆ। ਮੇਰੇ ਕੋਲ ਸਵਾ ਰੁਪਿਆ ਹੀ ਸੀ। ਬਾਬੂ ਨੂੰ ਮੈਂ ਕਿਹਾ ਮੇਰੇ ਕੋਲ ਸਵਾ ਰੁਪਿਆ ਹੈ ਟਿਕਟ ਮੈਨੂੰ ਗੱਡੀ ਵਿਚ ਹੀ ਫੜਾ ਦੇ। ਉਹ ਵੀ ਕੋਈ ਭਲਾ ਲੋਕ ਸੀ ਉਸ ਨੇ ਮੈਨੂੰ ਬਾਕੀ ਪੈਸੇ ਵੀ ਫੜਾ ਦਿੱਤੇ ਤੇ ਟਿਕਟ ਵੀ ਦੇ ਗਿਆ। ਕੁਪ ਸਟੇਸ਼ਨ ਤੇ ਆ ਕੇ ਮੈਂ ਉਤਰ ਗਿਆ। ਬੜੀ ਕਾਹਲੀ ਮੈਨੂੰ ਜਿਵੇਂ ਕੋਈ ਸੰਗਲ ਪਾ ਕੇ ਖਿੱਚਦਾ ਹੈ। ਸਿੱਧਾ ਹੀ ਮੈਂ ਪਿੰਡ ਆ ਗਿਆ। ਉਨ੍ਹਾਂ ਦਿਨਾਂ ਵਿਚ ਪੈਦਲ ਚੱਲਣ ਦਾ ਬਹੁਤ ਅਭਿਆਸ ਹੁੰਦਾ। ਐਵੇਂ ਹੀ ਤੁਰੇ ਜਾਂਦੇ ਸੀ ਦਸ ਕੋਹ। ਗਿਣਦੇ ਨਹੀਂ ਸੀ ਕਿ ਵੀਹ ਕੋਹ ਹੈ, ਪੰਦਰਾਂ ਕੋਹ ਹੈ ਬਸ ਤੁਰ ਪੈਂਦੇ ਸਨ। ਜਦੋਂ ਮੈਂ ਆਇਆ ਤਾਂ ਇਕ ਪੰਡਤ ਮਿਲਿਆ ਚੇਤ ਰਾਮ।

ਮੈਨੂੰ ਕਹਿਣ ਲੱਗਿਆ, "ਓ ਵਰਿਆਮ ਸਿੰਹਾ! ਤੂੰ ਕਿਥੋਂ ਆਇਆ ਹੈਂ ਅੱਜ, ਤੈਨੂੰ ਤਾਂ ਦੇਖਿਆ ਹੀ ਨਹੀਂ, ਕਿੱਧਰ ਚਲਿਆ ਗਿਆ ਸੀ।"

ਕਹਿੰਦਾ, "ਰਾੜੇ ਵਾਲੇ ਸੰਤ ਆਏ ਹੋਏ ਨੇ।"

ਮੈਂ ਕਿਹਾ, "ਕਿੱਥੇ ਨੇ?"

ਕਹਿੰਦਾ, "ਗੁਰਦਵਾਰੇ ਦੀਵਾਨ ਲੱਗਿਆ ਹੋਇਆ ਹੈ।"

ਮੈਂ ਘਰ ਕੀ ਜਾਣਾ ਸੀ ਮੈਂ ਸਿੱਧਾ ਦੀਵਾਨ ਵਿਚ ਚਲਿਆ ਗਿਆ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਮੈਨੂੰ ਇਸਾਰਾ ਕੀਤਾ ਕਿ ਇਥੇ ਹੀ ਬਹਿ ਜਾਹ ਅੱਗੇ।"

ਮੈਂ ਉਥੇ ਹੀ ਬੈਠ ਗਿਆ। ਦੀਵਾਨ ਦੀ ਸਮਾਪਤੀ ਹੋਈ। ਆਪ ਕਹਿਣ ਲੱਗੇ ਕਿ ਅੱਜ ਸਾਡੇ ਨਾਲ ਕਿਸੇ ਨੇ ਨਹੀਂ ਜਾਣਾ। ਮੈਨੂੰ ਕਹਿੰਦੇ, "ਗੜਵਾ ਤੂੰ ਫੜ ਲੈ।" ਅਰਦਲੀ ਤੋਂ ਗੜਬਾ ਫੜ ਲਿਆ। ਕਹਿੰਦੇ, "ਕੋਈ ਨਹੀਂ ਸਾਡੇ ਨਾਲ ਜਾਏਗਾ ਤੁਹਾਡੇ ਵਿਚੋਂ।" ਸਾਰੇ ਸੇਵਕ ਤੇ ਹੋਰ ਪ੍ਰੇਮੀ ਰੁਕ ਗਏ।

ਨਹਿਰ ਧਮੋਟ ਦੇ ਕੋਲ ਦੀ ਲੰਘਦੀ ਹੈ, ਨਹਿਰ ਤੇ ਚਲੇ ਗਏ ਅੱਗੇ ਮਹਾਰਾਜ ਚਲਦੇ ਗਏ ਉਥੇ ਸੋਹਣਾ ਥਾਂ ਆ ਗਿਆ।

ਕਹਿੰਦੇ, "ਆਹ ਥਾਂ ਬੈਠਣ ਨੂੰ ਸੋਹਣਾ ਹੈ।"

ਮੈਂ ਕਿਹਾ, "ਹਾਂ! ਮਹਾਰਾਜ।"

ਮੇਰੇ ਕੋਲ ਕੁਝ ਨਹੀਂ ਸੀ ਵਿਛਾਉਣ ਨੂੰ ਉਨ੍ਹਾਂ ਕੋਲ ਵੀ ਕੁਝ ਨਹੀਂ ਸੀ। ਅਸੀਂ ਉਥੇ ਘਾਹ ਤੇ ਹੀ ਬੈਠ ਗਏ।

ਕਹਿੰਦੇ, " ਹੁਣ ਦੱਸ! ਕਿੱਥੇ ਸੀ ਤੂੰ?"

ਮੈਂ ਕਿਹਾ, "ਮਹਾਰਾਜ! ਮੈਂ ਤੁਹਾਡੇ ਕੋਲੋਂ ਮਸਤੁਆਣੇ ਚਲਿਆ ਗਿਆ। ਉਥੋਂ ਫੇਰ ਕਾਲੇ ਕੀ ਕਮਾਲਪੁਰ ਚਲਿਆ ਗਿਆ। ਉਥੇ ਸੰਤ ਸਮਸ਼ੇਰ ਸਿੰਘ

ਤਪੀਆ ਸੀ, ਉਹ ਡੇਢ ਵਜੇ ਉਠਦਾ ਹੁੰਦਾ। ਕੱਪੜਾ ਮੇਰੇ ਕੋਲ ਵੀ ਨਹੀਂ ਸੀ, ਉਸ ਦੇ ਕੋਲ ਵੀ ਨਹੀਂ ਸੀ ਪੋਹ ਦਾ ਮਹੀਨਾ ਸੀ। ਸੌਂਦਾ ਮੈਂ ਵੀ ਨਹੀਂ ਸੀ, ਪਾਲਾ ਤਾਂ ਲਗਦਾ ਸੀ ਹੁਣ ਨੀਂਦ ਕਿਥੋਂ ਆ ਜਾਏਗੀ। ਉਹ ਭੋਰੇ ਵਿਚ ਬਹਿ ਜਾਂਦੇ ਸੀ, ਉਹ ਵੀ ਨਾਮ ਜਪਦੇ, ਮੈਂ ਵੀ ਨਾਮ ਜਪਦਾ ਸੀ। ਦਿਨ ਵਿਚ ਮੈਂ ਟਿੱਬਿਆਂ ਵਿਚ ਜਾ ਕੇ ਨਾਮ ਜਪਦਾ ਰਹਿੰਦਾ। ਉਹ ਮੈਨੂੰ ਟੋਲਦਾ ਰਹਿੰਦਾ ਕਿ ਰੋਟੀ ਤਾਂ ਖਾ ਜਾਇਆ ਕਰ। ਫੇਰ ਮੈਂ ਸੋਚਿਆ ਕਿ ਇਹ ਮੈਨੂੰ ਰੋਟੀ ਨੂੰ ਟੋਲੀ ਜਾਂਦੇ ਨੇ, ਮੈਂ ਉਥੋਂ ਤੀਹ-ਚਾਲੀ ਮੀਲ ਅੱਗੇ ਚਲਿਆ ਗਿਆ। ਮਾਨਸਾ ਤੋਂ ਪਰ੍ਹੇ ਲੰਘ ਕੇ ਉਥੇ ਮੈਨੂੰ ਇਕ ਝੜੀ ਜਿਹੀ ਪਸੰਦ ਆਈ ਮੈਂ ਉਸ ਦੇ ਵਿਚ ਬਹਿ ਗਿਆ, ਤਿੰਨ ਮਹੀਨੇ ਉਥੇ ਬੈਠਾ ਰਿਹਾ।"

ਮਹਾਰਾਜ ਜੀ ਹੱਸ ਪਏ।

ਮੈਂ ਕਿਹਾ ਮਹਾਰਾਜ, "ਤੁਸੀਂ ਮੈਨੂੰ ਖਿੱਚਿਆ ਸੀ?"

ਕਹਿੰਦੇ, "ਹਾਂ!"

ਸੌ ਮੀਲ ਤੋਂ ਮੈਨੂੰ ਐਉਂ ਖਿੱਚ ਲਿਆ ਜਿਵੇਂ ਰੱਸਾ ਪਾ ਕੇ ਖਿੱਚੀਦਾ ਹੈ। ਇਹ ਗੱਲ ਮੈਂ ਤੁਹਾਨੂੰ ਤਾਂ ਕਰਕੇ ਦੱਸੀ ਹੈ, ਐਡੀ ਵੱਡੀ ਕਿ ਓਸ ਉਮਰ ਵਿਚ ਉਹ ਬਿਲਕੁਲ ਪੂਰੇ ਸੀ, ਬ੍ਰਹਮਗਿਆਨੀ ਸੀ, ਪੂਰਨ ਗਿਆਨ ਸੀ ਉਨ੍ਹਾਂ ਨੂੰ ਫੇਰ ਗੱਲਾਂ ਦੇ ਹੀ ਗਿਆਨੀ ਨਹੀਂ ਸੀ ਪੂਰਨ ਸਰਬ ਸ਼ਕਤੀਮਾਨ ਸਨ ਮੈਨੂੰ ਉਥੇ ਬੈਠੇ ਨੂੰ ਖਿੱਚ ਲਿਆ, ਮੇਰੇ ਵਿਚ ਵੀ ਕੁਝ ਤਾਂ ਹੋਏਗਾ ਮੈਂ ਐਨਾ ਤਪ ਕਰਿਆ ਸੀ ਪਰ ਉਨ੍ਹਾਂ ਨੇ ਐਂ ਖਿੱਚ ਲਿਆ ਰੱਸਾ ਪਾ ਕੇ। ਮੈਂ ਅਟਕ ਹੀ ਨਾ ਸਕਿਆ।

ਸੋ ਮੈਂ ਇਹ ਤਾਂ ਕਹਿੰਦਾ ਹਾਂ ਕਿ ਹਰੇਕ ਸੰਤ, ਸੰਤ ਨਹੀਂ ਹੁੰਦਾ ਪਿਆਰਿਓ! ਇਹ ਗੱਲ ਬਹੁਤੀ ਹੀ ਔਖੀ ਹੈ। ਨਾਂ ਧਰ ਲੈਂਦੇ ਨੇ ਸੰਤ ਫਲਾਣਾ ਸਿੰਘ, ਉਹ ਨਾ ਕਿਹਾ ਕਰੋ, ਭਾਈ ਸਾਹਿਬ ਕਹਿ ਦਿਆ ਕਰੋ। ਭਾਈ ਵੀ ਔਖਾ ਹੀ ਹੈ ਕਹਾਉਣਾ। ਸਿੰਘਾਂ ਦੇ ਨਾਂ ਨੇ ਸਰਦਾਰ ਕਹਾਓ। ਮੈਂ ਤਾਂ ਅੱਜ ਤੱਕ ਸਰਦਾਰ ਕਹਾਇਆ ਹੈ ਇਥੇ ਹੀ ਮੈਨੂੰ ਸੰਤ ਕਹਿਣ ਲੱਗ ਗਏ ਸਾਰੇ। ਪਹਿਲਾਂ ਤਾਂ ਮੈਂ ਬਹੁਤ ਕਿਹਾ, ਰੋਕ ਲਾਈ ਕਿ ਮੇਰੇ ਟਾਈ ਲੱਗੀ ਹੋਈ ਹੈ, ਸੂਟ ਪਾਇਆ ਹੋਇਆ ਹੈ, ਸਰਦਾਰ ਕਹੋ ਕਿਉਂਕਿ ਭਾਈ ਸਾਹਿਬ ਤਾਂ ਭਾਈ ਰਣਧੀਰ ਸਿੰਘ ਜੀ ਹੀ ਸਨ। ਮੈਂ ਕਿਸਾਨ ਸੀ। ਨਾਉਂ ਧਰ ਲਿਆ ਸੰਤ। ਹੁਣ ਮੈਂ ਕੀ ਕਰਦਾ, ਮੈਂ ਇਕੱਲਾ ਇਧਰ ਸਾਰੇ।

ਸੋ ਮਹਾਰਾਜ ਜੀ ਨੇ ਕਿਹਾ ਕਿ ਸਾਰੀ ਜ਼ਿੰਦਗੀ ਵਿਚ ਆਹ ਪਤਲੀ-ਜਿਹੀ ਲਕੀਰ ਹੈ 'ਮੈਂ' ਦੀ ਜੇ ਤਾਂ ਇਸ ਨੂੰ ਟੱਪ ਗਿਆ ਫੇਰ ਤਾਂ ਜਿੱਤ ਗਿਆ ਜੇ ਮੋਹ ਮਾਇਆ ਨੇ ਤੈਨੂੰ ਟੱਪਣ ਨਾ ਦਿੱਤਾ ਤਾਂ ਫੇਰ ਜਨਮ ਅਗਲਾ ਲੈਣਾ ਪਏਗਾ ਤੈਨੂੰ। ਹੁਣ ਐਨੀ ਗੱਲ ਮੈਂ ਆਪ ਦੇ ਚਰਨਾਂ ਵਿਚ ਤਾਂ ਬੇਨਤੀ ਕਰੀ ਹੈ ਕਿ ਸਮਝੋ ਭਾਵ ਨੂੰ।

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ - 827***

ਗਾਉਣ ਨੂੰ ਅਸੀਂ ਗਾ ਲੈਂਦੇ ਹਾਂ, ਕਹਿਣ ਨੂੰ ਕਹਿ ਲੈਂਦੇ ਹਾਂ, ਕਥਾ ਕਰ ਲੈਂਦੇ ਹਾਂ, ਘੋਟੇ ਲਾ ਲੈਂਦੇ ਹਾਂ, ਦੂਜਿਆਂ ਦੀਆਂ ਗੱਲਾਂ ਨੋਟ ਕਰਕੇ ਦੱਸੀ ਜਾਂਦੇ ਹਾਂ ਪਰ ਆਪ ਤਾਂ ਅਸੀਂ 'ਮੈਂ' ਵਿਚ ਖੜੇ ਹਾਂ। ਸੋ ਏਸ ਕਰਕੇ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ। ਜਿੰਨਾ ਚਿਰ ਇਹ ਗੱਲ ਸਮਝ ਵਿਚ ਨਹੀਂ ਆਉਂਦੀ ਓਨਾਂ ਚਿਰ ਜਨਮ ਮਰਣ ਦਾ ਚੱਕਰ ਕਦੇ ਖਤਮ ਹੀ ਨਹੀਂ ਹੋਣਾ। ਐਵੇਂ ਅਰਦਾਸਾ ਕਰਦੇ ਹਾਂ ਕਿ ਮਹਾਰਾਜ! ਇਸ ਨੂੰ ਆਪਣੀ ਦਰਗਾਹ ਵਿਚ ਵਾਸਾ ਦਿਓ। ਮਹਾਰਾਜ ਜੀ ਕਹਿੰਦੇ ਦਰਗਾਹ ਵਿਚ ਵਾਸਾ ਲੈਣਾ ਐਨਾ ਸੁਖਾਲਾ ਨਹੀਂ ਹੈ। ਉਸ ਦਾ ਵੀ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ ਕਿ ਦਰਗਾਹ ਵਿਚ ਕੌਣ ਵਸਦਾ ਹੈ -

***ਅੰਤਰਿ ਗੁਰੁ ਆਰਾਧਣਾ...........॥ ਪੰਨਾ - 517***

ਜਿਹੜਾ ਹਰ ਵਕਤ ਪ੍ਰਮੇਸ਼ਰ ਦੀ ਅਰਾਧਨਾ ਕਰਦਾ ਹੈ, ਕਦੇ ਨਹੀਂ ਭੁੱਲਦਾ।

***..............ਜਿਹਵਾ ਜਪਿ ਗੁਰ ਨਾਉ॥***
***ਪੰਨਾ - 517***

ਜਿਹਬਾ ਦੇ ਨਾਲ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ ਕੋਈ ਜਪ ਲਓ। ਉਸ ਦੇ ਕੋਲ ਇਹ ਗੱਲਾਂ ਨਹੀਂ ਹਨ ਕਿ ਇਹ ਕੌਣ ਹੈ, ਕੌਣ ਨਹੀਂ। ਉਥੇ ਜਾਂਦਾ ਹੀ ਉਹ ਹੈ ਜਿਹੜਾ ਕੌਣ ਮਿਟਾ ਦੇਵੇ। ਜਿਸ ਦੇ ਮਨ ਵਿਚ ਹੈ ਕਿ ਫਲਾਣਾ ਹਾਂ ਉਹ ਨਹੀਂ ਜਾਂਦਾ ਦਰਗਾਹ ਵਿਚ। ਦਰਗਾਹ ਵਿਚ ਓਹੀਓ ਜਾਂਦੇ ਨੇ ਜਿਹੜੇ ਖਾਲਸ, ਸ਼ੁੱਧ ਹੁੰਦੇ ਨੇ -

***ਨੇਤ੍ਰੀ ਸਤਿਗੁਰੁ ਪੇਖਣਾ............॥ ਪੰਨਾ - 517***

ਹੁਣ ਇਹ ਗੱਲ ਸਾਰਿਆਂ ਨਾਲੋਂ ਔਖੀ ਹੈ। ਸਤਿਗੁਰੂ ਹੈ ਵਾਹਿਗੁਰੂ ਦਾ ਰੂਪ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋੁਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਹੁਣ ਇਸ ਦਾ ਭੇਦ ਗੁਰੂ ਤੀਸਰੇ ਪਾਤਿਸ਼ਾਹ ਨੇ ਖੋਲ੍ਹਿਆ। ਕਹਿੰਦੇ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਪੰਨਾ - 922*

ਜਿੱਧਰ ਵੀ ਤੁਹਾਡੀ ਨਿਗ੍ਹਾ ਜਾਂਦੀ ਹੈ, ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ। ਖੁਲ੍ਹੀਆਂ ਅੱਖਾਂ ਨਾਲ ਦਰਸ਼ਨ ਹੁੰਦੇ ਨੇ। ਇਹ ਸਮੁੱਚਤਾ ਜਿਹੜੀ ਹੈ ਇਹ ਵਾਹਿਗੁਰੂ ਹੈ। ਇਸ ਨੂੰ ਬਿਲਕੁਲ ਸੱਚ ਜਾਣਿਓ ਪਰ ਜਦੋਂ ਅੱਡ-ਅੱਡ ਕਰ ਲੈਂਦੇ ਹਾਂ ਤਾਂ ਫੇਰ ਇਨ੍ਹਾਂ ਦੇ ਨਾਂ ਨੇ ਦਰਖੱਤ, ਦਰਖੱਤ ਹੈ, ਮੱਝ-ਮੱਝ ਹੈ, ਸੱਪ-ਸੱਪ ਹੈ ਆਦਮੀ-ਆਦਮੀ ਹੈ। ਜੇ ਸਮੁੱਚਾ ਕਿਸੇ ਦਾ ਨਿਸਚਾ ਆਉਂਦਾ ਹੈ ਤਾਂ ਮਹਾਰਾਜ ਜੀ ਕਹਿੰਦੇ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਪੰਨਾ - 922*

ਨਦਰ ਆ ਗਿਆ ਸਾਨੂੰ ਪ੍ਰਮੇਸ਼ਰ ਦਾ ਰੂਪ ਹੈ। ਗੱਲਾਂ ਦਾ ਗਿਆਨੀ ਨਹੀਂ ਇਥੇ ਪਹੁੰਚ ਸਕਦਾ, ਬਹੁਤ ਮੁਸ਼ਕਲ ਹੈ। ਇਕ ਮਹਾਤਮਾ ਸੀ, ਜਿਥੇ ਸਾਡੇ ਫਾਰਮ ਸਨ। ਮੈਨੂੰ ਪਤਾ ਲੱਗਿਆ ਕਿ ਡਾਕੂਆਂ ਨੇ ਮਾਰਿਆਂ ਉਹ ਆ ਕੇ ਕੈਮਰੀ ਰਹਿੰਦਾ ਸੀ। ਮੈਂ ਉਥੇ ਆ ਗਿਆ। ਉਹ ਕਬੀਰ ਪੰਥੀ ਸੀ।

ਮੈਂ ਕਿਹਾ, "ਸੰਤ ਜੀ! ਕੀ ਹਾਲ ਹੈ?"

ਕਹਿੰਦੇ, "ਬਹੁਤ ਵਧੀਆ ਹੈ।"

ਮੈਂ ਕਿਹਾ, "ਸੁਣਿਆ ਸੀ....।"

ਕਹਿੰਦੇ, "ਹਾਂ, ਹਾਂ ਤੈਨੂੰ ਲੱਗ ਗਿਆ ਪਤਾ?"

ਮੈਂ ਕਿਹਾ, ਕੀ ਹੋਇਆ ਸੀ?"

ਕਹਿੰਦੇ, "ਭਗਵਨ ਆਏ ਥੇ, ਉਨਕਾ ਰੂਪ ਔਰ ਥਾ, ਆਪ ਕਾ ਰੂਪ ਔਰ ਹੈ, ਜੋ ਦੁਧ ਵਗੈਰਾ ਲਾਤੇ ਹੋ ਉਨ ਕਾ ਰੂਪ ਔਰ ਹੈ ਪਰ ਉਨ ਕਾ ਔਰ ਥਾ।"

ਮੈਂ ਕਿਹਾ, "ਭਗਵਨ ਸੀ?"

ਕਹਿੰਦਾ, "ਹਾਂ।"

ਮੈਂ ਕਿਹਾ, "ਉਹ ਤਾਂ ਡਾਕੂ ਸਨ।"

ਕਹਿੰਦਾ, "ਨਾ-ਨਾ ਐਸੇ ਮਤ ਬੋਲੋ, ਵੋ ਤੋ ਭਗਵਨ ਥੇ।"

ਮੈਂ ਕਿਹਾ, "ਉਨ੍ਹਾਂ ਨੇ ਕੀ ਕਿਹਾ?"

ਕਹਿੰਦਾ, "ਬੋਲੇ ਜੋ ਕੁਛ ਹੈ ਦੇ ਦੇ। ਮੈਂਨੇ ਕਹਾ ਭਗਵਨ! ਆਪ ਕਾ ਹੀ ਹੈ ਸਭ ਕੁਛ, ਮੈਂ ਤੋ ਕਹੀਂ ਤਾਲਾ ਨਹੀਂ ਲਗਾਤਾ, ਦਰਵਾਜ਼ੇ ਖੁਲ੍ਹੇ ਹੈਂ। ਭਗਵਨ! ਜੋ ਚਾਹੀਏ ਲੇ ਲਓ। ਭਗਵਨ ਕੇ ਹਾਥ ਮੇਂ ਸੋਟੀ ਥੀ, ਔਰ ਵੋ ਮਾਰਨੇ ਲਗ ਗਏ, ਬਹੁਤ ਪਿਆਰ ਕੀਆ।" ਐਂ ਨਹੀਂ ਕਹਿੰਦੇ ਕਿ ਮਾਰਿਆ

ਸਗੋਂ ਕਹਿੰਦੇ ਪਿਆਰ ਕੀਆ।

ਕਹਿੰਦਾ, "ਮੈਂਨੇ ਕਹਾ ਭਗਵਨ! ਆਜ ਆਪ ਨੇ ਦਰਸਨ ਦੀਏ ਹੈਂ।"

ਮੈਂ ਕਿਹਾ ਇਸ ਸੰਤ ਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ ਇਹ ਤਾਂ ਚੌਥੇ ਪਦ ਵਿਚ ਰਹਿਣ ਵਾਲਾ ਸੰਤ ਹੈ। ਜਿਹੜਾ ਚੋਰ ਤੇ ਸਾਧ ਨੂੰ ਬ੍ਰਹਮ ਪਛਾਣ ਜਾਵੇ, ਸੱਪ ਤੇ ਸ਼ੇਰ ਨੂੰ ਬ੍ਰਹਮ ਪਛਾਣ ਜਾਵੇ ਉਹ ਪਹੁੰਚਿਆ ਹੋਇਆ ਹੁੰਦਾ ਹੈ।

ਮੈਂ ਅੰਦਰ ਵੜਨ ਲੱਗਿਆ ਜਿਥੋਂ ਦੀ ਡਾਕੂਆਂ ਨੇ ਪਿਛੋਂ ਦੀ ਕੰਧ ਤੋੜੀ ਸੀ, ਮੈਂ ਦੇਖਣੀ ਸੀ ਕਿਥੋਂ ਤੋੜਿਆ ਸੀ।

ਕਹਿੰਦਾ, "ਅੰਦਰ ਭਗਵਾਨ ਪੜੇ ਹੈਂ, ਉਨ ਕੋ ਕੋਈ ਖੇਚਲ (ਕਸ਼ਟ) ਨਾ ਹੋਏ।"

ਮੈਂ ਜਦੋਂ ਅੰਦਰ ਦੇਖਿਆ ਉਥੇ ਸੱਪ ਪਿਆ ਤੇ ਸਿੱਧਾ ਹੀ ਪਿਆ ਲੰਮਾ। ਮੈਂ ਕਿਹਾ ਇਹ ਤਾਂ ਸਚਮੁੱਚ ਹੀ ਬੜਾ ਪੂਜ ਮਹਾਤਮਾ ਹੈ।

ਮੈਂ ਕਿਹਾ, "ਸੰਤ ਜੀ! ਇਹ ਸੱਪ ਜੇ ਇੱਥੇ ਪਿਆ ਰਹਿੰਦਾ ਹੈ ਫੇਰ ਤੁਸੀਂ ਕਿੱਥੇ ਪੈਂਦੇ ਹੋ?"

ਕਹਿੰਦੇ, "ਮੈਂ ਭੀ ਵਹੀਂ ਪਰ ਸੋ ਜਾਤਾ ਹੂੰ।"

ਮੈਂ ਕਿਹਾ, "ਭਗਵਨ ਕੁਛ ਨਹੀਂ ਕਹਿਤਾ?"

ਕਹਿੰਦਾ, "ਕਭੀ ਛਾਤੀ ਪਰ ਆ ਜਾਤੇ ਹੈਂ, ਕਭੀ ਮੇਰੇ ਸਾਥ ਪੜ ਜਾਤੇ ਹੈਂ।"

ਮੈਂ ਕਿਹਾ, "ਜਦੋਂ ਸਵੇਰੇ ਉਠਦੇ ਹੋ ਫੇਰ ਕੀ ਹੁੰਦਾ ਹੈ?"

ਕਹਿੰਦਾ, "ਮੈਂ ਆਵਾਜ਼ ਦੇਤਾ ਹੂੰ। ਭਗਵਨ! ਅਬ ਮੈਨੇ ਆਪ ਕਾ ਭਜਨ ਕਰਨਾ ਹੈ। ਆਪ ਥੋੜਾ ਮੁਝੇ ਉਠਨੇ ਦੋ। ਵਹ ਬੋਲ ਸੁਨ ਕਰ ਏਕ ਤਰਫ ਹੋ ਜਾਤਾ ਹੈ ਮੈਂ ਧੀਰੇ-ਧੀਰੇ ਦੇਖਤਾ ਹੂੰ ਕਿ ਕਹੀਂ ਪੈਰ ਕੇ ਨੀਚੇ ਨਾ ਆ ਜਾਏਂ।"

ਮੈਂ ਹੈਰਾਨ ਰਹਿ ਗਿਆ ਉਸ ਦੀ ਬਿਰਤੀ ਦੇਖ ਕੇ ਕਿ ਐਵੇਂ ਹੀ ਝੋਪੜੀ ਵਿਚ ਰਹਿੰਦਾ ਹੈ, ਮਹਾਤਮਾ ਸਿਰੇ ਦਾ ਹੈ ਇਹ ਪਹੁੰਚਿਆ ਹੋਇਆ। ਜਿੰਨੀ ਦੇਰ ਤੱਕ ਇਹ ਬਿਰਤੀ ਨਹੀਂ ਆਉਂਦੀ, ਗੱਲਾਂ ਦਾ ਤਾਂ ਹਰੇਕ ਗਿਆਨੀ ਹੈ -

***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥***

***ਪੰਨਾ - 433***

ਗੱਲਾਂ ਦੇ ਤਾਂ ਅਸੀਂ ਬ੍ਰਹਮ ਗਿਆਨੀ ਹਾਂ ਪਰ ਇਹ ਅਵਸਥਾ ਨਹੀਂ ਆਈ ਅਜੇ ਜਿੱਥੇ ਇਹ ਕਹਿ ਦੇਈਏ ਕਿ -

***ਮੈ ਨਾਹੀ ਪ੍ਰਭ ਸਭ ਕਿਛੁ ਤੇਰਾ॥***
***ਪੰਨਾ - 827***

ਇਹ ਅਵਸਥਾ ਨਹੀਂ ਆਉਂਦੀ ਜਦੋਂ ਤੱਕ ਇਸ ਦਾ ਭੇਦ ਨਹੀਂ ਆਉਂਦਾ, ਮੈਂ ਕਰੀ ਹੈ ਇਹ ਉਚੀ ਗੱਲ। ਸੋ ਆਪ ਆਏ ਹੋ ਸਾਰੇ ਸਾਵਣ ਦੀ ਸੰਗਰਾਂਦ ਮਨਾਉਣ ਵਾਸਤੇ। ਜੇ ਅਸੀਂ ਹੇਠਾਂ ਤੋ ਲੱਗੀਏ ਤਾਂ ਗੱਲ ਬਣਦੀ ਹੈ, ਉਤੋਂ ਗਿਆਨ ਕਿੰਨਾ ਹੀ ਕਰ ਲਓ ਕਿਉਂਕਿ ਗਿਆਨ ਨਹੀਂ ਹੁੰਦਾ। ਉਪਾਸ਼ਨਾ ਤੋਂ ਬਗੈਰ। ਉਪਾਸ਼ਨਾ ਦੇ ਬੇਅੰਤ ਭੇਦ ਨੇ। ਇਕ ਅੰਤਰੰਗ ਹੈ, ਇੱਕ ਬਹਿਰੰਗ ਹੈ। ਅੰਤਰੰਗ ਵਿਚ ਵੀ ਬੇਅੰਤ ਭੇਦ ਨੇ। ਸੰਤਾਂ ਬਿਨਾਂ ਨਹੀਂ ਪਤਾ ਲਗਦਾ ਰੁਲਿਆ ਫਿਰਦਾ ਹੈ ਆਦਮੀ, ਜਿਹੜੇ ਉਪਾਸਨਾ, ਇਕਾਗਰਤਾ, ਸਮਾਧੀ, ਸਹਿਜ ਸਮਾਧ ਵਿਚੋਂ ਹੋ ਕੇ ਲੰਘੇ ਹੋਏ ਨੇ ਉਨ੍ਹਾਂ ਨੂੰ ਪਤਾ ਹੈ ਉਹ ਦਸਦੇ ਨੇ ਹੌਲੀ-ਹੌਲੀ teachers (ਅਧਿਆਪਕਾਂ) ਵਾਂਗ ਕਿ ਹੁਣ ਤੂੰ ਇਉਂ ਚੱਲ, ਹੁਣ ਇਉਂ ਚੱਲ। ਉਪਾਸ਼ਨਾ ਕਦੇ ਨਹੀਂ ਆਏਗੀ ਕਰਮ ਬਿਨਾ। ਕਰਮ ਦੀ ਸੋਝੀ ਨਹੀਂ ਆਉਣੀ ਨਾਮ ਬਿਨਾ, ਨਾਮ ਨਹੀਂ ਮਿਲਣਾ ਗੁਰੂ ਬਿਨਾ। ਗੁਰੂ ਤੋਂ ਗੱਲ ਚਲਦੀ ਹੈ ਤੇ ਗੁਰੂ ਤੇ ਹੀ ਜਾ ਕੇ ਖਤਮ ਹੁੰਦੀ ਹੈ।

ਸੋ ਇਸ ਕਰਕੇ ਜੇ ਗਿਆਨ ਤੱਕ ਪਹੁੰਚਣਾ ਹੈ ਤਾਂ ਹੇਠਾਂ ਤੋਂ ਚਲਣਾ ਪੈਣਾ ਹੈ। ਗੁਰੂ ਧਾਰਨ ਕਰਨਾ ਪੈਣਾ ਹੈ। ਗੁਰੂ ਕੋਲ ਹੈ ਨਾਮ -

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥***

***ਪੰਨਾ - 649***

ਗੁਰੂ ਤੋਂ ਸਾਨੂੰ ਮੰਤਰ ਮਿਲਦਾ ਹੈ। ਮੰਤਰ ਦੀ ਫੇਰ ਅਸੀਂ ਕਮਾਈ ਕਰਦੇ ਹਾਂ। ਇਹ ਕਮਾਈ ਕਰਨੀ ਸਭ ਤੋਂ ਔਖੀ ਹੈ।

ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਮਾਤਾ ਜੀ ਨੇ ਕਿਹਾ, "ਪੁੱਤਰ! ਬਾਹਰੋਂ ਆਇਆ ਹੈਂ ਕੋਈ ਗੱਲਾਂ-ਬਾਤਾਂ ਤਾਂ ਸੁਣਾ।"

ਮਹਾਰਾਜ ਜੀ ਕਹਿੰਦੇ, "ਵਿਹਲ ਨਹੀਂ ਹੈ ਮਾਤਾ!"

ਕਹਿੰਦੀ, "ਕਿਉਂ?"

ਕਹਿੰਦੇ, "ਅਸੀਂ ਨਾਮ ਵਿਚ ਰਹਿੰਦੇ ਹਾਂ, ਪ੍ਰਮੇਸ਼ਰ ਵਿਚ ਰਹਿੰਦੇ ਹਾਂ। ਕੀ ਗੱਲਾਂ ਕਰਨੀਆਂ ਨੇ?"

ਕਹਿੰਦੀ, "ਜੇ ਗੱਲਾਂ ਕਰ ਲਓਗੇ ਤਾਂ ਕੀ ਹੋ ਜਾਏਗਾ?"

ਕਹਿੰਦੇ, "ਇਹ ਨਾਮ ਜੀਵਨ ਹੈ ਸਾਡਾ -

***ਆਖਾ ਜੀਵਾ ਵਿਸਰੈ ਮਰਿ ਜਾਉ॥*** ***ਪੰਨਾ - 9***

*ਧਾਰਨਾ - ਆਖਾ ਜੀਵਾਂ ਵਿਸਰੇ ਮਰ ਜਾਵਾਂ -2, 2.*
*ਆਖਾ ਜੀਵਾਂ ਵਿਸਰੇ ਮਰ ਜਾਵਾਂ -2, 2.*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

*ਆਖਾ ਜੀਵਾ ਵਿਸਰੈ ਮਰਿ ਜਾਉ॥* *ਪੰਨਾ - 9*

ਕਹਿਣ ਲੱਗੇ, "ਮਾਤਾ! ਨਾਮ ਪ੍ਰਭੂ ਦਾ ਐਸਾ ਹੈ ਕਿ ਉਹ ਜੀਵਨ ਹੈ। ਜਿਸ ਦੇ ਵਿਚ ਨਾਮ ਦੀ ਕਣੀ ਨਹੀਂ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਉਹ ਤਾਂ ਮਰਿਆ ਹੋਇਆ ਹੈ। ਜੀਵਨ ਹੀ ਨਾਮ ਹੈ ਮਾਤਾ। ਕਬੀਰ ਸਾਹਿਬ ਦੀ ਮਾਤਾ ਗੱਲਾਂ ਕਰਦੀ ਹੈ ਦਰਾਣੀਆਂ-ਜੇਠਾਣੀਆਂ ਨਾਲ ਕਿ ਆਹ ਦੇਖੋ ਕਬੀਰੇ ਨੇ ਕੀ ਕੰਮ ਫੜਿਆ ਹੈ ਸਾਰਾ ਕੰਮ ਬੁਣਨਾ-ਤਣਨਾ ਤਿਆਗ ਕੇ ਰੱਬ ਨਾਲ ਪ੍ਰੀਤ ਪਾ ਲਈ। ਇਹ ਕੀ ਕਮਾਏਗਾ? ਬੱਚੇ ਨੇ, ਘਰਵਾਲੀ ਹੈ। ਇਸ ਨੂੰ ਪੁੱਛੋਂ ਤਾਂ ਸਹੀ।

ਉਹ ਕਹਿਣ ਲੱਗੀਆਂ, "ਕਬੀਰ! ਆਹ ਗੱਲ ਤਾਂ ਮਾਂ ਦੀ ਠੀਕ ਹੈ, ਬੱਚੇ ਪਾਲਣੇ ਨੇ ਤੇ ਤੂੰ ਰਾਮ-ਰਾਮ ਕਹੀ ਜਾਂਦਾ ਹੈ।"

ਉਹ ਕਹਿੰਦਾ, "ਮਾਤਾਓ! ਰਾਮ ਮੇਰਾ ਜੀਵਨ ਬਣ ਚੁਕਿਆ ਹੈ। ਮੈਂ ਰਾਮ ਨੂੰ ਭੁੱਲਣਾ ਨਹੀਂ ਚਾਹੁੰਦਾ ਇੱਕ ਮਿੰਟ ਵੀ।"

ਕਹਿੰਦੇ, "ਕਿੰਨਾ-ਕੁ ਚਿਰ?"

ਕਹਿੰਦਾ, "ਜਬ ਲਗੁ ਤਾਗਾ ਬਾਹਉ ਬੇਹੀ॥

*ਤਬ ਲਗੁ ਬਿਸਰੈ ਰਾਮੁ ਸਨੇਹੀ॥* *ਪੰਨਾ - 524*

ਉਹ ਤਾਂ ਮੇਰਾ ਜੀਵਨ ਹੈ। ਜੇ ਮੈਂ ਮੂੰਹ ਵਿਚ ਹਵਾ ਖਿੱਚ ਕੇ ਨਾਲੀ ਵਿਚੋਂ ਧਾਗਾ ਪਾ ਕੇ ਫੂਕ ਨਾਲ ਖਿੱਚਦਾ ਹਾਂ, ਸੂਟਾ ਮਾਰ ਕੇ ਤਾਂ ਉਸ ਵਕਤ ਤਾਂ ਮੈਥੋਂ ਰਾਮ ਕਹਿ ਨਹੀਂ ਹੋਣਾ।"

ਹੁਣ ਦੇਖੋ ਇੱਥੇ ਉਨ੍ਹਾਂ ਦਾ ਤੇ ਸਾਡਾ ਕਿੰਨਾ ਫਰਕ ਹੈ। ਅਸੀਂ ਸਾਰਾ ਦਿਨ ਭੁੱਲੇ ਹੀ ਰਹਿੰਦੇ ਹਾਂ। ਉਹ ਕਹਿੰਦੇ ਜੇ ਮੈਂ ਅੰਦਰ ਨੂੰ ਸੂਟਾ ਵੀ ਮਾਰਦਾ ਹਾਂ ਤਾਂ ਵੀ ਮੈਨੂੰ ਰਾਮ ਭੁੱਲ ਜਾਂਦਾ ਹੈ। ਫਰਕ ਹੋਇਆ ਨਾ ਬਹੁਤ

ਜ਼ਿਆਦਾ ਤਾਂ ਹੀ ਸੰਤ ਉਨ੍ਹਾਂ ਨੂੰ ਕਹਿੰਦੇ ਨੇ-

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਪੰਨਾ - 319***

ਸੰਤ ਦੀ ਪਦਵੀ ਰੱਬ ਵਰਗੀ ਹੁੰਦੀ ਹੈ। ਐਵੇਂ ਸੰਤ-ਸੰਤ ਬਹੁਤ ਰੌਲਾ ਪੈਂਦਾ ਹੈ। ਇੱਥੇ ਆ ਕੇ ਤਾਂ ਹੀ ਥੋੜ੍ਹਾਂ ਹੀ ਪਤਾ ਲਗਦਾ ਹੈ, ਬਾਹਰ ਪਤਾ ਲਗਦਾ ਹੈ ਅਮਰੀਕਾ, ਕਨੇਡਾ, ਇੰਗਲੈਂਡ ਕਿ ਫਲਾਣਾ ਸੰਤ ਆਇਆ ਹੋਇਆ ਹੈ, ਫਲਾਣਾ ਆਇਆ ਹੋਇਆ ਹੈ। ਟੈਲੀਫੋਨ ਕਰੀਂ ਜਾਂਦੇ ਨੇ- ਭਾਈ! ਮੈਂ ਤੁਹਾਡੇ ਇਲਾਕੇ ਦਾ ਹਾਂ, ਮੈਨੂੰ address (ਪਤਾ) ਦਿਓ ਮੈਂ ਕੈਂ (ਕਿੰਨੇ) ਵਜੇ ਆਵਾਂ। ਆਪੇ ਹੀ ਜਾਂਦੇ ਨੇ ਬਿਨ ਬੁਲਾਈਂ-

***ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ॥***

***ਭਾਈ ਗੁਰਦਾਸ ਜੀ ਵਾਰ 1/30***

ਆਹ ਹੋਇਆ ਹੈ ਕਿ ਡਾਲਰ ਕੁਝ ਮੱਥਾ ਟੇਕੇਗਾ ਹੀ। ਚਲੋ ਚਲੀਏ ਜੇ ਬਹੁਤਾ ਨਹੀਂ ਤਾਂ ਦਸ-ਕੁ ਡਾਲਰ ਤਾਂ ਟੇਕੇਗਾ ਹੀ ਦਸ ਦਾ ਹੀ ਇੱਥੇ ਚਾਰ ਸੌ ਬਣ ਜਾਣਾ ਹੈ। ਆਹ ਹਾਲ ਅਸੀਂ ਫੜ ਲਿਆ ਹੈ। ਬਾਜਿਆਂ ਤੇ ਅੱਡ ਰੁਪਈਏ, ਸਰੋਪੇ ਅੱਡ, ਘਰਾਂ ਵਿਚ ਜਾ ਕੇ ਅੱਡ। ਕੀ ਕਰਨੇ ਨੇ ਪੈਸੇ? ਗੁਰਦੁਆਰਾ ਇਹ ਬਣਿਆ ਹੋਇਆ ਤਾਂ ਸਫਲ ਹੈ ਜੇ ਇਸ ਦੇ ਵਿਚ ਨਾਮ ਜੱਪਣ ਵਾਲੇ ਆਉਣ। ਜੇ ਡੰਡੇ ਖੜਕਾਉਣ ਵਾਲੇ ਆ ਗਏ ਸਾਡੇ ਪਿੱਛੋਂ ਫੇਰ ਦੱਸੋ ਐਨਾ ਧਨ ਲਾਇਆ। ਮੈਂ ਤਾਂ ਲਾਉਂਦਾ ਨਹੀਂ ਸੀ ਹੁੰਦਾ। ਮੈਂ ਕਹਿੰਦਾ ਸੀ ਇਸ ਨਾਲੋਂ ਤਾਂ ਸਕੂਲ ਖੋਲ੍ਹ ਲਓ, ਬੱਚੇ ਪੜ੍ਹਨਗੇ, ਹਸਪਤਾਲ ਖੋਲ੍ਹ ਲਓ ਬਿਮਾਰਾਂ ਦਾ ਇਲਾਜ ਹੋਏਗਾ। ਇਸ ਗੁਰਦਵਾਰੇ ਦੇ ਵਿਚ ਹਉਮੈ ਵਾਲੇ ਬੰਦਿਆਂ ਦਾ ਇਲਾਜ ਹੋਣਾ ਹੈ ਪਰ ਆਪਸ ਵਿਚ ਹਉਮੈ ਇੱਥੇ ਆ ਕੇ ਹੀ ਬਹੁਤੀ ਚੁਭਦੀ ਹੈ, ਵਧਦੀ ਹੈ; ਉਸ ਦਾ ਸਾਫਾ ਓਹ ਲਾਹੁੰਦਾ ਹੈ, ਉਸ ਦਾ ਸਾਫਾ ਓਹ ਲਾਹੁੰਦਾ ਹੈ। ਕਦੇ ਦੇਖਿਆ ਹੈ ਗੁਰਦੁਆਰਿਆਂ ਵਿਚ ਗੋਲੀਆਂ ਚਲਦੀਆਂ ਨੇ। ਇਹ ਤਾਂ ਸਫਲ ਹੈ ਜੇ ਇਥੇ ਬੰਦਗੀ ਕਰਨ ਵਾਲੇ ਆਉਣ, ਨਾਮ ਜਪਾਉਣ, ਕਲਾਸਾਂ ਲਾਉਣ ਨਾਮ ਜਪਾਉਣ ਦੀਆਂ, ਗੁਰਬਾਣੀ ਪੜ੍ਹਾਉਣ, ਸੱਚੀ ਤਰ੍ਹਾਂ ਨਾਲ ਉਨ੍ਹਾਂ ਨੂੰ ਸਾਰਿਆਂ ਦੇ ਸਾਂਝੇ ਬਣਾਉਣ ਫੇਰ ਠੀਕ ਹੈ।

ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਜੇ ਸਭ ਤੇ ਔਖਾ ਦੁਨੀਆਂ ਵਿਚ ਕੋਈ ਕੰਮ ਹੈ ਤਾਂ ਉਹ ਨਾਮ ਜਪਣਾ ਹੈ। ਇਨਸਾਨ ਸਾਰੇ ਕੰਮ ਕਰ ਲਏਗਾ-ਧਰਤੀ ਦੇ ਥੱਲੇ ਚਲਿਆ ਜਾਏਗਾ ਸੁਰੰਗਾਂ 'ਚ ਬੈਠੇ, ਖਾਨਾਂ ਵਿਚ ਬੈਠੇ ਕੋਲਾ ਪੁੱਟ ਰਹੇ ਨੇ। ਕਹਿੰਦੇ ਡੂੰਘੀ ਕਿੰਨੀ ਹੈ? ਕਹਿੰਦੇ ਦੋ ਮੀਲ ਹੈ ਜੀ। ਇੱਕ ਖਾਨ ਦੇ ਵਿਚ ਦਰਿਆ ਦਾ ਪਾਣੀ ਵੜ ਗਿਆ ਉਹ ਸਾਰੀ ਹੀ ਭਰ ਗਈ। ਖਤਰਾ ਕਿੰਨਾ ਜਬਰਦਸਤ ਹੈ। ਅਸਮਾਨਾਂ ਵਿਚ ਚਲੇ ਜਾਣਗੇ, ਸਮੁੰਦਰ ਦੀਆਂ ਤੈਹਾਂ ਵਿਚ ਚਲੇ ਜਾਣਗੇ, ਯੁੱਧ ਕਰ ਲੈਣਗੇ ਪਰ

ਕੀ ਮਜ਼ਾਲ ਹੈ ਕਿ ਕੋਈ ਬੈਠ ਕੇ ਵਾਹਿਗੁਰੂ ਦਾ ਨਾਮ ਜਪ ਲਏ, ਨਹੀਂ ਜਪ ਸਕਦਾ ਕਿਉਂਕਿ ਮਨ ਸਾਧਣਾ ਪੈਂਦਾ ਹੈ।

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***

***ਪੰਨਾ - 342***

ਪਹਿਲੀ ਤਾਂ ਗੱਲ ਹੈ ਕਿ ਇਹ ਨਹੀਂ ਜਪ ਸਕਦਾ ਜਿੰਨਾ ਚਿਰ ਗੁਰਮੁਖ ਦੀ ਸੰਗਤ ਨਹੀਂ ਕਰਦਾ, ਜਿਸ ਨੂੰ ਸੰਤ ਕਹਿੰਦੇ ਨੇ - ਸੰਤ ਹੈ ਨਹੀਂ; ਹੁਣ ਝਗੜਾ ਤਾਂ ਇੱਥੇ ਹੀ ਹੈ ਕਿ ਹੁਣ ਕਰੀਏ ਕੀ? ਕੋਈ ਸੰਤ ਪਦਵੀ ਦਾ ਮਿਲੇ ਤਾਂ ਨਾਮ ਜਪਾਵੇ। ਉਸ ਤੋਂ ਬਿਨਾਂ ਜਪ ਨਹੀਂ ਹੁੰਦਾ, ਲਗਨ ਲਗਦੀ ਹੀ ਨਹੀਂ। ਜੇ ਲਗਨ ਲਗਦੀ ਹੈ ਤਾਂ ਬਾਬਾ ਜੀ! ਸਾਡਾ ਮੁੰਡਾ ਪਾਸ ਨਹੀਂ ਹੋਇਆ, ਸਾਡੀ ਲੜਕੀ ਦਾ ਵਿਆਹ ਨਹੀਂ ਹੋਇਆ, ਉਹ ਤਲਾਕ ਦਿੰਦਾ ਹੈ, ਸਾਡਾ ਕਾਰੋਬਾਰ ਖੜ੍ਹ ਗਿਆ। ਇੱਕ ਆਇਆ ਕਹਿੰਦਾ, "ਮੇਰੀ ਮੱਝ ਦੇ ਥਣ ਬੰਦ ਹੋ ਗਏ।"

ਮੈਂ ਕਿਹਾ, "ਮੈਂ ਡੰਗਰਾਂ ਦਾ ਡਾਕਟਰ ਹਾਂ? ਕਿ ਮੈਂ ਜਾ ਕੇ ਖੋਲ੍ਹ ਦਿਆਂ।"

ਕਹਿੰਦਾ, "ਤੁਸੀਂ ਆਪਣੀ ਸ਼ਕਤੀ ਨਾਲ ਖੋਲ੍ਹ ਦਿਓ।"

ਮੈਂ ਢੰਗ ਦੱਸ ਦਿਤਾ ਕਿ ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਕੇ ਅਰਦਾਸ ਕਰਾ ਲੈ। ਇਹ ਮੇਰੇ ਅੰਦਰ ਨਿਸ਼ਚਾ ਹੈ ਕਿ ਜਿੱਥੇ ਪੰਜ ਸਿੰਘ ਹੋਣਗੇ ਉਥੇ ਗੁਰੂ ਸਾਹਿਬ ਦਾ ਬਚਨ ਹੈ ਕਿ ਪੰਜਾਂ ਦੇ ਵਿਚ ਮੈਂ ਹੋਵਾਂਗਾ। ਹੁਣ ਮਹਾਰਾਜ ਜੀ ਏਸ ਬਚਨ ਨਾਲ ਬੰਨ੍ਹੇ ਹੋਏ ਨੇ। ਚਾਹੇ ਕਿਸੇ ਨੇ ਸੱਚ ਲਿਖ ਦਿੱਤਾ ਚਾਹੇ ਕਿਸੇ ਨੇ ਕਿਵੇਂ ਵੀ ਲਿਖ ਦਿੱਤਾ। ਮਹਾਰਾਜ ਜੀ ਨੇ ਆਪ ਵੀ ਲਿਖਿਆ ਹੈ -

***ਪੰਥ ਖਾਲਸਾ ਖੇਤੀ ਮੇਰੀ॥ ਕਰਉ ਸੰਭਾਲ ਮੈ ਤਿਸ ਕੇਰੀ॥***

ਮੈਂ ਕਿਹਾ, "ਤੂੰ ਪੰਜ ਸਿੰਘਾਂ ਨੂੰ ਪ੍ਰਸ਼ਾਦੇ ਤੇ ਬੁਲਾ ਲੈ। ਤਰੀਕਾ ਤੈਨੂੰ ਮੈਂ ਦੱਸ ਦਿੰਦਾ ਹਾਂ ਹਰ ਚੀਜ਼ ਦੀ ਜੁਗਤ ਹੁੰਦੀ ਹੈ। ਜਦੋਂ ਉਹ ਆਉਣਗੇ ਉਨ੍ਹਾਂ ਦੇ ਚਰਨ ਧੋਈਂ। ਤੂੰ ਐਂ ਨਾ ਸਮਝੀ ਕਿ ਫਲਾਣਾ ਸਿੰਘ ਆ ਗਿਆ, ਫਲਾਣਾ ਸਿੰਘ ਆ ਗਿਆ ਸਾਰਿਆਂ ਬਾਰੇ ਐਂ ਸੋਚਣਾ ਹੈ ਕਿ ਗੁਰੂ ਦਸਮੇਂ ਪਾਤਿਸ਼ਾਹ ਆ ਰਹੇ ਨੇ। ਇਸ ਤੋਂ ਘੱਟ ਜੇ ਤੇਰਾ ਨਿਸਚਾ ਹੋਇਆ ਤਾਂ ਮੱਝ ਦੇ ਥਣ ਨਹੀਂ ਖੁੱਲ੍ਹਣੇ।"

ਮੈਨੂੰ ਉਸ ਦਾ ਟੈਲੀਫੋਨ ਆਇਆ ਕਿ ਸਿੰਘ ਤਾਂ ਆ ਗਏ ਪਰ ਪੈਰ ਨਹੀਂ ਧੁਆਉਂਦੇ। ਮੈ ਕਿਹਾ ਇਹ ਵੀ ਸਮਸਿਆ ਹੈ। ਮੈਂ ਕਿਹਾ ਤੂੰ ਐਉਂ ਕਹਿ ਕਿ ਮੈਂ ਤੁਹਾਡੇ ਚਰਨ ਨਹੀਂ ਧੋਂਦਾ ਪਰ ਤੁਸੀਂ ਮੇਰੀ ਬੇਨਤੀ ਮੰਨ ਕੇ ਆਹ ਟੱਬ ਹੈ, ਬੱਠਲ ਪਿਆ ਹੈ ਇਸ ਦੇ ਵਿਚ ਦੀ ਲੰਘ ਆਓ। ਤੁਸੀਂ ਆਪੇ ਹੀ ਧੋ ਲਓ ਪੈਰ ਮਲ ਕੇ ਮੇਰਾ ਹੱਥ ਨਾ ਲੱਗਣ ਦਿਓ। ਉਸੇ ਤਰ੍ਹਾਂ ਕਰ ਲਿਆ। ਫੇਰ ਮੈਂ ਕਿਹਾ ਕਿ ਜਿਹੜਾ ਜਲ ਹੋਏਗਾ ਹੱਥ ਧੋਣ ਦਾ ਉਹ

ਵੀ ਨਾ ਡੋਲ੍ਹੀ ਉਹ ਵੀ ਵਿਚ ਹੀ ਪਾ ਲਈ। ਬਾਅਦ ਵਿਚ ਜਦੋਂ ਚੁਲ੍ਹਾ ਪੜ੍ਹਨਗੇ ਉਹ ਵੀ ਨਾ ਡੋਲ੍ਹੀਂ ਉਹ ਵੀ ਵਿਚ ਪਾ ਲਈ। ਮੈਂ ਕਿਹਾ ਕਿ ਕਿੰਨੀਆਂ ਮੱਝਾਂ ਨੇ। ਉਹ ਕਹਿੰਦਾ ਜੀ ਸੱਤ-ਅੱਠ ਮੱਝਾਂ ਨੇ, ਹੁਣ ਭੀ ਵਿੱਚ ਹੀ ਇੱਥੇ ਬੈਠੇ ਹੋਣਗੇ ਸੰਗਤ ਵਿਚ ਉਹ ਸਿੰਘ।

ਕਹਿੰਦਾ, "ਕੱਲ੍ਹ ਦੁੱਧ ਦੀਆਂ ਬਾਲਟੀਆਂ ਭਰ ਦਿਤੀਆਂ, ਅੱਜ ਇਕ ਕਤਰਾ ਨਹੀਂ ਨਿਕਲ ਰਿਹਾ, ਥਣ ਹੀ ਬੰਦ ਹੋਏ ਪਏ ਨੇ।

ਮੈਂ ਕਿਹਾ, "ਨਜ਼ਰ-ਨੁਜ਼ਰ ਲੱਗ ਗਈ?"

ਕਹਿੰਦਾ, "ਹਾਂ ਜੀ! ਸਾਰੇ ਲੋਕ ਇਕੱਠੇ ਹੋਏ ਹੋਏ ਸੀ।"

ਮੈਂ ਕਿਹਾ, "ਲੈ ਤੇਰੀ ਨਜ਼ਰ ਤੋੜ ਦੇਣਗੇ ਸਿੰਘ ਤੇ ਉਨ੍ਹਾਂ ਤੋਂ ਚੂਲ੍ਹੇ ਵਿਚ ਕਹਾ ਲਈ ਕਿ ਮਹਾਰਾਜ! ਇਨ੍ਹਾਂ ਦੀਆਂ ਮੱਝਾਂ ਖ਼ੂਬ ਦੁੱਧ ਦੇਣ।"

ਉਸ ਨੇ ਉਹ ਕਹਾ ਲਿਆ ਤੇ ਫੇਰ ਫੋਨ ਕਰਿਆ। ਕਹਿੰਦਾ, ਜੀ ਸਾਰੀਆਂ ਮੱਝਾਂ ਨੇ ਹੀ ਉਵੇਂ ਹੀ ਦੁੱਧ ਦੇ ਦਿੱਤਾ। ਹੁਣ ਦੇਖੋ ਕੰਮ ਤਾਂ ਅਸੀਂ ਚਲਾਉਂਨੇ ਹੀ ਨੇ, ਇਹ ਵੀ ਚਲਦੇ ਰਹਿਣ ਪਰ ਇਹ ਵੀ ਸਮਝੋ ਕਿ ਕੰਮ ਕਿਉਂ ਚੱਲਿਆ? ਮੈਂ ਸ਼ਰਧਾ ਕਰੀ ਤੇ ਗੁਰੂ ਦਸਵੇਂ ਪਾਤਿਸ਼ਾਹ ਆ ਗਏ। ਸ਼ਰਧਾ ਦੇ ਨਾਲ ਮੈਂ ਮੰਨਿਆ। ਜੇ ਭਲਾ ਉਨ੍ਹਾਂ ਦਾ ਧਿਆਨ ਧਰ ਕੇ ਨਾਮ ਜਪਿਆ ਜਾਏ ਤਾਂ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਵੇ, ਕੋਈ ਦੁੱਖ ਆਵੇ ਹੀ ਨਾ। ਸੋ ਸਾਧ ਸੰਗਤ ਜੀ! ਮਨ ਦਾ ਹੀ ਸਾਰਾ ਕੰਮ ਹੈ।

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***
***ਪੰਨਾ - 342***

ਮਨ ਨੂੰ ਸਾਧ ਲੈ ਜੇ ਮਨ ਸਾਧ ਲਿਆ ਤਾਂ ਬਾਲ-ਬੱਚਿਆਂ ਵਿਚ ਰਹਿ। ਫੇਰ ਤਾਂ ਜੀ ਮੈਨੂੰ ਮੋਹ-ਮਾਇਆ ਪੈ ਗਈ। ਮਹਾਰਾਜ ਜੀ ਕਹਿੰਦੇ ਤੈਨੂੰ ਜੁਗਤ ਦੱਸ ਦਿੰਦੇ ਹਾਂ, ਮੋਹ-ਮਾਇਆ ਨਹੀਂ ਪੈਂਦੀ -

***ਧੀਆ ਪੂਤ ਸਭ ਹਰਿ ਕੇ ਕੀਏ॥***

ਇਹ ਵਾਹਿਗੁਰੂ ਨੇ ਤੈਨੂੰ ਅਮਾਨਤ ਦਿੱਤੀ ਹੈ ਪਾਲਣ ਵਾਸਤੇ। ਇਨ੍ਹਾਂ ਦੇ ਪਿਆਰ ਵਿਚ ਨਾ ਫਸੀ, ਇਨ੍ਹਾਂ ਨੂੰ training (ਸਿਖਲਾਈ) ਦੇ, ਚੰਗੇ ਬੱਚੇ ਬਣਾ। ਤੂੰ ਸੇਵਾ ਕਰ ਪਰਵਾਰ ਦੀ ਬ੍ਰਹਮ ਰੂਪ ਸਮਝ ਕੇ, ਫੇਰ ਨਹੀਂ ਤੂੰ ਫਸਦਾ। ਕੰਮ ਤਾਂ ਕਰਨਾ ਹੈ-

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***
***ਪੰਨਾ - 522***

ਕਹਿੰਦੇ ਜੁਗਤੀ ਹੁੰਦੀ ਹੈ ਗੁਰੂ ਕੋਲ, ਕਾਰੋਬਾਰ ਕਰਦਾ ਹੋਇਆ ਫੇਰ

ਲੰਘ ਜਾਂਦਾ ਹੈ ਪਰ ਸੰਤ ਦੀ ਸੰਗਤ ਬਿਨਾ ਨਹੀਂ ਲੰਘਦਾ। ਅਰਦਾਸ ਹੁੰਦੀ ਹੈ ਸੰਤ ਨਹੀਂ ਮਿਲਦਾ ਜਿੰਨਾ ਚਿਰ ਭਾਗ ਨਹੀਂ ਜਾਗਦੇ। ਆਹ ਸ਼ਬਦ ਪੜ੍ਹਿਆ ਸੀ ਮੈਥੋਂ ਪਹਿਲਾ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***

***ਪੰਨਾ - 204***

ਉਹ ਤਾਂ ਵਿਰਲੇ ਨੇ। ਹੁਣ ਮੈਂ ਤੁਹਾਨੂੰ ਤਰੀਕਾ ਦਸਦਾ ਹਾਂ ਕਿ ਚਲੋ ਸੰਤ ਤਾਂ ਨਹੀਂ ਮਿਲਦਾ, ਤੁਸੀਂ ਗੁਰੂ ਗ੍ਰੰਥ ਸਾਹਿਬ ਤੇ ਨਿਸਚਾ ਲਿਆਓ। ਇਸ ਨੂੰ ਪ੍ਰਤੱਖ ਰੂਪ ਵਿਚ ਸਮਝੋ ਕਿ ਇਹ ਗੁਰੂ ਨਾਨਕ ਸਾਹਿਬ ਨੇ। ਜੇ ਅਸੀਂ ਗੁਰੂ ਨਾਨਕ ਸਾਹਿਬ ਤੱਕ ਵੀ ਪਹੁੰਚ ਜਾਈਏ ਤਾਂ ਬਹੁਤ ਹੀ ਵਧੀਆ ਹੈ। ਉਹ ਮੈਂ ਬਚਨ ਕਰਦਾ ਸੀ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***

***ਪੰਨਾ - 517***

ਫੇਰ ਉਹ ਜਾਂਦਾ ਕਿਥੇ ਹੈ-

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ - 517***

ਜਿਸ ਦਾ ਪਿਆਰ ਗੁਰੂ ਨਾਲ ਲੱਗ ਗਿਆ ਉਸ ਨੂੰ ਦਰਗਾਹ ਵਿਚ ਥਾਂ ਮਿਲ ਜਾਂਦਾ ਹੈ। ਐਂ ਨਹੀਂ ਮਿਲਦਾ। ਸਾਰੀ ਉਮਰ ਝੂਠੀਆਂ ਗਵਾਹੀਆਂ ਦਿੱਤੀਆਂ ਤੇ ਭਾਈ ਨੇ ਕਰ ਦਿੱਤੀ ਅਰਦਾਸ ਕਿ ਮਹਾਰਾਜ ਆਪਣੀ ਦਰਗਾਹ ਵਿਚ ਥਾਂ ਦੇ ਦੇ। ਅਸੀਂ ਤਾਂ ਸਿੰਘਾਂ ਨੂੰ ਕਿਹਾ ਹੈ ਕਿ ਆਹ ਅਰਦਾਸ ਨਹੀਂ ਕਰਨੀ। ਐਉਂ ਕਰਨੀ ਹੈ ਕਿ ਸੱਚੇ ਪਾਤਸ਼ਾਹ! ਤੂੰ ਕਿਰਪਾ ਕਰ ਐਤਕੀਂ ਤਾਂ ਇਹ ਭੁੱਲ ਗਿਆ ਜੇ ਇਸ ਦੇ ਵਿਚ ਕਸਰ ਹੈ ਤਾਂ ਇਸ ਨੂੰ ਮਨੁੱਖ ਜਾਮਾ ਦੇ ਦੇ। ਆਹ ਤਾਂ ਅਸੀਂ ਕਰ ਸਕਦੇ ਹਾਂ। ਅਸੀਂ ਕਿਵੇਂ ਉਤੋਂ ਦੀ ਲੰਘ ਜਾਵਾਂਗੇ ਉਸ ਦਾ ਹੁਕਮ ਡਾਹਢਾ ਹੈ ਕਿ ਜਿਨ੍ਹਾਂ ਦੇ ਵਿਚੋਂ ਮੈਂ ਮਰ ਗਈ ਓਹੀ ਮੇਰੀ ਦਰਗਾਹ ਵਿਚ ਆਉਂਦੇ ਨੇ। ਅਸੀਂ ਕਿਵੇਂ ਹਰ ਕਿਸੇ ਨੂੰ ਦਰਗਾਹ ਵਿਚ ਵਾੜ ਦੇਈਏ।

ਇਕ ਵਾਰੀ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਪਾਸ ਇਕ ਪ੍ਰੇਮੀ ਫੁੱਲ ਲੈ ਗਿਆ ਕਿਸੇ ਦੇ। ਉਹ ਸਿੰਘ ਐਸਾ ਕਰਦੇ ਸੀ ਕਿ ਜਿਹੜੇ ਉਨ੍ਹਾਂ ਦੇ ਪ੍ਰੇਮੀ ਸੀ। ਜੇ ਕੋਈ ਚੜ੍ਹਾਈ ਕਰ ਜਾਂਦਾ ਸੀ ਤਾਂ ਫੁੱਲ ਪਾਉਣ ਤੋਂ ਪਹਿਲਾਂ ਬਾਬਾ ਜੀ ਕੋਲ ਲੈ ਜਾਂਦਾ ਸੀ। ਉਹ ਸ਼ਕਤੀਸ਼ਾਲ ਮਹਾਂਪੁਰਸ਼ ਜੀ ਸਨ। ਉਹ ਫੱਲ ਲੈ ਕੇ ਅਰਦਾਸ ਕਰਦੇ ਸਨ ਕਿ ਸੱਚੇ ਪਾਤਸ਼ਾਹ! ਤੇਰੀ ਸਿੱਖੀ ਵਿਚ ਰਿਹਾ ਹੈ ਤੁਸੀਂ ਇਸ ਤੇ ਮਿਹਰ ਕਰੋ। ਇਕ ਪ੍ਰੇਮੀ ਆਪਣੇ ਭਾਈ ਦੇ ਫੁੱਲ ਲੈ ਗਿਆ ਜਿਹੜਾ ਸ਼ਰਾਬੀ-ਕਬਾਬੀ ਚਾਰੇ ਐਬ ਸ਼ਰਈ ਸੀ।

ਆ ਕੇ ਕਹਿੰਦਾ, "ਬਾਬਾ ਜੀ! ਇਹ ਤੁਹਾਡਾ ਸਿੱਖ ਸੀ, ਆਉਂਦਾ ਸੀ ਸੰਗਤ ਵਿਚ।"

ਬਾਬਾ ਜੀ ਨੇ ਫੁੱਲ ਫੜੇ, ਜਦੋਂ ਅੰਤਰ-ਧਿਆਨ ਹੋਏ ਤਾਂ ਔਹ ਮਾਰੇ ਵਗਾਹ ਕੇ। ਕਹਿੰਦੇ, "ਓ ਦੁਸ਼ਟਾ!" ਮੈਨੂੰ ਵੀ ਝਾੜ ਪੁਆ ਦਿਤੀ ਦਰਗਾਹ ਵਿਚੋਂ ? ਸੱਚ ਦੱਸ ਕੌਣ ਹੈ ?"

ਕਹਿੰਦਾ, "ਜੀ! ਮੇਰੇ ਭਾਈ ਦੇ ਸੀ।"

ਕਹਿੰਦੇ, "ਕਿਹੜੇ ਦੇ ? ਜਿਹੜਾ ਸ਼ਰਾਬੀ ਸੀ ?"

ਕਹਿੰਦਾ, "ਹਾਂ ਜੀ! ਮੈਂ ਤਾਂ ਸੋਚਿਆ ਕਿ ਉਸ ਦਾ ਭਲਾ ਹੋ ਜਾਏਗਾ।"

ਨਹੀਂ ਏਸ ਤਰ੍ਹਾਂ ਨਹੀਂ ਹੁੰਦਾ ਕਿ ਦਰਗਾਹ ਵਿਚ ਕੋਈ ਥਾਂ ਦਿਵਾ ਦਏਗਾ। ਦਰਗਾਹ ਵਿਚ ਥਾਂ ਉਸੇ ਨੂੰ ਮਿਲਦਾ ਹੈ ਜਿਹੜਾ ਇਸ ਦੇ ਲਾਇਕ ਹੁੰਦਾ ਹੈ। ਤਖਤ ਤੇ ਉਸੇ ਨੂੰ ਬਿਠਾਉਂਦਾ ਹੈ ਵਾਹਿਗੁਰੂ ਜਿਹੜਾ ਤਖਤ ਦੇ ਲਾਇਕ ਹੁੰਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਆਪਣਾ ਜੀਵਨ ਸੰਭਾਲੋ। ਹੁਣ ਸਾਵਣ ਦੀ ਸੰਗਰਾਂਦ ਦੇ ਵਿਚ ਮਹਾਰਾਜ ਜੀ ਨੇ ਬੜਾ ਹੀ ਸਾਨੂੰ ਸਬਕ ਦੱਸਿਆ ਹੈ। ਉਹ ਇਹ ਹੈ ਕਿ –

***ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ॥***
***ਪੰਨਾ – 134***

ਇਸ ਦੇ ਵਿਚ ਖਿੜ ਜਾਂਦਾ ਹੈ ਬੰਦਗੀ ਕਰਨ ਵਾਲਾ; ਇਸ ਦੇ ਅਰਥ ਅੰਦਰਲੇ ਤਾਂ ਹੋਰ ਨੇ। ਉਪਰਲੇ ਹੀ ਮੈਂ ਤੁਹਾਨੂੰ ਕਰਕੇ ਦੱਸਦਾ ਹਾਂ। ਜਿਸ ਦਾ ਚਰਨਾ- ਕਮਲਾਂ ਨਾਲ ਪਿਆਰ ਪੈ ਗਿਆ ਉਹ ਖਿੜਦਾ ਹੈ। ਦੂਜਾ ਮੁਰਝਾਇਆ ਹੋਇਆ ਰਹੇਗਾ ਸੰਸਾਰ ਦੇ ਅੰਦਰ –

***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥***
***ਪੰਨਾ – 2***

ਭਗਤਾਂ ਦੇ ਮਨ ਵਿਚ ਖੇੜਾ ਹੀ ਖੇੜਾ ਹੁੰਦਾ ਹੈ, ਵਿਗਸਿਆ ਹੁੰਦਾ ਹੈ ਕਿਉਂਕਿ ਨਾਮ ਜਪਿਆ ਹੁੰਦਾ ਹੈ ਤੇ ਉਸ ਦੇ ਅਦੰਰ ਖੇੜਾ ਹੁੰਦਾ ਹੈ ਜਿਸ ਦਾ ਚਰਨ-ਕਮਲਾਂ ਨਾਲ ਪਿਆਰ ਪੈ ਗਿਆ। ਜਿਸ ਦਾ ਪਿਆਰ ਹੀ ਨਹੀਂ ਪਿਆ, ਬਿਰਤੀ ਹੀ ਨਹੀਂ ਲਗਦੀ; ਬਿਰਤੀ ਦਾ ਵੀ ਸੁਆਲ ਹੈ ਇਹ ਕਿਉਂ ਨਹੀਂ ਲਗਦੀ ? ਅੰਦਰ ਖੋਜਣਾ ਪੈਂਦਾ ਹੈ, ਇਹ ਗੱਲਾਂ ਨੇ ਲੰਮੀਆਂ ਚੌੜੀਆਂ ਕਿ ਅੰਦਰ ਕੂੜ-ਕਬਾੜ ਵੀ ਸਾਡੇ ਬਹੁਤ ਭਰਿਆ ਪਿਆ ਹੈ। ਵਾਹਿਗੁਰੂ ਨੇ ਚੰਗੀਆਂ-ਚੰਗੀਆਂ ਚੀਜ਼ਾਂ ਆਪ ਸਾਂਭ ਕੇ ਰੱਖੀਆਂ ਹੋਈਆਂ ਹਨ। ਉਨ੍ਹਾਂ ਤੱਕ ਪਹੁੰਚਣ ਲਈ ਬੱਜਰ ਕਪਾਟ ਲਗਾ ਦਿਤੇ –

***ਅੰਦਰਿ ਕੋਟ ਛਜੇ ਹਟਨਾਲੇ॥***

***ਆਪੇ ਲੇਵੈ ਵਸਤੁ ਸਮਾਲੇ॥ ਪੰਨਾ - 1033***

ਉਹ ਵਾਹਿਗੁਰੂ ਨੇ ਸਾਂਭੀਆਂ ਹੋਈਆਂ ਨੇ -

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੁਲਾਇਦਾ। ਪੰਨਾ - 1033***

ਗੁਰੂ ਦਾ ਸ਼ਬਦ ਦੇ ਕੇ ਖੁਲਾਉਂਦਾ ਹੈ ਉਸ ਨੂੰ। ਸੋ ਚਰਨਾਂ-ਕਮਲਾਂ ਨਾਲ ਜਿਸ ਦਾ ਪਿਆਰ ਪੈਂਦਾ ਹੈ ਉਹ ਖਿੜਦਾ ਹੈ।

***ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ ਪੰਨਾ - 134***

ਹੁਣ ਸੱਚ ਦੇ ਨਾਲ ਜਿਹੜਾ ਪਿਆਰ ਕਰੇਗਾ, ਰੱਤਿਆ ਗਿਆ ਜਿਹੜਾ ਉਸ ਨੂੰ ਅਧਾਰ ਹੁੰਦਾ ਹੈ ਨਾਮ ਦਾ, ਕੇਵਲ ਨਾਮ ਦਾ। ਨਾਮ ਤੋਂ ਬਿਨਾ ਮੈਂ ਦੱਸਿਆ ਹੈ ਆਦਮੀ -

***ਆਖਾ ਜੀਵਾ ਵਿਸਰੈ ਮਰਿ ਜਾਉ॥ ਪੰਨਾ - 9***

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142***

ਮਹਾਰਾਜ ਜੀ ਨੇ ਤਾਂ ਐਨੀ ਗੱਲ ਕਹਿ ਦਿੱਤੀ ਕਿ ਹਰਾਮ ਖਾ ਰਹੇ ਨੇ ਨਾਮ ਤੋਂ ਬਿਨਾਂ ਜਿਹੜੇ ਖਾ ਰਹੇ ਨੇ। ਸੋ ਔਖਾ ਹੈ ਨਾਮ, ਸਾਧਸੰਗਤ ਜੀ। ਚਿਤ ਦੀਆਂ ਹਾਲਤਾਂ ਹੁੰਦੀਆਂ ਨੇ। ਇਹ ਇਫਲਾਸਫੀ ਦੀ ਗੱਲ ਹੈ। ਇੱਕ ਤਾਂ ਹੁੰਦੀ ਹੈ ਮੂੜ੍ਹ ਅਵਸਥਾ, ਇਹ ਪੈਦਾ ਹੁੰਦੀ ਹੈ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਆਸਾ, ਅੰਦੇਸਾ, ਵਾਸ਼ਨਾਵਾਂ ਤੋਂ। ਇਹ ਰੱਬ ਦੇ ਰਾਹ ਤੇ ਚਲਦੀ ਨਹੀਂ, ਜ਼ੋਰ ਲਾ ਲਓ ਤੁਸੀਂ। ਸਾਰੇ ਕਿਉਂ ਨਹੀਂ ਆਉਂਦੇ, ਮੂੜ੍ਹ ਅਵਸਥਾ ਵਿਚ ਦੀ ਲੰਘ ਰਹੇ ਨੇ। ਨੀਚ ਅਵਸਥਾ ਨੂੰ ਮੂੜ੍ਹ ਅਵਸਥਾ ਕਹਿੰਦੇ ਨੇ। ਉਨ੍ਹਾਂ ਬੰਦਿਆਂ ਦੀ ਅਵਸਥਾ ਮਹਾਂਨੀਚ ਹੁੰਦੀ ਹੈ ਉਨ੍ਹਾਂ ਨੂੰ ਮਾੜੀਆਂ ਸ਼ਕਤੀਆਂ ਗੁਰੂ ਦੇ ਦਰ ਤੱਕ ਨਹੀਂ ਆਉਣ ਦਿੰਦੀਆਂ ਕਿ ਤੂੰ ਕਾਬਲ ਨਹੀਂ - you are not fot to enter satsang. ਇੱਥੇ ਵੀ ਕੋਈ ਗੱਲ ਹੈ ਇੱਥੇ ਸਤਿਸੰਤ ਵਿਚ ਓਹੀ ਆਉਂਦੇ ਨੇ ਜਿਨ੍ਹਾਂ ਦੇ ਭਾਗਾਂ ਵਿਚ ਲਿਖਿਆ ਹੁੰਦਾ ਹੈ। ਦੂਸਰਾ ਆ ਹੀ ਨਹੀਂ ਸਕਦਾ -

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਪੰਨਾ - 95***

ਇਹ ਮੂੜ੍ਹ ਅਵਸਥਾ, ਸੌ ਬੰਦਿਆਂ ਵਿਚੋਂ ਅੱਸੀਆਂ ਦੀ ਅਜੇ ਮੂੜ੍ਹ ਅਵਸਥਾ ਹੈ। ਇਹ ਤਮੋਗੁਣੀ ਬੰਦੇ ਹੁੰਦੇ ਨੇ, ਸਤੋਗੁਣ ਤੇ ਰਜੋ-ਗੁਣ ਦਬਿਆ ਹੋਇਆ ਹੁੰਦਿਆ ਹੁੰਦਾ ਹੈ। ਦੂਸਰੀ ਇਸ ਤੋਂ ਬਾਅਦ ਵਾਲੀ ਨੂੰ 'ਸ਼ਿਪਤ' ਅਵਸਥਾ ਕਹਿੰਦੇ ਨੇ। ਉਸ ਹੁੰਦੀ ਹੈ ਕਿ ਕਦੇ ਤਾਂ ਸਤੋ ਗੁਣ

ਉਪਰ ਆ ਗਿਆ ਪ੍ਰਕਾਸ਼, ਤਮੋ ਗੁਣ ਨੇ ਫੇਰ ਦੱਬ ਲਿਆ। ਕਦੇ ਜੀਅ ਕਰਦਾ ਹੈ ਧਰਮ ਕਮਾਈਏ, ਕਦੇ ਜੀਅ ਕਰਦਾ ਹੈ ਕਿ ਛੱਡ ਪਰ੍ਹੇ ਕੀ ਹੈ ਉੱਥੇ, ਕੁਝ ਨਹੀਂ ਹੈ, ਐਵੇਂ ਵਕਤ ਖਰਾਬ ਕਰਾਂਗੇ। ਕਦੇ ਜੀਅ ਕਰਦਾ ਹੈ ਹੈ ਦਾਨ ਕਰ ਦੇਈਏ, ਕਦੇ ਜੀਅ ਕਰਦਾ ਹੈ ਐਵੇਂ ਪੈਸੇ ਖਰਾਬ ਕਰਾਂਗੇ। ਉਹ ਡੋਲਦਾ ਰਹਿੰਦਾ ਹੈ। ਇਹ ਚਿੱਤ ਦੀ ਸ਼ਿਪਤ ਅਵਸਥਾ ਹੈ।

ਤੀਸਰੀ ਹੋਇਆ ਕਰਤੀ ਹੈ ਵਿਕਸ਼ਿਪਤ। ਉਹ ਇਹ ਅਵਸਥਾ ਹੋਇਆ ਕਰਦੀ ਹੈ ਕਿ ਉਸ ਦੇ ਵਿਚ ਸਤੋ ਗੁਣ ਪ੍ਰਧਾਨ ਹੁੰਦਾ ਹੈ, ਰਜੋ ਗੁਣ ਦਬਿਆ ਹੋਇਆ ਹੁੰਦਾ ਹੈ ਪਰ ਉਹ ਪੂਰਾ ਦਬਿਆ ਹੋਇਆ ਨਹੀਂ ਹੁੰਦਾ ਉਹ ਵਾਸ਼ਨਾਵਾਂ ਪੈਦਾ ਕਰ ਦਿੰਦਾ ਹੈ ਕਿ ਆਪਾਂ ਇਹ ਕੰਮ ਕਰੀਏ, ਫਲਾਣਾ ਕੰਮ ਕਰੀਏ, ਉਸ ਨੂੰ ਕੰਮਾਂ ਦੇ ਫੁਰਨੇ ਖਿੱਚ ਲੈਂਦੇ ਹਨ ਥੱਲੇ, ਰਜੋ ਗੁਣ ਆਪ ਪ੍ਰਧਾਨ ਹੋ ਜਾਂਦਾ ਹੈ, ਸਤੋ ਗੁਣ ਨੂੰ ਥੱਲੇ ਦੱਬ ਲੈਂਦਾ ਹੈ ਪਰ ਉਸ ਦਾ ਸੁਭਾਅ ਨਹੀਂ ਬਦਲਦਾ, ਉਹ ਸਤਿਸੰਗ ਵਿਚ ਜ਼ਰੂਰ ਆਏਗਾ, ਬਾਣੀ ਵੀ ਪੜ੍ਹੇਗਾ, ਨਾਮ ਵੀ ਜਪੇਗਾ, ਬੈਠੇਗਾ ਵੀ ਪਰ ਉਸਦੇ ਅੰਦਰ ਇਕ ਅਵਸਥਾ ਟਿਕੀ ਹੋਈ ਨਾ ਹੋਣ ਕਰਕੇ ਡੋਲਦਾ ਰਹਿੰਦਾ ਹੈ।

ਚੌਥੀ ਹੁੰਦੀ ਹੈ ਇਕਾਗਰ ਅਵਸਥਾ। ਉਹ ਹੈ ਕਿ ਭਜਨ ਕਰਨ ਲੱਗ ਗਏ ਠੀਕ ਹੈ, ਬੈਠੇ ਹਾਂ ਤੇ ਇਸੇ ਵਿਚ ਬਾਕੀ ਸਾਰਾ ਕੁਝ ਭੁੱਲ ਗਏ। ਚਿੱਤ ਇਕਾਗਰ ਹੋ ਗਿਆ, ਵਾਸ਼ਨਾ ਕੋਈ ਨਾ ਆਈ ਇਥੇ ਸਤੋ ਗੁਣ ਪ੍ਰਧਾਨ ਹੋ ਕੇ ਉਸ ਦਾ ਪ੍ਰਕਾਸ਼ ਪੈਂਦਾ ਹੈ ਚਿਤ ਵਿਚ।

ਇਸ ਤੋਂ ਬਾਅਦ ਹੁੰਦੀ ਹੈ ਨਿਰੁੱਧ ਅਵਸਥਾ। ਨਿਰੁੱਧ ਅਵਸਥਾ ਵਿਚ ਕੇਵਲ ਨਾਮ ਹੁੰਦਾ ਹੈ ਜੇ ਧਿਆਨ ਧਰਦੇ ਹੋ ਗੁਰੂ ਨਾਨਕ ਸਾਹਿਬ ਜੀ ਦਾ ਤਾਂ ਕੇਵਲ ਗੁਰੂ ਨਾਨਕ ਸਾਹਿਬ ਦਾ ਧਿਆਨ ਹੀ ਰਹੇਗਾ, ਆਪ ਨਹੀਂ ਹੋਏਗਾ।

ਇਹ ਪੰਜ ਚਿਤ ਦੀਆਂ ਹਾਲਤਾਂ ਹੋਣ ਕਰਕੇ ਅਸੀਂ ਮਜਬੂਰ ਹਾਂ ਪਤਾ ਨਹੀਂ ਮੂੜ੍ਹ ਅਵਸਥਾ ਵਿਚ ਹੋਈਏ, ਸ਼ਿਪਤ ਵਿਚ ਹੋਈਏ, ਵਿਕਸ਼ਿਪਤ ਵਿਚ ਹੋਈਏ। ਇਸ ਵਾਸਤੇ ਮਿਹਨਤ ਕਰਨੀ ਪੈਂਦੀ ਹੈ। ਫੇਰ ਨੇ ਬਿਰਤੀਆਂ, ਬਿਰਤੀਆਂ ਦਾ ਵਹਾਓ, ਜਿਵੇਂ ਦਰਿਆ ਚਲਦਾ ਹੈ, ਚਿਤ ਦੇ ਅੰਦਰ ਏਸ ਤਰ੍ਹਾਂ ਵਹਿੰਦਾ ਹੈ ਹਰ ਵਕਤ; ਬੇਅੰਤ ਬਿਰਤੀਆਂ ਨੇ ਕਦੇ ਕੋਈ ਵਾਸ਼ਨਾ ਆ ਗਈ, ਕਦੇ ਕੋਈ ਆ ਗਈ। ਕਦੇ ਸਤਿਸੰਗ ਵਿਚ ਬੈਠੇ ਹੀ ਵਾਸ਼ਨਾ ਜਾਗ ਪਈ। ਵਾਸ਼ਨਾਵਾਂ ਨਾਮ ਨਹੀਂ ਜੱਪਣ ਦਿੰਦੀਆਂ ਬਿਲਕੁਲ। ਇਹ ਮੋਟੀਆਂ-ਮੋਟੀਆਂ ਨੇ - ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਸਾਸ਼ਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ ਵਾਸ਼ਨਾਵਾਂ ਦਾ ਕੋਈ ਅੰਤ ਨਹੀਂ, ਇਹ ਦਰਿਆ ਚਲਦਾ ਹੈ। ਇਸ ਦੇ ਵਿਚ ਅੱਗੇ ਜਾ ਕੇ ਅਵਸਥਾਵਾਂ ਹੁੰਦੀਆਂ ਨੇ, ਇਨ੍ਹਾਂ ਵਿਚ ਚੰਗੀਆਂ ਵੀ ਹੁੰਦੀਆਂ ਨੇ, ਮਾੜੀਆਂ ਵੀ ਹੁੰਦੀਆਂ ਨੇ।

ਪਹਿਲੀ ਪਰਮਾਣ ਬਿਰਤੀ ਹੈ। ਇਹ ਪ੍ਰਮਾਣ ਪੰਜ-ਛੇ ਪ੍ਰਕਾਰ ਦੇ ਹੁੰਦੇ ਨੇ; ਇਨ੍ਹਾਂ ਨੂੰ ਮੈਂ ਦੱਸਣਾ ਨਹੀਂ ਚਾਹੁੰਦਾ।

ਦੂਸਰੀ ਹੁੰਦੀ ਹੈ ਬਿਪਰਜੇ - ਇਹ ਮਿੱਥਿਆ ਗਿਆਨ ਹੁੰਦਾ ਹੈ। ਅਸਲੀਅਤ ਦਾ ਗਿਆਨ ਨਹੀਂ ਹੁੰਦਾ, ਮਿਥਿਆ, ਝੂਠਾ ਗਿਆਨ ਹੁੰਦਾ ਹੈ, ਆਪਣੇ ਮਨ ਨਾਲ ਬਣਾਇਆ ਹੋਇਆ ਉਸ ਨੂੰ ਬਿਪਰਜੇ ਕਹਿੰਦੇ ਨੇ। ਉਹ ਇਹ ਹੁੰਦਾ ਹੈ ਕਿ ਹੈ ਤਾਂ ਇਥੇ ਪ੍ਰਮੇਸ਼ਰ ਸਾਰੇ ਪਰ ਸਾਨੂੰ ਦਿਸਦਾ ਹੀ ਨਹੀ ਅਸੀਂ ਤਾਂ ਆਪੇ ਹੀ ਬਣੇ ਹੋਏ ਹਾਂ। ਇਹ ਬਿਰਤੀ ਨਹੀਂ ਟੁੱਟਦੀ, ਜ਼ੋਰ ਲਾ ਲਓ ਜਿਸ ਤੇ ਲਗਦਾ ਹੈ ਕਿਸੇ ਦਾ।

ਤੀਸਰੀ ਹੁੰਦੀ ਹੈ ਵਿਕਲਪ। ਉਹ ਇਹ ਹੁੰਦੀ ਹੈ ਕਿ ਹੈ ਤਾਂ ਇਹ ਚੇਤਨ, ਪਰ ਇਹ ਆਪਣੇ-ਆਪ ਨੂੰ ਜੜ੍ਹ ਸਰੀਰ ਫੇਰ ਸਮਝੀ ਜਾਂਦਾ ਹੈ। ਇਹ ਭਰਮ ਪਿਆ ਰਹਿੰਦਾ ਹੈ ਇਸ ਦੇ ਵਿਚ। ਪਈ ਤਾਂ ਰੱਸੀ ਹੈ ਹਨ੍ਹੇਰੇ ਵਿਚ ਸੱਪ ਦਾ ਭਰਮ ਬਣਿਆ ਪਿਆ ਹੈ, ਪਈ ਸਿੱਪ ਹੈ ਹੁਣ ਚਾਂਦੀ ਦਾ ਭਰਮ ਬਣਿਆ ਪਿਆ ਹੈ। ਅਸਲੀ ਚੀਜ਼ ਨੂੰ ਨਕਲੀ ਸਮਝਣਾ ਇਹ ਵਿਕਲਪ ਬਿਰਤੀ ਹੋਇਆ ਕਰਦੀ ਹੈ।

ਚੌਥੀ ਹੋਇਆ ਕਰਦੀ ਹੈ ਨਿੰਦਰਾ। ਨਿੰਦਰਾ ਬਿਰਤੀ ਉਸ ਨੂੰ ਕਹਿੰਦੇ ਨੇ ਕਿ ਭਜਨ ਕਰਨ ਲੱਗੇ। ਦੱਸ ਦਿਤਾ ਕਿ ਤੂੰ ਇਸ ਤਰ੍ਹਾਂ ਰੀੜ੍ਹ ਦੀ ਹੱਡੀ ਸਿੱਧੀ ਰੱਖੀਂ, ਸਰੀਰ ਬਿਲਕੁਲ ਢਿੱਲਾ ਛੱਡ ਦੇਈਂ, ਬੈਠਾ ਏਸ ਹਿਸਾਬ ਨਾਲ ਕਿ ਐਵੇਂ ਨਾ ਵਾਰ-ਵਾਰ ਗੋਡੇ ਹਿਲਾਈ ਜਾਈਂ। ਉਹ ਭਜਨ ਕਰਦੇ-ਕਰਦੇ ਹੌਲੀ-ਹੌਲੀ ਹੇਠਾਂ ਨੂੰ ਹੋਣ ਲੱਗ ਜਾਂਦਾ ਹੈ ਠੋਡੀ ਛਾਤੀ ਨੂੰ ਲੱਗ ਜਾਂਦੀ ਹੈ; ਇਥੇ ਆ ਕੇ ਫੁਰਨਾ ਨਹੀਂ ਕੋਈ ਵੀ ਆਉਂਦਾ, ਸਭ ਫੁਰਨੇ ਖਤਮ, ਐਂ ਲਗਦਾ ਹੈ ਕਿ ਮੇਰੇ ਚਿੱਤ ਵਿਚ ਇਕਾਗਰਤਾ ਆ ਗਈ ਪਰ ਹੁੰਦੀ ਇਹ ਨੀਂਦ ਹੈ। ਇਸ ਨੂੰ 'ਤੁੰਦਰਾ ਨੀਂਦ' ਕਹਿੰਦੇ ਨੇ। ਇਹ ਭਜਨ ਨਹੀਂ ਕਰਨ ਦਿੰਦੀ। ਸਾਧੂਆਂ ਨੂੰ ਵੀ ਆਉਂਦੀ ਹੈ, ਸਭ ਨੂੰ ਆਉਂਦੀ ਹੈ। ਉਹ ਕਹਿੰਦੇ ਨੇ ਬੜਾ 'ਅਨੰਦ' ਆਇਆ। ਉਸ ਦੇ ਵਿਚ 'ਅਨੰਦ' ਵੀ ਬਹੁਤ ਹੈ ਪਰ ਹੈ ਨੀਂਦ। ਇਸ ਨੂੰ ਨਿੰਦਰਾ ਬਿਰਤੀ ਕਹਿੰਦੇ ਨੇ।

ਇਕ ਹੁੰਦੀ ਹੈ ਸਿਮਰਤੀ ਬਿਰਤੀ। ਉਹ ਹੁੰਦੀ ਹੈ ਕਿ ਜਿਹੜੀ ਚੀਜ਼ ਕੱਲ੍ਹ ਲੰਘ ਗਈ ਉਹ ਅੱਜ ਮੁੜ ਕੇ ਫੇਰ ਯਾਦ ਆਉਣੀ; ਭਜਨ ਕਰਨ ਵੇਲੇ ਯਾਦ ਆਉਂਦੀ ਹੈ ਕਿ ਮੈਂ ਉਥੇ ਗਿਆ ਸੀ। ਉਥੇ ਫਲਾਣਾ ਮਿਲਿਆ। ਉਸ ਨੇ ਮੇਰਾ ਆਦਰ ਨਾ ਕਰਿਆ, ਫਲਾਣਾ ਕੰਮ ਨਾ ਕਰਿਆ। ਕਰਦਾ ਭਜਨ ਹੈ ਫਿਰਦਾ ਸਿਮ੍ਰਤੀ ਦੇ ਵਿਚ ।

ਇਨ੍ਹਾਂ ਪੰਜਾਂ ਚਿੱਤ ਦੀਆਂ ਹਾਲਤਾਂ ਵਿਚੋਂ ਇਕਾਗਰਤਾ ਤੇ ਨਿਰੁੱਧ ਦੋ ਤਾਂ ਹਨ ਠੀਕ, ਬਾਕੀ ਥੱਲੇ ਲਾਹੁਣ ਵਾਲੀਆਂ ਨੇ। ਇਨ੍ਹਾਂ ਦੀ ਹੋਂਦ ਕਾਰਨ ਅਸੀਂ ਨਾਮ ਨਹੀਂ ਜਪ ਸਕਦੇ ਕਿਉਂਕਿ ਹੋਰ ਵੀ ਬੇਅੰਤ ਚੀਜ਼ਾਂ ਪਈਆਂ ਨੇ ਜਿਹੜੀਆਂ ਅੜਿਕਾ ਲਾਉਂਦੀਆਂ ਨੇ। ਸੰਤ ਦਸਦੇ ਨੇ ਤਰੀਕਾ

ਕਿ ਤੂੰ ਹੌਲੀ-ਹੌਲੀ ਚਲਿਆ ਚਲ ਤੇ ਅਹਿਸਤਾ-ਅਹਿਸਤਾ ਤੂੰ ਇਨ੍ਹਾਂ ਨੂੰ ਜਿੱਤ ਲਏਂਗਾ।

ਹੁਣ ਮਹਾਰਾਜ ਜੀ ਕਹਿੰਦੇ ਜਿਸ ਦਾ ਪਿਆਰ ਪੈ ਗਿਆ, ਨਾਮ ਦਾ ਅਧਾਰ ਹੋ ਗਿਆ।

*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਪੰਨਾ - 134*

ਸਾਨੂੰ ਅਧਾਰ ਨਹੀਂ ਹੈ। ਜੇ ਅਧਾਰ ਹੋ ਜਾਵੇ ਫੇਰ ਤਾਂ ਆਦਮੀ ਹਰ ਵਕਤ ਹੀ ਨਾਮ ਜਪਦਾ ਹੈ ਕਿਉਂਕਿ ਜਦੋਂ ਜਪੇਗਾ ਨਹੀਂ ਤਾਂ ਮੱਛੀ ਵਾਲਾ ਹਾਲ ਹੋ ਜਾਵੇਗਾ। ਸੋ ਮਹਾਰਾਜ ਜੀ ਕਹਿੰਦੇ

*ਬਿਖਿਆ ਰੰਗ ਕੂੜਾਵਿਆ............॥* *ਪੰਨਾ - 134*

ਜਿਹੜੇ ਪਿਆਰ ਵਿਚ ਤੂੰ ਪਿਆ ਹੋਇਆ ਹੈ, ਸੰਸਾਰ ਦੇ ਪਿਆਰਾਂ ਵਿਚ, ਇਹ ਸਭ ਕੂੜੇ ਨੇ -

*................ਦਿਸਨਿ ਸਭੇ ਛਾਰੁ॥* *ਪੰਨਾ - 134*

ਇਹ ਸੁਆਹ ਨੇ, ਤੇਰੇ ਨਾਲ ਕੋਈ ਚੀਜ਼ ਨਹੀਂ ਜਾਣੀ। ਕਿਲ੍ਹਾ ਬਣਾ ਲੈ, ਜੋ ਬਣਾਉਣਾ ਹੈ, ਬਣਾ ਲੈ, ਤੇਰੇ ਨਾਲ ਤਾਂ ਕੁਝ ਨਹੀਂ ਜਾਣਾ ਤੂੰ ਕਿਉਂ ਵਿਸ਼ਿਆਂ ਦੇ ਵਿਚ ਪਿਆ ਹੋਇਆ ਹੈ। ਗੁਜ਼ਾਰਾ ਕਰ, ਸਾਵਧਾਨ ਹੋ ਕੇ ਕਰ, ਕਮਾਈ ਕਰ ਸਾਵਧਾਨ ਹੋ ਕੇ, ਡੁੱਬ ਨਾ ਉਸ ਦੇ ਵਿਚ। ਨਾਮ ਦੀ, ਅੰਮ੍ਰਿਤ ਬੂੰਦ ਦੀ ਤਲਾਸ਼ ਕਰ। ਜਿਸ ਨੂੰ ਪੀ ਕੇ ਤੂੰ ਸਦਾ ਵਾਸਤੇ ਅਮਰ ਹੋ ਜਾਏਂਗਾ। ਉਹ ਅੰਮ੍ਰਿਤ ਬੂੰਦ ਮਹਾਰਾਜ ਜੀ ਕਹਿੰਦੇ ਤੈਨੂੰ ਨਹੀਂ ਲੱਭਣੀ -

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਪੰਨਾ - 134*

ਸੰਤਾਂ ਨੂੰ ਮਿਲ ਕੇ ਤੈਨੂੰ ਇਸ ਅੰਮ੍ਰਿਤ ਦੀ ਕੋਈ ਸੋਝੀ ਆਏਗੀ। ਅੰਮ੍ਰਿਤ ਤੇਰੇ ਅੰਦਰ ਹੈ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਪੰਨਾ - 644*

ਜਿਵੇਂ ਮਿਰਗ ਨੂੰ ਨਹੀਂ ਪਤਾ ਕਿ ਮੇਰੀ ਨਾਭੀ ਦੇ ਅੰਦਰ ਕਸਤੂਰੀ ਹੈ। ਇਸੇ ਤਰ੍ਹਾਂ ਸਾਨੂੰ ਨਹੀਂ ਪਤਾ ਕਿ ਸਾਡੇ ਅੰਦਰ ਅੰਮ੍ਰਿਤ ਹੈ। ਮਹਾਰਾਜ ਜੀ ਕਹਿੰਦੇ ਤੇਰੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*

***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਇਹ ਤੂੰ ਸੰਤਾਂ ਨੂੰ ਮਿਲ ਕੇ ਪੀ ਲੈ-

***ਵਣ ਤ੍ਰਿਣੁ ਪ੍ਰਭ ਸੰਗਿ ਮਉਲਿਆ..........॥ ਪੰਨਾ - 134***

ਜਿੰਨਾ ਖੇੜਾ ਦਿਸਦਾ ਹੈ ਇਹ ਚੇਤਨ ਜੋਤ ਕਰਕੇ ਦਿਸਦਾ ਹੈ ਨਹੀਂ ਤਾਂ ਇਥੇ ਕੁਝ ਵੀ ਨਾ ਹੋਵੇ। ਉਹ ਖੇੜਾ ਜਦੋਂ ਆਦਮੀ ਅੰਦਰ ਆਉਂਦਾ ਹੈ ਤਾਂ ਇਹ ਵੀ ਖਿੜ ਜਾਂਦਾ ਹੈ -

***................ਸੰਮ੍ਰਥ ਪੁਰਖ ਅਪਾਰੁ॥***
***ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥***
***ਪੰਨਾ - 134***

ਸਾਡੇ ਜਿਹੜੇ ਸ਼ੁਭ ਕਰਮ ਨੇ ਉਹ ਜਦੋਂ ਨਿਸ਼ਕਾਮ ਕਰਮ ਬਣ ਜਾਣਗੇ ਫੇਰ ਅਸੀਂ ਉਪਾਸ਼ਨਾ ਵਿਚ ਆਵਾਂਗੇ, ਉਪਾਸ਼ਨਾ ਤੋਂ ਬਾਅਦ ਗਿਆਨ ਵਿਚ ਜਾਵਾਂਗੇ। ਗਿਆਨ ਦੀ ਆਖਰੀ ਅਵਸਥਾ ਮਹਾਂਪੁਰਸ਼ਾਂ ਦੀ ਕਿਰਪਾ ਦੇ ਨਾਲ - ਗੁਰ ਪ੍ਰਸਾਦਿ॥ ਨਾਲ ਟੁੱਟਦੀ ਹੈ ਤਾਂ ਭਾਈ ਪਿਆਰਿਆ ਤੂੰ ਮਿਲ ਸਕੇਂਗਾ ਪ੍ਰਮੇਸ਼ਰ ਨੂੰ।

***ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥***

***ਪੰਨਾ - 134***

ਅਸੀਂ ਬਲਿਹਾਰ ਜਾਂਦੇ ਹਾਂ ਜਿਨ੍ਹਾਂ ਨੇ ਇਸ ਬਿਖਿਆ ਸੰਸਾਰ ਵਿਚ ਰਹਿ ਕੇ ਪ੍ਰਭੂ ਨੂੰ ਪਾ ਲਿਆ।

***ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥***
***ਪੰਨਾ - 134***

ਹੇ ਵਾਹਿਗੁਰੂ ਤੂੰ ਕਿਰਪਾ ਕਰ, ਇਹ ਤੱਤ ਮਹਾਰਾਜ ਦਸਦੇ ਨੇ ਕਿ ਇਹ ਸ਼ਬਦ ਜਿਹੜਾ ਹੈ ਮਹਾਰਾਜ ਜੀ ਦਾ ਇਹ ਸਵਾਰ ਦਿੰਦਾ ਹੈ ਸਾਰੀਆਂ ਚੀਜ਼ਾਂ ਨੂੰ। ਸਵਾਰਣਹਾਰ ਹੈ ਇਹ ਜਿਹੜਾ ਮੰਤਰ ਵਾਹਿਗੁਰੂ ਤੁਹਾਨੂੰ ਮਿਲਿਆ ਹੈ। ਹੁਣ ਕਹਿੰਦੇ ਇਹ ਮਹੀਨਾ ਵਧੀਆ ਕਿਸ ਨੂੰ ਲਗਦਾ ਹੈ? ਇਹ ਸੁਹਾਵਾ ਸਾਨੂੰ ਕਿਉਂ ਨਹੀਂ ਲਗਾ ਕਿਉਂਕਿ ਅਸੀਂ ਚਿੰਤਾ ਤੇ ਵਾਸ਼ਨਾ ਦੇ ਘੇਰੇ ਹੋਏ ਹਾਂ। ਇਹ ਸੋਹਣਾ ਲਗਦਾ ਹੈ ਪੜ੍ਹੋ ਪਿਆਰ ਨਾਲ-

***ਧਾਰਨਾ - ਜਿਹੜੇ ਵਾਹਿਗੁਰੂ-ਵਾਹਿਗੁਰੂ ਜਪਦੇ,***
***ਸਾਵਣ ਲਗਦਾ ਪਿਆਰਾ - 2, 2.***
***ਜਿਹੜੇ ਵਾਹਿਗੁਰੂ-ਵਾਹਿਗੁਰੂ ਜਪਦੇ -2, 2.***
***ਜਿਹੜੇ ਵਾਹਿਗੁਰੂ-ਵਾਹਿਗੁਰੂ ਜਪਦੇ..., - 2.***

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਸਿਧਾਂਤ ਦੱਸਿਆ ਹੈ -

***ਸਾਵਣੁ ਤਿਨਾ ਸੁਹਾਗਣੀ ਜਿਨ ਰਾਮਨਾਮੁ ਉਰਿ ਹਾਰੁ॥***

*ਪੰਨਾ - 134*

ਜਿਸ ਨੇ ਰਾਮ ਦੇ ਨਾਮ ਦਾ ਗਲ ਵਿਚ ਹਾਰ ਪਾ ਲਿਆ, ਹਰ ਵਕਤ ਪ੍ਰਮੇਸ਼ਰ ਦਾ ਨਾਮ ਜਿਸ ਦੇ ਮੁੱਖ'ਚੋਂ ਨਿਕਲਦਾ ਹੈ, ਉਸ ਨੂੰ ਪਿਆਰਾ ਲਗਦਾ ਹੈ ਇਹ ਸਾਰਾ ਮਹੀਨਾ। ਦੂਸਰਾ ਇਹ ਕਿ ਮਾਨਸ ਜਨਮ ਦਾ ਉਸੇ ਨੂੰ ਅਨੰਦ ਆਉਂਦਾ ਹੈ ਜਿਹੜਾ ਬੰਦਗੀ ਕਰਦਾ ਹੈ। ਉਸ ਨੂੰ ਸਾਵਣ ਸਮਝ ਲਓ। ਸੋ ਇਸ ਤਰ੍ਹਾਂ ਜਿਹੜੀਆਂ ਬੇਨਤੀਆਂ ਆਪ ਨੂੰ ਕੀਤੀਆਂ ਗਈਆਂ ਨੇ - ਕੁਝ ਬਹੁਤ ਔਖੀਆਂ ਸਨ। ਸਾਖੀਆਂ ਨਹੀਂ ਮੈਂ ਬਹੁਤੀਆਂ ਸੁਣਾਈਆਂ ਤਾਂ ਕਿ ਕੰਮ ਦੀ ਗੱਲ ਸਮਝਣ ਦਾ ਯਤਨ ਕਰੀਏ ਤੇ ਸਮਝ ਕੇ ਉਸ ਤੇ ਚੱਲੀਏ ਸਾਧ-ਸੰਗਤ ਜੀ! ਤਰੱਕੀ ਕਰੋ ਜਿਵੇਂ ਵਿਦਿਆਰਥੀ ਕਹਿੰਦਾ ਹੈ ਕਿ ਮੇਰਾ ਇਮਤਿਹਾਨ ਹੋ ਗਿਆ, ਮੈਂ ਹੁਣ ਤੀਸਰੀ ਵਿਚ ਹੋ ਗਿਆ, ਚੌਥੀ ਵਿਚ, ਦਸਵੀਂ ਵਿਚ, ਬਾਰ੍ਹਵੀ ਵਿਚ ਮੈਂ ਹੁਣ ਬੀ,ਏ. ਕਰ ਲਈ, ਐਮ, ਏ. ਕਰ ਲਈ ਤੇ ਹੁਣ D.lit. ਕਰ ਰਿਹਾ ਹਾਂ। ਮਹਾਰਾਜ ਜੀ ਕਹਿੰਦੇ ਇਹ ਵੀ ਚਾਟਸਾਲ (school) ਹੈ, ਜਿਹੜੀ ਸਤਿਸੰਗ ਹੈ। ਇਸ ਦੇ ਵਿਚ ਅਧਿਆਪਕ ਨੂੰ ਬੜਾ ਮੁਸ਼ਕਲ ਹੁੰਦਾ ਹੈ। ਅਧਿਆਪਕ ਇਕ ਹੈ ਵਿਦਿਆਰਥੀ ਕੋਈ ਦੂਸਰੀ ਦਾ ਹੈ, ਕੋਈ ਦਸਵੀਂ ਦਾ, ਕੋਈ Ph.D ਦਾ। ਉਸ ਨੂੰ ਸਭ ਨੂੰ ਪੜ੍ਹਾਉਣਾ ਪੈਂਦਾ ਹੈ।

ਇਕ ਦਿਨ ਕੁਝ ਪ੍ਰੋਫੈਸਰ ਬੈਠੇ ਸਨ।

ਮਹਾਰਾਜ ਜੀ ਕਹਿੰਦੇ, "ਤੁਸੀਂ ਕਿਹੜੀ ਕਲਾਸ ਲੈਂਦੇ ਹੋ?

ਕਹਿੰਦਾ, "ਜੀ! ਐਮ.ਏ ਦੀ।"

ਮਹਾਰਾਜ ਜੀ ਕਹਿੰਦੇ, "ਬੀ.ਏ. ਦੀ ਕਲਾਸ ਨਹੀਂ ਲੈਂਦੇ?"

ਕਹਿੰਦਾ, "ਨਾਂਹ ਜੀ! ਸਾਡਾ ਦਰਜਾ ਉਚਾ ਹੈ ਜੀ! ਅਸੀਂ ਐਮ.ਏ. ਨੂੰ ਪੜ੍ਹਾਉਂਦੇ ਹਾਂ।" Ph.D. ਵਾਲੇ ਨੂੰ ਕਹਿੰਦੇ, ਤੂੰ ਐਮ.ਏ. ਵਾਲੇ ਨੂੰ ਨਹੀਂ ਪੜ੍ਹਾਉਂਦਾ? ਕਹਿੰਦਾ ਕਿ ਨਾਂਹ ਜੀ! ਮੈਂ ਤਾਂ Ph.D. ਨੂੰ ਹੀ ਪੜ੍ਹਾਉਂਦਾ ਹਾਂ। ਮਹਾਰਾਜ ਜੀ ਹੱਸ ਪਏ।

ਸਾਰੇ ਕਹਿਣ ਲੱਗੇ, "ਮਹਾਰਾਜ! ਕੀ ਗੱਲ?"

ਕਹਿੰਦੇ, "ਸਾਡੇ ਵਿਦਿਆਰਥੀ ਪਹਿਲੀ ਤੋਂ Ph. D ਤੱਕ ਦੇ ਹੁੰਦੇ ਨੇ ਤੇ ਸਾਰਿਆਂ ਨੂੰ ਸਬਕ ਦੇਣਾ ਪੈਂਦਾ ਹੈ। "

ਮਹਾਰਾਜ ਜੀ ਦੇ ਬਚਨ ਸੁਣੋ, ਚੌਥੇ ਪਦ ਦੇ ਬਚਨ ਆਉਣਗੇ, ਸਾਖੀ ਗਨਕਾ ਦੀ ਸੁਣਾਉਣਗੇ। ਗਨਕਾ ਦੀ ਸਾਖੀ ਹੈ ਪਹਿਲੀ ਜਮਾਤ ਵਾਲਿਆ ਲਈ, ਉਤਲੇ ਬਚਨ ਹਨ ਉੱਚੀ ਅਵਸਥਾ ਵਾਲਿਆਂ ਲਈ। ਸੋ ਜੋ ਆਪਾਂ ਨੇ ਬਚਨ ਸੁਣੇ ਨੇ ਉਨ੍ਹਾਂ ਨੂੰ ਹਿਰਦੇ ਵਿਚ ਧਾਰਨ ਦਾ ਯਤਨ ਕਰੋ। ਸਾਂਭ ਕੇ ਰੱਖੋ। 'ਆਤਮ-ਮਾਰਗ' ਕਿਉਂ ਚਲਾਇਆ ਹੈ? ਮੈਂ ਚਲਾਉਂਦਾ ਨਹੀਂ ਸੀ, ਮੈਨੂੰ ਪਤਾ ਸੀ ਕਿ ਇਹ ਬਹੁਤ ਵੱਡਾ ਕੰਮ ਹੈ। ਹੁਣ ਹੁਕਮ ਦੇ ਵਿਚ ਆ ਗਿਆ ਕਿ ਜਿਹੜਾ ਇਹ ਰਿਕਾਰਡ ਕਰਦੇ ਨੇ, ਲਿਖਤ ਰੂਪ ਵਿਚ ਆ

ਜਾਵੇ। ਜੇ ਕੋਈ ਪ੍ਰੇਮੀ ਕਹਿੰਦਾ ਹੈ ਕਿ ਮੈਂ ਪੜ੍ਹਨਾ ਨਹੀਂ ਜਾਣਦਾ, ਤਾਂ ਅਸੀਂ ਕਹਿੰਦੇ ਹਾਂ ਕਿ ਭਾਈ, ਤੂੰ ਨਾ ਪੜ੍ਹ ਪਰ ਆਪਣੇ ਬੱਚਿਆਂ ਵਾਸਤੇ ਲੈ ਕੇ ਰੱਖ ਲੈ, ਤੇਰੇ ਬੱਚਿਆਂ ਨੂੰ ਜੀਵਨ ਦਾਨ ਮਿਲ ਜਾਏਗਾ, ਸੋਝੀ ਆ ਜਾਏਗੀ। ਤੇਰੇ ਤੋਂ ਨਹੀਂ ਪੜ੍ਹ ਹੁੰਦਾ, ਨਾ ਪੜ੍ਹ; ਲੈ ਕੇ ਰੱਖ ਲੈ, ਬੇਅੰਤ ਲਿਟਰੇਚਰ ਬਣ ਜਾਣਾ ਹੈ, ਟੋਲ੍ਹਦੇ ਫਿਰਨਾਂ ਹੈ ਇਕ ਦਿਨ ਦੁਨੀਆਂ ਨੇ ਇਹ ਲਿਟਰੇਚਰ ਕਿ 'ਆਤਮ ਮਾਰਗ' ਲੱਭ ਜਾਏ ਕਿਉਂਕਿ ਇਹਦੇ ਵਿਚ ਸਾਰਾ ਹੀ ਸਤਿ ਹੈ, ਉਹ ਬਚਨ ਹਨ ਜਿਹੜੇ ਕਿਤੋਂ ਲੱਭਦੇ ਨਹੀਂ ਹਨ, ਸਾਰੇ ਸਾਦੀ ਬੋਲੀ ਵਿਚ ਦੱਸੇ ਹੋਏ ਹਨ, ਕੋਈ ਔਖਾ ਸ਼ਬਦ ਵਰਤਿਆ ਹੀ ਨਹੀਂ। ਜਿਵੇਂ ਮੈਂ ਹੁਣ ਬੋਲ ਰਿਹਾ ਹਾਂ, ਇਸੇ ਤਰ੍ਹਾਂ ਬੋਲਿਆ ਹੋਇਆ ਹੈ। ਜੇ ਤੈਨੂੰ ਹੁਣ ਕੰਮ ਜ਼ਿਆਦਾ ਲਗਦਾ ਹੈ ਤੇ ਪੜ੍ਹ ਨਹੀਂ ਹੁੰਦਾ ਤਾਂ ਲੈ ਕੇ ਰੱਖ ਲੈ, ਬੁਢਾਪੇ 'ਚ ਆ ਕੇ ਪੜ੍ਹ ਲੈਣਾ। ਇਹ ਸਦਾ ਹੀ ਅਮਰ ਹੈ, ਕਿਉਂਕਿ ਗੁਰਬਾਣੀ ਕਦੇ ਪੁਰਾਣੀ ਨਹੀਂ ਹੁੰਦੀ, ਇਹ ਗੁਰਬਾਣੀ ਦੇ ਅਰਥ ਹਨ ਇਹ ਕਿਵੇਂ ਪੁਰਾਣਾ ਹੋ ਜਾਵੇਗਾ।

ਸੋ ਹੁਣ ਮੀਡੀਆ ਆ ਗਿਆ, ਗੁਰੂ ਨਾਨਕ ਪਾਤਸ਼ਾਹ ਵੇਲੇ ਜੇ ਇਹ ਸਾਰਾ ਸਿਸਟਮ ਹੁੰਦਾ ਤਾਂ ਸਾਰਾ ਕੁਛ ਰਿਕਾਰਡ ਹੋ ਜਾਣਾ ਸੀ। ਪਰ ਹੁਣ ਤਾਂ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਸਭ ਕੁਛ ਆ ਗਿਆ, ਆਹ ਛੋਟਾ ਜਿਹਾ ਹੁੰਦਾ ਹੈ ਕੰਪਿਊਟਰ ਜੇ ਤੁਸੀਂ ਗੁਰੂ ਗ੍ਰੰਥ ਸਾਹਿਬ ਦਾ ਕੋਈ ਸ਼ਬਦ ਲੱਭਣਾ ਹੈ, ਉਥੇ ਉਹ ਹੁਕਮ (command) ਦੇ ਦਿਉ, ਜਿੰਨੇ ਗੁਰੂ ਗ੍ਰੰਥ ਸਾਹਿਬ 'ਚ ਉਹ ਸ਼ਬਦ ਨੇ ਉਹ ਸਾਰੇ ਤੁਹਾਡੇ ਸਾਮ੍ਹਣੇ ਕੱਢ ਕੇ ਰੱਖ ਦਏਗਾ। ਸਾਡੇ ਨਾਲੋਂ ਤਾਂ ਓਹੀ ਵਧੀਆ ਹੈ, ਸਾਡੇ ਤਾਂ ਬਾਣੀ ਯਾਦ ਹੀ ਨਹੀਂ ਹੁੰਦੀ ਉਹਦੇ ਪਤਾ ਨਹੀਂ ਕਿਵੇਂ ਸਾਰੀ ਯਾਦ ਹੈ। ਸੋ ਅਸੀਂ ਇਸ ਨੂੰ ਲਿਖਤ ਰੂਪ ਦੇ ਵਿਚ 'ਆਤਮ ਮਾਰਗ' ਵਿਚ ਰਿਕਾਰਡ ਕਰ ਰਹੇ ਹਾਂ। ਸੋ ਅਗਲਾ ਜਿਹੜਾ ਸਮਾਂ ਆਉਣ ਵਾਲਾ ਹੈ ਉਹਨੂੰ ਲਾਹਾ ਹੀ ਲਾਹਾ ਹੈ ਪਰ ਕਲਜੁਗ ਵੀ 10 ਗੁਣਾਂ ਤੇਜ਼ ਹੋ ਕੇ ਆ ਰਿਹਾ ਹੈ, ਅਸੀਂ ਕਹਿੰਦੇ ਹਾਂ ਕਿ ਨਾਮ ਵਲ ਲਗ, ਉਹ ਕਹਿੰਦਾ ਹੈ ਕਿ ਮੈਂ ਲੱਗਣ ਨਹੀਂ ਦੇਣਾ, ਜਿੰਨਾ ਜ਼ੋਰ ਲਾਉਣਾ ਹੈ ਲਾ ਲਓ। ਸੋ ਦੋਹਾਂ ਦਾ ਝਗੜਾ ਹੈ, ਵਾਹਿਗੁਰੂ ਜਾਣੇ ਕਿ ਉਹ ਹੁਣ ਕਿਸ ਨੂੰ ਭੇਜੇਗਾ ਜਿਹੜਾ ਇਸ ਨੂੰ ਬੈਠ ਕੇ ਮੰਤਰੇ ਤੇ ਸਾਰਾ ਸ਼ੁਧ ਕਰ ਦੇਵੇ। ਸੋ ਐਨੇ ਕੁ ਬਚਨ ਮੇਰੇ ਪ੍ਰਵਾਨ ਕਰਨਾ। ਸਰੀਰ ਦਾ ਸਵਸਥ ਵਿਗੜਿਆ ਹੋਇਆ ਹੈ, ਕਦੋਂ ਦਰਗਾਹੀ ਸੱਦਾ ਆ ਜਾਵੇ, ਇਹ ਸਰੀਰ ਸ਼ਾਂਤ ਹੋ ਜਾਵੇਗਾ ਪਰ ਇਹ ਸ਼ਬਦ ਚਿਰਕਾਲ ਤਕ ਜੀਵਤ ਰਹੇਗਾ। ਪ੍ਰਵਾਨ ਕਰੋ।

# ਕਰਿ ਚਾਨਣੁ ਸਾਹਿਬ ਤਉ ਮਿਲੈ

ਸ਼ਾਨ ..........................................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਜੇ ਹਉ ਭੂਲ ਵਿਗਾੜਿਆ ਨਾ ਕਰ ਮੈਲਾ ਚਿਤ॥*
*ਸਾਹਿਬ ਗੌਰਾ ਲੋੜੀਐ ਨਫਰ ਵਿਗਾੜੇ ਨਿਤ॥*
*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥*
*ਪੰਨਾ - 1095*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ- 708*

*ਧਾਰਨਾ - ਮੇਰਾ ਮਨ ਤਪਤੇ ਜੀ, ਹਰੀ ਦੇ ਦਰਸ਼ਨ ਨੂੰ - 2, 2.*

*ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ*
*ਜਿਉ ਤ੍ਰਿਖਾਵੰਤੁ ਬਿਨੁ ਨੀਰ॥*
*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥*
*ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥*
*ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥* *ਪੰਨਾ - 861*
*ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥*
*ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥*
*ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥*

*ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥*

*ਪੰਨਾ - 449*

*ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥*
*ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥*
*ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ॥*
*ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ॥*

*ਪੰਨਾ - 861*

*ਧਾਰਨਾ - ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ -2, 2.*
*ਤਿਨ ਹੀ ਪ੍ਰਭ ਪਾਇਓ -4, 2.*
*ਜਿਨ ਪ੍ਰੇਮ ਕੀਓ,...............-2.*

ਸਾਧਸੰਗਤ ਜੀ! ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਜੇਕਰ ਅਕਾਲਪੁਰਖ ਦੀ ਕ੍ਰਿਪਾ ਹੋਵੇ ਤਾਂ ਹੀ ਬੰਦਾ ਸਤਿਸੰਗ ਵਿਚ ਆ ਸਕਦਾ ਹੈ, ਨਹੀਂ ਤਾਂ ਹਜ਼ਾਰਾਂ ਵਿਘਨ ਉਸ ਦਾ ਰਸਤਾ ਰੋਕ ਲਿਆ ਕਰਦੇ ਹਨ। ਜਦੋਂ ਤੋਂ ਸਤਿਸੰਗ ਸ਼ੁਰੂ ਕੀਤੇ ਹਨ - ਕਈ ਪੱਖਾਂ ਤੋਂ ਕੇਵਲ ਇਕੋ ਹੀ ਵਿਚਾਰ ਚਲ ਰਹੀ ਹੈ ਕਿ ਵਾਹਿਗੁਰੂ ਜੀ ਮਿਲ ਸਕਦੇ ਹਨ ਜਾਂ ਨਹੀਂ। ਉਨ੍ਹਾਂ ਨੂੰ ਮਿਲਣ ਦੇ ਅਨੇਕਾਂ ਸਾਧਨ ਵੱਡੇ-ਵੱਡੇ ਆਚਾਰੀਆ, ਅਨੁਭਵੀ ਮਹਾਂਪੁਰਸ਼ਾਂ ਨੇ ਆਪਣੇ ਆਪਣੇ ਅਨੁਭਵ ਦੇ ਮੁਤਾਬਿਕ ਵਰਨਣ ਕੀਤੇ ਹਨ।

ਗੁਰੂ ਨਾਨਕ ਪਾਤਸ਼ਾਹ ਦਸਵੇਂ ਸਰੂਪ ਦੇ ਅੰਦਰ, ਸਾਰੇ ਸੰਸਾਰ ਨੂੰ ਸੁਣਾਉਂਦੇ ਹੋਏ ਜੋ ਫੈਸਲਾ ਦਿੰਦੇ ਹਨ ਉਹ ਇਹ ਹੈ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਆਪਣੇ ਅੰਦਰ ਪਿਆਰ ਪੈਦਾ ਕਰ ਕਿਉਂਕਿ ਵਾਹਿਗੁਰੂ ਦਾ ਸਰੂਪ ਵੀ ਪਿਆਰ ਹੈ, ਕੇਵਲ ਪਿਆਰ ਹੀ ਪਿਆਰ ਨੂੰ ਮਿਲ ਸਕਦਾ ਹੈ। ਜੇ ਹਲਦੀ ਦਾ ਰੰਗ ਚਾਹੀਦਾ ਹੈ ਤਾਂ ਹਲਦੀ ਨਾਲ ਹਲਦੀ ਹੀ ਮਿਲਾਉਣੀ ਪਵੇਗੀ। ਜੇਕਰ ਲਾਲ ਰੰਗ ਚਾਹੀਦਾ ਹੈ ਤਾਂ ਠੀਕ ਉਸੇ ਤਰ੍ਹਾਂ ਲਾਲ ਰੰਗ ਚਾਹੀਦਾ ਹੈ, ਜੇ ਪਿਆਰ ਨੇ ਪਿਆਰ ਨੂੰ ਮਿਲਣਾ ਹੈ ਤਾਂ ਹਿਰਦੇ ਵਿਚ ਪਿਆਰ ਪੈਦਾ ਕਰ, ਪਰ ਮੁਸ਼ਕਿਲ ਇਹ ਹੈ ਕਿ ਪ੍ਰਮੇਸ਼ਰ ਦਾ ਪਿਆਰ ਪੈਦਾ ਨਹੀਂ ਹੁੰਦਾ ਕਿਉਂਕਿ ਉਸ ਦਾ ਰੂਪ ਰੰਗ, ਰੇਖ ਭੇਖ, ਚੱਕਰ ਚਿਹਨ ਕੋਈ ਨਹੀਂ ਹੈ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*

*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*
*ਅਕਾਲ ਉਸਤਤਿ*

ਜੇ ਕੋਈ ਆਦਮੀ ਕਹੇ ਕਿ ਮੈਂ ਬਹੁਤ ਬੈਰਾਗ ਕਰਦਾ ਹਾਂ, ਮੈਂ ਬਹੁਤ ਰੋਂਦਾ ਹਾਂ; ਬੈਰਾਗ ਕਿਸ ਗੱਲ ਦਾ ਕਰਦਾ ਹੈਂ? ਜਿੰਨੀ ਦੇਰ ਤਕ ਬੁੱਝਿਆ ਨਹੀਂ ਜਾਂਦਾ ਓਦੋਂ ਤਕ ਬੈਰਾਗ ਵੀ ਇਕ ਕਿਸਮ ਦਾ ਹਨ੍ਹੇਰਾ ਹੀ ਹੋਇਆ ਕਰਦਾ ਹੈ, ਕਿਉਂਕਿ ਆਦਮੀ ਨੂੰ ਇਤਨੇ ਕਿਸਮ ਦੀਆਂ ਤਕਲੀਫਾਂ ਹੁੰਦੀਆਂ ਹਨ ਕਿ ਬੰਦਾ ਘਬਰਾ ਜਾਂਦਾ ਹੈ, ਉਹ ਘਬਰਾਹਟ ਥੋੜ੍ਹੀ ਦੇਰ ਵਾਸਤੇ ਹਿਲਜੁਲ ਪੈਦਾ ਕਰ ਦਿੰਦੀ ਹੈ। ਬੰਦੇ ਨੂੰ ਕੋਈ ਨਾ ਕੋਈ ਥੁੜ੍ਹ ਹੁੰਦੀ ਹੈ, ਕੋਈ ਮੁਕੱਦਮਾ ਗਲ ਪੈ ਗਿਆ, ਘਰ ਵਿਚ ਕਲੇਸ਼ ਰਹਿਣ ਲਗ ਪਿਆ, ਕੋਈ ਅਸਮਾਨੀ ਮੁਸੀਬਤ ਪੈ ਗਈ, ਉਸ ਵੇਲੇ ਬੰਦਾ ਰੋ ਰੋ ਕੇ ਵਾਹਿਗੁਰੂ ਜੀ ਪਾਸ ਬੇਨਤੀਆਂ ਕਰਦਾ ਹੈ ਇਹ ਵਕਤੀ ਬੈਰਾਗ ਹੁੰਦਾ ਹੈ। ਬੈਰਾਗ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾਂਦਾ ਹੈ।

1. ਮੰਦ ਬੈਰਾਗ, 2. ਤੀਬਰ ਬੈਰਾਗ 3. ਤੀਬਰ ਤਰ ਤਮ ਬੈਰਾਗ

ਮੰਦ ਬੈਰਾਗ ਹੈ - ਘਰ ਵਿਚ ਕੋਈ ਖਰਾਬੀ ਹੋ ਗਈ, ਕੋਈ ਚੜ੍ਹਾਈ ਕਰ ਗਿਆ ਤਾਂ ਬੈਰਾਗ ਹੋ ਗਿਆ, ਜਦੋਂ ਹਾਲਾਤ ਠੀਕ ਹੋ ਗਏ, ਬੈਰਾਗ ਵੀ ਹਟ ਗਿਆ, ਮੁੜ ਕੇ ਫੇਰ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਪਹਿਲਿਆਂ ਕੰਮਾਂ ਵਿਚ ਹੀ ਪ੍ਰਵਿਰਤ ਹੋ ਗਿਆ।

ਥੋੜ੍ਹਾ ਸਤਿਸੰਗ ਸੁਣਿਆ, ਮਨ ਵਿਚ ਨਿਸ਼ਚਾ ਹੋ ਗਿਆ, ਸੰਸਾਰ ਦੀ ਹਾਲਤ ਦੇਖ ਕੇ ਵਿਚਾਰ ਆਈ ਕਿ ਇਥੇ ਤਾਂ ਕੋਈ ਚੀਜ਼ ਥਿਰ ਨਹੀਂ - ਸਮੇਤ ਸਰੀਰ ਦੇ, ਪਤਾ ਨਹੀਂ ਕਿਸ ਵੇਲੇ ਮਾਇਆ ਹੱਥੋਂ ਚਲੀ ਜਾਵੇ, ਕਿਸ ਵੇਲੇ ਸਰੀਰ ਛੱਡਿਆ ਜਾਵੇ; ਕਾਲ ਬਾਰੇ ਸਮਝ ਆ ਗਈ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*

*ਪੰਨਾ - 631*

ਗੁਰੂ ਨੌਵੇਂ ਪਾਤਸ਼ਾਹ ਮਨ ਨੂੰ ਸੰਬੋਧਨ ਕਰਦੇ ਹੋਏ ਸਾਨੂੰ ਉਪਦੇਸ਼ ਕਰਦੇ ਹਨ-

*ਰੇ ਮਨ ਰਾਮ ਸਿਉ ਕਰ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥*
*ਪੰਨਾ - 631*

ਪ੍ਰਮੇਸ਼ਰ ਨਾਲ ਪਿਆਰ ਪੈਦਾ ਕਰ, ਕੰਨਾਂ ਦੇ ਨਾਲ ਪੂਰੇ ਧਿਆਨ ਨਾਲ attentive ਹੋ ਕੇ ਵਾਹਿਗੁਰੂ ਦੇ ਗੁਣ ਸੁਣ-

*..........ਅਰ ਗਾਉ ਰਸਨਾ ਗੀਤ।* *ਪੰਨਾ*

*– 631*

ਰਸਨਾ ਦੇ ਨਾਲ ਗਾ।

***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥***
***ਪੰਨਾ – 631***

ਸੰਤਾਂ ਦੀ ਸੰਗਤ ਕਰ, ਪ੍ਰਮੇਸ਼ਰ ਨੂੰ ਯਾਦ ਕਰ – ਫਿਰ ਨਤੀਜਾ ਕੀ ਹੋਵੇਗਾ ਕਿ ਤੇਰੇ ਸਾਰੇ ਪਾਪ ਨਾਸ਼ ਹੋ ਜਾਣਗੇ ਤੇ ਤੂੰ ਪਵਿੱਤਰ ਬਣ ਜਾਵੇਂਗਾ। ਮੇਰੇ ਪਾਸ ਬਹੁਤ ਪ੍ਰੇਮੀ ਆਉਂਦੇ ਹਨ ਜੋ ਕਹਿੰਦੇ ਹਨ ਕਿ ਮੇਰਾ ਲੜਕਾ ਮੰਗਿਆ ਜਾਵੇ, ਵਿਆਹਿਆ ਜਾਵੇ, ਬਸ ਫੇਰ ਮੈਂ ਵਿਹਲਾ ਹੋ ਜਾਵਾਂਗਾ, ਇਹੋ ਬੋਝ ਮੇਰੇ ਮਨ ਤੇ ਹੈ। ਲੜਕਾ ਵਿਆਹਿਆ ਗਿਆ, ਐਨੇ ਨੂੰ ਚਿੱਠੀ ਆ ਗਈ ਕਿ ਫਲਾਣਾ ਰਿਸ਼ਤੇਦਾਰ ਚੜ੍ਹਾਈ ਕਰ ਗਿਆ, ਬਸ ਫੇਰ ਉਦਾਸ ਹੋ ਗਿਆ। ਕਹਿਣ ਲੱਗਾ, ਇਹ ਬੰਦਾ ਤਾਂ ਮੇਰੇ ਬਹੁਤ ਨੇੜੇ ਸੀ, ਮੈਂ ਉਧਰ ਜ਼ਰੂਰ ਜਾਣਾ ਹੈ। ਮੈਂ ਉਸ ਨੂੰ ਸੰਭਾਲਣਾ ਹੈ – ਬਸ ਇਸ ਤਰ੍ਹਾਂ ਕਰਦਿਆਂ ਫਿਰ ਵਕਤ ਲੰਘ ਗਿਆ। ਜੇ ਬੱਚੇ ਦਾ ਵਿਆਹ ਨਹੀਂ ਹੋਇਆ ਫੇਰ ਫਿਕਰ ਪੈ ਗਿਆ। ਮਹਾਰਾਜ ਫੁਰਮਾਉਂਦੇ ਹਨ – ਤੂੰ ਕਿਉਂ ਰੋਂਦਾ ਹੈਂ? ਤੈਨੂੰ ਤਾਂ –

***ਇਕ ਰਤੀ ਬਿਲਮ ਨਾ ਦੇਵਨੀ ਵਣਜਾਰਿਆ ਮਿਤ੍ਰਾ***
***ਓਨੀ ਤਕੜੇ ਪਾਏ ਹਾਥ॥ ਪੰਨਾ – 78***

ਚਿੱਠੀ ਫਾੜਨੀ ਸਾਡੇ ਹੱਥ ਵਿਚ ਨਹੀਂ ਹੈ। ਉਮਰ ਦੀ ਡੋਰ ਕੱਟਣੀ ਉਸ ਵਾਹਿਗੁਰੂ ਜੀ ਦੇ ਹੱਥ ਹੈ। ਜਿਸ ਦੀ ਡੋਰ ਕੱਟੀ ਗਈ ਉਹ ਰਹਿ ਨਹੀਂ ਸਕਦਾ ਭਾਵੇਂ ਲੱਖਾਂ ਉਪਾਵ ਕਰ ਲਵੇ। ਜਿਸ ਨੂੰ ਦਰਗਾਹ ਵਿਚੋਂ ਸੱਦਾ ਨਹੀਂ ਆਇਆ ਉਸ ਨੂੰ ਮਾਰਨ ਵਾਲੇ ਭਾਵੇਂ ਲੱਖਾਂ ਯਤਨ ਕਰ ਲੈਣ ਉਸ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ, ਕਿਉਂਕਿ ਦਰਗਾਹ ਵਾਲਾ ਕਾਲ ਰਾਖੀ ਕਰ ਰਿਹਾ ਹੈ। ਜੇਕਰ ਤਿੰਨ ਚੀਜ਼ਾਂ ਇਕੱਠੀਆਂ ਹੋ ਜਾਣ ਤਾਂ ਕਾਲ ਆਇਆ ਕਰਦਾ ਹੈ –

1. ਉਹ ਸਮਾਂ ਆ ਜਾਵੇ, ਜਿਸ ਤੋਂ ਇਕ ਸਕਿੰਟ ਵੀ ਅੱਗੇ ਨਹੀਂ ਲੰਘਣਾ।

2. ਉਹ ਜਗ੍ਹਾ ਆ ਜਾਵੇ ਜਿਥੇ ਸਰੀਰ ਦਾ ਭਾਂਡਾ ਫੁਟਣਾ ਹੈ।

3. ਉਹ ਕਾਰਨ ਬਣ ਜਾਵੇ, ਜਿਸ ਕਰਕੇ ਸਰੀਰ ਨੇ ਜਾਣਾ ਹੈ।

ਇਹ ਤਿੰਨ ਚੀਜ਼ਾਂ ਨੂੰ ਕੋਈ ਜਾਣਦਾ ਨਹੀਂ ਕਿ ਕਿਥੇ, ਕਿਉਂ ਤੇ ਕਦੋਂ ਕਾਲ ਦੇ ਗੁਲੇਲੇ ਨੇ ਵਾਰ ਕਰ ਦੇਣਾ ਹੈ। ***'ਕਾਲ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥' (ਪੰਨਾ – 631),*** ਉਹ ਤਾਂ ਮੂੰਹ ਅੱਡੀ ਫਿਰਦਾ ਹੈ।

***ਧਾਰਨਾ – ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ –2, 2***

***ਮੇਰੇ ਪਿਆਰੇ, ਚੋਗਾ ਚੁਗਦੇ ਦੇ - 2, 2.***
***ਤੇਰੇ ਕਾਲ ਨੇ ਗੁਲੇਲਾ ਮਾਰਨੈ,..........-2.***

ਤੈਨੂੰ ਚੌਰਾਸੀ ਲੱਖ ਜੂਨੀਆਂ ਘੁੰਮਣ ਤੋਂ ਬਾਅਦ ਇਹ ਮਾਨਸ ਜਨਮ ਮਿਲਿਆ ਹੈ, ਪਤਾ ਨਹੀਂ ਵੀਹ ਕ੍ਰੋੜ ਸਾਲ ਲੱਗੇ ਹਨ ਜਾਂ ਅਰਬ ਸਾਲ ਲੱਗੇ ਹਨ, ਐਸੀਆਂ ਜੂਨੀਆਂ ਹਨ - ਚਾਰ ਲੱਖ ਤਾਂ ਪੱਥਰ ਦੀਆਂ ਜੂਨੀਆਂ ਹਨ। ਮੌਲਾਨਾ ਰੂਮੀ ਲਿਖਦਾ ਹੈ ਕਿ ਜਦੋਂ ਮੈਨੂੰ ਯਾਦ ਆਉਂਦਾ ਹੈ ਕਿ ਚਾਰ ਲੱਖ ਵਾਰੀ ਤਾਂ ਪੱਥਰਾਂ ਵਿਚ ਘੂਕ ਸੁੱਤਾ ਰਿਹਾ, ਜਦੋਂ 25% ਜਾਗ ਆਈ ਤਾਂ ਪੱਤੇ ਪੇੜ ਪੌਦਿਆਂ ਵਿਚ ਘੁੰਮਦਾ ਰਿਹਾ, ਜਦੋਂ 25% ਤੋਂ 50% ਤਕ ਜਾਗ ਆਈ ਤਾਂ ਉਡਣ ਵਾਲਾ ਪੰਛੀ ਬਣਿਆ - ਚਾਰ ਪੈਰਾਂ ਵਾਲਾ ਜਾਨਵਰ ਬਣਿਆ - ਢਿੱਡ ਦੇ ਭਾਰ ਟੁਰਨ ਵਾਲਾ ਰੀਂਗਣ ਵਾਲਾ ਜਾਨਵਰ ਬਣਿਆ - ਪਾਣੀ ਵਿਚ ਰਹਿਣ ਵਾਲਾ ਜਾਨਵਰ ਬਣਿਆ, ਫਿਰ ਬੜੀ ਮੁਸ਼ਕਲ ਨਾਲ ਮਨੁੱਖ ਦਾ ਜਾਮਾ ਮਿਲਿਆ ਤਾਂ 75% ਜਾਗ ਆਈ ਪਰ ਅਜੇ ਵੀ 25% ਸੁੱਤਾ ਪਿਆ ਹਾਂ ਕਿਉਂਕਿ ਇਸ ਸੁੱਤੇਪਨ ਵਿਚ ਆਪਣੇ ਅਸਲੀ ਸਰੂਪ ਦਾ ਗਿਆਨ ਨਹੀਂ ਹੋ ਰਿਹਾ। ਅਸਲੀ ਚੀਜ਼ ਪਤਾ ਨਹੀਂ ਲਗ ਰਹੀ, ਸੁਪਨੇ ਦੇ ਵਿਚ ਦਿਨ ਕੱਟ ਰਹੇ ਨੇ। ਦੋ ਕਿਸਮ ਦੇ ਸੁਪਨੇ ਹਨ, ਇਕ ਉਹ ਸੁਪਨਾ ਹੈ ਜਦੋਂ ਸੂਖਸ਼ਮ ਮਨ ਦੇ ਨਾਲ ਬਿਰਤੀ ਜੁੜੀ ਹੁੰਦੀ ਹੈ, ਉਸ ਵੇਲੇ ਉਹ ਸੁਪਨਾ ਆ ਰਿਹਾ ਹੁੰਦਾ ਹੈ ਜੋ ਰੈਣ ਦਾ ਹੁੰਦਾ ਹੈ, ਮਹਾਰਾਜ ਦਾ ਫੁਰਮਾਨ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***
***ਪੰਨਾ - 808***

ਪ੍ਰਾਣੀ ਤੂੰ ਕਿਉਂ ਭੁੱਲਿਆ ਹੋਇਆ ਹੈਂ? ਜਿਸ ਤਰ੍ਹਾਂ ਇਕ ਰਾਤ ਦਾ ਸੁਪਨਾ ਹੁੰਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਦਾ ਸੁਪਨਾ ਹੈ। ਜਿੰਨੇ ਵੱਡੇ ਵੱਡੇ ਸੰਸਾਰ ਤੇ ਆਏ ਸੀ - ਸਭ ਛੱਡ ਕੇ ਚਲੇ ਗਏ। ਤੂੰ ਵੀ ਇਕ ਲੰਮੇ ਸੁਪਨੇ ਵਿਚ ਹੀ ਪਿਆ ਹੋਇਆ ਹੈਂ, ਤੂੰ ਹੋਰ ਜਾਗ। ਤਾਂ ਆਦਮੀ ਕਹਿੰਦਾ ਹੈ ਕਿ ਮੈਂ ਤਾਂ ਜਾਗਿਆ ਹੋਇਆ ਹਾਂ, ਮੈਂ ਡਾਕਟਰ ਹਾਂ, ਮੈਂ ਪੀ-ਐਚ.ਡੀ ਹਾਂ, ਮੈਂ ਸਾਇੰਸਦਾਨ ਹਾਂ, ਹੁਣ ਮੈਂ ਐਟਮ ਬੰਬ ਵੀ ਬਣਾ ਲਿਆ ਹੈ, ਹਾਈਡਰੋਜਨ ਬੰਬ ਵੀ ਬਣਾ ਲਿਆ, ਮੈਂ ਗਾਮਾ ਰੇਜ਼ ਬੰਬ ਵੀ ਬਣਾ ਲਿਆ। ਕੀ ਮੈਂ ਅਜੇ ਵੀ ਸੁੱਤਾ ਹਾਂ? ਹਾਂ ਭਾਈ! ਤੂੰ ਅਜੇ ਵੀ ਸੁੱਤਾ ਹੈਂ, ਰਾਤ ਦੀ ਨੀਂਦ ਛੋਟੀ ਹੈ - ਸੁਪਨੇ ਦੀ ਨੀਂਦ ਜ਼ਰਾ ਜ਼ਿਆਦਾ ਲੰਬੀ ਹੈ -

***ਜਗਿ ਜੀਵਨੁ ਐਸਾ ਸੁਪਨੇ ਜੈਸਾ॥ ਪੰਨਾ - 482***

ਜਾਗਣ ਵਾਸਤੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਾਗੁ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥***
***ਪੰਨਾ - 726***

ਜੇਕਰ ਅਸੀਂ ਜਾਗ ਰਹੇ ਹੁੰਦੇ ਤਾਂ ਸਾਨੂੰ ਜਾਗਣ ਦਾ ਹੋਕਾ ਨਾ ਦਿੰਦੇ। ਅਸੀਂ ਸੁੱਤੇ ਪਏ ਹਾਂ, ਸਾਡੇ ਅੰਦਰ ਤਿੰਨ ਕਿਸਮ ਦੀ ਨੀਂਦ ਚਲ ਰਹੀ ਹੈ - ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ ਦਾ ਨਸ਼ਾ ਚਲ ਰਿਹਾ ਹੈ

– ਅੰਦਰ ਕੋਈ ਐਸੀ ਕਿਰਿਆ ਚਲ ਰਹੀ ਹੈ ਜੋ ਆਦਮੀ ਨੂੰ ਸੁਲਾ ਰਹੀ ਹੈ, ਇਸ ਨੂੰ ਜਾਗ ਨਹੀਂ ਆ ਰਹੀ, ਮਹਾਰਾਜ ਕਹਿੰਦੇ ਹਨ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***

***ਪੰਨਾ – 920***

ਇਨ੍ਹਾਂ ਤਿੰਨਾਂ ਗੁਣਾਂ ਵਿਚ ਸਾਰਾ ਸੰਸਾਰ ਸੌਂ ਗਿਆ ਤੇ ਸੁੱਤੇ ਦੀ ਸਾਰੀ ਉਮਰ ਲੰਘ ਗਈ ਪਰ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜਾਗਦਾ ਵੀ ਹੈ? ਕਹਿੰਦੇ ਹਾਂ, ਜਦੋਂ ਗੁਰੂ ਦੀ ਕ੍ਰਿਪਾ ਹੋ ਜਾਵੇ ਜਦੋਂ ਆਪਣੇ ਸਰੂਪ ਦੀ ਸੋਝੀ ਹੋ ਜਾਵੇ, ਸਰੂਪ ਦੇ ਵਿਚ ਨਿਵਾਸ ਹੋ ਜਾਵੇ – ਆਪਣੇ ਨਿਜ ਘਰ ਦੇ ਵਿਚ, ਸੋ ਦਰ ਦਾ ਪਤਾ ਲਗ ਜਾਵੇ, ਥਿਰ ਘਰ ਦੇ ਵਿਚ ਜਾ ਕੇ ਇਸ ਦਾ ਨਿਵਾਸ ਹੋ ਜਾਵੇ ਫੇਰ ਇਹ ਜਾਗ ਪਵੇਗਾ। ਜਦੋਂ ਜਾਗ ਗਿਆ ਫਿਰ ਇਸ ਨੂੰ ਨੀਂਦ ਨਹੀਂ ਆਉਂਦੀ, ਏਸੇ ਕਰਕੇ ਮਹਾਰਾਜ ਕਹਿੰਦੇ ਹਨ ਕਿ ਤੇਰੀ ਮਿਲਣ ਦੀ ਵਾਰੀ ਹੈ, ਤੂੰ ਸਿਮਰ, ਯਾਦ ਕਰ, ਪ੍ਰਮੇਸ਼ਰ ਦਾ ਨਾਮ ਜਪ। ਜੇ ਮਿਲਣ ਦੀ ਵਾਰੀ ਹੈ ਤਾਂ ਮਿਲਣ ਦਾ ਕੋਈ ਸਾਧਨ ਹੋਣਾ ਚਾਹੀਦਾ ਹੈ, ਨੀਂਦ ਵਿਚੋਂ ਜਾਗਣ ਦਾ ਕੋਈ ਤਰੀਕਾ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਹਨ, ਉਹ ਸਾਧਨ ਹੈ ਤੇਰਾ ਪਿਆਰ, ਜਿਸਨੂੰ ਭਗਤੀ ਆਖਦੇ ਹਨ, ਭਗਤੀ ਦੇ ਬਗੈਰ ਜੇ ਗਿਆਨ ਹੈ – ਸਾਧ ਸੰਗਤ ਜੀ! ਤਿੰਨ ਚੀਜ਼ਾਂ ਹਨ – ਕਰਮ, ਉਪਾਸਨਾ, ਗਿਆਨ-ਵਿਗਿਆਨ। ਕਰਮ ਹੁੰਦਾ ਹੈ, ਅੰਤਸ਼ਕਰਣ ਦੀ ਮੈਲ ਉਤਾਰਨ ਵਾਸਤੇ। ਪਰ ਉਹ ਹੋਵੇ ਨਿਸ਼ਕਾਮ ਕਰਮ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***

***ਪੰਨਾ – 651***

ਸਾਡਾ ਮਨ ਇਤਨਾ ਮੈਲਾ ਹੋ ਚੁੱਕਾ ਹੈ ਜਿਵੇਂ ਕੋਹਲੂ ਦੀ ਲੀਰ ਹੁੰਦੀ ਹੈ ਉਸ ਲੀਰ ਨੂੰ ਭਾਵੇਂ ਕਿਤਨੀ ਵਾਰੀ ਧੋ ਲਓ, ਉਸ ਦੀ ਚਿਕਨਾਈ ਨਹੀਂ ਉਤਰਦੀ। ਇਸੇ ਤਰ੍ਹਾਂ ਸਾਡੀ ਮੱਤ ਮੈਲੀ ਹੋਈ ਪਈ ਹੈ ਪਰ ਇਸ ਦਾ ਇਲਾਜ ਵੀ ਹੈ –

***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

***ਪੰਨਾ – 4***

ਕਰਮ ਵੀ ਦੋ ਕਿਸਮ ਦੇ ਹੁੰਦੇ ਹਨ ਇਕ ਸ਼ੁਭ ਤੇ ਦੂਜੇ ਅਸ਼ੁਭ ਕਰਮ। ਮਾੜੇ ਕਰਮ ਆਦਮੀ ਨੂੰ ਨਰਕਾਂ ਵਿਚ ਲੈ ਜਾਂਦੇ ਹਨ, ਜਿਸ ਤਰ੍ਹਾਂ ਕਿ ਨਿੰਦਿਆ ਕਰਨੀ, ਈਰਖਾ ਕਰਨੀ, ਚੁਗਲੀ ਕਰਨੀ, ਝੂਠ ਬੋਲਣਾ, ਦੂਜੇ

ਨਾਲ ਛਲ ਕਪਟ ਕਰਨਾ, ਹਿੰਸਾ ਕਰਨੀ, ਕਿਸੇ ਨੂੰ ਸਰੀਰਕ ਤੌਰ ਤੇ ਦੁਖ ਦੇਣਾ, ਇਹ ਹਿੰਸਾ ਚਾਹੇ ਮਨ ਦੀ ਹੈ, ਸਰੀਰ ਦੀ ਹੈ ਜਾਂ ਵਾਕ ਦੀ ਹੈ, ਸਭ ਹਿੰਸਾ ਹੀ ਹੈ, ਇਹ ਸਭ ਮੈਲੇ ਕਰਮ ਹਨ। ਮੈਲੇ ਕਰਮਾਂ ਨਾਲ ਆਦਮੀ ਦਾ ਮਨ ਮੈਲਾ ਹੋ ਜਾਂਦਾ ਹੈ, ਜਦੋਂ ਮਨ ਮੈਲਾ ਹੋ ਗਿਆ, ਭਾਵੇਂ ਅਠਾਹਠ ਤੀਰਥਾਂ ਤੇ ਇਸ਼ਨਾਨ ਕਰ ਆਵੇ, ਜੋ ਕਰਨਾ ਹੈ ਕਰ ਲਵੇ, ਜਦੋਂ ਤਕ ਮਨ ਨਿਰਮਲ ਨਹੀਂ ਹੁੰਦਾ, ਕੋਈ ਲਾਭ ਨਹੀਂ –

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥***

***ਪੰਨਾ – 558***

ਭਾਵੇਂ ਤਨ ਕਿਤਨਾ ਵੀ ਸਾਫ ਕਰ ਲੈ, ਵਧੀਆ ਤੋਂ ਵਧੀਆ ਸਾਬਣ ਵਰਤ ਲੈ, ਜਦੋਂ ਤਕ ਤੇਰਾ ਮਨ ਮੈਲਾ ਹੈ, ਤਨ ਧਿਰਕਾਰਿਆ ਹੋਇਆ ਹੈ, ਜਿਵੇਂ ਕ੍ਰੋਧ ਬਾਰੇ ਹੀ ਵੀਚਾਰੋ।

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥***

***ਪੰਨਾ – 40***

ਬਾਹਰੋਂ ਤਾਂ ਬਹੁਤ ਸਾਫ ਸੁਥਰਾ ਹੈ ਪਰ ਅੰਦਰ ਕ੍ਰੋਧ ਚਿੰਬੜਿਆ ਹੈ। ਕ੍ਰੋਧੀ ਪੁਰਸ਼ ਦੇ ਨੇੜੇ ਨਾ ਜਾਓ, ਉਹ ਤਾਂ ਮੈਲਾ ਭਿੱਟਿਆ ਹੋਇਆ ਹੈ। ਸੋ ਮਨ ਦੀ ਨਿਰਮਲਤਾਈ, ਅੰਤਸ਼ਕਰਣ ਦੀ ਨਿਰਮਲਤਾਈ ਨੂੰ ਗਿਣਿਆ ਹੈ – ਏਸ ਨੂੰ ਸ਼ੁਭ ਕਰਮ ਦੂਰ ਕਰਦੇ ਹਨ। ਸ਼ੁਭ ਕਰਮ ਵੀ ਦੋ ਤਰ੍ਹਾਂ ਦੇ ਹੁੰਦੇ ਹਨ ਇਕ ਤਾਂ ਬੰਦਾ ਮਜ਼ਦੂਰੀ ਲੈ ਕੇ ਸ਼ੁਭ ਕਰਮ ਕਰ ਲੈਂਦਾ ਹੈ, ਪਾਠ ਕਰਾ ਲਿਆ, ਮੇਰਾ ਫਲਾਣਾ ਕੰਮ ਹੋ ਜਾਵੇ, ਸੇਵਾ ਕਰ ਲਈ, ਜੋੜੇ ਝਾੜ ਲਏ, ਮੇਰੀ ਬਿਮਾਰੀ ਹਟ ਜਾਵੇ; ਹਟ ਵੀ ਜਾਂਦੀ ਹੈ ਕਿਉਂਕਿ ਸੰਗਤ ਵਿਚ ਪ੍ਰਮੇਸ਼ਰ ਹੋਇਆ ਕਰਦਾ ਹੈ। ਐਸਾ ਗੁਰੂ ਮਹਾਰਾਜ ਦਾ ਮਤ ਹੈ ਕਿ ਜਿਥੇ ਸਤਿਸੰਗ ਹੁੰਦਾ ਹੈ, ਉਥੇ ਵੀ ਬੈਕੁੰਠ ਹੁੰਦਾ ਹੈ, ਉਥੇ ਤੇਤੀ ਕਰੋੜ ਦੇਵਤਾ ਆ ਕੇ ਨਿਵਾਸ ਰੱਖਿਆ ਕਰਦੇ ਹਨ, ਉਥੇ ਜੋੜੇ ਝਾੜਦੇ ਹਾਂ ਬਰਕਤ ਹੋਇਆ ਕਰਦੀ ਹੈ। 68 ਤੀਰਥ ਆਪਣਾ ਫਲ ਲੈ ਕੇ ਬੈਠਦੇ ਹਨ, ਆਸ ਕਰਦੇ ਹਨ ਜੇ ਕੋਈ ਮੇਰੇ ਤੋਂ ਫਲ ਮੰਗ ਲਵੇ ਤਾਂ ਮੇਰੇ ਧੰਨ ਭਾਗ ਹੋਣਗੇ। ਜਿਥੇ ਹਰੀ ਦਾ ਜਸ ਹੁੰਦਾ ਹੈ –

***ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ।***

ਉਥੇ ਗੰਗਾ ਆਦਿ ਜੋ ਮੁੱਖ ਤੀਰਥ ਹਨ, ਆ ਕੇ ਨਿਵਾਸ ਕਰ ਲਿਆ ਕਰਦੇ ਹਨ। ਉਸ ਨੇ ਵਾਸ਼ਨਾ ਸਹਿਤ, ਕਾਮਨਾ ਸਹਿਤ ਕੰਮ ਕਰ ਲਿਆ, ਇਸ ਨੂੰ ਸਾਕਾਮ ਕਰਮ ਕਹਿੰਦੇ ਹਨ ਇਹ ਇਕ ਮਜ਼ਦੂਰ ਦੀ ਤਰ੍ਹਾਂ ਹੁੰਦਾ ਹੈ – ਮਜ਼ਦੂਰੀ ਲੈ ਲਈ ਤੇ ਕੰਮ ਕਰ ਲਿਆ। ਦੂਸਰਾ ਹੁੰਦਾ ਹੈ ਨਿਸ਼ਕਾਮ ਕਰਮ। ਨਿਸ਼ਕਾਮ ਕਰਮ ਉਹ ਹੁੰਦੇ ਹਨ ਜਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰੇਰਨਾ ਅਨੁਸਾਰ ਕਰਮਾਂ ਨੂੰ own (ਅਪਣਾਇਆ) ਨਹੀਂ ਕਰਦਾ। ਜੇ ਉਹ ਸੋਚੇ ਕਿ ਇਹ ਸ਼ੁਭ ਕਰਮ ਮੈਂ ਕੀਤੇ ਹਨ ਤਾਂ ਉਨ੍ਹਾਂ ਨੂੰ ਜੰਮਣਾ ਮਰਨਾ ਪੈਂਦਾ

ਹੈ, ਸਵਰਗ ਵਿਚ ਚਲਾ ਗਿਆ ਤਾਂ ਵੀ ਮੁੜ ਕੇ ਆਏਗਾ, ਇੰਦਰ ਲੋਕ ਵਿਚ ਗਿਆ ਤਾਂ ਵੀ ਮੁੜ ਕੇ ਆਏਗਾ, ਬ੍ਰਹਮ ਲੋਕ ਵਿਚ ਗਿਆ ਤਾਂ ਵੀ ਮੁੜ ਕੇ ਆਏਗਾ। ਮੈਂ (ਅਹੰ) ਧਾਰਨ ਦੇ ਨਾਲ ਉਹਦਾ ਫਲ ਮਿਲਿਆ ਕਰਦਾ ਹੈ ਜਿਹੜਾ own ਕਰਦਾ ਹੈ, ਕਰਮ ਨੂੰ ਅਪਣਾਅ ਲੈਂਦਾ ਹੈ, ਜਿਸ ਤਰ੍ਹਾਂ ਕਿ ਸੋਚੇ ਕਿ ਮੈਂ ਕੀਰਤਨ ਕਰਦਾ ਹਾਂ, ਮੈਂ ਸਿੱਖੀ ਦਾ ਪ੍ਰਚਾਰ ਕਰਦਾ ਹਾਂ। ਤੂੰ ਕਰਦਾ ਤਾਂ ਹੈਂ ਪਰ ਤੇਰੀ approach (ਪਹੁੰਚ) ਗਲਤ ਹੈ, ਤੂੰ ਆਪਣੇ ਹੱਥ ਵਿਚ ਸੋਨੇ ਦੀ ਹਥਕੜੀ ਪਾ ਰਿਹਾ ਹੈਂ।

ਨਿਸ਼ਕਾਮ ਕਰਮ ਉਹ ਹੁੰਦੇ ਹਨ ਜਿਨ੍ਹਾਂ ਨੂੰ ਆਦਮੀ ਕਰਨ ਤੋਂ ਬਾਅਦ ਅਪਣਾਉਣਾ ਨਹੀਂ ਕਰਦਾ, ਸਗੋਂ ਕਹਿੰਦਾ ਹੈ ਕਿ ਵਾਹਿਗੁਰੂ ਦੀ ਬੜੀ ਕ੍ਰਿਪਾ ਹੈ, ਜਿਸ ਨੇ ਸਰੀਰ ਨੂੰ ਪਵਿੱਤਰ ਕਰਨ ਦਾ ਮੌਕਾ ਦਿਤਾ ਹੈ। ਜਿਹੜਾ ਐਸੀ ਦੇ ਨਾਲ ਬਿਰਤੀ ਨਾਲ ਕੰਮ ਕਰਦਾ ਹੈ, ਉਸ ਦਾ ਮਨ ਨਿਰਮਲ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨੂੰ ਅੰਤਸ਼ਕਰਣ ਕਹਿੰਦੇ ਹਨ ਕਿਉਂਕਿ ਮਨ ਨੂੰ ਅੰਤਸ਼ਕਰਣ ਦੇ ਥਾਂ ਤੇ ਵਰਤਿਆ ਗਿਆ ਹੈ, ਅੰਤਸ਼ਕਰਣ ਦੇਹੀ ਵਿਚ ਇਕ ਪੁਰਜਾ ਹੈ, ਜਿਸ ਵਿਚ ਚਾਰ ਚੀਜ਼ਾਂ ਆਉਂਦੀਆਂ ਹਨ, ਉਸ ਵਿਚ ਇਕ ਤਾਂ ਚਿੱਤ ਹੈ, ਜੋ ਕਿ ਚੇਤਨਤਾ ਹੈ, ਦੂਜਾ ਉਸ ਵਿਚ ਅਹੰਭਾਵ ਹੈ (I am), ਤੀਜੀ ਬੁੱਧੀ ਹੈ, ਚੌਥਾ ਮਨ ਹੈ, ਸੋ ਮੈਲੇ ਹੋਣ ਕਰਕੇ ਆਦਮੀ ਭਟਕਦਾ ਹੈ ਤੇ ਸੁੱਤਾ ਪਿਆ ਹੈ, ਨਿਸ਼ਕਾਮ ਕਰਮ ਕਰਨ ਨਾਲ, ਸੇਵਾ ਕਰਨ ਨਾਲ, ਨਾਮ ਜਪਣ ਨਾਲ ਇਹ ਮੈਲ ਲਹਿ ਜਾਇਆ ਕਰਦੀ ਹੈ –

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥***
***ਪੰਨਾ – 4***

ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਫਿਰ ਤੀਬਰ ਬੈਰਾਗ ਆਇਆ ਕਰਦਾ ਹੈ, ਬਾਅਦ ਵਿਚ ਤੀਬਰ ਤਰ ਬੈਰਾਗ ਆ ਜਾਂਦਾ ਹੈ ਕਿ ਹੁਣ ਹੀ, ਇਸੇ ਜਨਮ ਵਿਚ ਹੀ ਵਾਹਿਗੁਰੂ ਨੂੰ ਮਿਲੀਏ, ਕਿਤਨਾ ਵਕਤ ਲੰਘ ਗਿਆ। ਪਿਛੇ ਕਦੀ ਧਿਆਨ ਦੇ ਕੇ ਦੇਖੋ ਕਿ ਸਮਾਂ ਕਿਧਰ ਚਲਾ ਗਿਆ, ਬਚਪਨ ਨੂੰ ਜਵਾਨੀ ਖਾ ਗਈ, ਜਵਾਨੀ ਨੂੰ ਬੁਢੇਪਾ ਖਾ ਗਿਆ, ਫਿਰ ਤੈਨੂੰ ਮੌਤ ਨੇ ਨਿਵਾਲਾ (ਬੁਰਕੀ) ਬਣਾ ਲੈਣਾ ਹੈ। ਜੇ ਕਦੀ ਇਹੀ ਸੋਚਦੇ ਰਹੋ ਕਿ ਮੈਂ ਫਲਾਣਾ ਕੰਮ ਕਰਕੇ ਫਿਰ ਨਾਮ ਜਪਾਂਗਾ – ਇਹ ਤਾਂ ਕਦੀ ਹੋ ਹੀ ਨਹੀਂ ਸਕਦਾ। ਪਤਾ ਨਹੀਂ ਕਿਸ ਵੇਲੇ ਕਦੋਂ ਤੇ ਕਿਥੇ ਕਾਲ ਦਾ ਗੁਲੇਲਾ ਵਜ ਜਾਵੇ ਫਿਰ–

***ਮਨ ਕੀ ਮਨ ਹੀ ਮਾਹਿ ਰਹੀ॥***
***ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ ਪੰਨਾ – 631***

ਫਿਰ ਵਿਚੇ ਹੀ ਸਾਰਾ ਕੰਮ ਰਹਿ ਜਾਂਦਾ ਹੈ। ਸੋ ਮਹਾਰਾਜ ਫੁਰਮਾਉਂਦੇ ਹਨ ਕਿ ਜਲਦੀ ਤੋਂ ਜਲਦੀ ਸਾਰਾ ਕੰਮ ਕਰ ਲੈ, ਦੂਜੀ ਹੁੰਦੀ ਹੈ ਉਪਾਸ਼ਨਾ

– ਉਪਾਸ਼ਨਾ ਨੂੰ ਭਗਤੀ ਕਹਿੰਦੇ ਹਨ। ਤੀਜਾ ਹੁੰਦਾ ਹੈ – ਗਿਆਨ; ਜੇ ਤਾਂ ਗਿਆਨ ਭਗਤੀ ਤੋਂ ਬਾਅਦ ਆਵੇ ਤਾਂ ਤੇ ਗਿਆਨ ਸਕਾਰਥ ਹੁੰਦਾ ਹੈ, ਜੇ ਗਿਆਨ ਭਗਤੀ ਤੋਂ ਬਿਨਾਂ ਆਉਂਦਾ ਹੈ ਜਿਸਨੂੰ ਬੁੱਧੀ ਦਾ ਗਿਆਨ ਆਉਂਦਾ ਹੈ ਤਾਂ ਆਦਮੀ ਭਟਕ ਜਾਂਦਾ ਹੈ। ਇਸ ਨੂੰ ਬੱਧ ਗਿਆਨ ਕਹਿੰਦੇ ਹਨ। ਬੱਧ ਗਿਆਨ ਦਾ ਮਤਲਬ ਹੈ ਭ੍ਰਿਸ਼ਟ ਗਿਆਨ ਅਤੇ ਭ੍ਰਿਸ਼ਟ ਗਿਆਨ ਆਦਮੀ ਨੂੰ ਵਿਕਾਰੀ ਬਣਾ ਦਿੰਦਾ ਹੈ।

ਇਕ ਵਾਰੀ ਪੰਜਵੇਂ ਪਾਤਸ਼ਾਹ ਜੀ ਮਹਾਰਾਜ ਅੰਮ੍ਰਿਤ ਸਰੋਵਰ ਦੇ ਕੋਲ ਬੈਠ ਕੇ ਬਾਣੀ ਦਾ ਉਚਾਰਨ ਕਰ ਰਹੇ ਸਨ ਤਾਂ ਉਸ ਵੇਲੇ ਲਾਹੌਰ ਦੇ ਭਗਤਾਂ ਨੇ ਆਪਸ ਵਿਚ ਸਲਾਹ ਕੀਤੀ। ਭਾਈ ਛੱਜੂ, ਭਾਈ ਕਾਨ੍ਹਾ, ਸ਼ਾਹ ਹੁਸੈਨ ਨੇ ਹੋਰ ਚਾਰ ਪੰਜ ਭਗਤ ਜਿੰਨੇ ਓਥੇ ਮੌਜੂਦ ਸਨ ਕਹਿਣ ਲੱਗੇ ਕਿ ਪਿਛਲੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਚਾੜ੍ਹੀ ਜਾ ਰਹੀ ਹੈ – ਗੁਰੂ ਮਹਾਰਾਜ ਨੇ ਭਗਤ ਕਬੀਰ ਜੀ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ ਹੈ, ਨਾਮਦੇਵ ਜੀ ਦੀ ਬਾਣੀ, ਰਵਿਦਾਸ ਜੀ ਦੀ ਅਤੇ ਸਧਨੇ ਕਸਾਈ ਵਰਗੇ ਦੀ ਬਾਣੀ ਵੀ ਚੜ੍ਹਾ ਦਿਤੀ। ਆਪਾਂ ਤਾਂ ਚੰਗੇ ਮੰਨੇ ਪਰਮੰਨੇ ਸੰਤ ਹਾਂ, ਦੂਰ ਦਰਾਜ਼ ਤਕ ਸਾਡੀ ਸਿੱਖੀ ਸੇਵਕੀ ਹੈ, ਕੀ ਗੱਲ ਸਾਡਾ ਪਤਾ ਗੁਰੂ ਸਾਹਿਬ ਨੂੰ ਲੱਗਿਆ ਹੀ ਨਹੀਂ? ਭਾਈ ਕਾਨ੍ਹੇ ਨੇ ਮੀਟਿੰਗ ਬੁਲਾਈ ਤੇ ਕਿਹਾ ਜੇ ਗੁਰੂ ਸਾਹਿਬ ਨੂੰ ਸਾਡਾ ਨਹੀਂ ਪਤਾ ਲੱਗਿਆ ਤਾਂ ਆਪਾਂ ਸਾਰੇ ਗੁਰੂ ਜੀ ਕੋਲ ਚਲਦੇ ਹਾਂ, ਜੇਕਰ ਸਾਡੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹ ਗਈ ਤਾਂ ਸਾਡਾ ਨਾਮ ਬਹੁਤ ਦੇਰ ਤਕ ਰਹੇਗਾ, ਨਾਲੇ ਸਾਡੀ ਬਾਣੀ ਬਹੁਤ ਵਧੀਆ ਹੈ। ਆਪਾਂ ਜਾ ਕੇ ਗੁਰੂ ਮਾਹਾਰਾਜ ਨੂੰ ਪੁਛਦੇ ਹਾਂ। ਸੋ ਅਭਿਮਾਨ ਨਾਲ ਭਰੇ ਹੋਏ ਗੁਰੂ ਮਹਾਰਾਜ ਦੇ ਦਰਬਾਰ ਵਿਚ ਆ ਗਏ – ਮਹਾਰਾਜ ਜੀ ਨੂੰ ਖਬਰ ਹੋ ਗਈ ਕਿ ਲਾਹੌਰ ਵਾਲੇ ਭਗਤ ਆਏ ਹਨ। ਗੁਰੂ ਮਹਾਰਾਜ ਨੇ ਕਿਹਾ ਉਨ੍ਹਾਂ ਦਾ ਪੂਰਾ ਆਦਰ ਕਰੋ, ਪੂਰੇ ਆਦਰ ਨਾਲ ਉਨ੍ਹਾਂ ਨੂੰ ਪ੍ਰਸ਼ਾਦ ਛਕਾਓ ਤੇ ਨਿਵਾਸ ਕਰਾਓ। ਜਦੋਂ ਮਹਾਰਾਜ ਜੀ ਵਿਹਲੇ ਹੋਏ ਤਾਂ ਉਨ੍ਹਾਂ ਸਾਰਿਆਂ ਨੂੰ ਬੁਲਾਇਆ, ਕਹਿਣ ਲੱਗੇ ਸਾਡੇ ਧੰਨ ਭਾਗ ਜੋ ਸੰਤਾਂ ਨੇ ਦਰਸ਼ਨ ਦਿਤੇ, ਜਿੰਨੇ ਕਦਮ ਆਪ ਚੱਲ ਕੇ ਆਏ ਹੋ, ਅਸੀਂ ਉਸ ਦੇ ਰਿਣੀ ਹਾਂ; ਦੱਸੋ ਕੀ ਹੁਕਮ ਹੈ? ਕਹਿਣ ਲੱਗੇ, "ਮਹਾਰਾਜ! ਤੁਸੀਂ ਪਿਛਲੇ ਭਗਤਾਂ ਦੀ ਬਾਣੀ ਦਰਜ ਕਰ ਰਹੇ ਹੋ, ਉਨ੍ਹਾਂ ਦੀ ਬਾਣੀ ਨੂੰ ਪ੍ਰਵਾਨਗੀ ਦੇ ਰਹੇ ਹੋ, ਸਾਨੂੰ ਤੁਸੀਂ ਬੁਲਾਇਆ ਤਕ ਨਹੀਂ ਹੈ।" ਗੁਰੂ ਮਹਾਰਾਜ ਜੀ ਕਹਿਣ ਲੱਗੇ, "ਸੰਤੋ! ਗੁਰੂ ਨਾਨਕ ਦਾ ਜੋ ਮਤ ਹੈ, ਉਸ ਵਿਚ ਵਰਤਣ ਤਾਂ ਬੈਰਾਗ ਦੀ ਹੈ, ਮੁੱਖ ਭਗਤੀ, ਨਿਹਚੇ ਗਿਆਨ, ਤਿੰਨ ਚੀਜ਼ਾਂ ਹਨ। ਸੰਸਾਰ ਵਿਚ ਰਹਿਣਾ ਹੈ ਪਰ ਬੈਰਾਗ ਧਾਰ ਕੇ ਰਹਿਣਾ ਹੈ, ਕਿਸੇ ਚੀਜ਼ ਵਿਚ ਫਸਣਾ ਨਹੀਂ ਹੈ, ਦੂਜੀ ਭਗਤੀ ਕਰਨੀ ਹੈ, ਫੋਕਾ ਗਿਆਨ ਨਹੀਂ ਲਿਆਉਣਾ, ਭਗਤੀ ਤੋਂ ਬਾਅਦ ਜਦੋਂ ਪ੍ਰੇਮਾ ਭਗਤੀ ਵਿਚ ਪਹੁੰਚ ਗਏ ਫਿਰ ਪਰਾ ਭਗਤੀ ਤੇ ਅਪਰਾ ਭਗਤੀ ਦਾ ਜੋ ਗਿਆਨ ਹੈ, ਉਸ ਨੂੰ ਗੁਰੂ ਨਾਨਕ ਦਾ ਮੱਤ ਪ੍ਰਵਾਨ ਕਰਦਾ ਹੈ, ਦੂਜੇ ਨੂੰ ਨਹੀਂ ਕਰਦਾ। ਚੰਗਾ ਤੁਸੀਂ ਆਏ ਹੋ, ਕ੍ਰਿਪਾ ਕਰਕੇ ਤੁਸੀਂ ਆਪਣੀ ਆਪਣੀ ਬਾਣੀ

ਸੁਣਾਓ, ਤਾਂ ਉਸ ਵੇਲੇ ਕਾਨ੍ਹਾ ਭਗਤ ਜੋ ਕਾਫੀ ਅਭਿਮਾਨ ਵਿਚ ਰਿਹਾ ਕਰਦਾ ਸੀ, ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕਰਦਾ ਸੀ ਕਿ ਜੇਕਰ ਮੈਂ ਚਾਹਾਂ ਤਾਂ ਸਾਰਾ ਸੰਸਾਰ ਖਤਮ ਕਰ ਦਿਆਂ, ਮੈਂ ਹੀ ਸਾਰਾ ਸੰਸਾਰ ਪੈਦਾ ਕੀਤਾ ਹੈ, ਉਹ ਆਪਣੀ ਬਾਣੀ ਉਚਾਰਨ ਲੱਗਾ–

***ਮੈਂ ਹੂੰ ਬ੍ਰਹਮ ਸਰਬ ਕਾ ਕਰਤਾ***
***ਸਗਲ ਜਗਤ ਮੇਰੇ ਤੇ ਜਾਨ॥***

ਕਹਿਣ ਲੱਗਾ, "ਮੈਂ ਹੀ ਬ੍ਰਹਮ ਹਾਂ – ਸਾਰਾ ਸੰਸਾਰ ਬਣਾਉਣ ਵਾਲਾ ਤੇ ਸਾਰਾ ਸੰਸਾਰ ਮੇਰੇ ਤੋਂ ਹੀ ਜਾਣੋ –

***ਸਕਲ ਅਰਾਧੇ ਮੇਰੇ ਤਾਂਈ ਅਬ ਮੈਂ ਹੋਇਓ ਕਾਹਨਾ॥***

ਕਹਿਣ ਲੱਗਾ ਸਭ ਤੇਤੀਸ ਕ੍ਰੋੜ ਦੇਵਤੇ, ਮਹਾਂਪੁਰਸ਼ ਅਵਤਾਰ ਸਭ ਮੇਰੀ ਆਰਾਧਨਾ ਕਰਦੇ ਹਨ ਤੇ ਮੈਂ ਹੁਣ ਕਾਨ੍ਹਾ ਕਹਾ ਰਿਹਾ ਹਾਂ। ਗੁਰੂ ਮਹਾਰਾਜ ਜੀ ਨੇ ਫੁਰਮਾਇਆ, ਸੰਤ ਜੀ! ਇਸ ਵਿਚ ਉਹ ਚੀਜ਼ ਨਹੀਂ ਹੈ ਜਿਹੜੀ ਅਸੀਂ ਚਾਹੁੰਦੇ ਹਾਂ, ਇਹ ਤੁਹਾਡੀ ਬਾਣੀ ਅਭਿਮਾਨ ਦੀ ਹੈ, ਹੋਂਦ ਕਾਇਮ ਰੱਖਣ ਵਾਲੀ। ਅਸੀਂ ਅਣਹੋਂਦ ਪ੍ਰਵਾਨ ਕਰਦੇ ਹਾਂ। 'ਮੈਂ', ਸ਼ਬਦ ਵਿਚ ਸੂਖਮ ਭੀ ਤੇ ਸਥੂਲ ਭੀ ਦੋਨੋਂ ਕਿਸਮ ਦੀਆਂ ਹਉਮੈ ਹਨ। ਇਹ ਹਉਮੈ ਜਨਮ ਮਰਨ ਦਾ ਮੂਲ ਕਾਰਨ ਹੈ। ਜਦੋਂ ਸਾਡੇ ਸਿੱਖਾਂ ਨੇ ਇਹ ਬਾਣੀ ਪੜ੍ਹੀ ਤਾਂ ਉਨ੍ਹਾਂ ਨੇ ਇਸ਼ਨਾਨ ਕਰਨਾ ਵੀ ਛੱਡ ਦੇਣਾ ਹੈ, ਨਾਮ ਜਪਣਾ ਛੱਡ ਦੇਣਗੇ, ਦਾਨ ਕਰਨਾ ਛੱਡ ਦੇਣਗੇ, ਭਾਈਚਾਰਕ ਜੀਵਨ ਦਾ ਸੰਤੁਲਨ ਵਿਗੜ ਜਾਵੇਗਾ।

ਬਾਣੀ ਅਸੀਂ ਆਮ ਗ੍ਰਿਹਸਤੀਆਂ ਵਾਸਤੇ ਪਰਖ ਕੇ ਦਰਜ ਕਰ ਰਹੇ ਹਾਂ ਕਿਉਂਕਿ ਅਸੀਂ ਉਨ੍ਹਾਂ ਦਾ ਉਧਾਰ ਕਰਨਾ ਹੈ। ਹੁਣ ਕਲਜੁਗ ਦਾ ਜ਼ਮਾਨਾ ਹੈ। ਇਸ ਵਿਚ ਆਦਮੀ ਪਹਿਲਾਂ ਹੀ ਮੈਲਾ ਹੋਇਆ ਹੋਇਆ ਹੈ। ਇਹ ਬਾਣੀ ਪੜ੍ਹਨ ਨਾਲ ਤਾਂ ਉਸ ਤੇ ਹੋਰ ਵੀ ਮੈਲ ਚੜ੍ਹ ਜਾਵੇਗੀ।

ਤੁਹਾਨੂੰ ਗੱਲ ਇਕ ਦ੍ਰਿਸ਼ਟਾਂਤ ਨਾਲ ਸਮਝਾਉਂਦੇ ਹਾਂ, ਦੇਖੋ ਗੁੱਸਾ ਨਾ ਕਰਨਾ। ਇਕ ਬੰਦਾ ਖੰਘ ਨਾਲ ਬਿਮਾਰ ਹੈ, ਉਸ ਦੀ ਕਫ ਵਧੀ ਹੋਈ ਹੈ। ਜੇ ਉਸ ਨੂੰ ਘਿਓ ਖਵਾ ਦਿਓ, ਉਸ ਦੀ ਕਫ ਹੋਰ ਵੀ ਵਧ ਜਾਵੇਗੀ, ਨਾਲੇ ਅਤੀਸਾਰ ਵੀ ਲਗ ਜਾਣਗੇ, ਦਸਤ ਲਗ ਜਾਣਗੇ, ਮਰੋੜੇ ਲਗ ਜਾਣਗੇ। ਘਿਓ ਨਾਲ ਉਸ ਦਾ ਇਲਾਜ ਤਾਂ ਨਾ ਹੋਇਆ ਸਗੋਂ ਜ਼ਿਆਦਾ ਬਿਮਾਰ ਹੋ ਗਿਆ। ਸਹੀ ਤਰੀਕੇ ਨਾਲ ਖਾਧਾ ਘੀ ਪੌਸ਼ਟਕਤਾ ਦਿੰਦਾ ਹੈ।

ਸੋ ਸੰਤ ਜੀ! ਅਗਰ ਆਦਮੀ ਅਭਿਮਾਨ ਨਾਲ ਬਿਮਾਰ ਹੋਵੇ ਅਤੇ ਕਹਿਣ ਲੱਗ ਜਾਵੇ ਕਿ ਮੈਂ ਹੀ ਰੱਬ ਹਾਂ, ਮੈਂ ਹੀ ਅਕਾਲ ਪੁਰਖ ਹਾਂ, ਮੈਂ ਹੀ ਸਾਰੇ ਸੰਸਾਰ ਨੂੰ ਬਣਾਇਆ ਹੈ ਫੇਰ ਨਤੀਜਾ ਕੀ ਨਿਕਲੇਗਾ? ਉਹ ਕੁਕਰਮਾਂ ਵਿਚ ਪ੍ਰਵਿਰਤ ਹੋ ਜਾਵੇਗਾ ਕਿਉਂਕਿ ਗਿਆਨ ਉਹਦੇ ਹਿਰਦੇ ਵਿਚ ਨਹੀਂ ਵਸਿਆ ਪਰ ਬੁੱਧੀ ਦਾ ਗਿਆਨ ਆ ਗਿਆ। ਸੋ ਉਹ ਅਨਅਧਿਕਾਰੀ

ਹੈ, ਕੁਕਰਮੀ ਬਣ ਜਾਏਗਾ, ਸੋ ਜੋ ਵਾਚ ਗਿਆਨੀ ਹੈ ਉਹ ਧਰਮ ਕਰਮ ਛੱਡ ਦੇਵੇਗਾ, ਐਸਾ ਗੁਰਮਤਿ ਵਿਚ ਮਰਿਆ ਤੇ ਸੜਿਆ ਹੋਇਆ ਜੰਤ ਹੈ ਅਸੀਂ ਐਸੇ ਜੀਵਨ ਨੂੰ ਪ੍ਰਵਾਨ ਨਹੀਂ ਕਰਦੇ ਕਿਉਂਕਿ ਵਾਚ ਗਿਆਨੀ ਹੈ। ਐਸਾ ਫੁਰਮਾਨ ਹੈ –

*ਧਾਰਨਾ – ਮ੍ਰਿਤਕ ਕਹੀਏ ਨਾਨਕਾ,*
*ਮ੍ਰਿਤਕ ਕਹੀਏ ਨਾਨਕਾ – 2, 2.*
*ਜੇ ਪ੍ਰੀਤ ਨਹੀ ਭਗਵੰਤ – 2, 2.*
*ਮਿਰਤਕ ਕਹੀਐ ਨਾਨਕਾ,............–2.*

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

*ਪੰਨਾ – 253*

ਗੁਰੂ ਸਾਹਿਬ ਕਹਿਣ ਲੱਗੇ, "ਸੰਤ ਜੀ! ਇਹ ਮ੍ਰਿਤਕ ਗਿਆਨ ਹੈ, ਜੀਵਨ ਦੇਣ ਵਾਲਾ ਗਿਆਨ ਨਹੀਂ ਹੈ, ਇਹਦੇ ਨਾਲ ਜ਼ਿੰਦਗੀ ਨਹੀਂ ਰੁਮਕ ਸਕਦੀ। ਇਹ ਅਤਿ ਦੀਆਂ ਚੀਜ਼ਾਂ ਦੁਨੀਆਂ ਵਿਚ ਹਨ, ਸੁੰਦਰਤਾ ਦੀ ਹੱਦ ਹੋਈ ਪਈ ਹੋਵੇ, – ਕੁਲੀਨ – ਬਹੁਤ ਉਚੀ ਕੁਲ ਨਾਲ ਸਬੰਧ ਰਖਦਾ ਹੋਵੇ, ਚਤੁਰ – ਕਿਸੇ ਨੂੰ ਗੱਲ ਬਾਤ ਵਿਚ ਵਾਰੇ ਨਾ ਆਉਣ ਦੇਵੇ, ਗਿਆਨ ਭਗਤੀ ਸਹਿਤ ਹਾਸਲ ਨਾ ਕੀਤਾ ਹੋਵੇ, ਕੇਵਲ ਪੁਸਤਕਾਂ ਪੜ੍ਹ ਕੇ ਹੀ ਕੀਤਾ ਹੋਵੇ, ਧਨ ਵੀ ਭਾਵੇਂ ਬੇਅੰਤ ਹੋਵੇ ਪਰ ਜੇਕਰ ਜ਼ਿੰਦਗੀ ਦੀ ਰੌ ਨਹੀਂ ਰੁਮਕਦੀ, ਉਹਦੇ ਹਿਰਦੇ ਵਿਚ ਪਿਆਰ ਨਹੀਂ ਹੈ ਤਾਂ ਉਹ ਬੰਦਾ ਜਿਉਂਦਾ ਨਹੀਂ ਹੈ, ਮਰਿਆ ਹੋਇਆ ਹੈ, –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** *ਪੰਨਾ – 142*

ਜਿਸ ਜੀਵਨ ਵਿਚ ਰੌ ਨਹੀਂ ਰੁਮਕਦੀ ਉਹ ਮ੍ਰਿਤਕ ਦੇ ਸਮਾਨ ਹੈ। ਸੋ ਇਸ ਕਰਕੇ ਜੋ ਤੁਹਾਡਾ ਗਿਆਨ ਹੈ –

***ਮੈਂ ਹੂੰ ਬ੍ਰਹਮ ਸਰਬ ਕਾ ਕਰਤਾ***
***ਸਗਲ ਜਗਤ ਮੇਰੇ ਤੇ ਜਾਣ,***
***ਸਕਲ ਅਰਾਧੇ ਮੇਰੇ ਤਾਈ, ਅਬ ਮੈ ਹੋਇਓ ਕਾਨ੍ਹਾਂ॥***

ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਇਹ ਤਾਂ 'ਹਉਂ' ਦਾ ਪ੍ਰਤੱਖ ਰੂਪ ਹੈ, ਅਸੀਂ ਤਾਂ ਹਉ ਨੂੰ ਤੋੜਨ ਵਾਸਤੇ ਗੁਰਮਤਿ ਦਾ ਮਾਰਗ ਚਾਲੂ ਕੀਤਾ ਹੈ। ਸਾਧਸੰਗਤ ਜੀ! ਜਿਤਨਾ ਵੀ ਵਜੂਦ ਨਜ਼ਰ ਆਉਂਦਾ ਹੈ, ਹਉਮੈ ਕਰਕੇ ਹੈ। ਹੈਰਾਨੀ ਦੀ ਗੱਲ ਹੈ ਕਿ ਨਾ ਹਉਮੈ ਦੇਖੀ ਜਾਂਦੀ ਹੈ, ਨਾ ਹਉਮੈ

ਸੁਣੀ ਜਾਂਦੀ ਹੈ। ਬੋਹੜ ਦਾ ਦਰਖਤ ਇਤਨਾ ਵੱਡਾ ਹੁੰਦਾ ਹੈ ਕਿ ਇਕ ਇਕ ਏਕੜ ਵਿਚ ਫੈਲਿਆ ਦੇਖਿਆ ਹੈ, ਹਜ਼ਾਰਾਂ ਟਾਹਣੀਆਂ ਤੇ ਲੱਖਾਂ ਪੱਤੇ, ਪਰ ਪੈਦਾ ਕਿਥੋਂ ਹੁੰਦਾ ਹੈ, ਖਸ ਖਸ ਦੇ ਦਾਣੇ ਜਿੱਡਾ ਇਸ ਦਾ ਬੀਜ ਹੁੰਦਾ ਹੈ - ਹਥੇਲੀ ਤੇ ਰੱਖ ਲਓ ਤੇ ਕਿਸੇ ਨੂੰ ਪੁਛੋ ਕਿ ਕੀ ਤੈਨੂੰ ਇਹ ਬੀਜ ਨਜ਼ਰ ਆਉਂਦਾ ਹੈ, ਕੋਈ ਪੁਛਦਾ ਹੈ, ਇਹ ਕੀ ਹੈ ਤਾਂ ਕਹਿੰਦੇ ਹਨ ਇਹ ਬਟਕ ਬੀਜ ਹੈ -

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ॥ ਪੰਨਾ - 340***

ਇਸ ਪੇੜ ਦਾ ਐਨਾ ਵਿਸਥਾਰ ਹੈ ਕਿ ਜੇ ਇਸ ਨੂੰ ਨਾ ਵੱਢੋ ਤਾਂ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ, ਪੰਜ ਏਕੜ, ਦੱਸ ਏਕੜ ਤਕ ਵੀ ਪਹੁੰਚ ਜਾਂਦਾ ਹੈ। 'ਨਾਲੰਦਾ ਯੂਨੀਵਰਸਿਟੀ' ਵਿਚ ਵੱਡੇ ਵੱਡੇ ਬੋਹੜ ਦੇ ਪੇੜ ਸਨ, ਜੜ੍ਹਾਂ ਲੱਗੀ ਜਾਂਦੀਆਂ ਸਨ, ਅੱਗੇ ਵਧੀ ਜਾਂਦੇ ਸਨ, ਲੇਕਿਨ ਉਹ ਖਸ ਖਸ ਦੇ ਦਾਣੇ ਵਿਚ ਸਭ ਕੁਝ ਪਿਆ ਸੀ, ਨਿੱਕੇ ਜਿਹੇ ਦਾਣੇ ਵਿਚ। ਇਸ ਤਰ੍ਹਾਂ ਇਹ ਨਿਰਗੁਣ ਦੇ ਵਿਚ, ਸਾਰਾ ਸੰਸਾਰ ਹਉਮੈ ਅਹੰਭਾਵ ਦੇ ਵਿਚ ਲੁੱਕਿਆ ਪਿਆ ਹੈ, ਅਹੰਭਾਵ ਤੋਂ ਸਾਰਾ ਸੰਸਾਰ ਹੋ ਗਿਆ।

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਮਹਾਰਾਜ ਕਹਿੰਦੇ ਪਹਿਲਾਂ ਜਿਹੜੀ ਚੀਜ਼ ਦੇ ਨਾਲ ਪੈਦਾ ਹੋਇਆ ਹੈ ਉਸ ਨੂੰ ਕੱਟ, ਫਿਰ ਪ੍ਰਾਪਤ ਹੋ ਜਾਏਗਾ, "ਹਉਮੈ ਵਿਚ ਜਗ ਉਪਜੇ ਪੁਰਖਾ"। ਸੰਸਾਰ ਦੀ ਉਤਪਤੀ ਹਉਮੈ ਭਾਵ ਵਿਚੋਂ ਹੋਈ ਹੈ, ਅਹੰਭਾਵ ਵਿਚੋਂ। ਉਸ ਅਹੰਭਾਵ ਦਾ ਬੀਜ ਕਿੱਡਾ ਹੈ? ਸੰਸਾਰ ਦਾ ਕਿਧਰੇ ਅੰਤ ਹੀ ਨਹੀਂ ਆਉਂਦਾ। ਸੰਸਾਰ ਹੀ ਸੰਸਾਰ ਨਜ਼ਰ ਆ ਰਿਹਾ ਹੈ, ਕਿਧਰੇ ਵੈਰੀ ਨਜ਼ਰ ਆਉਂਦੇ ਹਨ, ਕਿਧਰੇ ਮਿਤਰ, ਦੁਖ ਸੁਖ ਆਉਂਦੇ ਹਨ, ਹਾਨ ਲਾਭ ਦਾ ਪਤਾ ਲਗਦਾ ਹੈ, ਆਪਣੇ ਦਾ, ਪਰਾਏ ਦਾ, ਜਨਮ ਦਾ, ਮਰਨ ਦਾ; ਬੇਅੰਤ ਚੀਜ਼ਾਂ ਹਨ - ਦ੍ਵੰਦ ਪਦ ਵਿਚ ਪੈਦਾ ਹੋ ਗਏ। ਹਉਮੈ ਕੀ ਹੈ? ਨਜ਼ਰ ਹੀ ਨਹੀਂ ਆਉਂਦੀ, ਮਹਾਰਾਜ ਫੁਰਮਾਨ ਕਰਦੇ ਹਨ, ਹਉਮੈ ਐਨੀ ਕੁ ਹੀ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਪੰਨਾ - 466***

ਜਦੋਂ ਇਹ ਕਹਿੰਦਾ ਹੈ ਕਿ ਮੈਂ ਕਰਦਾ ਹਾਂ ਤਾਂ ਚੇਤਨ ਬ੍ਰਹਮ ਨੂੰ ਗੱਠ ਆ ਗਈ, ਮੈਂ, ਮੇਰੀ (I am) ਦੀ। ਮੈਂ ਕਹਿਣ ਦੀ ਦੇਰ ਸੀ, ਜੀਵ ਬੰਨ੍ਹਿਆ ਗਿਆ, ਸਭ ਜੀਵ ਜੰਤੂ ਬੰਨ੍ਹੇ ਗਏ - ਨਤੀਜਾ ਕੀ ਹੁੰਦਾ ਹੈ -

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਐਸਾ ਫੁਰਮਾਨ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ - 2, 2.***
***ਹਉਮੈ ਦਾ ਬੰਨ੍ਹਿਆ ਹੋਇਆ - 2, 2.***
***ਜੰਮਦਾ ਤੇ ਮਰਦਾ ਹੈ,...............-2***

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਗਿਆਨ ਨੂੰ ਚਾਨਣਾ, ਪ੍ਰਕਾਸ਼ ਕਿਹਾ ਜਾਂਦਾ ਹੈ, ਗਿਆਨ ਹੀ ਬ੍ਰਹਮ ਹੈ। ਜਿੰਨੀ ਦੇਰ ਤਕ ਮਨ ਵਿਚ ਹਨ੍ਹੇਰਾ ਹੈ, ਓਨੀ ਦੇਰ ਤਕ -

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ - 325***

ਰਾਜਾ ਵੀ ਰੋਏਗਾ, ਗਰੀਬ ਵੀ ਰੋਏਗਾ, ਪੜ੍ਹਿਆ ਹੋਇਆ ਵੀ ਰੋਵੇਗਾ, ਅਨਪੜ੍ਹ ਵੀ ਰੋਏਗਾ ਕਿਉਂਕਿ ਦੋਨੋਂ ਹਨ੍ਹੇਰੇ ਵਿਚ ਪਏ ਹਨ ਕਿਉਂਕਿ ਗਿਆਨ ਦਾ ਪ੍ਰਕਾਸ਼ ਨਹੀਂ ਹੈ। ਫਿਰ ਸੁਆਲ ਆਉਂਦਾ ਹੈ ਕਿ ਗਿਆਨ ਦੇ ਪ੍ਰਕਾਸ਼ ਵਾਸਤੇ ਕੁਝ ਲੋੜ ਵੀ ਹੈ-

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ - 25***

ਤੇਲ ਚਾਹੀਦਾ ਹੈ, ਬੱਤੀ ਚਾਹੀਦੀ ਹੈ, ਬਰਤਨ ਚਾਹੀਦਾ ਹੈ, ਬਸ ਐਨਾ ਹੀ ਕਹਿ ਕੇ ਕਿ ਸਭ ਪ੍ਰਮੇਸ਼ਰ ਹੈ, ਬਸ ਗਿਆਨ ਹੋ ਗਿਆ। ਕਹਿੰਦੇ ਇਹ ਗਿਆਨ ਨਹੀਂ ਹੋਇਆ ਕਰਦਾ ਕਿਉਂਕਿ ਨਾ ਤਾਂ ਅਗਲੇ ਪਾਸੇ ਤੇਲ ਹੈ, ਨਾ ਦੀਵਾ ਹੈ, ਨਾ ਬੱਤੀ ਹੈ, ਜਗੇ ਹੋਏ ਦੀਵੇ ਨਾਲ ਦੀਵਾ ਤਾਂ ਜਲੇਗਾ ਜੇ ਪਹਿਲਾਂ ਤਿੰਨ ਚੀਜ਼ਾਂ ਕੋਲ ਹੋਣ, ਨਹੀਂ ਤਾਂ ਦੀਵਾ ਨਹੀਂ ਜਲ ਸਕਦਾ। ਕਹਿਣ ਮਾਤਰ ਰਹਿ ਜਾਏਗਾ, intellectual (ਬੌਧਿਕ) ਗਿਆਨ ਕੇਵਲ ਬੁੱਧੀ ਦਾ ਗਿਆਨ ਰਹਿ ਜਾਏਗਾ। ਗਿਆਨ ਦੇ ਬਾਰੇ ਬੜਾ ਭੁਲੇਖਾ ਹੈ। ਅਸਲ ਗਿਆਨ ਆਦਮੀ ਨੂੰ ਪੂਰਾ ਬਣਾ ਦਿੰਦਾ ਹੈ। ਸਾਧਸੰਗਤ ਜੀ! ਹੈ ਬੜਾ ਔਖਾ - ਪਰ ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਵੇ ਫੇਰ ਬਾਕੀ ਕੁਝ ਵੀ ਨਹੀਂ ਰਹਿੰਦਾ। ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਵੇ, ਕੇਵਲ ਵਾਹਿਗੁਰੂ ਰਹਿ ਜਾਂਦਾ ਹੈ - ਵਰਤੋਂ ਵਿਚ ਵੀ, ਭਜਨ ਬੰਦਗੀ ਵਿਚ ਵੀ -

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ - 25***

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਪੜ੍ਹ ਕੇ ਹੀ ਨਹੀਂ ਛੱਡ ਦੇਣੀ ਸਗੋਂ ਇਸ ਦੀ ਕਮਾਈ ਕਰਨੀ ਹੈ। ਮਹਾਰਾਜ ਜੀ ਦੀ ਬਾਣੀ ਇਤਨੀ ਵਿਸ਼ਾਲ ਹੈ ਕਿ ਇਹਦੇ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ। ਮੈਂ ਤਾਂ ਆਪਣਾ ਅਨੁਭਵ ਦਸਦਾ ਹਾਂ ਕਿ ਇਕ ਸ਼ਬਦ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ, ਆਦਮੀ ਵਿਸਮਾਦ ਵਿਚ ਚਲਾ ਜਾਂਦਾ ਹੈ। ਅੰਦਰੋਂ ਵਾਹਿਗੁਰੂ ਵਾਹਿਗੁਰੂ ਹੋਣ ਲਗ ਜਾਂਦਾ ਹੈ - ਬਾਣੀ ਬਹੁਤ ਵੱਡੀ ਹੈ ਪਰ ਬੇਕਦਰਿਆਂ ਦੇ ਹੱਥ ਵਿਚ ਆ ਗਈ, ਇਹਦਾ ਕੋਈ ਫਾਇਦਾ ਨਹੀਂ ਉਠਾਇਆ ਗਿਆ।

ਇਸ ਦਾ ਪ੍ਰਚਾਰ ਸਾਰੇ ਸੰਸਾਰ ਤੇ ਨਹੀਂ ਹੋ ਸਕਿਆ। ਜੇਕਰ ਹੋ ਜਾਂਦਾ ਤਾਂ ਐਟਮਬੰਬ, ਹਾਈਡਰੋਜਨ ਬੰਬ ਬਣਾਉਣ ਵਾਲਿਆਂ ਨੂੰ ਫਿਕਰ ਪੈ ਜਾਂਦਾ ਕਿ ਅਸੀਂ ਕੀ ਕਰੀਏ। ਸਾਰਾ ਸੰਸਾਰ ਬੈਕੁੰਠ ਬਣ ਜਾਵੇਗਾ ਕਿਉਂਕਿ ਇਥੇ ਵਾਹਿਗੁਰੂ ਦਾ ਵਾਸਾ ਹੈ, ਬਾਣੀ ਦਾ ਫੁਰਮਾਨ ਹੈ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਸੋ ਨਾਮ ਦੀ ਕਮਾਈ ਕਰੋ, ਵਿਚ ਸ਼ਰਧਾ ਅਤੇ ਸਿਦਕ ਦੀ ਬੱਤੀ ਪਾਓ –

***ਪੋਥੀ ਪੁਰਾਣ ਕਮਾਈਐ॥***
***ਭਉ ਵਟੀ ਇਤੁ ਤਨਿ ਪਾਈਐ॥***
***ਪੰਨਾ – 25***

ਇਸ ਤਨ ਦੇ ਵਿਚ ਭਗਤੀ ਦੀ ਬੱਤੀ ਪਾਓ, ਸਤਿ ਸਾਸ਼ਤਰਾਂ ਦੀ ਵੀਚਾਰ ਕਰੋ, ਫੇਰ ਰੋਸ਼ਨੀ ਕਾਹਦੀ ਕਰੋ, ਕਹਿੰਦੇ–

***ਸਚੁ ਬੂਝਣੁ ਆਣਿ ਜਲਾਈਐ॥***
***ਪੰਨਾ – 25***

ਸੱਚ ਨੂੰ ਬੁੱਝੋ ਕਿ ਸੱਚ ਕੀ ਹੈ? ਕਿਵੇ ਪ੍ਰਵੇਸ਼ ਕਰਦਾ ਹੈ – ਆਦਮੀ ਦੇ ਅੰਦਰ, ਕਿਵੇਂ ਸੱਚ ਦਾ ਪ੍ਰਕਾਸ਼ ਹੋ ਸਕਦਾ ਹੈ? ਉਹ ਚੀਜ਼ ਕਿਹੜੀ ਹੈ ਜਿਸ ਨੇ ਸੱਚ ਦੇ ਅੱਗੇ ਦੀਵਾਰ ਖੜ੍ਹੀ ਕਰ ਦਿਤੀ? ਸਿੱਧਾਂ ਨੇ ਪੁਛਿਆ ਸੀ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੂਟੈ ਪਾਲਿ॥***
***ਪੰਨਾ – 1***

ਸੱਚੇ ਪਾਤਸ਼ਾਹ! ਸੱਚ ਦੇ ਅੱਗੇ ਹਉਮੈ ਦੀ ਦੀਵਾਰ ਖੜ੍ਹੀ ਹੈ, ਇਹ ਕਿਸ ਤਰ੍ਹਾਂ ਟੁੱਟੇ, ਮਹਾਰਾਜ ਕਹਿੰਦੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ – 1***

ਉਸ ਪ੍ਰਮੇਸ਼ਰ ਦੀ ਮਰਜ਼ੀ ਦੇ ਵਿਚ ਆਪਣੇ ਆਪ ਨੂੰ ਸੁਰ ਕਰ ਲੈ, ਜੋ ਵਾਹਿਗੁਰੂ ਦੀ ਮਰਜ਼ੀ ਹੁੰਦੀ ਹੈ, ਉਸ ਤੇ ਕਿੰਤੂ ਨਾ ਕਰ, ਉਸ ਦੀ ਸੁਰ ਦੇ ਨਾਲ ਸੁਰ ਮਿਲਾ ਲੈ। ਫਿਰ ਉਸ ਦੀ ਮਰਜ਼ੀ ਤੇਰੇ ਨਾਲ ਲਿਖੀ ਹੋਈ ਹੈ, ਕੋਈ ਬਾਹਰੋਂ ਨਹੀਂ ਆਉਣੀ, ਤੂੰ ਕਿਉਂ ਡਰਦਾ ਹੈਂ। ਪ੍ਰਮੇਸ਼ਰ ਨੂੰ ਮਿਲਣ ਦੇ ਰਸਤੇ ਵਿਚ ਦੋ ਦਰਵਾਜ਼ੇ ਹਨ, ਰੁਕਾਵਟਾਂ ਹਨ – ਆਸਾ ਤੇ ਅੰਦੇਸਾ। ਹਰ ਵੇਲੇ ਫਿਕਰ ਰਹਿੰਦਾ ਹੈ ਕਿ ਇਹ ਗੱਲ ਨਾ ਹੋ ਜਾਵੇ, ਉਹ ਗੱਲ ਨਾ ਹੋ ਜਾਵੇ; ਇਹ ਗੱਲ ਹੋ ਜਾਵੇ, ਇਸ ਕਿਸਮ ਦੇ ਦਰਵਾਜ਼ੇ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦੇ। ਸੱਚ ਨੂੰ ਬੁੱਝ ਲੈ, ਸੱਚ ਹੈ ਕੀ? ਸੱਚ ਨੂੰ ਬੁੱਝਣ ਵਾਸਤੇ ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਨਾਲ ਆਸਾ ਜੀ ਦੀ ਵਾਰ ਵਿਚ ਲਿਖਿਆ ਹੈ –

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਪੰਨਾ – 468***

ਪੰਜ ਛੇ ਤਰੀਕੇ ਦੱਸੇ ਹਨ ਪਰ ਅੰਤ ਵਿਚ ਦੱਸਿਆ ਹੈ–

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਪੰਨਾ – 468***

ਇਹ ਸਾਰਾ ਸੰਸਾਰ ਹੀ ਵਾਹਿਗੁਰੂ ਦਾ ਸਾਕਾਰ ਰੂਪ ਹੈ, ਇਹਨੂੰ ਬੁੱਝ ਕੇ, ਇਹਨੂੰ ਅਪਣਾਅ ਕੇ ਫਿਰ ਦੀਵਾ ਜਲ ਜਾਂਦਾ ਹੈ –

***ਇਹੁ ਤੇਲੁ ਦੀਵਾ ਇਉ ਜਲੈ॥***
***ਕਰਿ ਚਾਨਣੁ ਸਾਹਿਬ ਤਉ ਮਿਲੈ॥*** ***ਪੰਨਾ – 25***

ਇਸ ਢੰਗ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ –

ਸਾਧ ਸੰਗਤ ਜੀ! ਬਹੁਤ ਵਾਰੀ ਨੌਧਾ ਭਗਤੀ ਬਾਰੇ ਵੀਚਾਰ ਕੀਤੀ ਹੈ, ਨੌਂ ਕਿਸਮ ਦੀ ਭਗਤੀ ਹੈ। ਜਿੰਨੀ ਦੇਰ ਤਕ ਭਗਤੀ ਨਹੀਂ ਕਰਦਾ, ਉਨੀਂ ਦੇਰ ਤਕ ਲੰਘ ਨਹੀਂ ਸਕਦਾ ਕਿਉਂਕਿ ਅਖੀਰ ਵਿਚ ਭਗਤੀ ਨੂੰ ਫਲ ਪਿਆਰ ਦਾ ਲਗਦਾ ਹੈ। ਜਿੰਨਾਂ ਚਿਰ ਆਦਮੀ ਦੇ ਅੰਦਰ ਪ੍ਰੇਮ ਨਹੀਂ ਪੈਦਾ ਹੁੰਦਾ –

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***
***ਪੰਨਾ – 1379***

ਭਗਤੀ ਤੋਂ ਬਗੈਰ ਤਨ ਮਸਾਣ ਹੁੰਦਾ ਹੈ। ਭਗਤੀ ਨੌਂ ਕਿਸਮ ਦੀ ਹੈ, 81 ਭੇਦ ਹੋਇਆ ਕਰਦੇ ਹਨ ਭਗਤੀ ਦੇ, ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ ਇਨ੍ਹਾਂ ਦੇ ਵਿਚ ਫੇਰ ਇਕੱਲੇ ਇਕੱਲੇ ਦੇ ਅੰਦਰ ਤਿੰਨ ਤਿੰਨ ਗੁਣ ਹੁੰਦੇ ਹਨ।

ਸਤਿਸੰਗ ਵਿਚ ਆ ਕੇ ਸੁਣਨ ਦਾ ਕੀ ਫਲ ਹੁੰਦਾ ਹੈ? ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਸ਼ਿਵ ਜੀ ਮਹਾਰਾਜ ਇਕ ਵਾਰੀ ਕਸ਼ਮੀਰ ਦੇ ਬਰਫਾਨੀ ਪਹਾੜਾਂ ਵਿਚ ਜਾ ਰਹੇ ਸਨ ਤੇ ਪਾਰਬਤੀ ਕਹਿਣ ਲੱਗੀ ਮਹਾਰਾਜ! ਆਪ ਸੁਣਨ ਦੀ ਮਹਿਮਾ ਬਹੁਤ ਦਸਦੇ ਹੋ, ਆਪ ਕ੍ਰਿਪਾ ਕਰਕੇ ਮੈਨੂੰ ਅਮਰ ਕਥਾ ਤਾਂ ਸੁਣਾ ਦਿਓ ਕਿਉਂਕਿ ਅਮਰ ਕਥਾ ਬ੍ਰਹਮ ਗਿਆਨ ਦੀ ਕਥਾ ਹੁੰਦੀ ਹੈ। ਸ਼ਿਵ ਜੀ ਨੇ ਉਤਰ ਦਿਤਾ ਕਿ ਪਾਰਬਤੀ ਤੂੰ ਅਧਿਕਾਰੀ ਨਹੀਂ ਹੈਂ। ਸੋ ਜਿਥੇ ਅਧਿਕਾਰੀ ਨਾ ਹੋਵੇ ਉਥੇ ਬ੍ਰਹਮ ਦੀ ਕਥਾ ਕਹਿਣੀ ਨਹੀਂ ਚਾਹੀਦੀ ਕਿਉਂਕਿ ਸੁਣਨ ਵਾਲੇ ਕੋਲ ਉਹ ਚੀਜ਼ਾਂ ਨਹੀਂ ਹੁੰਦੀਆਂ, ਜਿਹੜੀਆਂ ਉਹ ਸੰਭਾਲ ਸਕੇ। ਇਸ ਤਰ੍ਹਾਂ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਧਾਰਨਾ – ਜਿਥੇ ਮਿਲੇ ਨਾ ਸੌਦਾਗਰ ਪੂਰਾ,***
***ਗੱਠੜੀ ਨਾ ਖੋਲ੍ਹੀਂ ਨਾਮ ਦੀ – 2, 2***
***ਮੇਰੇ ਪਿਆਰੇ, ਗੱਠੜੀ ਨਾ ਖੋਲ੍ਹੀਂ ਨਾਮ ਦੀ – 2, 2***

*ਜਿਥੇ ਮਿਲੇ ਨਾ ਸੌਦਾਗਰ ਪੂਰਾ,............2*

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹੁ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ - 1365***

ਇਕ ਸੌਦਾਗਰ ਕਾਫਲਾ ਲੈ ਕੇ ਜਾ ਰਿਹਾ ਸੀ, ਉਸ ਨੇ ਸੋਚਿਆ, ਲੰਘਦੇ ਲੰਘਦੇ ਕਬੀਰ ਸਾਹਿਬ ਕੋਲੋਂ ਨਾਮ ਲੈ ਚੱਲੀਏ। ਕਾਫਲੇ ਵਾਲਿਆਂ ਨੂੰ ਕਹਿਣ ਲੱਗਾ, ਮੈਂ ਹੁਣੇ ਆ ਕੇ ਤੁਹਾਡੇ ਨਾਲ ਰਲਦਾ ਹਾਂ। ਜਦੋਂ ਆ ਕੇ ਦੇਖਿਆ ਕਿ ਕਬੀਰ ਸਾਹਿਬ ਤਾਂ ਝੌਂਪੜੀ ਵਿਚ ਰਹਿੰਦੇ ਹਨ; ਜੇ ਮੈਂ ਇਨ੍ਹਾਂ ਨੂੰ ਪੰਜਾਹ ਮੋਹਰਾਂ ਵੀ ਭੇਟਾ ਕਰ ਦੇਵਾ ਤਾਂ ਬਹੁਤ ਵੱਡੀ ਰਕਮ ਹੈ। ਪੰਜਾਹ ਮੋਹਰਾਂ ਭੇਟਾ ਕਰਕੇ ਕਹਿਣ ਲੱਗਾ ਕਿ ਮੈਨੂੰ ਜਲਦੀ ਨਾਮ ਦੇ ਦਿਓ, ਮੈਂ ਜਾ ਕੇ ਕਾਫਲੇ ਨਾਲ ਰਲਣਾ ਹੈ, ਰਸਤੇ ਵਿਚ ਬਹੁਤ ਖਤਰੇ ਹੁੰਦੇ ਹਨ, ਕ੍ਰਿਪਾ ਕਰਕੇ ਮੈਨੂੰ ਨਾਮ ਦੇ ਦਿਓ। ਫੇਰ ਕਬੀਰ ਸਾਹਿਬ ਨੂੰ ਕਹਿਣ ਲੱਗਾ ਕਿ ਮੇਰੇ ਵਲ ਧਿਆਨ ਦੇਵੋ, ਮੈਂ ਦੂਰ ਜਾਣਾ ਹੈ, ਮੈਨੂੰ ਨਾਮ ਦੇ ਦਿਓ। ਕਬੀਰ ਸਾਹਿਬ ਉਠੇ, ਇਕ ਪੱਥਰ ਲਿਆ, ਛੁਰੀ ਲਈ ਤੇ ਛੁਰੀ ਨੂੰ ਤੇਜ਼ ਕਰਨ ਲਗ ਪਏ। ਕੁਝ ਦੇਰ ਇੰਤਜ਼ਾਰ ਕਰਕੇ ਫੇਰ ਕਹਿਣ ਲੱਗਾ ਕਿ ਮੈਂ ਦੂਰ ਜਾਣਾ ਹੈ, ਮੈਨੂੰ ਨਾਮ ਦੇ ਦਿਓ। ਕਬੀਰ ਸਾਹਿਬ ਕਹਿਣ ਲੱਗੇ, "ਭਾਈ! ਅਸੀਂ ਤੇਰਾ ਹੀ ਕੰਮ ਕਰ ਰਹੇ ਹਾਂ।" ਕਹਿਣ ਲੱਗਾ, "ਕਿਸ ਤਰ੍ਹਾਂ?" ਕਬੀਰ ਸਾਹਿਬ ਕਹਿਣ ਲੱਗੇ, "ਤੇਰਾ ਸੀਸ ਕੱਟ ਕੇ ਇਕ ਪਲੜੇ ਵਿਚ ਪਾਵਾਂਗੇ, ਦੂਜੇ ਪਾਸੇ ਨਾਮ; ਫੇਰ ਦੇਖਾਂਗੇ ਕਿ ਤੈਨੂੰ ਨਾਮ ਦੇਈਏ ਜਾਂ ਨਾ।" ਕਹਿਣ ਲੱਗੇ, "ਗੁਰਮੁਖਾ! ਤੂੰ ਐਨੀ ਛੇਤੀਂ ਨਾਮ ਮੰਗਦਾ ਹੈਂ।"

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ - 81***

ਤੂੰ ਪੰਜਾਹ ਮੋਹਰਾਂ ਮੱਥਾ ਟੇਕ ਕੇ ਨਾਮ ਮੰਗਦਾ ਹੈਂ -

***ਕੰਚਨ ਸਿਉ ਪਾਈਐ ਨਹੀ ਤੋਲਿ॥***
***ਮਨੁ ਦੇ ਰਾਮੁ ਲੀਆ ਹੈ ਮੋਲਿ॥*** ***ਪੰਨਾ - 327***

ਇਸ ਵਾਸਤੇ ਤਾਂ ਪਹਿਲਾਂ ਸੀਸ ਦੇਣਾ ਪੈਂਦਾ ਹੈ, ਜੇ ਕੋਈ ਪ੍ਰਮੇਸ਼ਰ ਦੀ ਗੱਲ ਵੀ ਸੁਣਾ ਦੇਵੇ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ - 558***

ਰੂਹਾਨੀ ਅਵਸਥਾ, ਨਾਮ ਮੰਗਦਾ ਹੈਂ, ਨਾਮ ਐਨਾ ਸਸਤਾ ਨਹੀਂ ਪ੍ਰੇਮੀਆ! ਇਹ ਆਪਣੀ ਮਾਇਆ ਵਾਪਸ ਚੁੱਕ ਲੈ, ਸਾਡੇ ਕਿਸੇ ਕੰਮ ਨਹੀਂ। ਨਾਮ ਖਰੀਦਿਆ ਨਹੀਂ ਜਾ ਸਕਦਾ, ਕਿਸੇ ਛਲ ਕਪਟ ਨਾਲ ਨਹੀਂ ਲਿਆ ਜਾ ਸਕਦਾ, ਜਗਿਆਸੂ ਪੂਰਾ ਹੋਵੇ, ਨਾਮ ਦਿਤੇ ਜਾਣ ਦੀ ਕਸਵੱਟੀ ਸਹਿ

ਜਾਵੇ ਤਾਂ ਨਾਮ ਦੀ ਦਾਤ ਮਿਲਦੀ ਹੈ, ਨਹੀਂ ਤਾਂ ਹਿਰਦੇ ਵਿਚ ਨਾਮ ਹਰਾ ਨਹੀਂ ਹੋਇਆ ਕਰਦਾ ਕਿਉਂਕਿ ਪੂਰਾ ਗਾਹਕ ਨਹੀਂ ਆਇਆ।

ਇਸੇ ਤਰ੍ਹਾਂ ਸ਼ਿਵ ਜੀ ਮਹਾਰਾਜ ਕਹਿਣ ਲੱਗੇ ਪਾਰਬਤੀ ਨੂੰ ਕਿ ਤੂੰ ਅਧਿਕਾਰੀ ਨਹੀਂ ਕਿਉਂਕਿ ਜਦੋਂ ਪ੍ਰਮੇਸ਼ਰ ਦੀ ਗੱਲ ਕਰੀਏ ਤਾਂ ਤੈਨੂੰ ਨੀਂਦ ਆ ਜਾਂਦੀ ਹੈ।

ਚਾਰ ਕਿਸਮ ਦੇ ਸਰੋਤੇ ਹੁੰਦੇ ਹਨ –

1. ਪਹਿਲਿਆਂ ਨੂੰ ਊਂਘੇ ਕਹਿੰਦੇ ਹਨ ਜਿਨ੍ਹਾਂ ਨੂੰ ਨੀਂਦ ਆ ਜਾਂਦੀ ਹੈ।

2. ਦੂਜੇ ਨਾਲੇ ਤਾਂ ਸੁੱਤੇ ਹੁੰਦੇ ਹਨ, ਨਾਲੇ ਖੰਘੀ ਜਾਂਦੇ ਹਨ। ਜਦੋਂ ਆਦਮੀ ਖੰਘਦਾ ਹੈ ਉਹਦੇ ਸਾਹ ਵਿਚੋਂ ਦੋ ਲੱਖ ਕੀਟਾਣੂ ਨਿਕਲਦੇ ਹਨ। ਜੋ ਬਿਮਾਰੀ ਉਸ ਨੂੰ ਲੱਗੀ ਹੈ ਉਹ ਦੂਜਿਆਂ ਨੂੰ ਵੀ ਫੈਲਾਉਂਦਾ ਹੈ। ਜੇ ਜ਼ੁਖਾਮ ਦਾ ਮਰੀਜ਼ ਹੈ, ਖੰਘੀ ਵੀ ਜਾਵੇਗਾ ਤੇ ਦੂਜਿਆਂ ਨੂੰ ਵੀ ਜ਼ੁਖਾਮ ਲਗਾ ਦੇਵੇਗਾ, ਦੂਜਿਆਂ ਨੂੰ disturb (ਅਸ਼ਾਂਤ) ਕਰਦਾ ਹੈ। ਉਨ੍ਹਾਂ ਨੂੰ ਖੂੰਘੇ ਕਹਿੰਦੇ ਹਨ।

3. ਤੀਜੇ ਹੁੰਦੇ ਹਨ ਸੂੰਘੇ – ਉਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਤਾਂ ਹੁੰਦਾ ਨਹੀਂ ਪਰ ਉਹ ਕੇਵਲ ਇਕ ਜਜਮੈਂਟ ਕਰਨ (ਅੰਦਾਜ਼ਾ ਲੈਣ) ਆਉਂਦੇ ਹਨ ਕਿ ਸੁਨਾਉਣ ਵਾਲਾ ਕੀ ਬੋਲਦਾ ਹੈ? ਕੈਸੇ ਬਚਨ ਕਰਦਾ ਹੈ, ਫਿਰ ਉਸ ਦੀ ਜਜਮੈਂਟ ਕਰਕੇ ਫਿਰ ਆਪ ਫੈਸਲਾ ਦਿੰਦੇ ਹਨ। ਉਨ੍ਹਾਂ ਨੂੰ ਸੂੰਘੇ ਕਿਹਾ ਜਾਂਦਾ ਹੈ, ਉਹ ਨਿਰਣੇ ਤਕ ਨਹੀਂ ਬੈਠਦੇ ਕਿ ਅਖੀਰ ਤੇ ਕੋਈ ਨਤੀਜਾ ਨਿਕਲਦਾ ਹੈ ਕਿ ਨਹੀਂ।

4. ਚੌਥੇ ਹੁੰਦੇ ਹਨ ਚੂੰਘੇ – ਇਹ ਪ੍ਰੇਮੀ ਹੁੰਦੇ ਹਨ ਜੋ ਇਕ ਇਕ ਬਚਨ ਨੂੰ ਹਿਰਦੇ ਵਿਚ ਧਾਰ ਕੇ ਪਹਿਲਾਂ ਤਾਂ ਬਹਿਰੰਗ ਸਤਿਸੰਗ ਕਰਦੇ ਹਨ, ਫਿਰ ਉਹ ਅੰਤਰੰਗ ਸਤਿਸੰਗ ਵਿਚ ਜਾ ਕੇ ਨਿਧਿਆਸਣ ਕਰਦੇ ਹਨ। ਕੇਵਲ ਉਹ ਪਰਮ ਅਧਿਕਾਰੀ ਹੁੰਦੇ ਹਨ। ਬਾਕੀ ਜਿਹੜੇ ਤਿੰਨ ਹਨ, ਉਹ ਮੱਧਮ ਤੇ ਕਨਿਸ਼ਟ ਅਧਿਕਾਰੀ ਹੁੰਦੇ ਹਨ। ਸੋ ਸ਼ਿਵ ਜੀ ਮਹਾਰਾਜ ਨੇ ਫੁਰਮਾਨ ਕੀਤਾ ਪਾਰਬਤੀ! ਕਿਉਂਕਿ ਤੂੰ ਸੌਂ ਜਾਂਦੀ ਹੈਂ, ਇਸ ਲਈ ਅਧਿਕਾਰੀ ਨਹੀਂ।

ਅਖੀਰ ਸ਼ਿਵ ਜੀ ਮਹਾਰਾਜ ਅਮਰਨਾਥ ਦੀ ਗੁਫਾ ਵਿਚ ਚਲੇ ਗਏ, ਕਹਿਣ ਲੱਗੇ ਇਹ ਇਕਾਂਤ ਥਾਂ ਹੈ, ਇਥੇ ਕੋਈ disturb (ਅਸ਼ਾਂਤ) ਕਰਨ ਵਾਲਾ ਨਹੀਂ ਹੈ, ਹੁਣ ਤੂੰ ਚੌਂਕੜਾ ਮਾਰ ਲੈ, ਰੀੜ੍ਹ ਦੀ ਹੱਡੀ ਨੂੰ ਸਿੱਧਾ ਕਰ ਲੈ, ਰੀੜ੍ਹ ਦੀ ਹੱਡੀ ਗਰਦਨ ਤੇ ਸਿਰ ਨੂੰ ਇਕ ਲਾਈਨ ਵਿਚ ਲੈ ਆ। ਗੋਡਿਆਂ ਤੇ ਹੱਥ ਰੱਖ ਕੇ ਧਿਆਨ ਨਾਲ ਬੈਠ, ਜਿਹੜੀ ਚੀਚੀ ਉਂਗਲੀ ਹੈ ਇਸ ਤੇ ਅੰਗੂਠਾ ਲਾ ਲੈ ਕਿਉਂਕਿ ਇਸ ਤਰ੍ਹਾਂ ਆਦਮੀ ਸਾਵਧਾਨ ਰਹਿੰਦਾ ਹੈ। ਜਦੋਂ ਸਮਝਾ ਦਿਤਾ ਤਾਂ ਕਿਹਾ ਕਿ ਮੈਂ ਨੇਤਰ ਬੰਦ ਕਰਕੇ ਗੱਲ ਕਰੀ ਜਾਵਾਂਗਾ ਤੇ ਤੂੰ 'ਹਾਂ ਹਾਂ' ਕਰਕੇ ਹੁੰਗਾਰਾ ਭਰੀ ਜਾਈਂ। ਕੁਦਰਤੀ ਉਥੇ ਇਕ ਤੋਤਾ ਬੈਠਾ ਸੀ ਜਿਹੜਾ ਉਨ੍ਹਾਂ ਨੇ ਨਾ ਦੇਖਿਆ।

ਜਦੋਂ ਸ਼ਿਵ ਜੀ ਅਮਰ ਕਥਾ ਸੁਨਾਉਣ ਲੱਗੇ ਤਾਂ ਤੋਤਾ ਵੀ ਨਾਲ ਦੀ ਨਾਲ ਹੀ ਹਾਂ ਹੂੰ ਕਰਦਾ ਰਿਹਾ। ਪਾਰਬਤੀ ਸੌਂ ਗਈ, ਸ਼ਿਵ ਜੀ ਨੇ ਬ੍ਰਹਮ ਗਿਆਨ ਦੀ ਕਥਾ ਸੁਣਾ ਦਿਤੀ। ਅਮਰ ਕਥਾ ਉਸ ਨੂੰ ਕਹਿੰਦੇ ਹਨ ਜਿਸ ਨੂੰ ਸੁਣ ਕੇ ਆਦਮੀ ਫਿਰ ਕਦੀ ਮਰੇ ਨਾ, ਸਦਾ ਵਾਸਤੇ ਅਮਰ ਹੋ ਜਾਵੇ, ਉਸ ਨੂੰ ਅੰਮ੍ਰਿਤ ਕਥਾ ਵੀ ਕਹਿੰਦੇ ਹਨ, ਉਸ ਨੂੰ ਸਤਿ ਕਥਾ ਵੀ ਕਹਿੰਦੇ ਹਨ, ਬ੍ਰਹਮਗਿਆਨ ਦੀ ਕਥਾ ਵੀ ਉਸ ਨੂੰ ਕਹਿੰਦੇ ਹਨ, ਤੱਤ ਬਾਣੀ ਦੀ ਕਥਾ ਵੀ ਉਸ ਨੂੰ ਕਹਿੰਦੇ ਹਨ, ਅਨੇਕਾਂ ਨਾਮ ਰੱਖੇ ਹੋਏ ਹਨ। ਜਦੋਂ ਸ਼ਿਵ ਜੀ ਨੇ ਨੇਤਰ ਖੋਲ੍ਹੇ ਤਾਂ ਹੈਰਾਨ ਰਹਿ ਗਏ ਕਿ ਪਾਰਬਤੀ ਤਾਂ ਸੁੱਤੀ ਪਈ ਹੈ। ਚਿੱਤ ਦੀਆਂ ਪੰਜ ਬਿਰਤੀਆਂ ਹੁੰਦੀਆਂ ਹਨ, ਪੰਜ ਅਵਸਥਾ ਹੁੰਦੀਆਂ ਹਨ–

1. ਪਹਿਲੀ ਹੁੰਦੀ ਹੈ ਕਿ ਆਦਮੀ ਮੂੜ੍ਹ ਅਵਸਥਾ ਵਿਚ ਚਲਾ ਜਾਂਦਾ ਹੈ, ਸਮਾਧੀ ਲਗਾਈ ਹੋਈ ਹੈ, ਨਾਮ ਜਪ ਰਿਹਾ ਹੈ, ਬਾਹਰੋਂ ਦੇਖ ਰਹੇ ਹਨ ਕਿ ਨਾਮ ਜਪ ਰਿਹਾ ਹੈ, ਅੰਦਰੋਂ ਤੁੰਦਰਾ ਪਈ ਹੋਈ ਹੈ, ਉਸ ਨੂੰ ਟਾਈਮ ਦਾ ਵੀ ਪਤਾ ਨਹੀਂ ਲਗਦਾ। ਮੂੜ ਅਵਸਥਾ ਵਿਚ ਪੰਜਾਂ ਚੋਰਾਂ ਨੇ ਖੜਦੂੰਮ ਪਾਇਆ ਹੁੰਦਾ ਹੈ, ਪ੍ਰੇਮ ਨਹੀਂ ਹੁੰਦਾ।

2. ਦੂਜੀ ਹੁੰਦੀ ਹੈ ਲੈਅਤਾ; ਇਕ ਖਿਆਲ ਆ ਗਿਆ ਉਸ ਖਿਆਲ ਦੇ ਨਾਲ ਹੀ ਘੰਟਿਆਂ ਬੱਧੀ ਚਲਦਾ ਗਿਆ– ਅੱਗੇ ਹੀ ਅੱਗੇ, ਜਿਸ ਤਰ੍ਹਾਂ ਸੰਸਾਰ ਫੈਲਦਾ ਹੈ, ਇਸ ਤਰ੍ਹਾਂ ਹੀ ਫੁਰਨੇ ਦੀ ਫੈਲਾਵਟ ਹੋਈ ਜਾਂਦੀ ਹੈ। ਮੰਤਰ ਦਾ ਕੋਈ ਪਤਾ ਨਹੀਂ ਕਿਥੇ ਰਹਿ ਗਿਆ। ਲੈਅਤਾ ਵਿਚ ਹੀ ਫੁਰਨੇ ਕਰਦਾ ਰਿਹਾ।

3. ਤੀਜੀ ਹੋਇਆ ਕਰਦੀ ਹੈ ਵਿਖਸ਼ੇਪਤਾ। ਇਕ ਗੱਲ ਆ ਗਈ, ਦੂਜੀ ਆ ਗਈ, ਤੀਜੀ ਤੇ ਫੇਰ ਚੌਥੀ ਆ ਗਈ। ਏਧਰੋਂ ਸੁਣਨ ਲਗ ਪਿਆ, ਉਧਰੋਂ ਸੁਣਨ ਲਗ ਪਿਆ, ਮਨ ਦੇ ਫੁਰਨੇ ਨੂੰ ਰੋਕ ਨਾ ਸਕਿਆ, ਦੂਜੇ ਨਾਲ ਗੱਲ ਕਰਨੀ ਸ਼ੁਰੂ ਕਰ ਦਿਤੀ, ਇਸ ਨੂੰ ਵਿਖਸ਼ੇਪਤਾ ਕਹਿੰਦੇ ਹਨ।

4. ਚੌਥੀ ਹੁੰਦੀ ਹੈ ਇਕਾਗਰਤਾ। ਚਿੱਤ ਆਪਣੇ 'ਧੇਅ' ਨਾਲ ਲੱਗਿਆ ਰਹਿੰਦਾ ਹੈ, ਉਸ ਨੂੰ ਛਡਦਾ ਨਹੀਂ। ਜੇ ਨਾਮ ਦੀ ਧੁਨੀ ਨਾਲ ਲੱਗਿਆ ਹੈ ਤਾਂ ਉਸ ਵਿਚ ਹੀ ਲੀਨ ਹੈ, ਨਹੀਂ ਤਾਂ ਨਾਮ ਦੀ ਧੁਨੀ ਮੱਧਮ ਪੈ ਜਾਂਦੀ ਹੈ, ਜੇਕਰ ਇਕਾਗਰਤਾ ਨਾ ਹੋਵੇ। ਇਕਾਗਰਤਾ ਨੂੰ ਹੀ ਯੋਗ ਕਿਹਾ ਜਾਂਦਾ ਹੈ, ਯੋਗ ਨਾਮ ਹੈ ਚਿੱਤ ਦੀਆਂ ਅਣਗਿਣਤ ਬਿਰਤੀਆਂ ਨੂੰ ਸ਼ਾਂਤ ਕਰਕੇ ਮੰਤਰ ਜਾਂ ਬ੍ਰਹਮ ਚਿੰਤਨ, ਜਾਂ ਨਾਮ ਧੁਨ ਤੇ ਜਾਂ ਧਿਆਨ ਵਿਚ ਦੱਸੇ ਗੁਰੂ ਵਜੂਦ ਤੇ ਫੁਰਨੇ ਰਹਿਤ ਹੋ ਕੇ ਸੁਰਤ ਨੂੰ ਕੇਂਦਰਤ ਕਰਨਾ, ਟਿਕਾਉਣਾ। ਇਸ ਕਾਰਜ ਲਈ ਅਲਪ ਪੌਸ਼ਟਿਕ ਅਹਾਰ, ਸਮਾਨ ਨੀਂਦ ਆਦਿ ਜ਼ਰੂਰੀ ਹੁੰਦੇ ਹਨ।

5. ਪੰਜਵੀਂ ਨਿਰੁੱਧ ਅਵਸਥਾ ਹੁੰਦੀ ਹੈ। ਨਿਰੁੱਧ ਉਹ ਅਵਸਥਾ ਹੁੰਦੀ ਹੈ ਜਿਥੇ ਸਾਰੀਆਂ ਵਾਸ਼ਨਾਵਾਂ, ਪੰਜੇ ਬਿਰਤੀਆਂ ਸ਼ਾਂਤ ਹੋ ਜਾਣ, ਕੇਵਲ

ਪ੍ਰਮੇਸ਼ਰ ਸਾਮ੍ਹਣੇ ਰਹਿ ਜਾਵੇ, ਸੰਸਾਰ ਵੀ ਮਿਟ ਜਾਵੇ ਤੇ ਆਪ ਵੀ ਮਿਟ ਜਾਵੇ, ਉਸ ਨੂੰ ਨਿਰੁੱਧ ਅਵਸਥਾ ਕਹਿੰਦੇ ਹਨ। ਇਸ ਅਵਸਥਾ ਵਿਚ ਮਾਇਆ ਦੇ ਪਾਏ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ, ਕੇਵਲ ਪ੍ਰਭੂ ਹੀ ਆਪਣੇ ਸਤਿ ਸਰੂਪ ਵਿਚ ਆਪਣੀ ਮਹਿਮਾ ਵਿਚ ਸਥਿਤ ਹੁੰਦਾ ਹੈ। ਇਹ ਸਮਾਧੀ, ਸਹਿਜ ਸਮਾਧੀ ਦੀ ਸੂਚਕ ਹੈ। ਕੁਝ ਭੀ ਜਾਨਣ ਲਈ ਕੋਈ ਕਰਮ ਵਿਸ਼ੇਸ਼ ਨਹੀਂ ਬਚਦਾ। ਸੱਚਾ ਹੁਕਮ ਵਰਤਦਾ ਕ੍ਰਿਆ ਦੇ ਰੂਪ ਵਿਚ ਪ੍ਰਤੱਖ ਹੁੰਦਾ ਹੈ। ਬੁਰੇ-ਭਲੇ, ਵੈਰੀ-ਮਿਤਰ, ਹਾਨ-ਲਾਭ, ਅਮੀਰ-ਗਰੀਬ, ਕੋਈ ਦ੍ਵੰਦ ਨਹੀਂ ਬਚਦਾ। ਸਤਿ ਹੀ ਸਤਿ ਰਹਿ ਜਾਂਦਾ ਹੈ। ਖੰਡ ਭੀ ਸੱਚੇ ਦਾ ਰੂਪ, ਬ੍ਰਹਿਮੰਡ ਭੀ ਸੱਚੇ ਦਾ ਰੂਪ, ਆਕਾਰ ਤੇ ਲੋਅ ਭੀ ਸੱਚੇ ਦਾ ਹੀ ਰੂਪ, ਸਤਿ ਹੀ ਸਤਿ ਆਪੇ ਆਪ ਹੁੰਦਾ ਹੈ।

ਸੋ ਪਾਰਬਤੀ ਮੂੜ੍ਹ ਅਵਸਥਾ ਵਿਚ ਚਲੀ ਗਈ, ਸ਼ਿਵ ਜੀ ਨੇ ਸੋਚਿਆ ਕਿ ਸੁਣਦਾ ਕੌਣ ਸੀ ਤਾਂ ਦੇਖਿਆ ਇਹ ਤਾਂ ਤੋਤਾ ਸੁਣ ਕੇ ਹੁੰਗਾਰਾ ਭਰ ਰਿਹਾ ਸੀ। ਤੋਤਾ ਦੇਖਦੀ ਸਾਰ ਹੀ ਉਡ ਗਿਆ। ਲੇਕਿਨ ਸੁਣਨ ਦਾ ਫਲ ਕੀ ਹੋਇਆ, ਉਸ ਤੇ ਬਹੁਤ ਪ੍ਰਭਾਵ ਹੋਇਆ ਹਾਲਾਂਕਿ ਉਹ ਇਕ ਪਰਿੰਦਾ ਸੀ। ਵੇਦ ਵਿਆਸ ਜੀ ਦੇ ਲੜਕੇ ਨੂੰ, ਜਦੋਂ ਮਾਤਾ ਦੇ ਪੇਟ ਵਿਚ ਸੀ, ਉਹ ਸਭ ਕਥਾ ਯਾਦ ਰਹੀ ਅਤੇ ਪ੍ਰਮੇਸ਼ਰ ਜੀ ਕੋਲ ਬੇਨਤੀ ਕੀਤੀ ਕਿ ਪ੍ਰਭੂ ਮੇਰੇ ਜਨਮ ਸਮੇਂ ਮਾਇਆ ਨੂੰ ਰੋਕ ਦੇਣਾ, ਉਸ ਦੀ ਬੇਨਤੀ ਪ੍ਰਵਾਨ ਹੋ ਗਈ ਤੇ ਮਾਇਆ ਥੰਮ੍ਹ ਦਿਤੀ, ਜਨਮ ਲੈਣ ਤੋਂ ਬਾਅਦ ਉਸ ਨੇ ਬਾਰਾਂ ਸਾਲ ਦੀ ਉਮਰ ਤਕ ਉਦਾਸੀ ਲੈ ਕੇ ਬਹੁਤ ਤਪ ਕੀਤਾ, ਉਸ ਦਾ ਨਾਮ ਸੁਕਦੇਵ ਸੀ। ਫਿਰ ਰਾਜੇ ਜਨਕ ਕੋਲ ਗਿਆ ਕਿਉਂਕਿ ਗਿਆਨ ਪੂਰਨ ਮਹਾਤਮਾ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਜਿਸ ਨੂੰ ਵਾਹਿਗੁਰੂ ਨੇ ਅਧਿਕਾਰ ਦਿਤਾ ਹੋਇਆ ਹੈ ਕੇਵਲ ਓਹੀ ਗਿਆਨ ਦੀ ਗੱਲ ਦੂਸਰੇ ਨੂੰ ਦਸ ਸਕਦਾ ਹੈ, ਬਾਕੀ ਤਾਂ ਇਸ ਤਰ੍ਹਾਂ ਹੈ ਜਿਵੇਂ ਬੱਚੇ ਨਾਟਕ ਖੇਲ੍ਹਦੇ ਹਨ; ਇਕ ਰਾਜਾ ਬਣ ਜਾਂਦਾ ਹੈ, ਬਾਦਸ਼ਾਹ ਬਣ ਗਿਆ, ਸਿਕੰਦਰ ਬਣ ਗਿਆ ਜਾਂ ਪੋਰਸ ਬਣ ਗਿਆ ਜਾਂ ਕੋਈ ਹੋਰ ਰਾਜਾ ਬਣ ਗਿਆ, ਉਹ ਨਾਟਕ ਦੇ ਅੰਦਰ ਹੁਕਮ ਚਲਾ ਰਿਹਾ ਹੈ, ਜਦੋਂ ਉਹ ਸਾਂਗ ਖਤਮ ਹੋ ਜਾਂਦਾ ਹੈ ਫਿਰ ਉਸ ਦਾ ਹੁਕਮ ਘਰਦਿਆਂ ਤੇ ਵੀ ਨਹੀਂ ਚਲਦਾ ਕਿਉਂਕਿ ਉਹ ਇਕ ਸਾਂਗ ਕਰ ਰਿਹਾ ਸੀ। ਅਧਿਕਾਰ ਤੋਂ ਬਗੈਰ ਐਵੇਂ ਗਿਆਨ ਨਹੀਂ ਦਿਤਾ ਜਾਂਦਾ, ਗਿਆਨ ਸਮਰੱਥ ਗੁਰੂ ਤੋਂ ਬਗੈਰ ਕੋਈ ਦੇ ਨਹੀਂ ਸਕਦਾ। ਸੋ ਇਸ ਕਰਕੇ ਸੁਕਦੇਵ ਤੇ ਅਮਰ ਕਥਾ ਸੁਣਨ ਦੇ ਮਹਾਤਮ ਦਾ ਅਸਰ ਰਹਿ ਗਿਆ। ਜੰਮਦੇ ਨੇ ਹੀ ਉਦਾਸੀ ਲੈ ਲਈ ਤੇ ਬੜੀ ਤਪੱਸਿਆ ਕੀਤੀ। ਫਿਰ ਆਪਣੇ ਪਿਤਾ ਕੋਲ ਆਇਆ ਤੇ ਕਹਿਣ ਲੱਗਾ, ਪਿਤਾ ਜੀ! ਮੈਂ ਕਰਪਾਤੀ ਰਹਿੰਦਾ ਹਾਂ, ਮੇਰੇ ਕੋਲ ਕੋਈ ਚੀਜ਼ ਨਹੀਂ ਹੈ ਕੇਵਲ ਇਕ ਲੰਗੋਟੀ ਹੈ। ਮੈਂ ਜੁੱਤੀ ਨਹੀਂ ਪਾਉਂਦਾ, ਸਿਰ ਤੇ ਕੁਝ ਨਹੀਂ ਲੈਂਦਾ, ਮੈਂ ਕੋਈ ਭੇਖ ਨਹੀਂ ਬਣਾਇਆ, ਕਿਸੇ ਚੀਜ਼ ਦੀ ਮੈਨੂੰ ਲੋੜ ਨਹੀਂ ਹੈ, ਪਰ ਫਿਰ ਵੀ ਮੇਰਾ ਮਨ ਸ਼ਾਂਤ ਨਹੀਂ ਹੁੰਦਾ ਕਿਉਂਕਿ ਗਿਆਨ ਹੀ ਦੀਵਾ ਹੈ, ਜੋ ਅੰਧੇਰੇ ਨੂੰ ਦੂਰ ਕਰਦਾ ਹੈ -

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***

*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*
*ਪੰਨਾ - 463*

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥*

*ਪੰਨਾ - 469*

ਗਿਆਨ ਦੀ ਗੱਲ ਕੀਤੀ ਤਾਂ ਕਹਿਣ ਲੱਗਾ, ਪਿਤਾ ਜੀ! ਗਿਆਨ ਦੀ ਗੱਲ ਤਾਂ ਮੈਂ ਪਹਿਲਾਂ ਹੀ ਕਿਤਾਬਾਂ ਵਿਚ ਪੜ੍ਹੀ ਹੋਈ ਹੈ। ਵੇਦ ਵਿਆਸ ਜੀ ਨੇ ਸੋਚ ਲਿਆ ਕਿ ਇਹਦੀ ਮੇਰੇ 'ਤੇ ਗੁਰੂ ਭਾਵਨਾ ਨਹੀਂ ਹੈ, ਕੇਵਲ ਪਿਤਾ ਭਾਵਨਾ ਹੀ ਹੈ, ਜਦੋਂ ਤਕ ਗੁਰੂ ਭਾਵਨਾ ਨਹੀਂ ਬਣਦੀ, ਓਨੀ ਦੇਰ ਤਕ ਗਿਆਨ ਨਹੀਂ ਹੋ ਸਕਦਾ। ਉਨ੍ਹਾਂ ਨੇ ਸੁਕਦੇਵ ਨੂੰ ਬ੍ਰਹਮਾ ਜੀ ਪਾਸ ਭੇਜ ਦਿਤਾ, ਜਦੋਂ ਬ੍ਰਹਮਾ ਜੀ ਨੇ ਵੀ ਗਿਆਨ ਦੇਣਾ ਚਾਹਿਆ ਤਾਂ ਕਹਿਣ ਲੱਗਾ, ਇਹ ਤਾਂ ਮੈਂ ਕਿਤਾਬਾਂ ਵਿਚ, ਵੇਦਾਂ, ਉਪਨਿਸ਼ਦਾਂ ਵਿਚ ਪੜ੍ਹ ਬੈਠਾ ਹਾਂ। ਉਨ੍ਹਾਂ ਨੇ ਕਿਹਾ ਏਸ ਵਕਤ ਗਿਆਨ ਦੀ ਕੁੰਜੀ ਰਾਜੇ ਜਨਕ ਦੇ ਹੱਥ ਵਿਚ ਹੈ -

*ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥* *ਪੰਨਾ - 1237*

ਸੁਕਦੇਵ ਰਾਜੇ ਜਨਕ ਕੋਲ ਗਿਆ, ਉਨ੍ਹਾਂ ਨੇ ਦੋ ਤਿੰਨ ਕਸਵੱਟੀਆਂ ਲਾਈਆਂ, ਜਦੋਂ ਕਸਵੱਟੀਆਂ ਵਿਚੋਂ ਲੰਘ ਗਿਆ ਤਾਂ ਗਿਆਨ ਦੀ ਦਾਤ ਦਿਤੀ, ਸੋ ਫਿਰ ਕਿੰਨੀ ਅਵਸਥਾ ਪ੍ਰਾਪਤ ਕੀਤੀ ਸੁਣਨ ਕਰਕੇ -

*ਸੁਣਿਐ ਈਸਰੁ ਬਰਮਾ ਇੰਦੁ॥*
*ਸੁਣਿਐ ਮੁਖਿ ਸਲਾਹਣ ਮੰਦੁ॥*
*ਸੁਣਿਐ ਜੋਗ ਜੁਗਤਿ ਤਨਿ ਭੇਦ॥*
*ਸੁਣਿਐ ਸਾਸਤ ਸਿਮ੍ਰਿਤ ਵੇਦ॥*
*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਪੰਨਾ - 3*

ਕੇਵਲ ਸੁਣਨ ਦੇ ਨਾਲ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ। ਇਕ ਮਿਸਾਲ ਨਹੀਂ ਹੈ, ਬੇਅੰਤ ਮਿਸਾਲਾਂ ਨੇ।

ਜਹਾਂਗੀਰ ਦਾ ਵਜ਼ੀਰ, ਜਿਸ ਦਾ ਨਾਮ ਵਜੀਰਖਾਨ ਸੀ ਜੋ ਲਾਹੌਰ ਵਿਚ ਰਹਿੰਦਾ ਸੀ, ਜਲੋਧਰ ਦੀ ਬਿਮਾਰੀ ਨਾਲ ਬਿਮਾਰ ਸੀ। ਇਕ ਸਿੱਖ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਪੜ੍ਹਦਾ ਜਾ ਰਿਹਾ ਸੀ। ਵਜੀਰਖਾਨ ਨੇ ਕਿਹਾ, ਇਹ ਸੁਣ ਕੇ ਮੈਨੂੰ ਸ਼ਾਂਤੀ ਆ ਗਈ। ਚੋਬਦਾਰ ਨੇ ਦੱਸਿਆ ਕਿ ਕੋਈ ਗੁਰੂ ਦਾ ਸਿੱਖ ਹੈ ਜੋ ਕਲਾਮ ਪੜ੍ਹਦਾ ਜਾਂਦਾ ਹੈ ਤੇ ਰਾਵੀ ਵਲ ਨਹਾਉਣ ਵਾਸਤੇ ਜਾ ਰਿਹਾ ਹੈ। ਕਹਿਣ ਲੱਗਾ ਕਿ ਜਦੋਂ ਮੁੜ ਕੇ ਆਵੇ ਤਾਂ ਮੇਰੇ ਕੋਲ ਬੁਲਾਈਂ। ਕੁਝ ਦੇਰ

ਸ਼ਾਂਤੀ ਰਹੀ ਤੇ ਜਦੋਂ ਵਾਪਸ ਆਇਆ, ਵਜੀਰਖਾਨ ਨੇ ਬਹੁਤ ਅਧੀਨਗੀ ਨਾਲ ਕਿਹਾ, ਗੁਰਸਿਖਾ! ਤੂੰ ਕਿਹੜਾ ਕਲਾਮ ਪੜ੍ਹਦਾ ਹੈਂ? ਗੁਰਸਿੱਖ ਨੇ ਉਤਰ ਦਿਤਾ ਕਿ ਇਹ ਮੇਰੇ ਗੁਰੂ ਦੀ ਬਾਣੀ ਹੈ- ਸੁਖਮਨੀ ਸਾਹਿਬ। ਕਹਿਣ ਲੱਗਾ ਕਿ ਤੂੰ ਮੈਨੂੰ ਇਹ ਬਾਣੀ ਸੁਣਾ ਸਕਦਾ ਹੈਂ? ਗੁਰਸਿੱਖ ਨੇ ਉਤਰ ਦਿਤਾ ਕਿ ਜ਼ਰੂਰ ਸੁਣਾਵਾਂਗਾ ਕਿਉਂਕਿ ਸਾਡੇ ਗੁਰੂ ਦਾ ਹੁਕਮ ਹੈ –

***ਆਪ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 306***

ਆਪ ਵੀ ਜਪੇ ਤੇ ਦੂਸਰਿਆਂ ਨੂੰ ਵੀ ਜਪਾਵੇ, ਪਦਵੀ ਵੀ ਬਹੁਤ ਉਚੀ ਦਿਤੀ ਹੈ, ਸਾਡੇ ਗੁਰੂ ਨੇ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਪੰਨਾ – 306***

ਸੋ ਧੰਨ ਭਾਗ ਨੇ ਆਪ ਨੇ ਇਹ ਗੱਲ ਕਹੀ ਹੈ, ਉਚਾ ਆਸਣ ਦਿਤਾ ਗਿਆ, ਆਪ ਵਜੀਰਖਾਨ ਪੂਰੀ ਸ਼ਰਧਾ ਸਹਿਤ ਧਰਤੀ ਤੇ ਬੈਠ ਗਿਆ, ਗੁਰਸਿੱਖ ਪੜ੍ਹਦਾ ਗਿਆ, ਜਿਉਂ-ਜਿਉਂ ਪੜ੍ਹਦਾ ਗਿਆ, ਉਹਦਾ ਰੋਗ ਘਟਦਾ ਗਿਆ। ਅਖੀਰ ਕਹਿਣ ਲੱਗਾ, ਗੁਰਸਿਖਾ! ਇਹ ਆਪਣੇ ਗੁਰੂ ਦਾ ਕਲਾਮ ਮੈਨੂੰ ਰੋਜ਼ ਸੁਣਾ ਦਿਆ ਕਰ। ਮੈਂ ਇਹ ਸੁਣ ਕੇ ਸੁਖ ਮਹਿਸੂਸ ਕਰ ਰਿਹਾ ਹਾਂ।

ਇਕ ਗਿਆਨੀ ਸੰਤ ਰਾਮ ਹੋਏ ਹਨ, ਉਨ੍ਹਾਂ ਕੋਲ ਕੋਈ ਕੋਹੜ ਦਾ ਮਰੀਜ਼ ਆ ਗਿਆ। ਕਹਿਣ ਲੱਗੇ ਮੈਂ ਤੈਨੂੰ ਗੁਰੂ ਦੀ ਬਾਣੀ ਸੁਣਾਉਂਦਾ ਹਾਂ, ਉਨ੍ਹਾਂ ਨੇ 21 ਦਿਨ ਬਾਵਨ ਅਖਰੀ ਸੁਣਾ ਕੇ ਉਹਦਾ ਕੋਹੜ ਦੂਰ ਕਰ ਦਿਤਾ। ਭਾਈ ਵੀਰ ਸਿੰਘ ਜੀ ਲਿਖਦੇ ਹਨ ਇਕ ਸੰਤ ਯੋਗਾ ਅਭਿਆਸ ਕਰਦਾ ਕਰਦਾ ਯੋਗ ਭ੍ਰਿਸ਼ਟ ਹੋ ਗਿਆ। ਯੋਗਾ ਅਭਿਆਸ ਇਕ ਬਹੁਤ ਔਖੀ ਚੀਜ਼ ਹੈ, ਬੰਦਾ ਚਲ ਨਹੀਂ ਸਕਦਾ, ਜੇ ਕੁੰਡਲਨੀ ਜਗਾਉਣ ਵਿਚ ਜ਼ਰਾ ਵੀ ਗਲਤੀ ਹੋ ਜਾਵੇ, ਐਸੇ ਨੁਕਸ ਪੈ ਜਾਂਦੇ ਹਨ, ਜਿਨ੍ਹਾਂ ਦਾ ਕਦੀ ਇਲਾਜ ਹੀ ਨਹੀਂ ਹੁੰਦਾ। ਉਹਦਾ ਸਾਰਾ ਸਰੀਰ ਗਲ ਗਿਆ, ਕੋਈ ਦਵਾਈ ਨਾ ਲੱਗੇ, ਉਨ੍ਹਾਂ ਨੇ ਕਿਹਾ ਮੈਂ ਤੈਨੂੰ ਦਵਾਈ ਦਸ ਦਿੰਦਾ ਹਾਂ ਪਰ ਤੂੰ ਪਹਿਲਾਂ ਭਾਈ ਵੀਰ ਸਿੰਘ ਕੋਲ ਜਾਹ। ਓਥੇ ਚਲੇ ਗਏ। ਉਨ੍ਹਾਂ ਨੇ ਸੰਤ ਕਮਾਲੀਏ ਵਾਲਿਆਂ ਕੋਲ ਭੇਜ ਦਿਤਾ। ਉਨ੍ਹਾਂ ਨੇ ਕਿਹਾ ਸਾਡੇ ਕੋਲ ਤਾਂ ਇਲਾਜ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ, ਤੂੰ ਇਸ ਤਰ੍ਹਾਂ ਕਰ, ਇਥੇ ਗੁਰਦਵਾਰੇ ਵਿਚ ਅਖੰਡ ਪਾਠ ਹੋ ਰਿਹਾ ਹੈ, ਤੂੰ ਆਸਣ ਲਗਾ ਕੇ ਬੈਠ ਜਾ, ਜਿਉਂ-ਜਿਉਂ ਸੁਣੀ ਜਾਵੇਂਗਾ, ਤਿਉਂ-ਤਿਉਂ ਠੀਕ ਹੋਈ ਜਾਏਂਗਾ। ਥੋੜ੍ਹੇ ਦਿਨਾਂ ਬਾਅਦ ਆ ਗਏ, ਕਿਸੇ ਕੋਲੋਂ ਪਛਾਣੇ ਨਾ ਜਾਣ। ਕਹਿਣ ਲੱਗੇ ਕਿ ਮੈਂ ਤਾਂ ਹੁਣ ਗੁਰੂ ਨਾਨਕ ਦਾ ਸਿੱਖੀ ਮਾਰਗ ਧਾਰਨ ਕਰ ਲਿਆ ਹੈ, ਯੋਗਾ ਅਭਿਆਸ ਛੱਡ ਦਿਤਾ। ਕਹਿਣ ਲੱਗੇ, ਮੈਂ ਓਹੀ ਹਾਂ ਜਿਸ ਦਾ ਸਾਰਾ ਸਰੀਰ ਰਸ ਰਿਹਾ ਸੀ, ਦੁਖੀ ਹੋਇਆ ਹੋਇਆ ਸੀ। ਮੈਂ ਦਵਾਈ ਲਈ ਵੱਡੇ ਡਾਕਟਰ ਦੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣੀ ਤੇ ਮੇਰਾ ਸਾਰਾ

ਰੋਗ ਜਾਂਦਾ ਰਿਹਾ। ਸੋ ਸਾਧਸੰਗਤ ਜੀ! ਇਸ ਨੂੰ ਸਰਵਣ ਭਗਤੀ ਕਹਿੰਦੇ ਹਨ –

***ਸੁਣਿਐ ਦੂਖ ਪਾਪ ਕਾ ਨਾਸੁ॥ ਪੰਨਾ – 3***

ਦੁਖਾਂ ਦਾ ਵੀ ਤੇ ਪਾਪਾਂ ਦਾ ਵੀ ਨਾਸ ਹੋ ਜਾਂਦਾ ਹੈ।

***ਧਾਰਨਾ – ਸਾਰੇ ਦੁਖਾਂ ਦਾ ਨਾਸ ਹੋ ਜਾਵੇ,***
***ਬਾਣੀ ਸੁਣ ਕੇ ਸਤਿਗੁਰ ਦੀ – 2, 4***

ਪਹਿਲੀ ਭਗਤੀ ਨੂੰ ਸਰਵਣ ਭਗਤੀ ਕਹਿੰਦੇ ਹਨ, ਦੂਜੀ ਭਗਤੀ ਕੀਰਤਨ ਭਗਤੀ ਹੈ। ਕੀਰਤਨ ਜੋ ਬੈਰਾਗ ਨਾਲ ਕੀਤਾ ਜਾਵੇ, ਸ਼ਬਦ ਵਿਚ ਲੀਨ ਹੋ ਕੇ ਕੀਤਾ ਜਾਵੇ। ਕੀਰਤਨ ਵੀ ਕਈ ਕਿਸਮ ਦਾ ਹੁੰਦਾ ਹੈ, ਇਕ ਤਾਂ ਦੂਸਰਿਆਂ ਨੂੰ ਸੁਣਾਉਣ ਵਾਸਤੇ ਹੁੰਦਾ ਹੈ, ਆਪ ਖੁਸ਼ਕ ਰਹਿ ਜਾਂਦਾ ਹੈ, ਸੁਰਤ ਨੂੰ ਅੰਦਰ ਨਹੀਂ ਲੈ ਕੇ ਜਾਂਦਾ। ਕੀਰਤਨ ਇਕ ਐਸੀ ਚੀਜ਼ ਹੈ, ਜੋ ਖਿੰਡੀ ਹੋਈ ਬਿਰਤੀ ਨੂੰ ਇਕਾਗਰ ਕਰਕੇ, ਆਤਮਾ ਦੇ ਮੰਡਲ ਤਕ ਉਡਾਰੀ ਮਾਰ ਸਕਦਾ ਹੈ। ਵੈਸੇ ਕੀਰਤਨ ਤੋਂ ਬਗੈਰ ਰੁਖਾਪਣ, ਜਿਸ ਨੂੰ ਖੁਸ਼ਕੀ ਕਹਿੰਦੇ ਹਨ, ਰੂਹਾਨੀ ਮਾਰਗ ਦੇ ਅੰਦਰ ਖੁਸ਼ਕ ਹੋ ਜਾਵੇਗਾ। ਕੀਰਤਨ ਵਿਚ ਰਸ ਹੈ, ਇਹ ਬਹੁਤ ਉਚੀ ਉਡਾਰੀ ਮਾਰਦਾ ਹੈ – ਕੀਰਤਨ ਨੂੰ ਪ੍ਰਧਾਨਗੀ ਦਿਤੀ ਹੈ –

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ – 1076***

ਪ੍ਰਧਾਨ ਮਾਰਗ ਹੋਣ ਕਰਕੇ ਗੁਰੂ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਧਾਰਨਾ – ਗਾਉ ਮੇਰੀ ਰਸਨਾ, ਕੀਰਤ ਪ੍ਰਭ ਕੀ – 2, 2***
***ਕੀਰਤ ਪ੍ਰਭ ਕੀ, ਕੀਰਤ ਪ੍ਰਭ ਕੀ –2, 2.***
***ਗਾਉ ਮੇਰੀ ਰਸਨਾ,...................–2.***

***ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥***
***ਅਨਿਕ ਬਾਰ ਕਰਿ ਬੰਦਨ ਸੰਤਨ***
***ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥***
***ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ॥***
***ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ॥***
***ਪੰਨਾ – 1298***

ਸੋ ਕੀਰਤਨ ਭਗਤੀ ਦਾ ਫਲ ਕੀ ਹੁੰਦਾ ਹੈ, ਮਹਾਰਾਜ ਜੀ ਬੇਅੰਤ ਫਲ ਦਸਦੇ ਹਨ –

***ਧਾਰਨਾ – ਸੁਣ ਗਾਵਣਹਾਰੇ ਜੀ – 2, 2***

***ਕਈ ਕੋਟਕ ਜਗ ਫਲਾ -2, 2.***
***ਸੁਣ ਗਾਵਣਹਾਰੇ ਜੀ,............-2.***

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ - 546***

ਜੋ ਕੀਰਤਨ ਗਾਉਂਦੇ ਹਨ, ਸੁਣਦੇ ਹਨ ਮਹਾਰਾਜ ਨੇ ਕਈ ਕ੍ਰੋੜ ਜਗਾਂ ਦਾ ਫਲ ਦੱਸਿਆ ਹੈ। ਸੋ ਇਸ ਤਰ੍ਹਾਂ ਤੀਸਰੀ ਭਗਤੀ ਹੁੰਦੀ ਹੈ ਸੁਰਤ ਦੀ, ਸਿਮਰਨ ਦੀ। ਕੂੰਜ ਬੱਚੇ ਦੇ ਦਿੰਦੀ ਹੈ ਬਰਫਾਂ ਵਿਚ, ਆਪ ਸਰਦੀ ਕੱਟਣ ਵਾਸਤੇ ਮੈਦਾਨਾਂ ਵਿਚ ਆ ਜਾਂਦੀ ਹੈ, ਉਨ੍ਹਾਂ ਦੀ ਪਾਲਣਾ ਸੁਰਤ ਨਾਲ ਕਰਦੀ ਹੈ, ਜਿਸ ਨੂੰ ਵਾਤਸਲ ਪਿਆਰ ਕਹਿੰਦੇ ਹਨ। ਕੱਛੂ ਧਿਆਨ ਨਾਲ ਬੱਚੇ ਪਾਲਦਾ ਹੈ। ਕੂੰਜ ਸੁਰਤੀ ਨਾਲ ਪਾਲਦੀ ਹੈ, ਯਾਦ ਕਰ ਕਰ ਕੇ। ਸੋ ਸਿਮਰਨ ਦਾ ਬਾਰ ਬਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ, ਸਿਮਰਨ ਕਹਿੰਦੇ ਹਨ ਯਾਦ ਕਰਨ ਨੂੰ। ਸਿਮਰਨ ਦਾ ਜਾਪ ਹੁੰਦਾ ਹੈ ਜਿਸ ਤਰ੍ਹਾਂ ਬੱਚੇ ਪਹਾੜੇ ਯਾਦ ਕਰਦੇ ਹਨ - ਇਕ ਬੱਚਾ ਪਹਿਲਾਂ ਬੋਲਦਾ ਹੈ, ਦੂਜੇ ਪਿਛੋਂ ਬੋਲਦੇ ਹਨ। ਮੁਹਾਰਨੀ ਯਾਦ ਕਰਨ ਵਾਸਤੇ ਵੀ ਇਕ ਬੱਚਾ ਪਹਿਲਾਂ ਬੋਲਦਾ ਹੈ, ਬਾਕੀ ਪਿਛੋਂ ਬੋਲਦੇ ਹਨ। ਇਸ ਤਰ੍ਹਾਂ ਯਾਦ ਵਿਚ ਬੈਠ ਜਾਂਦੀ ਹੈ। ਇਸ ਤਰ੍ਹਾਂ ਬਾਰ-ਬਾਰ ਗੁਰਮੰਤ੍ਰ ਜਪਣ ਦੇ ਨਾਲ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਦਾ ਬਾਰ-ਬਾਰ ਜਾਪ ਕਰਨ ਨਾਲ ਜਿਸ ਨੂੰ ਯਾਦ ਕਰਦੇ ਹਾਂ, ਉਹ ਯਾਦ ਵਿਚ ਬੈਠ ਜਾਂਦਾ ਹੈ, ਫੇਰ ਇਹ ਸਿਮਰਨ ਫਲੀਭੂਤ ਹੁੰਦਾ ਹੈ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਕਲ੍ਹਾ ਤੇ ਕਲੇਸ਼ ਮਨ ਵਿਚੋਂ ਮਿਟ ਜਾਂਦਾ ਹੈ -

***ਜੇ ਵਡਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ॥***
***ਪੰਨਾ - 880***

ਜੇਕਰ ਬਹੁਤ ਵੱਡੇ ਭਾਗ ਹੋਣ ਤਾਂ ਪ੍ਰਮੇਸ਼ਰ ਦਾ ਨਾਮ ਧਿਆਇਆ ਜਾਂਦਾ ਹੈ -

***ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿਨਾਮੇ ਨਾਮਿ ਸਮਾਵੈ॥***
***ਪੰਨਾ - 880***

ਗੁਰੂ ਨਾਨਕ ਪਾਤਸ਼ਾਹ ਨੇ ਹੱਠ ਯੋਗ ਦੀ ਥਾਂ ਤੇ ਨਾਮ ਮਾਰਗ ਪ੍ਰਵਿਰਤ ਕੀਤਾ। ਯੋਗ ਤਾਂ ਬੇਅੰਤ ਹਨ ਪਰ ਉਸ ਵੇਲੇ ਭਾਰਤ ਵਰਸ਼ ਵਿਚ ਹੱਠ ਯੋਗ ਪ੍ਰਧਾਨ ਗਿਣਿਆ ਜਾਂਦਾ ਸੀ, ਸੂਫੀ ਪੀਰ ਵੀ ਬਹੁਤ ਹੱਠ ਕਰਦੇ ਹੁੰਦੇ ਸਨ, ਬਾਬੇ ਫਰੀਦ ਨੇ ਹੱਠ ਕਰ ਕਰਕੇ ਆਪਣੇ ਸਰੀਰ ਨੂੰ ਪਿੰਜਰ ਵਰਗਾ ਬਣਾ ਲਿਆ, ਕਾਵਾਂ ਨੇ ਵੀ ਮੁਰਦਾ ਸਮਝ ਕੇ ਖਾਣਾ ਸ਼ੁਰੂ ਕੀਤਾ।

ਬਾਬਾ ਫਰੀਦ ਬਹੁਤ ਹੱਠ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਕਰਦੇ ਸਨ, ਦੂਜੇ ਪਾਸੇ ਭਾਰਤ ਵਰਸ਼ ਵਿਚ ਗੋਰਖਨਾਥ ਆਦਿ ਉਹ ਵੀ ਹੱਠ ਯੋਗ ਵਿਚ ਪੈਂਦੇ ਸਨ। ਗੁਰੂ ਨਾਨਕ ਪਾਤਸ਼ਾਹ ਜਿਸ ਵੇਲੇ ਸੁਮੇਰ ਪਰਬਤ ਤੇ ਗਏ, ਉਸ ਵੇਲੇ ਗੁਰੂ ਮਹਾਰਾਜ ਨਾਲ ਬਹੁਤ ਰੂਹਾਨੀ ਵੀਚਾਰ ਹੋਈ, ਸਿੱਧਾਂ ਨੇ ਬਾਰ-ਬਾਰ ਕਿਹਾ ਕਿ ਜਿਹੜੀ ਤੂੰ ਬਾਰ-ਬਾਰ ਨਾਮ ਮਾਰਗ ਦੀ ਗੱਲ ਕਰਦਾ ਹੈਂ, ਇਹਦੇ ਵਿਚ ਕੋਈ ਸਤਿ ਤਾਂ ਨਜ਼ਰ ਨਹੀਂ ਆਉਂਦਾ ਕਿਉਂਕਿ ਚੀਜ਼ ਤਾਂ ਉਹ ਹੁੰਦੀ ਹੈ ਜਿਹੜੀ ਸਾਮ੍ਹਣੇ ਪ੍ਰਤੱਖ ਨਜ਼ਰ ਆਵੇ। ਗੁਰੂ ਨਾਨਕ ਪਾਤਸ਼ਾਹ ਨੇ ਜਵਾਬ ਦਿਤਾ, ਗੋਰਖਨਾਥ ਜੀ! ਅਸੀਂ ਸ਼ਬਦ ਸੁਰਤਿ ਦਾ ਮਾਰਗ ਲੈ ਕੇ ਆਏ ਹਾਂ-

***ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥***

***ਪੰਨਾ - 938***

ਹਰ ਬੰਦੇ ਦੇ ਅੰਦਰ ਸ਼ਬਦ ਦੀ ਧੁਨ ਵਜਦੀ ਹੈ, ਕਲਜੁਗ ਵਿਚ ਸੁਰਤ ਨੂੰ ਸ਼ਬਦ ਧੁਨ ਨਾਲ ਜੋੜਨਾ ਹੈ। ਕਲਜੁਗੀ ਜੀਵਾਂ ਵਾਸਤੇ ਹਠ ਯੋਗ ਆਦਿ ਬਹੁਤ ਮੁਸ਼ਕਿਲ ਹਨ ਉਨ੍ਹਾਂ ਦੇ ਕਰਨ ਨਾਲ ਦਿਮਾਗ ਵਿਚ ਵਿਸਫੋਟ ਹੋ ਜਾਂਦਾ ਹੈ, ਸੁਰਤੀ ਜਿਹੀ ਮਾਰੀ ਜਾਂਦੀ ਹੈ, ਅਸੀਂ ਉਸ ਨੂੰ ਕਹਿ ਦਿੰਦੇ ਹਾਂ ਕਿ ਮਸਤਾਨਾ ਹੋ ਗਿਆ ਹੈ। ਅਸਲ ਵਿਚ ਜਿਹੜੇ ਪ੍ਰਮੇਸ਼ਰ ਦੇ ਰੰਗ ਵਿਚ ਰੱਤੇ ਮਸਤਾਨੇ ਹਨ ਉਹ ਹੋਰ ਤਰ੍ਹਾਂ ਦੇ ਹੁੰਦੇ ਹਨ, ਉਹ ਤਾਂ ਸਤਿ ਅਵਸਥਾ ਹੁੰਦੀ ਹੈ, ਸੱਤਾਂ ਵਿਚੋਂ ਛੇਵੀਂ ਭੂਮਿਕਾ ਵਿਚ ਜਾ ਕੇ ਜੀਵ ਦੇ ਅੰਦਰ ਮਸਤੀ ਆਉਂਦੀ ਹੈ। ਹਰ ਬੰਦਾ ਨਹੀਂ ਲੰਘ ਸਕਦਾ ਕਿਉਂਕਿ ਪਹਿਲਾਂ ਨੇਤੀ ਧੋਤੀ ਤੇ ਨਿਉਲੀ ਆਦਿ ਕਰਮ ਹੀ ਬਹੁਤ ਔਖੇ ਹਨ। ਕੋਈ ਇਕਾਂਤ ਥਾਂ ਤੇ ਬੈਠ ਕੇ ਕਰੇ, ਫਿਰ ਸਰੀਰ ਮਜ਼ਬੂਤ ਚਾਹੀਦਾ ਹੈ, ਪੂਰਾ ਬ੍ਰਹਮਚਰੀਆ ਚਾਹੀਦਾ ਹੈ, ਹੁਣ ਤਾਂ ਬ੍ਰਹਮਚਰਯ ਹੈ ਹੀ ਨਹੀਂ, ਕਿਸੇ ਦੇ ਚਿਹਰੇ ਨੂੰ ਦੇਖ ਲਓ, ਪਿਲੱਤਨ ਪਈ ਹੋਈ ਹੈ, ਅਜਕਲ੍ਹ ਕੋਈ ਸਰੀਰ ਨੂੰ ਠੀਕ ਰਖਦਾ ਨਹੀਂ ਹੈ। ਗਲਤ ਕੰਮ ਵਿਚ ਪ੍ਰਵਿਰਤ ਹੋਏ ਹੋਏ ਹਨ, ਗਲਤ ਖਿਆਲਾਂ ਵਿਚ। ਨਤੀਜਾ ਇਹ ਹੁੰਦਾ ਹੈ ਕਿ ਸਰੀਰ ਦੀ ਸਾਰੀ ਸ਼ਕਤੀ ਨਸ਼ਟ ਹੋਈ ਹੁੰਦੀ ਹੈ, ਫੇਰ ਕਿਹੜਾ ਬੰਦਾ ਹੈ ਜੋ ਧਿਆਨ ਲਗਾ ਲਏਗਾ, ਡਰ ਲਗਣ ਲਗ ਜਾਂਦਾ ਹੈ ਕਿ ਬੰਦਾ ਕਿਧਰੇ ਕਮਲਾ ਹੀ ਨਾ ਹੋ ਜਾਵੇ, ਦਿਮਾਗ ਹੀ ਨਾ ਫਿਰ ਜਾਵੇ।

ਅਜਕਲ੍ਹ ਹਰ ਸਰੀਰ ਦੇ ਅੰਦਰ ਯੂਰੀਆ ਬਹੁਤਾ ਆ ਗਿਆ, ਘਿਓ ਵਿਚ, ਦੁੱਧ ਵਿਚ, ਸਬਜ਼ੀਆਂ ਵਿਚ ਸਭ ਯੂਰੀਆ ਹੈ, ਖਾਦ ਪੈਂਦੀ ਹੈ, ਜੋ ਪੂਰੀ ਤਰ੍ਹਾਂ exhaust (ਜਜ਼ਬ) ਨਹੀਂ ਹੁੰਦੀ। ਪੱਤੇ ਵਿਚ, ਦਾਣੇ ਵਿਚ, ਚਾਰੇ ਵਿਚ, ਹਰੇਕ ਉਪਜ ਵਿਚ ਕੁਝ ਮਾਤਰਾ ਯੂਰੀਆ ਰਹਿ ਹੀ ਜਾਂਦਾ ਹੈ। ਚਾਰਾ ਗਾਵਾਂ ਮੱਝਾਂ ਖਾਂਦੀਆਂ ਹਨ, ਉਨ੍ਹਾਂ ਦੇ ਪੇਟ ਵਿਚ ਵੀ ਪੂਰਾ ਖਪਦਾ ਨਹੀਂ, ਉਹ ਦੁੱਧ ਵਿਚ ਆ ਜਾਂਦਾ ਹੈ, ਦੁੱਧ ਵਿਚੋਂ ਮੱਖਣ ਤੇ ਘਿਓ ਨਿਕਲਦਾ ਹੈ, ਉਸ ਵਿਚ ਵੀ ਯੂਰੀਆ ਹੁੰਦਾ ਹੈ, ਸਾਡੀ ਸਾਰੀ ਖੁਰਾਕ ਤਾਂ ਖਰਾਬ ਹੋ

ਗਈ, ਅਸੀਂ ਭਜਨ ਕਿਵੇਂ ਕਰ ਲਵਾਂਗੇ, ਹੁਣ ਦੀਆਂ ਚੀਜ਼ਾਂ ਤਾਂ ਸਾਰੀਆਂ ਪਾਗਲ ਕਰਨ ਵਾਲੀਆਂ ਹਨ, ਜੇ ਦਿਮਾਗ ਤੇ ਜ਼ਰਾ ਜ਼ੋਰ ਪੈ ਜਾਵੇ, ਵੈਸੇ ਹੀ ਸਾਰਾ ਸੰਸਾਰ ਪਾਗਲ ਹੋਇਆ ਫਿਰਦਾ ਹੈ। ਮਹਾਰਾਜ ਕਹਿੰਦੇ –

*ਬਿਨੁ ਸਬਦੈ ਸਭੁ ਜਗੁ ਬਉਰਾਨਾ॥ ਪੰਨਾ – 644*

ਸਾਰਾ ਜਗ ਬਉਰਾ ਹੋ ਗਿਆ, ਜਿਹੜਾ ਸਾਮ੍ਹਣੇ ਆਉਂਦਾ ਹੈ, ਉਸ ਨੂੰ ਵੱਢਣ ਨੂੰ ਪੈਂਦਾ ਹੈ। ਪ੍ਰਮੇਸ਼ਰ ਨੂੰ ਭੁੱਲ ਕੇ ਸੰਸਾਰ ਦੀ ਐਸੀ ਹਾਲਤ ਹੋ ਗਈ, ਸੰਸਾਰ ਪਾਗਲ ਹੋ ਗਿਆ, ਪਾਗਲ ਦਾ ਕੰਮ ਹੁੰਦਾ ਹੈ ਉਸ ਨੂੰ ਨਾ ਆਪਣੇ ਆਪ ਦਾ ਪਤਾ ਹੁੰਦਾ ਹੈ, ਨਾ ਬੇਗਾਨੇ ਦਾ। ਜਦੋਂ ਕਿਸੇ ਨੇ ਐਟਮਾਂ ਨੂੰ ਚਾਬੀ ਲਾ ਕੇ ਚਲਾ ਦਿਤਾ, ਬਟਨ ਦਬਾ ਦਿਤਾ, ਸੰਸਾਰ ਨੇ ਫੱਟ ਕਰਕੇ ਉਡ ਜਾਣਾ ਹੈ ਕਿਉਂਕਿ ਇਹ ਚੀਜ਼ ਪਾਗਲਾਂ ਦੇ ਹੱਥ ਵਿਚ ਆ ਗਈ। ਬੰਦਾ ਹੋਸ਼ ਵਾਲਾ ਨਹੀਂ ਰਿਹਾ, ਜਿਹੜਾ ਹੋਸ਼ ਵਾਲਾ ਹੁੰਦਾ ਹੈ, ਉਸ ਦੇ ਦਿਲ ਵਿਚ ਖਿਮਾਂ, ਦਇਆ ਹੁੰਦੀ ਹੈ, ਉਸ ਦੇ ਵਿਚ voilence (ਹਿੰਸਾ) ਨਹੀਂ ਹੁੰਦੀ, voilence (ਹਿੰਸਾ) ਕਰਨੀ ਤਾਂ ਪਾਗਲਾਂ ਦਾ ਕੰਮ ਹੁੰਦਾ ਹੈ, ਇਹ ਸਮਝਦਾਰ ਬੰਦਿਆਂ ਦਾ ਕੰਮ ਨਹੀਂ। ਮਹਾਰਾਜ ਤਾਂ ਕਹਿੰਦੇ ਹਨ –

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥*
*ਪੰਨਾ – 1378*

*ਪਰ ਕਾ ਬੁਰਾ ਨ ਰਾਖਹੁ ਚੀਤ॥*
*ਤੁਮ ਕਉ ਦੁਖੁ ਨਹੀ ਭਾਈ ਮੀਤ॥ ਪੰਨਾ – 386*

ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਕਹਿਣ ਲੱਗੇ, "ਨਾਥ ਜੀ! ਹੁਣ ਕਲਜੁਗ ਵਿਚ ਨਾ ਤਾਂ ਸਰੀਰ ਠੀਕ ਹਨ, ਨਾ ਟਾਈਮ ਹੈ। ਸੋ ਇਸ ਕਰਕੇ ਜਿਹੜੀ ਚੀਜ਼ ਮੁਮਕਿਨ ਹੀ ਨਾ ਹੋਵੇ ਉਹ ਕਿਸ ਤਰ੍ਹਾਂ ਸਰੀਰ ਦਾ ਉਧਾਰ ਕਰ ਸਕਦੀ ਹੈ। ਤੁਸੀਂ ਚੰਗੇ ਚੰਗੇ ਰਾਜਿਆਂ ਨੂੰ ਹਠ ਜੋਗ ਵਿਚ ਲਾ ਦਿਤਾ, ਰਾਜਸੀ ਜ਼ਿੰਮੇਵਾਰੀਆਂ ਨੂੰ ਨੇਪਰੇ ਚਾੜ੍ਹਨ ਤੋਂ ਹਟਾ ਦਿਤਾ, ਉਨ੍ਹਾਂ ਨੂੰ ਗੁਫਾਵਾਂ, ਨਿਰਜਨ ਬਣਾਂ ਵਿਚ ਯੋਗ ਸਾਧਨ ਸਾਧਣ ਲਾ ਦਿਤਾ, ਰਾਣੀਆਂ ਵਿਚਾਰੀਆਂ ਪਤੀ ਦੇ ਹੁੰਦਿਆਂ ਹੀ ਰੰਡੇਪੇ ਵਰਗਾ ਦੁਖ ਭੋਗ ਰਹੀਆਂ ਹਨ, ਬੱਚੇ ਯਤੀਮ ਬਣਾ ਦਿਤੇ। ਇਹ ਨੇਕ ਰਾਜੇ ਭਰਥਰੀ, ਗੋਪੀ ਚੰਦ ਵਰਗੇ ਨਿਆਇਕਾਰ, ਸੂਰਮੇ ਸਨ। ਦੇਸ਼ ਤੋਂ ਬਾਹਰੋਂ ਫੌਜਾਂ ਲੈ ਕੇ ਆਉਣ ਵਾਲਿਆਂ ਤੇ ਦੇਸ਼ ਵਿਚ ਲੁੱਟ ਖਸੁੱਟ ਜੁਲਮ ਕਰਨ ਨੂੰ ਇਹ ਹੋੜਦੇ ਸਨ। ਤੁਸੀਂ ਜੋਗੀ ਬਣਾ ਕੇ ਨਿਕੰਮੇ ਬਣਾ ਦਿਤੇ। ਦੱਸੋ ਦੇਸ਼ ਦੀ ਪਰਜਾ ਦਾ ਰਾਖਾ ਯੋਗੀ ਬਣ ਜਾਵੇਗਾ ਜਾਂ ਸੰਸਾਰ ਨੂੰ ਮਿਥਿਆ ਮਿਥਿਆ ਕਹਿ ਕੇ ਆਪਣੇ ਫਰਜ਼ਾਂ ਤੋਂ ਮੁਖ ਮੋੜ ਲਵੇਗਾ। ਸੋ ਤੁਹਾਡਾ ਮਾਰਗ ਕਿਸੇ ਤਰ੍ਹਾਂ ਭੀ ਪ੍ਰਸੰਸਾ ਦਾ ਪਾਤਰ ਨਹੀਂ ਹੋ ਸਕਦਾ। ਤੁਸੀਂ ਆਪ ਪਰਬਤਾਂ ਤੇ ਆ

ਗਏ –

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ॥***

***ਭਾਈ ਗੁਰਦਾਸ ਜੀ, ਵਾਰ 1/29***

ਤੁਸੀਂ ਜਗਤ ਦਾ ਧਿਆਨ ਭੁੱਲ ਗਏ, ਜਗਤ ਵਿਚ ਤਾਂ ਹਨ੍ਹੇਰ ਗੁਬਾਰ ਹੋ ਗਿਆ, ਪਾਪ ਵਰਤ ਗਿਆ, ਸੋ ਅਸੀਂ ਏਸ ਮਾਰਗ ਨੂੰ ਨਹੀਂ ਅਪਨਾਉਣਾ। ਕਹਿਣ ਲੱਗੇ, ਪ੍ਰਤੱਖ ਦਿਖਾਈਏ ਇਸ ਵਿਚ ਕੀ ਬਰਕਤਾਂ ਹਨ। ਗੁਰੂ ਨਾਨਕ ਨੂੰ ਕਹਿਣ ਲੱਗੇ, ਐਂ ਕਰ ਬਾਲਿਆ! ਕਿਉਂਕਿ ਗੁਰੂ ਨਾਨਕ ਉਨ੍ਹਾਂ ਦੇ ਸਾਮ੍ਹਣੇ ਸਰੀਰਕ ਤੌਰ ਤੇ ਬੱਚੇ ਹੀ ਸੀ, ਸਿੱਧ ਬਹੁਤ ਵੱਡੀਆਂ ਵੱਡੀਆਂ ਉਮਰਾਂ ਦੇ ਸਨ, ਗੁਰੂ ਨਾਨਕ ਨੂੰ ਕਹਿਣ ਲੱਗੇ, "ਔਹ ਸਾਮ੍ਹਣੇ ਪਾਣੀ ਹੈ, ਲੈ ਕੇ ਆ। ਨਾਥ ਨੇ ਚਿੱਪੀ ਦੇ ਦਿਤੀ। ਗੁਰੂ ਜੀ ਜਦੋਂ ਪਾਣੀ ਲੈਣ ਗਏ ਤਾਂ ਕੀ ਦੇਖਦੇ ਹਨ ਕਿ ਉਥੇ ਤਾਂ ਪਾਣੀ ਹੈ ਹੀ ਨਹੀਂ, ਕੇਵਲ ਹੀਰੇ ਜਵਾਹਰਾਤ ਪਏ ਹਨ। ਗੁਰੂ ਜੀ ਵਾਪਸ ਆ ਗਏ, ਕਹਿਣ ਲੱਗੇ ਨਾਥ ਜੀ! ਉਥੇ ਤਾਂ ਹੀਰੇ ਜਵਾਹਰਾਤ ਪਏ ਹਨ, ਪਾਣੀ ਤਾਂ ਹੈ ਹੀ ਨਹੀਂ। ਕਹਿਣ ਲੱਗੇ, ਦੇਖਿਆ ਨਾਨਕ ਜੀ! ਇਕ ਫੁਰਨੇ ਨਾਲ ਸਾਰੇ ਹੀਰੇ ਜਵਾਹਰਾਤ ਬਣਾ ਦਿਤੇ; ਦੇਖੀ ਸਾਡੇ ਮਾਰਗ ਦੀ ਵਿਸ਼ੇਸ਼ਤਾ? ਮਹਾਰਾਜ ਕਹਿਣ ਲੱਗੇ ਕਿ ਜੇਕਰ ਹੁਣ ਤੁਹਾਨੂੰ ਪਿਆਸ ਲਗ ਜਾਵੇ, ਪਾਣੀ ਨਾ ਮਿਲੇ, ਫੇਰ ਕੀ ਹੋਵੇਗਾ। ਸਾਰੇ ਪਿਆਸੇ ਮਰ ਜਾਓਂਗੇ। ਸੋ ਏਸ ਕਰਕੇ ਅਸੀਂ ਏਸ ਮਾਰਗ ਨੂੰ ਨਹੀਂ ਅਪਣਾਉਂਦੇ। ਉਨ੍ਹਾਂ ਵਿਚੋਂ ਇਕ ਨਾਥ ਸੀ ਜਿਸ ਦਾ ਨਾਮ ਚਰਪਟ ਸੀ, ਉਹ ਕਹਿਣ ਲੱਗਾ, "ਨਾਨਕ! ਤੈਨੂੰ ਪਤਾ ਹੈ ਕਿ ਇਹ ਸੰਸਾਰ ਤਰਿਆ ਨਹੀਂ ਜਾ ਸਕਦਾ, ਇਸ ਨੂੰ ਦੁਤਰ ਕਹਿੰਦੇ ਹਨ। ਤੇਰੇ ਕੋਲ ਕੋਈ ਤਰੀਕਾ ਹੈ ਜਿਸ ਨਾਲ ਇਹ ਦੁਤਰ ਸੰਸਾਰ ਸਾਗਰ ਤੋਂ ਤਰਿਆ ਜਾ ਸਕੇ? ਪਾਰ ਲੰਘਣ ਦੀ ਕੋਈ ਜੁਗਤੀ ਹੈ ਤੇਰੇ ਪਾਸ?"

***ਧਾਰਨਾ – ਦੁਨੀਆਂ ਸਾਗਰ ਦੁਤਰ ਤਰੀਐ,***
***ਕਿਉਂ ਕਰ ਪਾਈਐ ਪਾਰੋ ਜੀ – 2, 2.***
***ਕਿਉਂ ਕਰ ਪਾਈਐ ਪਾਰੋ ਜੀ – 4, 2.***
***ਦੁਨੀਆਂ ਸਾਗਰ ਦੁਤਰ ਤਰੀਐ – 2, 2.***

ਹੇ ਨਾਨਕ! ਇਹ ਸੰਸਾਰ ਕਿਸੇ ਵੀ ਤਰੀਕੇ ਨਾਲ ਤਰਿਆ ਨਹੀਂ ਜਾ ਸਕਦਾ, ਅਸੀਂ ਸੰਸਾਰ ਤੇ ਸੰਸਾਰ ਦੀਆਂ ਵਸਤੂਆਂ ਦਾ ਤਿਆਗ ਕਰਦੇ ਹਾਂ। ਗ੍ਰਿਹਸਤ ਦਾ ਤਿਆਗ ਕਰਦੇ ਹਾਂ, ਬਿਲਕੁਲ ਨਵੇਕਲੇ ਹੋ ਕੇ, ਪੱਤੇ ਖਾ ਕੇ ਗੁਜ਼ਾਰਾ ਕਰਦੇ ਹਾਂ, ਕੰਦ ਮੂਲ ਨਾਲ ਸਰੀਰ ਦਾ ਨਿਰਬਾਹ ਕਰਦੇ ਹਾਂ ਤੇ ਤੂੰ ਕਹਿੰਦਾ ਹੈਂ ਕਿ ਮੈਂ ਦੁਨੀਆਂ ਵਿਚ ਐਸਾ ਮਾਰਗ ਚਲਾਵਾਂਗਾ ਕਿ ਸੰਸਾਰ ਵਿਚ ਬੱਚੇ ਪਾਲਦਿਆਂ, ਖਾਂਦਿਆਂ ਪੀਂਦਿਆਂ, ਨੌਕਰੀਆਂ ਕਰਦਿਆਂ ਵੀ ਆਦਮੀ ਦਾ ਪਾਰ ਉਤਾਰਾ ਹੋ ਜਾਵੇਗਾ, ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਇਹ ਮੁਸ਼ਕਲ ਹੈ –

***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥ ਪੰਨਾ - 938***

ਇਹ ਗੱਲ ਸਾਨੂੰ ਕਰਕੇ ਦਿਖਾ, ਕਿਸ ਤਰ੍ਹਾਂ ਕਰ ਸਕਦਾ ਹੈਂ? ਮਹਾਰਾਜ ਕਹਿਣ ਲੱਗੇ, "ਨਾਥ ਜੀ! ਦੇਖੋ, ਪਾਣੀ ਦੇ ਅੰਦਰ ਇਕ ਜਾਨਵਰ ਰਹਿੰਦਾ ਹੈ, ਜਿਸ ਨੂੰ ਮੁਰਗਾਬੀ ਕਹਿੰਦੇ ਹਨ, ਉਹਦਾ ਜਿਥੇ ਜੀਅ ਕਰੇ ਪਾਣੀ ਵਿਚ ਬੈਠ ਜਾਂਦੀ ਹੈ, ਉਸ ਦੇ ਖੰਭ ਗਿੱਲੇ ਨਹੀਂ ਹੁੰਦੇ। ਏਸੇ ਤਰ੍ਹਾਂ ਦੇ ਨਾਲ ਨਾਮ ਮਾਰਗ, ਜਿਸਨੂੰ ਸ਼ਬਦ ਸੁਰਤ ਦਾ ਮਾਰਗ ਆਖਦੇ ਹਨ, ਜੋ ਸੰਤ ਆਦਿ ਤੋਂ ਲੈ ਕੇ ਆ ਰਹੇ ਹਨ, ਸੰਸਾਰ ਦਾ ਉਧਾਰ ਕਰਦੇ ਹਨ, ਉਹ ਜਿਹੜਾ ਸ਼ਬਦ ਸੁਰਤ ਦਾ ਮਾਰਗ ਹੈ, ਅਲੋਪ ਹੋ ਗਿਆ ਹੈ, ਸਖਤ ਘਾਲਣਾ, ਤਪਸਿਆ ਤੇ ਜੋਹਦ ਵਿਚ ਪੈ ਗਏ, ਅਸੀਂ ਉਹ ਮਾਰਗ ਪਰਵਿਰਤ ਕਰਕੇ ਸੰਸਾਰ ਦਾ ਉਧਾਰ ਕਰਨਾ ਹੈ -

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥***
***ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

***ਪੰਨਾ - 938***

***ਧਾਰਨਾ - ਸੁਰਤ ਸ਼ਬਦ ਭਵਸਾਗਰ ਤਰੀਐ,***
***ਨਾਨਕ ਨਾਮ ਵਖਾਣੈ - 2, 2.***
***ਨਾਨਕ ਨਾਮ ਵਖਾਣੇ ਜੀ -4, 2.***
***ਸੁਰਤ ਸ਼ਬਦ ਭਵਸਾਗਰ ਤਰੀਐ,......-2.***

ਨਾਮ ਦਾ ਮਾਰਗ ਐਸਾ ਹੈ, ਜਿਸ ਵਿਚ ਸੁਰਤੀ ਲਾਉਣ ਦੀ ਲੋੜ ਹੈ, ਸਰੀਰ ਨੂੰ ਕੋਈ ਖੇਚਲ ਦੇਣ ਦੀ ਲੋੜ ਨਹੀਂ, ਘਰ ਛੱਡਣ ਦੀ ਲੋੜ ਨਹੀਂ। ਸੁਰਤੀ ਕਿਸੇ ਨਾ ਕਿਸੇ ਚੀਜ਼ ਨਾਲ ਹਰ ਵਕਤ ਲੱਗੀ ਰਹਿੰਦੀ ਹੈ, ਕੇਵਲ ਇਸਨੂੰ ਬਦਲਣ ਦੀ ਲੋੜ ਹੈ।

ਇਕ ਵਾਰੀ ਭਗਤ ਨਾਮਦੇਵ ਜੀ ਦਾ ਬੜਾ ਜਸ ਹੋ ਰਿਹਾ ਸੀ। ਵਾਹਿਗੁਰੂ ਜੀ ਨੇ 72 ਵਾਰੀ ਸਾਕਾਰ ਰੂਪ ਧਾਰ ਕੇ ਉਸ ਨੂੰ ਦਰਸ਼ਨ ਦਿਤੇ, ਉਹਦੇ ਕੰਮ ਵੀ ਕੀਤੇ, ਕਿਧਰੇ ਛਪਰੀ ਬਣਾਈ, ਕਿਧਰੇ ਮਰੀ ਹੋਈ ਗਊ ਜਿਉਂਦੀ ਕੀਤੀ, ਕਿਤੇ ਦੇਹੁਰਾ ਫੇਰਿਆ, ਕਿਤੇ ਆ ਕੇ ਦੁਧ ਪੀਤਾ, ਅਨੇਕ ਕੌਤਕ ਕੀਤੇ। ਇਕ ਭਗਤ ਤ੍ਰਿਲੋਚਨ ਸੀ, ਉਸ ਨੇ ਸੁਣਿਆ ਕਿ ਨਾਮਦੇਵ ਕਿਸ ਤਰ੍ਹਾਂ ਭਗਤੀ ਕਰਦਾ ਹੈ, ਸਾਨੂੰ ਤਾਂ ਰੱਬ ਅਜੇ ਤਕ ਨਹੀਂ ਮਿਲਿਆ, ਉਹ ਹਰ ਵੇਲੇ ਸਮਾਧੀ ਵਿਚ ਰਹਿੰਦਾ ਹੋਣਾ ਹੈ। ਅੱਖਾਂ ਤਾਂ ਖੋਲ੍ਹਦਾ ਹੀ ਨਹੀਂ ਹੋਣਾ। ਬਹੁਤ ਪ੍ਰੇਮੀਆਂ ਨੂੰ ਇਹ ਭਰਮ ਹੁੰਦਾ ਹੈ ਕਿ ਜਿਹੜਾ ਕਾਰੋਬਾਰ ਕਰਦਾ ਹੈ, ਉਹ ਨਾਮ ਕਿਵੇਂ ਜਪ ਲੈਂਦਾ ਹੈ? ਨਾਮ ਜਪਣ ਵਾਲੇ ਤਾਂ ਹਰ ਵੇਲੇ ਅੱਖਾਂ ਮੀਟ ਕੇ ਹੀ ਬੈਠੇ ਰਹਿੰਦੇ ਹੋਣਗੇ। ਸਾਧਸੰਗਤ ਜੀ! ਪਹਿਲਾਂ ਪਹਿਲਾਂ ਇਸ ਤਰ੍ਹਾਂ ਹੀ ਹੁੰਦਾ ਹੈ। ਇਹ ਨਾਮ ਰਸਨਾ ਤੋਂ ਸੁਆਸ ਤੇ ਆ ਜਾਂਦਾ ਹੈ, ਪਰਾ ਬਾਣੀ ਵਿਚ ਚਲਾ ਜਾਂਦਾ ਹੈ, ਪਸੰਤੀ ਤੋਂ ਪਰਾ ਵਿਚ ਚਲਾ ਜਾਂਦਾ ਹੈ, ਪਰਾ ਤੋਂ ਅਨਹਦ ਦੇ ਨਾਲ ਜਾ ਰਲਦਾ ਹੈ, ਆਗਿਆ ਚੱਕਰ ਵਿਚ ਨਾਮ ਜਪ ਹੁੰਦਾ ਹੈ, ਤ੍ਰਿਕੁਟੀ ਵਿਚ ਜਪ ਹੁੰਦਾ ਹੈ, ਰੋਮ ਰੋਮ

ਵਿਚ ਜਪਿਆ ਜਾਂਦਾ ਹੈ, ਵਣ ਤ੍ਰਿਣ ਵਿਚ ਜਪਿਆ ਜਾਂਦਾ ਹੈ, ਜਿਹੜੀਆਂ ਵੀ ਅਵਾਜ਼ਾਂ ਆਉਂਦੀਆਂ ਹਨ ਸਭ ਦੇ ਨਾਲ ਰਲਾ ਕੇ ਵੀ ਨਾਮ ਜਪ ਹੁੰਦਾ ਹੈ, ਉਸ ਵੇਲੇ ਖਾਸ ਅੱਖਾਂ ਮੀਟਣ ਦੀ ਲੋੜ ਨਹੀਂ ਰਹਿੰਦੀ, ਕਿਉਂਕਿ ਜਿਧਰ ਦੇਖਦੈ ਨਾਮ, ਜਿਧਰ ਸੁਣਦੈ ਨਾਮ, ਜਿਸ ਚੀਜ਼ ਨਾਲ ਧਿਆਨ ਲਾਉਂਦਾ ਹੈ, ਨਾਮ ਹੀ ਸੁਣਦਾ ਹੈ, ਨਾਮ ਦੀ ਅਵਸਥਾ ਬਦਲ ਕੇ ਆਤਮ ਗਿਆਨ ਵਿਚ ਆ ਜਾਂਦਾ ਹੈ।

ਸੋ ਤ੍ਰਿਲੋਚਨ ਨੇ ਸੋਚਿਆ ਕਿ ਬੈਠਾ ਰਹਿੰਦਾ ਹੋਣਾ ਹੈ ਪਰ ਫੇਰ ਮੈਂ ਇਹ ਵੀ ਸੁਣਿਆ ਹੈ ਕਿ ਨਾਮਦੇਵ ਗਰੀਬ ਆਦਮੀ ਹੈ। ਕਪੜੇ ਵੀ ਧੋਂਦਾ ਹੈ, ਛਾਪਦਾ ਵੀ ਹੈ, ਉਹ ਕਾਰੋਬਾਰ ਕਿਸ ਤਰ੍ਹਾਂ ਕਰਦਾ ਹੈ, ਗ੍ਰਿਹਸਤ ਦਾ ਨਿਰਬਾਹ ਕਿਸ ਤਰ੍ਹਾਂ ਕਰਦਾ ਹੈ। ਭਗਤ ਤ੍ਰਿਲੋਚਨ ਚਲ ਕੇ ਨਾਮਦੇਵ ਜੀ ਪਾਸ ਆ ਗਿਆ, ਨਾਮਦੇਵ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਪਤਾ ਲੱਗਾ ਕਿ ਸਾਮ੍ਹਣੇ ਬੈਠੇ ਕੰਮ ਕਰ ਰਹੇ ਹਨ, ਚੰਦੇ ਛਾਪ ਰਹੇ ਹਨ। ਸਰਦੀ ਦਾ ਮਹੀਨਾ ਸੀ, ਬਹੁਤ ਸਾਰੇ ਬੰਦੇ ਕੋਲ ਖੜ੍ਹੇ ਹਨ। ਕੋਈ ਬੀਬੀ ਕਹਿ ਰਹੀ ਹੈ, ਭਗਤ ਜੀ! ਸਾਡੇ ਮਹਿਮਾਨ ਆ ਗਏ ਹਨ, ਸਾਡਾ ਚੰਦਾ ਪਹਿਲਾਂ ਛਾਪ ਦਿਓ, ਅੱਜ ਰਾਤ ਨੂੰ ਹੀ ਰਜਾਈ ਚਾਹੀਦੀ ਹੈ; ਕੋਈ ਕੁਝ ਕਹਿ ਰਿਹਾ ਹੈ, ਕੋਈ ਕੁਝ। ਭਗਤ ਜੀ ਸਾਰਿਆਂ ਨੂੰ ਟਾਈਮ ਦੇ ਰਹੇ ਹਨ, ਤੂੰ ਸਵੇਰੇ ਲੈ ਲਈਂ, ਤੂੰ ਸ਼ਾਮ ਨੂੰ ਲੈ ਲਈਂ, ਤੈਨੂੰ ਰਾਤ ਨੂੰ ਦੇ ਦਿਆਂਗੇ। ਤ੍ਰਿਲੋਚਨ ਨੇ ਸੋਚਿਆ ਕਿ ਇਹ ਨਾਮਦੇਵ ਓਹੀ ਹੈ ਜਿਸ ਦੇ ਬਾਰੇ ਮੈਂ ਸੁਣਦਾ ਹਾਂ? ਆਪਣੇ ਬਾਰੇ ਗਿਆਨ ਦਿਤਾ ਕਿ ਮੈਂ ਤਾਂ ਸਵੇਰ ਤੋਂ ਲੈ ਕੇ ਸਾਰਾ ਦਿਨ ਸਮਾਧੀ ਖੋਲ੍ਹਦਾ ਹੀ ਨਹੀਂ, ਮੈਂ ਤਾਂ ਕੋਈ ਕਾਰੋਬਾਰ ਨਹੀਂ ਕਰਦਾ ਜਾਂ ਪੂਜਾ ਕਰਦਾ ਹਾਂ ਜਾਂ ਸਮਾਧੀ ਲਗਾਉਂਦਾ ਹਾਂ, ਮੈਨੂੰ ਇਸ ਤਰ੍ਹਾਂ ਲਗਦਾ ਹੈ ਨਾਮਦੇਵ ਦੀ ਭਗਤੀ ਬਾਰੇ ਗਲਤ ਖਬਰਾਂ ਹਨ ਜੋ ਲੋਕ ਐਵੇਂ ਉਡਾ ਦਿੰਦੇ ਹਨ, ਇਹ ਤਾਂ ਮਾਇਆਧਾਰੀ ਬੰਦਾ ਹੈ –

***ਧਾਰਨਾ – ਨਾਮਾ ਮਾਇਆ ਮੋਹਿਆ,***
***ਕਹੇ ਤ੍ਰਿਲੋਚਨ ਮੀਤ – 2, 2.***
***ਕਹੇ ਤ੍ਰਿਲੋਚਨ ਮੀਤ –4, 2.***
***ਨਾਮਾ ਮਾਇਆ ਮੋਹਿਆ,..................–2.***

ਮੈਂ ਦੇਖਿਆ ਕਿ ਤੂੰ ਤਾਂ ਮਾਇਆ ਵਿਚ ਫਸਿਆ ਹੈਂ, ਤੈਨੂੰ ਉਪਦੇਸ਼ ਦੇਣਾ ਹੀ ਪਵੇਗਾ, ਤੈਨੂੰ 72 ਵਾਰੀ ਰੱਬ ਨੇ ਕਿਸ ਤਰ੍ਹਾਂ ਦਰਸ਼ਨ ਦੇ ਦਿਤੇ, ਤੂੰ ਰਾਮ ਦੇ ਨਾਮ ਨਾਲ ਤਾਂ ਚਿੱਤ ਨਹੀਂ ਲਾਉਂਦਾ। ਮੈਂ ਜਦੋਂ ਦਾ ਬੈਠਾਂ, ਇਹੀ ਦੇਖ ਰਿਹਾ ਹਾਂ ਕਿ ਬਸ ਲੋਕਾਂ ਨਾਲ ਗੱਲਾਂ ਕਰੀ ਜਾਂਦਾ ਹੈਂ। ਭਗਤ ਨਾਮਦੇਵ ਜੀ ਮੁਸਕਰਾਉਣ ਲਗ ਪਏ ਤੇ ਕਹਿਣ ਲੱਗੇ, ਨਾਮ ਵਿਚ ਕਿਹੜਾ ਵਿਘਨ ਪੈ ਗਿਆ? ਨਾਮ ਇਕ ਹੈ ਜਾਂ ਦੋ? ਕਹਿਣ ਲੱਗਾ, "ਹੈ ਤਾਂ ਇਕੋ ਹੀ, ਫੇਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੂੰ ਨਾਮ ਵੀ ਜਪਦਾ ਹੈਂ, ਠੱਪੇ ਵੀ ਲਾਈ ਜਾਂਦਾ ਹੈਂ, ਕੰਮ ਵੀ ਕਰੀ ਜਾਂਦਾ ਹੈਂ, ਮੇਰੇ ਖਿਆਲ ਵਿਚ ਤੂੰ ਨਾਮ ਨਹੀਂ ਜਪਦਾ।" ਨਾਮਦੇਵ ਜੀ ਕਹਿਣ ਲੱਗੇ ਕਿ ਮਨ ਦੀਆਂ ਪੜਤਾਂ ਹੁੰਦੀਆਂ ਹਨ, ਜੇ ਮਨ

ਡੂੰਘਾ ਚਲਾ ਜਾਵੇ, ਜੇ ਕੋਈ ਫੁਰਨਾ ਆ ਜਾਵੇ, ਜੇ ਕੋਈ ਦੁਖ ਆ ਜਾਵੇ, ਔਕੜ ਆ ਜਾਵੇ, ਜਿੰਨਾਂ ਮਰਜ਼ੀ ਜ਼ੋਰ ਲਾ ਲਵੋ, ਨਾਮ ਨਹੀਂ ਜਪਿਆ ਜਾਵੇਗਾ ਕਿਉਂਕਿ ਮਨ ਵਿਚ ਘਟਨਾ ਦਾ ਅਸਰ ਡੂੰਘਾ ਚਲਿਆ ਗਿਆ, ਡੂੰਘਿਆਈ ਵਿਚ ਹੀ ਰਹਿੰਦਾ ਹੈ, ਮਨ ਧੁੰਧਲਾ ਪਿਆ ਹੈ। ਪੇਤਲੇ ਨਾਮ ਨੂੰ ਮਨ ਨਹੀਂ ਫੜਦਾ, ਡੂੰਘਿਆਈ ਵਾਲੇ ਫੁਰਨੇ ਨੂੰ ਫੜਦਾ ਹੈ। ਕੋਈ ਮੁਕਦਮਾ ਹੋਵੇ, ਕੋਈ ਦੁਸ਼ਮਣ ਹੋਵੇ, ਹਰ ਵੇਲੇ ਉਹਦਾ ਹੀ ਭਜਨ ਹੋਈ ਜਾਂਦਾ ਹੈ, ਨੌਕਰੀ ਨਾ ਲਗਦੀ ਹੋਵੇ, ਹਰ ਵੇਲੇ ਅਫਸਰਾਂ ਦੇ ਦੁਆਲੇ ਹੀ ਘੁੰਮੇਗਾ; ਕਿਸੇ ਨਾਲ ਵੈਰ ਹੋਵੇ, ਹਰ ਵੇਲੇ ਉਸ ਕੋਲੋਂ ਡਰਦਾ ਰਹੇਗਾ; ਮਨ ਨੇ ਜਿਹੜੀ ਗੱਲ ਡੂੰਘੀ ਲੈ ਲਈ, ਮਨ ਉਥੇ ਹੀ ਰਿਹਾ ਕਰਦਾ ਹੈ, ਬਾਕੀ ਗੱਲਾਂ ਤਾਂ ਉਪਰੋਂ ਉਪਰੋਂ ਕਰਦਾ ਹੈ। ਕਹਿਣ ਲੱਗੇ, ਇਹ ਗੱਲ ਨਹੀਂ ਹੈ–

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥***
***ਪੰਨਾ - 1376***

***ਧਾਰਨਾ - ਚਿਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀਂ ਪੈਰੀਂ ਕੰਮ ਕਰੀਏ - 2, 2.***
***ਹਥੀਂ ਪੈਰੀਂ ਜੀ, ਕੰਮ ਕਰੀਏ -2, 2.***
***ਚਿਤ ਹਰੀ ਦੇ ਨਾਮ ਨਾਲ ਲਾਈਏ,.....-2.***

ਤਿਰਲੋਚਨ ਜੀ ਇਹ ਦੱਸੋ ਕਿ ਨਾਮ ਚਿਤ ਨੇ ਜਪਣਾ ਹੈ ਜਾਂ ਹੱਥਾਂ ਪੈਰਾਂ ਨੇ। ਹੱਥਾਂ ਪੈਰਾਂ ਨੂੰ ਤਾਂ ਆਪਣਾ ਕੰਮ ਕਰਨ ਦਿਓ, ਚਿੱਤ ਨੂੰ ਵਾਹਿਗੁਰੂ ਨਾਲ ਜੋੜ ਦਿਓ। ਕਹਿਣ ਲੱਗੇ, "ਕਿਸ ਤਰ੍ਹਾਂ ਲਗ ਸਕਦਾ ਹੈ?" ਨਾਮਦੇਵ ਜੀ ਨੇ ਪੰਜ ਮਿਸਾਲਾਂ ਦਿਤੀਆਂ। ਪਹਿਲੀ ਇਹ ਕਿ ਇਕ ਬੱਚਾ ਕਾਗਜ਼ ਲਿਆ ਕੇ ਉਸਦੀ ਪਤੰਗ ਬਣਾਉਂਦਾ ਹੈ, ਕੋਠੇ ਤੇ ਚੜ੍ਹ ਕੇ ਨਾਲ ਦੇ ਸਾਥੀਆਂ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਦੂਜੇ ਪਾਸੇ ਆਪਣੀ ਪਤੰਗ ਦਾ ਵੀ ਧਿਆਨ ਰਖਦਾ ਹੈ ਕਿ ਕਿਧਰੇ ਗੋਤਾ ਨਾ ਖਾ ਜਾਵੇ। ਦੂਜੀ ਮਿਸਾਲ ਹੈ ਕਿ ਇਕ ਬੀਬੀ ਪਾਣੀ ਲੈਣ ਵਾਸਤੇ ਜਾਂਦੀ ਹੈ, ਪਿਛਲੇ ਵਕਤਾਂ ਵਿਚ ਪਾਣੀ ਬਾਹਰੋਂ ਲਿਆਇਆ ਜਾਂਦਾ ਸੀ, ਸਹੇਲੀਆਂ ਵੀ ਨਾਲ ਹਨ, ਕਈ ਕਈ ਘੜੇ ਚੁੱਕ ਲਿਆਉਂਦੀਆਂ ਸਨ, ਨਾਲ ਨਾਲ ਸਹੇਲੀਆਂ ਨਾਲ ਗੱਲਾਂ ਵੀ ਕਰੀ ਜਾਂਦੀ ਹੈ ਪਰ ਧਿਆਨ ਘੜੇ ਤੇ ਪਾਣੀ ਵਿਚ ਹੈ। ਤੀਜੀ ਮਿਸਾਲ ਹੈ ਇਕ ਗਹਿਣੇ ਬਣਾਉਣ ਵਾਲੇ ਦੀ, ਉਹ ਗਹਿਣੇ ਵੀ ਬਣਾਈ ਜਾਂਦਾ ਹੈ ਤੇ ਗਾਹਕਾਂ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਉਹਦਾ ਅਸਲ ਵਿਚ ਚਿਤ ਤਾਂ ਗਹਿਣਿਆਂ ਵਿਚ ਹੈ, ਉਪਰੋਂ ਉਪਰੋਂ ਗੱਲਾਂ ਕਰੀ ਜਾਂਦਾ ਹੈ। ਚੌਥੀ ਮਿਸਾਲ ਹੈ ਇਕ ਬੀਬੀ ਦੀ ਜਿਸ ਨੇ ਬੱਚਾ ਪੰਘੂੜੇ ਵਿਚ ਪਾਇਆ ਹੈ, ਕੰਮ ਵੀ ਕਰੀ ਜਾਂਦੀ ਹੈ, ਥੋੜ੍ਹੀ ਥੋੜ੍ਹੀ ਦੇਰ ਬਾਅਦ ਬੱਚੇ ਨੂੰ ਝੂਟਾ ਵੀ ਦੇ ਜਾਂਦੀ ਹੈ, ਚਿੱਤ ਵਿਚ ਬੱਚੇ ਦਾ ਧਿਆਨ ਰਖਦੀ ਹੈ ਕਿ ਕਿਧਰੇ ਜਾਗ ਕੇ ਗਿਰ ਨਾ ਜਾਵੇ। ਇਹ ਤਾਂ ਬੰਦਿਆਂ ਦੀ ਗੱਲ ਹੈ। ਪੰਜਵੀਂ ਮਿਸਾਲ ਜਾਨਵਰ ਦੀ ਦਿਤੀ ਹੈ ਕਿ ਇਕ ਗਊ ਸੱਜਰ ਸੂਈ ਹੈ, ਬਾਹਰ ਚੁਗਣ ਵਾਸਤੇ ਛੱਡ ਦਿਤੀ, ਚਾਰਨ ਵਾਸਤੇ ਦੂਰ ਲੈ ਗਿਆ, ਉਹ ਉਥੇ ਚੁਗਦੀ

ਵੀ ਹੈ ਪਰ ਥੋੜ੍ਹੀ ਦੇਰ ਬਾਅਦ ਆਪਣੇ ਬੱਚੇ ਨੂੰ ਯਾਦ ਕਰਕੇ ਰੰਭਣ ਲਗ ਜਾਂਦੀ ਹੈ। ਸੋ ਇਸ ਤਰ੍ਹਾਂ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ ਨੂੰ ਦਸਣ ਲੱਗੇ ਕਿ ਜਿਸ ਨੇ ਨਾਮ ਜਪਣਾ ਹੈ, ਕੋਈ ਵਿਘਨ ਨਹੀਂ, ਕੇਵਲ ਮਨ ਨੂੰ ਮਨਾਉਣ ਦੀ ਗੱਲ ਹੈ। ਜਿਹੜਾ ਸਾਈਕਲ ਤੇ ਜਾਂਦਾ ਹੈ-ਸੱਜੇ ਪੈਰ ਨਾਲ ਸਤਿਨਾਮ, ਖੱਬੇ ਨਾਲ ਵਾਹਿਗੁਰੂ, ਨਾਲੇ ਸਫਰ ਤਹਿ ਹੋ ਜਾਂਦਾ ਹੈ, ਨਾਲੇ ਭਜਨ ਹੋਈ ਜਾਂਦਾ ਹੈ। ਟਰੈਕਟਰ ਚਲਾਉਂਦਾ ਹੈ, ਧੁਕ ਧੁਕ ਸੁਣਦੀ ਹੈ, ਨਾਲ ਵਾਹਿਗੁਰੂ ਵਾਹਿਗੁਰੂ ਕਰੀ ਚੱਲੋ। ਪਾਣੀ ਦੇ ਰਿਹਾ ਹੈ ਉਹਦੇ ਨਾਲ ਇੰਜਨ ਦੀ ਅਵਾਜ਼ ਆਉਂਦੀ ਹੈ, ਉਹਦੇ ਨਾਲ ਵਾਹਿਗੁਰੂ ਜੋੜ ਲਓ। ਇਸ ਤਰ੍ਹਾਂ ਬੰਦਾ ਹਰ ਕੰਮ ਕਰਦਾ ਹੋਇਆ ਬੰਦਗੀ ਕਰ ਸਕਦਾ ਹੈ, ਇਹ ਸਿਮਰਨ ਭਗਤੀ ਕਹਾਉਂਦੀ ਹੈ, ਸਾਰੇ ਕਾਰੋਬਾਰ ਵੀ ਹੋਈ ਜਾਂਦੇ ਹਨ –

***ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਸੋ ਗੁਰੂ ਨਾਨਕ ਸਾਹਿਬ ਨੇ ਕਿਹਾ, "ਨਾਥ ਜੀ! ਅਸੀਂ ਸੰਸਾਰ ਵਾਸਤੇ ਐਸਾ ਮਾਰਗ ਲਿਆਏ ਹਾਂ, ਸਿਮਰਨ ਮਾਰਗ, ਸੁਰਤ ਸਬਦ ਦਾ ਮਾਰਗ – ਇਹ ਮਾਰਗ ਬੜੀ ਵਿਆਖਿਆ ਦਾ ਮੁਹਤਾਜ ਹੈ। ਸੋ ਜਿਨ੍ਹਾਂ ਨੂੰ ਕਰਨ ਦਾ ਸ਼ੌਕ ਹੈ ਉਨ੍ਹਾਂ ਨੂੰ ਆਪੇ ਹੀ ਇਸ ਦੇ ਲਾਭ ਦਿਸੀ ਜਾਂਦੇ ਹਨ, ਅੱਗੇ ਅੱਗੇ ਟੁਰੀ ਜਾਂਦੇ ਹਨ। ਸੋ ਅਖੀਰ ਪ੍ਰਮੇਸ਼ਰ ਦਾ ਅਨੁਭਵ ਹੋ ਜਾਂਦਾ ਹੈ, ਇਹ ਸਿਮਰਨ ਭਗਤੀ ਹੈ। ਇਸ ਤੋਂ ਬਾਅਦ ਹੈ ਪਾਦ ਸੇਵਨ ਜੋ ਦੋ ਤਰ੍ਹਾਂ ਦੀ ਹੁੰਦੀ ਹੈ। ਗੁਰੂ ਪ੍ਰਤੱਖ ਹੋਵੇ ਤਾਂ ਹੱਥਾਂ ਪੈਰਾਂ ਨਾਲ ਸੇਵਾ ਕਰਨੀ, ਜੇ ਦੂਰ ਰਹਿੰਦਾ ਹੈ ਤਾਂ ਮਾਨਸਕ ਤੌਰ ਤੇ ਕਰਨੀ, ਇਸ ਦਾ ਤਰੀਕਾ ਹੁੰਦਾ ਹੈ ਕਿ ਕਿਸ ਤਰ੍ਹਾਂ ਮੈਂ ਮਾਨਸਿਕ ਤੌਰ ਤੇ ਪਾਦ ਸੇਵਨ ਭਗਤੀ ਕਰ ਸਕਦਾ ਹਾਂ –

***ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ॥***
***ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ***
***ਪ੍ਰਭ ਮਿਲਉ ਦੇਹੁ ਉਪਦੇਸਾ॥*** ***ਪੰਨਾ – 612***

ਸੋ ਐਸ ਤਰ੍ਹਾਂ ਬੇਅੰਤ ਮਿਸਾਲਾਂ ਹਨ, ਇਸ ਵੇਲੇ ਹੁਣ ਸਮਾਂ ਨਹੀਂ ਹੈ ਕਿ ਮੈਂ ਇਕੱਲੀ ਇਕੱਲੀ ਭਗਤੀ ਦਾ ਵਿਸਥਾਰ ਕਰਾਂ। ਸੋ ਇਹਦੇ ਵਿਚ ਬਹੁਤ ਵੱਡਾ ਫਲ ਹੋਇਆ ਕਰਦਾ ਹੈ ਕਿ ਚਰਨਾਂ ਦਾ ਧਿਆਨ ਕਰਨਾ, ਧਿਆਨ ਦੇ ਨਾਲ ਹੀ ਮਾਨਸਿਕ ਸੇਵਾ ਕਰਨੀ, ਗੁਰੂ ਨੂੰ ਚੌਰ ਕਰਨਾ, ਮੁੱਠੀ ਚਾਪੀ ਕਰਨੀ, ਹੋਰ ਅਨੇਕ ਤਰ੍ਹਾਂ ਦੀ ਸੇਵਾ ਕਰਨੀ। ਸੇਵਾ ਸਰੀਰਕ ਤੌਰ ਤੇ ਅਤੇ ਮਾਨਸਕ ਤੌਰ ਤੇ ਹੁੰਦੀ ਹੈ। ਸੋ ਚਰਨਾਂ ਦੇ ਧਿਆਨ ਦੀ ਸੇਵਾ ਦਾ ਫਲ ਬਹੁਤ ਵੱਡਾ ਹੈ, ਚਰਨਾਂ ਦੀ ਧੂੜੀ ਦਾ ਫਲ ਕਿੰਨਾ ਦੱਸਿਆ ਹੈ।

ਇਕ ਵਾਰੀ ਇਕ ਬੀਬੀ ਲਾਹੌਰ ਵਿਚ ਸਮਨ ਬੁਰਜ ਦੇ ਨੇੜੇ ਰਹਿੰਦੀ ਸੀ। ਬਾਦਸ਼ਾਹ ਸ਼ਾਹਜਹਾਨ ਦਾ ਕੋਈ ਵੱਡਾ ਅਧਿਕਾਰੀ ਆਪਣੇ ਮਹਿਲ ਵਿਚ

ਉਪਰ ਖੜ੍ਹਾ ਸੀ, ਉਸ ਬੀਬੀ ਦਾ ਮਕਾਨ ਕਾਫੀ ਨੇੜੇ ਸੀ, ਬੜੇ ਸ਼ਾਹੂਕਾਰ ਦੀ ਪਤਨੀ ਸੀ। ਉਸ ਨਵਾਬ ਦੇ ਮਨ ਵਿਚ ਆਇਆ ਕਿ ਇਹ ਬਹੁਤ ਸੁੰਦਰ ਹੈ, ਇਸ ਨੂੰ ਆਪਣੀ ਬੇਗਮ ਬਣਾ ਲਵਾਂ, ਪਰ ਉਹ ਬੀਬੀ ਪਤੀਵਰਤਾ ਸੀ। ਨਵਾਬ ਨੇ ਬੀਬੀ ਨੂੰ ਸੁਨੇਹਾ ਭੇਜਿਆ ਕਿ ਉਹ ਮੇਰੇ ਕੋਲ ਆਵੇ। ਉਸ ਨੇ ਕਿਹਾ, ਮੇਰਾ ਪਤੀ ਤਾਂ ਬਾਹਰ ਗਿਆ ਹੋਇਆ ਹੈ ਅਤੇ ਮੈਂ ਪਤੀਵਰਤਾ ਇਸਤ੍ਰੀ ਹਾਂ, ਮੈਂ ਨਹੀਂ ਜਾਣਾ, ਮੈਨੂੰ ਇਹ ਗੱਲ ਸੋਭਾ ਨਹੀਂ ਦਿੰਦੀ। ਜਾਨ ਚਲੀ ਜਾਏਗੀ ਪਰ ਮੇਰਾ ਧਰਮ ਨਹੀਂ ਜਾਣਾ ਚਾਹੀਦਾ। ਜੋ ਬੁਲਾਉਣ ਗਏ ਸੀ, ਉਨ੍ਹਾਂ ਨੇ ਆ ਕੇ ਨਵਾਬ ਨੂੰ ਦੱਸਿਆ ਕਿ ਬੀਬੀ ਤਾਂ ਇਹ ਜਵਾਬ ਦਿੰਦੀ ਹੈ। ਉਥੇ ਇਕ ਤਾਂਤਰੀ, ਕਾਜੀ ਬੈਠਾ ਸੀ। ਕਹਿਣ ਲੱਗਿਆ ਅਸੀਂ ਮੰਤਰ ਦੇ ਬਲ ਨਾਲ ਬੁਲਾ ਦਿੰਦੇ ਹਾਂ। ਇਨ੍ਹਾਂ ਨੇ ਮੰਤਰ ਪੜ੍ਹ ਕੇ ਇਕ ਤਵੀਜ਼ ਮੰਜੇ ਦੇ ਪਾਵੇ ਹੇਠਾਂ ਰੱਖਿਆ, ਬੀਬੀ ਦੇ ਮਨ ਵਿਚ ਖਿਆਲ ਆਇਆ ਕਿ ਕਿਤੇ ਮੇਰੇ ਪੁੱਤਰ ਜਾਂ ਪਤੀ ਨੂੰ ਨਾ ਮਰਵਾ ਦੇਵੇ। ਨਵਾਬ ਜ਼ੋਰ ਵਾਲਾ ਹੈ, ਮੈਂ ਚਲੀ ਹੀ ਜਾਵਾਂ ਤਾਂ ਚੰਗਾ ਹੈ। ਸੋ ਇਸ ਬੀਬੀ ਨੇ ਵਸਤਰ ਵਗੈਰਾ ਪਹਿਨਣੇ ਸ਼ੁਰੂ ਕਰ ਦਿਤੇ, ਜਾਣ ਲਈ ਸੋਚਣਾ ਸ਼ੁਰੂ ਕਰ ਦਿਤਾ। ਜਦੋਂ ਦੂਜਾ ਤਵੀਜ਼ ਮੰਜੇ ਦੇ ਪਾਵੇ ਥੱਲੇ ਦਬਾਇਆ ਤਾਂ ਜਾਣ ਦੀ ਪੂਰੀ ਤਿਆਰੀ ਕਰ ਲਈ। ਜਦੋਂ ਤੀਜਾ ਤਵੀਜ਼ ਦਬਾਇਆ ਤਾਂ ਓਸੇ ਵੇਲੇ ਘਰ ਨੂੰ ਤਾਲਾ ਲਗਾ ਕੇ ਤੁਰ ਪਈ। ਰਸਤੇ ਵਿਚ ਇਕ ਬਹੁਤ ਉਚ ਕੋਟੀ ਦੇ ਮਹਾਤਮਾ ਰਹਿੰਦੇ ਸਨ ਜਿਸ ਕੋਲੋਂ ਸ਼ਾਹਜਹਾਂ ਵੀ ਡਰਿਆ ਕਰਦਾ ਸੀ। ਉਸ ਦਾ ਤਪ ਤੇਜ਼ ਬਹੁਤ ਸੀ, ਬੀਬੀ ਨੇ ਸੋਚਿਆ ਮੈਂ ਰਸਤੇ ਵਿਚ ਨਮਸ਼ਕਾਰ ਕਰਦੀ ਜਾਵਾਂ, ਪਤਾ ਨਹੀਂ ਮੈਨੂੰ ਉਹ ਤੁਰਕ ਬਣਾ ਲਵੇ, ਮੇਰੀ ਜਾਤ ਬਦਲ ਜਾਵੇ। ਪਤਾ ਨਹੀਂ ਕੀ ਭਾਵੀ ਵਰਤ ਜਾਵੇ। ਸੋ ਜਾਂਦੀ ਜਾਂਦੀ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਤਾਂ ਕਰਦੀ ਜਾਵਾਂ। ਜਦੋਂ ਮਹਾਂਪੁਰਸ਼ਾਂ ਕੋਲ ਆਈ ਤਾਂ ਸੰਤ ਕਹਿਣ ਲੱਗੇ, "ਬੇਟਾ! ਤੇਰਾ ਪਤੀ ਤਾਂ ਇਥੇ ਹੈ ਨਹੀਂ ਫਿਰ ਤੂੰ ਹਾਰ ਸ਼ਿੰਗਾਰ ਕਰੀ ਕਿਥੇ ਜਾ ਰਹੀ ਹੈਂ?" ਰੋਣ ਲਗ ਗਈ। ਬੀਬੀ ਨੇ ਸਾਰੀ ਗੱਲ ਮਹਾਂਪੁਰਸ਼ਾਂ ਨੂੰ ਦੱਸੀ ਕਿ ਮੇਰੀ ਤਾਂ ਡਰਦੀ ਮਾਰੀ ਦੀ ਬੁੱਧੀ ਹੀ ਭ੍ਰਿਸ਼ਟ ਹੋ ਗਈ। ਮਹਾਂਪੁਰਸ਼ਾਂ ਨੇ ਦੱਸਿਆ ਕਿ ਤੈਨੂੰ ਤਾਂ ਮੰਤਰ ਦੇ ਬਲ ਨਾਲ ਖਿਚਿਆ ਜਾ ਰਿਹਾ ਸੀ। ਓਸੇ ਵੇਲੇ ਮਹਾਂਪੁਰਸ਼ਾਂ ਨੇ ਆਪਣੇ ਚਰਨਾਂ ਦੇ ਹੇਠਾਂ ਤੋਂ ਥੋੜ੍ਹੀ ਜਿਹੀ ਧੂੜ ਚੁੱਕੀ ਤੇ ਬੀਬੀ ਦੇ ਮੱਥੇ ਤੇ ਮਲ ਦਿਤੀ, ਓਸੇ ਵੇਲੇ ਬੀਬੀ ਨੂੰ ਹੋਸ਼ ਆ ਗਈ ਤੇ ਕਹਿਣ ਲੱਗੀ ਕਿ ਮੈਂ ਤਾਂ ਗਲਤ ਪਾਸੇ ਜਾ ਰਹੀ ਸੀ, ਹੁਣ ਤਾਂ ਭਾਵੇਂ ਮੇਰੀ ਜਾਨ ਚਲੀ ਜਾਵੇ, ਮੈਂ ਨਹੀਂ ਜਾਵਾਂਗੀ; ਘਰ ਨੂੰ ਵਾਪਸ ਮੁੜ ਗਈ। ਉਧਰ ਉਹ ਲੋਕ ਬੀਬੀ ਦਾ ਇੰਤਜ਼ਾਰ ਕਰ ਰਹੇ ਸਨ, ਮੰਤਰ ਕਰਨ ਵਾਲਿਆਂ ਨੂੰ ਪੁਛਿਆ ਕਿ ਤੁਹਾਡੇ ਮੰਤਰ ਕੀ ਕਰ ਰਹੇ ਹਨ, ਕਹਿਣ ਲੱਗੇ ਬੀਬੀ ਤਾਂ ਆ ਗਈ ਸੀ, ਪਰ ਰਸਤੇ ਵਿਚ ਕੋਈ ਵੱਡਾ ਵਲੀ ਮਿਲ ਗਿਆ, ਜਿਸ ਨੇ ਉਸ ਨੂੰ ਰੋਕ ਦਿਤਾ।

***ਸੰਤ ਕੀ ਧੂਰਿ ਮਿਟੇ ਅਘ ਕੋਟ॥ ਪੰਨਾ - 188***

ਸੋ ਚਰਨਾਂ ਦੀ ਭਗਤੀ ਕਰੋੜਾਂ ਪਾਪਾਂ ਦਾ ਨਾਸ਼ ਕਰਦੀ ਹੈ, ਚਰਨਾਂ ਦੀ ਭਗਤੀ ਭਾਈ ਗੋਂਦੇ ਨੇ ਕੀਤੀ, ਗੁਰੂ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ

ਸਾਹਿਬ ਜੀ ਨੂੰ ਪ੍ਰੇਮ ਭਰੀਆਂ ਡੋਰੀਆਂ ਨਾਲ ਬੰਨ੍ਹ ਕੇ ਬਿਠਾ ਦਿਤਾ –

*ਅਵਰਿ ਉਪਾਵ ਸਭਿ ਮੀਤ ਬਿਸਾਰਹੁ॥*
*ਚਰਨ ਕਮਲ ਰਿਦ ਮਹਿ ਉਰਿਧਾਰਹੁ॥*
*ਪੰਨਾ - 288*

ਇਸ ਤੋਂ ਬਾਅਦ ਹੈ ਅਰਚਣ ਭਗਤੀ, ਇਹ ਅਰਚਣਾਂ ਭਗਤੀ ਸੋਲ੍ਹਾਂ ਪ੍ਰਕਾਰ ਦੀ ਹੁੰਦੀ ਹੈ, ਗੁਰੂ ਦੀ ਸੇਵਾ ਨੂੰ ਅਰਚਣਾ ਭਗਤੀ ਕਹਿੰਦੇ ਹਨ, 16 ਪ੍ਰਕਾਰ ਦੀ ਗੁਰੂ ਦੀ ਸੇਵਾ ਹੁੰਦੀ ਹੈ, ਜਿਸ ਦਾ ਵਿਸਥਾਰ ਬਹੁਤ ਹੈ। ਇਸ ਦਾ ਫਲ ਇਹ ਹੁੰਦਾ ਹੈ ਕਿ ਦਰਗਾਹ ਦੇ ਅੰਦਰ ਮਾਣ ਦੀ ਪ੍ਰਾਪਤੀ ਹੁੰਦੀ ਹੈ–

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ - 2, 2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ - 2, 2.*

ਜਿਹੜਾ ਸੀਸ ਗੁਰਾਂ ਦੇ ਚਰਨਾਂ ਵਿਚ ਜਾ ਕੇ ਨਹੀਂ ਝੁਕਦਾ, ਉਸ ਬਾਰੇ ਮਹਾਰਾਜ ਦਾ ਫੁਰਮਾਨ ਹੈ –

*ਧਾਰਨਾ - ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,*
*ਧ੍ਰਿਗ ਤੇਰਾ ਸੀਸ ਬੰਦਿਆ - 2, 2.*
*ਮੇਰੇ ਪਿਆਰੇ, ਧ੍ਰਿਗ ਤੇਰਾ ਸੀਸ ਬੰਦਿਆ–2,2*
*ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,......–2.*

*ਧ੍ਰਿਗੁ ਸਿਰੁ ਜੋ ਗੁਰੁ ਨਾ ਨਿਵੈ ਗੁਰ ਲਗੈ ਨ ਚਰਣੀ।*

*ਭਾਈ ਗੁਰਦਾਸ ਜੀ, ਵਾਰ 27/10*

ਇਹ ਨਮਸਕਾਰ ਡੰਡਉਤ ਭਗਤੀ ਹੁੰਦੀ ਹੈ ਜਿਸ ਦੇ ਅੱਠ ਅੰਗ ਧਰਤੀ ਤੇ ਲਗਦੇ ਹਨ ਉਸ ਨੂੰ ਬੰਦਨ ਆਖਿਆ ਜਾਂਦਾ ਹੈ, ਜਿਸ ਦੇ ਮਨ ਵਿਚ ਅਤੀ ਸ਼ਰਧਾ ਹੋਵੇ, ਉਸ ਤੋਂ ਹੀ ਕਿਰਿਆ ਹੋਇਆ ਕਰਦੀ ਹੈ। ਇਸ ਤਰ੍ਹਾਂ ਇਸ ਭਗਤੀ ਨੂੰ ਨਮਸਕਾਰ ਭਗਤੀ ਕਹਿੰਦੇ ਹਨ। ਇਸ ਤੋਂ ਬਾਅਦ ਦਾਸਾ ਭਾਵ ਭਗਤੀ ਹੁੰਦੀ ਹੈ, ਆਪਣੇ ਆਪ ਨੂੰ ਗੁਲਾਮ ਬਣਾ ਲੈਣਾ, ਆਪਣੀ ਮਰਜ਼ੀ ਛੱਡ ਦੇਣੀ –

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ*

*ਲਾਗਾ॥* *ਪੰਨਾ - 991*

*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥*
*ਪੰਨਾ - 757*

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥*
*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਪੰਨਾ - 811*

ਇਕ ਵਾਰੀ ਬਲਖ ਬੁਖਾਰੇ ਦਾ ਬਾਦਸ਼ਾਹ ਇਬਰਾਹੀਮ ਆਦਮ ਸੀ, ਉਸ ਨੇ ਇਕ ਗੁਲਾਮ ਖਰੀਦਿਆ, ਉਹ ਬੜਾ ਅਜੀਬ ਸੀ, ਉਸ ਨੇ ਗੁਲਾਮ ਨੂੰ ਬੁਲਾ ਕੇ ਪੁਛਿਆ, "ਐ ਗੁਲਾਮ! ਤੇਰੀ ਹਰ ਹਰਕਤ ਕੁਝ ਵਚਿੱਤਰ ਹੈ, ਦੂਜਿਆਂ ਨਾਲੋਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਤੇਰੇ ਅੰਦਰ ਜੀਵਨ ਕਣੀ ਹੈ ਤੇ ਮੈਨੂੰ ਤੇਰੇ ਤੇ ਤਰਸ ਆ ਰਿਹਾ ਹੈ ਤੇ ਮੇਰੇ ਮਨ ਵਿਚ ਕੁਝ ਐਸ ਤਰ੍ਹਾਂ ਖਿਆਲ ਆਉਂਦਾ ਹੈ ਕਿ ਮੈਂ ਤੇਰਾ ਕੁਝ ਸਤਿਕਾਰ ਰੱਖਾਂ। ਤੂੰ ਆਪਣਾ ਨਾਮ ਦਸ, ਤੂੰ ਕੈਸੇ ਕਪੜੇ ਪਾਉਣੇ ਚਾਹੁੰਦਾ ਹੈਂ, ਕੈਸਾ ਖਾਣਾ ਖਾਣਾ ਪਸੰਦ ਕਰੇਂਗਾ, ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਉਠਣਾ ਚਾਹੇਂਗਾ।" ਗੁਲਾਮ ਨੇ ਕਿਹਾ, "ਹਜ਼ੂਰ, ਜਦੋਂ ਮੈਂ ਆਜ਼ਾਦ ਸੀ ਮੈਂ ਸਭ ਕੁਝ ਮਰਜ਼ੀ ਨਾਲ ਕਰਦਾ ਸੀ ਹੁਣ ਮੈਂ ਗੁਲਾਮ ਹਾਂ, ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਤੁਸੀਂ ਜਿਸ ਤਰ੍ਹਾਂ ਦਾ ਵੀ ਮੇਰਾ ਨਾਮ ਰੱਖਣਾ ਚਾਹੁੰਦੇ ਹੋ, ਟਿੱਟੂ, ਬਿੱਟੂ, ਕਾਲਾ, ਗੋਰਾ ਜੋ ਵੀ ਰਖਣਾ ਚਾਹੁੰਦੇ ਹੋ ਉਹ ਰੱਖ ਲਓ, ਜਿਹੜਾ ਤੁਹਾਨੂੰ ਸੁਖਾਲਾ ਲਗਦਾ ਹੈ ਉਹ ਰਖ ਲਓ, ਕਿਉਂਕਿ ਨਾਮ ਰੱਖਣ ਦਾ ਤੇ ਬਦਲਣ ਦਾ ਹੱਕ ਆਜ਼ਾਦ ਆਦਮੀ ਨੂੰ ਹੁੰਦਾ ਹੈ, ਗੁਲਾਮ ਨੂੰ ਨਹੀਂ ਹੁੰਦਾ ਕਿਉਂਕਿ ਗੁਲਾਮ ਦੀ ਜ਼ਮੀਰ ਤੇ ਹਕੂਕ ਖਤਮ ਹੋ ਜਾਂਦੇ ਹਨ, ਜਿਹੜੇ ਕਪੜੇ ਤੁਹਾਡੀਆਂ ਅੱਖਾਂ ਨੂੰ ਠੀਕ ਲਗਦੇ ਹਨ ਓਹੇ ਜਿਹੇ ਪਹਿਨਾ ਦਿਆ ਕਰੋ, ਜੋ ਕੁਝ ਖਾਣ ਨੂੰ ਦੇ ਦਿਓਂਗੇ, ਉਹ ਖਾ ਲਵਾਂਗਾ। ਮੇਰੀ ਕੋਈ ਵਿਸ਼ੇਸ ਮੰਗ ਨਹੀਂ ਹੈ, ਜਦੋਂ ਕਹੋਂਗੇ ਤੂੰ ਸੌਂ ਜਾ, ਮੈਂ ਸੌਂ ਜਾਵਾਂਗਾ, ਜਦੋਂ ਕਹੋਂਗੇ ਉਠ ਜਾ, ਮੈਂ ਉਠ ਜਾਵਾਂਗਾ, ਮੇਰਾ ਧਰਮ ਕੇਵਲ ਸੁਆਮੀ ਸੇਵਾ ਦਾ ਰਹਿ ਗਿਆ ਹੈ ਕਿਉਂਕਿ ਮੈਂ ਮੁੱਲ ਖਰੀਦਿਆ ਗਿਆ ਹਾਂ, ਮੇਰਾ ਹੁਣ ਕਾਹਦਾ ਨਾਉਂ ਹੈ? ਗੁਲਾਮ ਦੀ ਮੰਗ ਹੀ ਕੋਈ ਨਹੀਂ ਰਹਿੰਦੀ।

*ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,*
*ਮੇਰਾ ਨਾਉ ਸੁਭਾਗਾ ਜੀ - 2, 2.*
*ਮੇਰੇ ਨਾਉ ਸੁਭਾਗਾ ਜੀ - 4, 2.*
*ਮੁੱਲ ਖਰੀਦੀ ਲਾਲਾ ਗੋਲਾ,........2*

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥* *ਪੰਨਾ - 991*

ਸੋ ਸਾਧ ਸੰਗਤ ਜੀ! ਇਹ ਦਾਸਾ ਭਾਵ ਭਗਤੀ ਹੁੰਦੀ ਹੈ। ਨੌਵੀਂ ਭਗਤੀ ਹੁੰਦੀ ਹੈ 'ਸਖਾ ਭਗਤੀ' ਜਾਂ ਪਤੀਵਰਤਾ ਪਤਨੀ ਵਰਗੀ

ਆਗਿਆਕਾਰ ਰਹਿਣ ਵਾਲੀ ਭਗਤੀ। ਉਸਦਾ ਆਪਣੇ ਪਤੀ ਨਾਲ ਪਿਆਰ ਹੁੰਦਾ ਹੈ, ਪਤੀ ਦੀ ਰਜ਼ਾ ਵਿਚ ਰਾਜ਼ੀ ਰਹਿੰਦੀ ਹੈ, ਕੋਈ ਗਿਲਾ ਸ਼ਿਕਵਾ ਨਹੀਂ ਕਰਦੀ। ਪਤੀ ਤੋਂ ਬਗੈਰ ਕਿਸੇ ਹੋਰ ਪਰਪੁਰਸ਼ ਦੀ ਕੋਈ ਕਾਣ ਨਹੀਂ ਰੱਖੀ ਜਾਂਦੀ, ਸਾਰੇ ਦੁਖ, ਸੁਖ, ਪਤੀ ਨਾਲ ਪ੍ਰਸੰਨ ਚਿੱਤ ਰਹਿਣਾ, ਕੋਈ ਸ਼ਿਕਵਾ ਕੋਈ ਉਲਾਂਭਾ ਨਹੀਂ ਦੇਣਾ। ਪਤੀ ਦਾ ਵਿਛੋੜਾ ਨਾ ਝੱਲ ਸਕਣਾ ਤੇ ਨਾਲ ਹੀ ਪਿਆਰ ਵਿਚ ਪ੍ਰਾਣ ਤਿਆਗ ਦੇਣੇ, ਬਿਰਹੇ ਚੋਟ ਨਾ ਸਹਾਰ ਸਕਣੀ, ਸਤੀ ਰਹਿਣਾ। ਇਨ੍ਹਾਂ ਨੌਂ ਕਿਸਮ ਦੀਆਂ ਭਗਤੀਆਂ ਨੂੰ ਫਲ ਲਗਦਾ ਹੈ, ਪਿਆਰ ਦਾ, ਜਿਸ ਨੂੰ ਪ੍ਰੇਮਾ ਭਗਤੀ ਕਹਿੰਦੇ ਹਨ।

***ਸਾਚ ਕਹੋਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***
***(ਸ੍ਵਯੇ ਪਾ. ੧੦)***

ਇਹ ਲੰਮੀ ਚੌੜੀ ਵਿਆਖਿਆ ਇਸ ਵਾਸਤੇ ਕੀਤੀ ਹੈ ਕਿ ਜਿਹੜਾ ਪ੍ਰੇਮ ਹੈ, ਇਹ ਆਪੇ ਨਹੀਂ ਲਗਦਾ –

***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥***
***ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥***
***ਪੰਨਾ – 1378***

ਪਿਆਰ ਕੋਈ ਆਪਣੇ ਵੱਸ ਦੀ ਗੱਲ ਨਹੀਂ ਹੁੰਦੀ, ਹੌਲੀ ਹੌਲੀ ਲੱਗਿਆ ਕਰਦਾ ਹੈ। ਇਹ 'ਨੌਧਾ ਭਗਤੀ' ਕਹਾਉਂਦੀ ਹੈ। ਜਦੋਂ ਪਿਆਰ ਲਗ ਜਾਂਦਾ ਹੈ, ਓਦੋਂ ਪ੍ਰਮੇਸ਼ਰ ਤੇ ਪ੍ਰੇਮੀ ਵਿਚ ਭੇਦ ਖਤਮ ਹੋ ਜਾਂਦਾ ਹੈ, ਬਿਲਕੁਲ ਇਸ ਤਰ੍ਹਾਂ ਹੋ ਜਾਂਦੇ ਹਨ ਜਿਵੇਂ ਇਕੋ ਹੀ ਹੁੰਦੇ ਹਨ।

***ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰ॥ ਪੰਨਾ – 1095***

ਕਿਉਂਕਿ ਸੰਸਾਰ ਨੂੰ ਤਾਂ ਪਦਾਰਥਾਂ ਦੀ ਭੁੱਖ ਲੱਗੀ ਹੋਈ ਹੈ, ਤਰੱਕੀਆਂ ਦੀ ਭੁੱਖ ਲੱਗੀ ਹੈ, ਮਾਣ ਦੀ, ਹੋਰ ਅਨੇਕਾਂ ਚੀਜ਼ਾਂ ਦੀ ਭੁੱਖ ਲੱਗੀ ਹੋਈ ਹੈ ਪਰ ਪ੍ਰਮੇਸ਼ਰ ਨੂੰ ਕੇਵਲ ਪਿਆਰ ਦੀ ਭੁੱਖ ਹੈ।

***ਧਾਰਨਾ – ਭਾਓ ਭਗਤ ਦਾ ਭੁੱਖਾ,***
***ਗੋਬਿੰਦ ਭਾਉ ਭਗਤ ਦਾ ਭੁੱਖਾ – 2, 2.***
***ਗੋਬਿੰਦ ਭਾਓ ਭਗਤ ਦਾ ਭੁੱਖਾ –2, 2.***
***ਭਾਓ ਭਗਤ ਦਾ ਭੁੱਖਾ,.............–2.***

ਇਸ ਨੂੰ ਭਾਉ ਕਹਿੰਦੇ ਹਨ, ਭਗਤੀ ਕਹਿੰਦੇ ਹਨ –

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ – 25***

ਕੀ ਤੇਲ ਤੋਂ ਬਗੈਰ ਦੀਵਾ ਜਲ ਸਕਦਾ ਹੈ? ਮਹਾਰਾਜ ਕਹਿੰਦੇ ਨੇ ਹਾਂ ਭਾਈ!

***ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥***
***ਪੰਨਾ–25***

ਇਹਦੇ ਵਿਚ ਭਗਤੀ ਦੀ ਬੱਤੀ ਪਾਈ ਹੈ -

*ਸਚੁ ਬੂਝਣੁ ਆਣਿ ਜਲਾਈਐ॥* *ਪੰਨਾ - 25*

ਗਿਆਨ ਨਾਲ ਇਹ ਦੀਪ ਜਲ ਜਾਵੇਗਾ।

*ਇਹੁ ਤੇਲੁ ਦੀਵਾ ਇਉ ਜਲੈ॥*
*ਕਰਿ ਚਾਨਣੁ ਸਾਹਿਬ ਤਉ ਮਿਲੈ॥* *ਪੰਨਾ - 25*

ਵਾਹਿਗੁਰੂ ਨੂੰ ਮਿਲਣ ਲਈ, 'ਸੁਰਤੀ' ਰੂਪੀ ਦੀਵਾ ਜਲਾਉਣ ਲਈ ਭਗਤੀ ਜ਼ਰੂਰੀ ਹੈ ਜਿਸ ਨੂੰ ਪਿਆਰ ਕਹਿੰਦੇ ਹਨ- ਪਿਆਰ, ਭਉ। ਭਾਈ ਗੁਰਦਾਸ ਜੀ ਦੁਆਪਰ ਯੁੱਗ ਦੀ ਮਿਸਾਲ ਦਿੰਦੇ ਹਨ।

ਜਦੋਂ ਇਕ ਵਾਰੀ ਪਾਂਡਵਾਂ ਤੇ ਕੌਰਵਾਂ ਦਾ ਵਿਵਾਦ ਪੈ ਗਿਆ, ਬਹੁਤ ਯਤਨ ਕੀਤੇ, ਪਾਂਡਵ ਆਪਣਾ ਹੱਕ ਮੰਗਦੇ ਸੀ ਕਿ ਭਾਵੇਂ ਤੂੰ ਸਾਨੂੰ ਰਾਜ ਨਾ ਦੇ, ਪਰ ਰਾਜ ਤੇ ਸਾਡਾ ਹੱਕ ਸੀ, ਸਾਡਾ ਪਿਤਾ ਵੱਡਾ ਸੀ, ਇਸ ਕਰਕੇ ਹੱਕ ਵੀ ਸਾਡਾ ਬਣਦਾ ਹੈ ਪਰ ਦੁਰਯੋਧਨ! ਤੂੰ ਛਲ ਕਰਕੇ ਰਾਜ ਸਾਡੇ ਕੋਲੋਂ ਖੋਹ ਲਿਆ। ਹੁਣ ਤੂੰ ਇਸ ਤਰ੍ਹਾਂ ਕਰ, ਅਸੀਂ ਤੇਰੀਆਂ ਸਾਰੀਆਂ ਸ਼ਰਤਾਂ ਵੀ ਪੂਰੀਆਂ ਕਰ ਦਿਤੀਆਂ, 12 ਸਾਲ ਬਨਵਾਸ ਵੀ ਕੱਟ ਲਿਆ, ਇਕ ਸਾਲ ਗੁਪਤ ਰਹਿ ਕੇ, ਗੋਲੇ ਬਣ ਕੇ, ਦਾਸ ਬਣ ਕੇ, ਸੇਵਾ ਕਰਕੇ ਵੀ ਕੱਟ ਆਏ, ਹੁਣ ਤੂੰ ਸਾਨੂੰ ਘੱਟ ਤੋਂ ਘੱਟ ਰਹਿਣ ਜੋਗਾ ਥਾਂ ਦੇ ਦੇ। ਅਸੀਂ ਬਹੁਤਾ ਨਹੀਂ ਮੰਗਦੇ, ਸਾਨੂੰ ਕੇਵਲ ਪੰਜ ਪਿੰਡ ਦੇ ਦੇ, ਤਾਂ ਕਿ ਅਸੀਂ ਆਪਣਾ ਨਿਰਵਾਹ ਕਰ ਸਕੀਏ। ਦੁਰਯੋਧਨ ਐਡੇ ਵੱਡੇ ਹਿੰਦੁਸਤਾਨ ਵਿਚੋਂ ਪੰਜ ਪਿੰਡ ਵੀ ਦੇਣੇ ਨਹੀਂ ਸੀ ਮੰਨਦਾ। ਅਖੀਰ ਵਿਚ ਸਿਆਣੇ ਬੰਦੇ ਵਿਚ ਪਏ, ਬਾਰ-ਬਾਰ ਸਮਝਾਉਣ ਦੀ ਕੋਸ਼ਿਸ਼ ਕੀਤੀ। ਕ੍ਰਿਸ਼ਨ ਮਹਾਰਾਜ ਜੀ ਦੀ ਦੋਨਾਂ ਨਾਲ ਸਾਂਝੀ ਰਿਸ਼ਤੇਦਾਰੀ ਸੀ। ਜਦੋਂ ਉਨ੍ਹਾਂ ਕੋਲ ਗੱਲ ਪਹੁੰਚੀ ਤਾਂ ਉਨ੍ਹਾਂ ਨੇ ਸੋਚਿਆ ਕਿ ਪਾਂਡਵਾਂ ਦਾ ਤਾਂ ਅੱਗੇ ਹੀ ਹਾਲ ਖਰਾਬ ਹੈ, ਜੇ ਹੋ ਸਕੇ ਤਾਂ ਇਨ੍ਹਾਂ ਦਾ ਸਮਝੌਤਾ ਹੀ ਕਰਾਉਣਾ ਚਾਹੀਦਾ ਹੈ। ਕ੍ਰਿਸ਼ਨ ਮਹਾਰਾਜ ਨੇ ਦੁਰਯੋਧਨ ਨੂੰ ਸੁਨੇਹਾ ਭੇਜਿਆ ਕਿ ਅਸੀਂ ਆ ਕੇ ਗੱਲਬਾਤ ਕਰਾਂਗੇ। ਜਦੋਂ ਕ੍ਰਿਸ਼ਨ ਮਹਾਰਾਜ ਨੇੜੇ ਆਏ ਤਾਂ ਦੁਰਯੋਧਨ ਨੇ ਸੋਚਿਆ ਕਿ ਜੇ ਇਹ ਦਰਬਾਰ ਵਿਚ ਆਏ ਤਾਂ ਸਾਡੇ ਦਰਬਾਰ ਨੂੰ ਆਦਰ ਕਰਨਾ ਪਵੇਗਾ ਕਿਉਂਕਿ ਕ੍ਰਿਸ਼ਨ ਮਹਾਰਾਜ ਦੁਆਪਰ ਯੁਗ ਦੇ ਸੋਲ੍ਹਾਂ ਕਲਾ ਸੰਪੂਰਨ ਅਵਤਾਰ ਸਨ, ਫੇਰ ਮੈਨੂੰ ਵੀ ਖੜ੍ਹਾ ਹੋਣਾ ਪਵੇਗਾ। ਪਰ ਮੇਰੀ ਏਸ ਗੱਲ ਵਿਚ ਹਤਕ ਹੈ ਕਿ ਮੈਂ ਰਾਜ ਕੁਰਸੀ ਤੋਂ ਉਠ ਕੇ ਉਨ੍ਹਾਂ ਦਾ ਸਤਿਕਾਰ ਕਰਾਂ। ਕੁਝ ਘਿਰਨਾ ਸੀ ਉਸ ਦੇ ਮਨ ਵਿਚ। ਉਸ ਨੇ ਕਿਹਾ ਜਦੋਂ ਕ੍ਰਿਸ਼ਨ ਮਹਾਰਾਜ ਆਉਣ, ਮੈਨੂੰ ਪਹਿਲਾਂ ਦਸ ਦੇਣਾ। ਮੈਂ ਘੋੜਿਆਂ ਦੇ ਤਬੇਲੇ ਵਲ ਜਾਂਦਾ ਹਾਂ, ਜੇ ਤਾਂ ਉਥੇ ਹੀ ਉਹ ਆਏ ਤਾਂ ਕ੍ਰਿਸ਼ਨ ਖੜ੍ਹਾ ਹੋਏਗਾ, ਮੈਂ ਵੀ ਖੜ੍ਹਾ ਹੋਵਾਂਗਾ, ਉਸ ਵਿਚ ਮੇਰੀ ਕੋਈ ਬੇਇਜ਼ਤੀ ਨਹੀਂ, ਜੇਕਰ ਮੇਰੇ ਆਉਣ ਤੇ ਆ ਕੇ ਬਹਿ ਗਏ ਫੇਰ ਸਾਰੀ ਸਭਾ ਖੜ੍ਹੀ ਹੋਏਗੀ, ਨਿਯਮ ਦੇ ਮੁਤਾਬਿਕ ਉਸ ਨੂੰ ਵੀ ਖੜ੍ਹਾ ਹੋਣਾ ਪਵੇਗਾ, ਸੋ ਇਸ ਗੱਲ ਵਿਚ ਮੇਰਾ ਹੱਥ ਉਪਰ ਹੋਏਗਾ।

ਸੋ ਕ੍ਰਿਸ਼ਨ ਮਹਾਰਾਜ ਕੋਲ ਦੁਰਯੋਧਨ ਦੀ ਭਾਵਨਾ ਪਹੁੰਚ ਗਈ, ਦਿਲ ਦੀ ਗੱਲ ਦਿਲ ਵਿਚ ਪਹੁੰਚ ਗਈ। ਬਿਦਰ ਜੋ ਇਨ੍ਹਾਂ ਦਾ ਚਾਚਾ ਲਗਦਾ ਸੀ, ਖਜ਼ਾਨੇ ਵਿਚੋਂ ਇਕ ਪੈਸਾ ਵੀ ਨਹੀਂ ਸੀ ਲਿਆ ਕਰਦਾ ਕਿਉਂਕਿ 'ਰਾਜ ਅੰਸ' ਮਤ ਨੂੰ ਮਲੀਨ ਕਰ ਦਿੰਦਾ ਹੈ। ਕਈ ਬਾਦਸ਼ਾਹ ਐਸੇ ਹੋਏ ਹਨ ਜਿਨ੍ਹਾਂ ਨੇ ਖਜ਼ਾਨੇ 'ਚੋਂ ਪੈਸਾ ਨਹੀਂ ਲਿਆ, ਖੁਦ ਮਿਹਨਤ ਕਰਕੇ ਆਪਣਾ ਗੁਜ਼ਾਰਾ ਕੀਤਾ ਹੈ, 'ਰਾਜ ਅੰਸ' ਤੇ ਪੂਜਾ ਦਾ ਧਾਨ - ਇਹ ਦੋ ਚੀਜ਼ਾਂ ਬੰਦੇ ਨੂੰ ਗਿਰਾ ਦਿੰਦੀਆਂ ਹਨ, ਇਹ ਖਾ ਕੇ ਬੰਦਾ ਗਿਰ ਜਾਂਦਾ ਹੈ। ਜਦੋਂ ਕ੍ਰਿਸ਼ਨ ਮਹਾਰਾਜ ਨੇੜੇ ਆਏ ਤਾਂ ਬਿਦਰ ਦੀ ਝੌਂਪੜੀ ਵਲ ਨੂੰ ਚਲੇ ਗਏ, ਜਾ ਕੇ ਰਾਤ ਕੱਟੀ, ਐਸਾ ਪ੍ਰੇਮ ਦੇਖਿਆ ਕਿ ਅਵਾਜ਼ ਸੁਣਦੇ ਹੀ ਬਿਦਰ ਦੇ ਘਰੋਂ ਬੀਬੀ ਬੇਸੁਧ ਹੋ ਗਈ, ਹਾਲਾਂਕਿ ਅੰਦਰ ਇਸ਼ਨਾਨ ਕਰ ਰਹੀ ਸੀ, ਜਲਦੀ ਜਲਦੀ ਬਾਹਰ ਆਈ, ਮਸਤਾਨੀ ਹੋ ਗਈ, ਕ੍ਰਿਸ਼ਨ ਜੀ ਨੇ ਆਪਣਾ ਪੀਤੰਬਰ ਵਸਤਰ ਉਸ ਦੇ ਸਰੀਰ ਉਪਰ ਪਾ ਕੇ ਢੱਕਿਆ। ਖਾਣ ਪੀਣ ਵਾਸਤੇ ਪੁਛਿਆ, ਸਫ ਤੇ ਬੈਠ ਗਈ, ਕਹਿਣ ਲੱਗੀ, ਮਹਾਰਾਜ! ਕੁਝ ਖਾਓ। ਕੇਲੇ ਖੁਆਉਣ ਲਗ ਪਈ, ਕੇਲੇ ਦਾ ਫਲ ਤਾਂ ਬਾਹਰ ਕੂੜੇ ਵਾਲੀ ਟੋਕਰੀ ਵਿਚ ਸੁੱਟੀ ਜਾਵੇ ਤੇ ਛਿਲਕੇ ਕ੍ਰਿਸ਼ਨ ਮਹਾਰਾਜ ਨੂੰ ਖਲਾਈ ਜਾਵੇ, ਕ੍ਰਿਸ਼ਨ ਮਹਾਰਾਜ ਬੜੇ ਪਿਆਰ ਨਾਲ ਛਕੀ ਜਾਣ, ਨਾਲੇ ਬਚਨ ਕਰੀ ਜਾਣ। ਦਰਸ਼ਨ ਹੋਣ ਤੇ 'ਸੁਧ ਕੀ ਨਾ ਸੁਧ ਰਹੀ।' ਸੁਧ ਹੀ ਵਿਸਰ ਜਾਇਆ ਕਰਦੀ ਹੈ। ਐਨੀ ਦੇਰ ਵਿਚ ਬਿਦਰ ਜੀ ਆ ਗਏ, ਦੇਖਿਆ ਕਿ ਇਹ ਕੀ ਕਰ ਰਹੀ ਹੈ। ਪ੍ਰਸੰਨ ਤਾਂ ਉਹ ਵੀ ਬਹੁਤ ਹੋਏ, ਕ੍ਰਿਸ਼ਨ ਮਹਾਰਾਜ ਨੂੰ ਦੇਖ ਕੇ। ਕਹਿਣ ਲੱਗੇ ਕੇਲੇ ਮੈਨੂੰ ਫੜਾ ਏਧਰ, ਬਿਦਰ ਨੇ ਛਿਲਕਾ ਟੋਕਰੀ ਵਿਚ ਸੁੱਟ ਦਿਤਾ ਤੇ ਕੇਲਾ ਖਾਣ ਵਾਸਤੇ ਕ੍ਰਿਸ਼ਨ ਮਹਾਰਾਜ ਨੂੰ ਦੇ ਦਿਤਾ। ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ ਕਿ ਬਿਦਰ ਜੀ! ਤੁਸੀਂ ਛਿਲੜ ਤਾਂ ਬਾਹਰ ਸੁੱਟ ਦਿਤਾ ਹੈ, ਪਰ ਜੋ ਪਿਆਰ ਪਹਿਲੇ ਛਿਲੜਾਂ ਵਿਚ ਸੀ ਉਹ ਹੁਣ ਇਸ ਕੇਲੇ ਦੇ ਗੁਦੇ ਵਿਚੋਂ ਨਹੀਂ ਆਇਆ। ਪਹਿਲਾਂ ਕੋਈ ਅਜੀਬ ਰਸ ਸੀ, ਕੋਈ ਪਿਆਰ ਦਾ ਰਸ ਸੀ, ਨਾ ਮੈਨੂੰ ਪਤਾ ਲੱਗਿਆ ਸੀ ਕਿ ਮੈਂ ਕੀ ਖਾ ਰਿਹਾ ਹਾਂ, ਨਾ ਦੇਣ ਵਾਲੇ ਨੂੰ ਪਤਾ ਲਗ ਰਿਹਾ ਸੀ ਕਿ ਉਹ ਕੀ ਖਲਾ ਰਿਹਾ ਹੈ। ਹੁਣ ਤੂੰ ਹੋਸ਼ ਹਵਾਸ ਨਾਲ ਦਿਤਾ ਹੈ ਪਰ ਪਹਿਲਾਂ ਵਰਗਾ ਸੁਆਦ ਨਹੀਂ ਆਇਆ। ਸੋ ਉਸ ਤੋਂ ਬਾਅਦ ਪ੍ਰਸ਼ਾਦਾ ਬਣਾਇਆ ਪਰ ਨਮਕ ਪਾਉਣਾ ਭੁੱਲ ਗਈ, ਅਲੂਣਾ ਸਾਗ ਹੀ ਖਲਾ ਦਿਤਾ। ਜਦੋਂ ਸ਼ੀਤ ਪ੍ਰਸ਼ਾਦ ਲੈ ਕੇ ਆਪ ਖਾਣ ਲੱਗੀ ਤਾਂ ਬੜਾ ਪਸ਼ਚਾਤਾਪ ਕਰਨ ਲੱਗੀ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਸਾਨੂੰ ਤਾਂ ਪਤਾ ਹੀ ਨਹੀਂ ਲੱਗਾ ਕਿ ਸਾਗ ਅਲੂਣਾ ਹੈ ਜਾਂ ਲੂਣ ਵਾਲਾ ਹੈ।

ਸੋ ਸਾਧਸੰਗਤ ਜੀ! ਇਹ ਪਿਆਰ ਦੀਆਂ ਬਾਤਾਂ ਹਨ, ਪਿਆਰ ਚੀਜ਼ ਹੀ ਹੋਰ ਹੈ, ਜਿਸ ਨੇ ਇਸ ਰਸ ਨੂੰ ਪੀਤਾ ਹੈ, ਕੇਵਲ ਉਸੇ ਨੂੰ ਹੀ ਪਤਾ ਹੁੰਦਾ ਹੈ, ਬਾਕੀ ਸੰਸਾਰ ਨੂੰ ਨਹੀਂ ਪਤਾ ਹੁੰਦਾ।

***ਧਾਰਨਾ - ਪ੍ਰੇਮ ਠਗੌਰੀ ਜਿਨ ਕਉ ਪਾਈ,***

*ਤਿਨ ਰਸ ਪੀਓ ਭਾਰੀ ਜੀ –2, 2.*
*ਤਿਨ ਰਸ ਪੀਓ ਭਾਰੀ ਜੀ –4, 2.*
*ਪ੍ਰੇਮ ਠਗੌਰੀ ਜਿਨ ਕਉ ਪਾਈ,.........–2.*

ਉਸ ਨੇ ਪਿਆਰ ਦਾ ਭਾਰੀ ਰਸ ਪੀਤਾ ਹੈ –

***ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਾਰੀ॥***

***ਪੰਨਾ – 702***

ਕਿਸ ਵਿਚ ਸ਼ਕਤੀ ਹੈ ਜਿਹੜਾ ਪਿਆਰ ਦੇ ਰਸ ਨੂੰ ਵਰਨਣ ਕਰ ਦੇਵੇ, ਅਲੂਣੇ ਸਾਗ ਮਿੱਠੇ ਲਗ ਰਹੇ ਹਨ, ਕੇਲਿਆਂ ਦੇ ਛਿੱਲੜ ਮਿੱਠੇ ਲਗ ਰਹੇ ਹਨ।

***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***

***ਪੰਨਾ – 1105***

ਸ੍ਰੀ ਰਾਮ ਚੰਦਰ ਜੀ ਨੂੰ ਜਦੋਂ ਭੀਲਣੀ ਨੇ ਬੇਰ ਖਲਾਏ, ਉਨ੍ਹਾਂ ਨੂੰ ਜੂਠਿਆਂ ਦਾ ਖਿਆਲ ਹੀ ਨਹੀਂ, ਉਨ੍ਹਾਂ ਨੂੰ ਬੜੇ ਚੰਗੇ ਲਗ ਰਹੇ ਸਨ।

ਸੋ ਸਾਧ ਸੰਗਤ ਜੀ! ਪਿਆਰ ਦੀ ਗੱਲ ਹੋਰ ਹੁੰਦੀ ਹੈ। ਪਹਿਲੇ ਜ਼ਮਾਨਿਆਂ ਵਿਚ ਸਾਰੇ ਗੁਰਦਵਾਰਿਆਂ ਵਿਚ ਹਨੂਮਾਨ ਨਾਟਕ ਪੜ੍ਹਾਉਂਦੇ ਹੁੰਦੇ ਸੀ। ਭਾਈ ਹਿਰਦੇ ਨਾਥ ਨੇ ਲਿਖਿਆ ਕਿ ਜਦੋਂ ਸੀਤਾ ਜੀ ਦਾ ਪਤਾ ਨਹੀਂ ਸੀ ਲਗਦਾ ਤਾਂ ਰਾਮ ਚੰਦਰ ਜੀ ਨੇ ਹਨੂਮਾਨ ਨੂੰ ਭੇਜਿਆ ਕਿ ਜਾ ਕੇ ਲੰਕਾ ਦੇ ਰਾਜੇ ਰਾਵਣ ਬਾਰੇ ਸੁਣਿਆ ਹੈ, ਉਥੋਂ ਸੀਤਾ ਜੀ ਦਾ ਕੁਛ ਪਤਾ ਲਿਆ। ਜਦੋਂ ਹਨੂੰਮਾਨ ਪਤਾ ਕਰਕੇ ਆਇਆ ਤੇ ਆ ਕੇ ਬੈਠ ਗਿਆ ਤਾਂ ਉਸ ਵੇਲੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ –

"ਔਹ ਹਨੂਮਾਨ! ਕਹਿਓ ਰਘੁਬੀਰ! ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?"

ਪੁਛਣ ਲੱਗੇ ਕਿ ਲੰਕਾ ਵਿਚ ਕੁਝ ਸੀਤਾ ਜੀ ਦਾ ਪਤਾ ਲੱਗਿਆ? ਹਨੂੰਮਾਨ ਜੀ ਨੇ ਕਿਹਾ, "ਹਾਂ।'

"ਹੈ ਪ੍ਰਭ, ਲੰਕ ਕਲੰਕ ਬਿਨਾ ਬਸਹਿ ਤਰ ਰਾਵਣ ਬਾਗ ਕੇ ਮਾਹੀ।"

ਮਹਾਰਾਜ! ਸੀਤਾ ਲੰਕਾ ਵਿਚ ਅਜੇ ਕਲੰਕ ਤੋਂ ਬਿਨਾਂ ਹੈ। ਬਾਗ ਵਿਚ ਉਸ ਦਾ ਨਿਵਾਸ ਕੀਤਾ ਹੋਇਆ ਹੈ, ਓਥੇ ਰਹਿੰਦੀ ਹੈ। ਸਵਾਲ ਕੀਤਾ ਕਿ ਜੀਵਤ ਹੈ? ਸੀਤਾ ਜਿਉਂਦੀ ਹੈ?

ਹਨੂੰਮਾਨ ਜੀ ਨੇ ਕਿਹਾ –

"ਕਹਿਬੇ ਹੀ ਕੋ ਨਾਥ।"

ਜਿਉਂਦੀ ਤਾਂ ਹੈ ਪਰ ਕਹਿਣ ਵਾਸਤੇ ਹੀ ਹੈ, ਕੇਵਲ ਲਗਦੀ ਹੀ ਹੈ

ਜਿਉਂਦੀ।

"ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।"

ਰਾਮਚੰਦਰ ਜੀ ਕਹਿਣ ਲੱਗੇ, "ਸਾਡੇ ਬਗੈਰ ਮਰੀ ਕਿਉਂ ਨਾ?"

ਹਨੂੰਮਾਨ ਜੀ ਕਹਿਣ ਲੱਗੇ, ਮਹਾਰਾਜ! ਏਸ ਕਰਕੇ ਨਹੀਂ ਮਰੀ–

"ਪ੍ਰਾਨ ਬਸੈ ਪਗ ਪੰਕਜ ਮਹਿ, ਜਮ ਆਵਤ ਹੈ ਪਰ ਪਾਵਤ ਨਾਹੀ।"

ਤੁਹਾਡੇ ਚਰਨਾਂ ਵਿਚ ਉਹਦੇ ਪ੍ਰਾਣਾਂ ਦਾ ਵਾਸਾ ਹੋਇਆ ਹੋਇਆ ਹੈ। ਧਰਮਰਾਜ ਦੇ ਦੂਤ ਲੈਣ ਵਾਸਤੇ ਆਉਂਦੇ ਹਨ ਪਰ ਸਰੀਰ ਵਿਚੋਂ ਲੱਭਦੀ ਨਹੀਂ, ਏਸ ਕਰਕੇ ਕਹਿਣ ਵਾਸਤੇ ਹੀ ਜਿਉਂਦੀ ਹੈ। ਮਹਾਰਾਜ! ਤੁਹਾਡੇ ਚਰਨਾਂ ਵਿਚ ਉਸ ਦੇ ਪ੍ਰਾਣ ਵਸ ਰਹੇ ਹਨ, ਇਸ ਕਰਕੇ ਨਹੀਂ ਮਰੀ। ਜਮਦੂਤ ਆਉਂਦੇ ਹਨ ਉਸ ਨੂੰ ਸਰੀਰ ਵਿਚ ਨਾ ਦੇਖ ਕੇ ਮੁੜ ਜਾਂਦੇ ਹਨ। ਸੋ ਇਸ ਤਰ੍ਹਾਂ ਸਾਧ ਸੰਗਤ ਜੀ ਇਹ ਪਿਆਰ ਦੀਆਂ ਬਾਤਾਂ ਹਨ –

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *ਪੰਨਾ – 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਪੰਨਾ – 1102*

ਸੋ ਇਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਜੀ ਦੀ ਬਿਦਰ ਨਾਲ ਪਿਆਰ ਦੀ ਰਾਤ ਲੰਘੀ। ਦੂਜੇ ਦਿਨ ਜਿਸ ਵਕਤ ਕ੍ਰਿਸ਼ਨ ਮਹਾਰਾਜ ਦਰਬਾਰ ਵਿਚ ਗਏ, ਉਸ ਵੇਲੇ ਦੁਰਯੋਧਨ ਬੜਾ ਨਰਾਜ਼ ਹੋਇਆ, ਬਹੁਤ ਰੁਖਾ ਬੋਲਿਆ, ਕਹਿਣ ਲੱਗਿਆ, ਕ੍ਰਿਸ਼ਨ! ਮੈਂ ਸਮਝਿਆ ਸੀ ਕਿ ਤੂੰ ਹੁਣ ਵੱਡਾ ਹੋ ਗਿਆ, ਜ਼ਿੰਮੇਵਾਰ ਹੋ ਗਿਆ ਪਰ ਤੇਰੀਆਂ ਗੁਆਲਿਆਂ ਵਾਲੀਆਂ ਆਦਤਾਂ ਨਹੀਂ ਗਈਆਂ, ਓਹੋ ਹੀ ਗੱਲਾਂ ਨੇ ਤੇਰੇ ਅੰਦਰ, ਭੁੰਜੇ ਜਾ ਕੇ ਸੌਂ ਗਿਆ, ਇਥੇ ਤਾਂ ਤੂੰ ਮਹਿਲਾਂ ਵਿਚ ਰਹਿਣਾ ਸੀ।

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।*
*ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।*

*ਭਾਈ ਗੁਰਦਾਸ ਜੀ, ਵਾਰ 10/7*

ਤੂੰ ਦੱਸ ਤਾਂ ਸਹੀ ਓਥੇ ਜਾ ਕੇ ਤੈਨੂੰ ਕੀ ਸੁਖ ਪ੍ਰਾਪਤ ਹੋਇਆ, ਗੋਲੇ ਦੇ ਘਰ ਵਿਚ, ਛਪਰੀ ਵਿਚ ਰਿਹਾ ਤੂੰ, ਭੁੰਜੇ ਸੁੱਤਾ। ਉਸਦੇ ਕੋਲ ਤਾਂ ਮੰਜਾ ਵੀ ਨਹੀਂ ਹੈ, ਖਾਣ ਵਾਸਤੇ ਵੀ ਕੁਝ ਨਹੀਂ ਹੈ।

*ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ॥*

***ਭਾਈ ਗੁਰਦਾਸ ਜੀ, ਵਾਰ 10/7***

ਐਂ ਸਾਰੇ ਕਿੱਡੇ-ਕਿੱਡੇ ਵੱਡੇ ਬੰਦੇ, ਭੀਸ਼ਮ ਪਿਤਾਮਾ ਵਰਗੇ ਬਾਲ ਜਤੀ, ਬ੍ਰਹਮਚਾਰੀ ਤੇ ਕਰਣ ਵਰਗੇ, ਹੋਰ ਸਾਰੇ ਸਭਾ ਦੇ ਸ਼ਿੰਗਾਰ, ਇਨ੍ਹਾਂ ਸਾਰਿਆਂ ਨੇ ਤੇਰੇ ਨਾਲ ਗੱਲਾਂਬਾਤਾਂ ਕਰਨੀਆਂ ਸਨ, ਤੇਰੇ ਮਨ ਪਰਚਾਵੇ ਵਾਸਤੇ ਕੋਈ ਨਾਚ ਗਾਉਣੇ ਦਾ ਅਸੀਂ ਪ੍ਰਬੰਧ ਕਰਦੇ, ਸਾਨੂੰ ਦਸ, ਇਹ ਸਾਰੇ ਛੱਡ ਕੇ -

***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ॥***

***ਭਾਈ ਗੁਰਦਾਸ ਜੀ, ਵਾਰ 10/7***

ਤੂੰ ਝੁੱਗੀ ਵਿਚ ਜਾ ਕੇ ਪੈ ਗਿਆ, ਸਾਡੇ ਸਾਰਿਆਂ ਦੇ ਮਨ ਵਿਚ ਧੁਕ ਧੁਕੀ ਲੱਗੀ ਰਹੀ। ਜਿਸ ਵੇਲੇ ਇਹ ਗੱਲ ਕਹੀ ਤਾਂ -

***ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥***

***ਭਾਈ ਗੁਰਦਾਸ ਜੀ, ਵਾਰ 10/7***

ਕ੍ਰਿਸ਼ਨ ਜੀ ਬੋਲੇ, ਰਾਜਨ! ਤੂੰ ਸਾਡੇ ਵਲ ਟੇਢਾ ਮੇਢਾ ਕਰਕੇ ਨਾ ਗੱਲ ਕਰ, ਤੂੰ ਮੇਰੇ ਨਾਲ ਨੇਤਰ ਨਹੀਂ ਮਿਲਾਉਂਦਾ, ਕਹਿੰਦੇ ਸਨਮੁਖ ਹੋ ਕੇ ਗੱਲ ਕਰ, ਤੂੰ ਇਧਰ ਦੇਖ ਕੇ ਗੱਲ ਕਰ, ਤੈਨੂੰ ਪਤਾ ਹੈ ਤੂੰ ਮਨ ਵਿਚ ਕੀ ਲੈ ਕੇ ਬੈਠਾ ਸੀ ਕਿ ਕ੍ਰਿਸ਼ਨ ਘੋੜਿਆਂ ਦੇ ਤਬੇਲੇ ਵਿਚ ਆਵੇ -

***ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੂਖਾ॥***
***ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥***
***ਗੋਬਿੰਦ ਭਾਉ ਭਗਤਿ ਦਾ ਭੁਖਾ॥ ਭਾਈ ਗੁਰਦਾਸ ਜੀ, ਵਾਰ 10/7***

ਤੇਰੇ ਕੋਲ ਮੈਂ ਤਾਂ ਆਉਂਦਾ ਜੇਕਰ ਮੈਨੂੰ ਕੋਈ ਦੁਖ ਪਿਆ ਹੁੰਦਾ ਤੇ ਮੈਂ ਤੇਰੇ ਕੋਲੋਂ ਨਵਿਰਤ ਕਰਾਉਣਾ ਹੁੰਦਾ, ਮੈਂ ਤਾਂ ਇਕ ਪਰਉਪਕਾਰ ਕਰਨ, ਇਕ ਖਾਨਦਾਨੀ ਝਗੜਾ ਮਿਟਾਉਣ ਲਈ ਕੁਝ ਜਤਨ ਕਰਨ, ਸੁਮੱਤ ਦੇਣ ਲਈ ਆਇਆ ਹਾਂ। ਤੇਰੇ ਮਨ ਵਿਚ ਤਾਂ ਐਨਾ ਰੁਖਾਪਨ ਸੀ ਅਤੇ ਮੈਨੂੰ ਕੀ ਕੋਈ ਅਪਦਾ ਪਈ ਹੋਈ ਸੀ ਜਾਂ ਮੈਂ ਤੇਰੇ ਕੋਲ ਆ ਕੇ ਕੁਝ ਲੈਣਾ ਸੀ ਜੋ ਤੇਰੇ ਪਾਸ ਆਉਂਦਾ? ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ - 2, 2*

*ਸਾਨੂੰ ਲਗਦੇ ਬਿਦਰ ਜੀ ਪਿਆਰੇ - 2, 2.*
*ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,...- 2.*

***ਰਾਜਨ ਕਉਨੁ ਤੁਮਾਰੈ ਆਵੈ॥***
***ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥***

***ਪੰਨਾ - 1105***

ਕਹਿਣ ਲੱਗੇ, ਤੇਰੇ ਕੋਲ ਤਾਂ ਪਿਆਰ ਹੀ ਨਹੀਂ ਸੀ -

***ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥***

***ਪੰਨਾ - 1105***

ਕਹਿਣ ਲੱਗੇ, ਤੂੰ ਤਾਂ ਆਪਣੇ ਰਾਜ ਦੇ ਹੰਕਾਰ ਵਿਚ ਭੁੱਲਿਆ ਹੋਇਆ ਹੈਂ, ਮਾਨ ਅਪਮਾਨ ਦੀਆਂ ਗੱਲਾਂ, ਦਿਖਾਵੇ ਦੀਆਂ ਗੱਲਾਂ, ਉਪਰੋਂ ਤੂੰ ਹੋਰ ਹੈਂ, ਅੰਦਰੋਂ ਤੇਰਾ ਮਨ ਹੋਰ ਹੈ, ਇਸ ਲਈ ਤੇਰੇ ਕੋਲ ਆ ਕੇ ਕੀ ਕਰਨਾ ਸੀ? ਮੈਨੂੰ ਤਾਂ ਕੋਈ ਲੋੜ ਨਹੀਂ ਸੀ, ਲੋੜ ਵਾਲਾ ਬੰਦਾ ਆਉਂਦਾ ਹੈ। ਬਾਕੀ ਤੂੰ ਕਹਿੰਦਾ ਹੈਂ, ਮੈਂ ਤੇਰੇ ਪਰਸ਼ਾਦੇ ਨਹੀਂ ਛਕੇ। ਪ੍ਰਸ਼ਾਦੇ ਤਾਂ ਤਿੰਨ ਬੰਦੇ ਛਕਿਆ ਕਰਦੇ ਹਨ, ਇਕ ਤਾਂ ਅਥਿਤੀ ਛਕਿਆ ਕਰਦੇ ਹਨ, ਜੋ ਅਚਾਨਕ ਆ ਜਾਵੇ ਤੇ ਭੁੱਖਾ ਹੋਵੇ; ਦੂਜਾ ਉਹ ਛਕਿਆ ਕਰਦਾ ਹੈ ਜਿਸ ਨਾਲ ਕੋਈ ਪ੍ਰੇਮ ਹੋਵੇ, ਪ੍ਰੇਮ ਨਾਲ ਗੱਲਬਾਤ ਕਰਦਾ ਹੋਵੇ, ਉਹਦਾ ਵੀ ਨਿਉਤਾ ਮੰਨ ਲਿਆ ਜਾਂਦਾ ਹੈ, ਤੀਜਾ ਉਹ ਹੁੰਦਾ ਹੈ ਜਿਹੜਾ ਪ੍ਰੀਤਵਾਨ ਮਿਤਰ ਹੋਵੇ, ਉਹ ਅਚਾਨਕ ਆ ਜਾਵੇ, ਉਹ ਪ੍ਰਸ਼ਾਦਾ ਛਕ ਲੈਂਦਾ ਹੈ। ਤੇਰੇ ਵਿਚ ਤਾਂ ਤਿੰਨੇ ਚੀਜ਼ਾਂ ਹੀ ਨਹੀਂ ਸਨ। ਸੋ ਮੈਂ ਤੇਰਾ ਪ੍ਰਸ਼ਾਦਾ ਕਿਸ ਤਰ੍ਹਾਂ ਛਕਦਾ, ਤੇਰੇ ਵਧੀਆ ਖਾਣੇ, ਦੁੱਧ ਵਗੈਰਾ ਮੇਰੇ ਕਿਸੇ ਕੰਮ ਨਹੀਂ ਸਨ।

***ਧਾਰਨਾ - ਦੁਧ ਤੇਰਾ ਜੀ, ਕਿਸੇ ਕੰਮ ਨਾ - 2, 2***
***ਅੰਮ੍ਰਿਤ ਲੱਗਿਆ ਬਿਦਰ ਦਾ ਪਾਣੀ - 2, 2***
***ਦੁਧ ਤੇਰਾ ਜੀ,...............-2.***

***ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥***
***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***

***ਪੰਨਾ - 1105***

ਤੇਰੇ ਕੋਲ ਕੀ ਹੋਣਾ ਸੀ, ਨਿੰਦਿਆ, ਚੁਗਲੀ, ਈਰਖਾ, ਦ੍ਵੈਤ ਦੀਆਂ ਗੱਲਾਂ! ਉਥੇ ਅਸੀਂ ਕੀ ਕੀਤਾ! ਸਾਰੀ ਰਾਤ ਪ੍ਰਭੂ ਦਾ ਜਸ ਕੀਤਾ -

***ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥***

***ਪੰਨਾ - 1105***

ਕ੍ਰਿਸ਼ਨ ਮਹਾਰਾਜ ਦੁਰਯੋਧਨ ਨੂੰ ਕਹਿਣ ਲੱਗੇ ਕਿ ਇਹ ਤੇਰਾ ਸ਼ਿਕਵਾ ਗਲਤ ਹੈ -

***'ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ'*** ਮੈਨੂੰ ਕੋਈ ਦੁਖ ਨਹੀਂ ਸੀ, ਤੇਰੇ ਕੋਲ ਕੋਈ ਪਿਆਰ ਨਹੀਂ ਸੀ। ***'ਭਾਉ ਜਿਵੇਹਾ***

***ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥ ਗੋਬਿੰਦ ਭਾਉ ਭਗਤਿ ਦਾ ਭੁਖਾ॥'*** ਵਾਹਿਗੁਰੂ ਨੂੰ ਜੇ ਭੁੱਖ ਲੱਗੀ ਹੋਈ ਹੈ ਤਾਂ ਕੇਵਲ ਪਿਆਰ ਦੀ ਹੈ, ਦਿਖਾਵੇ ਦੀ ਭੁੱਖ ਨਹੀਂ ਹੈ। ਸੋ ਏਸ ਕਰਕੇ ਸਾਧਸੰਗਤ ਜੀ! ਜੋ ਪ੍ਰੇਮਾ ਭਗਤੀ ਹੈ ਇਹ ਸਭ ਤੋਂ ਸ੍ਰੇਸ਼ਟ ਭਗਤੀ ਹੋਇਆ ਕਰਦੀ ਹੈ। ਪ੍ਰੇਮਾ ਭਗਤੀ ਤੋਂ ਬਾਅਦ ਪਰਾ ਭਗਤੀ ਹੁੰਦੀ ਹੈ, ਜਿਸ ਵਿਚ ਆਦਮੀ ਆਪਣਾ ਸਭ ਕੁਝ ਅਰਪਨ ਕਰ ਦਿੰਦਾ ਹੈ –

***ਧਾਰਨਾ – ਪ੍ਰਭ ਸਭ ਕਿਛੁ ਤੇਰਾ ਜੀ,***
***ਮੈ ਕਿਛੁ ਨਾਹੀਂ, ਮੈ ਕਿਛੁ ਨਾਹੀਂ, –2, 2.***
***ਮੈਂ ਕਿਛੁ ਨਾਹੀ –4, 2.***
***ਪ੍ਰਭ ਸਭ ਕਿਛ ਤੇਰਾ ਜੀ ........... –2.***

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥ ਪੰਨਾ – 827***

ਸੋ ਸਾਰੇ ਬਾਹਰ ਵੀ, ਅੰਦਰ ਵੀ ਇਕੋ ਹੀ ਨਜ਼ਰ ਆਉਂਦਾ ਹੈ। ਜਦੋਂ ਇਕ ਨਜ਼ਰ ਆ ਗਿਆ ਤਾਂ ਆਪੇ ਹੀ ਠਾਕੁਰ, ਆਪੇ ਸੇਵਕ ਹੈ। ਉਸ ਵੇਲੇ ਆਪਣਾ ਆਪ ਪ੍ਰਮੇਸ਼ਰ ਦੇ ਅਰਪਣ ਕਰ ਦਿਤਾ, ਹਉਮੈ ਦਾ ਨਾਸ਼ ਹੋ ਗਿਆ। ਪ੍ਰੇਮਾ ਭਗਤੀ ਤੋਂ ਬਾਅਦ ਫੇਰ ਹਉਮੈ ਦਾ ਨਾਸ਼ ਹੁੰਦਾ ਹੈ, ਜਿਸ ਨੂੰ ਪਰਾ ਭਗਤੀ ਕਹਿੰਦੇ ਹਨ। ਸੋ ਪਰਾ ਭਗਤੀ ਤੋਂ ਬਾਅਦ ਅਪਰਾ ਭਗਤੀ ਹੈ –

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ – 407***

ਉਹਦੇ ਵਿਚ ਕੀ ਹੁੰਦਾ ਹੈ, ਅੱਠ ਗੰਢਾਂ –

***ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥***
***ਪੰਨਾ – 146***

ਆਦਮੀ ਦੇ ਹਿਰਦੇ ਵਿਚ ਅੱਠ ਗੰਢਾਂ ਪਈਆਂ ਹਨ ਤੇ ਪੰਜ ਕਿਸਮ ਦੇ ਭਰਮ ਪਏ ਹੋਏ ਹਨ, ਇਹ ਸਾਰੀਆਂ ਚੀਜ਼ਾਂ ਦਾ ਨਾਸ਼ ਹੋ ਕੇ, ਇਹ ਜੋ ਸ਼ੰਕਾ ਸੀ ਕਿ ਇਹ ਸੰਸਾਰ ਵਾਹਿਗੁਰੂ ਦਾ ਹੈ ਕਿ ਦੁਸ਼ਟਾਂ ਦੇ ਰਹਿਣ ਦਾ ਥਾਂ ਹੈ, ਆਪਣਾ ਵੀ ਤੇ ਸੰਸਾਰ ਦਾ ਵੀ, ਦੋਵੇਂ ਭੇਦ ਖਤਮ ਹੋ ਗਏ, ਸ਼ੰਕੇ ਦਾ ਨਾਸ਼ ਹੋ ਗਿਆ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਸ਼ੰਕਾ ਮੇਰੀ ਓ, ਨਾਸ਼ ਹੋ ਗਈ – 2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ – 2, 2.***
***ਸ਼ੰਕਾ ਮੇਰੀ ਓ, ਨਾਸ਼ ਹੋ ਗਈ,........2***

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਪੰਨਾ - 1349*

ਪੰਜ ਕਿਸਮ ਦੇ ਭਰਮ ਹੁੰਦੇ ਹਨ, ਪੰਜਾਂ ਭਰਮਾਂ ਵਿਚ ਨਾ ਭੁੱਲੋ, ਭਾਈ! ਮਨ ਦੇ ਅੰਦਰ ਆਈਆਂ ਹੋਈਆਂ ਅੱਠ ਕਿਸਮ ਦੀਆਂ ਗੰਢਾਂ ਹੁੰਦੀਆਂ ਹਨ, ਉਹ ਵੀ ਹੌਲੀ ਹੌਲੀ ਖੋਲ੍ਹ ਲਓ - ਗੁਰਬਾਣੀ ਦਾ ਅਧਿਐਨ ਕਰਕੇ -

*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥*
*ਪੰਨਾ - 1350*

ਜਦੋਂ ਅਪਰਾ ਭਗਤੀ ਵਿਚ ਆਇਆ, ਹੈਰਾਨ ਰਹਿ ਗਿਆ ਕਿ ਇਹ ਕੀ ਹੋ ਗਿਆ, ਇਥੇ ਤਾਂ ਸਿਰਫ ਵਾਹਿਗੁਰੂ ਹੀ ਹੈ-

*ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥*
*ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥*
*ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥*
*ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ॥* *ਪੰਨਾ - 206*

ਕਿਤੇ ਤਿਆਗੀ ਬਣਿਆ ਹੋਇਆ ਹੈ, ਕਿਤੇ ਲੈ ਰਿਹਾ ਹੈ। ਏਸ ਤਰ੍ਹਾਂ ਦਸਵੇਂ ਪਾਤਸ਼ਾਹ ਫੁਰਮਾਉਂਦੇ ਹਨ -

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ,*

***ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ॥***
***ਅਕਾਲ ਉਸਤਤਿ***

ਮਹਾਰਾਜ ਭਗਤ ਕਾਹਨਾ ਨੂੰ ਕਹਿਣ ਲੱਗੇ ਕਿ ਨਰਾਜ਼ ਨਾ ਹੋਵੋ, ਇਹ ਜਿਹੜਾ ਤੁਹਾਡਾ ਗਿਆਨ ਹੈ –

***ਮੈਂ ਹੀ ਬ੍ਰਹਮ ਸਰਬ ਕਾ ਕਰਤਾ ਸਕਲ ਜਗਤ ਮੇਰੇ ਤੇ ਜਾਨ,***
***ਸਕਲ ਅਰਾਧੇ ਮੇਰੇ ਤਾਂਈ ਅਬ ਮੈਂ ਹੋਇਆ ਕਾਹਨਾਂ।***

ਇਹ ਤਾਂ ਠੀਕ ਨਹੀਂ ਹੈ। ਅਸੀਂ ਜੋ ਸੰਸਾਰ ਦੇ ਅੰਦਰ ਗਿਆਨ ਲਿਆਂਦਾ ਹੈ, ਏਸ ਤਰ੍ਹਾਂ ਦਾ ਗਿਆਨ ਨਹੀਂ ਲਿਆਂਦਾ। ਕਰਮ ਉਪਾਸ਼ਨਾ, ਗਿਆਨ – ਵਿਗਿਆਨ, ਸੰਸਾਰ ਦੇ ਅੰਦਰ ਬਰਤਨ ਬੈਰਾਗ ਦੀ ਸਿਖਾਈ ਹੈ। ਭਗਤੀ ਨੂੰ ਮੁੱਖ ਰੱਖਿਆ ਹੈ, ਨਿਹਚੇ ਵਿਚ ਗਿਆਨ ਰੱਖਿਆ ਹੈ, ਪਰ ਜੇ ਏਸ ਤਰ੍ਹਾਂ ਦਾ ਗਿਆਨ, ਹੰਕਾਰੀ ਆਦਮੀ ਨੂੰ ਹੋਵੇ ਉਸ ਦਾ ਅਭਿਮਾਨ ਵਧ ਜਾਏਗਾ ਤੇ ਵਧਿਆ ਹੋਇਆ ਅਭਿਮਾਨ ਪ੍ਰਮੇਸ਼ਰ ਨਾਲ ਜੁੜਨ ਨਹੀਂ ਦਿੰਦਾ, ਸੋ ਇਹ ਹਉਮੈ ਦੀ ਗੰਢ ਅਸੀਂ ਤੋੜਨੀ ਹੈ, ਇਹ ਵਧਾਉਣੀ ਨਹੀਂ, ਏਸ ਕਰਕੇ ਸਾਧ ਸੰਗਤ ਜੀ!

***ਸਾਚ ਕਹੌਂ ਸੁਨ ਲੇਹੁ ਸਭੈ,***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

ਸੋ ਵਾਹਿਗੁਰੂ ਨੂੰ ਮਿਲਣ ਦਾ ਇਕੋ ਹੀ ਤਰੀਕਾ ਹੈ ਕਿ ਨੌਧਾ ਭਗਤੀ ਰਾਹੀਂ ਪਿਆਰ ਦੀ ਅਵਸਥਾ ਵਿਚ ਪਹੁੰਚ ਕੇ, ਪਰਾ ਤੇ ਅਪਰਾ ਭਗਤੀ ਵਿਚੋਂ ਹੋ ਕੇ, ਕੀ ਹੁੰਦਾ ਹੈ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ – 1375***

ਜਦੋਂ ਆਪਣਾ ਆਪ ਹੀ dissolve (ਅਭੇਦ) ਹੋ ਗਿਆ, ਇਕ ਮਣ ਨਮਕ ਬੰਨ੍ਹ ਕੇ ਸਮੁੰਦਰ ਵਿਚ ਸੁੱਟ ਦਿਤਾ ਤੇ ਨਮਕ ਨੂੰ ਕਿਹਾ ਕਿ ਸਮੁੰਦਰ ਦਾ ਪਤਾ ਕਰਕੇ ਆ ਕਿ ਸਮੁੰਦਰ ਕੀ ਹੈ। ਨਮਕ ਕਿਥੇ ਰਹਿ ਗਿਆ ਸਾਧਸੰਗਤ ਜੀ! ਉਹ ਤਾਂ ਸਮੁੰਦਰ ਦੇ ਵਿਚੇ ਹੀ ਘੁਲ ਗਿਆ ਸੋ –

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥***
***ਪੰਨਾ – 846***

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਸਾਰਾ ਪਸਾਰਾ ਵਾਹਿਗੁਰੂ ਦਾ ਹੈ, ਨੇਤਰ ਖੁਲ੍ਹਣ ਦੀ ਦੇਰ ਹੈ। ਸੋ ਸਾਧਸੰਗਤ ਜੀ! ਇਹ ਗੁਰਮਤਿ ਦਾ ਮਾਰਗ ਹੈ, ਇਸ ਤੇ ਚਲ ਕੇ ਆਪਣੇ ਜੀਵਨ ਨੂੰ ਸਫਲ ਕਰਨ ਵਾਸਤੇ ਆਪਾਂ ਨੇ ਵੀਚਾਰ ਕੀਤੀ ਹੈ -

***ਮੇਰਾ ਮਨੁ ਲੋਚੈ ਗੁਰਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਪੰਨਾ - 96***

***ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ***
***ਜਿਉ ਤ੍ਰਿਖਾਵੰਤੁ ਬਿਨੁ ਨੀਰ॥ ਪੰਨਾ - 861***

ਸੋ ਏਸ ਮਨ ਦੀ ਤਪਸ, ਭਗਤੀ ਤੇ ਗਿਆਨ ਰਾਹੀਂ ਬੁਝ ਜਾਂਦੀ ਹੈ, ਫੇਰ ਸਾਰੇ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ, ਬਾਕੀ ਕੋਈ ਰਹਿੰਦਾ ਹੀ ਨਹੀਂ-

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਸੋ ਇਸ ਤਰ੍ਹਾਂ ਆਪਣੇ ਜੀਵਨ ਨੂੰ ਪ੍ਰੈਕਟੀਕਲ ਸ਼ਕਲ ਵਿਚ ਲਿਆਓ, ਥਿਊਰੌਟੀਕਲ ਜਿਹੜਾ ਸੁਣਨਾ ਹੈ, ਸੁਣ ਕੇ ਮੰਨਣਾ ਚਾਹੀਦਾ ਹੈ -

***ਸੁਣਿਆ ਮੰਨਿਆ ਮਨਿ ਕੀਤਾ ਭਾਉ॥***
***ਅੰਤਰਗਤਿ ਤੀਰਥਿ ਮਲਿ ਨਾਉ॥ ਪੰਨਾ - 4***

ਸੋ ਸੁਣਨਾ ਇਕ ਸਟੇਜ ਹੈ, ਸੁਣ ਕੇ ਫਿਰ ਮੰਨਣਾ, ਮੰਨਣ ਤੋਂ ਬਾਅਦ ਨਿਧਿਆਸਣ, ਫੇਰ ਹੁੰਦਾ ਹੈ ਆਤਮ ਤੱਤ ਨੂੰ ਅੰਦਰ ਵੀਚਾਰ ਕਰਨਾ, ਆਤਮ ਤੱਤ ਵਿਚ ਆ ਕੇ ਭਜਨ ਬਦਲ ਜਾਇਆ ਕਰਦਾ ਹੈ। ਜੀਵਨ ਦਾ ਕੋਈ ਪਤਾ ਨਹੀਂ ਹੁੰਦਾ ਕਿ ਕਿਸ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ ਤੇ ਸਰੀਰ ਛੱਡ ਜਾਈਏ।

ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ ਸੋ ਮੈਂ ਇਥੇ ਹੀ ਸਮਾਪਤ ਕਰਦਾ ਹਾਂ। ਗੁਰੂ ਮਹਾਰਾਜ ਸਭ ਨੂੰ ਸਿੱਖੀ ਸਿਦਕ, ਨਾਮ ਦਾਨ, ਆਪਣਾ ਪਿਆਰ ਬਖਸ਼ਣ, ਸੂਝ ਬਖਸ਼ਣ, ਨੇਤਰਾਂ ਦੇ ਵਿਚ ਗਿਆਨ ਦੀ ਜੋਤ ਬਖਸ਼ਣ, ਇਹੀ ਵੱਡਾ ਮਨੋਰਥ ਹੁੰਦਾ ਹੈ, ਸਭ ਤੋਂ ਵੱਡੀ ਮੰਗ ਹੈ -

***ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥***
***ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥***
***ਪੰਨਾ - 958***

ਜਿੰਨੀ ਦੇਰ ਤਕ ਨਾਮ ਦੀ ਮੰਗ ਦੀ ਜਾਚ ਨਹੀਂ ਆਉਂਦੀ, ਓਨੀ ਦੇਰ ਤਕ ਮਹਾਰਾਜ ਤੋਂ ਜੋ ਮੰਗੋ, ਦੇਈ ਜਾਂਦੇ ਹਨ। ਲੈਣ ਵਾਲੇ ਥੱਕ ਜਾਂਦੇ ਹਨ। ਵਾਹਿਗੁਰੂ ਦਾ ਨਾਮ ਧਿਆਵੋ, ਜਪੋ -

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ***
***ਰਸਾਇਣ॥***

***ਪੰਨਾ - 714***

ਦੁਨੀਆਂ ਵਿਚ ਜਦੋਂ ਤਕ ਆਦਮੀ ਦੀ ਮੰਗ ਕਾਇਮ ਹੈ, ਭਜਨ ਨਹੀਂ ਹੋ ਸਕਦਾ। ਮੰਗ ਵੀ ਪੂਰੀ ਕਰ ਲਓ ਪਰ –

***ਦਾਤਿ ਪਿਆਰੀ ਵਿਸਰਿਆ ਦਾਤਾਰਾ॥***
***ਪੰਨਾ - 676***

ਦਾਤਾਂ ਮਿਲਦੀਆਂ ਹਨ, ਦਾਤੇ ਨੂੰ ਪਿਆਰ ਕਰੋ। ਭੁੱਲ ਨਾ ਜਾਇਓ – ਦਾਤਾਂ ਦੇਣ ਵਾਲੇ ਨੂੰ। ਯਾਦ ਰੱਖੋ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਦੀ। ਉਦਮ ਕਰੋ, ਸਤਿਸੰਗ ਪ੍ਰਭੂ ਦਾ ਮੁੱਖ ਦੁਆਰ ਹੈ ਇਸ ਵਿਚੀਂ ਹੋ ਕੇ ਮਾਰਗ ਤੇ ਵਧਦੇ ਜਾਓ।

# ਜੇਹਾ ਮਨੋਰਥ ਕਰਿ ਆਰਾਧੈ ਸੋ ਸੰਤਨ ਤੇ ਪਾਵੈ॥

ਸ਼ਾਨ ...............................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਹੋਹੁ ਕਿਰਪਾਲ ਸੁਆਮੀ ਮੇਰੇ,*
*ਸੰਤਾਂ ਸੰਗ ਬਿਹਾਵੈ ਜੀ -2, 2.*
*ਸੰਤਾਂ ਸੰਗ ਬਿਹਾਵੈ ਜੀ -2, 2.*
*ਹੋਹੁ ਕਿਰਪਾਲ ਸੁਆਮੀ ਮੇਰੇ........... -2.*

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥* *ਪੰਨਾ - 961*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪੂਰਾ-ਪੂਰਾ ਫਲ ਲੈਣ ਵਾਸਤੇ ਆਪਣੀਆਂ ਚਿੱਤ-ਬਿਰਤੀਆਂ ਨੂੰ ਇਕਾਗਰ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ, ਨੇਤਰਾਂ ਦੇ ਨਾਲ ਗੁਰੂ-ਸਰੂਪ ਦਾ ਦਰਸ਼ਨ ਕਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਫੇਰ ਜੋ ਸਤਿਸੰਗ ਦੇ ਫਲ ਲਿਖੇ ਹੋਏ ਨੇ, ਉਨ੍ਹਾਂ ਮੁਤਾਬਕ ਸਾਨੂੰ ਫਲ ਪ੍ਰਾਪਤ ਹੋਣਾ ਸ਼ੁਰੂ ਹੋ ਜਾਏਗਾ। ਅਰਦਾਸ ਕੀਤੀ ਹੈ ਕਿ ਹੇ ਪਾਤਿਸ਼ਾਹ! ਜੇ ਤੂੰ ਮੇਰੇ ਉਤੇ ਦਇਆਲ ਹੋਇਆ ਹੈਂ, ਜੇ ਤੇਰੀ ਮੇਰੇ ਉਤੇ ਪ੍ਰਸੰਨਤਾ ਹੈ ਤਾਂ ਇਕ ਕ੍ਰਿਪਾ ਕਰ ਕਿ ਮੇਰਾ ਜਿਹੜਾ ਸਮਾਂ ਹੈ ਉਹ ਸਾਕਤਾਂ, ਮਨਮੁੱਖਾਂ, ਬੇਮੁੱਖਾਂ, ਨਿਗੁਰਿਆਂ ਦੇ ਨਾਲ ਨਾ ਲੰਘੇ ਸਗੋਂ ਜੋ ਤੈਨੂੰ ਪਿਆਰ ਕਰਦੇ ਨੇ, ਤੇਰੇ ਪਿਆਰੇ ਨੇ, ਹਰ ਵਕਤ ਤੇਰੇ ਧਿਆਨ ਵਿਚ ਰਹਿੰਦੇ ਨੇ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*

***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਪੰਨਾ - 319***

ਹੇ ਪਾਤਿਸ਼ਾਹ! ਐਸੇ ਆਪ ਦੇ ਪਿਆਰਿਆਂ ਦੇ ਨਾਲ ਲੱਗ ਕੇ ਮੇਰਾ ਸਮਾਂ ਲੰਘੇ ਕਿਉਂਕਿ ਉਨ੍ਹਾਂ ਦੇ ਦਰਸ਼ਨਾਂ ਨਾਲ ਹੀ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥ ਪੰਨਾ - 520***

ਉਸ ਵੇਲੇ ਵਾਹਿਗੁਰੂ ਚਿਤ ਆਉਣਾ ਸ਼ੁਰੂ ਹੋ ਜਾਂਦਾ ਹੈ। ਮਨਮੁਖ ਦੇ ਨੇੜੇ ਆ ਕੇ ਵਾਹਿਗੁਰੂ ਭੁੱਲਣਾ ਸ਼ੁਰੂ ਹੋ ਜਾਂਦਾ ਹੈ। ਬੇਅੰਤ ਚੀਜ਼ਾਂ ਹਨ ਜਿਨ੍ਹਾਂ ਦਾ ਗੰਦਾ-ਮੰਦਾ ਪ੍ਰਭਾਵ ਹਿਰਦੇ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ। ਸਾਧੂ ਨੂੰ ਦੇਖ ਕੇ ਨਾਮ ਦਾ ਪਿਆਰ ਲਗਦਾ ਹੈ, ਪ੍ਰਭੂ ਦਾ ਪਿਆਰ ਲਗਦਾ ਹੈ ਕਿਉਂਕਿ ਜੇ ਤੈਨੂੰ (ਪ੍ਰਭੂ ਨੂੰ) ਭੁੱਲ ਜਾਈਏ ਫੇਰ ਜੰਮ ਪੈਂਦੇ ਹਾਂ ਮਰ ਜਾਂਦੇ ਹਾਂ ਤੇ ਜੀਵਨ ਵਿਚ ਹਾਵੇ ਖਤਮ ਨਹੀਂ ਹੁੰਦੇ, ਝੋਰੇ ਖਤਮ ਨਹੀਂ ਹੁੰਦੇ। ਇਸ ਕਰਕੇ ਜੇ ਤੂੰ ਦਇਆਲ ਹੈਂ ਤਾਂ ਮੇਰਾ ਸਮਾਂ ਸਾਧੂਆਂ ਦੇ ਨਾਲ ਰਹਿ ਕੇ ਲੰਘ ਜਾਵੇ, ਉਨ੍ਹਾਂ ਦੀ ਸੰਗਤ ਵਿਚ ਬਤੀਤ ਹੋਵੇ। ਉਨ੍ਹਾਂ ਦੇ ਉਪਦੇਸ਼ ਸੁਣਦਿਆਂ, ਹਰੀ ਜਸ ਕਰਦਿਆਂ ਬਤੀਤ ਹੋਵੇ ਕਿਉਂਕਿ ਉਹ ਕਿਸੇ ਰਾਜਨੀਤੀ ਵਿਚ ਨਹੀਂ ਪਏ ਹੁੰਦੇ ਕਿ ਸਮਾਂ ਬਰਬਾਦ ਕਰ ਦੇਣਗੇ। ਸਭ ਤੋਂ ਉਤਮ ਚੀਜ਼-

***ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥***
***ਪੰਨਾ - 320***

ਉਥੇ ਅੰਮ੍ਰਿਤ ਦੀ ਦਾਤ ਵੰਡੀ ਜਾਂਦੀ ਹੈ - ਆਤਮ ਗਿਆਨ ਦੀ ਦਾਤ, ਗਿਆਨ ਦੀ ਦਾਤ। ਸੋ ਨਾਮ ਦੀ ਦਾਤ ਕੀ ਕਰਦੀ ਹੈ ਕਿ ਬੰਦਾ ਸੁਖੀ ਹੋ ਜਾਂਦਾ ਹੈ ਤੇ ਜਮਾਂ ਦੇ ਪੰਥ ਵਿਚ ਨਹੀਂ ਜਾਂਦਾ, ਜੰਮਣ-ਮਰਨ ਤੋਂ ਬਰੀ ਹੋ ਜਾਂਦਾ ਹੈ ਕਿਉਂਕਿ ਮਹਾਂਪੁਰਸ਼ਾਂ ਦੀ duty (ਸੇਵਾ) ਅਕਾਲ-ਪੁਰਖ ਵਲੋਂ ਇਸੇ ਕੰਮ ਲਈ ਲੱਗੀ ਹੁੰਦੀ ਹੈ-

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਪੰਨਾ - 749***

ਭਗਤੀ ਲਾਉਣ ਦੀ ਸੇਵਾ ਹੁੰਦੀ ਹੈ ਤੇ ਭਗਤੀ ਲਾ ਕੇ ਵਿਚਾਲੇ ਨਹੀਂ ਛਡਦੇ -

***................ ਹਰਿ ਸਿਉ ਲੈਨਿ ਮਿਲਾਏ॥ ਪੰਨਾ - 749***

ਵਾਹਿਗੁਰੂ ਦੇ ਨਾਲ ਮਿਲਾ ਦਿਆ ਕਰਦੇ ਨੇ। ਸੋ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਜੇ ਤੂੰ ਸੇਵਾ ਕਰਨੀ ਹੈ, ਸੇਵਾ ਤਾਂ ਸਭ ਦੀ ਹੀ ਚੰਗੀ ਹੈ - ਚਾਹੇ ਪਸ਼ੂਆਂ ਦੀ ਸੇਵਾ ਕਰ ਲੈ, ਪੰਛੀਆਂ ਦੀ ਸੇਵਾ ਕਰ

ਲੈ, ਬੱਚਿਆਂ ਦੀ ਕਰ ਲੈ, ਸਮਾਜ ਦੀ ਸੇਵਾ ਕਰ ਲੈ; ਠੀਕ ਹੈ ਆਪਣਾ-ਆਪਣਾ ਫਲ ਹੈ ਪਰ ਜੋ ਸੇਵਾ ਥਾਂ ਪੈਂਦੀ ਹੈ ਜੋ ਵੱਧ ਤੋਂ ਵੱਧ 100% ਨਫਾ ਦਿੰਦੀ ਹੈ ਉਹ ਸੇਵਾ ਹੋਇਆ ਕਰਦੀ ਹੈ ਸਾਧੂਆਂ ਦੀ, ਪ੍ਰਮੇਸ਼ਰ ਦੀ। ਪ੍ਰਮੇਸ਼ਰ ਦੀ ਸੇਵਾ ਨੂੰ ਸਮਝਣ ਵਾਸਤੇ ਗਿਆਨ ਅੰਦਰ ਹੋਵੇ ਤਾਂ ਸਮਝ ਵਿਚ ਆਉਂਦਾ ਹੈ ਕਿ ਵਾਹਿਗੁਰੂ ਦੀ ਸੇਵਾ ਕੀ ਹੈ ਤੇ ਉਸ ਦੇ ਪਿਆਰਿਆਂ ਦੀ ਸੇਵਾ ਕੀ ਹੈ ਕਿਉਂਕਿ ਉਹ ਆਉਂਦੇ ਹੀ ਸੰਸਾਰ ਤੇ ਇਸ ਕੰਮ ਲਈ ਹਨ, ਪੜ੍ਹੋ ਪਿਆਰ ਨਾਲ -

***ਧਾਰਨਾ - ਸੰਤ ਜਪਾਉਂਦੇ ਨਾਮ,***
***ਰਾਮ ਦਾਤਾ ਮੁਕਤੀ ਦਾ -2, 2.***
***ਪਿਆਰੇ ਜੀ, ਰਾਮ ਦਾਤਾ ਮੁਕਤੀ ਦਾ -2, 2.***
***ਸੰਤ ਜਪਾਉਂਦੇ ਨਾਮ, ..... -2.***

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਦੋ ਦੀ ਸੇਵਾ ਭਲੀ ਹੈ ਸੰਸਾਰ ਦੇ ਅੰਦਰ-

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਪੰਨਾ - 1373***

ਕਿਉਂ ਭਲੇ ਨੇ? ਕਹਿੰਦੇ -

***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਸੰਤਾਂ ਨੇ ਨਾਮ ਜਪਾਉਣਾ ਹੈ, ਨਾਮ ਜਪਣ ਦੇ ਨਾਲ ਗਿਆਨ ਦੀ ਪ੍ਰਾਪਤੀ ਹੋਣੀ ਹੈ। ਗਿਆਨ ਦੀ ਪ੍ਰਾਪਤੀ ਤੋਂ ਬਾਅਦ ਪ੍ਰਮੇਸ਼ਰ ਨੇ ਨਦਰੋ-ਨਦਰੀ ਨਿਹਾਲ ਕਰਨਾ ਹੈ। ਸੋ ਇਸ ਕਰਕੇ ਦੋਹਾਂ ਦੀ ਸੇਵਾ ਸੰਸਾਰ ਦੇ ਅੰਦਰ ਥਾਂ ਪੈਂਦੀ ਹੈ। ਭਾਈ ਨੰਦ ਲਾਲ ਜੀ ਲਿਖਦੇ ਨੇ ਕਿ ਸੰਤ ਜੋ ਸੰਸਾਰ ਤੇ ਆਇਆ ਕਰਦੇ ਨੇ ਉਨ੍ਹਾਂ ਦਾ ਇਕੋ ਹੀ ਕੰਮ ਹੁੰਦਾ ਹੈ। ਨਾ ਆਪਣੀ ਪ੍ਰਸਿਧੀ ਦਾ ਹੁੰਦਾ ਹੈ, ਨਾ ਵੱਡੇ-ਵੱਡੇ ਡੇਰੇ ਬਣਾਉਣ ਦਾ ਹੁੰਦਾ ਹੈ, ਉਹ ਕੇਵਲ ਭੁੱਲੜਾਂ ਨੂੰ ਰਾਹ ਪਾਉਣ ਵਾਸਤੇ ਆਉਂਦੇ ਨੇ। ਸੰਸਾਰ ਨੂੰ ਹੋਕਾ ਦਿੰਦੇ ਨੇ ਕਿ ਤੁਹਾਡਾ ਜਨਮ ਬਰਬਾਦ ਹੁੰਦਾ ਤੁਰਿਆ ਜਾ ਰਿਹਾ ਹੈ। ਜਿਹੜੇ ਇਸ ਗੱਲ ਦੇ ਚਾਹਵਾਨ ਹੁੰਦੇ ਨੇ, ਅਕਾਲ-ਪੁਰਖ ਦੇ ਦਰਸ਼ਨ ਕਰਨਾ ਚਾਹੁੰਦੇ ਨੇ ਤਾਂ ਇਹ ਸਮਝ ਲਓ ਕਿ ਜੇ ਤੈਨੂੰ ਕੋਈ ਦਰਸ਼ਨ ਕਰਾ ਸਕਦਾ ਹੈ ਤਾਂ ਰੱਬ ਦਾ ਪਿਆਰਾ ਹੀ ਕਰਾ ਸਕਦਾ ਹੈ। ਜਿਹੜਾ ਆਪ ਜਾਗਿਆ ਹੋਇਆ ਹੈ, ਜਿਸ ਦੇ ਨੈਣ ਖੁੱਲ੍ਹੇ ਹੋਏ ਨੇ, ਓਹੀ ਦੂਜੇ ਦੇ ਨੈਣ ਖੋਲ੍ਹ ਸਕਦਾ ਹੈ। ਅੰਨ੍ਹੇ ਤੋਂ ਜੇ ਰਸਤਾ ਪੁੱਛੇਗਾ ਤਾਂ ਗਲਤ ਹੋ ਜਾਏਗਾ। ਆਪ ਦਾ ਫੁਰਮਾਨ ਹੈ ਕਿ-

*ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ॥*
*ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਰਸਤਾ ਦਿਖਾਉਣ ਵਾਸਤੇ ਸੰਸਾਰ ਵਿਚ ਜੋ ਹਰੀ ਦੇ ਭਗਤ ਆਉਂਦੇ ਹਨ ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਲਈ ਆਉਂਦੇ ਨੇ –

*'ਗੋਯਾ' ਅਗਰ ਈਂ ਚਸ਼ਮਿ ਤੋ ਮੁਸ਼ਤਾਕਿ ਖ਼ੁਦਾ ਅਸੂ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਜੇ ਇਨ੍ਹਾਂ ਅੱਖਾਂ ਦੇ ਨਾਲ ਤੂੰ ਦਰਸ਼ਨ ਕਰਨਾ ਚਾਹੁੰਦਾ ਹੈਂ ਤਾਂ –

*ਮਰਦਾਨਿ ਖ਼ੁਦਾ ਖ਼ੁਦਾਨੁਮਾ ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਓਹੀ ਇਸ ਰਸਤੇ ਨੂੰ ਦਿਖਾਉਣ ਵਾਸਤੇ ਆਇਆ ਕਰਦੇ ਹਨ, ਸੋ ਉਹ ਅਮਰ ਹੋਇਆ ਕਰਨੇ ਹਨ। ਸੰਸਾਰ ਮਰ ਜਾਇਆ ਕਰਦਾ ਹੈ ਪਰ ਸਾਧੂ ਕਾਲ ਤੋਂ ਉਪਰ ਹੋਇਆ ਕਰਦੇ ਨੇ। ਇਹ ਗੱਲ ਸਮਝਣ ਵਾਸਤੇ ਬਹੁਤ ਸਮਾਂ ਚਾਹੀਦਾ ਹੈ ਕਿ ਕਾਲ ਦੀ ਪਹੁੰਚ ਕਿਥੇ ਤੱਕ ਹੈ। ਗਿਆਰਾਂ ਸਵਰਗ-ਲੋਕ ਗਿਣੇ ਨੇ, ਚੌਰਾਸੀ ਨਰਕ-ਲੋਕ ਗਿਣੇ ਨੇ। ਬਾਕੀ ਇਸ ਧਰਤੀ ਤੇ ਭੂਤ-ਪ੍ਰੇਤ, ਬੇਅੰਤ ਕਿਸਮ ਦੀਆਂ ਜੂਨਾਂ, ਅਵਿਅਕਤ ਜੂਨਾਂ, ਵਿਅਕਤੀ ਤੋਂ ਬਗੈਰ ਜੋ ਅੱਖਾਂ ਨੂੰ ਨਜ਼ਰ ਨਹੀਂ ਆਉਂਦੀਆਂ, ਉਹ ਵੀ ਇਸੇ ਸੰਸਾਰ ਤੇ ਹਨ। ਬੈਕੁੰਠ ਧਾਮ ਜਿਥੇ ਜਾ ਕੇ ਖਤਮ ਹੁੰਦਾ ਹੈ ਉਥੇ ਤੱਕ ਕਾਲ ਦਾ ਚੱਕਰ ਹੈ, ਸਮੇਂ ਦਾ ਚੱਕਰ ਹੈ। ਇਸ ਦੇ ਵਿਚ ਜੋ ਵੀ ਹੈ ਉਸ ਨੇ ਕਾਲ ਦੀ ਬੁਰਕੀ ਬਣਨਾ ਹੀ ਹੈ। ਫੇਰ ਇਸ ਦੇ ਵਿਚ ਸਵਾਲ ਆਉਂਦਾ ਹੈ ਕਿ ਜਿਹੜੇ ਵੱਡੇ-ਵੱਡੇ ਦੇਵਤੇ ਨੇ, ਜਿਨ੍ਹਾਂ ਦੀ ਪੂਜਾ ਦੁਨੀਆਂ ਕਰਦੀ ਹੈ, ਕੀ ਉਹ ਵੀ ਕਾਲ ਦੇ ਚੱਕਰ ਵਿਚ ਨੇ? ਉਹ ਪੁਰੀਆਂ ਵੀ ਕਾਲ ਦੇ ਚੱਕਰ ਵਿਚ ਨੇ? ਮਹਾਰਾਜ ਜੀ ਕਹਿੰਦੇ, ਹਾਂ! ਉਹ ਵੀ ਕਾਲ ਦੇ ਚੱਕਰ ਵਿਚ ਨੇ –

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ, ਫੇਰਿ ਭੂਮ ਹੀ ਮਿਲਏ ਹੈਂ॥*

ਉਹ ਕਾਲ ਦੇ ਚੱਕਰ ਵਿਚ ਹੋਣ ਕਰਕੇ ਅਮਰ ਆਤਮਾਵਾਂ ਨਹੀਂ ਹਨ। ਜੇ ਕੋਈ ਅਮਰ ਆਤਮਾ ਹੈ ਜਿਹੜੀ ਪ੍ਰਮੇਸ਼ਰ ਦੇ ਨਾਲ ਪਿਆਰ ਨਾਲ ਇਕ-ਮਿਕ ਹੋਈ ਹੋਈ ਹੈ, ਜਿਹੜੇ ਪ੍ਰਮੇਸ਼ਰ ਵਿਚ ਲੀਨ ਹੋ ਗਏ, ਪ੍ਰਮੇਸ਼ਰ ਦੀ ਜੋਤ ਵਿਚ ਸਮਾਅ ਗਏ, ਉਹ ਨੇ ਪ੍ਰਮੇਸ਼ਰ ਦੇ ਪਿਆਰੇ। ਉਨ੍ਹਾਂ ਦੇ ਵਾਸਤੇ ਗੁਰੂ ਮਹਾਰਾਜ ਜੀ ਦਾ ਏਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸੰਤ ਤੁਮਾਰੇ ਤੁਮਰੇ ਪ੍ਰੀਤਮ,***
***ਤਿਨ ਕਉ ਕਾਲ ਨਾ ਖਾਤੇ ਜੀ -2, 2.***
***ਸੰਤ ਤੁਮਾਰੇ ਤੁਮਰੇ ਪ੍ਰੀਤਮ ...............-2.***

***ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥***

***ਪੰਨਾ - 529***

ਕਿਉਂ ਨਹੀਂ ਕਾਲ ਖਾਂਦਾ? ਕਿਉਂਕਿ ਵਾਹਿਗੁਰੂ ਦੇ ਪਿਆਰ ਵਿਚ ਉਹ ਉਸ ਦਾ ਰੂਪ ਬਣ ਗਏ ਹਨ। ਜਿਸ ਦੇ ਉਤੇ ਕਾਲ ਹਾਵੀ ਨਹੀਂ ਹੈ ਉਹ ਅਕਾਲ-ਪੁਰਖ ਨੇ, ਜਿਹੜਾ ਅਕਾਲ-ਪੁਰਖ ਨੂੰ ਜਪ ਕੇ ਉਸ ਦਾ ਰੂਪ ਬਣ ਗਿਆ, ਉਹ ਵੀ ਅਕਾਲ ਹੋ ਗਿਆ-

***ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥***
***ਪੰਨਾ - 529***

ਸੋ ਐਸੇ ਜੋ ਮਹਾਂਪੁਰਖ ਨੇ। ਵਾਹਿਗੁਰੂ ਕਿਰਪਾ ਕਰੇ, ਕੋਈ ਪਿਛਲਾ ਲੇਖ ਜਾਗ ਪਵੇ ਤਾਂ ਉਨ੍ਹਾਂ ਨਾਲ ਮੇਲ ਹੋ ਜਾਇਆ ਕਰਦਾ ਹੈ। ਮੇਲ ਹੋਣ ਨਾਲ ਸੁੱਤੀ ਹੋਈ ਸੁਰਤ ਨੂੰ ਜਾਗ ਆ ਜਾਂਦੀ ਹੈ ਤੇ ਮਨ ਦਾ ਹਨ੍ਹੇਰਾ ਮਿਟ ਜਾਇਆ ਕਰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਪੰਨਾ - 204***

ਖੁਸ਼ਕ ਫਿਲੌਸਫੀ ਵਾਲਾ ਨਹੀਂ, ਰਸ ਵਾਲਾ, ਬੰਦਗੀ ਕਰਨ ਵਾਲਾ, ਐਸਾ ਜੋ ਰਸਕ ਬੈਰਾਗੀ ਹੈ ਉਸ ਨਾਲ ਮੇਲ ਹੋ ਜਾਂਦਾ ਹੈ ਜਦੋਂ ਕੋਈ ਪਿਛਲਾ ਕਰਮ ਜਾਗਦਾ ਹੈ। ਹੁੰਦਾ ਕੀ ਹੈ?

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ - 204***

ਮਨ ਦਾ ਹਨ੍ਹੇਰਾ ਖਤਮ ਹੋ ਜਾਂਦਾ ਹੈ। ਹੋਰ ਕਿਸੇ ਚੀਜ਼ ਨਾਲ ਮਨ ਦਾ ਹਨ੍ਹੇਰਾ ਖਤਮ ਨਹੀਂ ਹੁੰਦਾ। ਉਹ ਹਨ੍ਹੇਰਾ ਖਤਮ ਹੋ ਕੇ ਆਪਣੇ ਸਰੂਪ ਦੀ ਸੋਝੀ ਪੈ ਜਾਂਦੀ ਹੈ ਕਿ ਮੈਂ ਹਾਂ ਕੌਣ। ਵਾਹਿਗੁਰੂ ਕਿੱਥੇ ਰਹਿੰਦਾ ਹੈ?

ਮੇਰਾ ਤੇ ਵਾਹਿਗੁਰੂ ਦਾ ਕੀ ਸਬੰਧ ਹੈ? ਪੜ੍ਹਨ ਵਾਲੇ ਤਾਂ ਬੇਅੰਤ ਕਿਤਾਬਾਂ ਵਿਚ ਪੜ੍ਹਦੇ ਨੇ ਪਰ ਉਨ੍ਹਾਂ ਦੇ ਯਾਦ ਤਾਂ ਨਹੀਂ ਰਹਿੰਦੀ ਗੱਲ ਕਿਉਂਕਿ ਮਨ ਦਾ ਹਨ੍ਹੇਰਾ ਕਿਵੇਂ ਦੂਰ ਕਰਨਗੇ? ਪੜ੍ਹਾਈ ਨਾਲ ਤਾਂ ਦੂਰ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਨੇ ਪੜ੍ਹ ਲੈ ਜਿੰਨਾਂ ਪੜ੍ਹਨਾ ਹੈ-

*ਪੜ ਪੜ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਪੰਨਾ - 467*

ਕਹਿੰਦੇ ਨਿਰੀ ਪੜ੍ਹਾਈ ਤਾਂ ਸਗੋਂ ਉਲਟਾ ਨੁਕਸਾਨ ਕਰਦੀ ਹੈ-

*ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥*
*ਪੰਨਾ - 467*

ਓਨਾਂ ਹੀ ਕੜ੍ਹ ਜਾਂਦਾ ਹੈ, ਤਰਕਵਾਦੀ ਬਣ ਜਾਂਦਾ ਹੈ, ਫੇਰ ਤਰਕ ਨਹੀਂ ਉਸ ਦੇ ਮਨ ਵਿਚੋਂ ਲਹਿੰਦੀ, ਰਸ ਨਹੀਂ ਉਸ ਦੇ ਮਨ ਵਿਚ ਆਉਂਦਾ। ਹਰ ਫਿਕਰੇ ਨੂੰ ਦੇਖੇਗਾ, ਇਸ ਦੀਆਂ ਲਗਾਂ ਠੀਕ ਨੇ, ਇਹ ਕਿਹੜੇ ਹਿਸਾਬ ਨਾਲ ਬੋਲਿਆ ਹੋਇਆ ਹੈ; ਪੜਚੋਲ ਕਰੇਗਾ। ਇਕ ਅੰਬ ਨੂੰ ਚੁੱਕ ਕੇ ਚੂਪ ਲਏਗਾ, ਦੂਜਾ ਗਿਣਦਾ ਹੀ ਰਹਿ ਜਾਂਦਾ ਹੈ। ਦੋਹਾਂ ਨਾਲੋਂ ਚੰਗਾ ਕਿਹੜਾ ਹੈ? ਜਿਸ ਨੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕਰੀ; ਅੰਬ ਫੜਿਆ ਤੇ ਲੈ ਕੇ ਚੂਪਣਾ ਹੀ ਸ਼ੁਰੂ ਕਰ ਦਿਤਾ। ਦੂਜਾ ਦੇਖੀ ਜਾਂਦਾ ਹੈ, ਤਜਰਬੇ ਹੀ ਕਰੀਂ ਜਾਂਦਾ ਹੈ। ਸੋ ਇਸ ਤਰ੍ਹਾਂ ਰਸਕ ਬੈਰਾਗੀ ਦੇ ਮਿਲਣ ਨਾਲ ਮਨ ਦਾ ਹਨ੍ਹੇਰਾ ਦੂਰ ਹੋ ਜਾਏਗਾ।

ਜਿਹੜੀ ਸਾਡੀ ਸੁਰਤ ਸੁੱਤੀ ਪਈ ਹੈ, ਜਿਸ ਨੂੰ ਮਹਾਰਾਜ ਜੀ ਹਉਮੈ ਦੀ ਸੁਰਤ ਕਹਿੰਦੇ ਨੇ ਇਸ ਨੂੰ ਜਾਗ ਨਹੀਂ ਆਉਂਦੀ, ਇਹ ਐਨੀ ਗਾੜ੍ਹੀ ਨੀਂਦ ਦੇ ਅੰਦਰ ਸੌਂ ਗਈ। ਇਹੀ ਨਹੀਂ, ਸਾਰਾ ਸੰਸਾਰ ਸੁੱਤਾ ਪਿਆ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*

*ਪੰਨਾ - 920*

ਰਜੋ ਗੁਣ, ਤਮੋ ਗੁਣ, ਸਤੋ ਗੁਣ; ਇਨ੍ਹਾਂ ਦੇ ਹਿੰਡੋਲੇ ਤੇ ਪੈ ਕੇ ਜੀਵਆਤਮਾ ਸੁੱਤੀ ਪਈ ਹੈ, ਝੂਟੇ ਲੈਂਦੀ ਹੈ। ਕਦੇ ਤਮੋ ਗੁਣ ਵਿਚ ਚਲੀ ਜਾਂਦੀ ਹੈ, ਕਦੇ ਸਤੋ ਗੁਣ ਵਿਚ ਜਾਂਦੀ ਹੈ, ਕਦੇ ਰਜੋ ਗੁਣ ਵਿਚ ਜਾਂਦੀ ਹੈ। ਮਹਾਰਾਜ ਕਹਿੰਦੇ-

*ਭੋਲਿਆ ਹਉਮੈ ਸੁਰਤਿ ਵਿਸਾਰਿ॥*
*ਪੰਨਾ - 1168*

ਪਹਿਲਾਂ ਤੂੰ ਗੱਲ ਸਮਝ ਲੈ ਤੇ ਹਉਮੈ ਦੀ ਸੁਰਤ ਨੂੰ ਭੁੱਲਣ ਦਾ ਯਤਨ ਕਰ। ਜਿੰਨਾਂ ਚਿਰ ਤੂੰ ਇਹ ਨਹੀਂ ਕਰਦਾ ਓਨਾਂ ਚਿਰ ਗੱਲ ਨਹੀਂ ਬਣਦੀ। ਸੋ ਉਹ ਜਾਗ ਪੈਂਦਾ ਹੈ ਅਤੇ ਪਰਮ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ। ਸੋ ਇਸ ਕਰਕੇ ਜ਼ਿੰਦਗੀ ਦੇ ਅੰਦਰ ਚੌਰਾਸੀ ਲੱਖ ਜੂਨਾਂ, ਜਿਨ੍ਹਾਂ ਦੇ ਵਿਚੀਂ ਅਸੀਂ ਬੜਾ ਲੰਮਾ ਚੱਕਰ ਕੱਟ ਕੇ ਮਨੁੱਖ ਸਰੀਰ ਦੀ ਪ੍ਰਾਪਤੀ ਕੀਤੀ ਹੈ। ਸਾਧ-ਸੰਗਤ ਜੀ! ਗੁਰੂ-ਘਰ ਚੌਰਾਸੀ ਨੂੰ ਮੰਨਦਾ ਹੈ, ਸਾਰੇ ਹਿੰਦੂ-ਸਾਸ਼ਤਰ ਚੌਰਾਸੀ ਲੱਖ ਜੂਨੀਆਂ ਨੂੰ ਮੰਨਦੇ ਹਨ। ਕਈ ਐਸੇ ਮਨ ਵੀ ਹਨ ਜਿਹੜੇ ਕਹਿੰਦੇ ਨੇ ਕਿ ਮਨੁੱਖ ਮਨੁੱਖ ਹੀ ਬਣਦਾ ਹੈ, ਘੋੜਾ ਨਹੀਂ ਬਣਦਾ। ਪਰ ਸਾਡੇ ਇਤਿਹਾਸ ਦੇ ਮੁਤਾਬਕ ਗੁਰੂ ਮਹਾਰਾਜ ਜੀ ਨੇ ਐਸੇ ਕੌਤਕ ਪ੍ਰਤੱਖ ਕਰਕੇ ਦਿਖਾਏ ਹਨ ਕਿ ਮਨੁੱਖ ਪਸ਼ੂ, ਪੰਛੀ, ਸੱਪ ਆਦਿ ਵੀ ਬਣ ਜਾਂਦਾ ਹੈ।

ਜਦੋਂ ਮਹਾਰਾਜ ਜੀ ਪਾਉਂਟੇ ਸਾਹਿਬ ਗਏ ਤਾਂ ਜਿਥੇ ਸ਼ੇਰਗਾਹ ਗੁਰਦੁਆਰਾ ਹੈ, ਉਥੇ ਇਕ ਬਹੁਤ ਵੱਡਾ ਸ਼ੇਰ ਮਾਰਿਆ। ਸਾਰੇ ਰਾਜੇ ਨਾਲ ਨੇ। ਉਨ੍ਹਾਂ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਭਾਈ! ਇਹ ਜੈਦਰਥ ਸੀ, ਇਹ ਮਹਾਂਭਾਰਤ ਦੇ ਯੁੱਧ ਵਿਚ ਪਿੱਠ ਦੇ ਕੇ ਨੱਸਿਆ ਸੀ। ਇਸ ਨੂੰ ਦੋਸ਼ ਲੱਗਿਆ ਸੀ ਤੇ ਦੋਸ਼ ਲੱਗਣ ਕਰਕੇ ਇਹ ਜੂਨਾਂ ਵਿਚ ਘੁੰਮਦਾ ਫਿਰਦਾ ਸੀ ਤੇ ਅੱਜ ਇਸ ਦਾ ਛੁਟਕਾਰਾ ਹੋਇਆ ਹੈ। ਫੇਰ ਕਿਰਪਾ-ਦ੍ਰਿਸ਼ਟੀ ਕੀਤੀ ਤੇ ਉਨ੍ਹਾਂ ਦੇ ਅੰਤ੍ਰੀਵ ਨੇਤਰ ਖੋਲ੍ਹ ਦਿੱਤੇ, ਥੋੜ੍ਹੀ ਦੇਰ ਵਾਸਤੇ ਮਾਇਆ ਦਾ ਪੜਦਾ ਚੁੱਕ ਦਿਤਾ ਤੇ ਰਾਜੇ ਕੀ ਦੇਖਦੇ ਹਨ ਕਿ ਗੁਰੂ ਦਸ਼ਮੇਸ਼ ਪਿਤਾ ਦੇ ਸਾਹਮਣੇ ਇਕ ਰੂਹ ਹੱਥ ਬੰਨ੍ਹੀ ਖੜ੍ਹੀ ਹੈ ਤੇ ਬਾਰ-ਬਾਰ ਨਮਸ਼ਕਾਰਾਂ ਕਰ ਰਹੀ ਹੈ ਕਿ ਪਾਤਿਸ਼ਾਹ! ਤੂੰ ਹੀ ਮੇਰੇ ਤੇ ਤਰਸ ਕਰਨ ਵਾਲਾ ਹੈਂ, ਨਹੀਂ ਤਾਂ ਪਤਾ ਨਹੀਂ ਮੈਂ ਕਿੰਨੀਆਂ ਹੋਰ ਜੂਨਾਂ ਵਿਚ ਘੁੰਮਣਾ ਸੀ। ਮਹਾਰਾਜ ਜੀ ਕਹਿੰਦੇ ਨੇ ਕਿ ਇਨ੍ਹਾਂ ਨੂੰ ਆਪਣਾ ਹਾਲ ਦੱਸ।

ਕਹਿਣ ਲੱਗਿਆ, "ਮਹਾਰਾਜ ਜੀ! ਮੈਂ ਮਹਾਂਭਾਰਤ ਦੇ ਯੁੱਧ ਵਿਚ ਜੈਦਰਥ ਹੋ ਕੇ ਲੜਿਆ ਸੀ। ਉਸ ਵੇਲੇ ਦਾ ਹੀ ਮੈਂ ਭਟਕਦਾ ਫਿਰਦਾ ਹਾਂ।"

ਇਸੇ ਤਰ੍ਹਾਂ ਬੇਅੰਤ ਮਿਸਾਲਾਂ ਆਉਂਦੀਆਂ ਹਨ।

ਗੁਰੂ ਮਹਾਰਾਜ ਜੀ ਇਕ ਰਿੱਛ ਦਾ ਤਮਾਸ਼ਾ ਕਰਾਉਣ ਲਗਦੇ ਨੇ ਤੇ ਭਾਈ ਕੀਰਤੀਆ ਚੌਰ ਬਰਦਾਰ ਹੈ। ਉਹ ਵੀ ਤਮਾਸ਼ਾ ਦੇਖ ਰਿਹਾ ਹੈ। ਰਿੱਛ ਦੇ ਕਰਤੱਵ ਦੇਖ ਕੇ ਸਭ ਹਸਦੇ ਨੇ, ਉਹ ਵੀ ਜ਼ੋਰ-ਜ਼ੋਰ ਨਾਲ ਹੱਸਦਾ ਹੈ ਤੇ ਗੁਰੂ ਮਹਾਰਾਜ ਜੀ ਕਹਿੰਦੇ, "ਕੀਰਤੀਆ! ਤੂੰ ਨਾ ਹੱਸ।"

ਕਹਿੰਦਾ, "ਸੱਚੇ ਪਾਤਿਸ਼ਾਹ! ਸਾਰੇ ਹੱਸਦੇ ਨੇ ਮੈਂ ਕਿਉਂ ਨਾ ਹੱਸਾਂ?"

ਮਹਾਰਾਜ ਜੀ ਕਹਿੰਦੇ, "ਤੇਰਾ ਬਾਪੂ ਹੈ ਇਹ।" ਭਾਈ ਕੀਰਤੀਏ ਨੂੰ ਰੋਸ ਆ ਗਿਆ। ਉਸ ਦੇ ਮਨ ਵਿਚ ਆਇਆ ਕਿ ਹੈਂ! ਮੇਰਾ ਬਾਪੂ! ਗੁਰੂ

ਨੌਵੇਂ ਪਾਤਿਸ਼ਾਹ ਦਾ ਚੌਰ ਬਰਦਾਰ ਤੇ ਸੇਵਾ ਕਰਨ ਵਾਲਾ ਤੇ ਜੇ ਉਸ ਦਾ ਇਹ ਹਾਲ ਹੋ ਗਿਆ ਤਾਂ ਫੇਰ ਮੈਂ ਕਿਵੇਂ ਤਰਾਂਗਾ? ਮਹਾਰਾਜ ਜੀ ਦੇ ਸਾਹਮਣੇ ਹੋ ਕੇ ਚਰਨਾਂ ਤੇ ਸੀਸ ਨਿਵਾਇਆ ਤੇ ਆਪਣਾ ਚੌਰ ਰੱਖ ਦਿੱਤਾ। ਕਹਿੰਦਾ, "ਮਹਾਰਾਜ! ਆਹ ਸਾਭੋਂ ਚੋਰ।"

ਮਹਾਰਾਜ ਜੀ ਕਹਿੰਦੇ, "ਕੀ ਗੱਲ, ਨਰਾਜ਼ ਹੋ ਗਿਆ?"

ਕਹਿੰਦਾ, "ਪਾਤਿਸ਼ਾਹ! ਮੇਰਾ ਪਿਓ ਤਾਂ ਰਿੱਛ ਬਣ ਗਿਆ ਫੇਰ ਮੈਂ ਬਾਂਦਰ ਬਣ ਜਾਵਾਂਗਾ।"

ਮਹਾਰਾਜ ਜੀ ਕਹਿੰਦੇ, "ਤੇਰਾ ਪਿਓ ਰਿੱਛ ਕਿਉਂ ਬਣਿਆ ਸੀ, ਹੁਣੇ ਥੋੜ੍ਹੀ ਦੇਰ ਨੂੰ ਪੁੱਛ ਲਈ।"

ਗੁਰੂ ਮਹਾਰਾਜ ਨੇ ਰਿੱਛ ਮੁੱਲ ਲੈ ਲਿਆ ਤੇ ਆਪਣਾ ਸ਼ੀਤ ਪ੍ਰਸ਼ਾਦਿ ਜਿਸ ਵੇਲੇ ਉਸ ਰਿੱਛ ਨੂੰ ਛਕਾਇਆ ਤਾਂ ਉਸੇ ਵੇਲੇ ਉਸ ਦੀ ਮੌਤ ਹੋ ਗਈ। ਸਾਰੇ ਦੇਖਦੇ ਨੇ ਕਿ ਉਸ ਵਿਚੋਂ ਇਕ ਰੂਹ ਨਿਕਲੀ ਤੇ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਦੀ ਹੈ। ਭਾਈ ਕੀਰਤੀਏ ਨੂੰ ਦਿਖਾ ਦਿੱਤਾ। ਕੀ ਦੇਖਦਾ ਹੈ ਕਿ ਇਹ ਤਾਂ ਸੱਚ-ਮੁੱਚ ਮੇਰਾ ਬਾਪੂ ਹੈ।

ਕਹਿੰਦਾ, "ਬਾਪੂ! ਤੂੰ ਗੁਰੂ ਨੌਵੇਂ ਪਾਤਿਸ਼ਾਹ ਜੀ ਦੀ ਸੇਵਾ ਕਰਕੇ ਕਿਸ ਹਾਲਤ ਨੂੰ ਪਹੁੰਚਿਆ ਹੈਂ?"

ਕਹਿਣ ਲੱਗਿਆ, "ਬੇਟਾ! ਸੇਵਾ ਤਾਂ ਮੈਂ ਕਰਦਾ ਸੀ, ਪਰ ਮੈਨੂੰ ਸੇਵਾ ਕਰਨ ਦਾ ਵਲ ਨਾ ਆਇਆ। ਮੇਰੇ ਮਨ ਵਿਚ ਅਭਿਮਾਨ ਸੀ ਤੇ ਮੈਂ ਫਿੱਕਾ ਬੋਲਦਾ ਸੀ। ਇਕ ਗੁਰਸਿੱਖ ਨੂੰ ਫਿੱਕਾ ਬੋਲ ਬੈਠਿਆ। ਉਹ ਦਸਵੰਧ ਦੇ ਸਮਾਨ ਦਾ ਗੱਡਾ ਭਰ ਕੇ ਲੈ ਕੇ ਆਇਆ ਸੀ, ਗੱਡਾ ਬਾਹਰ ਖੜ੍ਹਾ ਸੀ, ਮੈਂ ਪ੍ਰਸ਼ਾਦ ਵੰਡਦਾ ਸੀ, ਉਹ ਮੇਰੇ ਸਾਹਮਣੇ ਆ ਗਿਆ। ਗਰਦ ਨਾਲ ਲੱਥ-ਪੱਥ ਹੋਇਆ ਪਿਆ ਸੀ, ਦਾੜ੍ਹਾ ਭਰਿਆ ਪਿਆ ਸੀ- ਗਰਦ ਨਾਲ ਤੇ ਜਦੋਂ ਇਹ ਮੇਰੇ ਸਾਹਮਣੇ ਆਇਆ ਤਾਂ ਮੈਨੂੰ ਨਰਾਜ਼ਗੀ ਆਈ ਕਿ ਇਹ ਪਰ੍ਹੇ ਹੋ ਕੇ ਬੈਠ ਜਾਂਦਾ। ਉਹ ਕਹਿਣ ਲੱਗਿਆ ਮੇਰਾ ਗੱਡਾ ਜਾਂਦਾ ਹੈ ਮੈਨੂੰ ਪ੍ਰਸ਼ਾਦ ਦੇ ਦਿਓ। ਮੈਂ ਦੂਜੇ ਪਾਸੇ ਵਰਤਾਉਣ ਲੱਗ ਪਿਆ। ਏਨੇ ਨੂੰ ਉਸ ਦੇ ਬਲਦ ਤੁਰ ਪਏ। ਉਸ ਨੇ ਕਿਹਾ ਗੱਡਾ ਪਾਸਾ (ਉਲਟ) ਮਾਰ ਜਾਏਗਾ, ਫੇਰ ਮੇਰੇ ਸਾਹਮਣੇ ਆ ਗਿਆ। ਪਰਾਣੀ ਕੱਛ ਵਿਚ ਲਈ ਹੋਈ ਸੀ ਉਸਨੇ। ਫੇਰ ਮੈਂ ਦੂਜੇ ਪਾਸੇ ਹੋ ਗਿਆ, ਉਹ ਓਧਰ ਆ ਗਿਆ। ਮੈਂ ਉਸ ਨੂੰ ਕਿਹਾ, ਓ! ਕਿਉਂ ਰਿੱਛ ਵਾਂਗ ਟੱਪੀ ਜਾਂਦਾ ਹੈਂ? ਉਸਨੇ ਇਕ ਕਿਣਕਾ ਧਰਤੀ ਤੇ ਪਿਆ ਦੇਖ ਲਿਆ। ਉਹ ਚੁੱਕ ਲਿਆ ਤੇ ਹੌਲੀ ਜਿਹੀ ਕਹਿ ਦਿੱਤਾ ਕਿ ਪ੍ਰੇਮੀਆ! ਰਿੱਛ ਤਾਂ ਤੂੰ ਹੀ ਬਣੇਂਗਾ। ਜਦੋਂ ਮੈਂ ਦੇਖਿਆ ਕਿ ਇਹ ਤਾਂ ਭਾਈ ਧੰਨਾ ਹੈ ਇਸ ਦਾ ਤਾਂ ਬੋਲ ਬਿਰਥਾ ਨਹੀਂ ਜਾਣਾ। ਉਸ ਵੇਲੇ ਮੈਂ ਕਿਹਾ ਕਿ ਗੁਰਮੁਖਾ! ਹੁਣ ਤੇਰਾ ਬੋਲ ਤਾਂ ਬਿਰਥਾ ਨਹੀਂ

ਜਾਣਾ, ਮੈਂ ਰਿੱਛ ਤਾਂ ਜ਼ਰੂਰ ਬਣਾਂਗਾ ਪਰ ਮੇਰੀ ਕਲਿਆਣ? ਉਹ ਕਹਿੰਦਾ ਗੁਰੂ ਦਸ਼ਮੇਸ਼ ਪਿਤਾ ਕਰਨਗੇ।"

ਹੋਰ ਬੇਅੰਤ ਸਾਖੀਆਂ ਨੇ - ਗੁਰੂ-ਘਰ ਦੇ ਅੰਦਰ ਜਿਹੜੇ ਮਨੁੱਖ ਤੋਂ ਪੰਛੀ, ਸੱਪ, ਰਿੱਛ, ਸ਼ੇਰ, ਖਰਗੋਸ਼ ਆਦਿ ਬਣੇ ਹੋਏ ਸਨ।

ਮੂਲਾ ਕਰਾੜ ਦੋ ਸੌ ਸਾਲ ਗੁਰੂ ਨਾਨਕ ਪਾਤਿਸ਼ਾਹ ਤੋਂ ਬੇਮੁਖ ਹੋ ਕੇ ਜੂਨੀਆਂ ਵਿਚ ਘੁੰਮਦਾ ਰਿਹਾ। ਫੇਰ ਗੁਰੂ ਦਸ਼ਮੇਸ਼ ਪਿਤਾ ਨੇ ਉਸ ਦਾ ਉਧਾਰ ਹਜ਼ੂਰ ਸਾਹਿਬ ਕੀਤਾ।

ਸੋ ਇਹ ਗੱਲ ਨਿਸ਼ਚੇ ਵਿਚ ਬਿਠਾ ਲਓ ਕੋਈ ਕੁਝ ਕਹੀ ਜਾਵੇ, ਪਰ ਗੁਰੂ ਮਹਾਰਾਜ ਜੀ ਕਹਿੰਦੇ ਨੇ ਕਿ ਨਾ ਪ੍ਰੇਮੀਓ-

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ॥***
***ਪੰਨਾ - 1075***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥***
***ਪੰਨਾ - 1073***

ਇਹ ਨਹੀਂ ਹੈ ਕਿ ਅਸੀਂ ਮਨੁੱਖ ਜੂਨੀ ਤੋਂ ਗਿਰ ਕੇ ਫੇਰ ਮਨੁੱਖ ਹੀ ਬਣਾਂਗੇ। ਜਦੋਂ ਮਨੁੱਖ ਰਹੇ ਹੀ ਨਹੀਂ ਅਸੀਂ, ਆਪਣੇ ਆਪ ਨੂੰ ਕੁੱਤੇ ਬਿੱਲੇ ਬਣਾ ਲਿਆ, ਫੇਰ ਮਰਨ ਤੋਂ ਬਾਅਦ ਸਾਨੂੰ ਮਨੁੱਖ ਦੀ ਜੂਨੀ ਕੌਣ ਦੇ ਦੇਵੇਗਾ। ਕਈ ਕਹਿੰਦੇ ਆਦਮੀ ਵੀ ਕੁੱਤਾ-ਬਿੱਲਾ ਬਣਦਾ ਹੈ? ਮਹਾਰਾਜ ਜੀ ਕਹਿੰਦੇ-

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਪੰਨਾ - 1357***

ਜਿਸ ਨੇ ਗੁਰੂ ਤੋਂ ਮੰਤਰ ਪ੍ਰਾਪਤ ਨਹੀ ਕੀਤਾ, ਧਿਰਕਾਰ ਹੈ ਉਸ ਦੇ ਜਨਮ ਤੇ, ਉਸ ਦਾ ਜਨਮ ਤਾਂ ਭ੍ਰਿਸ਼ਟਿਆ ਹੋਇਆ ਹੈ -

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***

***ਪੰਨਾ - 1357***

ਮਨੁੱਖ ਦਾ ਸਰੀਰ ਤਾਂ ਦੇਖਣ ਨੂੰ ਹੁੰਦਾ ਹੈ ਪਰ ਅਸਲ ਵਿਚ ਉਹ ਕੁੱਤਾ, ਸੂਰ, ਗਧਾ, ਸੱਪ ਅਤੇ ਕਾਂ ਹੈ। ਜਦੋਂ ਉਸ ਨੇ ਮਨੁੱਖਾ ਜਨਮ ਵਿਚ ਰਹਿੰਦੇ ਹੋਏ ਨੇ ਆਪਣੇ-ਆਪ ਨੂੰ ਮਨੁੱਖ ਨਾ ਬਣਾ ਕੇ ਪਸ਼ੂ, ਪੰਛੀ, ਸੱਪ

ਆਦਿ ਬਣਾ ਲਿਆ ਫੇਰ ਮਰਨ ਤੋਂ ਬਾਅਦ ਤਾਂ ਉਹ ਜੂਨੀ ਪ੍ਰਾਪਤ ਹੋਣੀ ਹੀ ਹੈ। ਮਹਾਰਾਜ ਜੀ ਕਹਿੰਦੇ ਜੇ ਜਾਇਦਾਦ ਵਿਚ ਧਿਆਨ ਰਹਿ ਜਾਵੇ, ਕਾਰੋਬਾਰ ਵਿਚ ਧਿਆਨ ਰਹਿ ਜਾਵੇ ਤਾਂ ਪ੍ਰੇਤ ਜੂਨੀ ਵਿਚ ਜਾਂਦਾ ਹੈ -

*ਅੰਤ ਕਾਲ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਪੰਨਾ - 526*

ਜੇ ਪੈਸੇ ਵਿਚ ਧਿਆਨ ਰਹਿ ਜਾਵੇ ਤਾਂ ਫੇਰ ਸੱਪ ਬਣ ਕੇ ਜੰਮਦਾ ਹੈ। ਜੇ ਪੁੱਤਰਾਂ ਵਿਚ ਧਿਆਨ ਰਹਿ ਜਾਵੇ ਤਾਂ ਸੂਰ ਬਣ ਜਾਂਦਾ ਹੈ। ਜੇ ਇਸਤਰੀ ਵਿਚ ਧਿਆਨ ਰਹਿ ਜਾਵੇ ਤਾਂ ਫੇਰ ਵੇਸਵਾ ਬਣ ਜਾਂਦਾ ਹੈ। ਸੋ ਇਨ੍ਹਾਂ ਚੀਜ਼ਾਂ ਤੋਂ ਬਚਾਉਣ ਵਾਸਤੇ ਮਹਾਂਪੁਰਸ਼ ਸੰਸਾਰ ਤੇ ਆ ਕੇ ਹੋਕਾ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਕੋਈ ਪੰਨਾ ਖੋਲ੍ਹ ਲਓ ਉਸ ਦੇ ਵਿਚ ਜ਼ਰੂਰ ਇਹ ਜ਼ਿਕਰ ਆਏਗਾ ਕਿ ਤੂੰ ਗੁਰਮੁਖ ਪਿਆਰੇ ਕੋਲ ਜਾਹ, ਗੁਰਮੁਖਾਂ ਦੀ ਸੰਗਤ ਕਰ, ਸੰਤਾਂ ਦੀ ਸੰਗਤ ਕਰ, ਉਨ੍ਹਾਂ ਦੀ ਸੰਗਤ ਨਾਲ ਤੇਰਾ ਉਧਾਰ ਹੋਏਗਾ-

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*
*ਪੰਨਾ - 747*

ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰ। ਏਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਭਵਜਲ ਤਰ ਜਾਈਦੈ,*
*ਸੰਤਾਂ ਦੀ ਸੰਗਤ ਕਰਕੇ -2, 2.*
*ਸੰਤਾਂ ਦੀ ਸੰਗਤ ਕਰਕੇ -2, 2.*
*ਭਵਜਲ ਤਰ ਜਾਈਦੈ, ...........-2.*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*
*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥*
*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥*
*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥ ਪੰਨਾ - 320*

ਉਨ੍ਹਾਂ ਦੀ ਨਿਸ਼ਾਨੀ ਇਹ ਹੁੰਦੀ ਹੈ -

*ਇਹ ਨਿਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਪੰਨਾ - 320*

ਜਿਸਨੂੰ ਮਿਲ ਕੇ ਸੰਸਾਰ ਸਾਗਰ ਤੋਂ ਤਰ ਜਾਈਦਾ ਹੈ -

*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*

***ਪੰਨਾ - 320***

ਜਮ ਨੇੜੇ ਨਹੀਂ ਆਉਂਦਾ ਤੇ ਜੰਮਣਾ-ਮਰਨਾ ਖਤਮ ਹੋ ਜਾਂਦਾ ਹੈ।

***ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥***
***ਪੰਨਾ - 320***

ਜਿਹੜਾ ਇਹ ਵਿਹੁ (ਜ਼ਹਿਰ) ਦਾ ਭਵ ਸਾਗਰ ਹੈ, ਇਸ ਤੋਂ ਪਾਰ ਹੋ ਜਾਈਦਾ ਹੈ।

***ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥***

***ਪੰਨਾ - 320***

ਹਰੀ ਦੇ ਜਸ ਦੀ ਮਨ ਵਿਚ ਮਾਲਾ ਬਣਾ ਲਵੇ ਤਾਂ ਮਨ ਦੀ ਜਿੰਨੀ ਮੈਲ ਹੈ, ਸਾਰੀ ਖਤਮ ਹੋ ਗਈ ਹੈ -

***ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥ ਪੰਨਾ - 320***

ਜਿਹੜਾ ਵੀ ਮਿਲਿਆ ਹੈ; ਚਾਹੇ ਬਾਲਮੀਕ ਮਿਲਿਆ ਹੈ ਜੋ ਪਹਿਲਾਂ ਕਿੱਡਾ-ਵੱਡਾ ਡਾਕੂ ਸੀ -

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***
***ਭਾਈ ਗੁਰਦਾਸ ਜੀ ਦੀ ਵਾਰ 10/19***

ਬੰਦਿਆਂ ਨੂੰ ਮਾਰ ਹੀ ਦਿੰਦਾ ਸੀ। ਜਦੋਂ ਮਹਾਤਮਾ ਮਿਲ ਗਏ, ਉਪਦੇਸ਼ ਦੇ ਦਿੱਤਾ, ਸਮਝਾ ਦਿੱਤਾ ਤੇ ਫੇਰ ਕਿੱਡੀ ਵੱਡੀ ਪਦਵੀ ਪ੍ਰਾਪਤ ਕਰੀ ਕਿ ਅੱਜ ਸਾਰਾ ਸੰਸਾਰ ਯਾਦ ਕਰਦਾ ਹੈ। ਪਾਂਡਵਾਂ ਦੇ ਯੱਗ ਸਮੇਂ ਕ੍ਰਿਸ਼ਨ ਮਹਾਰਾਜ ਜੀ ਨੇ ਸਾਧੂਆਂ ਦੇ ਚਰਨ ਧੋਤੇ ਅਤੇ ਜੂਠੀਆਂ ਪਤਲਾਂ ਚੁੱਕੀਆਂ।

***ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***
***ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।***

***ਭਾਈ ਗੁਰਦਾਸ ਜੀ ਦੀ ਵਾਰ 10/21***

ਬਹੁਤਾ ਚਿਰ ਨਹੀਂ ਉਸਨੇ ਸੰਗਤ ਕਰੀ। ਮੀਂਹ ਪੈਂਦਾ ਸੀ, ਮੀਂਹ ਤੋਂ ਬਚਣ ਲਈ ਮਹਾਤਮਾ ਉਸ ਦੇ ਵਰਾਂਡੇ ਵਿਚ ਖੜ੍ਹ ਗਏ। ਦਰਸ਼ਨ ਕਰਨ ਦੇ ਨਾਲ ਉਸ ਦੇ ਅੰਦਰ ਪ੍ਰਕਾਸ਼ ਹੋ ਗਿਆ, ਸ਼ਾਂਤੀ ਆ ਗਈ। ਉਸ ਨੇ ਮਹਾਤਮਾ ਅੰਦਰ ਬੁਲਾ ਲਏ, ਥੋੜ੍ਹੀ ਦੇਰ ਸੇਵਾ ਕਰੀ, ਬਸਤਰ ਸੁਕਾਏ, ਕੁਝ ਛਕਣ-ਛਕਾਉਣ ਨੂੰ ਦਿੱਤਾ। ਮਹਾਤਮਾ ਨੇ ਅਨੁਭਵ ਕੀਤਾ ਕਿ ਇਸ ਦੇ ਅੰਦਰ ਅੰਸ਼ ਤਾਂ ਹੈ ਨੇਕੀ ਦੀ, ਪਰ ਪਾਪ ਨੇ ਦੱਬੀ ਹੋਈ ਹੈ। ਸੋ ਓਸ ਵੇਲੇ ਮਹਾਂਪੁਰਸ਼ਾਂ ਨੇ ਇੱਕ ਤੋਤਾ ਦੇ ਕੇ ਨਾਲ ਕਹਿ ਦਿਤਾ ਕਿ ਏਸ ਨੂੰ ਰਾਮ-ਰਾਮ ਜਪਾਇਆ ਕਰ ਤੇ ਆਪ ਜਪਿਆ ਕਰ।

***ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।***
***ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।***

***ਭਾਈ ਗੁਰਦਾਸ ਜੀ ਦੀ ਵਾਰ 10/21***

ਰੋਜ਼ ਪੜ੍ਹਾਉਂਦੀ ਹੈ, ਬਚਨ ਦੀ ਕਮਾਈ ਕਰਦੀ ਹੈ, ਨਤੀਜਾ ਕੀ ਹੋਇਆ ਮੈਲ ਲਹਿਣੀ ਸ਼ੁਰੂ ਹੋ ਗਈ ਤੇ ਅਖੀਰ ਉੱਚੀ ਪਦਵੀ ਨੂੰ ਪ੍ਰਾਪਤ ਕਰ ਗਈ।

ਅਜਾਮਲ ਨੇ ਭਰੋਸਾ ਕੀਤਾ, ਮਹਾਂਪੁਰਸ਼ਾਂ ਦੇ ਬਚਨ ਦੀ ਕਮਾਈ ਕੀਤੀ –

***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***

***ਭਾਈ ਗੁਰਦਾਸ ਜੀ ਦੀ ਵਾਰ 10/20***

ਨਾਉ ਧਰ ਲਿਆ ਮਹਾਤਮਾ ਨੇ ਜੋ ਦੱਸਿਆ –

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***

***ਭਾਈ ਗੁਰਦਾਸ ਜੀ ਦੀ ਵਾਰ 10/20***

ਨਰਾਇਣ ਕਹਿ ਦਿਤਾ। ਕਹਿੰਦੇ ਛੋਟੇ ਪੁੱਤਰ ਦਾ ਨਾਉਂ ਲਈ ਜਾਇਆ ਕਰ। ਹਰ ਵਕਤ ਨਰਾਇਣ-ਨਰਾਇਣ ਕਰੀ ਜਾਂਦਾ ਹੈ। ਘਰਵਾਲੀ ਵੀ ਨਰਾਜ਼ ਹੁੰਦੀ ਹੈ ਕਿ ਤੂੰ ਹਰ ਵਕਤ ਇਹੀ ਕੰਮ ਫੜ ਲਿਆ, ਮੁੰਡੇ ਨੂੰ ਵੀ ਤੰਗ ਕਰੀਂ ਜਾਂਦਾ ਹੈਂ। ਅਖੀਰ ਜਦੋਂ ਜਮਦੂਤ ਆਏ –

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***

***ਭਾਈ ਗੁਰਦਾਸ ਜੀ ਦੀ ਵਾਰ 10/20***

ਅਵਾਜ਼ ਮਾਰੀ ਤਾਂ ਪੁੱਤਰ ਨੂੰ ਸੀ, ਪਰ ਧਿਆਨ ਪ੍ਰਮੇਸ਼ਰ ਵੱਲ ਚਲਾ ਗਿਆ, ਉਸੇ ਵੇਲੇ –

***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ।***

***ਭਾਈ ਗੁਰਦਾਸ ਜੀ ਦੀ ਵਾਰ 10/20***

ਸੋ ਇਹ –

***ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥***
***ਪੰਨਾ – 320***

ਸੋ ਇਸ ਕਰਕੇ ਸੰਤਾਂ ਦੀ ਜੇ ਉਸਤਤ ਕਰੀਏ ਤਾਂ ਕਹੀ ਨਹੀਂ ਜਾਂਦੀ। ਪ੍ਰਮੇਸ਼ਰ ਦੀ ਨਹੀਂ ਕਹੀ ਜਾਂਦੀ, ਜੋ ਪ੍ਰਮੇਸ਼ਰ ਦੇ ਪਿਆਰੇ ਨੇ ਮਹਾਰਾਜ ਜੀ ਕਹਿੰਦੇ ਉਨ੍ਹਾਂ ਦੀ ਵੀ ਮਹਿਮਾ ਕਹੀ ਨਹੀਂ ਜਾ ਸਕਦੀ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ - ਵਾਹਿਗੁਰੂ, ਮਹਿਮਾ ਤੇਰੇ ਸਾਧੂਆਂ ਦੀ -2, 2.*
*ਪਿਆਰੇ, ਬਰਨੇ ਕਉਨ ਪ੍ਰਾਨੀ -2, 2.*
*ਵਾਹਿਗੁਰੂ, ਮਹਿਮਾ ਤੇਰੇ ਸਾਧੂਆਂ ਦੀ - 2.*

*ਸਾਧ ਕੈ ਸੰਗਿ ਮੁਖ ਊਜਲ ਹੋਤ॥*
*ਸਾਧਸੰਗਿ ਮਲੁ ਸਗਲੀ ਖੋਤ॥*
*ਸਾਧ ਕੈ ਸੰਗਿ ਮਿਟੈ ਅਭਿਮਾਨੁ॥*
*ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥*
*ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥*
*ਸਾਧਸੰਗਿ ਸਭੁ ਹੋਤੁ ਨਿਬੇਰਾ॥*
*ਸਾਧ ਕੈ ਸੰਗਿ ਪਾਏ ਨਾਮ ਰਤਨੁ॥*
*ਸਾਧ ਕੈ ਸੰਗਿ ਏਕੁ ਊਪਰਿ ਜਤਨੁ॥*
*ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥*
*ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥*
*ਪੰਨਾ - 271*

ਸੁਖਮਨੀ ਸਾਹਿਬ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਸਤਵੀਂ ਅਸ਼ਟਪਦੀ ਵਿਚ ਸਾਧੂਆਂ ਬਾਰੇ ਦੱਸਣ ਦਾ ਯਤਨ ਕੀਤਾ ਹੈ ਤੇ ਉਸ ਅੰਦਰ ਆਪ ਫੁਰਮਾਨ ਕਰਦੇ ਨੇ ਕਿ -

*ਸਾਧ ਕੈ ਸੰਗਿ ਮੁਖ ਊਜਲ ਹੋਤ॥*
*ਪੰਨਾ - 271*

ਜੋ ਸਾਧੂ ਦੀ ਸੰਗਤ ਕਰਦਾ ਹੈ ਉਸ ਦਾ ਮੁਖ ਇਥੇ ਸੰਸਾਰ ਵਿਚ ਵੀ ਤੇ ਦਰਗਾਹ ਵਿਚ ਵੀ ਉਜਲਾ ਹੋ ਜਾਂਦਾ ਹੈ ਅਤੇ ਸਾਰੇ ਧੰਨ ਹੈ, ਧੰਨ ਹੈ ਕਹਿੰਦੇ ਹਨ।

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਪੰਨਾ - 283*

*ਸਾਧਸੰਗਿ ਮਲੁ ਸਗਲੀ ਖੋਤ॥*
*ਪੰਨਾ - 271*

ਕੋਈ ਮੈਲ ਨਹੀਂ ਰਹਿੰਦੀ ਅੰਤਸ਼ਕਰਣ ਨਿਰਮਲ ਹੋ ਜਾਂਦਾ ਹੈ।

*ਸਾਧ ਕੈ ਸੰਗਿ ਮਿਟੈ ਅਭਿਮਾਨੁ॥*
*ਪੰਨਾ - 271*

ਜਿਹੜਾ ਦੇਹ ਅਭਿਮਾਨ ਹੈ, ਦੇਹ-ਹੰਗਤਾ ਅਤੇ ਮਮਤਾ ਹੈ ਕਿ ਮੈਂ ਦੇਹ ਹਾਂ ਇਹ ਮੇਰੇ ਪੁੱਤਰ, ਧੀਆਂ ਅਤੇ ਮਕਾਨ, ਫਾਰਮ, ਫੈਕਟਰੀਆਂ ਹਨ। ਇਹ ਭਾਵਨਾ ਨਹੀਂ ਸਾਡੀ ਹਟਦੀ, ਜਿਸਨੂੰ ਹਉਮੈ ਕਹਿੰਦੇ ਹਨ। ਕਹਿੰਦੇ ਉਹ ਸਾਧੂ ਦੀ ਸੰਗਤ ਕਰਕੇ ਹਟ ਜਾਂਦੀ ਹੈ।

*ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥ ਪੰਨਾ - 271*

ਜਦੋਂ ਹੰਗਤਾ ਹਟ ਗਈ ਉਸ ਵੇਲੇ ਆਪਣੇ-ਆਪ ਦਾ ਗਿਆਨ ਹੋ ਜਾਂਦਾ ਹੈ ਕਿ ਮੈਂ ਸਰੀਰ ਨਹੀਂ, ਮੈਂ ਤਾਂ ਆਤਮਾ ਹਾਂ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਪੰਨਾ - 441*

*ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥*
*ਪੰਨਾ - 271*

ਜਦੋਂ ਗਿਆਨ ਹੋ ਗਿਆ ਉਸ ਵੇਲੇ ਕੀ ਦੇਖਦਾ ਹੈ ਕਿ ਇਥੇ ਤਾਂ ਵਾਹਿਗੁਰੂ ਮੇਰੇ ਨਾਲ ਹੀ ਹੈ, ਅੰਦਰ-ਬਾਹਰ ਹਰ ਥਾਂ ਹੀ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*

*(ਅਕਾਲ ਉਸਤਤਿ)*

*ਸਾਧਸੰਗਿ ਸਭੁ ਹੋਤ ਨਿਬੇਰਾ॥*
*ਪੰਨਾ - 271*

ਸਾਰੇ ਨਿਬੇੜੇ ਹੋ ਜਾਂਦੇ ਨੇ, ਕੋਈ ਸੰਸਾ ਨਹੀਂ ਰਹਿੰਦਾ, ਕੋਈ ਭਰਮ ਨਹੀਂ ਰਹਿੰਦਾ, ਪੰਜੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਕਿਰਤੀ, ਮਾਇਆ, ਅਗਿਆਨ ਆਦਿ ਦਾ ਨਿਬੇੜਾ ਹੋ ਕੇ ਇਕ ਪ੍ਰਭੂ ਸਾਰੇ ਓਤਿ ਪੋਤਿ ਦ੍ਰਿਸ਼ਟੀ ਪੈਂਦਾ ਹੈ।

*ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਪੰਨਾ - 271*

ਜਿਸ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਜਿਸ ਨਾਮ ਅੰਮ੍ਰਿਤ ਨੂੰ ਪ੍ਰਾਪਤ ਕਰਨ ਲਈ ਦੇਵਤੇ ਵੀ ਖੋਜ ਰਹੇ ਹਨ, ਉਹੋ ਅੰਮ੍ਰਿਤ ਨਾਮ ਸਾਧੂ ਦੇ ਦਇਆਲ ਹੋਇਆਂ, ਸਾਧੂ ਦੀ ਸੰਗਤ ਕਰਕੇ ਪ੍ਰਾਪਤ ਹੋ ਜਾਂਦਾ ਹੈ।

*ਸਾਧ ਕੈ ਸੰਗਿ ਏਕ ਊਪਰਿ ਜਤਨੁ॥*
*ਪੰਨਾ - 271*

ਵਾਹਿਗੁਰੂ ਤੇ ਹੀ ਯਤਨ ਰਹਿੰਦਾ ਹੈ; ਆਪਣੇ-ਆਪ ਨੂੰ ਪਛਾਨਣਾ ਤੇ ਵਾਹਿਗੁਰੂ ਵਿਚ ਲੀਨ ਹੋਣ ਦਾ ਯਤਨ।

*ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥*
*ਪੰਨਾ - 271*

ਮਹਾਰਾਜ ਜੀ ਕਹਿੰਦੇ ਕੋਈ ਹੈ ਸੰਸਾਰ ਦੇ ਅੰਦਰ ਜਿਹੜਾ ਸਾਧੂ ਦੀ ਮਹਿਮਾ ਵਰਨਣ ਕਰ ਸਕੇ। ਕਿਉਂ ਨਹੀਂ ਮਹਿਮਾ ਵਰਣਨ ਹੁੰਦੀ? ਵਾਹਿਗੁਰੂ

ਜੀ ਅਗੰਮ ਅਗੋਚਰ ਹਨ, ਬੇਅੰਤ ਹਨ। ਸਾਧੂ ਵਾਹਿਗੁਰੂ ਜੀ ਦੇ ਵਿਚ ਸਮਾਏ ਹੋਏ ਹਨ। ਉਨ੍ਹਾਂ ਦੀ ਮਹਿਮਾ ਰੱਬ ਦੇ ਨਾਲ ਜੁੜੀ ਹੋਈ ਹੈ। ਪ੍ਰਮੇਸ਼ਰ ਦੀ ਜੋ ਮਹਿਮਾਂ ਹੈ ਓਹੋ ਸਾਧੂ ਦੀ ਮਹਿਮਾਂ ਹੈ।

***ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥***
***ਪੰਨਾ - 271***

ਇੱਕ ਰਾਜੇ ਨੇ ਇਹ ਅਸ਼ਟਪਦੀ ਜਿਸ ਵਕਤ ਸੁਣੀ ਕਿ -

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਪੰਨਾ - 272***

ਮਹਾਂਪੁਰਸ਼ਾਂ ਨੇ ਅਰਥ ਕਰਿਆ ਤਾਂ ਉਸ ਦੇ ਮਨ ਵਿਚ ਤਰਕ ਆ ਗਈ ਕਿਉਂਕਿ ਵੇਦਾਂ ਨੂੰ ਉਹ ਈਸ਼ਵਰੀ ਬਾਣੀ ਮੰਨਦਾ ਸੀ। ਇਹ ਹੈ ਵੀ ਈਸ਼ਵਰੀ ਬਾਣੀ ਪਰ ਸਿੰਮ੍ਰਿਤਿ ਸਾਸ਼ਤਰ ਪੁੰਨ ਪਾਪ ਦੀ ਵੀਚਾਰ ਕਰਦੇ ਹਨ। ਸੋ ਇਹ ਈਸ਼ਵਰੀ ਬਾਣੀ ਤਿੰਨ ਗੁਣਾਂ ਨੂੰ ਵਰਣਨ ਕਰਦੀ ਹੈ -

***ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥***
***ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥***

***ਪੰਨਾ - 920***

ਕੋਈ ਜਾਣਦਾ ਨਹੀਂ ਹੈ। ਉਹ ਤਿੰਨਾਂ ਗੁਣਾਂ ਦਾ ਵਰਣਨ ਕਰਦੇ ਨੇ ਪਰ ਸਾਧੂ ਤਿੰਨ ਗੁਣਾਂ ਵਿਚ ਨਹੀਂ ਹੁੰਦਾ, ਸਾਧੂ ਹੁੰਦਾ ਹੈ ਤੁਰੀਆ ਅਵਸਥਾ ਵਿਚ। ਤੁਰੀਆ ਅਵਸਥਾ ਦੀ ਗੱਲ ਕੋਈ ਬੰਦਾ ਕਰ ਨਹੀਂ ਸਕਿਆ ਕਰਦਾ। ਸੋ ਉਸ ਦੇ ਮਨ ਵਿਚ ਤਰਕ ਆਈ ਤਾਂ ਸੰਤਾਂ ਨੇ ਸਮਝਾਉਣ ਦਾ ਯਤਨ ਕੀਤਾ। ਜਦੋਂ ਉਸ ਨੇ ਕਿਸੇ ਤਰੀਕੇ ਨਾਲ ਵੀ ਇਸ ਗੱਲ ਨੂੰ ਨਾ ਮੰਨਿਆ ਤੇ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤਾਂ ਵੇਦਾਂ ਦੀ ਬਾਣੀ ਸੱਚ ਮੰਨਦਾ ਹਾਂ, ਵੇਦ ਕਿਉਂ ਨਹੀਂ ਜਾਣਦੇ ਸਾਧੂਆਂ ਦੀ ਮਹਿਮਾ? ਉਹ ਕਹਿਣ ਲੱਗੇ ਕਿ ਚੰਗਾ! ਸਾਥੋਂ ਤਾਂ ਤੂੰ ਨਾ ਸਮਝ ਪਰ ਤੇਰਾ ਲੜਕਾ ਤੈਨੂੰ ਸਮਝਾਏਗਾ, ਅੱਜ ਤੋਂ ਬਾਰ੍ਹਾਂ ਸਾਲ ਬਾਅਦ। ਹੈਰਾਨ ਹੋ ਗਿਆ ਕਿ ਮੇਰੇ ਤਾਂ ਲੜਕਾ ਹੋਣਾ ਹੀ ਨਹੀਂ, ਫਤਵਾ ਦੇ ਦਿੱਤਾ ਜੋਤਸ਼ੀਆਂ ਨੇ। ਸਭ ਕੰਮ ਮੈਂ ਕਰ ਚੁਕਿਆ ਹਾਂ, ਲੜਕਾ ਤਾਂ ਮੇਰੇ ਹੋਣਾ ਹੀ ਨਹੀਂ ਤੇ ਜਿਹੜਾ ਜੋਤਿਸ਼ ਸਾਸ਼ਤਰ ਹੈ ਉਹ ਵੀ ਵੇਦਾਂ ਨਾਲ ਸਬੰਧ ਰੱਖਦਾ ਹੈ ਤੇ ਵੇਦ ਕਿਵੇਂ ਝੂਠਾ ਹੋ ਜਾਏਗਾ? ਲੜਕਾ ਮੇਰੇ ਹੋਣਾ ਨਹੀਂ ਤੇ ਇਹ ਕਹਿੰਦੇ ਨੇ ਅੱਜ ਤੋਂ ਬਾਰ੍ਹਾਂ ਸਾਲਾਂ ਬਾਅਦ ਤੇਰਾ ਲੜਕਾ ਤੈਨੂੰ ਇਸ ਦਾ ਅਰਥ ਸਮਝਾਏਗਾ। ਉਸ ਨੇ ਜੋਤਸ਼ੀ ਬੁਲਾਏ, ਕਹਿੰਦਾ ਚੰਗੀ ਤਰ੍ਹਾਂ ਦੇਖੋ, ਕਿ ਮੇਰੇ ਕਰਮਾਂ ਵਿਚ ਲੜਕਾ ਹੈ ਜਾਂ ਨਹੀਂ। ਉਹ ਕਹਿੰਦੇ ਕਿ ਮਹਾਰਾਜ! ਇਕ ਜਨਮ ਨਹੀਂ ਤੁਹਾਡੇ ਤਾਂ ਸੱਤ ਜਨਮ ਤੱਕ ਦੇ ਹਿਸਾਬ ਵਿਚ ਲਿਖਿਆ ਹੋਇਆ ਆਉਂਦਾ ਹੈ ਕਿ ਤੁਹਾਨੂੰ ਲੜਕੇ ਦੀ ਪ੍ਰਾਪਤੀ ਨਹੀਂ ਹੋਣੀ।

ਰਾਜੇ ਨੇ ਕਿਹਾ ਕਿ ਸੰਤ ਤਾਂ ਇਹ ਗੱਲ ਕਹਿ ਗਏ ਨੇ। ਜੋਤਸ਼ੀ ਕਹਿਣ ਲੱਗੇ, "ਉਹ ਜਾਣਦੇ ਹੋਣਗੇ, ਸਾਡੀ ਵਿਦਿਆ ਦੇ ਮੁਤਾਬਕ ਆਹੀ ਗੱਲ ਹੈ।"

ਰਾਜੇ ਦੇ ਦਸ ਮਹੀਨੇ ਬਾਅਦ ਲੜਕਾ ਹੋ ਗਿਆ। ਨਾਲ ਸੰਤਾਂ ਨੇ ਕਿਹਾ ਕਿ ਉਸ ਦੀ ਉਮਰ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨ ਦੀ ਹੋਏਗੀ। ਬੜਾ ਸੁੰਦਰ ਬੱਚਾ ਹੈ, ਦੇਖ-ਦੇਖ ਖੁਸ਼ ਹੁੰਦਾ ਹੈ। ਨਾਲੇ ਉਸ ਨੂੰ ਯਾਦ ਆ ਜਾਂਦਾ ਹੈ ਕਿ ਇਸ ਦਾ ਤਾਂ ਜੀਵਨ ਕਾਲ ਗਿਆਰਾਂ ਸਾਲ, ਗਿਆਰਾਂ ਮਹੀਨੇ ਹੈ। ਜੇ ਮਹਾਤਮਾ ਨੇ ਪੁੱਤਰ ਦੇ ਦਿੱਤਾ ਤਾਂ ਅੱਗੇ ਵਾਲੀ ਵੀ ਗੱਲ ਸੱਚੀ ਦੱਸੀ ਹੈ। ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਚਿੰਤਾ ਵਧਦੀ ਹੈ। ਆਖੀਰ ਗਿਆਰ੍ਹਵਾਂ ਸਾਲ ਆ ਗਿਆ, ਗਿਆਰ੍ਹਵਾਂ ਮਹੀਨਾ ਵੀ ਆ ਗਿਆ। ਬੜਾ ਉਦਾਸ ਹੈ, ਬੱਚੇ ਨੇ ਉਦਾਸੀ ਦਾ ਕਾਰਨ ਪੁਛਿਆ ਤਾਂ ਪਤਾ ਲੱਗ ਗਿਆ ਬੱਚੇ ਨੂੰ ਕਿ ਮੇਰੇ ਜੀਵਨ ਦੇ ਤਾਂ ਸਿਰਫ ਗਿਆਰ੍ਹਾਂ ਦਿਨ ਰਹਿੰਦੇ ਹਨ ਤੇ ਉਸ ਤੋਂ ਬਾਅਦ ਮੈਂ ਚੜ੍ਹਾਈ ਕਰ ਜਾਣਾ ਹੈ। ਉਪਾਅ ਪੁੱਛਿਆ ਤੇ ਜੋ ਉਸ ਦੇ ਨਾਲ ਪਾਲਣ ਲਈ ਦਾਈ ਰਹਿੰਦੀ ਸੀ, ਉਹ ਕਹਿੰਦੀ ਕਿ ਬੇਟਾ! ਇਕੋ ਹੀ ਉਪਾਅ ਹੈ ਕਿ ਇਸ ਲੇਖ ਨੂੰ ਦੁਨੀਆਂ ਦੇ ਅੰਦਰ ਬਦਲਣ ਵਾਲਾ ਕੋਈ ਨਹੀਂ ਹੈ; ਕੋਈ ਪੂਰਨ ਮਹਾਂਪੁਰਸ਼ ਹੋਵੇ ਉਹ ਪ੍ਰਮੇਸ਼ਰ ਦੀ ਕੀਤੀ ਹੋਈ ਰੇਖ ਵਿਚ ਮੇਖ ਮਾਰ ਸਕਦਾ ਹੈ-

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਪੰਨਾ - 1253***

ਕਿਸੇ ਮਹਾਂਪੁਰਸ਼ ਦੀ ਅਸ਼ੀਰਵਾਦ ਪ੍ਰਾਪਤ ਕਰ। ਜੇ ਅਸ਼ੀਰਵਾਦ ਮਿਲ ਗਈ ਤਾਂ ਤੈਨੂੰ ਜੀਵਨ ਵੀ ਮਿਲ ਜਾਏਗਾ ਕਿਉਂਕਿ ਉਨ੍ਹਾਂ ਦਾ ਬਚਨ ਨਿਹਫਲ ਨਹੀਂ ਜਾਇਆ ਕਰਦਾ। ਉਸ ਵੇਲੇ ਕੋਈ ਮੰਡਲੇਸ਼ਵਰ ਮਹਾਂਪੁਰਸ਼ ਆਏ ਹੋਏ ਸੀ ਜੋ ਫਿਰ-ਤੁਰ ਕੇ ਪ੍ਰਭੂ ਦਾ ਪ੍ਰਚਾਰ ਕਰ ਰਹੇ ਸੀ। ਲੜਕੇ ਨੇ ਉਨ੍ਹਾਂ ਦੀ ਸ਼ਰਨ ਵਿਚ ਜਾ ਕੇ ਨਮਸ਼ਕਾਰ ਕੀਤੀ, ਡੰਡਉਤਿ ਕੀਤੀ। ਅਤਿ ਦੀ ਸ਼ਰਧਾ ਹੋਵੇ, ਉਹ ਡੰਡਉਤਿ ਕਰਿਆ ਕਰਦਾ ਹੈ। ਇਕ ਤਾਂ ਦਿਖਾਵੇ ਦੀ ਡੰਡਉਤਿ ਹੁੰਦੀ ਹੈ ਕਿ ਲੋਕ ਮੈਨੂੰ ਦੇਖ ਲੈਣ ਕਿ ਮੈਂ ਐਂ ਮੱਥਾ ਟੇਕਦਾ ਹਾਂ, ਵਾਹਵਾ ਕਹਿਣ, ਚੰਗਾ ਕਹਿਣ। ਇਹ ਤਾਂ ਬਿਲਕੁਲ ਗਲਤ ਹੈ ਕਿਉਂਕਿ ਪਖੰਡ ਕਰਦਾ ਹੈ। ਪਖੰਡ ਕਰਨ ਵਾਲੇ ਨੂੰ ਮਹਾਰਾਜ ਜੀ ਪਰਵਾਨ ਨਹੀਂ ਕਰਦੇ-

***ਭੇਖ ਦਿਖਾਇਓ ਜਗਤ ਕੋ ਲੋਗਨ ਕੋ ਵਸ ਕੀਨ॥***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥***

ਕਿੱਡੀ ਵੱਡੀ ਸਜ਼ਾ ਪ੍ਰਾਪਤ ਹੁੰਦੀ ਹੈ। ਦੂਜਾ ਜੋ ਸਚਮੁਚ ਹੀ ਕਰਦਾ ਹੈ ਉਸ ਨੂੰ ਦਿਖਾਉਣ ਦੀ ਲੋੜ ਨਹੀਂ ਹੁੰਦੀ ਕਿਤੇ, ਸਹਿਜ ਸੁਭਾਅ ਹੀ ਉਹ ਡੰਡਉਤਿ ਕਰਦਾ ਹੈ। ਸੋ ਉਸ ਬੱਚੇ ਨੇ ਡੰਡਉਤਿ ਬੰਦਨਾ ਕੀਤੀ। ਮਹਾਂਪੁਰਸ਼ ਉਸ ਦੀ ਸ਼ਰਧਾ ਨੂੰ ਦੇਖ ਕੇ ਪ੍ਰਸੰਨ ਹੋ ਗਏ। ਸੀਸ ਤੇ ਹੱਥ

ਰੱਖਿਆ, ਅਸੀਸ ਦਿੱਤੀ, ਬੇਟਾ! ਚਿਰੰਜੀਵੀ ਹੋ! ਦੋਵੇਂ ਹੱਥ ਬੰਨ੍ਹ ਕੇ ਉਠ ਖੜ੍ਹਿਆ ਤੇ ਕਹਿਣ ਲੱਗਿਆ ਕਿ ਮਹਾਂਪੁਰਸ਼ੋ! ਮੇਰਾ ਜੀਵਨ ਤਾਂ ਕੇਵਲ ਗਿਆਰ੍ਹਾਂ ਦਿਨ ਹੋਰ ਬਾਕੀ ਹੈ ਤੇ ਆਪ ਦਾ ਬਚਨ ਹੈ ਕਿ ਚਿਰੰਜੀਵੀ ਰਹੋ। ਮਹਾਂਪੁਰਸ਼ਾਂ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਸ ਦਾ ਤਾਂ ਅੱਜ ਤੋਂ ਗਿਆਰ੍ਹਵੇਂ ਦਿਨ ਨੂੰ ਕਾਲ ਆ ਜਾਣਾ ਹੈ।

ਕਹਿੰਦੇ, "ਚੰਗਾ ਬੇਟਾ! ਤੇਰਾ ਕਾਲ ਨਹੀਂ ਆਏਗਾ।"

ਸਾਰੀ ਬਾਤ ਦੱਸੀ ਕਿ ਮਹਾਰਾਜ ਮੇਰਾ ਜਨਮ ਇਕ ਮਹਾਂਪੁਰਸ਼ਾਂ ਦੇ ਬਚਨ ਨਾਲ ਹੋਇਆ ਹੈ। ਸੁਖਮਨੀ ਸਾਹਿਬ ਦੀ ਉਨ੍ਹਾਂ ਨੇ ਅਸ਼ਟਪਦੀ ਪੜ੍ਹੀ ਸੀ ਤੇ ਉਸ ਦੇ ਵਿਚ ਆਇਆ ਸੀ ਕਿ –

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਪੰਨਾ – 272***

ਮੇਰੇ ਪਿਤਾ ਨੇ ਸ਼ੰਕਾ ਕੀਤੀ ਇਸ ਬਚਨ ਦੇ ਉਤੇ ਅਤੇ ਕਿਹਾ ਕਿ ਇਹ ਅੱਖਰ ਕਵਿਤਾ ਜੋੜਨ ਵਾਸਤੇ ਲਿਖੇ ਗਏ ਹਨ ਪਰ ਇਸ ਦੇ ਵਿਚ ਸਤਿਤਾ (ਸਚਾਈ) ਨਹੀਂ ਹੈ, ਕਿਉਂ ਨਹੀਂ ਵੇਦ ਜਾਣਦੇ? ਵੇਦ ਤਾਂ ਸਭ ਕੁਝ ਜਾਣਦੇ ਨੇ। ਉਨ੍ਹਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਤੇਰਾ ਲੜਕਾ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨ ਜੀਊਂ ਕੇ ਤੈਨੂੰ ਇਸ ਗੱਲ ਦਾ ਸਹੀ ਅਰਥ ਦੱਸੇਗਾ ਤੇ ਮਹਾਰਾਜ! ਉਸ ਹਿਸਾਬ ਨਾਲ ਮੇਰੀ ਉਮਰ ਦੇ ਹੁਣ ਗਿਆਰਾਂ ਦਿਨ ਬਾਕੀ ਰਹਿ ਗਏ ਨੇ।

ਮਹਾਂਪੁਰਸ਼ ਕਹਿੰਦੇ, "ਚੰਗਾ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨਾਂ ਦੀ ਉਮਰ ਉਨ੍ਹਾਂ ਨੇ ਦੇ ਦਿੱਤੀ ਤੇ ਸੌ ਸਾਲ ਦੀ ਉਮਰ ਅਸੀਂ ਤੈਨੂੰ ਦਿੰਦੇ ਹਾਂ, ਜਾ ਕੇ ਆਪਣੇ ਪਿਤਾ ਨੂੰ ਦੱਸ ਦੇਈਂ।

ਰਾਜਾ ਵੀ ਸੰਗਤ ਦੇ ਵਿਚ ਬੈਠਾ ਸੀ, ਹੈਰਾਨ ਹੋ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਰਾਜਨ! ਇਹ ਹੀ ਮਹਿਮਾ ਹੈ ਸਾਧੂਆਂ ਦੀ ਜਿਥੇ ਵੇਦ, ਸ਼ਾਸ਼ਤਰ ਤੇ ਕਿਸੇ ਬੰਦੇ ਦੀ ਪਹੁੰਚ ਨਹੀਂ ਹੈ। ਉਸ ਅਗਮ ਅਗੋਚਰ ਅਵਸਥਾ ਦੇ ਸਾਧੂ ਮਾਲਕ ਹੁੰਦੇ ਹਨ। ਸੋ ਸਾਧੂਆਂ ਦੀ ਮਹਿਮਾ ਕੋਈ ਜਾਣਦਾ ਨਹੀਂ ਹੈ ਕਿਉਂਕਿ ਉਸ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ।

***ਸੰਤ ਅਨੰਤਹਿ ਅੰਤਰੁ ਨਾਹੀ॥***
***ਪੰਨਾ – 486***

ਕੋਈ ਅੰਤ ਨਹੀਂ ਹੋਇਆ ਕਰਦਾ। ਏਸ ਤਰ੍ਹਾਂ ਮਹਾਰਾਜ ਜੀ ਦਾ ਫੁਰਮਾਨ ਹੈ –

***ਧਾਰਨਾ – ਭੇਦ ਨਾ ਕੋਈ ਹੈ,***

*ਪ੍ਰਭ ਜੀ ਤੇ ਸਾਧੂ ਅੰਦਰ -2, 2.*
*ਪ੍ਰਭ ਜੀ ਤੇ ਸਾਧੂ ਅੰਦਰ -2, 2.*
*ਭੇਦ ਨਾ ਕੋਈ ਹੈ ..................-2, 2.*

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਵਾਹਿਗੁਰੂ ਜੀ ਦੀ ਸੋਭਾ ਨਹੀਂ ਹੋ ਸਕਦੀ। ਇਸ ਕਰਕੇ ਉਸ ਦੇ ਪਿਆਰੇ ਦੀ ਵੀ ਕੋਈ ਮਹਿਮਾ ਨਹੀਂ ਜਾਣਦਾ।

*ਸਾਧ ਕੀ ਸੋਭਾ ਸਾਧ ਬਨਿ ਆਈ॥ ਪੰਨਾ - 272*

ਆਪਣੀ ਮਹਿਮਾ ਨੂੰ ਆਪ ਜਾਣਦਾ ਹੈ।

*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਸੋ ਐਸਾ ਮਹਾਂਪੁਰਸ਼ ਜੇ ਕਿਸਮਤ ਹੋਵੇ, ਭਾਗ ਜਾਗਣ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥ ਪੰਨਾ - 204*

ਉਸ ਵੇਲੇ ਮਹਾਂਪੁਰਸ਼ ਦਾ ਮਿਲਾਪ ਹੋ ਜਾਂਦਾ ਹੈ -

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*
*ਪੰਨਾ - 204*

ਉਸਦੇ ਮਿਲਣ ਨਾਲ ਕ੍ਰੋੜਾਂ ਪਾਪ ਕਰਨ ਵਾਲੇ ਅਪਰਾਧੀਆਂ ਦਾ ਉਧਾਰ ਹੋ ਜਾਂਦਾ ਹੈ, ਜਨਮਾਂ-ਜਨਮਾਂ ਦਾ ਵਿਛੜਿਆ ਹੋਇਆ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ। ਜੋ ਇੱਛੇ, ਉਸ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ, ਐਸਾ ਮਹਾਰਾਜ ਜੀ ਦਾ ਫੁਰਮਾਨ ਹੈ -

*ਧਾਰਨਾ - ਸੋ ਸੰਤਨ ਤੇ ਪਾਵੈ ਜੀ,*

*ਜੇਹਾ ਮਨੋਰਥ ਕਰ ਆਰਾਧੈ -2, 2.*
*ਜੇਹਾ ਮਨੋਰਥ ਕਰ ਆਰਾਧੈ -2, 2.*
*ਸੋ ਸੰਤਨ ਤੇ ਪਾਵੈ ਜੀ.......2.*

***ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥***
***ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਨਿ ਮਿਲਾਵੈ॥***
***ਪੰਨਾ - 748***

ਇਹ ਮਹਾਰਾਜ ਜੀ ਸੰਤ ਦੀ ਵਡਿਆਈ ਦੱਸ ਰਹੇ ਨੇ-

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥ ਪੰਨਾ - 748***

***ਜੋ ਇਛੈ ਸੋਈ ਫਲੁ ਪਾਵੈ॥***
***ਸਾਧ ਕੈ ਸੰਗਿ ਨ ਬਿਰਥਾ ਜਾਵੈ॥ ਪੰਨਾ - 272***

ਹੋਰ ਸਾਰੇ 'ਸੰਗ' ਬਿਰਥੇ ਚਲੇ ਜਾਂਦੇ ਨੇ, ਇਹ ਸੰਗ ਕਦੇ ਬਿਰਥਾ ਨਹੀਂ ਜਾਇਆ ਕਰਦਾ। ਜਿਹੋ-ਜਿਹਾ ਮਨੋਰਥ ਕਰਕੇ ਕੋਈ ਅਰਾਧਨਾ ਕਰਦਾ ਹੈ ਵੈਸਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਪਰ ਮੁਸ਼ਕਲ ਹੈ ਕਿ ਐਸੇ ਮਹਾਂਪੁਰਖਾਂ ਦਾ ਮੇਲ ਸਿਰਫ ਤਾਂ ਹੀ ਹੁੰਦਾ ਹੈ ਜੇ ਪੂਰੇ ਭਾਗ ਜਾਗੇ ਹੋਣ।

ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਇਥੇ ਚੰਡੀਗੜ੍ਹ ਮਈ ਦੇ ਮਹੀਨੇ ਪਹਿਲੀ ਮਈ ਤੋਂ ਛੱਬੀ ਮਈ ਤੱਕ ਦੀਵਾਨ ਲਾ ਕੇ ਇਥੋਂ ਭੀਮ ਤਾਲ ਨੂੰ ਜਾ ਰਹੇ ਸਨ। ਰਸਤੇ ਵਿਚ ਮੁਰਾਦਾਬਾਦ ਦੇ ਪ੍ਰੇਮੀ ਸਨ - ਚੰਨਣ ਸਿੰਘ, ਸੁਰਜੀਤ ਸਿੰਘ ਵਗੈਰਾ, ਹੁਣ ਤਾਂ ਚੜ੍ਹਾਈ ਕਰ ਗਏ। ਸਭ ਨੇ ਹੀ ਚਲੇ ਜਾਣਾ ਹੈ ਕਿਸੇ ਨੇ ਵੀ ਨਹੀਂ ਰਹਿਣਾ ਤੇ ਆਪ ਨੇ ਬੇਨਤੀ ਕਰਕੇ ਉਥੇ ਰੋਕ ਲਏ। ਜਿਸ ਥਾਂ ਤੇ ਰੋਕੇ, ਉਹ ਇਕ ਚੰਗਾ ਅਸਥਾਨ ਸੀ - ਮਹੱਲ ਵਰਗਾ। ਰਾਜਾ ਰਮੇਸ਼ ਕੁਮਾਰ ਸੀ, ਕੋਟ ਦੁਆਰ ਦਾ ਛੋਟਾ ਜਿਹਾ ਰਾਜਾ ਸੀ। ਉਸ ਦੀ ਕੋਠੀ ਸੀ ਤੇ ਉਥੇ ਮਹਾਰਾਜ ਜੀ ਨੇ ਦੁਪਹਿਰਾ ਕੱਟਿਆ। ਜਦੋਂ ਸ਼ਾਮ ਚਾਰ ਵਜੇ ਭੀਮਤਾਲ ਨੂੰ ਜਾਣ ਵਾਸਤੇ ਤਿਆਰ ਹੋਏ ਤਾਂ ਸੁਰਜੀਤ ਸਿੰਘ, ਚੰਨਣ ਸਿੰਘ ਦਾ ਛੋਟਾ ਭਰਾ ਰਮੇਸ਼ ਕੁਮਾਰ ਨੂੰ ਕਹਿਣ ਲੱਗਿਆ ਕਿ ਤੁਸੀਂ ਕੁਝ ਮੰਗ ਲਓ ਤਾਂ ਉਹ ਕਹਿਣ ਲੱਗਿਆ ਕਿ ਮੈਂ ਵੀ ਆਹੀ ਸੋਚ ਰਿਹਾ ਹਾਂ।

ਸੁਰਜੀਤ ਸਿੰਘ ਕਹਿੰਦਾ, "ਮੰਗ ਲਓ! ਜਿਹੜੀ ਖੈਰ ਤੁਹਾਨੂੰ ਹੁਣ ਤੱਕ ਨਹੀਂ ਪ੍ਰਾਪਤ ਹੋਈ, ਉਹ ਵੀ ਪ੍ਰਾਪਤ ਹੋ ਜਾਏਗੀ। ਅੱਜ ਪੂਰਨ ਮਹਾਂਪੁਰਸ਼ ਤੁਹਾਡੇ ਘਰ ਆਏ ਹੋਏ ਨੇ।"

ਉਸੇ ਵੇਲੇ ਇਸ਼ਨਾਨ ਕਰਿਆ, ਰਾਣੀ ਨੂੰ ਇਸ਼ਨਾਨ ਕਰਾਇਆ। ਗਲ ਵਿਚ ਪੱਲੇ ਪਾਏ, ਸਾਦੇ ਬਸਤਰ ਪਹਿਨੇ, ਘਾਹ ਪੁੱਟਿਆ ਤੇ ਹੱਥ ਦੇ ਵਿਚ ਲੈ ਲਿਆ। ਮਹਾਂਪੁਰਸ਼ਾਂ ਦੇ ਸਾਹਮਣੇ ਜਾ ਕੇ ਦੋਵੇਂ ਜਣੇ ਹੱਥ ਜੋੜ ਕੇ ਖੜ੍ਹੇ ਹੋ ਗਏ ਤੇ ਨਮਸ਼ਕਾਰ ਕੀਤੀ।

ਮਹਾਰਾਜ ਜੀ ਦੀ ਦ੍ਰਿਸ਼ਟੀ ਪਈ ਤਾਂ ਪੁਛਿਆ, "ਕੌਣ ਨੇ ਇਹ?"

ਕਹਿਣ ਲੱਗੇ, "ਮਹਾਰਾਜ! ਇਹ ਰਮੇਸ਼ ਕੁਮਾਰ ਸਾਹੂ ਨੇ ਜਿਨ੍ਹਾਂ ਦੀ ਕੋਠੀ ਵਿਚ ਆਪ ਜੀ ਦਾ ਉਤਾਰਾ ਹੋਇਆ ਹੈ। ਇਹ ਕਾਠਦੁਆਰ ਦੇ ਰਾਜੇ ਹਨ।"

ਮਹਾਰਾਜ ਜੀ ਮੁਸਕਰਾ ਪਏ ਕਿਉਂਕਿ ਮੰਗਣ ਦੀ ਵੀ ਜਾਂਚ ਹੋਇਆ ਕਰਦੀ ਹੈ। ਬਹੁਤਿਆਂ ਨੂੰ ਮੰਗਣਾ ਨਹੀਂ ਆਉਂਦਾ; ਜੇ ਆ ਜਾਵੇ ਤਾਂ ਸਾਧੂ ਦੇ ਦਿੰਦਾ ਹੈ। ਮਹਾਰਾਜ ਜੀ ਨੇ ਦੇਖਿਆ ਕਿ ਹੱਦ ਤੋਂ ਜ਼ਿਆਦਾ ਅਧੀਨਗੀ ਹੈ, ਗਲ ਵਿਚ ਪੱਲਾ ਪਾਇਆ ਹੋਇਆ ਹੈ। ਗਲ ਵਿਚ ਪੱਲਾ ਪਾਉਣ ਦਾ ਮਤਲਬ ਹੁੰਦਾ ਹੈ ਕਿ ਮੈਂ ਸਮਰਪਣ ਕਰ ਦਿਤਾ ਆਪਣੇ-ਆਪ ਨੂੰ, ਕਿ ਮੈਂ ਕੁਝ ਨਹੀਂ ਹਾਂ। ਫੇਰ ਹੱਥ ਵਿਚ ਘਾਹ ਲਿਆ ਹੋਇਆ ਹੈ ਘਾਹ ਦਾ ਵੀ ਮਤਲਬ ਹੋਇਆ ਕਰਦਾ ਹੈ। ਉਹ ਇਹ ਹੈ ਕਿ ਜਿਵੇਂ ਘਾਹ ਨੂੰ ਸਭ ਪੈਰਾਂ ਥੱਲੇ ਰੋਲ ਦਿੰਦੇ ਨੇ, ਮੇਰੀ ਅੱਜ ਇਹ ਹਾਲਤ ਹੋਈ-ਹੋਈ ਹੈ ਤੇ ਮੈਂ ਘਾਹ ਵਾਂਗ ਹੋਇਆ ਪਿਆ ਹਾਂ, ਮੇਰੇ ਵਿਚ ਰਾਜੇਪੁਣੇ ਦੀ ਕੋਈ ਆਕੜ ਨਹੀਂ ਤੇ ਮੈਂ ਹੱਦ ਤੋਂ ਜ਼ਿਆਦਾ ਗਰੀਬ ਹਾਂ।

ਉਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਵਿਚ ਆ ਗਏ। ਕਹਿਣ ਲੱਗੇ, "ਦਸੋ ਕੀ ਗੱਲ ਹੈ? ਕਿਵੇਂ ਆਏ ਹੋ ਤੁਸੀਂ?"

ਕਹਿੰਦੇ, "ਮਹਾਰਾਜ! ਆਪ ਤਾਂ ਸਭ ਜਾਣੀ-ਜਾਣ ਹੋ।"

ਮਹਾਰਾਜ ਜੀ ਕਹਿੰਦੇ, "ਨਹੀਂ! ਬਚਨ ਕਰੋ।"

ਕਹਿੰਦੇ, "ਮਹਾਰਾਜ! ਪੱਚੀ ਸਾਲ ਹੋਏ ਉਸ ਵੇਲੇ ਸਾਡੇ ਘਰ ਲੜਕੀ ਪੈਦਾ ਹੋਈ ਸੀ, ਉਸ ਤੋਂ ਬਾਅਦ ਕੋਈ ਬੱਚਾ ਨਹੀਂ ਹੋਇਆ ਤੇ ਅਸੀਂ ਪੁੱਤਰ ਦੀ ਦਾਤ ਪ੍ਰਮੇਸ਼ਰ ਤੋਂ ਚਾਹੁੰਦੇ ਹਾਂ। ਅੱਜ ਤੱਕ ਸਾਡੀ ਅਰਦਾਸ ਨੂੰ ਫਲ ਨਹੀਂ ਲੱਗਿਆ।"

ਮਹਾਰਾਜ ਜੀ ਕਹਿਣ ਲੱਗੇ, "ਕੋਈ ਯਤਨ ਵੀ ਕਰੇ ਨੇ?"

ਕਹਿੰਦਾ, "ਹਾਂ ਮਹਾਰਾਜ! ਅਠਾਹਠ ਤੀਰਥਾਂ ਦਾ ਇਸ਼ਨਾਨ, ਜੋ ਸਾਸ਼ਤਰਾਂ ਦੇ ਵਿਚ ਵਿਧੀ ਲਿਖੀ ਹੈ, ਪੰਡਤਾਂ ਨੂੰ ਨਾਲ ਲਿਜਾ ਕੇ ਇਸ਼ਨਾਨ ਕਰੇ ਨੇ, ਉਨ੍ਹਾਂ ਦੇ ਕਹੇ ਦੇ ਮੁਤਾਬਕ ਅਸੀਂ ਦਾਨ ਦਿਤੇ, ਬਹੁਤ ਸਾਰੇ ਸਾਧੂ ਬੁਲਾਏ ਤੇ ਜਗਰਾਤੇ, ਰੈਣ ਸਬਾਈਆਂ ਕਰਾਈਆਂ, ਮੰਡਲੀਆਂ ਆਈਆਂ ਸਾਧੂਆਂ ਦੀਆਂ, ਬਹੁਤ ਸਾਰੇ ਮੱਤਾਂ ਵਾਲੇ ਆਏ, ਉਨ੍ਹਾਂ ਨੇ ਬਹੁਤ ਸਾਰੇ ਬਚਨ ਵੀ ਕਰੇ ਪਰ ਸਾਡੀ ਮੁਰਾਦ ਪੂਰੀ ਨਾ ਹੋਈ।"

ਮਹਾਰਾਜ ਜੀ ਕਹਿੰਦੇ, "ਕੋਈ ਭਜਨ ਬੰਦਗੀ ਵੀ ਕਰਦੇ ਹੋ?"

ਕਹਿੰਦਾ, "ਮਹਾਰਾਜ! ਮੈਂ ਸਵੇਰੇ ਉਠ ਕੇ ਉਪਾਸ਼ਨਾ ਕਰਦਾ ਹੁੰਦਾ ਹਾਂ।"

ਤਿੰਨ ਚੀਜ਼ਾਂ ਹੁੰਦੀਆਂ ਹਨ – ਕਰਮ, ਉਪਾਸ਼ਨਾ, ਗਿਆਨ, ਉਸ ਤੋਂ ਬਾਅਦ ਵਿਗਿਆਨ; ਪ੍ਰਮੇਸ਼ਰ ਵਿਚ ਲੈਅ ਹੋ ਜਾਇਆ ਕਰਦਾ ਹੈ। ਸਾਨੂੰ ਤਾਂ ਉਪਾਸ਼ਨਾ ਦਾ ਪਤਾ ਹੀ ਨਹੀਂ, ਨਾ ਕੋਈ ਦੱਸਦਾ ਹੈ ਕਿ ਉਪਾਸ਼ਨਾ ਕੀ ਹੁੰਦੀ ਹੈ। ਇਹ ਰੂਹਾਨੀ ਮੰਜ਼ਲਾਂ ਨੇ ਚਾਰ – ਕਰਮ, ਉਪਾਸ਼ਨਾ, ਗਿਆਨ, ਵਿਗਿਆਨ।

ਅਸੀਂ ਤਾਂ ਉਪਾਸ਼ਨਾ ਦੇ ਬਿਲਕੁਲ ਖਿਲਾਫ ਹਾਂ। ਗੱਲ ਕਰਕੇ ਦੇਖ ਲਓ, ਉਦੋਂ ਹੀ ਕਹਿ ਦਿੰਦੇ ਨੇ ਕਿ ਇਹ ਕੀ ਗੱਲਾਂ ਕਰਨ ਲੱਗ ਗਏ? ਇਸ ਕਰਕੇ ਸੰਤ ਚੁੱਪ ਰਹਿੰਦੇ ਨੇ, ਭੇਤ ਨਹੀਂ ਖੋਲ੍ਹਦੇ, ਸਿਰਫ ਉਸ ਕੋਲ ਭੇਤ ਖੋਲ੍ਹਦੇ ਨੇ ਜੇ ਕੋਈ ਅਧਿਕਾਰੀ ਹੋਵੇ ਜਾਂ ਕੋਈ ਲੋੜਵੰਦ ਹੋਵੇ ਉਸ ਨੂੰ ਦੱਸ ਦਿੰਦੇ ਨੇ, ਨਹੀਂ ਤਾਂ ਚੁੱਪ ਰਹਿੰਦੇ ਨੇ। ਕਿਤਾਬਾਂ ਭਰੀਆਂ ਪਈਆਂ ਹਨ – ਉਪਾਸ਼ਨਾ ਦਾ ਖੰਡਨ ਕਰਨ ਵਾਲੀਆਂ।

ਮਹਾਰਾਜ ਜੀ ਕਹਿੰਦੇ, "ਕਿਸ ਦਾ ਧਿਆਨ ਧਰਦੇ ਹੋ?"

ਕਹਿੰਦਾ, "ਮੈਂ ਵਿਸ਼ਨੂੰ ਜੀ ਦਾ ਧਿਆਨ ਧਰਦਾ ਹਾਂ।"

ਮਹਾਰਾਜ ਜੀ ਕਹਿੰਦੇ, "ਫੇਰ ਅਜੇ ਤੱਕ ਤਾਂ ਕੁਝ ਮਿਲਿਆ ਨਹੀਂ ਨਾ ਇਸ ਧਿਆਨ ਵਿਚੋਂ? ਦੇਖੋ! ਫਕੀਰ ਦੀ ਤਾਂ ਹੋਇਆ ਕਰਦੀ ਹੈ ਦੁਆ, ਦੇਣ ਵਾਲਾ ਹੁੰਦਾ ਹੈ ਦਾਤਾ। ਮੈਂ ਵੀ ਅਰਦਾਸ ਕਰਾਂਗਾ, ਤੂੰ ਵੀ ਅਰਦਾਸ ਕਰਿਆ ਕਰ। ਜਿਸ ਥਾਂ ਤੇ ਉਪਾਸ਼ਨਾ ਵਿਚ ਵਿਸ਼ਨੂੰ ਜੀ ਦਾ ਚਿੱਤਰ ਹੈ, ਉਥੇ ਗੁਰੂ ਨਾਨਕ ਪਾਤਸ਼ਾਹ ਦਾ ਚਿੱਤਰ ਰੱਖ ਲੈ। ਗੁਰੂ ਨਾਨਕ ਸਾਹਿਬ ਦੇ ਘਰ ਵਿਚ ਜਿਸ ਨੇ ਅਰਦਾਸ ਕਰੀ ਹੈ ਉਹ ਖਾਲੀ ਨਹੀਂ ਗਿਆ।"

ਐਨਾ ਬਚਨ ਮਹਾਂਪੁਰਸ਼ਾਂ ਨੇ ਕਹਿ ਦਿਤਾ ਤੇ ਆਪ ਤਿਆਰ ਹੀ ਬੈਠੇ ਸਨ, ਉਸੇ ਵੇਲੇ ਭੀਮਤਾਲ ਨੂੰ ਚਲੇ ਗਏ। ਭੀਮਤਾਲ ਤੋਂ ਵਾਪਸ ਰਾੜੇ ਸਾਹਿਬ ਆ ਗਏ। ਦਸ ਮਹੀਨੇ ਬਾਅਦ ਉਹ ਫੇਰ ਆਇਆ, ਬੜੀਆਂ ਖੁਸ਼ੀਆਂ ਮਨਾਈਆਂ। ਬੇਨਤੀ ਕਰਦਾ ਹੈ ਕਿ ਮਹਾਰਾਜ! ਦੁਬਾਰਾ ਮੁਰਾਦਾਬਾਦ ਚਰਨ ਪਾਓ ਤੇ ਉਥੇ ਆਪ ਦੀਵਾਨ ਲਾਓ, ਮੇਰੀ ਕੋਠੀ ਦੇ ਵਿਚ ਨਿਵਾਸ ਰੱਖੋ। ਬੜਾ ਪਿਆਰ ਕਰਿਆ। ਜਦੋਂ ਮੈਂ ਦੀਵਾਨਾਂ ਸਮੇਂ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਗਿਆ, ਉਦੋਂ ਉਹ ਬੱਚਾ ਪੰਜ ਸਾਲ ਦਾ ਸੀ ਤੇ ਮੈਨੂੰ ਉਨ੍ਹਾਂ ਨੇ ਦੱਸਿਆ ਕਿ ਆਹ ਹੈ ਉਹ ਲੜਕਾ ਜਿਸ ਦਾ ਜ਼ਿਕਰ ਚਲਦਾ ਰਹਿੰਦਾ ਹੈ। ਸੋ ਮਹਾਰਾਜ ਜੀ ਕਹਿੰਦੇ ਨੇ ਕਿ –

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥ ਪੰਨਾ – 748***

ਉਨ੍ਹਾਂ ਨੂੰ ਦੇਣਾ ਔਖਾ ਨਹੀਂ ਹੋਇਆ। ਸਾਖੀ ਆਉਂਦੀ ਹੈ ਗੁਰੂ-ਘਰ ਦੇ ਅੰਦਰ ਕਿ ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੀ ਸ਼ਾਦੀ 1622 ਵਿਚ ਹੋਈ। 1622 ਤੋਂ 1646 ਤੱਕ 24 ਸਾਲ ਆਪ ਦੇ ਕੋਈ ਔਲਾਦ ਨਹੀਂ ਹੋਈ ਤੇ ਇਧਰ ਪ੍ਰਿਥੀ ਚੰਦ ਨੂੰ ਬਹੁਤ ਖੁਸ਼ੀ ਹੁੰਦੀ ਸੀ ਕਿ ਇਨ੍ਹਾਂ ਦੇ ਤਾਂ ਔਲਾਦ ਨਹੀਂ ਹੋਈ। ਦੂਸਰਾ ਮਹਾਰਾਜ ਜੀ ਉਸ ਦੇ ਲੜਕੇ ਮਿਹਰਵਾਨ ਨੂੰ ਆਪਣੇ ਕੋਲ ਰੱਖਦੇ ਸੀ। ਜਿੰਨੇ ਜ਼ਰੂਰੀ ਕੰਮ ਹੁੰਦੇ ਉਹ ਮਿਹਰਵਾਨ ਕਰਦਾ ਰਹਿੰਦਾ ਸੀ ਤੇ ਇਸ ਦੇ ਮਨ ਵਿਚ ਖਿਆਲ ਸੀ ਕਿ ਗੱਦੀ ਸਾਡੇ ਘਰ ਵਿਚ ਰਹਿਣੀ ਹੈ ਕਿਉਂਕਿ ਬਚਨ ਹੋ ਚੁਕਿਆ ਹੈ - ਗੁਰੂ ਤੀਸਰੇ ਪਾਤਿਸ਼ਾਹ ਦਾ ਕਿ ਸੋਢੀਆਂ ਤੋਂ ਬਾਹਰ ਹੁਣ ਗੁਰਗੱਦੀ ਨਹੀਂ ਜਾਣੀ। ਸੋ ਹੁਣ ਇਨ੍ਹਾਂ ਦੇ ਔਲਾਦ ਕੋਈ ਨਹੀਂ ਹੋਈ, ਮੇਰੇ ਹੋਈ ਹੈ ਤੇ ਮਿਹਰਵਾਨ ਇਨ੍ਹਾਂ ਦੇ ਕੋਲ ਰਹਿੰਦਾ ਹੈ ਤੇ ਜੇ ਮੈਨੂੰ ਨਹੀਂ ਮਿਲੀ ਤਾਂ ਮੇਰੇ ਪੁੱਤਰ ਨੂੰ ਮਿਲ ਜਾਏਗੀ ਤੇ ਮਨ ਵਿਚ ਇਹ ਰਹਿੰਦਾ ਹੈ ਹਰ ਵਕਤ ਕਿ ਇਨ੍ਹਾਂ ਦੇ ਔਲਾਦ ਨਾ ਹੋਵੇ, ਬੁਰਾ ਮੰਗਦਾ ਰਹਿੰਦਾ ਹੈ ਹਰ ਵਕਤ। 24 ਸਾਲ ਲੰਘ ਗਏ ਪਰ ਕੋਈ ਔਲਾਦ ਨਾ ਹੋਈ ਪਰ 1646 ਵਿਚ ਮਾਤਾ ਰਾਮ ਕੌਰ ਜੀ ਜੋਤੀ ਜੋਤ ਸਮਾ ਗਏ। ਇਕ ਸਾਲ ਲੰਘ ਗਿਆ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਪਾਤਿਸ਼ਾਹ ਦੂਸਰੀ ਸ਼ਾਦੀ ਕਰਾ ਲਓ। ਬਹੁਤ ਜ਼ੋਰ ਦੇਣ ਤੋਂ ਬਾਅਦ 1647 ਵਿਚ ਮਉ ਪਿੰਡ ਫਿਲੌਰ ਦੇ ਪਰਗਣੇ ਵਿਚ ਰਤਨ ਚੰਦ ਸੇਖੜੀ ਦੀ ਪੁੱਤਰੀ ਮਾਤਾ ਗੰਗਾ ਜੀ ਨਾਲ ਸ਼ਾਦੀ ਹੋ ਗਈ। ਤਿੰਨ ਸਾਲ ਫੇਰ ਲੰਘ ਗਏ, 1650 ਆ ਗਿਆ ਪਰ ਕੋਈ ਔਲਾਦ ਨਾ ਹੋਈ।

ਬਰਸਾਤ ਦਾ ਮਹੀਨਾ ਖਤਮ ਹੋਇਆ ਤੇ ਜਿਹੜੇ ਕੱਪੜੇ ਟਰੰਕਾਂ ਆਦਿ ਵਿਚ ਪਏ ਸਨ ਆਪ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਕੀੜਾ, ਲੇਹ ਨਾ ਲੱਗ ਜਾਵੇ ਕਿਤੇ, ਅੱਜ ਧੁੱਪ ਕੜਕਦੀ ਹੈ ਤੇ ਤੁਸੀਂ ਕੋਠੇ ਤੇ ਪਾ ਕੇ ਸਾਰੇ ਸੁਕਾ ਲਓ। ਪ੍ਰਿਥੀ ਚੰਦ ਦਾ ਮਕਾਨ ਨਾਲ ਸੀ, ਵਿਚਾਲੇ ਕੰਧ ਸੀ। ਜਿਸ ਵਕਤ ਉਹ ਬਸਤਰ ਉਪਰ ਸੁਕਣੇ ਪਾਏ ਤਾਂ ਉਸ ਵੇਲੇ ਪ੍ਰਿਥੀ ਚੰਦ ਦੇ ਘਰੋਂ ਕਰਮ ਕੌਰ ਨੇ ਜਦੋਂ ਉਹ ਬਸਤਰ ਦੇਖੇ ਤਾਂ ਉਸ ਦਾ ਚਿਹਰਾ ਬਦਲ ਗਿਆ, ਸਾਹ ਕਾਹਲਾ ਪੈ ਗਿਆ, ਬਿਮਾਰੀ ਦੀ ਹਾਲਤ ਆ ਗਈ, ਚੱਕਰ ਆ ਗਿਆ ਤੇ ਰੋਣ ਲੱਗ ਪਈ। ਇੰਨੇ ਨੂੰ ਪ੍ਰਿਥੀ ਚੰਦ ਜੀ ਆ ਗਏ।

ਕਹਿਣ ਲੱਗੇ, "ਕੀ ਗੱਲ? ਅੱਜ ਤੂੰ ਐਨੀ ਉਦਾਸ ਹੈਂ।"

ਕਹਿੰਦੀ, "ਮੈਂ ਉਦਾਸ ਹੋਵਾਂ ਨਾ! ਆਹ ਦੇਖੋ ਕਿੰਨੇ ਸੋਹਣੇ-ਸੋਹਣੇ ਬਸਤਰ ਨੇ। ਮੈਂ ਕਹਿਣਾ ਤਾਂ ਨਹੀਂ ਸੀ ਪਰ ਅੱਜ ਕਹਿ ਦਿੰਦੀ ਹਾਂ ਕਿ ਤੁਹਾਡੀ ਨਾਲਾਇਕੀ ਕਰਕੇ ਮੈਂ ਰੋ ਰਹੀ ਹਾਂ। ਤੁਸੀਂ ਗੁਰੂ ਪਾਤਿਸ਼ਾਹ ਦਾ ਹੁਕਮ ਨਾ ਮੰਨਿਆ। ਤੁਸੀਂ ਉਨ੍ਹਾਂ ਨਾਲ ਝਗੜਾ ਕੀਤਾ ਤੇ ਉਨ੍ਹਾਂ ਨੇ ਗੁਰਿਆਈ ਛੋਟਿਆਂ ਨੂੰ ਦੇ ਦਿੱਤੀ ਤੇ ਦੇਖੋ ਕਿੰਨਾ ਕੁਝ ਹੈ ਤੇ ਕਿਵੇਂ ਸੰਗਤਾਂ

ਆਉਂਦੀਆਂ ਨੇ, ਮੈਂ ਤਾਂ ਸਹਿ ਨਹੀਂ ਸਕਦੀ ਬਿਲਕੁਲ। ਮੈਂ ਇਸੇ ਤਰ੍ਹਾਂ ਮਰ ਜਾਵਾਂਗੀ ਤੇ ਮੈਂ ਨਹੀਂ ਦੇਖ ਸਕਦੀ।"

ਬਹੁਤ ਨਿਰਾਦਰ ਭਰੇ ਸ਼ਬਦ ਉਸਨੇ ਵਰਤੇ।

ਪ੍ਰਿਥੀ ਚੰਦ ਬੋਲਿਆ, "ਤੂੰ ਕਿਉਂ ਦੁਖੀ ਹੁੰਦੀ ਹੈਂ, ਇਨ੍ਹਾਂ ਦੇ ਕਿਤੇ ਔਲਾਦ ਹੋਣੀ ਹੈ? ਇਸ ਨੇ ਤਾਂ ਔਂਤਰੀ ਜਾਣਾ ਹੈ ਤੇ ਆਪਣਾ ਪੁੱਤਰ ਇਨ੍ਹਾਂ ਕੋਲ ਰਹਿੰਦਾ ਹੈ ਤੇ ਉਸ ਨੇ ਬਣ ਜਾਣਾ ਹੈ ਗੁਰੂ।"

ਉੱਚੀ-ਉੱਚੀ ਗਾਲ੍ਹਾਂ ਕੱਢਣ ਲੱਗ ਗਈ ਮਾਤਾ ਜੀ ਨੂੰ। ਮਾਤਾ ਜੀ ਚੁਪ-ਚਾਪ ਸਾਰੇ ਈਰਖਾ ਭਰੇ ਕੁਬਚਨ ਸੁਣ ਕੇ ਸਹਿ ਗਏ। ਦੂਸਰੇ ਦਿਨ ਆਪਨੇ ਇਸ਼ਨਾਨ ਕਰਿਆ ਤੇ ਕੇਸ ਗਿੱਲੇ ਹੋਣ ਕਾਰਨ ਆਪ ਨੇ ਝਟਕੇ ਤੇ ਇਕ ਕਤਰਾ ਪਾਣੀ ਦਾ ਬੀਬੀ ਕਰਮੋਂ (ਪ੍ਰਿਥੀ ਚੰਦ ਜੀ ਦੀ ਪਤਨੀ) ਦੇ ਪੈਰ ਦੇ ਅੰਗੂਠੇ ਤੇ ਜਾ ਪਿਆ। ਉਸ ਵੇਲੇ ਬਹੁਤ ਗਾਲ੍ਹਾਂ ਕੱਢੀਆਂ ਕਿ ਤੇਰੇ ਔਲਾਦ ਹੁੰਦੀ ਨਹੀਂ ਤੇ ਮੇਰੇ ਤੂੰ ਕੇਸਾਂ ਦਾ ਪਾਣੀ ਸੁਟਦੀ ਹੈ ਨਹਾ ਕੇ। ਉਸ ਵੇਲੇ ਮਾਤਾ ਜੀ ਉਦਾਸ ਹੋ ਗਏ। ਪਹਿਲੇ ਦਿਨ ਤਾਂ ਸੱਟ ਲੱਗੀ ਬੋਲਾਂ ਦੀ, ਪਰ ਅੱਜ ਦੂਸਰੇ ਦਿਨ ਉਦਾਸ ਹੋ ਗਏ ਕਿਉਂਕਿ ਈਰਖਾ ਦੇ ਅੰਦਰ ਇਕ ਤਰੰਗ ਹੁੰਦੀ ਹੈ। ਈਰਖਾ ਇਕ ਬਿਮਾਰੀ ਹੈ ਬੜੀ ਜਬਰਦਸਤ। ਜਿਸ ਦੇ ਅੰਦਰ ਈਰਖਾ ਹੋਵੇ, ਮਹਾਰਾਜ ਜੀ ਕਹਿੰਦੇ ਉਸਨੇ ਆਪਣਾ ਮਾਨਸ ਜਨਮ ਬਰਬਾਦ ਕਰ ਲਿਆ, ਉਸ ਦੇ ਵਰਗਾ ਦੁਨੀਆਂ ਵਿਚ ਮੂਰਖ ਨਹੀਂ ਹੈ ਕੋਈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਰਤਨ ਜਨਮ ਗੁਆ ਲਿਆ ਮੂਰਖਾ,***
***ਰੋਗ ਲਾ ਕੇ ਈਰਖਾ ਦਾ -2, 2.***
***ਰੋਗ ਲਾ ਕੇ ਜੀ, ਈਰਖਾ ਦਾ -2, 2.***
***ਰਤਨ ਜਨਮ ਗੁਆ ਲਿਆ ਮੂਰਖਾ....-2.***

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥***
***ਪੰਨਾ - 308***

'ਤਾਤਿ ਪਰਾਈ' ਈਰਖਾ ਨੂੰ ਕਹਿੰਦੇ ਨੇ। ਇਹ ਬਿਮਾਰੀ ਆਮ ਹੀ ਲੱਗੀ ਹੋਈ ਹੈ। ਗੁਰੂ ਨਾਨਕ ਪਾਤਸ਼ਾਹ ਜਦੋਂ ਹਰਦਾਸ ਵੈਦ ਨਾਲ ਬਚਨ ਕਰਦੇ ਨੇ -

***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥***
***ਪੰਨਾ - 1279***

ਉਸ ਵੇਲੇ ਵੈਦ ਦੇ ਪੁੱਛਣ ਤੇ ਗੁਰੂ ਨਾਨਕ ਮਹਾਰਾਜ ਜੀ ਨੇ ਦੱਸਿਆ ਕਿ ਵੈਦ ਜੀ! ਸਰੀਰਕ ਰੋਗ ਤਾਂ ਨਾਮ ਜੱਪਣ ਨਾਲ ਦੂਰ ਹੋ ਜਾਂਦੇ ਨੇ -

***ਸਰਬ ਰੋਗ ਕਾ ਅਉਖਦੁ ਨਾਮੁ॥***
***ਪੰਨਾ - 274***

ਪਰ ਇਹ ਪੈਦਾ ਤਾਂ ਹੁੰਦੇ ਨੇ ਜੇ ਮਨ ਰੋਗੀ ਹੋਵੇ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥***
***ਪੰਨਾ - 932***

ਕੋਈ ਜ਼ਹਿਰ ਤਾਂ ਆਦਮੀ ਨਹੀਂ ਖਾਂਦਾ - ਕ੍ਰੋਧ ਕਰਕੇ, ਕਾਮ ਦੇ ਨਾਲ, ਪਰ ਉਸ ਦਾ ਸਰੀਰ ਨਾਸ਼ ਹੋ ਜਾਏਗਾ- ਖਿਆਲ ਨਾਲ ਹੀ। ਇਸੇ ਤਰ੍ਹਾਂ ਈਰਖਾ ਇਕ ਖਿਆਲ ਹੀ ਹੈ। ਉਸ ਨੂੰ ਮਨ ਦੀ ਟੀ.ਬੀ. (ਤਪਦਿਕ) ਕਹਿੰਦੇ ਨੇ ਜਿਵੇਂ ਟੀ.ਬੀ. ਵਾਲਾ ਘੁਲ ਘੁਲ ਕੇ ਮਰ ਜਾਂਦਾ ਹੈ। ਇਸੇ ਤਰ੍ਹਾਂ ਈਰਖਾ ਵਾਲਾ ਆਪਣੇ ਆਪ ਨੂੰ ਆਪੇ ਹੀ ਜਾਲੀ (ਜਲਾਈ) ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ, ਦੂਸਰਾ ਵੱਡਾ ਨੁਕਸਾਨ ਇਹ ਕਰਦਾ ਹੈ ਕਿ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥***
***ਪੰਨਾ - 308***

ਉਹ ਕਦੇ ਸੋਚਦੇ ਹੀ ਨਾ ਕਿ ਮੇਰਾ ਭਲਾ ਹੋਏਗਾ। ਦੇਖੋ ਕਿੱਡੀ ਗੱਲ ਕਹਿ ਦਿਤੀ। ਫੇਰ ਅਸੀਂ ਈਰਖਾ ਵਿਚ ਪਏ ਰਹਿੰਦੇ ਹਾਂ। ਇਹ ਈਰਖਾ ਆਪਣੇ-ਆਪ ਤਾਂ ਨਹੀਂ ਜਾਂਦੀ, ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਇਹ ਤਾਂ ਆਉਣੀ ਹੀ ਆਉਣੀ ਹੈ। ਦੋ ਕੀਰਤਨ ਵਾਲੇ ਕੀਰਤਨ ਕਰਨ ਲਗ ਜਾਣ, ਇਕ ਦੀ ਮਹਿਮਾ ਵੱਧ ਜਾਵੇ ਤਾਂ ਈਰਖਾ ਆ ਜਾਏਗੀ; ਉਸ ਦੇ ਨਾਲ ਦਾ ਉਦੋਂ ਹੀ ਈਰਖਾ ਕਰਨੀ ਛੱਡ ਦੇਵੇ ਨਹੀਂ ਈਰਖਾ ਕਰਨ ਤੇ ਇਹ ਮਾਨਸਿਕ ਬੀਮਾਰੀ ਹੋਰ ਅੱਗੇ ਵੱਧ ਜਾਵੇਗੀ। ਭਜਨ ਕਰਨ ਵਾਲੇ ਈਰਖਾ ਕਰਨ ਦੀ ਤਾਂ ਜੇ ਪ੍ਰਸੰਸਾ ਕਰਨ ਫੇਰ ਇਹ ਬੀਮਾਰੀ ਨਹੀਂ ਲੱਗਿਆ ਕਰਦੀ। ਬਾਕੀ ਦੁਨੀਆਂਦਾਰਾਂ ਦਾ ਵੀ ਇਹੋ ਇਲਾਜ ਹੈ। ਦੁਨੀਆਂਦਾਰ ਆਪਣੇ ਹਮ-ਪੇਸ਼ਾ ਵਾਲਿਆਂ ਨਾਲ, ਸਾਧੂ ਸਾਧੂਆਂ ਨਾਲ ਈਰਖਾ ਕਰਦੇ ਹਨ, ਬੁਰਾ ਕਹਿੰਦੇ ਹਨ, ਨਿੰਦਿਆ ਕਰਦੇ ਹਨ, ਨੁਕਸ ਕੱਢ-ਕੱਢ ਲਿਆਉਗੇ, ਆਪਣੀ ਜ਼ੁਬਾਨ ਤੋਂ ਕਹਿਣਗੇ ਕਿ ਕਿਸੇ ਦੀ ਨਿੰਦਿਆ ਨਾ ਕਰੋ, ਪਰ ਖੁਦ ਨਿੰਦਿਆ ਕਰਨਗੇ ਕਿਉਂਕਿ ਬਿਮਾਰੀ ਲੱਗੀ ਹੋਈ ਹੈ ਈਰਖਾ ਦੀ। ਇਹ ਵੱਡਿਆਂ-ਵੱਡਿਆਂ ਨੂੰ ਵੀ ਲਗਦੀ ਹੈ, ਪਰ ਉਨ੍ਹਾਂ ਨੂੰ ਨਹੀਂ ਪਤਾ ਲਗਦਾ। ਉਪਦੇਸ਼ ਦੇਣਗੇ ਦੂਜਿਆਂ ਨੂੰ ਪਰ ਆਪ ਬਿਮਾਰ ਹੋਣਗੇ। ਮਹਾਰਾਜ ਜੀ ਕਹਿੰਦੇ ਇਸ ਦਾ ਦੋਸ਼ ਕਿੱਡਾ ਹੈ - ***'ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥ '***

***ਸੁਆਦ ਬਾਦ ਈਰਖ ਮਦ ਮਾਇਆ॥ ਪੰਨਾ - 741***

ਇਨ੍ਹਾਂ ਨਾਲ ਕੀ ਹੋਇਆ?

***ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥***
***ਪੰਨਾ - 741***

ਇਨ੍ਹਾਂ ਦੇ ਨਾਲ ਲੱਗ ਕੇ ਰਤਨ ਜਨਮ ਗਵਾ ਲਿਆ।

ਗੁਰੂ ਪੰਜਵੇਂ ਪਾਤਿਸ਼ਾਹ ਪਾਸ ਇਕ ਵਾਰੀ ਸੰਗਤ ਨੇ ਅਰਦਾਸ ਕਰੀ ਕਿ ਪਾਤਿਸ਼ਾਹ! ਮਨ ਨਹੀਂ ਟਿਕਦਾ, ਬਾਣੀ ਵੀ ਪੜ੍ਹਦੇ ਹਾਂ। ਮਹਾਰਾਜ ਜੀ ਨੇ ਸਾਰੀ ਗੱਲ ਸੁਣੀ ਤੇ ਕਹਿਣ ਲੱਗੇ ਕਿ ਚਾਰ-ਚਾਰ ਵਿਆਹ ਕਰਾ ਲਓ। ਉਹ ਕਹਿੰਦੇ ਮਹਾਰਾਜ ਜੀ ਦਾ ਹੁਕਮ ਹੋ ਗਿਆ, ਹੁਣ ਕੀ ਹੋਏਗਾ। ਉਸੇ ਵੇਲੇ ਬੇਨਤੀ ਕਰ ਦਿੱਤੀ ਕਿ ਪਾਤਿਸ਼ਾਹ! ਆਪਦਾ ਹੁਕਮ ਤਾਂ ਅਸੀ ਮੰਨ ਲੈਂਦੇ ਹਾਂ ਪਰ ਇਕ-ਇਕ ਵਿਆਹ ਹੀ ਸਾਨੂੰ ਤਾਂ ਤੰਗ ਕਰੀ ਜਾਂਦਾ ਹੈ, ਚਾਰ-ਚਾਰ ਹੋਰ ਕਰਾ ਕੇ ਫੇਰ ਘਰ ਤਾਂ ਮਹਾਂਭਾਰਤ ਦਾ ਅਖਾੜਾ ਬਣ ਜਾਏਗਾ।

ਮਹਾਰਾਜ ਜੀ ਕਹਿੰਦੇ, “ਅਸੀਂ ਸਰੀਰ ਦਾ ਵਿਆਹ ਨਹੀਂ, ਮਨ ਦਾ ਵਿਆਹ ਕਹਿੰਦੇ ਹਾਂ।”

ਕਹਿੰਦੇ, “ਪਾਤਿਸ਼ਾਹ! ਖੋਲ੍ਹ ਕੇ ਦੱਸੋ।”

ਮਹਾਰਾਜ ਜੀ ਕਹਿੰਦੇ, “ਚਾਰ ਇਸਤ੍ਰੀਆਂ ਜਿਨ੍ਹਾਂ ਦੇ ਨਾਮ ਹਨ - ਮੁਦਤਾ, ਮੈਤ੍ਰੀ, ਕਰੁਣਾ ਤੇ ਅਪੇਖਿਆ। ਇਨ੍ਹਾਂ ਨਾਲ ਵਿਆਹ ਕਰਵਾ ਲਓ, ਜਿਵੇਂ ਵਿਆਹੀ ਹੋਈ ਇਸਤ੍ਰੀ ਨਾਲ ਹੀ ਰਹਿੰਦੀ ਹੈ ਇਨ੍ਹਾਂ ਚੌਹਾਂ ਨੂੰ ਮਨ ਦੇ ਨਾਲ ਹੀ ਰੱਖੋ।

ਮੁਦਤਾ ਨੂੰ ‘ਪ੍ਰਸੰਸਾ’ ਕਹਿੰਦੇ ਨੇ ਆਮ ਬੋਲੀ ਵਿਚ। ਜਿਹੜਾ ਆਪ ਤੋਂ ਵਧ ਗਿਆ ਉਸ ਦੀ ਪ੍ਰਸੰਸਾ ਕਰੋ। ਇਕੱਠੇ ਪੜ੍ਹੇ, ਇਕੱਠੇ ਇੰਜੀਨੀਅਰ ਸੀ, ਇਕ ਵਧ ਗਿਆ, ਉਹ ਵਧਿਆ ਵੀ ਐਨਾ ਕਿ ਸੂਰਜ ਵਾਂਗ ਉਸ ਦਾ ਸਿਤਾਰਾ ਚਮਕ ਗਿਆ ਤੇ ਆਪ ਹੇਠਾਂ ਰਹਿ ਗਿਆ। ਉਥੇ ਈਰਖਾ ਨਾ ਕਰੋ ਕਿਉਂਕਿ ਪ੍ਰਮੇਸ਼ਰ ਨੇ ਉਸ ਨੂੰ ਦਿੱਤਾ ਹੈ, ਪ੍ਰਮੇਸ਼ਰ ਨੇ ਉਸ ਨੂੰ ਵਧਾਇਆ ਹੈ। ਉਸ ਦੀ ਪ੍ਰਸੰਸਾ ਕਰੋ ਕਿ ਵਾਹ ਬਈ ਵਾਹ! ਬੜਾ ਕਾਬਲ ਬੰਦਾ ਹੈ, ਹੋਣਾ ਚਾਹੀਦਾ ਹੈ ਐਸਾ; ਉਸ ਦੀ ਮਿਸਾਲ ਲਓ, ਉਸ ਦੀ ਜ਼ਿੰਦਗੀ ਤੋਂ ਪ੍ਰੇਰਨਾ ਲਓ ਪਰ ਉਸਦੇ ਨਾਲ ਈਰਖਾ ਨਾ ਕਰੋ, ਉਸਦੀ ਪ੍ਰਸੰਸਾ ਕਰੋ। ਜਿਹੜਾ ਬਰਾਬਰ ਦਾ ਹੈ ਉਸ ਦੇ ਨਾਲ ਮੈਤ੍ਰੀ ਰੱਖੋ, ਪਿਆਰ ਰੱਖੋ। ਜਿਹੜਾ ਛੋਟਾ ਰਹਿ ਗਿਆ, ਪਿਛੇ ਰਹਿ ਗਿਆ, ਉਸ ਨਾਲ ਨਫਰਤ ਨਾ ਕਰੋ ਉਸ ਤੇ ਦਇਆ ਕਰੋ। ਆਪਣੇ-ਆਪ ਨੂੰ ਵੱਡਾ ਬਣਾ-ਬਣਾ ਨਾ ਦਿਖਾਓ। ਜੇ ਸੋਹਣੇ ਕਪੜੇ ਪਾ ਲਏ ਤਾਂ ਉਸਦੇ ਨਾਲ ਗੱਲ ਵੀ ਨਹੀਂ ਕਰਦੇ ਕਿ ਉਹ ਛੋਟਾ ਹੈ। ਇਹੋ ਜਿਹੀ ਬਿਰਤੀ ਨਾ ਲਿਆਓ, ਉਥੇ ਕਰੁਣਾ ਲਿਆਓ, ਮਨ ਵਿਚ ਦਇਆ ਰੱਖੋ।

ਜੇ ਵੈਰ ਪੈ ਗਿਆ ਕਿਸੇ ਨਾਲ, ਬੇਰੁਖੀ ਆ ਗਈ ਤਾਂ ਹੌਲੀ-ਹੌਲੀ ਪਿਛੇ ਹਟ ਜਾਓ ਤਾਂ ਕਿ ਉਹ ਭੁੱਲ ਜਾਵੇ।

ਸੋ ਜਦੋਂ ਇਹ ਚਾਰ ਚੀਜ਼ਾਂ ਹੋ ਜਾਣਗੀਆਂ ਉਸ ਵੇਲੇ ਇਹ ਈਰਖਾ ਦੀ ਬੀਮਾਰੀ ਹਟ ਜਾਏਗੀ ਤੇ ਮਨ ਟਿਕਣ ਲੱਗ ਜਾਏਗਾ -

ਜਿਸ ਨੂੰ ਪ੍ਰਮੇਸ਼ਰ ਦਿੰਦਾ ਹੈ ਜੇ ਉਸ ਨਾਲ ਈਰਖਾ ਕਰਦੇ ਹੋ ਤਾਂ ਪ੍ਰਮੇਸ਼ਰ ਨਾਲ ਹੀ ਈਰਖਾ ਹੋ ਗਈ।'

ਇਕ ਨੂੰ ਵਧੀਆ ਗਲੇ ਦੀ ਦਾਤ ਦਿਤੀ ਹੋਈ ਹੈ, ਦੂਜੇ ਦਾ ਗਲਾ ਚੰਗਾ ਨਹੀਂ; ਇਕ ਨੂੰ ਸੁਰ ਦਾ ਗਿਆਨ ਦਿਤਾ ਹੋਇਆ ਹੈ ਦੂਜੇ ਕੋਲ ਸੁਰ ਹੈ ਨਹੀਂ, ਉਹ ਕਾਹਦੀ ਈਰਖਾ! ਇਹ ਤਾਂ ਪ੍ਰਮੇਸ਼ਰ ਨੇ ਹੀ ਦਾਤ ਦਿਤੀ ਹੋਈ ਹੈ। ਮਹਾਰਾਜ ਜੀ ਕਹਿੰਦੇ ਜ਼ਿੰਦਗੀ ਸਮਾਨ ਨਹੀਂ ਹੋਇਆ ਕਰਦੀ। ਇਕ ਚੰਗੇ ਕਰਮਾਂ ਦੇ ਹਿਸਾਬ ਨਾਲ ਬਹੁਤ ਵੱਡੇ ਸੁਖ ਨੂੰ ਮਾਣਦੇ ਨੇ। ਇਕ ਆਪਣੇ ਮਾੜੇ ਕਰਮਾਂ ਦੇ ਨਾਲ ਬਹੁਤ ਦੁਖ ਝਲਦੇ ਹਨ। ਉਹ ਇਹ ਤਾਂ ਕਹੇ ਕਿ ਦੋਸ਼ ਮੇਰੇ ਕਰਮਾਂ ਦਾ ਹੈ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ - 433***

ਕਿਉਂਕਿ ਜ਼ਿੰਦਗੀ ਸਮਾਨ ਨਹੀਂ ਹੈ, ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇਕਨਾ ਨੂੰ ਪਲੰਘ ਨਿਵਾਰ ਦੇ,***
***ਇਕਨਾਂ ਨੂੰ ਹੈ ਨਾ ਗੋਦੜੀ -2, 2.***
***ਮੇਰੇ ਪਿਆਰੇ, ਇਕਨਾ ਨੂੰ ਹੈ ਨਾ ਗੋਦੜੀ - 2, 2***
***ਇਕਨਾ ਨੂੰ ਪਲੰਘ ਨਿਵਾਰ ਦੇ,....2.***

***ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥***
***ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥***
***ਅਹਿਰਖ ਵਾਦੁ ਨ ਕੀਜੈ ਰੇ ਮਨ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥***
***ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥***
***ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥***

***ਪੰਨਾ - 479***

ਕਰਮਾਂ ਨੂੰ ਨਾ ਕੋਸੋ, ਦੂਸਰੇ ਨੂੰ ਗਾਲ੍ਹਾਂ ਨਾ ਕੱਢੋ ਕਿਉਂਕਿ ਇਹ ਚੀਜ਼ਾਂ ਤਾਂ ਪ੍ਰਮੇਸ਼ਰ ਦੀ ਦਾਤ ਹੈ। ਇਕਨਾਂ ਦੇ ਕੋਲ ਨਿਵਾਰਾਂ ਦੇ ਪਲੰਘ ਨੇ, ਇਕਨਾਂ ਕੋਲ ਗੋਦੜੀ ਵੀ ਨਹੀਂ ਹੈ ਤੇ ਕਿਸੇ ਨੂੰ ਭੁੰਜੇ (ਧਰਤੀ ਤੇ)

ਪੈਣ ਨੂੰ ਪਰਾਲੀ ਵੀ ਨਹੀਂ ਮਿਲਦੀ -

***ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥ ਪੰਨਾ - 479***

ਘੁਮਾਰ ਨੇ ਭਾਂਡੇ ਬਣਾਏ, ਚੱਕ ਤੇ ਚਾੜ੍ਹ ਕੇ। ਕਿਸੇ ਭਾਂਡੇ ਵਿਚ ਤਾਂ ਹੀਰੇ-ਜਵਾਹਰਾਤ ਰੱਖ ਦਿੱਤੇ, ਕਿਸੇ ਭਾਂਡੇ ਦੇ ਅੰਦਰ ਮਿਰਚਾ ਪਾ ਦਿੱਤੀਆਂ। ਸੋ ਮਹਾਰਾਜ ਜੀ ਕਹਿੰਦੇ ਇਸ ਤਰ੍ਹਾਂ ਈਰਖਾ ਦੀ ਬਾਤ ਨਾ ਕਰੋ। ਈਰਖਾ ਨੂੰ ਮਿਟਾਉਣ ਦਾ ਇਲਾਜ ਇਕੋ ਹੀ ਹੈ ਸਾਧ-ਸੰਗਤ ਜੀ! ਜੇ ਕੋਈ ਸੱਚੇ ਦਿਲ ਨਾਲ ਸਾਧੂਆਂ ਦੀ ਸੰਗਤ ਕਰੇ ਤੇ ਆਪਣੇ-ਆਪ ਨੂੰ ਇਸ ਸੰਸਾਰ ਤੋਂ ਦ੍ਰਿੜ੍ਹ ਇਰਾਦੇ ਨਾਲ ਪਾਰ ਕਰਨਾ ਚਾਹੇ ਤਾਂ ਫੇਰ ਹਟ ਜਾਂਦੀ ਹੈ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਪੰਨਾ - 1299***

ਹੋਰ ਕੋਈ ਤਰੀਕਾ ਨਹੀਂ ਹੈ। ਸੋ ਏਸ ਤਰ੍ਹਾਂ ਦੇ ਨਾਲ ਈਰਖਾ ਵੱਡਿਆਂ-ਵੱਡਿਆਂ ਨੂੰ ਹੋ ਗਈ। ਪ੍ਰਿਥੀ ਚੰਦ ਜੀ ਗੁਰੂ ਰਾਮਦਾਸ ਜੀ ਦੇ ਨਾਲ ਰਹੇ, ਕਿੰਨੀ ਜ਼ਿੰਦਗੀ ਗੁਜ਼ਾਰੀ, ਗੁਰੂ ਕਹਾਏ, ਬੜੀ ਦੇਰ ਤੱਕ ਪੂਜਾ ਕਰਾਈ, ਸੰਗਤਾਂ ਮੱਥੇ ਟੇਕਦੀਆਂ ਸਨ ਵੱਡਾ ਜਾਣ ਕੇ, ਪਰ ਈਰਖਾ ਦੀ ਬੀਮਾਰੀ ਦਾ ਅੰਦਰ ਕਿੰਨਾ ਭਾਂਬੜ ਮਚਿਆ ਹੋਇਆ ਹੈ। ਕੋਈ ਹੀ ਸਮਝ ਸਕਦਾ ਹੈ ਇਸ ਗੱਲ ਨੂੰ ਕਿ ਈਰਖਾ ਕਿੱਥੇ ਤੱਕ ਪਹੁੰਚਦੀ ਹੈ, ਇਸ ਦੀਆਂ ਜੜ੍ਹਾਂ ਕਿੰਨੀਆਂ ਮਜ਼ਬੂਤ ਨੇ। ਦੂਸਰਾ ਗੁਰੂ ਦੇ ਕੋਲ ਰਹਿ ਕੇ, ਬਾਣੀ ਪੜ੍ਹ ਕੇ ਸਿੱਖ ਦੇ ਮੁੱਖ ਤੋਂ ਫਿਕੇ ਬਚਨ ਕਦੇ ਨਹੀ ਨਿਕਲਦੇ, ਹਮੇਸ਼ਾ ਬੀਰ-ਭਾਈ ਕਹਿ ਕੇ ਗੱਲ ਕਰਨਗੇ, ਔਖੀ ਤੋਂ ਔਖੀ ਗੱਲ ਵੀ ਹੱਸ ਕੇ ਕਹਿਣਗੇ ਤਾਂ ਕਿ ਮਹਿਸੂਸ ਨਾ ਹੋਵੇ, ਕੈਪਸੂਲ ਦੇ ਨਾਲ ਕੌੜੀ ਦਵਾਈ ਦੇਣਗੇ ਪਰ ਫਿੱਕਾ ਨਹੀਂ ਬੋਲਦੇ। ਐਨਾ ਫਿਕਾ ਬੋਲੀ ਮਾਤਾ ਕਰਮ ਕੌਰ ਕਿ ਮਾਤਾ ਜੀ ਸਹਿ ਨਾ ਸਕੇ। ਜਦੋਂ ਇਹੋ-ਜਿਹੀਆਂ ਗੱਲਾਂ ਕਹੀਆਂ ਕਿ ਇਹ ਔਂਤਰੀ ਹੈ, ਇਸ ਦੇ ਖੁਰ ਧੋਤੇ ਹੋਏ ਨੇ, ਤੇਰੇ ਕਿਥੇ ਔਲਾਦ ਹੋਣੀ ਹੈ, ਤੂੰ ਕਿਥੇ ਭਾਲਦੀ ਹੈ? ਚਾਰ ਦਿਨ ਦਾ ਚਮਤਕਾਰਾ ਹੈ ਕੱਟ ਲੈ, ਇਹ ਤਾਂ ਸਭ ਕੁਝ ਸਾਡੇ ਕੋਲ ਹੀ ਆ ਜਾਣਾ ਹੈ, ਜਿਹੜਾ ਕੁਝ ਤੇਰੇ ਕੋਲ ਹੈ। ਮਾਤਾ ਜੀ ਨੇ ਇਹ ਈਰਖਾ ਭਰੇ ਵਾਕ ਸੁਣ ਕੇ ਇਕ ਅੱਖਰ ਵੀ ਉੱਤਰ ਵਿਚ ਨਹੀਂ ਬੋਲਿਆ, ਚੁੱਪ ਕਰਕੇ ਸੁਣਦੇ ਰਹੇ ਪਰ ਇਹ ਵਾਕ ਅੰਦਰ ਘਾਵ ਕਰ ਗਏ ਕਿਉਂਕਿ ਬੋਲ ਦੇ ਅੰਦਰ ਬੜੀ ਸ਼ਕਤੀ ਹੈ ਸਾਧ-ਸੰਗਤ ਜੀ।

ਇਕ ਵਾਰੀ ਇਕ ਬ੍ਰਾਹਮਣ ਦੀ ਸ਼ੇਰ ਦੇ ਨਾਲ ਦੋਸਤੀ ਹੋ ਗਈ। ਸ਼ੇਰ ਰੋਜ਼ ਮਿਲਣ ਆਉਂਦਾ ਸੀ ਤੇ ਕਦੇ-ਕਦੇ ਬ੍ਰਾਹਮਣ ਉਸ ਨੂੰ ਮਿਲਣ ਜੰਗਲ ਜਾਇਆ ਕਰਦਾ ਸੀ। ਇਕ ਦਿਨ ਇਹ ਜੰਗਲ ਨਹੀਂ ਗਿਆ, ਘਰ ਹੀ ਸੀ ਤੇ ਸ਼ੇਰ ਆਇਆ ਤੇ ਘਰਵਾਲੀ ਆਪਣੇ ਬ੍ਰਾਹਮਣ ਪਤੀ ਨੂੰ ਕੋਸ ਰਹੀ ਸੀ

ਕਿ ਤੂੰ ਦੋਸਤੀ ਕਿਸਦੇ ਨਾਲ ਪਾਈ ਹੈ, ਸ਼ੇਰ ਨਾਲ! ਬਦਬੂ ਆਉਂਦੀ ਹੈ ਉਸਦੇ ਮੂੰਹ 'ਚੋਂ, ਜਾਨਵਰ ਖਾਂਦਾ ਹੈ, ਉਸ ਦਾ ਕੀ ਭਰੋਸਾ ਹੈ ਕਿ ਤੈਨੂੰ ਕਦ ਖਾ ਜਾਵੇ। ਇਹੋ ਜਿਹੇ ਫਿੱਕੇ ਬੋਲ ਬੋਲੇ ਤੇ ਸ਼ੇਰ ਨੇ ਸੁਣ ਲਏ। ਸ਼ੇਰ ਅੰਦਰ ਆ ਗਿਆ ਪਰ ਉਸ ਦੇ ਚਿਹਰੇ ਤੇ ਉਹ ਖੁਸ਼ੀ ਨਹੀਂ ਜਿਹੜੀ ਹੋਣੀ ਚਾਹੀਦੀ ਸੀ। ਬ੍ਰਾਹਮਣ ਨੂੰ ਕਹਿਣ ਲੱਗਾ, "ਅੱਜ ਮੇਰੇ ਮਨ ਵਿਚ ਬੜੀ ਨਰਾਜ਼ਗੀ ਹੈ, ਤੂੰ ਇਕ ਕੰਮ ਕਰ; ਜੇ ਨਾ ਕਰਿਆ ਤਾਂ ਮੈਂ ਆਪਣੇ ਸੁਭਾਅ ਤੇ ਆ ਜਾਵਾਂਗਾ।"

ਬ੍ਰਾਹਮਣ ਨੇ ਕਿਹਾ, "ਦੱਸ ਕੀ ਗੱਲ ਹੈ?"

ਸ਼ੇਰ ਕਹਿੰਦਾ, "ਮਿੱਤਰ! ਇਕ ਕੁਹਾੜਾ ਲਿਆ ਜਲਦੀ।" ਕੁਹਾੜਾ ਲੈ ਆਂਦਾ।

ਕਹਿੰਦਾ, "ਹੁਣ ਮੇਰੇ ਸਿਰ ਵਿਚ ਮਾਰ ਜ਼ੋਰ ਨਾਲ, ਜੇ ਹੌਲੀ ਮਾਰਿਆ ਤਾਂ ਮੈਂ ਤੈਨੂੰ ਖਾ ਜਾਵਾਂਗਾ।"

ਪੂਰੇ ਜ਼ੋਰ ਨਾਲ ਬ੍ਰਾਹਮਣ ਨੇ ਸ਼ੇਰ ਦੇ ਸਿਰ ਤੇ ਕੁਹਾੜਾ ਮਾਰਿਆ, ਖੂਨ ਨਿਕਲਣ ਲੱਗ ਗਿਆ। ਦੋ-ਤਿੰਨ ਉਂਗਲ ਖੁਭ ਗਿਆ ਸਿਰ ਵਿਚ। ਸਿਰ ਨੂੰ ਹਿਲਾਉਂਦਾ ਹੋਇਆ ਚਲਿਆ ਗਿਆ, ਖੂਨ ਚਲਦਾ ਹੈ। ਉਸ ਤੋਂ ਦੋ-ਤਿੰਨ ਮਹੀਨੇ ਬਾਅਦ ਫੇਰ ਆਇਆ, ਉਸ ਵੇਲੇ ਜਖਮ ਰਾਜ਼ੀ ਸੀ ਤੇ ਵਾਲ ਆ ਚੁੱਕੇ ਸਨ, ਫੇਰ ਪੰਡਤ ਨੂੰ ਮਿਲਿਆ।

ਕਹਿਣ ਲੱਗਿਆ, "ਪੰਡਤ ਜੀ! ਇਹ ਦੱਸੋ, ਮੇਰਾ ਜਿਹੜਾ ਜ਼ਖਮ ਸੀ ਉਹ ਰਾਜ਼ੀ ਹੋ ਗਿਆ ਜਾਂ ਨਹੀਂ?"

ਪੰਡਤ ਕਹਿੰਦਾ, "ਤੇਰਾ ਜ਼ਖਮ ਵੀ ਰਾਜ਼ੀ ਹੋ ਗਿਆ ਤੇ ਉਤੇ ਵਾਲ ਵੀ ਆ ਗਏ।"

ਸ਼ੇਰ ਕਹਿੰਦਾ, "ਉਹ ਤਾਂ ਹੋ ਗਿਆ ਰਾਜ਼ੀ, ਪਰ ਜਿਹੜੀ ਤੇਰੀ ਘਰਵਾਲੀ ਨੇ ਬੋਲੀ ਮਾਰੀ ਸੀ - ਫਿੱਕਾ ਬੋਲ ਕੇ, ਉਹ ਮੇਰੇ ਅੰਦਰ ਪਹਿਲਾਂ ਤੋਂ ਵੀ ਗਹਿਰੀ ਹੋ ਗਈ ਹੈ, ਕੋਈ ਤਰੀਕਾ ਨਹੀਂ ਹੈ ਉਸ ਦੇ ਠੀਕ ਹੋਣ ਦਾ।"

ਸੋ ਮਹਾਰਾਜ ਜੀ ਸਾਨੂੰ ਸਮਝਾਉਂਦੇ ਨੇ ਕਿ ਗੁਰਸਿਖੋ! ਫਿੱਕਾ ਨਾ ਬੋਲਿਓ। ਫਿੱਕਾ ਸਾਈਂ ਦੇ ਪਿਆਰੇ ਨਹੀਂ ਬੋਲਦੇ। ਸਾਈਂ ਦੇ ਪਿਆਰੇ ਹਮੇਸ਼ਾ ਮਿੱਠਾ ਬੋਲਦੇ ਨੇ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਿੱਠਾ ਬੋਲਦੇ ਪਿਆਰੇ ਸੱਚੇ ਸਾਈਂ ਦੇ,***
***ਮੂਰਖ ਫਿੱਕੇ ਬੋਲ ਬੋਲਦੇ -2, 2.***
***ਪਿਆਰਿਓ, ਮੂਰਖ ਫਿਕੇ ਬੋਲ ਬੋਲਦੇ -2, 2.***
***ਮਿੱਠਾ ਬੋਲਦੇ ਪਿਆਰੇ ਸੱਚੇ ਸਾਈਂ ਦੇ,..-2***

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਹੜੇ ਬੰਦੇ ਨਿਗੁਰੇ

ਹੁੰਦੇ ਨੇ, ਗੁਰੂ-ਪੀਰ ਤੋਂ ਬਾਹਰੇ ਹੁੰਦੇ ਨੇ ਉਹ ਫਿੱਕਾ ਬੋਲ ਬੋਲਦੇ ਨੇ; ਜਿਹੜੇ ਗੁਰੂ ਵਾਲੇ ਹੁੰਦੇ ਨੇ ਉਹ ਨਹੀਂ ਫਿਕਾ ਬੋਲਦੇ ਕਿਉਂਕਿ ਗੁਰੂ ਜੀ ਇਹ ਕਹਿੰਦੇ ਹਨ-

*ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਪੰਨਾ - 473*

ਉਸ ਦੀ ਮਸ਼ਹੂਰੀ ਫਿਕਿਆਂ ਵਿਚ ਹੋ ਜਾਏਗੀ ਕਿ ਬੜਾ ਫਿਕਾ ਹੈ ਫਲਾਣਾ ਬੰਦਾ, ਬੜਾ ਉਖੜ ਕੇ ਬੋਲਦਾ ਹੈ। ਉਸ ਦੇ ਚੰਗੇ ਗੁਣ ਸਾਰੇ ਲੁਕ ਜਾਣਗੇ।

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਪੰਨਾ - 473*

ਕਹਿੰਦੇ ਇਥੇ ਹੀ ਬੱਸ ਨਹੀਂ, ਫਿਕੇ ਨੂੰ ਦਰਗਾਹ ਵਿਚੋਂ ਧੱਕਾ ਮਿਲਦਾ ਹੈ। ਫਿਕੇ ਨੂੰ ਮੂਰਖ ਆਖਦੇ ਨੇ -

*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ ਪੰਨਾ - 473*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ -

*ਜਿਤੁ ਬੋਲੀਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥*
*ਪੰਨਾ - 15*

ਬੋਲਣ ਤੋਂ ਪਹਿਲਾਂ ਸੋਚੋ ਕਿ ਮੈਂ ਕਿਹੜੀ ਗੱਲ ਕਹਿੰਦਾ ਹਾਂ, ਉਹ ਬੋਲੋ ਜਿਹੜਾ ਪਰਵਾਣ ਹੋ ਜਾਵੇ।

*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥*
*ਪੰਨਾ - 15*

ਗੁਰਸਿਖ ਨਹੀਂ ਫਿਕਾ ਬੋਲਦੇ, ਉਨ੍ਹਾਂ ਦੀ ਨਿਸ਼ਾਨੀ ਇਹ ਹੁੰਦੀ ਹੈ -

*ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਕੈ ਭਲਾ ਮਨਾਇਆ॥*

*ਭਾਈ ਗੁਰਦਾਸ ਜੀ ਦੀ ਵਾਰ 11/4*

ਸੋ ਆਪ ਫੁਰਮਾਨ ਕਰਦੇ ਨੇ ਕਿ -

*ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ।*
*ਭਾਈ ਗੁਰਦਾਸ ਜੀ ਦੀ, ਵਾਰ 36/8*

ਕਾਂ ਤੇ ਕੋਇਲ ਨੂੰ ਰਲਾਓ, ਉਸ ਨੇ ਫਿਕਾ ਬੋਲਣਾ ਹੈ ਕਾਂ-ਕਾਂ, ਕੋਇਲ ਦੀ ਬੋਲੀ ਮਿੱਠੀ ਹੁੰਦੀ ਹੈ।

*ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਨਿ ਫਿਕੈ।*

***ਭਾਈ ਗੁਰਦਾਸ ਜੀ ਦੀ, ਵਾਰ 36/8***

ਨਿੰਦਿਆ ਕਰਨ ਵਾਲੇ ਫਿਕੇ ਬੋਲ ਬੋਲਦੇ ਨੇ –

***ਬਗੁਲੇ ਹੰਸੁ ਬਰਾਬਰੀ, ਕਿਉ ਮਿਕਨਿ ਮਿਕੈ।***

***ਭਾਈ ਗੁਰਦਾਸ ਜੀ ਦੀ , ਵਾਰ 36/8***

ਹੁਣ ਹੰਸ ਤੇ ਬਗਲੇ ਦੀ ਬਰਾਬਰੀ ਕਿਵੇਂ ਹੋ ਜਾਏਗੀ, ਉਨ੍ਹਾਂ ਨੂੰ ਕਿਵੇਂ ਬਰਾਬਰ ਕਰ ਦਿਓਂਗੇ ?

***ਤਿਉ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।***
***ਕਿਆ ਨੀਸਾਣੀ ਮੀਣਿਆ, ਖੋਟੁਸਾਲੀ ਸਿਕੈ।***

***ਭਾਈ ਗੁਰਦਾਸ ਜੀ ਦੀ, ਵਾਰ 36/8***

ਕਹਿੰਦੇ ਸਿੱਕੇ ਬਣਦੇ ਨੇ, ਇਨ੍ਹਾਂ ਦੀ ਕੀ ਨਿਸ਼ਾਨੀ ਹੈ ਕਿ ਇਹ ਖੋਟੇ ਸਿੱਕੇ ਨੇ।

***ਸਿਰਿ ਸਿਰਿ ਪਾਹਣੀ ਮਰੀਅਨਿ ਓਇ ਪੀਰ ਫਿਟਿਕੈ।***

***ਭਾਈ ਗੁਰਦਾਸ ਜੀ ਦੀ, ਵਾਰ 36/8***

ਜੁੱਤੀਆਂ ਪੈਦੀਆਂ ਨੇ, ਗੁਰੂਆਂ-ਪੀਰਾਂ ਦੇ ਫਿੱਟੇ ਹੋਏ ਬੰਦੇ ਨੇ। ਸੋ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ ਦੇਖੀਂ ਪਿਆਰਿਆ! ਪ੍ਰਮੇਸ਼ਰ ਨਾਲ ਜੇ ਤੇਰਾ ਪਿਆਰ ਹੈ ਤਾਂ ਕਿਸੇ ਦਾ ਦਿਲ ਨਾ ਤੋੜੀਂ-ਫਿੱਕਾ ਬੋਲ ਕੇ –

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ ਪੰਨਾ – 1384***

ਵਾਹਿਗੁਰੂ ਸਾਰਿਆਂ ਦੇ ਅੰਦਰ ਹੈ, ਤੂੰ ਫਿੱਕਾ ਬੋਲਕੇ ਦਿਲ ਨਾ ਤੋੜੀਂ –

***ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥***
***ਪੰਨਾ – 1384***

ਜਿਹੜੇ ਮਿੱਠੇ ਬੋਲ ਨੇ ਉਨ੍ਹਾਂ ਦਾ ਮੁਕਾਬਲਾ ਕਰਦੇ ਦਸਦੇ ਨੇ ਕਿ ਸ਼ਹਿਦ ਮਿੱਠਾ ਹੈ ਪਰ ਜਿਹੜਾ ਮਿੱਠਾ ਬੋਲ ਹੈ ਉਹ ਸ਼ਹਿਦ ਤੋਂ ਵੀ ਜ਼ਿਆਦਾ ਮਿੱਠਾ ਹੁੰਦਾ ਹੈ। ਕੌੜਾ ਬੋਲ ਜ਼ਹਿਰ ਤੋਂ ਵੀ ਜ਼ਿਆਦਾ ਕੌੜਾ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਨੇ ਕਿ –

***ਮਧੁਰ ਬਚਨ ਸਮਸਰਿ ਨ ਪੁਜਸਿ ਮਧੁ। (ਕਬਿੱਤ ਸਵੱਈਏ 256)***

ਮਿੱਠੇ ਬੋਲਾਂ ਦੇ ਮੁਕਾਬਲੇ ਤੇ ਸ਼ਹਿਦ ਪਹੁੰਚ ਹੀ ਨਹੀਂ ਸਕਦਾ।

***ਕਰਕ ਸਬਦ ਸਰਿ ਬਿਖੁ ਨ ਬਿਖਮ ਹੈ॥ (ਕਬਿੱਤ ਸਵੱਈਏ 256)***

ਭੈੜੀ ਤੋਂ ਭੈੜੀ ਜ਼ਹਿਰ ਵੀ ਕੌੜੇ ਬੋਲ ਦੇ ਬਰਾਬਰ ਨਹੀਂ ਪਹੁੰਚ

ਸਕਦੀ।

*ਮਧੁਰ ਬਚਨ ਸੀਤਲਤਾ ਮਿਸਟਾਨਪਾਨ, (ਕਬਿੱਤ ਸਵੱਈਏ 256)*

ਨਿਰੀ ਸੀਤਲਤਾ ਹੈ, ਠੰਡ ਦੇਣ ਵਾਲੇ ਨੇ, ਜਿਹੜੇ ਮਿੱਠੇ ਬਚਨ ਨੇ -

*ਕਰਕ ਸਬਦ ਸ-ਤਪਤ ਕਟੁ ਹੈ॥ (ਕਬਿੱਤ ਸਵੱਈਏ 256)*

ਜਿਹੜੇ ਕੌੜੇ ਬਚਨ ਨੇ ਉਹ ਹਿਰਦੇ ਨੂੰ ਐਉਂ ਤਪਾ ਦਿੰਦੇ ਨੇ ਕਿ ਉਸ ਦੇ ਮੁਕਾਬਲੇ ਤੇ ਕੋਈ ਚੀਜ਼ ਨਹੀਂ ਤਪਾਉਂਦੀ।

*ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ, (ਕਬਿੱਤ ਸਵੱਈਏ 256)*

ਜਿਹੜਾ ਮਿੱਠਾ ਬੋਲ ਹੈ ਉਸ ਦੇ ਵਿਚ ਤ੍ਰਿਪਤੀ ਆਉਂਦੀ ਹੈ, ਸੰਤੋਖ ਪੈਦਾ ਹੁੰਦਾ ਹੈ ਸ਼ਾਂਤੀ ਪੈਦਾ ਹੁੰਦੀ ਹੈ।

*ਕਰਕ ਸ਼ਬਦ ਅਸੰਤੋਖ ਦੋਖ ਸ੍ਰਮ ਹੈ॥ (ਕਬਿੱਤ ਸਵੱਈਏ 256)*

ਭੈੜੇ ਬੋਲਾਂ ਵਿਚ ਅਸੰਤੋਖ ਪੈਦਾ ਹੁੰਦਾ ਹੈ, ਦੋਖ ਪੈਦਾ ਹੁੰਦੇ ਨੇ।

*ਮਧੁਰ ਬਚਨ ਲਗ ਅਗਮ ਸੁਗਮ ਹੋਇ, (ਕਬਿੱਤ ਸਵੱਈਏ 256)*

ਜੇ ਮਿੱਠਾ ਬੋਲਦਾ ਹੈ ਤਾਂ ਔਖੇ ਤੋਂ ਔਖਾ ਕੰਮ ਵੀ ਭਾਈ ਕਹਿ ਕੇ ਸੌਖਾ ਹੋ ਜਾਇਆ ਕਰਦਾ ਹੈ।

*ਕਰਕ ਸਬਦ ਲਗ ਸੁਗਮ ਅਗਮ ਹੈ॥ (ਕਬਿੱਤ ਸਵੱਈਏ 256)*

ਕੰਮ ਹੁੰਦਾ ਹੋਵੇ, ਕੌੜਾ ਬੋਲ ਦਿਓ, ਉਸ ਦਾ ਜਿਹੜਾ ਸੌਖੇ ਤੋਂ ਸੌਖਾ ਵੀ ਕੰਮ ਹੋ ਰਿਹਾ ਹੈ, ਉਹ ਵੀ ਨਹੀਂ ਹੁੰਦਾ। ਸੋ ਗੁਰਮੁਖ ਪਿਆਰੇ ਹਮੇਸ਼ਾ ਮਿੱਠਾ ਬੋਲਦੇ ਨੇ ਕਿਉਂਕਿ ਉਨ੍ਹਾਂ ਦਾ ਜੋ ਪੀਰ ਹੈ, ਗੁਰੂ ਹੈ ਉਹ ਵੀ ਮਿੱਠਾ ਬੋਲਦਾ ਹੈ -

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥*
*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥ ਪੰਨਾ - 784*

ਉਹ ਜਾਣਦਾ ਹੀ ਨਹੀਂ ਕੌੜਾ ਬੋਲਣਾ -

ਸੋ ਇਸ ਤਰ੍ਹਾਂ ਜਦੋਂ ਉਨ੍ਹਾਂ ਨੇ ਫਿਕੇ ਬੋਲ ਕਹੇ ਤਾਂ ਮਾਤਾ ਜੀ ਦੇ ਦਿਲ ਵਿਚ ਸਾਰੀਆਂ ਗੱਲਾਂ ਚੁੱਭ ਗਈਆਂ। ਉਸ ਵੇਲੇ ਬਹੁਤ ਉਦਾਸੀ ਧਾਰ

ਲਈ। ਅੱਜ ਤੋਂ ਪਹਿਲਾਂ ਕਦੀ ਉਦਾਸ ਨਹੀਂ ਸੀ ਹੋਏ; ਹਮੇਸ਼ਾ ਹਸੂੰ-ਹਸੂੰ ਕਰਦੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਿਆ ਕਰਦੇ ਸਨ। ਗੁਰੂ ਪੰਜਵੇਂ ਪਾਤਿਸ਼ਾਹ ਜਦੋਂ ਦੀਵਾਨ ਤੋਂ ਮਹਿਲਾਂ ਵਿਚ ਆਏ, (ਉਸ ਵੇਲੇ ਆਪ ਦੀ ਉਮਰ ਪੂਰੇ ਚਾਲੀ ਸਾਲਾਂ ਦੀ ਹੋ ਗਈ ਸੀ) ਤੇ ਮਾਤਾ ਜੀ ਨੂੰ ਉਦਾਸ ਦੇਖਿਆ ਤੇ ਕਹਿਣ ਲੱਗੇ ਕਿ ਕੀ ਗੱਲ ਹੋ ਗਈ, ਤੁਸੀਂ ਐਨੇ ਉਦਾਸ ਹੋਏ ਹੋ? ਐਨੀ ਗੱਲ ਕਹਿਣ ਦੀ ਦੇਰ ਸੀ, ਛਮ-ਛਮ ਅੱਖੀਆਂ 'ਚੋਂ ਹੰਝੂ ਚੱਲ ਪਏ, ਬੋਲਿਆ ਨਹੀਂ ਜਾਂਦਾ, ਹਿਚਕੀ ਲੱਗ ਗਈ, ਬੜੀ ਦੇਰ ਤੱਕ ਰੋਂਦੇ ਰਹੇ। ਮਹਾਰਾਜ ਜੀ ਨੇ ਸੋਚਿਆ, ਕੋਈ ਬਹੁਤ ਵੱਡੀ ਸੱਟ ਲੱਗੀ ਹੈ ਇਨ੍ਹਾਂ ਦੇ ਹਿਰਦੇ ਤੇ। ਆਪ ਨੇ ਕਿਹਾ ਕਿ ਦੱਸੋ ਤਾਂ ਸਹੀ, ਕੀ ਹੋਇਆ ਹੈ? ਜਦੋਂ ਸਾਰੀਆਂ ਗੱਲਾਂ ਦੱਸੀਆਂ ਕਿ ਇਕ ਦਿਨ ਪਹਿਲਾਂ ਵੀ ਇਨ੍ਹਾਂ ਨੇ ਮੈਨੂੰ ਆਹ ਗੱਲਾਂ ਕਹੀਆਂ, ਕੁੱਤਿਆਂ-ਬਿੱਲਿਆਂ ਦੇ ਵਿਚੀਂ ਮੈਨੂੰ ਤਾਹਨੇ ਮਾਰੀ ਜਾਂਦੇ ਨੇ ਹਰ ਵਕਤ। ਕਦੇ ਵੀ ਮਿੱਠਾ ਬਚਨ ਵੱਡੇ ਭੈਣ ਜੀ ਮੇਰੇ ਨਾਲ ਨਹੀਂ ਬੋਲੇ, ਹਰ ਵਕਤ ਨਫਰਤ ਦੇ ਨਾਲ ਦੇਖਦੇ ਨੇ, ਉਹ ਮੈਂ ਸਭ ਸਹਿੰਦੀ ਗਈ ਪਰ ਪਰਸੋਂ ਜਿਹੜੇ ਬਚਨ ਬੋਲੇ, ਉਹ ਮੈਂ ਆਪ ਨੂੰ ਦੱਸੇ ਨਹੀਂ ਤੇ ਅੱਜ ਉਨ੍ਹਾਂ ਨਾਲ ਤੁਹਾਡੇ ਵੱਡੇ ਭਰਾਤਾ ਵੀ ਰਲ ਗਏ ਤੇ ਇਹੋ-ਜਿਹੀਆਂ ਗੱਲਾਂ ਕਹੀਆਂ ਨੇ ਕਿ ਮੈਂ ਤੁਹਾਨੂੰ ਦੱਸ ਨਹੀਂ ਸਕਦੀ। ਅਖੀਰ ਇਕ-ਇਕ ਕਰਕੇ ਸਭ ਗੱਲਾਂ ਮਹਾਰਾਜ ਜੀ ਨੂੰ ਦੱਸੀਆਂ, ਮਹਾਰਾਜ ਜੀ ਬੜੇ ਧੀਰਜ ਦੇ ਨਾਲ ਸੁਣਦੇ ਰਹੇ।

ਸਭ ਸੁਣਨ ਤੋਂ ਬਾਅਦ ਕਹਿਣ ਲੱਗੇ ਕਿ ਆਪਾਂ ਨੇ ਗੁੱਸਾ ਨਹੀਂ ਕਰਨਾ। ਗੁਰੂ ਨਾਨਕ ਪਾਤਿਸ਼ਾਹ ਦਾ ਤੁਹਾਨੂੰ ਫੁਰਮਾਨ ਨਹੀਂ ਯਾਦ ਰਿਹਾ, ਉਹ ਇਹ ਕਹਿੰਦੇ ਨੇ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ - 728***

ਅਸੀਂ ਜਦੋਂ ਚੰਗੇ ਨਹੀਂ ਹਾਂ ਤਾਂ ਫੇਰ ਕੋਈ ਕੁਝ ਕਹੀ ਜਾਏ। ਗੁਰੂ ਗ੍ਰੰਥ ਸਾਹਿਬ ਅੰਦਰ ਫੁਰਮਾਨ ਆਉਂਦਾ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ - 1364***

ਉਹ ਮਿੱਤਰ ਹੈ ਸਾਡਾ ਜਿਹੜਾ ਆਪਣੇ-ਆਪ ਨੂੰ ਬੁਰਿਆਂ ਦੀ ਕਤਾਰ (ਪੰਗਤੀ) ਵਿਚ ਖੜ੍ਹਾ ਕਰ ਲੈਂਦਾ ਹੈ ਕਿ ਮੇਰੇ ਨਾਲੋਂ ਸਭ ਚੰਗੇ ਨੇ। ਅਸੀਂ ਮੂੰਹ ਨਾਲ ਤਾਂ ਕਹਿ ਦਿੰਦੇ ਹਾਂ-

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥***
***ਭਾਈ ਗੁਰਦਾਸ ਜੀ, ਵਾਰ 36/21***

ਗਾ ਵੀ ਲੈਂਦੇ ਹਾਂ ਪਰ ਜੇ ਕੋਈ ਜ਼ਰਾ-ਕੁ ਕਹਿ ਦੇਵੇ ਕਿ ਇਹ ਤਾਂ

ਬੇਮੁਖ ਹੈ, ਮੰਦਾ ਹੈ ਤਾਂ ਸਿਰ ਪਾੜਨ ਤੱਕ ਜਾਵਾਂਗੇ ਕਿਉਂਕਿ ਬਾਣੀ ਪੜ੍ਹਦੇ ਹੀ ਹਾਂ, ਹਿਰਦੇ ਵਿਚ ਧਾਰਨ ਨਹੀਂ ਕਰਦੇ। ਜੇ ਹਿਰਦੇ ਵਿਚ ਧਾਰਨ ਕਰੀਏ ਤਾਂ ਇਹ ਗੱਲਾਂ ਆਉਣ ਹੀ ਨਾ। ਉਹ ਕਹਿੰਦਾ ਮੈਂ ਤਾਂ ਆਪਣੇ-ਆਪ ਨੂੰ ਆਪੇ ਹੀ ਮੰਦਾ ਕਹਿੰਦਾ ਹਾਂ; ਮੈਂ ਕਦੋਂ ਕਿਹਾ ਕਿ ਮੈਂ ਚੰਗਾ ਹਾਂ, ਮੈਂ ਸੰਤ ਹਾਂ। ਇਹ ਤਾਂ ਲੋਕ ਪਤਾ ਨਹੀਂ ਕਿਉਂ ਭੁਲੇਖੇ ਨਾਲ ਕਹੀਂ ਜਾਂਦੇ ਨੇ, ਮੈਂ ਤਾਂ ਆਪਣੇ-ਆਪ ਨੂੰ ਜਾਣਦਾ ਹਾਂ, ਲੋਕਾਂ ਨੂੰ ਇਹ ਭੁਲੇਖਾ ਹੈ। ਹੁਣ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਕਿ ਮੈਂ ਕਿਹੋ-ਜਿਹਾ ਹਾਂ। ਉਹ ਅਸਲੀਅਤ ਕਹਿੰਦੇ ਨੇ ਫੇਰ ਮੈਨੂੰ ਗੁੱਸਾ ਕਾਹਦਾ? ਮੈਂ ਤਾਂ ਹਾਂ ਹੀ ਇਹੋ-ਜਿਹਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਦਿਲਾਸਾ ਦਿੱਤਾ ਕਿ ਨਾ! ਤੁਸੀਂ ਇਹ ਨਾ ਕਹੋ। ਉਹ ਬਹੁਤ ਚੰਗੇ ਨੇ, ਵੱਡੇ ਭਰਾ ਨੇ, ਉਹ ਤੁਹਾਡੀ ਵੱਡੀ ਭੈਣ ਹੈ, ਜਠਾਣੀ ਹੈ ਤੁਹਾਡੀ। ਸਭ ਤੋਂ ਵੱਡਾ ਸੂਰਮਾ ਉਹ ਹੋਇਆ ਕਰਦਾ ਹੈ ਜਿਹੜਾ ਸ਼ਬਦ ਦੀ ਚੋਟ ਸਹਿ ਲਵੇ। ਬਰਛੇ ਦੀ ਚੋਟ ਸਹਿ ਲੈਣੀ ਕੋਈ ਔਖੀ ਨਹੀਂ ਹੈ, ਬਹਾਦਰ ਉਹ ਹੈ ਜਿਹੜਾ ਬਚਨ ਦੀ ਚੋਟ ਸਹਿ ਸਕੇ ਤੇ ਇਥੋਂ ਤੱਕ ਫੁਰਮਾਨ ਆਉਂਦਾ ਹੈ ਕਿ ਜਿਹੜਾ ਚੋਟ ਸਹਿ ਲਵੇ ਉਹ ਮੇਰਾ ਗੁਰੂ ਬਣ ਜਾਵੇ ਤੇ ਮੈਂ ਉਸ ਦਾ ਦਾਸ ਬਣ ਜਾਵਾਂ ਕਿਉਂਕਿ ਉਹ ਬਹੁਤ ਵੱਡਾ ਪੁਰਸ਼ ਹੈ। ਕਹਿਣ ਲੱਗੇ ਕਿ ਵੱਡੇ ਤਾਂ ਗੱਲਾਂ ਕਹਿੰਦੇ ਹੀ ਹੁੰਦੇ ਨੇ, ਸਹਿਣ ਦੀ ਆਦਤ ਪਾਉਣੀ ਚਾਹੀਦੀ ਹੈ ਤੇ ਆਪਣੇ-ਆਪ ਨੂੰ ਸਭ ਤੋਂ ਨੀਵਾਂ ਸਮਝਣਾ ਚਾਹੀਦਾ ਹੈ। ਮਹਾਰਾਜ ਜੀ ਕਹਿੰਦੇ, ਨਾ! ਉਹ ਤਾਂ ਬੜੇ ਚੰਗੇ ਨੇ।

ਸਾਧਸੰਗਤ ਜੀ! ਬੇਅੰਤ ਮਹਾਤਮਾ ਨੇ ਜਿਨ੍ਹਾਂ ਨਾਲ ਦੂਸਰਿਆਂ ਨੇ ਵਰਤਾਓ ਮਾੜਾ ਕੀਤਾ ਪਰ ਉਨ੍ਹਾਂ ਨੇ ਬੁਰਾ ਕਦੇ ਨਹੀਂ ਕਿਹਾ। ਭਲਾ ਹੀ ਮੰਗਦੇ ਨੇ। ਅਰਦਾਸ ਜਦੋਂ ਕਰਦੇ ਨੇ ਸਾਧੂ-ਮਹਾਤਮਾ ਤਾਂ ਸੁਚੇਤ ਹੋ ਕੇ ਕਰਦੇ ਨੇ, ਦੁਨੀਆਂ ਵਾਲੇ ਰਸਮ ਕਰਦੇ ਨੇ। ਜੇ ਸੰਤ ਦੇ ਮੂੰਹੋਂ ਇਹ ਨਿਕਲਦਾ ਹੈ-

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਉਹ ਸੱਚਮੁੱਚ ਹੀ ਕਹਿ ਰਿਹਾ ਹੁੰਦਾ ਹੈ ਕਿ ਸਰਬਤ ਦਾ ਭਲਾ ਹੋਵੇ। ਜਦੋਂ ਸਰਬੱਤ ਦਾ ਭਲਾ ਮੰਗਦਾ ਹੈ ਉਸ ਵੇਲੇ ਉਸ ਦੀ ਨਿਗ੍ਹਾ ਵਿਚ ਕੋਈ ਮਾੜਾ ਨਹੀਂ ਹੁੰਦਾ, ਸਾਰੇ ਚੰਗੇ ਹੀ ਹੁੰਦੇ ਨੇ। ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਜਿਨ ਸਗਲੋ ਬ੍ਰਹਮ ਪਛਾਤਾ ਜੀ,***
***ਤਿਸ ਦੇ ਭਾਣੇ ਕੋਇ ਨ ਭੂਲਾ -2, 2.***
***ਤਿਸ ਦੇ ਭਾਣੇ ਕੋਇ ਨ ਭੂਲਾ -2, 2.***
***ਜਿਨ ਸਗਲੋ ਬ੍ਰਹਮ ਪਛਾਤਾ ਜੀ........-2.***

ਮਹਾਰਾਜ ਜੀ ਕਹਿੰਦੇ ਜਿਹੋ-ਜਿਹੀ ਦ੍ਰਿਸ਼ਟੀ ਅੰਦਰ ਹੁੰਦੀ ਹੈ, ਉਹੋ-ਜਿਹੀ ਬਾਹਰ ਆ ਜਾਇਆ ਕਰਦੀ ਹੈ।

***ਸੁਖੀਏ ਕਉ ਪੇਖੈ ਸਭ ਸੁਖੀਆ.................॥***
***ਪੰਨਾ - 610***

ਜਿਹੜਾ ਰਾਜ਼ੀ-ਬਾਜ਼ੀ ਤੰਦਰੁਸਤ ਬੰਦਾ ਹੈ ਉਹ ਸਾਰਿਆਂ ਨੂੰ ਤੰਦਰੁਸਤ ਹੀ ਸਮਝਦਾ ਹੈ।

***ਰੋਗੀ ਕੈ ਭਾਣੈ ਸਭ ਰੋਗੀ॥ ਪੰਨਾ - 610***

ਰੋਗੀ ਕਹਿੰਦਾ ਹੈ ਕਿ ਸਾਰੇ ਹੀ ਰੋਗੀ ਨੇ।

***ਕਰਨ ਕਰਾਵਨਹਾਰ ਸੁਆਮੀ॥ ਆਪਨ ਹਾਥਿ ਸੰਜੋਗੀ॥***
***ਪੰਨਾ - 610***

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥ ਪੰਨਾ - 610***

ਜਿਸ ਨੇ ਪੰਜੇ ਭਰਮ ਗਵਾ ਦਿੱਤੇ ਤੇ ਪ੍ਰਮੇਸ਼ਰ ਦੀ ਜਿਸ ਨੂੰ ਪਛਾਣ ਹੋ ਗਈ -

***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਪੰਨਾ - 610***

***ਸੰਤ ਸੰਗਿ ਜਾ ਕਾ ਮਨੁ ਸੀਤਲੁ***
***ਓਹੁ ਜਾਣੈ ਸਗਲੀ ਠਾਂਢੀ॥ ਪੰਨਾ - 610***

ਸੰਤਾਂ ਦੀ ਸੰਗਤ ਕਰਕੇ ਜਿਸ ਦਾ ਮਨ ਸ਼ਾਂਤ ਹੋ ਗਿਆ, ਉਹ ਕਹਿੰਦਾ ਸੰਸਾਰ ਵਿਚ ਦੁਖ ਹੀ ਨਹੀਂ। ਸਭ ਠੰਢ ਹੀ ਠੰਢ ਵਰਤਦੀ ਹੈ।

***ਹਉਮੈ ਰੋਗਿ ਜਾ ਕਾ ਮਨੁ ਬਿਆਪਿਤ***
***ਓਹੁ ਜਨਮਿ ਮਰੈ ਬਿਲਲਾਤੀ॥***
***ਪੰਨਾ - 610***

ਜਿਸ ਨੂੰ ਹਉਮੈ ਦਾ ਰੋਗ ਲੱਗ ਗਿਆ ਉਹ ਬਿਰਲਾਪ ਕਰਦਾ ਹੈ, ਦੁਨੀਆਂ ਨੂੰ ਦੁਖੀ ਸਮਝਦਾ ਹੈ।

***ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ***
***ਤਾ ਕਉ ਸਰਬ ਪ੍ਰਗਾਸਾ॥ ਪੰਨਾ - 610***

ਜਿਸ ਦੇ ਨੇਤਰਾਂ ਦੇ ਅੰਦਰ ਗਿਆਨ ਦਾ ਸੁਰਮਾ ਪੈ ਗਿਆ ਉਸ ਨੂੰ ਪ੍ਰਕਾਸ਼ ਹੋ ਗਿਆ।

***ਅਗਿਆਨਿ ਅੰਧੇਰੈ ਸੂਝਸਿ ਨਾਹੀ***
***ਬਹੁੜਿ ਬਹੁੜਿ ਭਰਮਾਤਾ॥*** ***ਪੰਨਾ - 610***

ਅਗਿਆਨ ਦਾ ਹਨ੍ਹੇਰਾ ਜਿਸ ਦੇ ਮਨ ਵਿਚ ਹੈ, ਉਹ ਬਾਰ-ਬਾਰ ਭਰਮਦਾ ਫਿਰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਕਿ ਨਾ! ਦੋਸ਼ ਨਾ ਕੱਢੋ, ਉਹ ਤਾਂ ਬੜੇ ਚੰਗੇ ਨੇ, ਵੱਡੇ ਭਰਾ ਨੇ। ਸਾਡਾ ਫਰਜ਼ ਬਣਦਾ ਹੈ ਉਨ੍ਹਾਂ ਦੀ ਸੇਵਾ ਕਰਨੀ। ਜਿਹੜੇ ਬਚਨ ਉਹ ਕਹਿੰਦੇ ਨੇ, ਸਾਡੇ ਭਲੇ ਵਾਸਤੇ ਹੀ ਕਹਿੰਦੇ ਹੋਣਗੇ, ਐਨੀ ਚਿੰਤਾ ਵਿਚ ਕਿਉਂ ਪਏ ਹੋ?

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜਿਹੋ-ਜਿਹਾ ਬੰਦਾ ਆਪ ਹੁੰਦਾ ਹੈ, ਦੂਸਰੇ ਨੂੰ ਵੀ ਉਹੋ ਜਿਹਾ ਹੀ ਸਮਝਦਾ ਹੈ-

***ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।***

***ਭਾਈ ਗੁਰਦਾਸ ਜੀ ਦੀ ਵਾਰ 31/ 4***

ਜੇ ਆਪ ਭਲਾ ਹੈ ਤਾਂ ਉਸ ਦੇ ਵਾਸਤੇ ਜਗ ਭਲਾ ਹੈ ਤੇ ਜਿਹੜਾ ਭਲਾ ਬੰਦਾ ਹੈ ਉਹ ਸਭ ਨੂੰ ਭਲਾ ਕਰਕੇ ਹੀ ਦੇਖਦਾ ਹੈ।

***ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥***

***ਭਾਈ ਗੁਰਦਾਸ ਜੀ ਦੀ ਵਾਰ 31/4***

ਬੁਰਾ ਕਹੇਗਾ, ਇਥੇ ਤਾਂ ਬਦਮਾਸ਼ ਬੰਦੇ ਰਹਿੰਦੇ ਨੇ, ਇਥੇ ਤਾਂ ਸਭ ਚੋਰ-ਚਕਾਰ ਨੇ, ਇਥੇ ਕੋਈ ਚੰਗਾ ਹੈ ਹੀ ਨਹੀਂ। ਉਸ ਦਾ ਫਤਵਾ ਹੀ ਹੁੰਦਾ ਹੈ ਕਿ ਇਹ ਤਾਂ ਸਾਰਾ ਹੀ ਠੱਗਾਂ ਦਾ ਦੇਸ਼ ਹੈ, ਇਥੇ ਕੋਈ ਨਹੀਂ ਚੰਗਾ ਕਿਉਂਕਿ ਆਪਣੀ ਐਨਕ ਵਿਚ ਬੁਰਿਆਈ ਦਾ ਰੰਗ ਦਿੱਤਾ ਹੋਇਆ ਹੈ ਤੇ ਮਿਸਾਲ ਦਿੰਦੇ ਨੇ ਕਿ-

***ਕਿਸਨੁ ਸਹਾਈ ਪਾਂਡਵਾ ਭਾਇ ਭਗਤ ਕਰਤੂਤਿ ਵਿਸੇਖੈ।***

***ਭਾਈ ਗੁਰਦਾਸ ਜੀ ਦੀ ਵਾਰ 31/4***

ਕ੍ਰਿਸ਼ਨ ਮਹਾਰਾਜ ਪਾਂਡਵਾਂ ਦੇ ਸਹਾਇਕ ਹੋਏ ਕਿਉਂਕਿ ਉਨ੍ਹਾਂ ਨੇ ਪਿਆਰ ਦੀ ਕਰਤੂਤ ਨੂੰ ਦੇਖਿਆ।

***ਵੈਰੁ ਭਾਉ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।***

***ਭਾਈ ਗੁਰਦਾਸ ਜੀ ਦੀ ਵਾਰ 31/4***

ਕੌਰਵ ਗਣਤੀ ਗਿਣਦੇ ਨੇ ਤੇ ਅੰਦਰ ਕਾਲਖ ਨਾਲ ਭਰਿਆ ਹੋਇਆ

ਹੈ। ਮਨ ਵਿਚ ਵੈਰ-ਭਾਵ ਰਖਦੇ ਨੇ, ਕ੍ਰਿਸ਼ਨ ਭਗਵਾਨ ਨੂੰ ਵੀ ਅੰਦਰੋਂ ਗਾਲ੍ਹਾਂ ਕੱਢਦੇ ਨੇ।

ਇਕ ਵਾਰੀ ਕ੍ਰਿਸ਼ਨ ਭਗਵਾਨ ਨੇ ਗੱਲ ਸਮਝਾਉਣ ਵਾਸਤੇ ਦੋਹਾਂ ਮੁਖੀਆਂ ਨੂੰ ਬੁਲਾਇਆ - ਯੁਧਿਸ਼ਟਰ ਤੇ ਦੁਰਯੋਧਨ ਨੂੰ। ਦੁਰਯੋਧਨ ਨੂੰ ਕਹਿਣ ਲੱਗੇ ਕਿ ਤੂੰ ਕਿਉਂ ਇਨ੍ਹਾਂ ਨੂੰ ਮਾੜਾ ਕਹਿੰਦਾ ਹੈਂ? ਇਹ ਮਾੜੇ ਨਹੀਂ ਹਨ, ਇਹ ਤੈਨੂੰ ਭਲਾ ਕਰਕੇ ਜਾਣਦੇ ਨੇ, ਤੂੰ ਇਨ੍ਹਾਂ ਨੂੰ ਮਾੜਾ ਕਹਿੰਦਾ ਹੈਂ।

ਦੁਰਯੋਧਨ ਕਹਿੰਦਾ, "ਇਹ ਹੈਂ ਹੀ ਮਾੜੇ।"

ਕ੍ਰਿਸ਼ਨ ਮਹਾਰਾਜ ਕਹਿੰਦੇ, "ਠੀਕ ਹੈ! ਆਪਣੇ ਸ਼ਹਿਰ ਵਿਚੋਂ ਮੈਨੂੰ ਕੋਈ ਇਕ ਚੰਗਾ ਬੰਦਾ ਟੋਲ੍ਹ (ਲੱਭ) ਕੇ ਲਿਆ ਦੇ। ਯੁਧਿਸ਼ਟਰ! ਤੂੰ ਵੀ ਜਾਹ ਤੇ ਇਕ ਬੁਰਾ ਬੰਦਾ ਟੋਲ੍ਹ ਕੇ ਲੈ ਆ।"

ਆਥਣ ਨੂੰ ਦੋਵੇਂ ਖਾਲੀ ਹੱਥ ਮੁੜ ਆਏ।

ਕ੍ਰਿਸ਼ਨ ਮਹਾਰਾਜ ਨੇ ਪੁਛਿਆ, "ਖਾਲੀ ਹੱਥ ਆ ਗਏ?"

ਦੁਰਯੋਧਨ ਕਹਿੰਦਾ, "ਮਹਾਰਾਜ! ਇਹ ਤਾਂ ਸਾਰਾ ਸ਼ਹਿਰ ਹੀ ਚੋਰਾਂ, ਬੇਈਮਾਨਾਂ ਤੇ ਠੱਗਾਂ ਦਾ ਹੈ, ਧੋਖੇਬਾਜ਼ ਨੇ।"

ਮਹਾਰਾਜ ਕਹਿੰਦੇ, "ਯੁਧਿਸ਼ਟਰ! ਤੂੰ ਵੀ ਖਾਲੀ ਮੁੜ ਆਇਆ, ਕਿਉਂ?" ਇਹ ਤਾਂ ਕਹਿੰਦਾ ਹੈ ਕਿ ਸਾਰਾ ਸ਼ਹਿਰ ਹੀ ਬੁਰਿਆਂ ਦਾ ਹੈ।"

ਯੁਧਿਸ਼ਟਰ ਕਹਿਣ ਲੱਗਿਆ, "ਮਹਾਰਾਜ! ਮੈਂ ਸਭ ਥਾਵਾਂ ਤੇ ਗਿਆ, ਜਿਨ੍ਹਾਂ ਨੂੰ ਲੋਕ ਕਹਿੰਦੇ ਨੇ ਕਿ ਆਹ ਥਾਂ ਬੁਰੇ ਰਹਿੰਦੇ ਨੇ, ਉਥੇ ਵੀ ਮੈਂ ਦੇਖਿਆ ਕਿ ਉਨ੍ਹਾਂ ਬੰਦਿਆਂ ਵਿਚ ਭਲਾਈ ਬੜੀ ਹੈ ਤੇ ਮੈਨੂੰ ਤਾਂ ਪੂਰੀ ਤਰ੍ਹਾਂ ਕੋਈ ਬੁਰਾ ਨਜ਼ਰ ਨਹੀਂ ਆਇਆ, ਸਭ ਭਲੇ ਹੀ ਲੱਗੇ ਨੇ।"

ਕ੍ਰਿਸ਼ਨ ਮਹਾਰਾਜ ਨੇ ਕਿਹਾ, "ਦੁਰਯੋਧਨ! ਇਹ ਅੰਦਰਲੀ ਦ੍ਰਿਸ਼ਟੀ ਵਿਚ ਫਰਕ ਹੋਇਆ ਕਰਦਾ ਹੈ।"

***ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥***

***ਭਾਈ ਗੁਰਦਾਸ ਜੀ ਦੀ ਵਾਰ 31/4***

ਬੁਰੇ ਨੂੰ ਸਭ ਬੁਰੇ ਹੀ ਲਗਦੇ ਨੇ।

***ਕਿਸਨੁ ਸਹਾਈ ਪਾਂਡਵਾ ਭਾਇ ਭਗਤ ਕਰਤੂਤਿ ਵਿਸੇਖੈ।***
***ਵੈਰੁ ਭਾਈ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।***
***ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।***

***ਭਾਈ ਗੁਰਦਾਸ ਜੀ ਦੀ ਵਾਰ 31/4***

ਕਹਿੰਦੇ ਦੋਵੇਂ ਭਾਲਣ ਚਲੇ ਗਏ, ਉਸ ਨੂੰ ਭਲਾ ਨਾ ਲੱਭਿਆ ਤੇ ਦੂਜੇ ਨੂੰ ਬੁਰਾ ਨਾ ਲੱਭਿਆ।

***ਬੁਰਾ ਨ ਕੋਇ ਯੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ॥***

***ਭਾਈ ਗੁਰਦਾਸ ਜੀ ਦੀ ਵਾਰ 31/4***

ਦੁਰਜੋਧਨ ਨੂੰ ਕੋਈ ਭਲਾ ਨਹੀਂ ਮਿਲਿਆ, ਬੁਰਾ ਯੁਧਿਸ਼ਟਰ ਨੂੰ ਨਹੀਂ ਦਿਸਿਆ।

***ਕਰਵੈ ਹੋਇ ਸੁ ਟੂਟੀ ਰੇਖੈ॥ਭਾਈ ਗੁਰਦਾਸ ਜੀ ਦੀ ਵਾਰ 31/4***

ਜੱਗ ਦੇ ਵਿਚ ਪਾਈ ਹੋਈ ਚੀਜ਼ ਨੂੰ ਜਦੋਂ ਟੂੱਟੀ ਰਾਹੀਂ ਬਾਹਰ ਕੱਢਦੇ ਹਾਂ ਤਾਂ ਪਤਾ ਲੱਗ ਜਾਂਦਾ ਹੈ ਕਿ ਕੀ ਪਾਇਆ ਹੋਇਆ ਹੈ। ਸੋ ਜਦੋਂ ਬੰਦੇ ਦਾ ਵਰਤਾਅ ਹੁੰਦਾ ਹੈ ਤਾਂ ਉਸੇ ਵੇਲੇ ਪਤਾ ਲੱਗ ਜਾਂਦਾ ਹੈ ਕਿ ਇਹ ਬੰਦਾ ਕਿਹੋ ਜਿਹਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜਾ ਹੀ ਸਮਝਾਉਣ ਦਾ ਯਤਨ ਕੀਤਾ ਤੇ ਮਾਤਾ ਜੀ ਕਹਿਣ ਲੱਗੇ ਕਿ ਪਾਤਿਸ਼ਾਹ! ਤੁਸੀਂ ਸਭ ਚੀਜ਼ਾਂ ਦੇ ਦਾਤੇ ਹੋ, ਕੋਈ ਐਸੀ ਚੀਜ਼ ਨਹੀਂ ਜੋ ਆਪ ਦੇ ਘਰ ਵਿਚ ਨਹੀਂ ਹੈ -

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥***
***ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥***
***ਪੰਨਾ - 917***

ਕਿਰਪਾ ਕਰ ਦਿਓ, ਕਿੰਨੀ ਦੇਰ ਹੋ ਗਈ, ਅਜੇ ਤੱਕ ਬੱਚੇ ਦਾ ਮੂੰਹ ਨਹੀਂ ਦੇਖਿਆ, ਕਿਰਪਾ ਕਰੋ, ਆਪ ਤਾਂ ਦਾਤੇ ਹੋ, ਦਇਆਲੂ ਹੋ। ਦੇਖੋ! ਕਿੰਨੀਆਂ ਸੰਗਤਾਂ ਆਉਂਦੀਆਂ ਨੇ-ਤੁਹਾਡੇ ਦਰ ਤੇ, ਜੋ ਮੰਗਦੀਆਂ ਨੇ, ਉਹ ਲੈ ਜਾਂਦੀਆਂ ਨੇ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਪੰਨਾ - 681***

ਤੁਸੀਂ ਭੰਡਾਰੇ ਖੋਲ੍ਹੇ ਹੋਏ ਨੇ। ਜਿਹੋ-ਜਿਹੀ ਭਾਵਨਾ ਕਰਕੇ ਕੋਈ ਆਉਂਦਾ ਹੈ ਉਹੋ-ਜਿਹੀ ਦਾਤ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ। ਅਣ-ਮੰਗਿਆਂ ਨੂੰ ਤੁਸੀਂ ਦਾਨ ਦੇ ਰਹੇ ਹੋ ਤੇ ਆਪਣੇ ਘਰ ਵਾਸਤੇ ਤੁਸੀਂ ਚੁੱਪ ਬੈਠੇ ਹੋ ਤੇ ਕਿਰਪਾ ਕਰੋ, ਮੇਰੀ ਝੋਲੀ ਵਿਚ ਪੁੱਤਰ ਦੀ ਦਾਤ ਪਾਓ।

ਮਹਾਰਾਜ ਜੀ ਕਹਿਣ ਲੱਗੇ ਕਿ ਵਾਹਿਗੁਰੂ ਦਾ ਜੋ ਹੁਕਮ ਹੈ ਉਸੇ ਵਿਚ ਅਸੀਂ ਰਾਜ਼ੀ ਹਾਂ। ਅਸੀਂ ਕਿਵੇਂ ਆਪਣੇ ਲਈ ਵਰਤ ਲਈਏ - ਗੁਰੂ

ਨਾਨਕ ਦੀ ਦਾਤ? ਉਹ ਸੰਗਤਾਂ ਵਾਸਤੇ ਹੈ ਘਰ ਵਾਸਤੇ ਨਹੀਂ ਹੈ। ਬਾਰ-ਬਾਰ ਬੇਨਤੀਆਂ ਕਰਦੇ ਨੇ ਤਾਂ ਅਖੀਰ ਮਹਾਰਾਜ ਜੀ ਦਇਆ ਦੇ ਘਰ ਆਏ।

ਕਹਿੰਦੇ, "ਚੰਗਾ! ਜੇ ਤੁਹਾਡੀ ਇਹ ਇੱਛਾ ਪ੍ਰਬਲ ਹੋ ਗਈ ਹੈ ਤਾਂ ਗੁਰੂ ਨਾਨਕ ਦੇ ਘਰ ਵਿਚ ਘਾਟਾ ਨਹੀਂ। ਪਰ ਤੁਸੀਂ ਵਿਚਾਰ ਕਰੋ, ਉਹ ਥਾਂ ਭਾਲੋ ਜਿਸ ਥਾਂ ਤੋਂ ਇਹ ਚੀਜ਼ ਪ੍ਰਾਪਤ ਹੁੰਦੀ ਹੈ।"

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ -2, 2.*
*ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ - 2, 2.*
*ਜੇ ਤੈਂ ਚਾਰ ਪਦਾਰਥ ਲੈਣੇ....... - 2.*

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਅਪਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਅਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥ ਪੰਨਾ - 266*

ਗੁਰੂ ਮਹਾਰਾਜ ਜੀ ਮਾਤਾ ਗੰਗਾ ਜੀ ਨੂੰ ਕਹਿਣ ਲੱਗੇ ਕਿ ਗੁਰੂ ਘਰ ਵਿਚ ਮਹਾਪੁਰਸ਼ਾਂ ਦਾ ਕੋਈ ਘਾਟਾ ਹੈ? ਬੇਅੰਤ ਮਹਾਂਪੁਰਸ਼ ਨੇ। ਸੰਗਤਾਂ ਦੀ ਸੇਵਾ ਕਰੋ, ਜੂਠੇ ਬਰਤਨ ਮਾਂਜੋ, ਲੰਗਰ ਦੀ ਸੇਵਾ ਕਰੋ, ਹੋਰ ਸੇਵਾ ਕਰੋ। ਪ੍ਰਭੂ ਤੁਠ ਜਾਣਗੇ ਤੇ ਮਹਾਂਪੁਰਸ਼ਾਂ ਦਾ ਮਨ ਪ੍ਰਸੰਨ ਹੋ ਜਾਏਗਾ, ਦਾਤ ਮਿਲ ਜਾਏਗੀ। ਅਸੀਂ ਨਹੀਂ ਦੇ ਸਕਦੇ ਆਪਣੇ ਘਰ ਲਈ।

ਮਾਤਾ ਜੀ ਕਹਿਣ ਲੱਗੇ, "ਮਹਾਰਾਜ! ਜਿਥੇ ਆਪ ਐਡਾ ਉਪਕਾਰ ਕਰਦੇ ਹੋ, ਇਹ ਜੁਗਤ ਦੱਸੀ ਹੈ, ਹੁਣ ਕਿਰਪਾ ਕਰਕੇ ਇਹ ਵੀ ਦੱਸੋ ਕਿ ਮਹਾਂਪੁਰਸ਼ ਕਿਥੇ ਰਹਿੰਦੇ ਹਨ। ਮੈਂ ਨਹੀਂ ਪਛਾਣ ਸਕਦੀ, ਆਪ ਪਛਾਣ ਕਰਾ ਦਿਓ, ਸੇਧ ਦੇ ਦਿਓ, ਮੈਂ ਉਸੇ ਤਰ੍ਹਾਂ ਅਪਣਾਅ ਲਵਾਂਗੀ।"

ਉਸ ਵੇਲੇ ਮਹਾਰਾਜ ਜੀ ਨੇ ਆਪਣੇ ਦਾਸਾਂ ਨੂੰ ਵਡਿਆਈ ਦੇਣ ਵਾਸਤੇ ਫੁਰਮਾਨ ਕੀਤਾ ਕਿ ਗੁਰੂ ਘਰ ਦੇ ਅੰਦਰ ਬੇਅੰਤ ਮਹਾਤਮਾ ਹਨ ਪਰ ਇਸ ਵੇਲੇ ਜੋ ਚੋਟੀ ਤੇ ਨੇ, ਉਹ ਬਾਬਾ ਬੁੱਢਾ ਜੀ ਨੇ ਜਿਨ੍ਹਾਂ ਨੂੰ ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਹੋਈ ਹੋਈ ਹੈ। ਪ੍ਰਮੇਸ਼ਰ ਵਿਚ ਤੇ

ਉਨ੍ਹਾਂ ਵਿਚ ਕੋਈ ਭੇਦ ਨਹੀਂ ਹੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਸੋ ਉਨ੍ਹਾਂ ਦੀ ਸੇਵਾ ਕਰੋ ਤੇ ਬਚਨ ਲਓ। ਹੁਣ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਬ੍ਰਹਮਗਿਆਨੀ ਕੀ ਹੁੰਦਾ ਹੈ ਕਿਉਂਕਿ ਜਿੰਨੀ ਦੇਰ ਤੱਕ ਵਿਚਾਰ ਨਾ ਕਰੀ ਜਾਵੇ, ਪਤਾ ਨਹੀਂ ਲਗਦਾ। ਇਹ ਥੋੜ੍ਹੀ ਜਿਹੀ ਔਖੀ ਵਿਚਾਰ ਹੈ, ਜੇ ਸਾਵਧਾਨ ਹੋ ਕੇ ਸੁਣੋਗੇ ਤਾਂ ਕਈ ਪ੍ਰੇਮੀਆਂ ਨੂੰ ਉਤਸ਼ਾਹ ਮਿਲ ਜਾਏਗਾ। ਔਖੀ ਹੈ ਥੋੜ੍ਹੀ ਜਿਹੀ ਇਹ ਗੱਲ ਸਮਝਾਉਣੀ। ਉਹ ਇਹ ਹੈ ਕਿ ਪੌੜੀਆਂ ਹੁੰਦੀਆਂ ਨੇ, ਰੂਹਾਨੀ ਪੌੜੀਆਂ। ਉਨ੍ਹਾਂ ਪੌੜੀਆਂ ਤੇ ਜਿਉਂ-ਜਿਉਂ ਅਸੀਂ ਉਪਰ ਚੜ੍ਹਦੇ ਜਾਂਦੇ ਹਾਂ, ਉਹ ਅਵਸਥਾ ਪ੍ਰਾਪਤ ਹੁੰਦੀ ਜਾਂਦੀ ਹੈ। ਐਉਂ ਸਮਝ ਲਓ ਇਕ ਤਲਾਬ ਹੈ ਉਸ ਦੀਆਂ ਪੌੜੀਆਂ ਹਨ। ਉਸ ਦੇ ਚਾਰ ਕੋਨੇ, ਤੇ ਇਕ ਪੌੜੀ ਹੈ ਤੇ ਉਸ ਦੇ ਵਿਚ ਜਲ ਹੈ। ਉਸ ਦੇ ਵਿਚ ਇਸ਼ਨਾਨ ਕਰਕੇ ਫੇਰ ਦੂਜੇ ਤਲਾਬ ਵਿਚ ਜਾਣਾ ਹੈ। ਵੇਦਾਂਤ ਅਨੁਸਾਰ ਸੱਤ ਭੂਮਿਕਾਂ ਨੂੰ ਸੱਤ ਤਲਾਬਾਂ ਨਾਲ ਤੁਲਨਾ ਦਿਤੀ ਹੈ। ਸਤਸਰਾਂ ਵਿਚ ਇਸ਼ਨਾਨ ਕਰਨਾ ਲਿਖਿਆ ਹੈ - ਉਹ 'ਸਤਿਸਰ' ਕਿਹੜੇ ਨੇ, ਇਹ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ। ਐਉਂ ਤਾਂ ਸਮਝਦੇ ਹਾਂ ਕਿ ਸੱਤ-ਸਮੁੰਦਰਾਂ ਦਾ ਇਸ਼ਨਾਨ ਕਰੇ। ਕਈ ਪ੍ਰੇਮੀ ਤੁਰ ਪੈਣਗੇ ਕਿ ਹਿੰਦ ਸਾਗਰ ਦਾ ਕਰ ਲਈਏ, ਪ੍ਰਸ਼ਾਂਤ ਸਾਗਰ ਦਾ ਕਰ ਲਈਏ, ਅਰਬ ਸਾਗਰ ਦਾ ਕਰ ਲਈਏ। ਇਸ ਤਰ੍ਹਾਂ ਸਾਰੇ ਸਾਗਰਾਂ ਦਾ ਨਾਉਂ ਲੈ ਕੇ ਕਹਿਣਗੇ ਕਿ ਇਸ਼ਨਾਨ ਕਰ ਆਈਏ। ਇਹ ਬਾਹਰਲੇ ਸਾਗਰ ਨਹੀਂ, ਮਹਾਰਾਜ ਜੀ ਅੰਦਰਲੇ ਸਾਗਰਾਂ ਨੂੰ ਕਹਿੰਦੇ ਨੇ। ਉਹ ਸਾਗਰ ਵੀ ਸਾਰੇ ਨਿਰਗੁਣ ਨੇ ਤੇ ਪਹਿਲਾ ਸਰੋਵਰ ਉਹ ਹੈ ਜਿਸ ਦੇ ਵਿਚ ਇਸ਼ਨਾਨ ਕਰਕੇ ਆਦਮੀ ਨੂੰ 'ਸਤਿਸੰਗੀ' ਕਿਹਾ ਜਾਂਦਾ ਹੈ। ਪਹਿਲਾਂ ਤਾਂ ਸਤਿਸੰਗੀ ਹੁੰਦਾ ਹੀ ਨਹੀਂ। ਫੇਰ ਉਸ ਦੇ ਵਿਚ ਪਿਆਰ ਜਾਗਦਾ ਹੈ - 'ਸਤਿਸੰਗ' ਦਾ, ਕਿ ਭਾਵੇਂ ਕੁਝ ਹੋ ਜਾਵੇ ਪਰ ਉਹ ਸਤਿਸੰਗ ਨੂੰ ਨਹੀਂ ਛੱਡਦਾ ਭਾਵੇਂ ਅੱਧੀ ਰਾਤ ਤੁਰ ਕੇ ਜਾਣਾ ਪਵੇ, ਉਹ ਨਹੀਂ ਸਤਿਸੰਗ ਨੂੰ ਛੱਡੇਗਾ, ਪ੍ਰੀਤ ਹੋ ਜਾਏਗੀ ਸਤਿਸੰਗ ਨਾਲ। ਦੂਸਰਾ ਕਿਨਾਰਾ ਉਸ ਦੇ ਵਿਚ ਸਾਧੂ ਕਿਨਾਰਾ ਹੈ-ਭਲੇ ਪੁਰਸ਼ਾਂ, ਗੁਰਸਿੱਖਾਂ ਦੀ ਸੇਵਾ ਕਰਨੀ।

ਤੀਸਰਾ ਹੁੰਦਾ ਹੈ ਕਿ ਦੁਨੀਆਂ ਦੇ ਪਦਾਰਥਾਂ ਨੂੰ ਅਸੱਤਿ ਸਮਝ ਕੇ ਉਨ੍ਹਾਂ ਦੇ ਨਾਲ ਗਿਲਾਨੀ (ਨਫਰਤ) ਹੋ ਜਾਂਦੀ ਹੈ ਕਿ ਇਹ ਸਾਰੀਆਂ ਚੀਜ਼ਾਂ ਮੈਨੂੰ ਫਸਾ ਰਹੀਆਂ ਹਨ। ਗੁਜ਼ਾਰੇ ਵਾਸਤੇ ਤਾਂ ਠੀਕ ਹਨ ਪਰ ਇਹ ਵਿਘਨਕਾਰੀ ਹਨ ਜੇ ਮੈਂ ਇਨ੍ਹਾਂ ਦੇ ਨਾਲ ਮਨ ਲਾਉਂਦਾ ਹਾਂ। ਤਿੰਨ ਚੀਜ਼ਾਂ ਹੋ ਗਈਆਂ, ਇਹ ਸਮਝਣ ਦਾ ਯਤਨ ਕਰੋ।

ਚੌਥਾ ਹੋਇਆ ਕਰਦਾ ਹੈ ਪ੍ਰਮੇਸ਼ਰ ਦੇ ਨਾਲ ਪਿਆਰ। ਪ੍ਰਭੂ ਦੇ ਦਰਸ਼ਨਾਂ

ਦੀ ਸਿੱਕ ਹੁੰਦੀ ਹੈ ਤੇ ਬਾਰ-ਬਾਰ ਉਸ ਦੇ ਮਨ ਵਿਚ ਐਸੀ ਅਵਾਜ਼ ਆਉਂਦੀ ਹੈ -

*ਧਾਰਨਾ - ਹਰਿ ਦਰਸਨ ਕੀ ਆਸਾ ਮੇਰੇ ਮਨ,*
*ਹਰਿ ਦਰਸ਼ਨ ਕੀ ਆਸਾ -2, 2.*
*ਹਰਿ ਦਰਸ਼ਨ ਕੀ ਆਸਾ -4, 2.*
*ਹਰਿ ਦਰਸ਼ਨ ਕੀ ਆਸਾ ......... -2.*

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ।।*
*ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ।।*

*ਪੰਨਾ - 337*

ਬਾਰ-ਬਾਰ ਉਸਦੇ ਮਨ ਵਿਚੋਂ ਜਦੋਂ ਐਸੀਆਂ ਭਾਵਨਾਵਾਂ ਉਠਦੀਆਂ ਨੇ -

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।।*
*ਪੰਨਾ - 96*

ਇਹ ਕੇਵਲ ਭਾਵਨਾ ਹੀ ਨਹੀਂ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ ਕਿਉਂਕਿ ਪ੍ਰਭੂ ਦਾ ਪਿਆਰ ਜਾਗ ਪਿਆ। ਪਿਆਰ ਜਦੋਂ ਜਾਗਦਾ ਹੈ ਫੇਰ ਪਿਆਰੇ ਨੂੰ ਮਿਲਣ ਵਾਸਤੇ ਜੀਅ ਕਰਦਾ ਹੈ। ਇਹ ਚਾਰ ਕਿਨਾਰੇ ਜਦੋਂ ਘੁੰਮ ਲੈਂਦਾ ਹੈ, ਪ੍ਰਕਰਮਾ ਕਰ ਲੈਂਦਾ ਹੈ, ਉਸ ਵੇਲੇ ਇਕ ਪੌੜੀ ਹੇਠਾਂ ਉਤਰਦਾ ਹੈ, ਉਸ ਨੂੰ ਸ਼ਰਧਾ ਦੀ ਪੌੜੀ ਕਹਿੰਦੇ ਨੇ ਤੇ ਉਥੇ ਪਾਣੀ ਕਾਹਦਾ ਹੈ? ਕਿਸੇ ਕਰਮ ਦਾ ਫਲ ਨਹੀਂ ਮੰਗਦਾ, ਨਿਸ਼ਕਾਮਤਾ ਦਾ ਪਾਣੀ ਹੈ। ਜਦੋਂ ਸ਼ਰਧਾ ਦੀ ਪੌੜੀ ਤੇ ਬੈਠ ਕੇ ਨਿਸ਼ਕਾਮਤਾ ਦੇ ਜਲ ਵਿਚ ਇਸ਼ਨਾਨ ਕਰਦਾ ਹੈ ਫੇਰ ਪ੍ਰਾਪਤੀ ਕੀ ਹੁੰਦੀ ਹੈ? ਉਸ ਦੀ ਮੈਲ ਲਹਿ ਜਾਂਦੀ ਹੈ, ਮੈਲ ਦੀ ਨਵਿਰਤੀ ਹੋ ਜਾਂਦੀ ਹੈ ਤੇ ਉਸ ਨੂੰ ਸਤਿਸੰਗੀ ਦਾ ਦਰਜਾ ਮਿਲ ਜਾਂਦਾ ਹੈ।

ਦੂਸਰੀ ਪੌੜੀ ਵਿਚ ਜੋ ਸਰਵਣ ਕਰਨਾ ਹੈ ਉਸ ਨੂੰ ਫੇਰ ਮੰਨਣਾ ਹੈ। ਆਤਮਾ ਨੂੰ ਸਤਿ ਜਾਨਣਾ ਤੇ ਸਰੀਰ ਨੂੰ ਸਮਝਣਾ ਕਿ ਇਹ ਤਾਂ ਛਿਨ-ਭੰਗਰ ਹੈ, ਇਹ ਤਾਂ ਜਾਣਾ ਹੀ ਜਾਣਾ ਹੈ ਤੇ ਜਿਹੜੀ ਆਤਮਾ ਹੈ ਇਹ ਸਤਿ ਹੈ। ਜਗਤ ਮਿਥਿਆ ਹੈ, ਇਹ ਸਦਾ ਰਹਿਣ ਵਾਲਾ ਨਹੀਂ ਹੈ। ਇਹ ਨਿਸ਼ਚੇ ਵਿਚ ਲੈ ਆਉਣਾ। ਇਹ ਨਹੀਂ ਕਿ ਪੜ੍ਹਨਾ-ਲਿਖਣਾ ਹੀ ਹੈ, ਸੱਚ-ਮੁੱਚ ਨਿਸ਼ਚੇ ਵਿਚ ਲਿਆਉਣਾ ਹੈ। ਫੇਰ ਜੱਗ ਦੀਆਂ ਆਸ਼ਾਵਾਂ ਦਾ ਤਿਆਗ ਹੋ ਜਾਂਦਾ ਹੈ ਕਿ ਇਹ ਜਗਤ ਤਾਂ ਐਵੇਂ ਹੀ ਹੈ -

*ਇਹੁ ਜਗੁ ਧੂਏ ਕਾ ਪਹਾਰ।।*
*ਪੰਨਾ - 1187*

***ਸਾਧੋ ਇਹੁ ਤਨੁ ਮਿਥਿਆ ਜਾਨਉ॥ ਪੰਨਾ - 1187***

ਇਹ ਬਿਰਤੀ ਪ੍ਰਬਲ ਹੋ ਜਾਇਆ ਕਰਦੀ ਹੈ। ਫੇਰ ਆਤਮਾ ਦੀ ਦ੍ਰਿੜ੍ਹ ਪ੍ਰੀਤੀ ਦਾ ਜਲ ਹੈ ਤੇ ਪ੍ਰਾਪਤੀ ਕੀ ਹੁੰਦੀ ਹੈ? ਉਸ ਦੇ ਸੰਸੇ ਦੂਰ ਹੋ ਜਾਂਦੇ ਹਨ। ਦੂਸਰੀ ਪੌੜੀ ਜਦੋਂ ਪ੍ਰਾਪਤ ਹੁੰਦੀ ਹੈ ਉਸ ਵੇਲੇ ਉਸ ਨੂੰ ਜਗਿਆਸੂ ਦਾ ਦਰਜਾ ਪ੍ਰਾਪਤ ਹੁੰਦਾ ਹੈ।

ਤੀਸਰੀ ਪੌੜੀ ਸਿੱਖ ਬਣਨ ਦੀ ਹੈ, ਜਿਸ ਨੂੰ ਸਿੱਖ ਕਹਿੰਦੇ ਨੇ ਕਿ ਮੈਂ ਸਿੱਖ ਹਾਂ। ਤੀਸਰੀ ਪੌੜੀ ਤੇ ਪਹੁੰਚ ਕੇ ਸਿੱਖ ਬਣਦਾ ਹੈ, ਸਿੱਖ ਕੋਈ ਮਾਮੂਲੀ ਗੱਲ ਨਹੀਂ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਪੰਨਾ - 306***

ਫੇਰ ਸਿੱਖ ਰਹਿਤਾਂ ਰੱਖਦਾ ਹੈ। ਅਸੀਂ ਕਹਿੰਦੇ ਹਾਂ ਸਾਨੂੰ ਪੰਜ-ਪਿਆਰੇ ਰਹਿਤਾਂ ਦਸਦੇ ਨੇ, ਉਹ ਤਾਂ ਰੱਖਦੇ ਹਾਂ ਅਸੀਂ। ਮਹਾਰਾਜ ਜੀ ਕਹਿੰਦੇ ਨੇ ਉਹ ਰਹਿਤਾਂ ਤਾਂ ਤੁਹਾਡੇ ਸਰੀਰ ਦੀਆਂ ਨੇ; ਇਹ ਮਨ ਦੀਆਂ ਰਹਿਤਾਂ ਨੇ। ਜਦੋਂ ਤੱਕ ਤੁਸੀਂ ਮਨ ਦੀਆਂ ਰਹਿਤਾਂ ਵਿਚ ਪੂਰੇ ਨਹੀਂ, ਓਨੀਂ ਦੇਰ ਤੱਕ ਤੁਸੀਂ ਸਿੱਖ ਨਹੀਂ ਕਹਾ ਸਕਦੇ। ਮਨ ਦੀਆਂ ਰਹਿਤਾਂ ਵਿਚ ਵੀਹ ਚੀਜ਼ਾਂ ਆਉਂਦੀਆਂ ਨੇ। ਬਹੁਤ ਵਾਰ ਇਸ ਦੀ ਵਿਚਾਰ ਆਪਾਂ ਕਰ ਚੁੱਕੇ ਹਾਂ। ਸੋ ਸੰਖੇਪ ਵਿਚ ਇਹ ਹੈ ਕਿ **'ਕਿਸੇ ਨੂੰ ਦੁਖ ਨਾ ਦੇਣਾ'** - ਨਾ ਮਨ ਕਰਕੇ, ਨਾ ਬਚਨ ਕਰਕੇ, ਨਾ ਬੁੱਧੀ ਕਰਕੇ, ਨਾ ਸਰੀਰ ਕਰਕੇ, ਨਾ ਆਤਮਕ ਸ਼ਕਤੀ ਕਰਕੇ। ਉਸ ਨੂੰ ਅਹਿੰਸਾ ਕਹਿੰਦੇ ਨੇ।

ਦੂਸਰਾ ਹੁੰਦਾ ਹੈ ਝੂਠ, **'ਝੂਠ ਦਾ ਤਿਆਗ ਕਰਨਾ'**। ਤੀਸਰਾ ਹੁੰਦਾ ਹੈ **'ਚੋਰੀ ਦਾ ਤਿਆਗ'**। ਚੌਥੀ ਵੱਡੀ ਚੀਜ਼ ਹੈ **'ਜਤ'**। ਪੰਜਵੀ ਹੁੰਦੀ ਹੈ **'ਧੀਰਜ'**, ਛੇਵੀਂ **'ਖਿਮਾ'**, ਸੱਤਵੀਂ **'ਦਇਆ'**। ਅੱਠਵਾਂ **'ਮਿੱਠੇ ਬੋਲ'**। ਨੌਵੀ **'ਮਰਿਆਦਾ'** - ਖਾਣ-ਪੀਣ ਦੀ-

***ਅਲਪ ਅਹਾਰ ਸੁਲਪ ਸੀ ਨਿੰਦ੍ਰਾ॥ ਰਾਮਕਲੀ ਪਾਤਸ਼ਾਹੀ ੧੦***

ਭੁੱਖ ਰੱਖ ਕੇ ਪ੍ਰਸ਼ਾਦਾ ਛਕਣਾ, ਪੇਟ ਹੀ ਨਹੀਂ ਭਰੀ ਜਾਣਾ।

ਫੇਰ ਦਸਵਾਂ **'ਇਸ਼ਨਾਨ'** - ਮਨ ਦਾ ਇਸ਼ਨਾਨ, ਬੁੱਧੀ ਦਾ ਇਸ਼ਨਾਨ, ਸਰੀਰ ਦਾ ਇਸ਼ਨਾਨ, ਆਤਮ ਇਸ਼ਨਾਨ।

ਇਹ ਦਸ ਚੀਜ਼ਾਂ ਹੋਇਆ ਕਰਦੀਆਂ ਨੇ।

ਦੂਸਰਾ ਹੋਇਆ ਕਰਦਾ ਹੈ **'ਸੇਵਾ'** ਜਿਸਨੂੰ ਤਪ ਕਹਿੰਦੇ ਨੇ। ਇਹ

ਤਿੰਨ ਕਿਸਮ ਦਾ ਹੁੰਦਾ ਹੈ। ਇਸ ਦੇ ਵਿਚੋਂ ਸਤੋਗੁਣੀ ਤਪ ਨੂੰ ਅਪਣਾਉਣਾ ਚਾਹੀਦਾ ਹੈ।

ਅੱਗੇ ਹੈ 'ਸੰਤੋਖ' –

***ਯਥਾ ਲਾਭ ਸੰਤੁਸਟੇ॥***

ਇਹ ਪੈਸੇ ਦਾ ਸੰਤੋਖ ਹੈ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***
***ਪੰਨਾ – 274***

ਇਹ ਅੱਖਾਂ ਦਾ ਸੰਤੋਖ ਹੈ –

***ਕਰਨ ਨ ਸੁਨੈ ਕਾਹੂ ਕੀ ਨਿੰਦਾ॥***
***ਪੰਨਾ – 274***

ਇਹ ਕੰਨਾ ਦਾ ਸੰਤੋਖ ਹੈ –

ਇਸ ਤਰ੍ਹਾਂ **ਸਾਰੇ ਅੰਗਾਂ ਦਾ ਸੰਤੋਖ ਰੱਖਣਾ**। ਫੇਰ **ਵਾਹਿਗੁਰੂ ਤੇ, ਗੁਰੂ ਤੇ ਦ੍ਰਿੜ੍ਹ ਵਿਸ਼ਵਾਸ ਰੱਖਣਾ**। ਗੁਰੂ ਨੂੰ ਪ੍ਰਮੇਸ਼ਰ ਜਾਨਣਾ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ – 442***

ਉਸ ਤੋਂ ਬਾਅਦ ਹੁੰਦਾ ਹੈ **'ਦਾਨ'**। ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ, ਵਿਦਿਆ ਦਾ ਦਾਨ ਦੇਣਾ, ਆਪਣੇ ਸਰੀਰ ਨਾਲ ਦੂਸਰੇ ਨੂੰ ਸੁਖ ਪਹੁੰਚਾਉਣਾ, ਬੁੱਧੀ ਦਾ ਦਾਨ ਦੇਣਾ ਤੇ ਸਭ ਤੋਂ ਵੱਡਾ 'ਜੀਅ ਦਾਨ' ਹੈ। ਦੂਜੇ ਤੇ ਤਰਸ ਕਰਕੇ ਭਗਤੀ ਵਲ ਲਾ ਦੇਣਾ –

***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ – 749***

ਉਸ ਤੋਂ ਬਾਅਦ ਹੁੰਦੀ ਹੈ **'ਪੂਜਾ'**। ਗੁਰੂ ਦੀ ਪੂਜਾ ਕਰਨੀ ਤੇ ਇਸ ਨੂੰ ਕਹਿੰਦੇ ਨੇ **'ਉਪਾਸਨਾ'**। ਫੇਰ ਹੋਇਆ ਕਰਦਾ ਹੈ **'ਪਾਠ'**। ਨਿਤਨੇਮ ਦੇ ਵਿਚ ਪੂਰਾ ਰਹਿਣਾ ਤੇ ਕੋਈ ਵੀ ਪਖੰਡ ਨਾ ਕਰਨਾ। ਮਨ ਦਾ ਮੌਨ ਰੱਖਣਾ, ਸਾਰੀਆਂ ਇੰਦ੍ਰੀਆਂ ਦਾ ਮੌਨ ਰੱਖਣਾ। ਫੇਰ ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ, ਲੰਗਰ ਵਿਚ ਹਿੱਸਾ ਪਾਉਣਾ। ਇਹ ਵੀਹ ਚੀਜ਼ਾਂ ਜਦੋਂ ਪ੍ਰਾਪਤ ਹੋ ਜਾਂਦੀਆਂ ਹਨ, ਇਹ ਇਕ ਪਾਸਾ ਹੈ।

ਉਸ ਤੋਂ ਬਾਅਦ ਫੇਰ ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਫੇਰ ਇਨ੍ਹਾਂ ਦਾ ਨਤੀਜਾ, ਸਮਾਧੀ ਲੱਗ ਜਾਇਆ ਕਰਦੀ ਹੈ। ਜਿਸ

ਨੂੰ ਇਹ ਪ੍ਰਾਪਤ ਹੋ ਜਾਵੇ ਉਸ ਨੂੰ ਸਿੱਖ ਕਹਿੰਦੇ ਨੇ। ਹੁਣ ਇਹ ਤੀਸਰੀ ਪੌੜੀ ਚੜ੍ਹ ਗਿਆ।

ਹੁਣ ਚੌਥੀ ਪੌੜੀ ਆ ਗਈ ਜਿਸ ਨੂੰ ਗੁਰਮੁਖ, ਸੰਤ-ਸਾਧ ਕਹਿੰਦੇ ਨੇ, ਸਿੱਖ ਤੋਂ ਤਰੱਕੀ ਕਰਦਾ ਹੈ। ਫੇਰ ਹਰ ਵਕਤ ਵਾਹਿਗੁਰੂ ਦੇ ਚਿੰਤਨ ਵਿਚ ਰਹਿੰਦਾ ਹੈ। ਬ੍ਰਹਮ ਦਾ ਚਿੰਤਨ ਕਰਦਾ ਹੈ ਕਿ ਮੇਰੇ ਅੰਦਰ-ਬਾਹਰ ਸਾਰੇ ਪਰੀਪੂਰਨ ਜੋਤ ਹੈ। ਉਸ ਤੋਂ ਬਗੈਰ ਹੋਰ ਕੋਈ ਨਹੀਂ ਤੇ ਜਦੋਂ ਬੋਲਦਾ ਹੈ ਉਸ ਦੀ ਹੀ ਗੱਲ ਕਰਦਾ ਹੈ ਤੇ ਜਦੋਂ ਆਪਸ ਵਿਚ ਗੱਲ ਕਰਦਾ ਹੈ ਉਸ ਵੇਲੇ ਵੀ ਪ੍ਰਮੇਸ਼ਰ ਦੀ ਹੀ ਗੱਲ ਕਰਦਾ ਹੈ। ਸਾਰਿਆਂ ਵਿਚ ਪ੍ਰਮੇਸ਼ਰ ਦਾ ਭਾਵ ਦੇਖਦਾ ਹੈ ਕਿ ਸਭ ਵਿਚ ਵਾਹਿਗੁਰੂ ਹੈ। ਜਦੋਂ ਐਸਾ ਹੋ ਜਾਵੇ ਤਾਂ ਬ੍ਰਹਮਾਕਾਰ ਬਿਰਤੀ ਹੋ ਜਾਇਆ ਕਰਦੀ ਹੈ। ਵਿਸ਼ੇਕਾਰ ਬਿਰਤੀ ਬ੍ਰਹਮਾਕਾਰ ਬਿਰਤੀ ਵਿਚ ਬਦਲ ਜਾਂਦੀ ਹੈ। ਉਥੇ ਫੇਰ ਵਾਹਿਗੁਰੂ ਸਾਖਸ਼ਾਤਕਾਰ ਹੋ ਜਾਂਦਾ ਹੈ-

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*** ***ਪੰਨਾ - 922***

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***

***ਪੰਨਾ - 485***

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ - 293***

ਜਦੋਂ ਅੰਦਰ ਪ੍ਰਕਾਸ਼ ਹੋ ਜਾਵੇ ਉਸ ਵੇਲੇ ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ ਉਸ ਨੂੰ ਸੰਤ, ਸਾਧੂ, ਗੁਰਮੁਖ ਕਹਿੰਦੇ ਨੇ। ਉਸ ਤੋਂ ਬਾਅਦ ਜਦੋਂ ਉਪਰਾਮਤਾ ਹੋ ਜਾਂਦੀ ਹੈ, ਸੰਸਾਰ ਦੇ ਪਦਾਰਥਾਂ ਦੀ ਕੋਈ ਵੀ ਪਕੜ ਅੰਦਰ ਨਹੀਂ ਰਹਿੰਦੀ ਫੇਰ ਨਿਰਮਾਣਤਾ ਆ ਜਾਂਦੀ ਹੈ। ਸਭ ਨੂੰ ਆਪਣੇ-ਆਪ ਤੋਂ ਉੱਚਾ ਸਮਝਦਾ ਹੈ ਤੇ ਕਿਸੇ ਨੂੰ ਬੁਰਾ ਨਹੀਂ ਸਮਝਦਾ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ - 610***

ਹਰ ਵਕਤ ਪਰਸਪਰ ਪ੍ਰਬੋਧਨ, ਪ੍ਰਮੇਸ਼ਰ ਦੀ ਗੱਲ ਕਰਨੀ, ਬ੍ਰਹਮਚਿੰਤਨ, ਉਪਰਾਮਤਾ, ਨਿਰਮਾਣਤਾ ਤੇ ਪ੍ਰਵਿਰਤੀ ਤੋਂ ਅਭਾਵ ਹੋ ਜਾਂਦਾ ਹੈ। ਫੇਰ ਉਹ ਦੁਨੀਆਂ ਦੇ ਅੰਦਰ ਨਹੀਂ ਫਸਦਾ। ਕੰਮ ਕਰਦਾ ਹੈ ਪਰ ਕਿਸੇ ਚੀਜ਼ ਵਿਚ ਨਹੀਂ ਫਸਦਾ, ਕਿਸੇ ਨਾਲ ਮੋਹ ਨਹੀਂ ਪਾਉਂਦਾ, ਵਾਦ-ਵਿਵਾਦ ਦਾ ਅਭਾਵ ਹੋ ਜਾਂਦਾ ਹੈ। ਜੇ ਕੋਈ ਕੁਝ ਗਲਤ ਗੱਲਾਂ ਭੀ ਕਹਿੰਦਾ ਹੈ ਉਹ ਬੋਲਦਾ ਹੀ ਨਹੀਂ। ਉਸ ਨੂੰ ਪਤਾ ਹੈ ਕਿ ਇਹ ਤਾਂ ਵਿਵਾਦ ਕਰਨ ਆਇਆ ਹੈ। ਦੁਖ ਦਾ ਵੀ ਅਭਾਵ ਹੋ ਜਾਂਦਾ ਹੈ। ਉਸ ਵੇਲੇ ਉਸ ਨੂੰ ਨਿਰਵਾਣ ਅਨੰਦ ਪ੍ਰਾਪਤ ਹੋ ਜਾਂਦਾ ਹੈ, ਅੰਦਰ ਇਕ ਰਸ ਤਾਰੀ ਹੋ ਜਾਂਦਾ ਹੈ। ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਵਾਸ਼ਨਾਵਾਂ ਸਭ ਖਤਮ ਹੋ ਜਾਂਦੀਆਂ ਹਨ। ਜਦੋਂ ਇਹ ਅਵਸਥਾ ਆਉਂਦੀ ਹੈ ਇਸ ਨੂੰ ਬ੍ਰਹਮਗਿਆਨੀ ਕਹਿੰਦੇ ਹਨ। ਉਸ ਤੋਂ ਬਾਅਦ ਜਦੋਂ ਪੂਰੀ ਤਰ੍ਹਾਂ ਪਦਾਰਥਾਂ ਦਾ ਅਭਾਵ ਹੋ ਜਾਂਦਾ ਹੈ ਉਸ ਵੇਲੇ ਉਸ ਦੇ ਮਨ ਵਿਚ ਤੱਤ ਗਿਆਨ, ਵਾਹਿਗੁਰੂ ਦਾ ਗਿਆਨ ਪ੍ਰਗਟ ਹੋ ਜਾਂਦਾ ਹੈ, ਮਨ ਦਾ ਨਾਸ਼ ਹੋ ਜਾਂਦਾ ਹੈ, ਵਾਸ਼ਨਾਵਾਂ ਸਭ ਖਤਮ ਹੋ ਜਾਂਦੀਆਂ ਹਨ, ਸਮ-ਦ੍ਰਿਸ਼ਟੀ ਆ ਜਾਂਦੀ ਹੈ, ਵੈਰੀ-ਮਿੱਤਰ ਉਸ ਨੂੰ ਕੋਈ ਨਹੀਂ ਰਹਿੰਦਾ -

***ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥***
***ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥***
***ਪੰਨਾ - 272***

ਇਹ ਬਿਰਤੀ ਪ੍ਰਾਪਤ ਹੋ ਕੇ ਫੇਰ ਹਿਰਦੇ ਗ੍ਰੰਥੀ ਦਾ ਤੱਤ ਗਿਆਨ ਆ ਜਾਂਦਾ ਹੈ, ਸਮ-ਦ੍ਰਿਸ਼ਟੀ ਤੇ ਫੇਰ ਬ੍ਰਹਮ ਦੇ ਵਿਚ ਸਥਿਤੀ ਹੋ ਜਾਂਦੀ ਹੈ। ਫੇਰ ਉਹ ਡੋਲਦਾ ਨਹੀਂ ਕਦੇ, ਗਿਆਨ ਦੀ ਰਾਖੀ ਕਰਨ ਦੀ ਉਸ ਨੂੰ ਲੋੜ ਨਹੀਂ ਰਹਿੰਦੀ ਕਿਉਂਕਿ ਟਿਕ ਗਿਆ ਗਿਆਨ ਦੇ ਅੰਦਰ। ਪਹਿਲੀ ਅਵਸਥਾ ਵਿਚ ਗਿਆਨ ਦੀ ਰਾਖੀ ਕਰਨ ਦੀ ਲੋੜ ਰਹਿੰਦੀ ਹੈ। ਫੇਰ ਉਸ ਨੂੰ ਅਦ੍ਵੈਤ ਦ੍ਰਿਸ਼ਟੀ ਆ ਜਾਂਦੀ ਹੈ। ਸਾਰੇ ਇਕੋ ਵਾਹਿਗੁਰੂ ਹੀ ਦੇਖਦਾ ਹੈ, ਦੂਜਾ ਦੇਖਦਾ ਹੀ ਨਹੀਂ, ਨਿਹਚੇ ਵਿਚ ਪ੍ਰਪੱਕ ਹੋ ਜਾਂਦਾ ਹੈ। ਉਸ ਵੇਲੇ ਪਰਮ ਅਨੰਦ ਦੇ ਵਿਚ ਉਸ ਦੀ ਸਥਿਤੀ ਹੋ ਜਾਂਦੀ ਹੈ। ਸੋ ਏਸ ਤਰ੍ਹਾਂ ਅਨੰਦ ਦੀ ਸਥਿਤੀ ਹੋਣ ਦੇ ਨਾਲ ਇਹ ਪਦਾਰਥ ਅਭਾਵਨੀ ਬ੍ਰਹਮਗਿਆਨੀ ਦੀ ਦੂਸਰੀ ਪੌੜੀ ਹੈ।

**ਤੀਸਰੀ ਪੌੜੀ 'ਤੁਰੀਆ' ਦੀ ਹੈ ਜਿਸ ਨੂੰ ਚੌਥਾ ਪਦ ਕਹਿੰਦੇ ਨੇ। ਉਸ ਦੇ ਵਿਚ ਸਾਰੇ ਸੰਕਲਪ ਖਤਮ ਹੋ ਜਾਂਦੇ ਨੇ, ਸਾਰੀਆਂ ਬਿਰਤੀਆਂ ਖਤਮ ਹੋ ਜਾਂਦੀਆਂ ਹਨ। ਆਪਣੇ-ਆਪ ਨੂੰ ਸਰੀਰ ਨਹੀਂ ਸਮਝਦਾ, ਸਰੀਰ ਦਾ ਅਭਾਵ ਹੋ ਜਾਂਦਾ ਹੈ, ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ। ਉਸ ਵੇਲੇ ਨਿਰਅਵਰਨ ਅਨੰਦ ਪ੍ਰਾਪਤ ਹੋ ਜਾਂਦਾ ਹੈ ਤੇ ਬਿਲਕੁਲ ਚੇਤਨਮਯ ਵਾਹਿਗੁਰੂ ਵਰਗਾ ਬਣ ਜਾਂਦਾ ਹੈ ਤੇ ਉਸ ਵੇਲੇ ਵਿਦੇਹ ਮੁਕਤੀ ਪ੍ਰਾਪਤ ਹੋ**

**ਜਾਂਦੀ ਹੈ, ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ –**

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ – 275***

ਉਹ ਪੁਰਖ ਜੀਵਨ-ਮੁਕਤ ਹੋਇਆ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਹ ਸੱਤ ਪੌੜੀਆਂ ਨੇ। ਇਨ੍ਹਾਂ ਵਿਚੋਂ ਚੌਥੀ ਪੌੜੀ ਸਾਧੂ-ਸੰਤ, ਮਹਾਂਪੁਰਸ਼ਾਂ ਦੀ ਹੁੰਦੀ ਹੈ ਤੇ ਜਦੋਂ ਉਹ ਪ੍ਰਪੱਕ ਹੋ ਕੇ ਉਪਰ ਜਾਂਦਾ ਹੈ ਉਸ ਵੇਲੇ ਪੰਜਵੀਂ ਪੌੜੀ ਵਿਚ 'ਬ੍ਰਹਮਗਿਆਨੀ' ਕਹਾਉਂਦਾ ਹੈ। ਛੇਵੀਂ ਵਿਚ ਉਹ ਪ੍ਰਪੱਕ ਹੋ ਜਾਂਦਾ ਹੈ। ਸੱਤਵੀਂ ਵਿਚ 'ਤੁਰੀਆ' ਹੁੰਦਾ ਹੈ। ਅੱਠਵੀਂ ਪੌੜੀ ਸਤਿਗੁਰੂ ਦੀ ਹੁੰਦੀ ਹੈ। ਸਤਿਗੁਰੂ ਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ। ਉਸਨੂੰ ਕੋਈ ਤਪ ਆਦਿ ਕਰਨ ਦੀ ਲੋੜ ਨਹੀਂ ਹੁੰਦੀ। ਉਹ ਦਰਗਾਹ ਤੋਂ ਹੀ ਸਤਿਗੁਰੂ ਹੋ ਕੇ ਆਉਂਦਾ ਹੈ।

ਸੋ ਬ੍ਰਹਮਗਿਆਨੀ ਦੀ ਜੋ ਦ੍ਰਿਸ਼ਟੀ ਹੈ ਉਸ ਦੇ ਵਿਚ ਸਾਰੇ ਹੀ ਪ੍ਰਮੇਸ਼ਰ ਹੈ, ਦੂਜਾ ਨਹੀਂ ਹੋਇਆ ਕਰਦਾ। ਇਕ ਐਸੀ ਸਾਖੀ ਆਉਂਦੀ ਹੈ ਗੁਰੂ ਘਰ ਦੇ ਅੰਦਰ ਕਿ ਮੈਦਾਨ-ਏ-ਜੰਗ ਵਿਚ ਰੋਪੜ ਦਾ ਇਕ ਪਠਾਣ ਜਿਸ ਦਾ ਨਾਂ ਮੁਗਲ ਖਾਨ ਸੀ। ਅੱਜ ਉਸ ਨੇ ਪ੍ਰਣ ਕਰਿਆ ਹੈ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਫੜ ਲੈਣਾ ਹੈ; ਜੀਉਂਦਿਆਂ ਨੂੰ ਜਾਂ ਦੂਸਰੀ ਤਰ੍ਹਾਂ, ਤੇ ਅੱਜ ਓਸ ਨੇ ਬੜੀ ਭਾਰੀ ਫੌਜ ਲੈ ਕੇ ਹੱਲਾ ਕੀਤਾ ਤੇ ਓਧਰਲੇ ਪਾਸੇ ਭਾਈ ਘਨ੍ਹਈਆ ਜਲ ਛਕਾ ਰਹੇ ਨੇ।

ਦ੍ਰਿਸ਼ਟੀ ਐਸੀ ਹੈ ਕਿ ਦੂਜਾ ਨਜ਼ਰ ਹੀ ਨਹੀਂ ਆਉਂਦਾ-

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ – 272***

ਇਕੋ ਹੀ ਨਜ਼ਰ ਆਉਂਦਾ ਹੈ – ਏਸ ਤਰ੍ਹਾਂ ਦੇ ਨਾਲ ਪੜ੍ਹ ਲਓ –

***ਧਾਰਨਾ – ਤੂੰ ਹੀ ਤੂੰ ਹੀ ਮੋਹਿਨਾ,***
***ਤੂੰ ਹੀ ਤੂੰ ਹੀ ਮੋਹਿਨਾ –2, 4.***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***

***ਪੰਨਾ - 407***

ਇਸ ਤਰ੍ਹਾਂ ਦੀ ਦ੍ਰਿਸ਼ਟੀ ਦੇ ਨਾਲ ਬਾਬਾ ਜੀ ਸਾਰਿਆਂ ਨੂੰ ਪਾਣੀ ਪਿਲਾਈ ਜਾਂਦੇ ਹਨ ਜੋ ਅੱਗੇ ਆਉਂਦਾ ਹੈ, ਪੁਛਦੇ ਨਹੀਂ ਕਿ ਇਹ ਵੈਰੀ ਹੈ ਜਾਂ ਮਿੱਤਰ -

***ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥***
***ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥***
***ਪੰਨਾ - 272***

ਕਿਉਂਕਿ ਉਸ ਨੂੰ ਪ੍ਰਮੇਸ਼ਰ ਦਿਸਦਾ ਹੈ -

***ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥***

***ਪੰਨਾ - 485***

ਇਕ ਸੂਤ ਹੈ, ਉਸ ਦੀ ਮਾਲਾ ਬਣਾ ਕੇ ਹਜ਼ਾਰ ਮਣਕਾ ਬਣਾ ਲਿਆ; ਸੱਤ ਹਜ਼ਾਰ ਮਣਕਾ ਬਣਾ ਲਿਆ। ਉਹ ਇਹ ਹੈ ਕਿ ਸੂਤ ਨੂੰ ਹੀ ਗੰਢਾਂ ਦਿੱਤੀਆਂ ਹੋਈਆਂ ਨੇ, ਗੰਢਾਂ ਖੋਲ੍ਹ ਦਿਓ ਫੇਰ ਸੂਤ ਹੈ।

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਜਿਸ ਵਕਤ ਪ੍ਰਮੇਸ਼ਰ ਆਪੇ ਹੀ ਸੀ, ਉਦੋਂ ਵੀ ਵਾਹਿਗੁਰੂ ਸੀ -

***ਆਦਿ ਸਚੁ ....................॥***

***ਪੰਨਾ - 1***

ਜਦੋਂ ਸਮਾਂ ਤੇ ਸਥਾਨ ਬਣਿਆ ਉਸ ਵੇਲੇ ਵੀ ਆਪੇ ਹੀ ਸੀ -

***..................ਜੁਗਾਦਿ ਸਚੁ॥***

***ਪੰਨਾ - 1***

ਵਰਤਮਾਨ ਸਮੇਂ ਵਿਚ ਵੀ ਉਹ ਆਪ ਹੀ ਸੱਚ ਹੈ -

***ਹੈ ਭੀ ਸਚੁ..................॥***

***ਪੰਨਾ - 1***

ਜਦੋਂ ਕੁਝ ਵੀ ਨਹੀਂ ਹੋਏਗਾ ਉਸ ਵੇਲੇ ਵੀ -

***................ਨਾਨਕ ਹੋਸੀ ਭੀ ਸਚੁ॥***

***ਪੰਨਾ - 1***

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥ ਪੰਨਾ - 705***

ਬ੍ਰਹਮਗਿਆਨੀ ਦੀ ਦ੍ਰਿਸ਼ਟੀ ਤੱਤ ਗਿਆਨ ਦੀ ਦ੍ਰਿਸ਼ਟੀ ਹੁੰਦੀ ਹੈ, ਆਹ ਸੱਚ ਹੁੰਦਾ ਹੈ। ਇਸ ਨੂੰ truth ਕਹਿੰਦੇ ਨੇ। ਸੱਚ ਦੀ ਖੋਜ। ਸੱਚੀ ਗੱਲ ਇਹੋ ਹੈ ਸਾਧ-ਸੰਗਤ ਜੀ! ਸੋ-

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***

***ਪੰਨਾ - 485***

ਸਮੁੰਦਰ ਵਿਚੋਂ ਲਹਿਰਾਂ ਉਠੀਆਂ, ਸਮੁੰਦਰ ਨਾਲੋਂ ਲਹਿਰਾਂ ਕਿਵੇਂ ਅੱਡ ਕਰ ਲਓਂਗੇ? ਕੋਈ ਹੈ ਥਾਂ ਜਿਥੇ ਲਹਿਰਾਂ ਨੂੰ ਅੱਡ ਕਰੋਗੇ। ਉਹ ਸਮੁੰਦਰ ਹੀ ਉਛਲ ਰਿਹਾ ਹੈ -

***ਇਹੁ ਪਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥***

***ਪੰਨਾ - 485***

ਇਹ ਲੀਲਾ ਪਾਰਬ੍ਰਹਮ ਆਪਣੇ ਰੰਗ ਵਿਚ ਆਪੇ ਹੀ ਕਰ ਰਿਹਾ ਹੈ -

***ਕਤਹੂੰ ਸੁਚੇਤ ਹੋਇਕੈ, ਚੇਤਨਾ ਕੌ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੌ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਗੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ॥***
***ਅਕਾਲ ਉਸਤਤਿ***

ਉਹ ਆਪਣੀ ਲੀਲ੍ਹਾ ਵਿਚ ਆਪ ਖੇਡ ਰਿਹਾ ਹੈ। ਸੋ ਐਸੀ ਦ੍ਰਿਸ਼ਟੀ ਪਰਪੱਕ ਹੋਣ ਕਰਕੇ ਆਪ ਜਲ ਪਿਲਾਈ ਜਾਂਦੇ ਨੇ ਸਭ ਨੂੰ। ਫੌਜਾਂ ਪਿਛੇ ਹੱਟ ਗਈਆਂ ਤਾਂ ਵੀ ਉਸੇ ਥਾਂ ਪਾਣੀ ਪਿਲਾਈ ਜਾਂਦੇ ਨੇ, ਫੇਰ ਫੌਜਾਂ ਅੱਗੇ ਵਧ ਗਈਆਂ ਫੇਰ ਪਾਣੀ ਪਿਲਾਈ ਜਾਂਦੇ ਨੇ। ਹਨ੍ਹੇਰਾ ਹੋ ਗਿਆ, ਜੰਗ ਬੰਦ ਹੋਣ ਦਾ ਬਿਗਲ ਵੱਜ ਗਿਆ। ਉਸ ਵੇਲੇ ਕੁਝ ਅਸੂਲ ਹੋਇਆ ਕਰਦੇ ਸਨ ਥੋੜ੍ਹੇ-ਬਹੁਤੇ, ਮਾੜੇ -ਮੋਟੇ, ਰਹਿ ਗਏ ਸਨ। ਜ਼ਖਮੀਆਂ ਦੀ ਟੋਲ੍ਹ-ਟਲ੍ਹਾਈ ਲਈ red cross ਆ ਗਈ, ਸਾਰੇ ਜ਼ਖਮੀਆਂ ਨੂੰ ਪਾਲਕੀਆਂ ਵਿਚ ਚੁਕ-ਚੁਕ ਕੇ ਲੈ ਜਾਂਦੇ ਨੇ। ਏਧਰ ਗੁਰੂ ਮਹਾਰਾਜ ਨੇ ਜਦੋਂ ਜੰਗ ਦਾ ਹਾਲ ਪੁਛਿਆ ਤਾਂ ਸਿੰਘਾਂ ਨੇ ਸਾਰਾ ਹਾਲ ਦੱਸਿਆ ਤੇ ਨਾਲ ਇਕ ਸ਼ਿਕਵਾ ਕੀਤਾ, ਸ਼ਿਕਾਇਤ ਕੀਤੀ ਕਿ ਮਹਾਰਾਜ! ਇਹ ਜਿਹੜਾ ਘਨ੍ਹਈਆ ਸਾਧ ਹੈ ਇਹ ਕਿਤੇ ਜਾਸੂਸ ਨਾ ਹੋਵੇ ਉਨ੍ਹਾਂ ਦਾ।

ਮਹਾਰਾਜ ਜੀ ਕਹਿੰਦੇ, "ਕਿਉਂ?"

ਕਹਿੰਦੇ, "ਮਹਾਰਾਜ! ਜਦੋਂ ਅਸੀਂ ਯੁੱਧ ਭੂਮੀ ਵਿਚੋਂ ਥੋੜਾ ਪਿਛੇ ਹਟ ਗਏ ਸੀ ਉਹ ਉਦੋਂ ਵੀ ਉਨ੍ਹਾਂ ਮੁਗਲਾਂ ਨੂੰ ਪਾਣੀ ਪਿਲਾਉਂਦਾ ਸੀ ਤੇ ਜਦੋਂ ਅਸੀਂ ਫੇਰ ਉਥੇ ਪਹੁੰਚ ਗਏ ਤਾਂ ਜਿਹੜਾ ਮੁਗਲ ਅਵਾਜ਼ ਮਾਰਦਾ ਸੀ ਉਸੇ ਨੂੰ ਪਾਣੀ ਪਿਲਾਉਂਦਾ ਸੀ। ਅਸੀਂ ਵੀ ਆਵਾਜ਼ਾਂ ਮਾਰਦੇ ਸੀ ਕਿ ਕਨ੍ਹਈਆ ਇਨ੍ਹਾਂ ਨੂੰ ਪਾਣੀ ਨਾ ਪਿਲਾ। ਪਰ ਇਹ ਪਾਣੀ ਪਿਲਾਈ ਜਾਂਦਾ ਸੀ, ਉਹ ਉਠ ਕੇ ਫੇਰ ਖੜ੍ਹ ਜਾਂਦੇ ਸਨ।"

ਮਹਾਰਾਜ ਜੀ ਕਹਿੰਦੇ, "ਲਿਆਓ ਘਨ੍ਹਈਏ ਨੂੰ।"

ਜਦੋਂ ਲਿਆਉਣ ਲਈ ਡੇਰੇ ਗਏ, ਉਹ ਉਥੇ ਨਹੀਂ ਸੀ। ਪਤਾ ਲੱਗਿਆ ਕਿ ਅਜੇ ਤਾਂ ਮੈਦਾਨ-ਏ-ਜੰਗ ਤੋਂ ਵਾਪਸ ਨਹੀਂ ਆਏ। ਮਹਾਰਾਜ ਜੀ ਦੇ ਹੁਕਮ ਨਾਲ ਦੋ ਸਿੰਘ ਉਥੇ ਗਏ ਜਿਥੇ ਆਵਾਜ਼ ਆ ਰਹੀ ਸੀ 'ਤੂੰ ਹੀ, ਤੂੰ ਹੀ' ਦੀ, ਉਸ ਥਾਂ ਤੇ ਪਹੁੰਚਦੇ ਨੇ। ਅੱਗੇ ਜਾ ਕੇ ਦੇਖਿਆ ਕਿ ਭਾਈ ਘਨ੍ਹਈਏ ਨੇ ਇਕ ਜ਼ਖਮੀ ਦਾ ਸਿਰ ਆਪਣੇ ਪੱਟ ਤੇ ਰੱਖਿਆ ਹੋਇਆ ਹੈ, ਮੂੰਹ 'ਚ ਉਂਗਲਾਂ ਪਾ ਕੇ ਦੰਦਲ ਖੋਲ੍ਹ ਲਈ ਤੇ ਆਪਣੀ ਮਸ਼ਕ ਦੇ ਵਿਚੋਂ ਉਸ ਦੇ ਮੂੰਹ ਵਿੱਚ ਜਲ ਪਾ ਰਹੇ ਨੇ। ਸਿੰਘਾਂ ਨੇ ਪਛਾਣ ਲਿਆ ਕਿ ਇਹੀ ਤਾਂ ਹੈ ਜਿਹੜਾ ਅੱਜ ਦੇ ਪੁਆੜੇ ਦੀ ਜੜ੍ਹ ਸੀ ਮੁਗਲ ਖਾਨ। ਮੁਗਲ ਫੌਜ ਦਾ ਜਰਨੈਲ; ਇਸ ਨੂੰ ਤਾਂ ਮਾਰ ਕੇ ਸੁੱਟ ਦਿਤਾ ਸੀ ਤੇ ਇਹ ਹੋਸ਼ ਵਿਚ ਲਿਆ ਰਿਹਾ ਹੈ, ਇਹੋ-ਜਿਹੇ ਮਾੜੇ ਬੰਦੇ ਨੂੰ। ਮੁਗਲ ਖਾਨ ਨੇ ਪਾਣੀ ਪੀਤਾ ਤੇ ਉਸ ਨੂੰ ਹੋਸ਼ ਆ ਗਈ। ਪਹਿਲਾਂ ਹੀ ਸਵਾਲ ਉਸ ਨੇ ਕਰਿਆ ਕਿ ਤੂੰ ਕੌਣ ਹੈ? ਖਿਆਲ ਆਇਆ ਕਿ ਮੈਂ ਇਸ ਨੂੰ ਇਨਾਮ ਦੇਵਾਂਗਾ ਕਿਉਂਕਿ ਮੈਨੂੰ ਇਸ ਵੇਲੇ ਜਲ ਛਕਾ ਰਿਹਾ ਹੈ।

ਭਾਈ ਘਨਈਏ ਨੇ ਕਿਹਾ, "ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਅਦਨਾ ਜਿਹਾ ਸਿੱਖ ਹਾਂ।"

ਕਹਿਣ ਲੱਗਿਆ, "ਸਿੱਖਾ! ਪਤਾ ਹੈ ਮੈਂ ਕੌਣ ਹਾਂ? ਮੈਂ ਉਹ ਹਾਂ ਜਿਹੜਾ ਅੱਜ ਪ੍ਰਣ ਕਰਕੇ ਆਇਆ ਸੀ ਕਿ ਅੱਜ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰਕੇ ਜਾਂ ਜਿਉਂਦਾ ਫੜ ਕੇ ਲਿਜਾਣਾ ਹੈ। ਮੈਂ ਮੁਗਲ ਖਾਨ ਹਾਂ।"

ਇਹ ਬਚਨ ਅਜੇ ਚਲਦੇ ਸੀ ਉਸੇ ਵੇਲੇ ਜਾ ਕੇ ਸਿੰਘਾਂ ਨੇ ਭਾਈ ਘਨਈਏ ਨੂੰ ਕਿਹਾ ਕਿ ਤੈਨੂੰ ਦਸ਼ਮੇਸ਼ ਪਿਤਾ ਬੁਲਾ ਰਹੇ ਹਨ। ਭਾਈ ਘਨਈਆ ਜੀ ਗੁਰੂ ਮਹਾਰਾਜ ਜੀ ਦੇ ਹਜੂਰ ਪਹੁੰਚ ਗਏ, ਨਮਸ਼ਕਾਰ ਕੀਤੀ।

ਆਪ ਨੇ ਪੁਛਿਆ, "ਕੀ ਗੱਲ ਹੈ ਭਾਈ ਘਨ੍ਹਈਆ ਖਾਲਸਾ ਤੇਰੀ ਸ਼ਕਾਇਤ ਕਰਦਾ ਹੈ।"

ਬੜੀ ਨਿਮਰਤਾ ਦੇ ਨਾਲ ਬੋਲੇ,"ਪਾਤਸ਼ਾਹ! ਮੈਂ ਤਾਂ ਗੁਨਹਗਾਰ ਹਾਂ ਤੇ ਗੁਨਹਗਾਰ ਦੀ ਹਰ ਕੋਈ ਸ਼ਿਕਾਇਤ ਕਰਦਾ ਹੈ। ਕਿਰਪਾ ਕਰਕੇ ਆਪ ਪ੍ਰਗਟ

ਕਰੋ।"

ਮਹਾਰਾਜ ਜੀ ਕਹਿੰਦੇ, "ਭਾਈ ਘਨ੍ਹਈਆ! ਤੂੰ ਅੱਜ ਮੁਗਲਾਂ ਨੂੰ ਪਾਣੀ ਪਿਲਾਉਂਦਾ ਰਿਹਾ?"

ਕਹਿੰਦੇ, "ਨਾ! ਸੱਚੇ ਪਾਤਸ਼ਾਹ!"

ਮਹਾਰਾਜ ਜੀ ਕਹਿੰਦੇ, "ਫੇਰ ਪਹਾੜੀਆਂ ਨੂੰ ਪਾਣੀ ਪਿਲਾਇਆ ਹੈ?"

"ਨਾ ਸੱਚੇ ਪਾਤਸ਼ਾਹ।"

"ਖਾਲਸੇ ਨੂੰ ਪਾਣੀ ਪਿਲਾਉਂਦਾ ਰਿਹਾ ਫੇਰ?"

"ਨਹੀਂ ਸੱਚੇ ਪਾਤਸ਼ਾਹ।

ਮਹਾਰਾਜ ਜੀ ਕਹਿਣ ਲੱਗੇ, "ਫੇਰ ਕਿਸਨੂੰ ਪਾਣੀ ਪਿਲਾਉਂਦਾ ਰਿਹਾ ਅੱਜ?"

ਭਾਈ ਘਨਈਆ ਜੀ ਨੇ ਕਿਹਾ, "ਪਾਤਿਸ਼ਾਹ! ਮੈਂ ਆਪ ਦੇ ਚਰਨਾਂ ਵਿਚ ਬੇਨਤੀ ਕਰਕੇ ਕਹਿੰਦਾ ਹਾਂ ਕਿ ਆਪ ਨੇ ਜਦੋਂ ਦੀ ਮੈਨੂੰ ਦਿਬਯ ਦ੍ਰਿਸ਼ਟੀ ਬਖਸ਼ੀ ਹੈ, ਉਦੋਂ ਦਾ ਮੈਨੂੰ ਆਪ ਤੋਂ ਬਿਨਾ ਕੋਈ ਹੋਰ ਨਜ਼ਰ ਨਹੀਂ ਆਉਂਦਾ। ਮੈਨੂੰ ਇਕੋ ਹੀ ਨਜ਼ਰ ਆਉਂਦਾ ਹੈ। ਤੂੰ ਹੀ ਨਜ਼ਰ ਆਉਂਦਾ ਰਿਹਾ ਹੈਂ। ਤੂੰ ਸਾਰਿਆਂ ਦੇ ਅੰਦਰ ਬੋਲਦਾ ਹੈਂ।"

***ਧਾਰਨਾ - ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 2***

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥***
***ਰਾਮ ਬਿਨਾ ਕੋ ਬੋਲੈ ਰੇ॥***
***ਪੰਨਾ - 988***

ਪਾਤਿਸ਼ਾਹ! ਤੇਰੇ ਬਿਨਾਂ ਵੀ ਸੰਸਾਰ ਵਿਚ ਕੋਈ ਹੈ? ਤੂੰ ਆਪੇ ਸੰਸਾਰ ਦਾ ਰੂਪ ਧਾਰਿਆ ਹੈ -

***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮੁ ਕਰਤਾ ਅਬਿਨਾਸ॥***
***ਪੰਨਾ - 175***

ਤੂੰ ਆਪ ਹੀ ਅਨੇਕਾਂ ਰੂਪਾਂ ਵਿਚ ਖੇਲ੍ਹ ਰਿਹਾ ਹੈਂ ਤੇਰੇ ਬਿਨਾਂ ਤਾਂ ਮੈਨੂੰ ਕੋਈ ਹੋਰ ਨਜ਼ਰ ਆਉਂਦਾ ਹੀ ਨਹੀਂ। ਪਾਤਿਸ਼ਾਹ! ਮੈਂ ਪਛਤਾਉਂਦਾ ਹਾਂ ਜਦੋਂ ਤੇਰੇ ਬਿਨਾਂ ਵੈਰੀ-ਮਿਤ੍ਰ, ਆਪਣੇ-ਬਿਗਾਨੇ, ਸਾਧ-ਚੋਰ, ਮਾੜੇ ਚੰਗੇ ਮੈਨੂੰ ਨਜ਼ਰ ਆਉਂਦੇ ਸੀ। ਪਰ ਜਦੋਂ ਤੋਂ ਤੂੰ ਆਪਣੇ ਗਿਆਨ ਦਾ ਸੁਰਮਾ ਮੇਰੇ ਨੇਤਰਾਂ ਵਿਚ ਪਾਇਆ, ਉਸ ਵੇਲੇ ਤੋਂ ਇਹ ਦੋਖ ਦ੍ਰਿਸ਼ਟੀ ਖਤਮ ਹੋ

ਗਈ–

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰੁ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***

***ਪੰਨਾ - 293***

ਉਸ ਵੇਲੇ ਮਹਾਰਾਜ ਜੀ ਆਸਣ ਤੋਂ ਉਠ ਕੇ ਖੜ੍ਹੇ ਹੋ ਗਏ, ਬੁਕਲ ਵਿਚ ਲੈ ਲਿਆ ਭਾਈ ਘਨ੍ਹਈਏ ਨੂੰ, ਕਹਿੰਦੇ, "ਘਨ੍ਹਈਆ! ਨਿਹਾਲ! ਨਿਹਾਲ! ਨਿਹਾਲ! ਸਾਡਾ ਚਿੱਤ ਅਤਿ ਪ੍ਰਸੰਨ ਹੋਇਆ ਹੈ। ਤੂੰ ਉਸ ਅਵਸਥਾ ਤੇ ਪਹੁੰਚ ਗਿਆ ਜਿਸ ਦੇ ਬਾਰੇ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ। ਅੱਜ ਤੋਂ ਬਾਅਦ ਮੈਨੂੰ ਕੇਵਲ ਪਾਣੀ ਹੀ ਨਾ ਪਿਲਾਈਂ। ਮਲ੍ਹਮ ਦੀ ਡੱਬੀ ਅਤੇ ਪੱਟੀਆਂ ਦੇ ਕੇ ਫੁਰਮਾਨ ਕੀਤਾ ਕਿ ਜਿਥੇ ਮੈਨੂੰ ਜ਼ਖਮੀ ਪਿਆ ਦੇਖੇਂ ਉਥੇ ਮੇਰੇ ਜ਼ਖਮ ਧੋਈਂ, ਫੇਰ ਪੱਟੀਆਂ ਬੰਨ੍ਹ ਦੇਈਂ। ਤੂੰ ਸਿੱਖੀ ਨੂੰ ਪਛਾਣ ਲਿਐ।"

ਖਾਲਸੇ ਵੱਲ ਮੁਖਾਤਬ ਹੋ ਕੇ ਕਹਿਣ ਲੱਗੇ, "ਖਾਲਸਾ ਜੀ! ਆਹ ਜਿਹੜੀ ਅਵਸਥਾ ਹੈ, ਇਸ ਬਾਰੇ ਗੁਰੂ ਪਾਤਿਸ਼ਾਹ ਨੇ ਫੁਰਮਾਨ ਕੀਤਾ ਹੈ ਇਸ ਤਰ੍ਹਾਂ ਦੇ ਨਾਲ -

***ਧਾਰਨਾ - ਤਿਹ ਘਟ ਬ੍ਰਹਮ ਨਿਵਾਸਾ ਜੀ,***
***ਕਾਮ ਕ੍ਰੋਧ ਜਿਹ ਪਰਸੈ ਨਾਹੀ -2, 2.***
***ਕਾਮ ਕ੍ਰੋਧ ਜਿਹ ਪਰਸੈ ਨਾਹੀ -2, 2.***
***ਤਿਹ ਘਟ ਬ੍ਰਹਮ ਨਿਵਾਸਾ ਜੀ,..2***

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥***

***ਪੰਨਾ - 634***

ਮਹਾਰਾਜ ਜੀ ਕਹਿੰਦੇ, ਇਹ ਗੁਣ ਜਿਸ ਦੇ ਵਿਚ ਹੁੰਦੇ ਨੇ ਉਸ ਨੂੰ ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਗੱਲਾਂ ਵਾਲਿਆਂ ਨੂੰ ਨਹੀਂ ਹੋਇਆ ਕਰਦੀ।

***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ***

*ਪਾਨੀ॥*

*ਪੰਨਾ - 634*

ਪਾਣੀ ਦੇ ਗਿਲਾਸ ਨੂੰ ਪਾਣੀ ਦੇ ਭਰੇ ਚੁਬੱਚੇ ਵਿਚ ਪਾ ਦਿਓ, ਉਹ ਪਾਣੀ ਦਾ ਰੂਪ ਹੋ ਗਿਆ। ਮਹਾਰਾਜ ਜੀ ਕਹਿਣ ਲਗੇ ਕਿ ਇਸੇ ਨੂੰ ਮੈਂ ਖਾਲਸਾ ਕਿਹਾ ਹੈ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)*

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਭੋਰਾ ਜਿੰਨਾ ਵੀ ਫਰਕ ਨਹੀਂ ਮੇਰੇ ਵਿਚ, ਪ੍ਰਭੂ ਵਿਚ ਤੇ ਇਸ ਵਿਚ। ਸੋ ਆਪ ਜੀ ਨੇ ਉਸ ਵੇਲੇ ਕਿਹਾ ਕਿ ਭਾਈ ਘਨ੍ਹਈਆ! ਤੂੰ ਗੁਰੂ ਨਾਨਕ ਦੀ ਸਿਖੀ ਪਛਾਣ ਲਈ। ਜਾਹ! ਹੁਣ ਸੰਸਾਰ ਦੇ ਅੰਦਰ ਇਸ ਆਦਰਸ਼ ਦਾ ਪ੍ਰਸਾਰ ਕਰ, ਦੁਨੀਆਂ ਦਾ ਹਨ੍ਹੇਰਾ ਦੂਰ ਕਰ, ਦੱਸ ਕਿ ਹਰ ਥਾਂ ਤੇ ਪ੍ਰਮੇਸ਼ਰ ਹੈ। ਨਾ ਨਫਰਤ ਕਰੋ ਆਪਸ ਵਿਚ, ਨਾ ਝਗੜੇ ਕਰੋ, ਨਾ ਇਕ-ਦੂਜੇ ਨੂੰ ਬੁਰਾ ਕਹੋ। ਇਹ ਪ੍ਰਮੇਸ਼ਰ ਨੇ ਆਪਣਾ ਨਿਵਾਸ ਸਥਾਨ ਬਣਾਇਆ ਸੀ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*

*ਪੰਨਾ - 463*

ਇਸ ਨੂੰ ਦੂਸ਼ਿਤ ਨਾ ਕਰੋ। ਸਾਧੂਆਂ ਵਾਸਤੇ ਧਰਤੀ ਬਣਾਈ ਸੀ -

*ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥*
*ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥*
*ਪੰਨਾ - 965*

ਪਰ ਚੋਰਾਂ ਨੇ ਆ ਕੇ ਕਬਜ਼ਾ ਕਰ ਲਿਆ, ਬਦ-ਅਮਨੀ ਫੈਲਾ ਦਿਤੀ ਇੱਥੇ, ਲੜਾਈਆਂ-ਝਗੜੇ, ਗਲਤ ਗੱਲਾਂ ਪ੍ਰਚਲਤ ਕਰ ਦਿੱਤੀਆਂ।

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥*
*ਪੰਨਾ - 224*

ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਇਹ ਦੁਨੀਆਂ ਕਿਉਂ ਬਣਾਈ ਹੈ। ਕਹਿਣ ਲੱਗੇ ਕਿ ਸਾਧੂਆਂ ਵਾਸਤੇ ਬਣਾਈ ਸੀ, ਪਰ ਚੋਰਾਂ ਨੇ ਆ ਕੇ ਕਬਜ਼ਾ ਕਰ ਲਿਆ, ਉਨ੍ਹਾਂ ਨੇ ਬੇਅਮਨੀ ਪੈਦਾ ਕਰ ਦਿਤੀ।

ਸੋ ਇਸ ਤਰ੍ਹਾਂ ਮਹਾਰਾਜ (ਗੁਰੂ ਪੰਜਵੇਂ ਪਾਤਸ਼ਾਹ) ਜੀ ਨੇ ਮਾਤਾ ਜੀ ਨੂੰ ਸਮਝਾਇਆ ਕਿ ਬਾਬਾ ਬੁੱਢਾ ਜੀ ਦੀ ਅਵਸਥਾ ਇਹ ਹੈ। ਉਹ ਪੂਰਨ ਬ੍ਰਹਮਗਿਆਨੀ ਨੇ, ਜਾਓ! ਉਨ੍ਹਾਂ ਵਿਚ, ਮੇਰੇ ਵਿਚ ਤੇ ਪ੍ਰਮੇਸ਼ਰ ਵਿਚ

ਕੋਈ ਭੇਦ ਨਹੀਂ ਹੈ। ਜੋ ਤੁਸੀਂ ਚਾਹੋਗੇ ਉਨ੍ਹਾਂ ਤੋਂ, ਉਹ ਦਾਤਾਂ ਪ੍ਰਾਪਤ ਕਰ ਸਕੋਗੇ।

ਸੋ ਮਾਤਾ ਜੀ ਨੇ ਦੂਸਰੇ ਦਿਨ ਬੜੇ ਹੀ ਪਦਾਰਥ ਬਣਾਏ, ਅਨੇਕਾਂ ਕਿਸਮ ਦੇ ਭੋਜਨ ਬਣਾਏ, ਗੱਡੀਆਂ ਮੰਗਵਾ ਲਈਆਂ, ਰਥ ਮੰਗਵਾ ਲਏ, ਬਹੁਤ ਸਾਰੇ ਸਿੱਖ ਨਾਲ ਲੈ ਲਏ, ਬੀਬੀਆਂ ਨਾਲ ਲੈ ਲਈਆਂ – ਦਾਸੀਆਂ ਵਗੈਰਾ ਸੇਵਾ ਕਰਨ ਵਾਲੀਆਂ ਤੇ ਉਚੀ ਉਚੀ ਬੋਲਦੇ ਜਾਂਦੇ ਨੇ। ਬਾਬੇ ਕੀ ਬੀੜ ਦੇ ਕੋਲ ਜਦੋਂ ਗਏ ਤਾਂ ਬਾਬਾ ਜੀ ਸਮਾਧੀ ਵਿਚ ਬੈਠੇ ਸਨ, ਜਦੋਂ ਵਿਖਸ਼ੇਪਤਾ ਹੋਈ, ਬਲਦਾਂ ਦੇ ਟੱਲ ਖੜਕੇ, ਘੁੰਗਰਾਲਾਂ ਖੜਕੀਆਂ, ਰੌਲਾ-ਰੱਪਾ ਸੁਣਿਆ ਤਾਂ ਬਾਬਾ ਜੀ ਨੇ ਸੇਵਾਦਾਰ ਨੂੰ ਪੁਛਿਆ ਕਿ ਆਹ ਕਾਹਦਾ ਰੌਲਾ-ਗੌਲਾ ਮਚ ਰਿਹਾ ਹੈ?

ਸੇਵਾਦਾਰ ਕਹਿੰਦਾ, "ਗੁਰੂ ਕੇ ਮਹਿਲ ਆਏ ਨੇ।"

ਕਹਿੰਦੇ, "ਇਨ੍ਹਾਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ?" ਸਹਿਜ ਸੁਭਾਅ ਕਹਿ ਦਿਤਾ।

ਮਾਤਾ ਜੀ ਵਾਪਸ ਆ ਗਏ, ਇਹ ਬਚਨ ਸੁਣਿਆ, ਚਿਤ ਪ੍ਰਸੰਨ ਨਾ ਹੋਇਆ। ਕਹਿਣ ਲਗੇ ਬਚਨ ਤਾਂ ਉਲਟਾ ਹੋ ਗਿਆ, ਇਹ ਤਾਂ ਠੀਕ ਨਾ ਹੋਇਆ। ਸੋ ਉਸ ਵੇਲੇ ਨਿਰਾਸ ਹੋ ਕੇ ਵਾਪਸ ਆ ਗਏ।

ਮਹਾਰਾਜ ਜੀ ਨੇ ਪੁਛਿਆ ਕਿ ਕੀ ਗੱਲ, ਤੁਸੀਂ ਨਿਰਾਸ ਕਿਉਂ ਹੋ?

ਕਹਿੰਦੇ, "ਮਹਾਰਾਜ! ਬਚਨ ਉਲਟਾ ਹੋ ਗਿਆ।"

ਮਹਾਰਾਜ ਜੀ ਕਹਿੰਦੇ, "ਫੇਰ ਤੁਸੀਂ ਗਲਤ ਤਰੀਕੇ ਨਾਲ ਗਏ। ਜਿਵੇਂ ਸੰਤਾਂ ਕੋਲ ਜਾਣਾ ਚਾਹੀਦਾ ਹੈ ਉਹ ਤਰੀਕਾ ਤਾਂ ਤੁਸੀਂ ਅਪਣਾਇਆ ਨਾ।" ਸੰਤਾਂ ਕੋਲ ਜੇ ਜਾਣਾ ਹੈ ਤਾਂ ਉਸ ਦੇ ਬਾਰੇ ਫੁਰਮਾਨ ਹੈ –

***ਧਾਰਨਾ – ਕਬੀਰ ਸਾਧੂ ਕਉ ਮਿਲਣੇ ਜਾਈਐ -2, 2.***
***ਸਾਥ ਨ ਲੀਜੈ ਕੋਇ,***
***ਸਾਧੂ ਕਉ ਮਿਲਣੇ ਜਾਈਏ...-2, 2.***

***ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥***
***ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥***
***ਪੰਨਾ – 1370***

ਜੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਜਾਓ ਤਾਂ ਉਨ੍ਹਾਂ ਨੇ ਖੇਲ੍ਹਣਾ ਹੈ, ਰੌਲਾ ਪਾਉਣਾ ਹੈ। ਪ੍ਰਮਾਰਥ ਦੀ ਗੱਲ ਕਿਹੜੇ ਵੇਲੇ ਕਰੋਂਗੇ? ਕਈ ਕਿਸਮ ਦੇ ਬੰਦਿਆਂ ਨੂੰ ਨਾਲ ਲੈ ਜਾਓ, ਉਨ੍ਹਾਂ ਨੇ ਆਪਣੀ ਅਕਲ ਦੇ ਮੁਤਾਬਕ ਗੱਲਾਂ ਕਰਨੀਆਂ ਹਨ। ਗੱਲ ਤਾਂ ਹੋ ਨਹੀਂ ਸਕਣੀ ਸੰਤਾਂ ਦੇ ਨਾਲ,

ਜੋ ਕਰਨੀ ਚਾਹੁੰਦੇ ਹਾਂ।

ਗੁਰੂ ਦਸਵੇਂ ਪਾਤਿਸ਼ਾਹ ਇਕ ਵਾਰੀ ਇਕ ਮਹਾਤਮਾ ਨੂੰ ਮਿਲਣ ਚਲੇ ਗਏ। ਸੁਥਰਾ ਪਿਛੇ-ਪਿਛੇ ਚਲਿਆ ਗਿਆ। ਜਦੋਂ ਮਹਾਰਾਜ ਜੀ ਪ੍ਰਮਾਰਥ ਦੇ ਬਚਨ ਕਰ ਰਹੇ ਸੀ ਇਹ ਮਹਾਰਾਜ ਜੀ ਦੀ ਪਿੱਠ ਪਿਛੇ ਖੜ੍ਹਾ ਹੋ ਕੇ, ਸੰਤ ਜੀ ਦੀਆਂ ਅੱਖਾਂ ਨਾਲ ਅੱਖਾਂ ਰਲਾ ਕੇ ਕਦੇ ਮੂੰਹ ਚਿੜ੍ਹਾ ਦਿਆ ਕਰੇ, ਕਦੇ ਹੱਥ ਚੁੱਕ ਲਿਆ ਕਰੇ। ਸੰਤਾਂ ਦਾ ਧਿਆਨ ਹੀ ਨਾ ਟਿਕਣ ਦੇਵੇ। ਹਾਰ ਕੇ ਸੰਤ ਚੁੱਪ ਕਰ ਗਏ। ਮਹਾਰਾਜ ਜੀ ਨੇ ਸੋਚਿਆ ਕਿ ਇਹ ਏਧਰ ਨੂੰ ਬਾਰ-ਬਾਰ ਕਿਉਂ ਦੇਖਦੇ ਨੇ। ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਪਿਛੇ ਸੁਥਰਾ ਮੂੰਹ ਬਣਾਈ ਖੜ੍ਹਾ ਹੈ।

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਬੜਾ ਮਾੜਾ ਕੰਮ ਕਰਿਆ, ਅਸੀਂ ਤਾਂ ਪ੍ਰਮਾਰਥਕ ਬਚਨ ਕਰਨੇ ਸਨ।"

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਜੇ ਸੰਤਾਂ ਕੋਲ ਜਾਈਏ ਤਾਂ ਪਹਿਲਾਂ ਦਿਲ ਦੇ ਅੰਦਰ ਸ਼ਰਧਾ ਹੋਣੀ ਚਾਹੀਦੀ ਹੈ। ਜੇ ਅੰਦਰ ਸ਼ਰਧਾ ਨਹੀਂ ਹੈ ਤਾਂ ਫੇਰ ਗੱਲ ਨਹੀਂ ਬਣਦੀ।

ਪੰਜੇ ਪਾਂਡਵ ਬਾਲਮੀਕ ਰਿਸ਼ੀ ਨੂੰ ਲੈਣ ਜਾਂਦੇ ਨੇ ਕਿ ਸਾਡੇ ਜੱਗ ਦੇ ਵਿਚ ਆਪ ਆ ਕੇ ਪ੍ਰਸ਼ਾਦਾ ਛਕੋ। ਉਹ ਇਕੋ ਗੱਲ ਕਹਿੰਦੇ ਨੇ ਕਿ ਪਹਿਲਾਂ ਸਾਨੂੰ ਇਕ ਜੱਗ ਦਾ ਫਲ ਦਿਓ ਕਿਉਂਕਿ ਤੁਹਾਡੇ ਸਾਸ਼ਤਰਾਂ ਦੇ ਮੁਤਾਬਕ ਜਾਤ-ਪਾਤ ਦੀ ਵੰਡ ਕੀਤੀ ਹੋਈ ਹੈ ਤੇ ਮੈਂ ਜਿਸ ਜਾਤੀ ਵਿਚ ਹਾਂ, ਤੁਹਾਡੇ ਸਾਸ਼ਤਰਾਂ ਵਿਚ ਲਿਖਿਆ ਹੋਇਆ ਹੈ ਕਿ ਜੇ ਉਹ ਤੁਹਾਡੇ ਵਿਚ ਆ ਕੇ ਪ੍ਰਸ਼ਾਦਾ ਛਕੇ ਤਾਂ ਦੋਸ਼ ਲਗੇਗਾ। ਉਸ ਦੋਸ਼ ਨੂੰ ਦੂਰ ਕਰਨ ਵਾਸਤੇ ਪਹਿਲਾਂ ਮੈਨੂੰ ਇਕ ਯੱਗ ਦਾ ਫਲ ਦਿਓ। ਪੰਜੇ ਭਰਾ ਨਿਰਾਸ਼ ਹੋ ਗਏ। ਕ੍ਰਿਸ਼ਨ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ! ਇਹ ਯੱਗ ਅਧੂਰਾ ਰਹਿ ਗਿਆ, ਉਹ ਤਾਂ ਆਉਂਦੇ ਨਹੀਂ। ਦ੍ਰੋਪਤੀ ਵੱਲ ਦੇਖਿਆ। ਦ੍ਰੋਪੀ ਕਹਿਣ ਲੱਗੀ, "ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਲਿਆਉਂਦੀ ਹਾਂ।" ਹੁਕਮ ਮਿਲ ਗਿਆ ਤੇ ਉਸ ਵੇਲੇ ਸ਼ਰਧਾ ਧਾਰੀ, ਅਰਦਾਸ ਕੀਤੀ ਕਿ ਮਹਾਂਪੁਰਸ਼ੋਂ! ਆਪ ਪੂਰਨ ਬ੍ਰਹਮਗਿਆਨੀ ਹੋ, ਮੈਂ ਆਪ ਦੇ ਦਰਸ਼ਨ ਕਰਨ ਆ ਰਹੀ ਹਾਂ, ਕਿਰਪਾ ਕਰੋ ਮੇਰੀ ਸ਼ਰਧਾ ਨਾ ਟੁੱਟੇ। ਉਸ ਵੇਲੇ ਨੰਗੇ ਪੈਰੀਂ ਆਪ ਦੇ ਆਸ਼ਰਮ ਵਿਚ ਜਮਨਾ ਦੇ ਕੰਢੇ ਪਹੁੰਚਦੀ ਹੈ, ਨਿਮਰਤਾ ਦੇ ਨਾਲ ਪ੍ਰਣਾਮ ਕਰਦੀ ਹੈ, ਬਹੁਤ ਮਿੱਠੀ ਬਾਣੀ ਬੋਲਦੀ ਹੈ।

ਮਹਾਂਪੁਰਸ਼ਾਂ ਨੇ ਜਦੋਂ ਪੁਛਿਆ ਕਿ ਬੇਟਾ! ਕਿਵੇਂ ਆਈ? ਤਾਂ ਕਹਿਣ ਲੱਗੀ ਕਿ ਮਹਾਰਾਜ! ਆਹ ਮੁਸ਼ਕਲ ਆ ਗਈ, ਤੁਹਾਡੇ ਗਏ ਬਿਨਾਂ ਯੱਗ ਸੰਪੂਰਨ ਨਹੀਂ ਹੁੰਦਾ।

ਕਹਿਣ ਲੱਗੇ, "ਮੈਂ ਤਾਂ ਤੁਹਾਨੂੰ ਪਹਿਲਾਂ ਹੀ ਕਹਿ ਚੁਕਿਆ ਹਾਂ ਕਿ

ਇਕ ਯੱਗ ਦਾ ਫਲ ਮੈਨੂੰ ਦਿਓ।"

ਕਹਿੰਦੀ, "ਮਹਾਰਾਜ! ਆਪ ਪੂਰਨ ਬ੍ਰਹਮਗਿਆਨੀ ਹੋ, ਤੁਹਾਡੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ ਤੇ ਜਦੋਂ ਪੂਰਨ ਬ੍ਰਹਮ ਗਿਆਨੀ ਦੇ ਕੋਲ ਕੋਈ ਜਗਿਆਸੂ ਸ਼ਰਧਾ ਦੇ ਨਾਲ ਚੱਲ ਕੇ ਆਉਂਦਾ ਹੈ ਤਾਂ ਜਿੰਨੇ ਕਦਮ ਚੱਲ ਕੇ ਆਉਂਦਾ ਹੈ ਓਨੇ ਯੱਗਾਂ ਦਾ ਫਲ ਉਸ ਨੂੰ ਪ੍ਰਾਪਤ ਹੋਇਆ ਕਰਦਾ ਹੈ।"

ਮਹਾਂਪੁਰਸ਼ਾਂ ਨੇ ਦੇਖਿਆ ਕਿ ਰਾਜ-ਅਭਿਮਾਨ ਤਾਂ ਨਹੀਂ ਹੈ ਇਸ ਦੇ ਵਿਚ? ਪਰ ਦੇਖਿਆ ਕਿ ਮਨ ਸਾਫ ਹੈ। ਸ਼ਰਧਾ ਦਾ ਖਾਨਾ ਦੇਖਿਆ, ਸਾਫ ਹੈ। ਉਸ ਵੇਲੇ ਪ੍ਰਸੰਨ ਹੋਏ। ਕਹਿੰਦੇ ਕਿ ਠੀਕ ਹੈ।

ਕਹਿਣ ਲੱਗੀ, "ਮਹਾਰਾਜ! ਹੁਣ ਜਾਣ ਲੱਗੇ ਕਦਮ ਗਿਣ ਲਿਓ ਤੇ ਉਸ ਦੇ ਵਿਚੋਂ ਇਕ ਯੱਗ ਦਾ ਫਲ ਰੱਖ ਲਿਓ ਤੇ ਬਾਕੀ ਮੇਰੀ ਝੋਲੀ ਵਿਚ ਪਾ ਦਿਓ।"

ਸੋ ਜੇ ਸੰਤਾਂ ਕੋਲ ਜਾਣਾ ਹੋਵੇ ਤਾਂ ਸ਼ਰਧਾ ਤੇ ਨਿਰਮਾਣਤਾ ਨਾਲ ਜਾਓ।

ਮਹਾਰਾਜ ਜੀ ਕਹਿੰਦੇ, "ਤੁਸੀਂ ਤਾਂ ਰਥ ਲੈ ਗਏ, ਐਨਾ ਕੁਝ ਲੈ ਗਏ। ਫੇਰ ਜੇ ਸੇਵਾ ਕਰਨੀ ਹੈ ਤਾਂ ਕੁਝ ਬਣ ਕੇ ਸੇਵਾ ਨਹੀਂ ਕਰੀਦੀ, ਬਣ ਕੇ ਤਾਂ ਸੇਵਾ ਥਾਂ ਨਹੀਂ ਪੈਂਦੀ।"

***ਵਿਚਿ ਹਉਮੈ ਸੇਵਾ ਥਾਇ ਨ ਪਾਏ॥***
***ਜਨਮਿ ਮਰੈ ਫਿਰਿ ਆਵੈ ਜਾਏ॥***
***ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥***

***ਪੰਨਾ - 1070***

ਨਾ ਸੇਵਾ ਥਾਂ ਪੈਣੀ ਹੈ, ਨਾ ਸੁਖ ਹੋਣਾ ਹੈ। ਸੇਵਾ ਤਾਂ ਹੁੰਦੀ ਹੈ -

***ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥***
***ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥***
***ਪੰਨਾ - 648***

ਤਨ ਵੀ, ਮਨ ਵੀ ਆਪਣਾ ਰੱਖ ਦੇਵੇ ਅੱਗੇ ਤੇ ਖੜ੍ਹ ਕੇ ਸੇਵਾ ਕਰੇ, ਜਿਵੇਂ ਅਹਿਰਣ ਹਥੌੜਿਆਂ ਦੇ ਹੇਠ ਸਿਰ ਦੇ ਦਿੰਦਾ ਹੈ ਅਤੇ ਹਾਥੀ ਦੇ ਸਿਰ ਤੇ ਮਹਾਵਤ ਅਕੁੰਸ ਲਈ ਬੈਠਿਆ ਹੁੰਦਾ ਹੈ। ਜਦੋਂ ਐਉਂ ਕਰੇਗਾ, ਉਸ ਵੇਲੇ ***"ਇਉ ਗੁਰਮੁਖਿ ਆਪ ਨਿਵਾਰੀਐ॥' (ਪੰਨਾ - 648)*** ਆਪਣੇ ਆਪੇ ਨੂੰ ਨਿਵਾਰ ਲਵੇ। ਭਾਵੇਂ ਆਪਣੇ ਕੋਲ ਸਾਰੀ ਸ੍ਰਿਸ਼ਟੀ ਦਾ ਰਾਜ ਹੋਵੇ ਪਰ ਆਪਣੇ ਆਪ ਨੂੰ ਕੁਝ ਬਣ ਕੇ ਨਾ ਦਿਖਾਵੇ। ਜਿਹੜਾ ਬਣ ਕੇ ਦਿਖਾਉਂਦਾ ਹੈ ਉਸ ਦੀ ਸੇਵਾ ਥਾਂ ਨਹੀਂ ਪਿਆ ਕਰਦੀ। ਸੋ ਦੂਸਰੇ

ਦਿਨ ਮਹਾਰਾਜ ਜੀ ਨੇ ਜੁਗਤ ਦੱਸ ਦਿਤੀ। ਉਸ ਵੇਲੇ ਮਾਤਾ ਜੀ ਨੇ ਆਪਣੇ ਹੱਥੀਂ ਕਈ ਸੇਰ ਮਿੱਸਾ ਅੰਨ ਪੀਸਿਆ, ਉਸ ਤੋਂ ਬਾਅਦ ਦੁੱਧ ਰਿੜਕਿਆ, ਦਹੀਂ ਕੱਢਿਆ। ਪ੍ਰਸ਼ਾਦੇ ਲੈ ਕੇ ਆਪ ਤੁਰ ਪਏ। ਇਕ ਬੀਬੀ ਨਾਲ ਲਈ, ਉਸਦੇ ਸਿਰ ਤੇ ਚਾਟੀ ਰੱਖ ਦਿਤੀ ਤੇ ਆਪਣੇ ਸਿਰ ਤੇ ਪੰਜ-ਸੱਤ ਬੰਦਿਆਂ ਦਾ ਪ੍ਰਸ਼ਾਦਾ ਰੱਖ ਲਿਆ, ਦਹੀਂ, ਮੱਖਣ ਤੇ ਉਤੇ ਪਿਆਜ ਰੱਖੇ ਹੋਏ ਹਨ। ਸ਼ਰਧਾ ਦੇ ਨਾਲ ਅਰਦਾਸ ਕਰਦੇ ਘਰੋਂ ਜਾ ਰਹੇ ਨੇ। ਅੱਜ ਨਹੀਂ ਹੈ ਮਨ ਦੇ ਅੰਦਰ ਕਿ ਮੈਂ ਗੁਰੂ ਪਤਨੀ ਹਾਂ, ਅੱਜ ਇਕ ਜਗਿਆਸੂ ਦੇ ਤੌਰ ਤੇ ਆਪ ਜਾ ਰਹੇ ਨੇ, ਮੰਗਤਾ ਬਣ ਕੇ ਓਸ ਦਰ ਤੇ ਜਾ ਰਹੇ ਨੇ। ਜਿਉਂ-ਜਿਉਂ ਤੁਰਦੇ ਨੇ, ਦੂਜੇ ਪਾਸੇ ਖਿੱਚ ਪੈ ਰਹੀ ਹੈ। ਬਾਬਾ ਜੀ ਨੂੰ ਐਨੀ ਭੁੱਖ ਲਗੀ ਕਿ ਆਪ ਓਸ ਬੀੜ ਵਿਚੋਂ ਬਾਹਰ ਆ ਗਏ ਤੇ ਜਿਹੜਾ ਰਸਤਾ ਅੰਮ੍ਰਿਤਸਰੋਂ ਆਉਂਦਾ ਹੈ, ਓਧਰ ਨੂੰ ਦੇਖ ਰਹੇ ਹਨ। ਜਦੋਂ ਆਪ ਨੇ ਦੇਖਿਆ ਕਿ ਪ੍ਰਸ਼ਾਦਾ ਲੈ ਕੇ ਕੋਈ ਆ ਰਿਹਾ ਹੈ। ਪੁਛਿਆ ਸੇਵਾਦਾਰ ਨੂੰ ਕਿ ਕੌਣ ਹੈ? ਸੌ ਸਾਲ ਦੀ ਉਸ ਵੇਲੇ ਆਪ ਦੀ ਉਮਰ ਸੀ। ਉਨ੍ਹਾਂ ਨੇ ਕਿਹਾ ਕਿ ਮਾਤਾ ਜੀ ਆ ਰਹੇ ਨੇ।

ਕਹਿੰਦੇ, "ਹੈਂ! ਪੈਦਲ ਆ ਰਹੇ ਨੇ?"

ਸੇਵਾਦਾਰ ਕਹਿੰਦਾ, "ਬਾਬਾ ਜੀ! ਪ੍ਰਸ਼ਾਦੇ ਵੀ ਸੀਸ ਤੇ ਚੁੱਕੇ ਹੋਏ ਨੇ।"

ਉਸ ਵੇਲੇ ਬਾਬਾ ਜੀ ਬਹੁਤ ਕਾਹਲੀ-ਕਾਹਲੀ ਤੁਰੇ ਤੇ ਨੇੜੇ ਜਾ ਕੇ ਸੀਸ ਤੋਂ ਪਰਸ਼ਾਦੇ ਲਾਹ ਲਏ।

ਕਹਿਣ ਲੱਗੇ, "ਮਾਤਾ ਜੀ! ਐਨਾ ਪਿਆਰ ਤੁਸੀਂ ਆਪਣੇ ਪੁੱਤਰਾਂ ਨੂੰ ਕਰਦੇ ਹੋ? ਮੈਂ ਤਾਂ ਆਪ ਹੀ ਆ ਜਾਣਾ ਸੀ, ਐਨੀ ਖੇਚਲ ਤੁਸੀਂ ਕਿਉਂ ਕਰੀ।"

ਬੇਨਤੀਆਂ, ਨਿਮਰਤਾ ਦੇ ਬਚਨ ਕਰਦੇ ਜਾਂਦੇ ਨੇ ਪਰ ਮਾਤਾ ਜੀ ਪੂਰੀ ਸ਼ਰਧਾ ਵਿਚ ਨੇ। ਬਾਬਾ ਜੀ ਇਕ ਦਰਖਤ ਥੱਲੇ ਬੈਠ ਗਏ, ਖੇਤ ਵਾਹਿਆ ਹੋਇਆ ਹੈ। ਉਥੇ ਬੈਠ ਕੇ ਮਾਤਾ ਜੀ ਨੇ ਪੋਣਾ ਖੋਲ੍ਹਿਆ, ਦਹੀਂ ਦਾ ਛੰਨਾ ਅੱਗੇ ਰੱਖਿਆ, ਵਿਚ ਮੱਖਣ ਪਾਇਆ, ਪਰਸ਼ਾਦੇ ਹੱਥਾਂ ਤੇ ਰੱਖ ਕੇ ਛਕਣ ਲੱਗੇ। ਜਿਸ ਵਕਤ ਗੋਡੇ ਤੇ ਰੱਖ ਕੇ ਵੱਡਾ ਗੰਢਾ (ਪਿਆਜ) ਭੰਨਿਆ ਤਾਂ ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਉਚਾਰਣ ਹੋਇਆ ਕਿ ਮਾਤਾ ਜੀ! ਐਸਾ ਵਲੀ ਸਾਹਿਬਜਾਦਾ ਆਪ ਦੇ ਘਰ ਪ੍ਰਗਟ ਹੋਏਗਾ, ਵੱਡੇ-ਵੱਡੇ ਆਕੜ ਖਾਂ, ਦੁਸ਼ਟਾਂ ਦੇ ਸਿਰ ਭੰਨੇਗਾ। ਉਹ ਸੇਲੀ ਟੋਪੀ ਨਹੀਂ ਪਹਿਨੇਗਾ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੇਗਾ, ਸੱਚਾ ਪਾਤਿਸ਼ਾਹ ਕਹਾਏਗਾ, ਰਾਜੇ ਉਸ ਦੇ ਅੱਗੇ ਝੁਕਣਗੇ, ਵੱਡੇ ਪ੍ਰਤਾਪ ਵਾਲਾ ਹੋਵੇਗਾ। ਇਕ ਬੁਰਕੀ ਪਾ ਲੈਂਦੇ ਨੇ, ਨਾਲ ਇਕ ਬਚਨ ਕਰ ਦਿੰਦੇ ਨੇ। ਮਾਤਾ ਜੀ ਪ੍ਰਸੰਨ ਹੁੰਦੇ ਜਾਂਦੇ ਨੇ ਕਿ ਇਹ ਸੰਤਾਂ ਦਾ ਬਚਨ ਹੈ ਜੋ ਕਦੇ ਨਾਸ਼ ਨਹੀਂ ਹੋਇਆ ਕਰਦਾ -

*ਧਾਰਨਾ - ਭਾਵੇ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ -2, 2.*
*ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ-2, 2*
*ਭਾਵੇ ਚੰਦਰਮਾ ਨਾਸ਼ ਹੋ ਜਾਵੇ, .....- 2.*

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥* *ਪੰਨਾ - 1204*

ਸੋ ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਆਪ ਜੀ ਦੇ ਬਚਨ ਨਾਲ ਹੋਇਆ। ਸੋ ਵਿਚਾਰ ਇਹ ਸੀ ਕਿ 'ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥"

*ਧਾਰਨਾ - ਜੇਹਾ ਮਨੋਰਥ ਕਰ ਆਰਾਧੇ,*
*ਸੋ ਸੰਤਨ ਤੇ ਪਾਵੈ ਜੀ - 2, 4.*
*ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥*
*ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥*
*ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥*
*ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥*
*ਪੰਨਾ - 748*

ਏਸ ਕਰਕੇ ਅਰਦਾਸ ਹੈ ਕਿ -

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥*
*ਪੰਨਾ - 961*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤ ਕਰਦੇ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਭਾਈ, ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

# ਨਾਨਕ ਨਾਮੁ ਸੁਖਾਲਾ

ਸ਼ਾਨ .........................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਗੁਣ ਗਾਵਾਂ ਨਿਤ ਤੇਰੇ ਜੀ,*
*ਤੁਧ ਬਿਨ ਅਵਰ ਨਾ ਜਾਣਾ ਮੇਰੇ ਸਾਹਿਬਾ - 2, 2.*
*ਤੁਧ ਬਿਨ ਅਵਰ ਨ ਜਾਣਾ ਮੇਰੇ ਸਾਹਿਬਾ - 2, 2.*
*ਗੁਣ ਗਾਵਾਂ ਨਿਤ ਤੇਰੇ ਜੀ, ......... -2.*

*ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥*
*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥*
*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥*
*ਕਉਣੁ ਜਾਣੈ ਪੀਰ ਪਰਾਈ॥*
*ਹਮ ਨਾਹੀ ਚਿੰਤ ਪਰਾਈ॥ ਪੰਨਾ - 795*

*ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥*
*ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ॥*
*ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥*
*ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ॥*
*ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥*
*ਪੰਨਾ - 795*

*ਧਾਰਨਾ - ਨਾਨਕ ਨਾਮ ਸੁਖਾਲਾ, ਕੁਲਜੁਗ,*
*ਨਾਨਕ ਨਾਮ ਸੁਖਾਲਾ -2, 4.*

***ਧਾਰਨਾ - ਲੁਟ ਲੁਟ ਲਓ ਨਸੀਬਾਂ ਵਾਲੇ ਬੰਦਿਓ,***
***ਲੁਟ ਪੈ ਗਈ ਰਾਮ ਨਾਮ ਦੀ -2, 2.***
***ਮੇਰੇ ਪਿਆਰੇ, ਲੁਟ ਪੈ ਗਈ ਰਾਮ ਨਾਮ ਦੀ -2, 2.***
***ਲੁਟ ਲੁਟ ਲਓ ਨਸੀਬਾਂ ਵਾਲੇ ਬੰਦਿਓ,.. -2.***

***ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥***
***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥***
***ਪੰਨਾ - 1366***

ਸਾਧਸੰਗਤ ਜੀ! ਗਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ, ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੋਵੇ ਤਾਂ ਫਿਰ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀ ਹਾਜ਼ਰੀ ਭਰੀ ਜਾਇਆ ਕਰਦੀ ਹੈ ਕਿਉਂਕਿ ਸੰਗਤ ਦੇ ਅੰਦਰ ਕੇਵਲ ਨਾਮ ਦੀ ਹੀ ਬਾਤ ਹੋਇਆ ਕਰਦੀ ਹੈ-

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥***
***ਪੰਨਾ - 72***

ਕੇਵਲ ਨਾਮ ਦੀ ਬਾਤ ਹੋਵੇ ਉਹ ਸਤਿਸੰਗ ਹੋਇਆ ਕਰਦਾ ਹੈ। ਕੋਈ ਸਿਆਣੇ ਬੰਦਿਆਂ ਦਾ ਇਕੱਠ, ਕਿਸੇ ਪਾਰਟੀ ਦਾ ਇਕੱਠ ਜਾਂ ਹੋਰ ਕੋਈ ਇਕੱਠ ਹੋਵੇ, ਉਹ ਸਤਿਸੰਗ ਨਹੀਂ ਹੁੰਦੇ। ਬੇਨਤੀ ਕੀਤੀ ਸੀ -

***ਕਲਿਜੁਗਿ ਨਾਨਕ ਨਾਮੁ ਸੁਖਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 1/31***

ਸਿਆਣਿਆਂ ਨੇ ਸਮੇਂ ਨੂੰ ਚਾਰ ਹਿਸਿਆਂ ਵਿਚ ਵੰਡਿਆ - ਪਹਿਲਾ ਸਤਿਜੁਗ 17,28,000 ਸਾਲ ਦਾ, ਦੂਜਾ ਤ੍ਰੇਤਾ 12,96,000 ਸਾਲਾਂ ਦਾ, ਤੀਜਾ ਦੁਆਪਰ 8,64,000 ਸਾਲ ਦਾ ਦੁਆਪਰ ਅਤੇ 4,32,000 ਸਾਲ ਕਲਜੁਗ ਦੀ ਉਮਰ ਗਿਣਦੇ ਹਨ। ਚਾਰੇ ਜੁਗਾਂ ਦੇ ਸਮੇਂ ਨੂੰ ਇਕ ਚੌਂਕੜੀ ਕਿਹਾ ਜਾਂਦਾ ਹੈ। ਚੌਥਾ 43,20,000 ਸਾਲ ਦਾ ਸਮਾਂ ਲੰਘ ਕੇ ਫੇਰ ਸਤਿਜੁਗ ਆ ਜਾਂਦਾ ਹੈ। ਸਮੇਂ ਲੰਘਣ ਦੇ ਨਾਲ-ਨਾਲ ਲੋਕਾਂ ਦੇ ਖਿਆਲ ਵੀ ਬਦਲ ਜਾਂਦੇ ਹਨ, ਕਦੀ ਪਸ਼ੂਆਂ ਵਰਗੇ ਖਿਆਲ ਹੋ ਜਾਂਦੇ ਹਨ, ਕਦੀ ਦੇਵਤਿਆਂ ਵਰਗੇ ਖਿਆਲ ਹੋ ਜਾਂਦੇ ਹਨ, ਕਲਜੁਗ ਦੇ ਅੰਦਰ ਇਸ ਤਰ੍ਹਾਂ ਹੈ ਕਿ ਖਿਆਲ ਬਿਲਕੁਲ ਖਰਾਬ ਚਲ ਰਹੇ ਹਨ ਪਹਿਲੇ ਜੁਗਾਂ ਵਿਚ ਜੋ ਕਰਮ ਕਿਰਤ ਕਰਦੇ ਸੀ, ਜਤ ਸੀ, ਸਤ ਸੀ, ਤਪ ਸੀ, ਦਾਨ ਸੀ, ਪੁੰਨ ਸਨ, ਯੱਗ ਸਨ, ਉਹ ਸਾਰੇ ਦੇ ਸਾਰੇ ਇਸ ਯੁਗ ਦੇ ਅੰਦਰ ਕੰਮ ਨਹੀਂ ਕਰਦੇ, ਇਸ ਯੁਗ ਦਾ ਜੋ ਆਦਮੀ ਹੈ, ਉਸਦੇ ਮਨ ਦੇ ਅੰਦਰ ਇਤਨਾਂ ਸ਼ੰਕਾ ਹੈ ਕਿ ਪ੍ਰਤੱਖ ਦੇਖ ਕੇ ਵੀ ਉਸ ਨੂੰ ਨਿਹਚਾ ਨਹੀਂ ਆਉਂਦਾ। ਇਸ ਜੁਗ ਵਿਚ ਆਦਮੀਆਂ ਦੀ ਮਨੋਬਿਰਤੀ ਪ੍ਰੇਤਾਂ ਵਰਗੀ ਹੈ, ਪ੍ਰਮੇਸ਼ਰ ਦੀ ਕੋਈ ਪਛਾਣ ਨਹੀਂ ਹੈ। ਮਾਇਆ ਦੇ ਡੰਗ ਨੇ ਬੰਦੇ ਨੂੰ ਮੂਰਛਤ ਕਰ ਦਿਤਾ ਹੈ, ਪ੍ਰਭੂ ਵਲੋਂ ਭੁਲਾ ਦਿਤਾ ਹੈ -

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***

***ਪੰਨਾ - 643***

ਬਗੈਰ ਦੰਦਾਂ ਤੋਂ ਸੰਸਾਰ ਨੂੰ ਖਾ ਲਿਆ -

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਪੰਨਾ - 510***

ਮਹਾਰਾਜ ਨੇ ਐਸਾ ਵੀ ਫੁਰਮਾਨ ਕੀਤਾ ਹੈ ਕਿ ਇਕ ਦੋ ਨੂੰ ਨਹੀਂ ਡਸਦੀ, ਸਾਰੇ ਸੰਸਾਰ ਨੂੰ ਡਸਿਆ ਹੋਇਆ ਹੈ, ਭਾਵੇਂ ਕਿਤੇ ਵੀ ਹੈ ਕੋਈ, ਚਾਹੇ ਕੋਈ ਕੰਦਰਾਂ ਵਿਚ ਤਪ ਕਰਦਾ ਹੈ, ਚਾਹੇ ਕੋਈ ਮੰਦਰ ਵਿਚ ਬੈਠਾ ਹੈ, ਚਾਹੇ ਕੋਈ ਗੁਰਦਵਾਰੇ ਜਾਂ ਮਸਜਿਦ ਵਿਚ ਬੈਠਾ ਹੈ ਭਾਵੇਂ ਕੋਈ ਗਿਰਜੇ ਵਿਚ ਬੈਠਾ ਹੈ, ਜਿਥੇ ਵੀ ਹੈ, ਚਾਹੇ ਗ੍ਰਹਿਸਤੀ ਹੈ ਜਾਂ ਦੁਕਾਨਦਾਰ ਹੈ, ਖੇਤੀ ਬਾੜੀ ਕਰਨ ਵਾਲਾ ਹੈ, ਭਾਵੇਂ ਕਰਮਚਾਰੀ ਹੈ, ਭਾਵੇਂ ਮਨਿਸਟਰ ਹੈ, ਕੋਈ ਵੀ ਹੈ, ਕਹਿੰਦੇ ਉਸ ਨੂੰ ਵੀ ਮਾਇਆ ਨਾਗਣੀ ਬਣ ਕੇ ਲਿਪਟੀ ਹੋਈ ਹੈ। ਉਹ ਵੀ ਮਿਤ੍ਰ ਹੋ ਕੇ ਨਹੀਂ ਨਾਗਨੀ ਹੋ ਕੇ ਲਿਪਟੀ ਪਈ ਹੈ, ਫੇਰ ਐਨੀ ਖਤਰਨਾਕ ਹੈ -

***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ ਪੰਨਾ - 510***

ਜਿਹੜਾ ਇਸਦੀ ਸੇਵਾ ਕਰਦਾ ਹੈ, ਉਸੇ ਨੂੰ ਖਾ ਜਾਂਦੀ ਹੈ ਪਰ ਮਹਾਰਾਜ ਕਹਿੰਦੇ ਹਨ ਇਕ ਬਚਿਆ ਹੋਇਆ ਹੈ -

***ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥***

***ਪੰਨਾ - 510***

ਗੁਰਮੁਖ ਜਿਹੜਾ ਹੈ ਇਸ ਨੂੰ ਦਲ ਕੇ ਮਧੋਲ ਦਿੰਦਾ ਹੈ, ਚਰਣੀ ਲਾ ਕੇ ਇਸ ਤੋਂ ਸੇਵਾ ਕਰਾਉਂਦਾ ਹੈ। ਐਸੇ ਜੁਗ ਦੇ ਅੰਦਰ ਕੋਈ ਵੀ ਕਰਮ ਨਹੀਂ ਫਲ ਦੇ ਸਕਦਾ, ਗੁਰੂ ਮਹਾਰਾਜ ਤੋਂ ਪਹਿਲਾਂ ਜੋਗੀਆਂ ਤੇ ਸੂਫੀਆਂ ਦਾ ਜੁਗ ਕਹਿਲਾਉਂਦਾ ਸੀ, ਭਗਤੀ ਇਨ੍ਹਾਂ ਵਿਚ ਅਜੇ ਪ੍ਰਵੇਸ਼ ਕਰ ਰਹੀ ਸੀ।

ਜਿਹੜੇ ਸੂਫੀ ਸਨ ਉਹਨਾਂ ਵਿਚ ਗਿਆਨ ਵੀ ਸੀ ਪਰ 'ਜ਼ੋਹਦ' (ਤਪ) ਬਹੁਤ ਸੀ। ਤਪਸਿਆ ਬਹੁਤ ਸੀ, ਸਖਤ ਤਪਸਿਆ ਕਰਦੇ ਸੀ, ਜੇਕਰ ਬਾਬੇ ਫਰੀਦ ਦੀ ਤਪਸਿਆ ਵਲ ਜਾਂਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਸਰੀਰ ਬਿਲਕੁਲ ਪਿੰਜਰ ਬਣਾ ਦਿਤਾ। ਇਥੋਂ ਤਕ ਕਰ ਦਿਤਾ ਕਿ ਹੱਡੀਆਂ ਹੀ ਰਹਿ ਗਈਆਂ, ਢਾਂਚੇ ਤੋਂ ਪਤਾ ਲਗਦਾ ਸੀ ਕਿ ਇਹ ਕੋਈ ਬੰਦਾ ਹੈ, ਫਰੀਦ ਜੀ ਨੇ ਆਪ ਲਿਖਿਆ ਹੈ ਕਿ -

***ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥***

***ਪੰਨਾ - 1380***

ਸਰੀਰ ਦਾ ਖ਼ੂਨ ਐਨਾ ਮੁਕਾ ਦਿਤਾ ਕਿ ਰੱਤੀ ਜਿੰਨਾ ਵੀ ਖ਼ੂਨ ਨਹੀਂ ਸੀ

ਨਿਕਲਦਾ, ਕਿਉਂਕਿ ਮਾਸ ਨਹੀਂ ਸੀ ਰਿਹਾ, ਖ਼ੂਨ, ਚਮੜੀ ਤੇ ਮਾਸ ਦੇ ਵਿਚ ਹੀ ਸਮਾਅ ਗਿਆ। ਬਾਹਰ ਨਿਕਲਣ ਨੂੰ ਰਾਹ ਨਹੀਂ ਸੀ ਮਿਲਦਾ ਕਿਉਂਕਿ ਬਹੁਤ ਥੋੜ੍ਹਾ ਰਹਿ ਗਿਆ, ਏਸੇ ਤਰ੍ਹਾਂ ਆਪ ਨੇ ਫੁਰਮਾਨ ਕੀਤਾ ਹੈ –

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥ ਪੰਨਾ – 1382***

ਸਗਲਾ ਮਤਲਬ ਸਾਰਾ ਹੀ, ਬਾਕੀ ਨਹੀਂ ਕੁਝ ਬਚਿਆ, ਇਥੇ ਤੱਕ ਕਿ ਕਾਓਂ ਨੂੰ ਵਾਸਤਾ ਪਾ ਕੇ ਕਹਿੰਦੇ ਹਨ–

***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ਪੰਨਾ – 1382***

ਹੱਦ ਤੋਂ ਜ਼ਿਆਦਾ ਤਪਸਿਆ ਹੋ ਗਈ, ਅੰਦਾਜ਼ਾ ਲਗਾਉਣਾ ਹੀ ਔਖਾ ਹੈ, ਪੁਠੇ ਹੀ ਲਟਕਦੇ ਰਹਿਣਾ, ਦਰਖਤਾਂ ਨਾਲ ਜੰਗਲਾਂ ਵਿਚ ਖਲੋ ਕੇ ਹੀ ਤਪਸਿਆ ਕਰਨੀ, ਐਸੇ ਸਾਧਨ ਉਸ ਵੇਲੇ ਪ੍ਰਚਲਤ ਸਨ।

ਦੂਜੇ ਪਾਸੇ ਹੋਰ ਸਾਧਨ ਸਨ, ਜੋਗੀ ਲੋਕ ਭੀ ਜੰਗਲਾਂ, ਪਹਾੜਾਂ ਦੀਆਂ ਕੰਦਰਾਂ ਵਿਚ ਰਹਿੰਦੇ ਸਨ, ਧੋਤੀ, ਨੇਤੀ, ਨਿਉਲੀ, ਆਦਿ ਸਾਧਨ ਜਿਤਨੇ ਵੀ ਕਰਦੇ ਸਨ, ਬਹੁਤ ਔਖੇ ਸਨ, ਕੋਈ ਮਮੂਲੀ ਗੱਲ ਨਹੀਂ ਸੀ। ਜੋ ਪ੍ਰਾਣਾਯਾਮ ਦੀ ਜੋ ਖੇਡ ਸੀ, ਕੋਈ ਗਾਈਡ ਕਰਾਉਣ ਵਾਲਾ ਹੋਵੇ, ਇਕਾਂਤ ਹੋਵੇ, ਸਰੀਰ ਨੂੰ ਰਿਸ਼ਟ ਪੁਸ਼ਟ ਰੱਖਣ ਵਾਲੀ ਖੁਰਾਕ ਹੋਵੇ, ਭਾਵੇਂ ਥੋੜ੍ਹੀ ਹੋਵੇ ਪਰ ਹੋਵੇ ਅਜੇਹੀ ਜਿਸ ਨਾਲ ਸਰੀਰ ਤਕੜਾ ਰਹੇ, ਅਰੋਗ ਰਹੇ, ਤਾਂ ਫੇਰ ਉਹ ਯੋਗਾ ਅਭਿਆਸ ਕਰ ਸਕਿਆ ਕਰਦੇ ਸੀ। ਇਹ ਬਹੁਤ ਲੰਬਾ ਰਸਤਾ ਹੈ। ਇਕ ਵਾਰੀ ਮੈਂ ਵਿਸਥਾਰ ਨਾਲ ਦਸਿਆ ਸੀ ਕਿ ਰੀੜ ਦੀ ਹੱਡੀ ਦੇ ਆਖਰੀ ਸਿਰੇ ਤੇ ਭੁਜੰਗਾ ਨਾੜੀ ਨੇ ਸੁਖਮਨਾ ਨਾੜੀ ਦਾ ਮੂੰਹ ਬੰਦ ਕੀਤਾ ਹੋਇਆ ਹੈ, ਇਹ ਨਾੜੀ ਸਾਢੇ ਤਿੰਨ ਵਲ ਮਾਰ ਕੇ ਸੁੱਤੀ ਪਈ ਹੈ। ਇਸ ਵਿਚ ਕੁੰਡਲਨੀ ਸ਼ਕਤੀ ਹੈ, ਪ੍ਰਾਣ ਅਤੇ ਅਪਾਨ ਵਾਯੂ ਰਾਹੀਂ ਇਸ ਸਿਰੇ ਤੇ ਗਰਮੀ ਪੈਦਾ ਕਰਨ ਨਾਲ ਭੁਜੰਗਾ ਨਾੜੀ ਦਾ ਮੂੰਹ ਖੁਲ੍ਹ ਜਾਂਦਾ ਹੈ ਅਤੇ ਕੁੰਡਲਨੀ ਸ਼ਕਤੀ ਜਾਗ੍ਰਤ ਹੋ ਜਾਂਦੀ ਹੈ। ਉਸ ਨੂੰ ਜਗਾ ਕੇ ਫੇਰ ਮੂਲਧਾਰ ਚੱਕਰ ਖੋਲਣਾ, ਫੇਰ ਅੱਗੇ ਚੱਕਰ ਖੋਲਦੇ ਖੋਲਦੇ ਅਖੀਰ ਦਸਵੇਂ ਦੁਆਰ ਤਕ ਪਹੁੰਚਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਨੌਂ ਖੰਡਾਂ ਤੱਕ ਜਿਥੇ ਜਿਥੇ ਤਕ ਧਰਤੀ ਸੀ ਆਪ ਜਾ ਜਾ ਕੇ ਗੁਰਮਤਿ ਦਾ ਜੋ ਸਿਧਾਂਤ ਸੀ, ਸਹੀ ਰਸਤਾ ਪ੍ਰਗਟ ਕਰਕੇ ਆਪ ਇਸ ਸਿਧਾਂਤ ਨੂੰ ਦ੍ਰਿੜ੍ਹ ਕਰਾਇਆ ਕਰਦੇ ਸਨ ਕਿਉਂਕਿ ਦੁਨੀਆਂ ਬਹੁਤ ਔਝੜਾਂ ਵਿਚ ਪੈ ਗਈ ਸੀ। ਗੁਰੂ ਮਹਾਰਾਜ ਜੀ ਖਾਸ ਕਰਕੇ ਸਿਧਾਂ ਨੂੰ ਜਾ ਕੇ ਮਿਲੇ ਕਿਉਂਕਿ ਉਹਨਾਂ ਦਾ ਉਸ ਵੇਲੇ ਬਹੁਤ ਬੋਲ–ਬਾਲਾ ਸੀ। ਸੂਫੀ ਪੀਰ ਵੀ ਉਸ ਵੇਲੇ ਬਹੁਤ ਕਰਾਮਾਤੀ ਸਨ। ਪਰ ਸਿੱਧ ਆਮ ਜਨਤਾ ਨੂੰ ਬਹੁਤ ਕਰਾਮਾਤਾਂ, ਸ਼ਕਤੀਆਂ ਦਿਖਾਇਆ ਕਰਦੇ ਸਨ। ਸੋ ਗੁਰੂ ਮਹਾਰਾਜ ਜੀ ਜਦੋਂ ਸੁਮੇਰ ਪਰਬਤ ਤੇ ਮਾਨ ਸਰੋਵਰ ਝੀਲ ਤੇ ਗਏ ਉਥੇ

ਮਹਾਰਾਜ ਜੀ ਦੀ ਨਿਗਾਹ ਸਿੱਧ ਮੰਡਲੀ ਤੇ ਪੈ ਗਈ, ਆਪ ਉਨ੍ਹਾਂ ਦੀਆਂ ਗੁਫਾਵਾਂ ਵਿਚ ਪਹੁੰਚ ਗਏ, ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦੋਂ ਗੁਰੂ ਮਹਾਰਾਜ ਉਥੇ ਗਏ ਤਾਂ ਸਿੱਧ ਹੈਰਾਨ ਹੋ ਗਏ ਕਿ ਇਥੇ ਜਿਥੇ ਕੋਈ ਰਸਤਾ ਨਹੀਂ ਹੈ, ਬਰਫਾਂ ਪਈਆਂ ਹਨ, ਅੱਜ ਤੋਂ ਪੰਜ ਸੌ ਸਾਲ ਪਹਿਲਾਂ ਉਹਨਾਂ ਜ਼ਮਾਨਿਆਂ ਵਿਚ ਜੰਗਲ ਹੀ ਜੰਗਲ ਸਨ। ਹੈਰਾਨ ਹੋ ਰਹੇ ਸਨ ਕਿ ਇਹ ਤਿੰਨ ਜਣੇ ਕਿਥੋਂ ਆ ਗਏ? ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ ਕਿ –

***ਬਾਬੇ ਡਿਠੀ ਪਿਰਥਮੀ ਨਵੇ ਖੰਡਿ ਜਿਥੈ ਤਕਿ ਆਹੀ।***

***ਭਾਈ ਗੁਰਦਾਸ ਜੀ ਦੀ ਵਾਰ 1/28***

ਮਹਾਰਾਜ ਤਾਂ ਯੂਰਪ ਵਿਚ ਵੀ ਗਏ, ਅਸੀਂ ਤਾਂ ਮਿਸਰ ਸੁਡਾਨ ਤੋਂ ਅਗੇ ਗਏ ਦਸਦੇ ਨਹੀਂ ਹਾਂ, ਸਿਰਫ ਮਿਸਰ ਤਕ ਗਏ ਹੀ ਕਹਿੰਦੇ ਹਾਂ, ਪਰ ਜਨਮ ਸਾਖੀ ਵਿਚ ਆਉਂਦਾ ਹੈ ਕਿ ਜਿਥੇ ਤਕ ਵੀ ਧਰਤੀ ਸੀ, ਕੋਈ ਬੰਦਾ ਸੀ ਉਥੇ ਤਕ ਗੁਰੂ ਨਾਨਕ ਸਾਹਿਬ ਪਹੁੰਚੇ। ਕਈ ਸ਼ੰਕਾਵਾਦੀ ਐਸੀ ਗਲ ਕਰ ਦਿੰਦੇ ਹਨ ਕਿ ਮਹਾਰਾਜ ਉਹਨਾਂ ਲੋਕਾਂ ਨਾਲ ਕਿਵੇਂ ਗੱਲ ਕਰ ਲੈਂਦੇ ਸਨ? ਕੀ ਇਸ਼ਾਰਿਆਂ ਨਾਲ ਗੱਲ ਕਰਦੇ ਸਨ? ਸਾਧ ਸੰਗਤ ਜੀ, ਇਸ਼ਾਰਿਆਂ ਨਾਲ ਨਹੀਂ ਸਨ ਕਰਦੇ। ਜਦੋਂ ਆਪੇ ਹੀ ਸਭ ਕੁਝ ਸਨ, ਆਪ ਸਰਬ ਵਿਦਿਆ ਯੋਗੀ ਸੀ, ਆਪੇ ਹੀ ਪਰਮੇਸ਼ਰ ਸਨ, ਸਭ ਦੇ ਅੰਦਰ ਪਰਮੇਸ਼ਰ ਹੀ ਹੈ, ਗੁਰੂ ਨਾਨਕ ਦੇਵ ਆਪ ਹੀ ਪਰਮੇਸ਼ਰ ਸਨ, ਆਪ ਹੀ ਨਿਰੰਕਾਰ ਸਨ, ਗੁਰੂ ਰੂਪ ਵਿਚ ਪ੍ਰਗਟ ਹੋਏ ਸਨ – ਸੰਸਾਰ ਦਾ ਉਧਾਰ ਕਰਨ ਵਾਸਤੇ। ਉਹ ਸਰਬ ਕਲਾ ਸਮਰੱਥ ਸਨ।

ਉਹਨਾਂ ਦੀ ਇਕ ਹੀ ਬੋਲੀ ਨਹੀਂ ਸੀ, ਜਾਨਵਰਾਂ ਦੀ ਵੀ ਬੋਲੀ, ਤੱਤਾਂ ਦੀ ਵੀ ਬੋਲੀ ਸਾਰੀ ਉਹਨਾਂ ਦੇ ਸਮਝ ਵਿਚ ਆਉਂਦੀ ਸੀ, ਬੋਲੀ ਦੇ ਚਾਰ ਹਿਸੇ ਹੁੰਦੇ ਹਨ, ਪਹਿਲੀ ਬੋਲੀ ਹੁੰਦੀ ਹੈ ਪਰਾ, ਇਸ ਬੋਲੀ ਨੂੰ ਬ੍ਰਹਮ ਮੰਡਲ ਦੀ ਬੋਲੀ ਆਖਦੇ ਹਨ, ਦੂਜੀ ਹੋਇਆ ਕਰਦੀ ਹੈ ਭਾਵਾਂ ਦੀ ਬੋਲੀ, ਜਿਸ ਨੂੰ ਪਸੰਤੀ ਆਖਦੇ ਹਨ, ਏਥੇ ਵੀ ਇਸਦੇ ਅੱਖਰ (words) ਨਹੀਂ ਬਣਦੇ, ਕੇਵਲ ਭਾਵ ਬਣਦੇ ਹਨ। ਏਸ ਤੋਂ ਅੱਗੇ ਬੋਲੀ ਹੁੰਦੀ ਹੈ, ਜਦੋਂ ਨਿਕਲਣ ਲਗਦੀ ਹੈ ਤਾਂ ਫੁਰਨੇ ਦਾ ਰੂਪ ਧਾਰਦੀ ਹੈ, ਗਲੇ ਵਿਚ ਆ ਕੇ ਇਹ ਮਧਮਾ ਬਣ ਜਾਂਦੀ ਹੈ। ਫੇਰ ਉਸ ਤੋਂ ਅੱਗੇ ਆ ਕੇ ਇਹ ਬੈਖਰੀ ਬਣ ਜਾਂਦੀ ਹੈ, ਜਿਹੜੀ ਕਿ ਆਪਾਂ ਬੋਲਦੇ ਹਾਂ। ਉਹ ਜਿਹੜੀ ਪਰਾ ਬਾਣੀ ਹੈ ਉਹ ਵੀ ਬਾਣੀ ਹੈ, ਜਿਹੜੀ ਭਾਵਾਂ ਦੀ ਬਾਣੀ ਹੈ ਉਸ ਨੂੰ ਮਸ਼ੀਨਾਂ ਫੜਨ ਦਾ ਯਤਨ ਕਰਦੀਆਂ ਹਨ, ਬਈ ਆਦਮੀ ਦੇ ਭਾਵ ਫੜ ਲਏ ਜਾਣ, ਏਸੇ ਕਰਕੇ ਲਾਈ ਡੀਟੈਕਟਰ (lie detector) ਲਾਏ ਜਾਂਦੇ ਹਨ ਜਿਹੜੇ ਆਦਮੀ ਦੇ ਭਾਵ ਨੂੰ ਫੜ ਲੈਂਦੇ ਹਨ, ਇਹ ਪਹਿਲਾਂ ਵੀ ਸੀ।

ਦੁਆਪਰ ਵਿਚ ਰਾਜਾ ਜਰਾਸਿੰਧ ਸੀ, ਉਸ ਕੋਲ ਕ੍ਰਿਸ਼ਨ ਮਹਾਰਾਜ ਜੀ ਗਏ ਸਨ। ਉਸਨੇ ਆਪਣੀ ਰਾਖੀ ਵਾਸਤੇ ਕੋਈ ਪੁਲਿਸ ਵਗੈਰਾ ਨਹੀਂ

ਸੀ ਰਖੀ ਹੋਈ। ਉਸ ਨੂੰ ਪੁਲਿਸ ਅਤੇ ਫੌਜਾਂ ਤੇ ਵਿਸ਼ਵਾਸ ਨਹੀਂ ਸੀ, ਬਈ ਸ਼ਾਇਦ ਏਹੀ ਵਿਗੜ ਜਾਣ। ਉਹ ਦਰਵਾਜੇ ਬੰਦ ਨਹੀਂ ਸੀ ਕਰਦਾ, ਖੁਲੇ ਰਹਿੰਦੇ ਸਨ, ਉਥੇ ਇਕ ਆਰਾ ਲਗਿਆ ਹੁੰਦੀ ਸੀ। ਉਹ ਇਤਨਾ sensitive ਸੀ ਕਿ ਜੇਕਰ ਕੋਈ ਬੰਦਾ ਗਲਤ ਨੀਤੀ ਨਾਲ ਉਹਦੇ ਕੋਲੋਂ ਦੀ ਲੰਘਣਾ ਚਾਹੇ ਤਾਂ ਉਹ ਲੰਘਣ ਨਹੀਂ ਸੀ ਦਿੰਦਾ ਤੇ ਉਸੇ ਵਕਤ ਸਿਰ ਕੱਟ ਕੇ ਪਰਾਂ ਸੁਟਦਾ ਸੀ। ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਕਿਹਾ ਕਿ ਆਪਾਂ ਜਰਾਸਿੰਧ ਦੇ ਮਿਤਰ ਨਹੀਂ ਹਾਂ, ਆਪਾਂ ਦੁਸ਼ਮਨ ਹਾਂ, ਇਸਨੇ ਪਹਿਰਾ ਤਾਂ ਕੋਈ ਰਖਿਆ ਨਹੀਂ ਹੋਇਆ, ਇਸਨੇ ਚਿਤ ਦੀ ਚਿਤਵਨੀ ਨੂੰ ਸਮਝਣ ਵਾਲਾ ਆਰਾ ਲਗਾਇਆ ਹੋਇਆ ਹੈ ਜੋ ਕਿ ਸਾਡੇ ਸਿਰ ਤੇ ਗਿਰ ਜਾਏਗਾ। ਸੋ ਅਸੀਂ ਇਸ ਦੇ ਹੇਠਾਂ ਤੋਂ ਨਹੀਂ ਲੰਘ ਸਕਦੇ। ਅਰਜਨ ਕਹਿਣ ਲੱਗਾ, ਮਹਾਰਾਜ ਫਿਰ ਕਿਥੋਂ ਲੰਘੀਏ, ਆਪ ਨੇ ਕਿਹਾ ਕਿ ਆਪਾਂ ਕਿਲੇ ਦੀ ਕੰਧ ਟਪ ਕੇ ਅੰਦਰ ਚਲੇ ਜਾਵਾਂਗੇ।

ਸੋ ਇਸ ਤਰ੍ਹਾਂ ਭਾਵਾਂ ਦੀ ਬੋਲੀ ਹੁੰਦੀ ਹੈ, ਗੁਰੂ ਨਾਨਕ ਸਾਹਿਬ ਸਭ ਬੋਲੀਆਂ ਜਾਣਦੇ ਸਨ, ਹਰ ਇਕ ਦੀ ਬੋਲੀ ਜਾਣਦੇ ਸਨ, ਸੋ ਜਿਥੇ ਤਕ ਵੀ ਪ੍ਰਿਥਵੀ ਸੀ ਗੁਰੂ ਨਾਨਕ ਦੇਵ ਉਥੇ ਤਕ ਗਏ, ਜਾ ਕੇ ਉਪਦੇਸ਼ ਦਿਤਾ–

***ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸਟੀ ਆਈ।***

***ਭਾਈ ਗੁਰਦਾਸ ਜੀ ਦੀ ਵਾਰ 1/28***

ਫਿਰ ਸੁਮੇਰ ਪਰਬਤ ਤੇ ਚਲੇ ਗਏ ਉਥੇ ਜਾ ਕੇ ਕੀ ਦੇਖਦੇ ਹਨ। ਬਹੁਤ ਵੱਡੀਆਂ ਵੱਡੀਆਂ ਉਮਰਾਂ ਵਾਲੇ ਸਿੱਧ ਬੈਠੇ ਹਨ, ਸਮਾਧੀਆਂ ਲਗਾਈਆਂ ਹੋਈਆਂ ਹਨ, ਕਾਫੀ ਸਿੱਧ ਸਨ ਜਿਹਨਾਂ ਦੀ ਗਿਣਤੀ ਚੌਰਾਸੀ ਗਿਣੀ ਜਾਂਦੀ ਹੈ –

***ਚਉਰਾਸੀਹ ਸਿਧ ਗੋਰਖਾਦਿ, ਮਨਿ ਅੰਦਰਿ ਗਣਤੀ ਵਰਤਾਈ॥***

***ਭਾਈ ਗੁਰਦਾਸ ਜੀ ਦੀ ਵਾਰ 1/28***

ਜਦੋਂ ਉਹਨਾਂ ਨੇ ਦੇਖਿਆ ਕਿ ਇਹ ਛੋਟੀ ਉਮਰ ਵਾਲਾ ਕੌਣ ਆ ਰਿਹਾ ਹੈ ਤਾਂ ਉਹਨਾਂ ਦੇ ਮਨ ਵਿਚ ਕੁਝ ਹੈਰਾਨੀ ਹੋ ਗਈ।

ਕੁਝ ਗਿਣਤੀ ਮਿਣਤੀ ਹੋਣ ਲਗ ਪਈ ਕਿ ਇਹ ਇਥੇ ਕਿਸ ਤਰ੍ਹਾਂ ਆ ਗਿਆ ਹੈ? ਬਹੁਤ ਕਰਾਮਾਤੀ ਪੁਰਸ਼ ਹੈ ਜੋ ਇਥੇ ਆ ਗਿਆ। ਜਦੋਂ ਗੁਰੂ ਨਾਨਕ ਜੀ ਉਨ੍ਹਾਂ ਦੇ ਕੋਲ ਚਲੇ ਗਏ ਤਾਂ ਉਥੇ ਜਾ ਕੇ ਪਰਸਪਰ ਬਾਤ ਚੀਤ ਹੋਈ, ਤਾਂ ਸਿੱਧਾਂ ਨੇ ਪਹਿਲਾ ਸਵਾਲ ਹੀ ਗੁਰੂ ਮਹਾਰਾਜ ਤੇ ਇਹ ਕੀਤਾ –

***ਸਿਧ ਪੁਛਣਿ ਸੁਣਿ ਬਾਲਿਆ! ਕਉਣੁ ਸਕਤਿ ਤੁਹਿ ਏਥੇ ਲਿਆਈ।***
***ਭਾਈ ਗੁਰਦਾਸ ਜੀ ਦੀ ਵਾਰ 1/28***

ਸਾਨੂੰ ਇਹ ਤਾਂ ਦਸ ਕਿ ਕਿਹੜੀ ਸ਼ਕਤੀ ਹੈ ਜੋ ਤੈਨੂੰ ਏਥੇ ਲੈ ਆਈ ਹੈ? ਕੀ ਤੂੰ ਪ੍ਰਾਣਾਯਾਮ ਕੀਤਾ ਹੈ, ਜਾਂ ਕੋਈ ਹੋਰ 'ਅਉਖਦੀਆਂ' ਨੂੰ ਸਿਧ ਕੀਤਾ ਹੈ, ਜਾਂ ਕੋਈ ਜੰਤਰ ਮੰਤਰ ਸਿੱਧ ਕੀਤਾ ਹੈ, ਕਿਉਂਕਿ ਏਥੇ ਆਉਣਾ ਬਹੁਤ ਮੁਸ਼ਕਿਲ ਹੈ।

***ਧਾਰਨਾ - ਕਿਹੜੀ ਸ਼ਕਤੀ ਤੈਨੂੰ ਇਥੇ ਲਿਆਈ,***
***ਸਿੱਧ ਪੁਛਣ ਦਸੀਂ ਬਾਲਿਆ -2, 2.***
***ਮੇਰੇ ਪਿਆਰੇ, ਸਿਧ ਪੁਛਣ ਦੱਸੀਂ ਬਾਲਿਆ - 2, 2.***
***ਕਿਹੜੀ ਸ਼ਕਤੀ ਤੈਨੂੰ ਇਥੇ ਲਿਆਈ,... -2.***

ਸਿੱਧਾਂ ਦੇ ਮਨ ਵਿਚ ਹੈਰਾਨੀ ਸੀ, ਕਹਿਣ ਲੱਗੇ ਸਾਨੂੰ ਇਹ ਤਾਂ ਦਸ -

***ਸਿਧ ਪੁਛਨਿ ਸੁਣਿ ਬਾਲਿਆ!***
***ਕਉਣੁ ਸਕਤਿ ਤੁਹਿ ਏਥੇ ਲਿਆਈ।***
***ਭਾਈ ਗੁਰਦਾਸ ਜੀ ਦੀ ਵਾਰ 1/28***

ਸਾਨੂੰ ਦਸ ਤੇਰੇ ਕੋਲ ਕਿਹੜੀ ਸ਼ਕਤੀ ਹੈ ਕਿਉਂਕਿ ਉਹ ਸ਼ਕਤੀਆਂ ਦੇ ਪੁਜਾਰੀ ਸਨ, ਰਿਧੀ ਸਿਧੀ ਵਿਚ ਵਿਸ਼ਵਾਸ ਰਖਦੇ ਸਨ। ਮਹਾਤਮਾ ਦੀ ਨਿਸ਼ਾਨੀ ਹੀ ਇਹੋ ਸਮਝਦੇ ਸੀ ਕਿ ਉਹਦੇ ਵਿਚ ਸ਼ਕਤੀ ਹੋਣੀ ਚਾਹੀਦੀ ਹੈ, ਜੇ ਮਹਾਤਮਾ ਪਾਸ ਕੋਈ ਸ਼ਕਤੀ ਨਾ ਹੋਵੇ ਤਾਂ ਫਿਰ ਉਸ ਪਾਸ ਕੋਈ ਜਾਂਦਾ ਆਉਂਦਾ ਹੀ ਨਹੀਂ, ਭਾਵੇਂ ਉਸ ਨੂੰ ਆਤਮ ਗਿਆਨ ਹੋਵੇ। ਸੰਤ ਤਾਂ ਪੂਰਨ ਆਤਮ ਗਿਆਨੀ ਹੁੰਦੇ ਹਨ ਪਰ ਇਸ ਦੇ ਵਿਪਰੀਤ ਅਸਾਡਾ ਮਤ ਤਾਂ ਇਹ ਹੈ ਕਿ ਸੰਤਾਂ ਪਾਸ ਰਿੱਧੀਆਂ-ਸਿੱਧੀਆਂ ਸ਼ਕਤੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਉਹ ਸ਼ਕਤੀਆਂ ਰਾਹੀਂ ਨਾਟਕ ਚੇਟਕ ਕਰ ਸਕਣ ਦੀ ਸਮਰੱਥਾ ਰਖਦਾ ਹੋਵੇ ਅਤੇ ਲੋਕਾਂ ਨੂੰ ਰੀਝਾ ਸਕੇ।

ਥੋੜ੍ਹੇ ਦਿਨਾਂ ਦੀ ਗੱਲ ਹੈ ਕਿ ਇਕ ਪ੍ਰੇਮੀ ਨੇ ਬਹੁਤ ਸਾਧਨਾ ਕੀਤੀ ਹੋਈ ਹੈ, ਕੋਈ ਮਾਮੂਲੀ ਗੱਲ ਨਹੀਂ ਹੈ, ਹਫਤਾ ਭਰ ਪਾਣੀ ਵਿਚ ਬੈਠਾ ਰਿਹਾ, ਸਾਹ ਹੀ ਨਹੀਂ ਲਿਆ ਉਸਨੇ। ਸਾਧਨ ਤਾਂ ਬਹੁਤ ਵਧੀਆ ਹੈ ਕਿਉਂਕਿ ਐਸੇ ਪੁਰਸ਼ ਦ੍ਰਿੜ੍ਹ ਇਰਾਦਿਆਂ ਵਾਲੇ ਹੁੰਦੇ ਹਨ, ਐਵੇਂ ਕੱਚੇ ਇਰਾਦਿਆਂ ਵਾਲੇ ਨਹੀਂ ਹੁੰਦੇ ਪਰ ਇਹ ਚੀਜ਼ਾਂ ਕਿਸੇ ਅਵਸਥਾ ਤੇ ਨਹੀਂ ਪਹੁੰਚਾਉਂਦੀਆਂ। ਜੇਕਰ ਐਨੀ ਮਿਹਨਤ ਭਜਨ ਬੰਦਗੀ ਵਾਲੇ ਪਾਸੇ ਕੀਤੀ ਜਾਵੇ ਤਾਂ ਬਹੁਤ ਵੱਡੀ ਪ੍ਰਾਪਤੀ ਹੋ ਸਕਦੀ ਹੈ, ਜਦੋਂ ਕਿਸੇ ਇਕ ਸੰਤ ਨੇ ਦੂਜੇ ਸੰਤ ਨੂੰ ਮਿਲਣਾ ਹੁੰਦਾ ਹੈ ਤਾਂ ਪਹਿਲਾਂ ਇਹ ਦੇਖਦਾ ਹੈ ਕਿ ਇਹਦੇ ਵਿਚ ਕਿੰਨੀ ਵੱਡੀ ਸ਼ਕਤੀ ਹੈ।

ਜਦੋਂ ਕੋਈ ਕਿਸੇ ਨੂੰ ਮਾਇਆ ਦੇ ਹਿਸਾਬ ਨਾਲ ਦੇਖਦਾ ਹੈ ਤਾਂ ਉਸ ਨੂੰ ਸੋਨੇ ਦੇ ਗਜ ਨਾਲ ਨਾਪਦਾ ਹੈ ਕਿ ਇਸਦੀਆਂ ਕਿੰਨੀਆਂ ਕੋਠੀਆਂ ਹਨ, ਕਿਹੋ ਜਿਹੇ ਕੰਮ ਕਰਦਾ ਹੈ, ਜ਼ਮੀਨ ਜਾਇਦਾਦ ਕਿੰਨੀ ਹੈ? ਫਿਰ ਉਹੋ ਜਿਹਾ ਹੀ ਆਦਰ ਸਤਿਕਾਰ ਹੁੰਦਾ ਹੈ। ਸੋ ਜਿਹੜੇ ਸਾਧੂ ਹੁੰਦੇ ਹਨ,

ਉਹ ਦੇਖਦੇ ਹਨ ਕਿ ਇਹਦੇ ਕੋਲ ਕਿੰਨੀ ਵੱਡੀ ਸ਼ਕਤੀ ਹੈ, ਕਿੰਨਾ ਵੱਡਾ ਡੇਰਾ ਹੈ ਇਸ ਕੋਲ ਕਿੰਨੇ ਸੇਵਕ ਹਨ। ਸੋ ਖਿਆਲ ਐਸੇ ਹੀ ਸਨ ਉਨ੍ਹਾਂ ਦਿਨਾਂ ਵਿਚ, ਸਿੱਧਾਂ ਨੇ ਮਹਾਰਾਜ ਤੇ ਸ਼ਕਤੀ ਦੇ ਸਬੰਧ ਦੇ ਹੀ ਸਵਾਲ ਕਰ ਦਿੱਤੇ।

***ਸਿਧ ਪੁਛਣਿ ਸੁਣਿ ਬਾਲਿਆ!***
***ਕਉਣੁ ਸਕਤਿ ਤੁਹਿ ਏਥੇ ਲਿਆਈ।***

***ਭਾਈ ਗੁਰਦਾਸ ਜੀ ਦੀ ਵਾਰ 1/28***

ਸਾਨੂੰ ਇਹ ਦਸ ਤੇਰੇ ਕੋਲ ਕਿਹੜੀ ਸ਼ਕਤੀ ਹੈ, ਜਿਹੜੀ ਤੈਨੂੰ ਇਥੇ ਲਿਆਈ ਹੈ? ਗੁਰੂ ਨਾਨਕ ਸਾਹਿਬ ਚੁਪ ਕਰ ਰਹੇ, ਮਹਾਰਾਜ ਨੇ ਫਿਰ ਉਤਰ ਦਿੱਤਾ ਕਿ ਅਸੀਂ ਤਾਂ ਕੋਈ ਐਸੇ ਸਾਧਨ ਨਹੀਂ ਕੀਤੇ, ਨਾ ਪ੍ਰਾਣਾਯਾਮ ਕੀਤਾ ਹੈ, ਨਾ ਕੋਈ ਨੇਤੀ ਧੋਤੀ ਦੇ ਸਾਧਨ ਕੀਤੇ ਹਨ, ਅਸੀਂ ਤਾਂ ਕੇਵਲ ਇਕੋ ਹੀ ਸਾਧਨ ਕੀਤਾ ਹੈ -

***ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ॥***

***ਭਾਈ ਗੁਰਦਾਸ ਜੀ ਦੀ ਵਾਰ 1/28***

ਇਕ ਪਰਮੇਸ਼ਰ ਦਾ ਨਾਮ ਜਪਿਆ ਹੈ, ਇਕ ਪਰਮੇਸ਼ਰ ਨੂੰ ਪਿਆਰ ਕੀਤਾ ਹੈ।

ਸਿੱਧ ਕਹਿਣ ਲੱਗੇ ਇਹ ਤਾਂ ਕੋਈ ਸਾਧਨ ਹੀ ਨਹੀਂ ਹੈ ਜੋ ਤੁਸੀਂ ਕੀਤਾ ਹੈ, ਪਿਆਰ ਕਰਨਾ ਕੋਈ ਸਾਧਨ ਨਹੀਂ ਹੈ, ਜਾਪ ਕਰਨਾ ਕੋਈ ਸਾਧਨ ਨਹੀਂ ਹੈ, ਅੱਛਾ ਪਹਿਲਾਂ ਤੂੰ ਆਪਣਾ ਨਾਮ ਤੇ ਦੱਸ -

***ਆਖਣਿ ਸਿਧ ਸੁਣਿ ਬਾਲਿਆ!***
***ਅਪਣਾ ਨਾਉ ਤੁਮ ਦੇਹੁ ਬਤਾਈ?***
***ਬਾਬਾ ਆਖੇ ਨਾਥ ਜੀ!***
***ਨਾਨਕ ਨਾਮ ਜਪੇ ਗਤਿ ਪਾਈ।***

***ਭਾਈ ਗੁਰਦਾਸ ਜੀ ਦੀ ਵਾਰ 1/28***

ਇਸ ਤਰ੍ਹਾਂ ਗੁਰੂ ਸਾਹਿਬ ਆਪਣਾ ਨਾਮ ਵੀ ਦੱਸ ਗਏ ਨਾਲ ਇਹ ਵੀ ਦੱਸ ਦਿੱਤਾ ਕਿ ਅਸੀਂ ਤਾਂ ਪਰਮੇਸ਼ਰ ਦਾ ਨਾਮ ਜਪ ਕੇ ਉਸ ਨਾਲ ਗੱਠ ਪਾਈ ਹੈ

***ਨੀਚੁ ਕਹਾਇ ਊਚ ਘਰਿ ਆਈ॥***

***ਭਾਈ ਗੁਰਦਾਸ ਜੀ ਦੀ ਵਾਰ1/28***

ਕਿਉਂਕਿ ਨਿਮਰਤਾ ਦੇ ਨਾਲ, ਹੈਂਕੜ ਦੇ ਨਾਲ ਨਹੀਂ, ਨਿਮਰਤਾ ਦੇ ਨਾਲ ਸਾਨੂੰ ਜੋ ਉਚਾ ਘਰ ਦਸਵਾਂ ਦੁਆਰਾ ਹੈ, ਜੋ ਪਰਮੇਸ਼ਰ ਦਾ ਦੁਆਰਾ ਹੈ, ਉਸ ਥਾਂ ਤੇ ਸਾਡੀ ਬਿਰਤੀ ਹੈ, ਪਰਮੇਸ਼ਰ ਨੂੰ ਜਪ ਕੇ, ਅਸੀਂ ਇਥੇ ਪਹੁੰਚੇ ਹਾਂ। ਜਦੋਂ ਸਿੱਧਾਂ ਨੇ ਐਨੀ ਗੱਲ ਸੁਣੀ ਤਾਂ ਮਹਾਰਾਜ ਤੇ ਸੁਆਲ ਕਰ ਦਿਤਾ ਕਿ ਕੀ ਤੁਸੀਂ ਮਾਤ ਲੋਕ ਤੋਂ ਆਏ ਹੋ? ਮਾਤਲੋਕ ਭਾਰਤਵਰਸ਼

ਨੂੰ ਕਿਹਾ ਕਰਦੇ ਸਨ। ਮਹਾਰਾਜ ਨੇ ਜਵਾਬ ਦਿੱਤਾ, "ਹਾਂ! ਅਸੀਂ ਉਥੋਂ ਆਏ ਹਾਂ।" ਅੱਛਾ ਦੱਸੋ, ਉਥੇ ਕੀ ਵਰਤਾਰਾ ਹੋ ਰਿਹਾ ਹੈ?

*ਧਾਰਨਾ - ਮਾਤ ਲੋਕ ਵਿਚ ਕੀ ਹੈ ਵਰਤਾਰਾ,*
*ਸਿਧ ਪੁਛਣ ਦੱਸੀਂ ਨਾਨਕਾ -2, 2.*
*ਮੇਰੇ ਪਿਆਰੇ, ਸਿੱਧ ਪੁਛਣ ਦੱਸੀਂ ਨਾਨਕਾ -2, 2.*
*ਮਾਤ ਲੋਕ ਵਿਚ ਕੀ ਹੈ ਵਰਤਾਰਾ,..... -2.*

*ਫਿਰਿ ਪੁਛਨਿ ਸਿਧ ਨਾਨਕਾ!*
*ਮਾਤ ਲੋਕ ਵਿਚਿ ਕਿਆ ਵਰਤਾਰਾ?*
*ਭਾਈ ਗੁਰਦਾਸ ਜੀ ਦੀ ਵਾਰ 1/29*

ਸਿੱਧ ਕਹਿਣ ਲੱਗੇ ਸਾਨੂੰ ਦੱਸੀਂ ਮਾਤਲੋਕ ਦਾ ਕੀ ਹਾਲ ਚਾਲ ਹੈ? ਸਾਨੂੰ ਤਾਂ ਉਥੋਂ ਆਇਆਂ ਬਹੁਤ ਸਮਾਂ ਹੋ ਗਿਆ, ਅਸੀਂ ਤਾਂ ਇਹਨਾਂ ਗੁਫਾਵਾਂ ਦੇ ਅੰਦਰ ਪ੍ਰਾਣਾਯਾਮ ਦੇ ਬਲ ਨਾਲ, ਸਵਾਸ ਉਪਰ ਚੜ੍ਹਾ ਕੇ, ਏਥੇ ਬਹੁਤ ਸਾਲਾਂ ਤੋਂ ਬੈਠੇ ਹਾਂ, ਸਾਨੂੰ ਕੋਈ ਖਬਰ ਨਹੀਂ ਪਹੁੰਚੀ, ਕਿਉਂਕਿ ਏਥੇ ਕੋਈ ਆਇਆ ਹੀ ਨਹੀਂ ਹੈ, ਐਡੇ ਬਿਖੜੇ ਸਥਾਨਾਂ ਤੇ ਜਿਥੇ ਬਰਫਾਂ ਹੀ ਬਰਫਾਂ ਹਨ। ਜਿਥੇ ਆਦਮੀ ਆ ਹੀ ਨਹੀਂ ਸਕਦਾ, ਅਸੀਂ ਤਾਂ ਸ਼ਕਤੀਆਂ ਦੇ ਨਾਲ ਪਹੁੰਚਦੇ ਹਾਂ, ਉੱਡ ਕੇ ਪਹੁੰਚਦੇ ਹਾਂ, ਫੇਰ ਏਥੇ ਔਖਧੀਆਂ ਖਾ ਕੇ ਆਪਣੇ ਸਰੀਰ ਨੂੰ ਠੀਕ ਰਖਦੇ ਹਾਂ, ਬਹੁਤ ਗਰਮ ਚੀਜ਼ਾਂ ਖਾਂਦੇ ਹਾਂ ਜੋ ਬਰਫਾਂ ਵਿਚ ਹੀ ਠੀਕ ਰਹਿੰਦੀਆਂ ਹਨ, ਮੈਦਾਨਾਂ ਵਿਚ ਜਾ ਕੇ ਖਾਧੀਆਂ ਜਾਣ ਤਾਂ ਸਰੀਰ ਬਿਮਾਰ ਹੋ ਜਾਂਦਾ ਹੈ। ਸੋ ਸਾਡੇ ਕੋਲ ਕੋਈ ਆਇਆ ਹੀ ਨਹੀਂ।

*ਫਿਰਿ ਪੁਛਨਿ ਸਿਧ ਨਾਨਕਾ!*
*ਮਾਤ ਲੋਕ ਵਿਚਿ ਕਿਆ ਵਰਤਾਰਾ?।*
*ਭਾਈ ਗੁਰਦਾਸ ਜੀ ਦੀ ਵਾਰ 1/29*

ਫਿਰ ਸਿਧ ਆਪਸ ਵਿਚ ਇਕ ਦੂਜੇ ਵੱਲ ਦੇਖਦੇ ਹਨ, ਸਭ ਦੇ ਮਨ ਦੇ ਅੰਦਰ ਇਕੋ ਹੀ ਵੀਚਾਰ ਚਲ ਰਹੀ ਹੈ, ਕਿਉਂਕਿ ਮਹਾਰਾਜ ਨੇ ਆਪਣਾ ਨਾਮ ਦੱਸ ਦਿਤਾ ਸੀ।

*ਬਾਬਾ ਆਖੇ ਨਾਥ ਜੀ!*
*ਨਾਨਕ ਨਾਮ ਜਪੇ ਗਤਿ ਪਾਈ।*
*ਭਾਈ ਗੁਰਦਾਸ ਜੀ ਦੀ ਵਾਰ 1/28*

ਜਦੋਂ ਨਾਨਕ ਨਾਮ ਸੁਣਿਆ ਤਾਂ ਸਿੱਧਾਂ ਦੇ ਧਿਆਨ ਵਿਚ ਆ ਗਿਆ ਕਿ ਭਵਿੱਖਤ ਪਰਾਨ ਵਿਚ ਲਿਖਿਆ ਹੋਇਆ ਹੈ ਕਿ ਮਧੁਰ ਦੇਸ ਵਿਚ, ਪੱਛਮ ਦਿਸ਼ਾ ਵਿਚ ਨਾਨਕ ਨਾਮ ਦਾ ਅਵਤਾਰ ਪਰਮੇਸ਼ਰ ਨੇ ਧਾਰਨਾ ਹੈ ਤੇ ਸੰਸਾਰ ਨੂੰ ਸਿਧੇ ਰਸਤੇ ਪਾਉਣਾ ਹੈ, ਐਸਾ ਰਸਤਾ ਦਸਣਾ ਹੈ ਕਿ ਬਹੁਤ ਵਿਗੜੇ ਤੋਂ ਵਿਗੜੇ ਹਾਲਾਤ ਵਿਚ ਵੀ ਆਦਮੀ ਦਾ ਪਾਰ ਉਤਾਰਾ

ਹੋ ਜਾਵੇਗਾ। ਕਿਧਰੇ ਇਹ ਉਹੋ ਨਾਨਕ ਹੀ ਤਾਂ ਨਹੀਂ ਆ ਗਿਆ–

*ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।*

***ਭਾਈ ਗੁਰਦਾਸ ਜੀ ਦੀ ਵਾਰ 1/29***

ਏਥੇ ਹੋਰ ਤਾਂ ਕੋਈ ਆ ਨਹੀਂ ਸਕਦਾ, ਸਾਡੇ ਕੋਲ ਜੋ ਆਉਣ ਦਾ ਮਨੋਰਥ ਹੈ ਸੋ ਇਹੀ ਅਵਤਾਰ ਹੈ ਜੋ ਤਾਰਨ ਲਈ ਆ ਗਿਆ ਹੈ।

*ਬਾਬੇ ਆਖਿਆ ਨਾਥ ਜੀ!*
*ਸਚੁ ਚੰਦ੍ਰਮਾਂ ਕੂੜੁ ਅੰਧਾਰਾ।* ***ਭਾਈ ਗੁਰਦਾਸ ਜੀ ਦੀ ਵਾਰ 1/29***

ਗੁਰੂ ਜੀ ਨੇ ਕਿਹਾ, ਬਈ ਤੁਸੀਂ ਮੇਰੇ ਕੋਲੋਂ ਪੁਛਦੇ ਹੋ ਕਿ ਮਾਤ ਲੋਕ ਦਾ ਕੀ ਹਾਲ ਹੈ? ਕਹਿੰਦੇ ਹਾਲ ਤਾਂ ਇਹ ਹੈ –

................ *ਸਚੁ ਚੰਦ੍ਰਮਾਂ ਕੂੜੁ ਅੰਧਾਰਾ।*
***ਭਾਈ ਗੁਰਦਾਸ ਜੀ ਦੀ ਵਾਰ 1/29***

ਸੱਚ ਰੂਪੀ ਚੰਦਰਮਾ ਅਲੋਪ ਹੋ ਗਿਆ ਹੈ, ਕੂੜਾਂ ਦਾ ਅਨ੍ਹੇਰਾ ਫੈਲ ਗਿਆ ਹੈ। ਮੱਸਿਆ ਰੂਪੀ ਅਨ੍ਹੇਰੀ ਰਾਤ ਪਸਰ ਗਈ ਹੈ। ਸੋ ਹੁਣ ਸੱਚ ਚੰਦਰਮਾਂ ਤਾਂ ਰਹਿਆ ਨਹੀਂ ਉਥੇ ਅੰਧੇਰਾ ਹੀ ਅੰਧੇਰਾ ਹੈ –

*ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।* ***ਭਾਈ ਗੁਰਦਾਸ ਜੀ ਦੀ ਵਾਰ1/29***

ਮੈਂ ਟੋਲਦਾ ਫਿਰਦਾ ਹਾਂ ਕਿ ਕਿਸੇ ਮਤ ਵਿਚ ਸੱਚ ਹੋਵੇ, ਕਿਸੇ ਮੰਦਰ ਵਿਚ ਸੱਚ ਹੋਵੇ, ਕਿਸੇ ਧਰਮਸਾਲਾ ਵਿਚ ਸਚ ਹੋਵੇ, ਕਿਤੇ ਸੱਚ ਲੱਭ ਜਾਵੇ, ਮੱਕਾ ਮਦੀਨਾ ਸਾਰੇ ਚਾਰੇ ਧੂਣੇ ਬਈ ਕਿਧਰੇ ਤਾਂ ਸੱਚ ਹੋਵੇ, ਮੈਂ ਲੱਭਦਾ ਫਿਰਦਾ ਹਾਂ, ਮੈਨੂੰ ਹਰ ਪਾਸੇ ਮੱਸਿਆ ਹੀ ਮੱਸਿਆ ਨਜ਼ਰ ਆ ਰਹੀ ਹੈ, ਮੈਨੂੰ ਕਿਧਰੇ ਸੱਚ ਨਹੀਂ ਮਿਲਿਆ। ਜੋ ਅਸਲ ਸਿਧਾਂਤ ਪੀਰਾਂ ਪੈਗੰਬਰਾਂ, ਮਹਾਂਪੁਰਸ਼ਾਂ ਨੇ ਦੱਸੇ ਸਨ, ਉਹ ਅੰਧੇ ਕਰਮ-ਕਾਂਡਾਂ ਦਾ ਰੂਪ ਧਾਰਨ ਕਰਕੇ ਨਿਰਾ ਪਾਖੰਡ ਦਾ ਹੀ ਰੂਪ ਰਹਿ ਗਏ ਹਨ। ਸਤਿ ਕਿਤੇ ਨਜ਼ਰੀਂ ਨਹੀਂ ਪੈ ਰਿਹਾ। ਇਸ ਕਰਕੇ ਪ੍ਰਿਥਵੀ ਉਤੇ ਪਾਪ ਫੈਲ ਗਿਆ ਹੈ, ਧਰਮ ਦੇ ਨਾਮ ਤੇ ਬੰਦੇ ਮਾਰ ਦਿਤੇ ਜਾਂਦੇ ਹਨ। ਲੋਕੀ ਆਪਸ ਵਿਚ ਖਹਿ ਖਹਿ ਮਰ ਰਹੇ ਹਨ। ਧਰਮ ਰੋ ਰਿਹਾ ਹੈ ਅਤੇ ਸੱਚ ਉਡ ਚੁਕਿਆ ਹੈ –

*ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।*
*ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।*
***ਭਾਈ ਗੁਰਦਾਸ ਜੀ ਦੀ ਵਾਰ 1/29***

ਪਾਪਾ ਨਾਲ ਧਰਤੀ ਹਿਲ ਗਈ ਹੈ ਤੇ ਪੁਕਾਰ ਹੋ ਰਹੀ ਹੈ –

ਜਿਤਨੇ ਵੀ ਚੰਗੇ ਮਨੁੱਖ ਕਰਨੀ ਕਮਾਈ ਵਾਲੇ ਸਨ ਉਹ ਤਾਂ ਸੁਸਾਇਟੀ ਨੂੰ ਛੱਡ ਕੇ ਇਨ੍ਹਾਂ ਬਰਫਾਨੀ ਗੁਫਾਵਾਂ ਵਿਚ ਛੁਪ ਕੇ ਦਿਨ ਕਟੀ ਕਰ ਰਹੇ ਹਨ, ਸੰਸਾਰ ਨੂੰ ਮਤ ਦੇਣ ਵਾਲਾ ਕੋਈ ਨਹੀਂ ਰਿਹਾ –

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।***

***ਭਾਈ ਗੁਰਦਾਸ ਜੀ ਦੀ ਵਾਰ 1/29***

ਬਾਕੀ ਤੁਹਾਡੇ ਜੋਗੀ ਜਿਹਨਾਂ ਨੂੰ ਪਿਛੇ ਛੱਡ ਆਏ ਹੋ ਕਿ ਧਰਮ ਦਾ ਪ੍ਰਚਾਰ ਕਰਿਓ, ਉਹਨਾਂ ਕੋਲ ਤਾਂ ਨਾਥ ਜੀ ਕੁਝ ਵੀ ਨਹੀਂ ਰਿਹਾ।

ਉਹ ਤਾਂ ਗਿਆਨ ਤੋਂ ਹੀਣੇ ਹੋ ਗਏ, ਗਿਆਨ ਨਾਮ ਦੀ ਚੀਜ਼ ਤਾਂ ਉਹਨਾਂ ਕੋਲੋਂ ਜਾਂਦੀ ਰਹੀ, ਉਹਨਾਂ ਪਾਸ ਕੋਈ ਸਾਧਨਾ ਨਹੀਂ, ਕੋਈ ਭਗਤੀ ਨਹੀਂ, ਕੋਈ ਬੰਦਗੀ ਨਹੀਂ, ਉਹਨਾਂ ਦਾ ਗਿਆਨ ਤਾਂ ਖਤਮ ਹੋ ਗਿਆ –

***ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਇਨਿ ਛਾਰਾ।***
***ਭਾਈ ਗੁਰਦਾਸ ਜੀ ਦੀ ਵਾਰ 1/29***

ਵਧੀਆ ਤੋਂ ਵਧੀਆ ਸੁਆਹ ਛਾਣ ਛਾਣ ਕੇ ਲਗਾਉਂਦੇ ਹਨ, ਜਿਵੇਂ ਪਾਊਡਰ ਲਗਾਈਦਾ ਹੈ, ਸੋ ਏਨੇ ਵਿਚ ਸਾਧਨਾ ਖਤਮ ਹੋ ਗਈ। ਗਿਆਨ ਬਿਨਾਂ ਹਨ੍ਹੇਰਾ ਛਾ ਗਿਆ ਹੈ, ਧਰਮ ਕੋਈ ਰਿਹਾ ਨਹੀਂ, ਪਾਖੰਡ ਆ ਗਿਆ। ਆਸਾ ਜੀ ਦੀ ਵਾਰ ਵਿਚ, ਗੁਰੂ ਨਾਨਕ ਸਾਹਿਬ ਜੀ ਨੇ ਉਸ ਵੇਲੇ ਦੀ ਤਸਵੀਰ ਖਿੱਚੀ ਹੋਈ ਹੈ, ਤੁਸੀਂ ਪੜ੍ਹ ਕੇ ਵੇਖੋ ਕਿ ਕੋਈ ਵੀ ਸੱਚ ਦਾ ਸਾਧਨ ਨਹੀਂ ਰਿਹਾ। ਭਜਨ ਕਾਹਦਾ ਰਹਿ ਗਿਆ?

***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥ ਪੰਨਾ – 465***

ਭਜਨ ਕਰਨਾਂ ਤਾਂ ਰਹਿ ਹੀ ਗਿਆ। ਇਸ ਦੀ ਥਾਂ ਸਿਰਫ ਉਚੀ ਉਚੀ ਗਾਉਣਾ, ਲੜਾਈ ਝਗੜੇ ਤੇ ਹੀ ਵੀਚਾਰ ਕਰਨੀ, ਜੋਧਿਆਂ ਦੀ ਵੀਚਾਰ ਕਰਨੀ, ਬਈ ਫਲਾਣਾ ਜੋਧਾ ਹੋਇਆ, ਫਲਾਣਾ ਜੋਧਾ ਹੋਇਆ, ਬਈ ਅਰਜਨ ਨੇ ਇਸ ਤਰ੍ਹਾਂ ਬਾਣ ਮਾਰੇ, ਭੀਮ ਨੇ ਇਸ ਤਰ੍ਹਾਂ ਗੁਰਜ ਚਲਾਈ। ਸ੍ਰੀ ਰਾਮ ਚੰਦਰ ਜੀ ਨੇ ਐਂ ਲੜਾਈ ਕੀਤੀ।

***ਗਾਵਨਿ ਗੋਪੀਆ ਗਾਵਨਿ ਕਾਨ੍॥***
***ਗਾਵਨਿ ਸੀਤਾ ਰਾਜੇ ਰਾਮ॥ ਪੰਨਾ – 465***

ਰਾਜਿਆਂ ਦੀਆਂ ਕਥਾਵਾਂ ਗਾਈਆਂ ਜਾ ਰਹੀਆਂ ਹਨ। ਤੁਹਾਡੇ ਜਿਹੜੇ ਜੋਗੀ ਹਨ, ਨਾ ਤਾਂ ਉਹ ਭਗਤੀ ਕਰਦੇ ਹਨ ਨਾ ਕੋਈ ਪ੍ਰਾਣਾਯਾਮ ਕਰਦੇ ਹਨ, ਉਹ ਤਾਂ ਆਪਣੇ ਆਲੇ ਦੁਆਲੇ ਰੱਸੀਆਂ ਬੰਨ੍ਹ ਲੈਂਦੇ ਹਨ, ਅੰਗ ਨਾਲ ਸੁਆਹ ਲਾ ਲੈਂਦੇ ਹਨ, ਬੱਸ ਅਲਖ ਨਿਰੰਜਨ, ਬਸ ਮੜ੍ਹੀਆਂ ਵਿਚ

ਬੈਠੇ ਸਮਝਦੇ ਹਨ, ਕਿ ਸੱਚ ਦਾ ਮਾਰਗ ਇਹੋ ਹੀ ਹੈ, ਹਨ੍ਹੇਰਾ ਪੈ ਗਿਆ ਕਿਉਂਕਿ ਕੋਈ ਦੱਸਣ ਵਾਲਾ ਨਹੀਂ ਰਿਹਾ, ਸਾਰਾ ਸੰਸਾਰ ਡੁੱਬ ਗਿਆ।

*ਧਾਰਨਾ - ਡੁੱਬ ਗਿਆ ਜਗ ਸਾਰਾ ਜੀ,*
*ਬਾਝ ਗੁਰਾਂ ਦੇ ਪਿਆਰੇ -2, 2.*
*ਬਾਝ ਗੁਰਾਂ ਦੇ ਪਿਆਰੇ -2, 2.*
*ਡੁੱਬ ਗਿਆ ਜਗ ਸਾਰਾ ਜੀ,.......... -2.*

*ਜੋਗੀ ਗਿਆਨ ਵਿਹੂਣਿਆ..............।*
*ਭਾਈ ਗੁਰਦਾਸ ਜੀ ਦੀ ਵਾਰ 1/29*

ਤੁਹਾਡੇ ਜੋਗੀ ਵੀ ਤੇ ਹੋਰ ਵੀ ਜਿਹੜੇ ਜੋਗ ਕਰਦੇ ਹਨ -

*.............. ਨਿਸਦਿਨਿ ਅੰਗਿ ਲਗਾਇਨਿ ਛਾਰਾ।*

*ਭਾਈ ਗੁਰਦਾਸ ਜੀ ਦੀ ਵਾਰ 1/29*

ਸਾਰਾ ਜ਼ੋਰ ਭੇਖ ਤੇ ਰਹਿ ਗਿਆ ਤੇ ਅਸਲੀਅਤ ਖਤਮ ਹੋ ਗਈ, ਸਵੇਰੇ ਹੀ ਸਰੀਰ ਨੂੰ ਸੁਆਹ ਮਲ ਕੇ ਮੰਗਦੇ ਫਿਰਨਾ ਇਹੋ ਕੁਝ ਰਹਿ ਗਿਆ -

*ਬਾਝੁ ਗੁਰੂ ਡੁਬਾ ਜਗੁ ਸਾਰਾ॥ ਭਾਈ ਗੁਰਦਾਸ ਜੀ ਦੀ ਵਾਰ 1/29*

ਗੁਰੂ ਦੇ ਪ੍ਰਕਾਸ਼ ਤੋਂ ਬਗੈਰ ਹਨ੍ਹੇਰਾ ਪੈ ਗਿਆ -

*ਬਾਝੁ ਗੁਰੂ ਹੈ ਅੰਧ ਗੁਬਾਰਾ॥*
*ਅਗਿਆਨੀ ਅੰਧਾ ਅੰਧੁ ਅੰਧਾਰਾ॥*
*ਪੰਨਾ - 116*

ਅਗਿਆਨੀ ਹਨ੍ਹੇਰੇ ਵਿਚ ਅੰਨੀਆਂ ਗੱਲਾਂ ਕਰ ਰਿਹਾ ਹੈ। ਟੱਕਰਾਂ ਮਾਰ ਰਿਹਾ ਹੈ, ਕੋਈ ਭੇਖ ਦੀ ਆੜ ਲੈਂਦਾ ਹੈ, ਕੋਈ ਕੱਟੜਪੁਣੇ ਦੀ, ਕੋਈ ਰੌਚਕ ਗੱਲਾਂ ਦੀ ਆੜ ਲੈਂਦਾ ਹੈ, ਕੋਈ ਪ੍ਰਕਰਣਾਂ ਦੀ ਆੜ ਲੈ ਰਿਹਾ ਹੈ, ਗਿਆਨ ਤਾਂ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ, ਫਿਰ -

*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ॥ ਪੰਨਾ - 116*

ਵਿਸ਼ਟਾ ਵਿਚ ਹੀ ਸਮਾ ਜਾਂਦੇ ਹਨ -

*ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ*
*ਵਿਣੁ ਸਤਿਗੁਰ ਮਗੁ ਨ ਪਾਇਆ॥ ਪੰਨਾ - 116*

ਪੂਰਾ ਗੁਰੂ ਤਾਂ ਅਲੋਪ ਹੋ ਗਿਆ ਫਿਰ ਰਸਤਾ ਨਹੀਂ ਲੱਭ ਰਿਹਾ, ਕੋਈ ਐਸਾ ਨਹੀਂ ਜੋ ਜੀਵ ਤੇ ਬ੍ਰਹਮ ਦੀ ਏਕਤਾ ਕਰਵਾ ਕੇ ਪਰਮੇਸ਼ਰ ਨਾਲ

ਮਿਲਾ ਦੇਵੇ। ਇਸ ਦੇ ਵਿਪਰੀਤ ਰਸਤੇ ਤੋਂ ਭਟਕ ਕੇ ਜੀਵ ਭਰਮ ਚੁੱਕੇ ਹਨ –

***ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥***

***ਪੰਨਾ – 773***

ਥਾਂ ਥਾਂ ਤੇ ਧੱਕੇ ਖਾਂਦੇ ਫਿਰਦੇ ਹਨ, ਕਦੇ ਕੁੱਤੇ ਬਣ ਜਾਂਦੇ ਹਨ, ਕਦੇ ਬਿੱਲੇ ਬਣ ਜਾਂਦੇ ਹਨ, ਜਨਮਾਂ ਜਨਮਾਂ ਵਿਚ, ਜੂਨਾਂ ਵਿਚ ਘੁੰਮਦੇ ਫਿਰਦੇ ਹਨ, ਨਾਥ ਜੀ ਹਨ੍ਹੇਰਾ ਪਿਆ ਹੋਇਆ ਹੈ, ਕਿਉਂਕਿ ਗੁਰੂ ਦੇ ਬਗੈਰ ਪ੍ਰਕਾਸ਼ ਨਹੀਂ ਹੋਇਆ ਕਰਦਾ –

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***
***ਪੰਨਾ – 463***

***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥***

***ਪੰਨਾ – 469***

ਮਨ ਨੇ ਗਿਆਨ ਦਾ ਬੰਨਿਆ ਹੋਇਆ ਰਹਿਣਾ ਹੈ, ਗੁਰੂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਕਰਕੇ ਹਨ੍ਹੇਰਾ ਛਾ ਗਿਆ ਹੈ।

ਜਦੋਂ ਸਿਧਾਂ ਨੇ ਇਹ ਬਚਨ ਸੁਣੇ ਤਾਂ ਹੈਰਾਨ ਹੋ ਗਏ, ਇਕ ਦੂਜੇ ਨਾਲ ਗੱਲ ਬਾਤ ਕਰਨ ਲੱਗ ਪਏ। ਕਹਿਣ ਲੱਗੇ ਜੇਕਰ ਨਾਨਕ ਨੂੰ ਆਪਣੇ ਪੰਥ ਵਿਚ ਲੈ ਲਈਏ ਤਾਂ ਬਹੁਤ ਜ਼ਿਆਦਾ ਪ੍ਰਚਾਰ ਹੋ ਸਕਦਾ ਹੈ ਕਿਉਂਕਿ ਸਾਡੇ ਕੋਲ ਰਿਧੀਆਂ ਸਿਧੀਆਂ ਬਹੁਤ ਹਨ, ਸ਼ਕਤੀਆਂ ਬਹੁਤ ਹਨ, ਇਹ ਬਾਲਾ ਤਾਂ ਕਹਿੰਦਾ ਹੈ ਕਿ ਮੈਂ ਤਾਂ ਸ਼ਕਤੀਆਂ ਦਾ ਕੋਈ ਸਾਧਨ ਹੀ ਨਹੀਂ ਕੀਤਾ। ਸਿਰਫ ਪਰਮੇਸ਼ਰ ਦਾ ਨਾਮ ਜਪਿਆ ਹੈ। ਚਲੋ ਏਥੇ ਤਾਂ ਚੜ੍ਹ ਕੇ ਆ ਗਿਆ, ਜੇ ਇਸ ਨੂੰ ਸ਼ਕਤੀਆਂ ਦਿਖਾਈਏ ਤਾਂ ਹੋ ਸਕਦਾ ਹੈ ਸਾਡੇ ਪੰਥ ਵਿਚ ਆ ਜਾਵੇ। ਫੇਰ ਆਪਣਾ ਪੰਥ ਵੀ ਉਜਾਲਾ ਹੋ ਜਾਵੇ ਤੇ ਸੰਸਾਰ ਦਾ ਵੀ ਭਲਾ ਹੋ ਜਾਵੇ। ਇਸ ਤਰ੍ਹਾਂ ਉਹਨਾਂ ਨੇ ਗੱਲ ਕੀਤੀ –

***ਧਾਰਨਾ – ਪੰਥ ਕਰੇ ਉਜਿਆਲਾ,***
***ਹਮਰੇ ਪੰਥ ਕਰੇ ਉਜਿਆਲਾ –2, 4.***

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।***

***ਭਾਈ ਗੁਰਦਾਸ ਜੀ ਦੀ ਵਾਰ 1/31***

ਇਹ ਕਿਸੇ ਵੀ ਤਰੀਕੇ ਨਾਲ ਇਹ ਸਾਡੇ ਮਤ ਵਿਚ ਆ ਜਾਵੇ –

***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।***

***ਭਾਈ ਗੁਰਦਾਸ ਜੀ ਦੀ ਵਾਰ 1/31***

ਜਿਸਨੇ ਸਾਰਾ ਵਰਤਾਰਾ ਸਪਸ਼ਟ ਕਰਕੇ ਦਸ ਦਿਤਾ, ਜੇ ਇਹ ਸਾਡੇ ਰਸਤੇ ਤੇ ਆ ਜਾਵੇ ਤਾਂ ਸਾਡੇ ਪੰਥ ਭੀ ਉਜਿਆਲਾ ਹੋ ਜਾਵੇਗਾ, ਦੁਨੀਆਂ ਤੇ ਦੇਰ ਤੱਕ ਕਾਇਮ ਰਹੇਗਾ। ਨਾਨਕ ਨੂੰ ਥੋੜ੍ਹੇ ਰਿਧੀ ਸਿਧੀ ਦੇ ਕਰਿਸ਼ਮੇ ਦਿਖਾਈਏ, ਇਸ ਨੂੰ ਪਤਾ ਲੱਗ ਜਾਵੇ ਕਿ ਸ਼ਕਤੀਆਂ ਵੀ ਕੋਈ ਚੀਜ਼ ਹੁੰਦੀਆਂ ਹਨ ਕਿਉਂਕਿ ਨਾਨਕ ਨੇ ਇਹ ਗੱਲ ਕਹੀ ਹੈ ਕਿ ਮੇਰੇ ਵਿਚ ਕੋਈ ਸ਼ਕਤੀ ਨਹੀਂ ਹੈ। ਮੈਂ ਤਾਂ ਕੇਵਲ ਪਰਮੇਸ਼ਰ ਦਾ ਨਾਮ ਜਪਿਆ ਹੈ –

*................ ਭਾਉ ਭਗਤਿ ਸੰਗਿ ਤਾੜੀ ਲਾਈ।*

***ਭਾਈ ਗੁਰਦਾਸ ਜੀ ਦੀ ਵਾਰ 1/28***

ਅਸੀਂ ਤਾਂ ਵਾਹਿਗੁਰੂ ਨੂੰ ਪਿਆਰ ਕੀਤਾ ਜਾਂ ਉਹਦਾ ਨਾਮ ਜਪਿਆ ਹੈ, ਇਥੋਂ ਪਤਾ ਲਗਦਾ ਹੈ ਕਿ ਇਸ ਨੇ ਪ੍ਰਾਣਾਯਾਮ ਨਹੀਂ ਕੀਤਾ, ਨਾ ਇਸ ਨੇ ਸਾਡੀਆਂ ਮੁਦਰਾ ਕੀਤੀਆਂ ਹਨ। ਸੋ ਉਸ ਵੇਲੇ ਗੋਰਖ ਨੇ ਕਿਹਾ, ਬਾਲੇ ਸਿਧਾਂ ਨੂੰ ਪਿਆਸ ਲਗੀ ਹੋਈ ਹੈ। ਇਹ ਸਾਡਾ ਖੱਪਰ ਲੈ ਜਾਓ ਤੇ ਪਾਣੀ ਲੈ ਕੇ ਆਓ –

***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।***

***ਭਾਈ ਗੁਰਦਾਸ ਜੀ ਦੀ ਵਾਰ 1/31***

ਮਹਾਰਾਜ ਜੀ ਚੁਪ ਕਰ ਗਏ, ਨਾ ਭਾਈ ਬਾਲੇ ਨੂੰ ਭੇਜਿਆ, ਨਾ ਭਾਈ ਮਰਦਾਨੇ ਨੂੰ ਭੇਜਿਆ। ਆਪ ਖੱਪਰ ਲੈ ਕੇ ਚਲ ਪਏ ਸਿੱਧਾਂ ਨੇ ਕਿਹਾ, ਉਹ ਸਾਹਮਣੇ ਸਰੋਵਰ ਵਿਚ ਪਾਣੀ ਹੈ। ਮਹਾਰਾਜ ਜੀ ਜਦ ਉਥੇ ਆਏ –

ਉਹਦੇ ਵਿਚ ਕੀ ਦੇਖਦੇ ਹਨ, ਸਿੱਧਾਂ ਨੇ ਫੁਰਨਾ ਕਰ ਕੇ ਜਿਹੜਾ ਸਰੋਵਰ ਪਾਣੀ ਦਾ ਸੀ, ਉਸ ਵਿਚ ਹੀਰੇ ਜਵਾਹਰਾਤ ਲਾਲ ਬੇਅੰਤ ਕਿਸਮ ਦੇ ਰਤਨ, ਮਣੀਆਂ, ਅਨੇਕ ਰੰਗਾਂ ਦੇ ਝਿਲਮਿਲ ਕਰਦੇ ਚਮਕਾਂ ਮਾਰਦੇ, ਹੀਰੇ ਲਾਲ ਭਰ ਦਿਤੇ। ਮਹਾਰਾਜ ਨੇ ਦੇਖ ਲਿਆ ਕਿ ਇਹਨਾਂ ਨੇ ਸਾਡੇ ਨਾਲ ਛਲ ਕੀਤਾ ਹੈ ਤਾਂ –

***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।***

***ਭਾਈ ਗੁਰਦਾਸ ਜੀ ਦੀ ਵਾਰ 1/31***

ਗੁਰੂ ਮਹਾਰਾਜ ਨਾਲ ਛਲ ਕਰਕੇ ਗੁਪਤ ਤਾਂ ਰਹਿ ਨਹੀਂ ਸੀ ਸਕਦਾ, ਗੁਰੂ ਮਹਾਰਾਜ ਜੀ ਚੁਪ ਕਰਕੇ ਵਾਪਸ ਆ ਗਏ –

*ਫਿਰਿ ਆਇਆ ਗੁਰ ਨਾਥ ਜੀ ..............॥*

*................ ਪਾਣੀ ਠਉੜ ਨਹੀ ਉਸਿ ਤਾਲਾ।*

***ਭਾਈ ਗੁਰਦਾਸ ਜੀ ਦੀ ਵਾਰ 1/31***

ਕਹਿਣ ਲੱਗੇ ਉਥੇ ਤਾਂ ਪਾਣੀ ਹੈ ਨਹੀਂ। ਨਾਥ ਜੀ ਨੇ ਕਿਹਾ, ਤੁਸੀਂ ਕਹਿੰਦੇ ਹੋ ਕਿ ਤੁਸੀਂ ਪਰਮੇਸ਼ਰ ਦਾ ਨਾਮ ਜਪਿਐ ਹੈ ਤੇ – ***ਭਾਉ ਭਗਤਿ ਸੰਗਿ ਤਾੜੀ ਲਾਈ। ਭਾਈ ਗੁਰਦਾਸ ਜੀ ਦੀ ਵਾਰ 1/28*** ਹੈ। ਤੁਹਾਨੂੰ ਪਤਾ ਨਹੀਂ ਹੈ ਕਿ ਪ੍ਰਾਣਾਯਾਮ ਦੀ ਕਿਤਨੀ ਸ਼ਕਤੀ ਹੈ, ਇੜਾ, ਪਿੰਗਲਾ ਤੇ ਸੁਖਮਨਾ, ਤਿੰਨਾਂ ਦੇ ਰਾਹੀਂ ਜਦੋਂ ਆਦਮੀ ਪ੍ਰਾਣਾਯਾਮ ਕਰਦਾ ਹੈ, ਇੜਾ ਦੇ ਰਾਹੀਂ ਸਵਾਸ ਖਿਚਦਾ ਹੈ ਤੇ ਪਿੰਗਲਾ ਦੇ ਰਾਹੀਂ ਉਤਾਰਦਾ ਹੈ ਤੇ ਸੁਖਮਨਾ ਦੇ ਅੰਦਰ ਪੂਰਕ ਕਰਦਾ ਹੈ ਤੇ ਹੌਲੀ-ਹੌਲੀ ਜਦੋਂ ਹੇਠਲੇ ਚੱਕਰ ਤੋਂ ਚਲਦਾ ਹੈ, ਮੂਲਧਾਰ ਚੱਕਰ ਦੇ ਵਿਚੋਂ ਕੁੰਡਲਨੀ ਨੂੰ ਜਗਾਉਂਦਾ ਹੈ ਤਾਂ ਉਸ ਵੇਲੇ ਫੇਰ ਅਸੀਂ ਸਵਾਧਿਸ਼ਠਾਨ ਚੱਕਰ ਵਿਚ ਆਉਂਦੇ ਹਾਂ, ਦੂਜੇ ਨੰਬਰ ਤੇ ਫਿਰ ਤੀਜੇ ਨੰਬਰ ਤੇ ਮਣੀਪੂਰਕ ਆਉਂਦੇ ਹਾਂ, ਫੇਰ ਵਿਸ਼ੁਧ ਵਿਚ ਆਉਂਦੇ ਹਾਂ ਫੇਰ ਅਨਾਹਤ ਵਿਚ ਆਉਂਦੇ ਹਾਂ, ਫੇਰ ਆਗਿਆ ਚੱਕਰ ਵਿਚ ਆਈਦਾ ਹੈ, ਫਿਰ ਤ੍ਰਿਕੁਟੀ ਵਿਚ ਆਉਂਦੇ ਹਾਂ। ਜਦੋਂ ਇਸ ਮੰਡਲ ਵਿਚ ਆਉਂਦੇ ਹਾਂ ਤਾਂ ਫਿਰ 'ਸਹੰਸਦਾਰ ਕਮਲ' ਵਿਚ ਪੁਜਦੇ ਹਾਂ। ਉਥੇ ਬਸ ਇਕ ਫੁਰਨਾ ਕਰਨ ਦੀ ਲੋੜ ਹੈ, ਜੋ ਫੁਰਨਾ ਕਰ ਦਿਤਾ ਬੱਸ ਪੂਰਾ ਹੋ ਜਾਂਦਾ ਹੈ। ਤੁਸੀਂ ਵੇਖ ਹੀ ਲਿਆ ਹੈ।

ਕਿ ਅਸੀਂ ਕੇਵਲ ਇਕ ਫੁਰਨਾ ਕੀਤਾ ਹੈ, ਤੁਹਾਨੂੰ ਉਥੇ ਪਾਣੀ ਨਜ਼ਰ ਨਹੀਂ ਆਇਆ। ਮਹਾਰਾਜ ਕਹਿਣ ਲੱਗੇ ਨਾਥ ਜੀ, ਇਹਦੇ ਵਿਚ ਤਾਂ ਕੋਈ ਵਿਸ਼ੇਸ਼ਤਾ ਨਾ ਹੋਈ –

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨਾ ਵਸੈ ਮਨਿ ਆਇ॥***
***ਪੰਨਾ – 593***

ਇਸ ਤਰ੍ਹਾਂ ਨਾਮ ਤਾਂ ਮਨ ਵਿਚ ਨਹੀਂ ਵਸਦਾ, ਜੋ ਅਸਲੀ ਚੀਜ਼ ਹੈ ਉਹ ਤਾਂ ਪਰਮੇਸ਼ਰ ਦਾ ਗਿਆਨ ਹੈ, ਤੁਸੀਂ ਤਾਂ ਬੱਚਿਆਂ ਵਾਲੀਆਂ ਖੇਲ੍ਹਾਂ ਕਰ ਰਹੇ ਹੋ।

ਸਾਧ ਸੰਗਤ ਜੀ, ਇਕ ਕਬੀਰ ਸਾਹਿਬ ਦਾ ਸੇਵਕ ਸੀ ਪਠਾਨ ਅਤੇ ਕਬੀਰ ਸਾਹਿਬ ਨੂੰ ਬੜਾ ਪਿਆਰ ਕਰਦਾ ਸੀ, ਅਮੀਰ ਵੀ ਸੀ। ਇਕ ਦਿਨ ਕਬੀਰ ਸਾਹਿਬ ਕਹਿਣ ਲੱਗੇ ਖਾਨ ਜੀ, ਇਥੇ ਸਾਡੇ ਗੁਰ ਭਾਈ ਰਹਿੰਦੇ ਹਨ। ਖਾਨ ਜੀ ਨੇ ਪੁਛਿਆ, ਕਿਹੜੇ? ਕਹਿਣ ਲੱਗੇ, ਕਿ ਰਵਿਦਾਸ ਜੀ। ਪੁੱਛਣ ਲੱਗੇ ਕੀ ਸਚਮੁੱਚ ਉਹ ਤੁਹਾਡੇ ਗੁਰਭਾਈ ਹਨ? ਕਬੀਰ ਸਾਹਿਬ ਨੇ ਕਿਹਾ, "ਜੀ ਹਾਂ!" ਖਾਨ ਜੀ, ਕੀ ਤੁਸੀਂ ਉਹਨਾਂ ਦੇ ਦਰਸ਼ਨ ਨਹੀਂ ਕੀਤੇ? ਖਾਨ ਜੀ ਨੇ ਕਿਹਾ, ਕਬੀਰ ਜੀ ਮੈਂ ਤਾਂ ਸਿਰਫ ਤੁਹਾਡੇ ਹੀ ਦਰਸ਼ਨ ਕੀਤੇ ਹਨ, ਮੈਨੂੰ ਹੋਰ ਕੋਈ ਲੋੜ ਹੀ ਨਹੀਂ। ਕਬੀਰ ਸਾਹਿਬ ਨੇ ਕਿਹਾ ਨਾ ਖਾਨ ਜੀ! ਇਸ ਤਰ੍ਹਾਂ ਨਹੀਂ ਕਹਿਣਾ। ਉਹ ਤਾਂ ਬਹੁਤ ਪਹੁੰਚੇ ਹੋਏ ਹਨ, ਜਾਉ ਤੁਸੀਂ ਉਹਨਾਂ ਦੇ ਦਰਸ਼ਨ ਕਰਕੇ ਆਓ। ਜੇ ਮਹਾਤਮਾ ਕਿਸੇ ਨੂੰ

ਵਰਜਦਾ ਹੈ ਤਾਂ ਉਹ ਇਸ ਤਰ੍ਹਾਂ ਨਹੀਂ ਵਰਜਦਾ ਕਿ ਉਹਦਾ ਦਿਲ ਟੁੱਟ ਜਾਏਗਾ ਤੇ ਕਿਧਰੇ ਹੋਰ ਚਲਾ ਜਾਏਗਾ। ਮਹਾਤਮਾ ਨੂੰ ਤਾਂ ਕੋਈ ਲੋੜ ਨਹੀਂ ਹੁੰਦੀ, ਉਸਨੇ ਕੋਈ ਫੀਸ ਲੈਣੀ ਹੈ? ਮਹਾਤਮਾ ਨੂੰ ਤਾਂ ਕੇਵਲ ਇਹ ਲੋੜ ਹੁੰਦੀ ਹੈ ਕਿ ਕਿਧਰੇ ਗਲਤ ਰਸਤੇ ਨਾ ਪੈ ਜਾਵੇ। ਕਿਉਂਕਿ ਕੋਈ ਕੱਚਾ ਮਨੁੱਖ ਆਪਣੇ ਆਪ ਨੂੰ ਮਹਾਤਮਾ ਤਾਂ ਕਹਾ ਲੈਂਦਾ ਹੈ, ਪਰ ਆਪ ਅਜੇ ਉਸ ਅਵਸਥਾ ਤੇ ਪਹੁੰਚਿਆ ਨਹੀਂ ਹੁੰਦਾ। ਜੋ ਆਪ ਭੁਲਿਆ ਹੋਇਆ ਹੈ ਤਾਂ –

***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 35/2***

ਉਹ ਦੂਜਿਆਂ ਨੂੰ ਵੀ ਭੁਲਾ ਦਿੰਦਾ ਹੈ, ਉਹਨੂੰ ਰੂਹਾਨੀਅਤ ਦਾ ਪਤਾ ਨਹੀਂ ਹੈ, ਐਸੀ ਥਾਂ ਤੋਂ ਮਹਾਤਮਾ ਵਰਜ ਦਿੰਦੇ ਹਨ, ਬਈ ਉਥੇ ਨਾ ਜਾਈ, ਸਹਿਜ ਸੁਭਾਅ ਗੱਲ ਕਰ ਦਿੰਦੇ ਹਨ। ਕਈ ਕਹਿ ਦਿੰਦੇ ਹਨ ਕਿ ਸਾਨੂੰ ਸੰਤਾਂ ਨੇ ਰੋਕ ਲਿਆ।

ਕਈ ਸੰਤ ਐਸੇ ਵੀ ਹੁੰਦੇ ਹਨ ਕਿ ਕਿਧਰੇ ਮੇਰੇ ਚੇਲੇ ਨਾ ਉਧਰ ਚਲੇ ਜਾਣ, ਉਹ ਕੱਚੇ ਮਹਾਤਮਾ ਐਸੇ ਹੁੰਦੇ ਹਨ, ਜਿਹਨਾਂ ਦੇ ਮਨ ਵਿਚ ਗਿਆਨ ਨਹੀਂ ਹੁੰਦਾ, ਅਜੇ ਪਹੁੰਚੇ ਨਹੀਂ ਹੁੰਦੇ, ਰਾਹ ਵਿਚ ਹੀ ਟਕਰਾਂ ਮਾਰ ਰਹੇ ਹੁੰਦੇ ਹਨ। ਉਹਨਾਂ ਨੂੰ ਇਹ ਵਹਿਮ ਪੈ ਜਾਂਦਾ ਹੈ ਕਿ ਜੇ ਇਹ ਪ੍ਰੇਮੀ ਉਥੇ ਚਲਾ ਗਿਆ ਤਾਂ ਮੈਨੂੰ ਕੌਣ ਮੱਥਾ ਟੇਕੂਗਾ, ਮੈਨੂੰ ਕੌਣ ਸਹਾਰਾ ਦੇਵੇਗਾ, ਉਹ ਨਾਰਾਜ਼ ਹੋ ਜਾਇਆ ਕਰਦੇ ਹਨ। ਜੋ ਤੱਤ ਬੇਤੇ ਮਹਾਂਪੁਰਸ਼ ਹੁੰਦੇ ਹਨ ਉਹ ਤਾਂ ਸਗੋਂ ਸੰਭਾਲ ਕਰਦੇ ਹਨ ਕਿ ਬੰਦਾ ਕਿਧਰੇ ਗਲਤ ਰਸਤੇ ਤੇ ਨਾ ਚਲਾ ਜਾਵੇ। ਸੋ ਕਬੀਰ ਸਾਹਿਬ ਕਹਿਣ ਲੱਗੇ ਕਿ ਰਵੀਦਾਸ ਜੀ ਤਾਂ ਪੂਰਨ ਹਨ, ਬੇਗਮਪੁਰੇ ਦੇ ਨਿਵਾਸੀ ਹਨ –

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥***
***ਨਾਂ ਤਸਵੀਸ ਖਿਰਾਜੁ ਨ ਮਾਲੁ॥***
***ਖਉਫੁ ਨ ਖਤਾ ਨ ਤਰਸੁ ਜਵਾਲੁ॥ ਪੰਨਾ – 345***

ਜਾਉ ਜਾ ਕੇ ਦਰਸ਼ਨ ਕਰੋ ਪਰ ਇਕ ਗੱਲ ਯਾਦ ਰਖਣਾ ਕਿ ਸੰਤਾਂ ਕੋਲ ਖਾਲੀ ਹੱਥ ਨਹੀਂ ਜਾਈਦਾ। ਸ਼ਰਧਾ ਦਾ ਪ੍ਰਤੀਕ ਹੁੰਦਾ ਹੈ ਜੇ ਕੋਈ ਲੈ ਕੇ ਜਾਂਦਾ ਹੈ। ਉਹਨਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੁੰਦੀ, ਪ੍ਰੇਮੀ ਕੇਵਲ ਸ਼ਰਧਾ ਪ੍ਰਗਟਾਵਨ ਵਾਸਤੇ, ਕੋਈ ਪ੍ਰਸ਼ਾਦ ਲੈ ਕੇ ਜਾਂਦੇ ਹਨ, ਕੋਈ ਵਸਤ੍ਰ ਲੈ ਕੇ ਜਾਂਦੇ ਹਨ, ਕੋਈ ਫਲ ਲੈ ਜਾਂਦੇ ਹਨ, ਜਿਥੇ ਲੰਗਰ ਚਲਦੇ ਹੋਣ, ਉਥੇ ਮਾਇਆ ਵੀ ਭੇਟਾ ਕਰ ਦਿੰਦੇ ਹਨ।

ਸੋ ਖਾਨ ਘਰ ਆ ਗਿਆ ਤੇ ਸਲਾਹ ਕਰਨ ਲੱਗਾ ਕਿ ਕਬੀਰ ਸਾਹਿਬ ਦਾ ਹੁਕਮ ਹੈ ਕਿ ਸੰਤਾਂ ਕੋਲ ਖਾਲੀ ਹੱਥ ਨਹੀਂ ਜਾਈਦਾ। ਸੋ ਮੈਂ ਰਵਿਦਾਸ

ਜੀ ਦੇ ਦਰਸ਼ਨ ਕਰਨ ਜਾਣਾ ਹੈ, ਘਰ ਵਿਚ ਸਲਾਹ ਕੀਤੀ ਕਿ ਘਰ ਵਿਚ ਜੋ ਸਭ ਤੋਂ ਕੀਮਤੀ ਹੀਰਾ ਪਿਆ ਹੈ, ਮੈਂ ਉਹ ਲੈ ਕੇ ਜਾਂਦਾ ਹਾਂ, ਮਨ ਵਿਚ ਥੋੜਾ ਜਿਹਾ ਅਭਿਮਾਨ ਵੀ ਆ ਗਿਆ ਕਿ ਮੈਂ ਤਾਂ ਕਬੀਰ ਸਾਹਿਬ ਦਾ ਸੇਵਕ ਹਾਂ, ਕਿਧਰੇ ਰਵਿਦਾਸ ਜੀ ਇਹ ਨਾ ਕਹਿਣ ਕਿ ਕਬੀਰ ਸਾਹਿਬ ਦਾ ਸੇਵਕ ਹੈ, ਖਾਲੀ ਹੱਥ ਆ ਗਿਆ ਹੈ। ਪਰ ਜਿਹੜੀ ਚੀਜ਼ ਮੈਂ ਚੜ੍ਹਾ ਦੇਣੀ ਹੈ, ਉਹ ਸ਼ਾਇਦ ਹੀ ਕਿਸੇ ਨੇ ਭੇਟਾ ਕੀਤੀ ਹੋਵੇ, ਇਹ ਵੀ ਅਭਿਮਾਨ ਆ ਗਿਆ।

ਜਦੋਂ ਇਹ ਖਾਨ ਰਵਿਦਾਸ ਜੀ ਕੋਲ ਗਿਆ ਤਾਂ ਉਹ ਜੋੜਾ ਗੰਢ ਰਹੇ ਸਨ। ਇਸ ਨੇ ਜਾ ਕੇ ਨਮਸਕਾਰ ਕੀਤੀ ਤੇ ਦੱਸਣ ਲੱਗਾ ਕਿ ਮੈਨੂੰ ਕਬੀਰ ਸਾਹਿਬ ਨੇ ਭੇਜਿਆ ਹੈ ਤੇ ਕਿਹਾ ਸੀ ਤੁਸੀਂ ਉਹਨਾਂ ਦੇ ਗੁਰਭਾਈ ਹੋ ਤੇ ਮੈਂ ਜਾ ਕੇ ਤੁਹਾਡੇ ਦਰਸ਼ਨ ਜ਼ਰੂਰ ਕਰਾਂ, ਆਪ ਜੀ ਦੀ ਭੇਟਾ ਵਾਸਤੇ ਮੈਂ ਇਕ ਹੀਰਾ ਲੈ ਕੇ ਆਇਆ ਹਾਂ। ਇਹ ਬੜਾ ਕੀਮਤੀ ਹੈ, ਸਾਡੇ ਪਰਿਵਾਰ ਵਿਚ ਕਈ ਪੁਸ਼ਤਾਂ ਤੋਂ ਸਾਂਭਿਆ ਹੋਇਆ ਹੈ। ਹੁਣ ਮੈਂ ਆਪ ਨੂੰ ਭੇਟਾ ਕਰ ਰਿਹਾ ਹਾਂ। ਖਾਨ ਇਹ ਹੀਰਾ ਰਵਿਦਾਸ ਜੀ ਦੇ ਹੱਥ ਵਿਚ ਹੀ ਫੜਾਉਣਾ ਚਾਹੁੰਦਾ ਸੀ। ਰਵਿਦਾਸ ਜੀ ਨੇ ਅੱਗੇ ਹੱਥ ਕੀਤਾ, ਹੀਰਾ ਫੜਕੇ ਉਥੇ ਸੁਟ ਦਿਤਾ ਜਿਥੇ ਚਮੜੇ ਦੀਆਂ ਪਚਰਾਂ ਜਿਹੀਆਂ ਟੋਏ ਵਿਚ ਸੁਟਦੇ ਸਨ ਕਿਉਂਕਿ ਸਾਰਾ ਦਿਨ ਸੁਟੀ ਜਾਂਦੇ ਸੀ, ਦੂਜੇ ਦਿਨ ਜਦੋਂ ਟੋਇਆ ਭਰ ਜਾਂਦਾ ਸੀ, ਸਾਰੀਆਂ ਚਮੜੇ ਦੀਆਂ ਪਚਰਾਂ ਚੁਕ ਕੇ ਬਾਹਰ ਸੁਟ ਦਿੰਦੇ ਸੀ ਜਿਥੇ ਕੂੜਾ ਵਗੈਰਾ ਸੁਟਿਆ ਜਾਂਦਾ ਸੀ। ਖਾਨ ਕਹਿਣ ਲਗਿਆ ਮਹਾਰਾਜ ਉਥੇ ਨਾ ਸੁਟੋ, ਇਹ ਕੋਈ ਕੱਚ ਦਾ ਟੁਕੜਾ ਨਹੀਂ, ਇਹ ਤਾਂ ਕਈ ਹਜ਼ਾਰਾਂ ਰੁਪੈ ਦਾ ਹੈ। ਰਵਿਦਾਸ ਜੀ ਕਹਿਣ ਲੱਗੇ, ਖਾਨ ਸਾਹਿਬ ਤੁਸੀਂ ਸਾਨੂੰ ਦੇ ਦਿੱਤਾ ਹੈ। ਸੋ ਅਸੀਂ ਉਥੇ ਰੱਖ ਦਿਤਾ। ਖਾਨ ਨੇ ਇਹ ਗੱਲ ਪੰਜ ਸਤ ਵਾਰੀ ਦੋਹਰਾਈ। ਜਿਹੜੇ ਬਾਕੀ ਬਚਨ ਕਰਨੇ ਸੀ ਸਾਰੇ ਹੀ ਭੁਲ ਗਿਆ। ਬਸ ਉਸ ਨੂੰ ਹੀਰੇ ਦਾ ਹੀ ਧਿਆਨ ਰਹਿ ਗਿਆ ਕਿ ਰਵਿਦਾਸ ਜੀ ਨੇ ਚੁਕ ਕੇ ਸੁਟ ਦਿਤਾ। ਕਲ ਨੂੰ ਬਾਹਰ ਚੁਕ ਕੇ ਸੁਟ ਦੇਣਗੇ। ਫੇਰ ਪਤਾ ਨਹੀਂ ਕਿਸਦੇ ਹੱਥ ਵਿਚ ਆ ਜਾਵੇ। ਕਬੀਰ ਸਾਹਿਬ ਕੋਲ ਆ ਗਿਆ। ਕਬੀਰ ਸਾਹਿਬ ਨੇ ਪੁਛਿਆ ਖਾਨ ਜੀ, ਦਰਸ਼ਨ ਕਰ ਆਏ? ਕਹਿਣ ਲੱਗਿਆ, ਹਾਂ ਜੀ! ਕਰ ਆਇਆ ਹਾਂ। ਕਬੀਰ ਸਾਹਿਬ ਨੇ ਕਿਹਾ ਕਿ ਸੰਤਾਂ ਦੇ ਦਰਸ਼ਨ ਕਰਕੇ ਤਾਂ ਚਿਹਰੇ ਤੇ ਖੇੜਾ ਆਉਂਦਾ ਹੈ ਪਰ ਤੁਸੀਂ ਤਾਂ ਮੁਰਝਾਏ ਪਏ ਹੋ, ਕੀ ਗੱਲ? ਖਾਨ ਕਹਿਣ ਲੱਗਾ ਕਿ ਮੈਂ ਆਪ ਦਾ ਬਚਨ ਮੰਨ ਕੇ ਦਰਸ਼ਨਾਂ ਨੂੰ ਗਿਆ ਤੇ ਇਕ ਹੀਰਾ ਲੈ ਗਿਆ ਜੋ ਕਿ ਸਾਡੀਆਂ ਪੁਸ਼ਤਾਂ ਵਿਚ ਬਹੁਤ ਦੇਰ ਤੋਂ ਸੰਭਾਲਿਆ ਹੋਇਆ ਸੀ। ਪਰ ਜਦੋਂ ਮੈਂ ਰਵਿਦਾਸ ਜੀ ਨੂੰ ਭੇਟ ਕੀਤਾ ਤਾਂ ਉਹਨਾਂ ਨੇ ਇਕ ਟੋਏ ਜਿਹੇ ਵਿਚ ਸੁਟ ਦਿੱਤਾ, ਜਿਥੇ ਚਮੜੇ ਦੀਆਂ ਪਚਰਾਂ ਸੁਟਦੇ ਸਨ। ਕਬੀਰ ਜੀ ਮੈਨੂੰ ਮਾਫ ਕਰਨਾ, ਮੈਂ ਤਾਂ ਉਹ ਆਪ ਦੇ ਚਰਨਾਂ ਵਿਚ ਵੀ ਭੇਟਾ ਨਹੀਂ ਸੀ ਕੀਤਾ। ਕਬੀਰ ਸਾਹਿਬ ਕਹਿਣ ਲੱਗੇ ਕਿ ਤੁਸੀਂ ਦੱਸਣਾ ਸੀ ਖਾਨ ਸਾਹਿਬ। ਕਹਿਣ ਲੱਗਾ ਕਿ ਮਹਾਰਾਜ ਮੈਂ ਤਾਂ ਦਸਿਆ ਸੀ। ਕਬੀਰ ਸਾਹਿਬ ਨੇ ਕਿਹਾ ਤੂੰ ਚੰਗੀ

ਤਰ੍ਹਾਂ ਦੱਸਣਾ ਸੀ। ਕਹਿਣ ਲੱਗਾ, ਮੈਂ ਤਾਂ ਮਹਾਰਾਜ, ਬਹੁਤ ਦਸਿਆ ਸੀ ਇਹ ਹੀਰਾ ਤਾਂ ਸਾਡੇ ਖ਼ਾਨਦਾਨ ਵਿਚ ਬਹੁਤ ਦੇਰ ਤੋਂ ਸੰਭਾਲਿਆ ਹੋਇਆ ਸੀ। ਪਰ ਰਵੀਦਾਸ ਜੀ ਨੇ ਤਾਂ ਫੇਰ ਵੀ ਸੁਟ ਦਿਤਾ। ਕਬੀਰ ਸਾਹਿਬ ਕਹਿਣ ਲੱਗੇ ਕਿ ਭਾਈ ਫੇਰ ਤੁਸੀਂ ਹੀਰਾ ਦੇ ਹੀ ਦਿਤਾ, ਕੋਈ ਗੱਲ ਨਹੀਂ ਉਨ੍ਹਾਂ ਦੀ ਭੇਟਾ ਕਰ ਦਿਤਾ। ਖਾਨ ਨੇ ਕਿਹਾ, ਮਹਾਰਾਜ! ਰਵੀਦਾਸ ਜੀ ਨੇ ਤਾਂ ਪਚਰਾਂ ਦੇ ਨਾਲ ਹੀ ਬਾਹਰ ਸੁਟ ਦੇਣਾ ਹੈ। ਸੋ ਉਹ ਹੀਰਾ ਕਿਸੇ ਲੇਖੇ ਵਿਚ ਤਾਂ ਲੱਗਾ ਨਾ।

ਕਬੀਰ ਸਾਹਿਬ ਨੇ ਖਾਨ ਨੂੰ ਸਮਝਾਇਆ ਕਿ ਜਦੋਂ ਸੰਤਾਂ ਨੂੰ ਕੋਈ ਚੀਜ਼ ਦੇ ਦੇਈਏ – ਫੇਰ ਉਹ ਭਾਵੇਂ ਕੁਝ ਕਰਨ – ਭਾਵੇਂ ਵਗਾਹ ਕੇ ਮਾਰ ਦੇਣ, ਤੇਰਾ ਤਾਂ ਲੇਖੇ ਵਿਚ ਲੱਗ ਗਿਆ। ਨਹੀਂ ਮਹਾਰਾਜ ਉਹ ਤਾਂ ਕਿਸੇ ਦੇ ਹੱਥ ਵਿਚ ਨਹੀਂ ਸੀ ਆਉਣਾ ਚਾਹੀਦਾ। ਕਬੀਰ ਸਾਹਿਬ ਕਹਿਣ ਲੱਗੇ ਕਿ ਚਲੋ ਆਪਾਂ ਦੋਨੋਂ ਰਵੀਦਾਸ ਜੀ ਕੋਲ ਚਲਦੇ ਹਾਂ। ਜਦੋਂ ਰਵੀਦਾਸ ਜੀ ਨੇ ਦੋਨਾਂ ਨੂੰ ਆਉਂਦਿਆਂ ਦੇਖਿਆ ਤਾਂ ਇਕ ਦਮ ਉਠ ਕੇ ਖੜੇ ਹੋ ਗਏ, ਅੱਗੇ ਵਧ ਕੇ ਕਬੀਰ ਸਾਹਿਬ ਨੂੰ ਨਮਸ਼ਕਾਰ ਕਰਨੀ ਚਾਹੁੰਦੇ ਹਨ। ਪਰ ਕਬੀਰ ਸਾਹਿਬ ਕਹਿਣ ਲੱਗੇ ਕਿ ਪਹਿਲੋਂ ਅਸੀਂ ਨਮਸਕਾਰ ਕਰਨੀ ਹੈ। ਅਖੀਰ ਦੋਨਾਂ ਨੇ ਇਕ ਦੂਜੇ ਨੂੰ ਬੁਕਲ ਵਿਚ ਲੈ ਲਿਆ। ਰਵੀਦਾਸ ਜੀ ਦੇ ਹੇਠਾਂ ਜਿਹੜਾ ਬੋਰੀ ਦਾ ਟੁਕੜਾ ਵਿਛਿਆ ਹੋਇਆ ਸੀ ਲਿਆ ਕੇ ਕਬੀਰ ਸਾਹਿਬ ਦੇ ਬੈਠਣ ਵਾਸਤੇ ਵਿਛਾ ਦਿਤਾ। ਉਹਦੇ ਤੇ ਕਬੀਰ ਸਾਹਿਬ ਨੂੰ ਬਿਠਾ ਰਹੇ ਹਨ ਕਿਉਂਕਿ ਉਹਨਾਂ ਕੋਲ ਤਾਂ ਫਟੀ ਹੋਈ ਦਰੀ ਦਾ ਉਹੀ ਆਸਨ ਸੀ। ਕੋਈ ਵੱਡਾ ਆਸਨ ਤਾਂ ਹੈ ਨਹੀਂ ਸੀ। ਆਪ ਹੇਠਾਂ ਫਰਸ਼ ਤੇ ਬੈਠ ਗਏ। ਆਦਰ ਸਤਿਕਾਰ ਕੀਤਾ ਤੇ ਪੁਛਿਆ ਕਿ ਆਪ ਜੀ ਦਾ ਆਉਣਾ ਕਿਵੇਂ ਹੋਇਆ? ਕਬੀਰ ਸਾਹਿਬ ਨੇ ਪੁਛਿਆ ਕਿ ਖਾਨ ਜੀ ਤੁਹਾਡੇ ਕੋਲ ਆਏ ਸਨ?

ਕਹਿੰਦੇ, “ਜੀ ਹਾਂ ਆਏ ਸਨ।”

“ਖਾਨ ਜੀ ਨੇ ਤੁਹਾਨੂੰ ਕੋਈ ਬਹੁਤ ਕੀਮਤੀ ਹੀਰਾ ਭੇਟਾ ਕੀਤਾ ਸੀ। ਰਵੀਦਾਸ ਜੀ ਨੇ ਕਿਹਾ, ਹਾਂ ਜੀ! ਦਸਿਆ ਸੀ। ਕਬੀਰ ਸਾਹਿਬ ਨੇ ਪੁਛਿਆ ਕਿ ਕੀ ਤੁਸੀਂ ਫੇਰ ਸਾਂਭ ਕੇ ਰੱਖ ਦਿਤਾ। ਉਹ ਮੁਸਕਰਾ ਪਏ। ਕਹਿਣ ਲੱਗੇ, ਮਹਾਰਾਜ! ਉਥੇ ਪਚਰਾਂ ਵਿਚ ਪਿਆ ਹੈ। ਕਬੀਰ ਸਾਹਿਬ ਨੇ ਕਿਹਾ ਜੇ ਤੁਹਾਡੇ ਉਹ ਹੀਰਾ ਕਿਸੇ ਕੰਮ ਨਹੀਂ ਤਾਂ ਖਾਨ ਨੂੰ ਵਾਪਸ ਕਰ ਦਿਉ। ਰਵੀਦਾਸ ਜੀ ਨੇ ਕਿਹਾ, ਹਾਂ! ਵਾਪਸ ਲੈ ਲਵੋ।

ਉਹ ਟੋਇਆ ਕਾਫੀ ਡੂੰਘਾ ਜਿਹਾ ਸੀ ਜਿਥੇ ਕਈ ਦਿਨ ਦੀਆਂ ਪਚਰਾਂ ਇਕੱਠੀਆਂ ਹੋ ਜਾਂਦੀਆਂ ਸਨ। ਫੇਰ ਬਾਹਰ ਸੁਟ ਦਿੰਦੇ ਸਨ। ਕਬੀਰ ਸਾਹਿਬ ਨੇ ਕਿਹਾ, ਖਾਨ ਜੀ! ਜਾਓ ਤੁਸੀਂ ਟੋਏ ਵਿਚੋਂ ਆਪੇ ਆਪਣਾ ਹੀਰਾ ਕੱਢ ਲਵੋ। ਜਦੋਂ ਖਾਨ ਨੇ ਟੋਏ ਵਿਚ ਹੱਥ ਪਾਇਆ ਤਾਂ ਕੀ ਦੇਖਦਾ ਹੈ ਕਿ ਉਪਰ ਉਪਰ ਤਾਂ ਚਮੜੇ ਦੀਆਂ ਪਚਰਾਂ ਹਨ, ਹੇਠਾਂ ਹੀਰੇ ਹੀ ਹੀਰੇ ਭਰੇ

ਪਏ ਹਨ। ਕਹਿਣ ਲੱਗੇ, ਖਾਨ ਜੀ! ਆਪਣਾ ਹੀਰਾ ਕੱਢ ਲਓ ਚੰਗੀ ਤਰ੍ਹਾਂ ਦੇ ਨਾਲ, ਇਕ ਬੁਕ (ਉਂਜਲ) ਭਰਕੇ ਕੱਢ ਲਉ, ਡਰੋ ਨਾ, ਜਦੋਂ ਮੁੱਠ ਬਾਹਰ ਕੱਢੀ ਤਾਂ ਰਵੀਦਾਸ ਜੀ ਨੇ ਕਿਹਾ, ਜਿਹੜਾ ਤੁਹਾਡਾ ਹੀਰਾ ਹੈ, ਪਛਾਣ ਲਵੋ। ਹੁਣ ਖਾਨ ਚੁਪ ਕਰ ਗਿਆ। ਕਹਿਣ ਲਗਾ, ਮਹਾਰਾਜ ਮੇਰੇ ਤੋਂ ਬਹੁਤ ਭਾਰੀ ਭੁਲ ਹੋ ਗਈ। ਮੈਂ ਤਾਂ ਇਹ ਸਮਝਦਾ ਸੀ ਕਿ ਰਵੀਦਾਸ ਜੀ ਨੂੰ ਮੇਰੇ ਹੀਰੇ ਦੀ ਕਦਰ ਨਹੀਂ ਹੈ। ਏਥੇ ਤਾਂ ਸਾਰੇ ਹੀਰੇ ਹੀ ਹੀਰੇ ਹਨ, ਚਮੜਾ ਤਾਂ ਹੈ ਹੀ ਨਹੀਂ। ਸਾਰੇ ਹੀਰੇ ਹੀ ਬਣਾ ਦਿੱਤੇ। ਰਵਿਦਾਸ ਜੀ ਕਹਿਣ ਲੱਗੇ ਖਾਨ ਜੀ

***ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥***
***ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥***
***ਪੰਨਾ - 1377***

ਸੋ ਪਰਮੇਸ਼ਰ ਦੇ ਨਾਮ ਦਾ ਅਮੋਲ ਹੀਰਾ ਹੈ, ਉਸ ਨੂੰ ਛੱਡ ਕੇ ਅਸੀਂ ਇਹ ਕੱਚ ਦੇ ਟੁਕੜਿਆਂ ਵੱਲ ਆਸ ਕਰੀਏ? ਤੇਰੀ ਭਾਵਨਾ ਸੀ, ਤੂੰ ਦੇ ਗਿਆ, ਅਸੀਂ ਰੱਖ ਲਿਆ।

ਸੋ ਇਸ ਤਰ੍ਹਾਂ ਦੇ ਨਾਲ ਇਕ ਨਿਗਾਹ ਹੀ ਚਾਹੀਦੀ ਹੈ। ਇਕ ਸੰਤ ਬੁਧੂ ਸ਼ਾਹ ਜੀ ਹੋਏ ਹਨ। ਉਹ ਪੰਜਾਬ ਵਿਚ ਸ਼ਾਹਪੁਰ ਦੇ ਰਹਿਣ ਵਾਲੇ ਸਨ। ਇਕ ਵਾਰੀ ਇਕ ਬੰਦਾ ਉਹਨਾਂ ਕੋਲ ਆ ਗਿਆ, ਉਸ ਨੇ ਆ ਕੇ ਸੰਤਾਂ ਦੇ ਲੰਗਰ ਵਿਚ ਪ੍ਰਸ਼ਾਦਾ ਛੱਕਿਆ, ਉਹਨੇ ਸੋਚਿਆ ਕਿ ਸੰਤਾਂ ਦੇ ਲੰਗਰ ਦਾ ਬੜਾ ਖਰਚਾ ਹੈ। ਮੈਂ ਸੰਤਾਂ ਨੂੰ ਚਾਂਦੀ ਬਨਾਉਣੀ ਸਿਖਾ ਦਿੰਦਾ ਹਾਂ। ਉਸ ਕੋਲ ਇਸ ਗੱਲ ਦੀ ਜੁਗਤ ਸੀ। ਸੋ ਉਸਨੇ ਚਾਂਦੀ ਬਨਾਉਣੀ ਸਿਖਾ ਦਿੱਤੀ। ਨਾਲ ਕਹਿਣ ਲੱਗਾ ਕਿ ਮਹਾਰਾਜ ਇਹ ਨੁਸਖਾ ਸੰਭਾਲ ਕੇ ਰੱਖਣਾ, ਕਿਸੇ ਦੇ ਹੱਥ ਵਿਚ ਨਾ ਜਾਵੇ। ਆਪ ਚਲਾ ਗਿਆ ਪਰ ਰਸਤੇ ਵਿਚੋਂ ਮੁੜ ਆਇਆ। ਸੋਚਣ ਲੱਗਾ ਕਿ ਸੰਤਾਂ ਨੇ ਨੁਸਖਾ ਤਾਂ ਸਾਂਭਿਆ ਹੀ ਨਹੀਂ ਸੀ। ਨਾ ਤਾਲਾ ਲਾਇਆ ਸੀ। ਸੰਤ ਕਹਿਣ ਲੱਗੇ, ਭਾਈ ਤੂੰ ਮੁੜ ਆਇਆ? ਕਹਿਣ ਲੱਗਾ, ਮਹਾਰਾਜ ਤੁਸੀਂ ਨੁਸਖਾ ਨਹੀਂ ਸੀ ਸੰਭਾਲਿਆ। ਸੰਤ ਬੁਧੂ ਸ਼ਾਹ ਕਹਿਣ ਲੱਗੇ ਭਾਈ ਇਹ ਨੁਸਖਾ ਸਾਡੇ ਕਿਸੇ ਕੰਮ ਨਹੀਂ ਹੈ। ਤੂੰ ਤਾਂ ਐਵੇਂ ਸਾਡੇ ਖਹਿੜੇ ਪੈ ਗਿਆ ਹੈਂ, ਸਾਡੇ ਲਈ ਤਾਂ ਸੋਨਾ ਵੀ ਕਿਸੇ ਕੰਮ ਨਹੀਂ, ਚਾਂਦੀ ਵੀ ਕਿਸੇ ਕੰਮ ਨਹੀਂ ਹੈ। ਲੰਗਰ ਵਿਚ ਦਾਣਾ ਪਾਣੀ ਤਾਂ ਗੁਰੂ ਦਾ ਹੈ, ਟਹਿਲ ਸੇਵਾ ਸੰਗਤ ਦੀ ਹੈ। ਸੋ ਮੈਂ ਐਸੇ ਨੁਸਖੇ ਕੀ ਕਰਨੇ ਹਨ। ਜਦੋਂ ਉਸਨੇ ਬਾਰ-ਬਾਰ ਕਿਹਾ ਤਾਂ ਸੰਤ ਕਹਿਣ ਲੱਗੇ, ਜਾ ਬਾਹਰੋਂ ਚਾਰ ਇੱਟਾਂ ਚੁਕ ਲਿਆ, ਉਹ ਗੁਰਦਵਾਰੇ ਵਿਚ ਝਾੜੂ ਦੇ ਰਹੇ ਸਨ। ਜਦੋਂ ਇੱਟ ਚੁੱਕ ਕੇ ਲਿਆਇਆ ਤਾਂ ਕੀ ਦੇਖਦਾ ਹੈ ਕਿ ਇੱਟ ਦਾ ਪੀਲਾ ਰੰਗ ਹੋ ਗਿਆ। ਸੋਚਣ ਲੱਗਾ ਕਿ ਇਹ ਇੱਟ ਤਾਂ ਮੇਰੇ ਕੋਲੋਂ ਗਲਤੀ ਨਾਲ ਚੁਕ ਹੋ ਗਈ। ਪ੍ਰੇਮੀ ਸੰਤ ਬੁੱਧੂ ਸ਼ਾਹ ਜੀ ਨੂੰ ਕਹਿਣ ਲੱਗਾ ਕਿ ਮਹਾਰਾਜ, ਇਹ ਇੱਟ ਤਾਂ ਸੋਨੇ ਦੀ ਹੈ। ਸੰਤ ਚੁਪ ਕਰ ਗਏ। ਕਹਿਣ ਲੱਗੇ ਜਾਹ ਚਾਰ ਇੱਟਾਂ ਹੋਰ ਚੁਕ ਲਿਆ, ਜਦੋਂ ਲੈਣ ਗਿਆ

ਤਾਂ ਕੀ ਦੇਖਦਾ ਹੈ ਕਿ ਸਾਰਾ ਚੱਠਾ ਹੀ ਸੋਨੇ ਦਾ ਬਣਿਆ ਪਿਆ ਸੀ। ਜਦੋਂ ਇਧਰ ਦੇਖਦਾ ਹੈ ਤਾਂ ਸਾਰਾ ਗੁਰਦੁਆਰਾ ਵੀ ਝਿਲਮਿਲ-ਝਿਲਮਿਲ ਕਰ ਰਿਹਾ ਹੈ। ਸਾਰਾ ਸੋਨੇ ਦਾ ਹੀ ਨਜ਼ਰ ਆ ਰਿਹਾ ਹੈ। ਆ ਕੇ ਸੰਤ ਬੁੱਧੂ ਸ਼ਾਹ ਦੇ ਚਰਨ ਫੜ ਲਏ। ਕਹਿਣ ਲੱਗਾ ਮਹਾਰਾਜ ਮੈਂ ਤਾਂ ਬੜੀ ਭਾਰੀ ਭੁਲ ਕੀਤੀ ਹੈ। ਇਕ ਪਾਈਆ ਚਾਂਦੀ ਬਣਾ ਕੇ ਸੋਚਿਆ ਕਿ ਤੁਹਾਡਾ ਕੰਮ ਚਲਦਾ ਰਹੇਗਾ। ਪਰ ਆਪ ਦੀ ਦ੍ਰਿਸ਼ਟੀ ਤਾਂ ਐਸੀ ਹੈ, ਜਿਧਰ ਦੇਖੋ, ਜੋ ਚਾਹੋ, ਉਹੀ ਬਣ ਜਾਏਗਾ।

ਸੋ ਜਿਹੜਾ ਗੋਰਖਨਾਥ ਦਾ ਗੁਰੂ ਨਾਨਕ ਦੇਵ ਜੀ ਨੂੰ ਇਹ ਕਹਿਣ ਸੀ ਕਿ ਪ੍ਰਾਣਾਯਾਮ ਨਾਲ ਸਾਰੀਆਂ ਸ਼ਕਤੀਆਂ ਆ ਸਕਦੀਆਂ ਹਨ। ਇਹ ਤਾਂ ਨਾਮ ਜਪਣ ਵਾਲਿਆਂ ਕੋਲ ਸਹਿਜ ਸੁਭਾਅ ਹੀ ਹੋ ਸਕਦੀਆਂ ਹਨ। ਲੇਕਿਨ ਗੁਰੂ ਘਰ ਦੇ ਅੰਦਰ ਇਹਨਾਂ ਚੀਜ਼ਾਂ ਨੂੰ ਮਹਾਨਤਾ ਨਹੀਂ ਦਿੱਤੀ ਜਾਂਦੀ।

***ਧਾਰਨਾ - ਰਿਧ ਸਿਧ ਸਭ ਮੋਹ ਹੈ,***
***ਨਾਮ ਨਾ ਵਸੈ ਮਨ ਆਇ -2, 2.***
***ਪਿਆਰੇ ਨਾਮ ਨਾ ਵਸੈ ਮਨ ਆਇ -2, 2.***
***ਰਿਧ ਸਿਧ ਸਭੁ ਮੋਹੁ ਹੈ,............... -2.***

ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਾਥ ਜੀ! ਇਹ ਚੀਜ਼ਾਂ ਪਰਮੇਸ਼ਰ ਨੂੰ ਭੁਲਾਉਂਦੀਆਂ ਹਨ। ਤੁਸੀਂ ਐਵੇਂ ਮਨ ਦਾ ਹੱਠ ਕਰਕੇ ਇਹਦੇ ਪਿੱਛੇ ਲੱਗੇ ਹੋਏ ਹੋ।

***ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥***
***ਮਨਹਠਿ ਭੇਖ ਕਰਿ ਭਰਮਦੇ ਦੂਖੁ ਪਾਇਆ ਦੂਜੈ ਭਾਇ॥***
***ਪੰਨਾ - 593***

ਗੱਲ ਤਾਂ ਕੋਈ ਬਣਦੀ ਨਹੀਂ, ਪਰ ਭੇਖ ਤੇ ਸਾਰਾ ਜ਼ੋਰ ਲਗਾਇਆ ਜਾ ਰਿਹਾ ਹੈ। ਕੋਈ ਕਿਸੇ ਕਿਸਮ ਦਾ ਭੇਖ ਧਾਰ ਰਿਹਾ ਹੈ। ਕੋਈ ਚੱਕਰ ਬਣਾ ਰਿਹਾ ਹੈ। ਕੋਈ ਮੱਥੇ ਤੇ ਛਾਪ ਲਾ ਰਿਹਾ ਹੈ। ਕੋਈ ਸਰੀਰ ਤੇ ਲਾ ਰਿਹਾ ਹੈ। ਕਹਿੰਦੇ ਇਸ ਤਰ੍ਹਾਂ ਕਰਨ ਨਾਲ ਪਰਮੇਸ਼ਰ ਨਹੀਂ ਮਿਲਦਾ।

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨਾ ਵਸੈ ਮਨਿ ਆਇ॥***
***ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥***
***ਪੰਨਾ - 593***

ਜੇਕਰ ਗੁਰੂ ਦੀ ਸੇਵਾ ਕਰੇ, ਗੁਰੂ ਦਾ ਸ਼ਬਦ ਪ੍ਰਾਪਤ ਕਰੇ ਫੇਰ-

ਸਵਾਲ ਤਾਂ ਅਗਿਆਨ ਦੂਰ ਕਰਨ ਦਾ ਹੈ, ਹਨ੍ਹੇਰੇ ਨੂੰ ਦੂਰ ਕਰਨ ਦਾ ਹੈ। ਹਨ੍ਹੇਰੇ ਵਿਚ ਰਿਧੀ ਸਿਧੀ ਨੇ ਪ੍ਰਕਾਸ਼ ਨਹੀਂ ਕਰਨਾ।

***ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਿਜ ਸਮਾਇ॥***

*ਪੰਨਾ - 593*

***ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥***
***ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥***
***ਬਿਨੁ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਾਮਾਤਿ॥*** *ਪੰਨਾ - 650*

ਧਿਰਕਾਰ ਹੈ ਸਿਧੀ, ਨੂੰ ਧਿਰਕਾਰ ਹੈ ਕਰਾਮਾਤ ਨੂੰ, ਇਸ ਗੱਲ ਵਿਚ ਪੈ ਕੇ ਨਾਮ ਤੋਂ ਵਾਝਾਂ ਰਹਿ ਜਾਂਦਾ ਹੈ।

***ਸਾ ਸਿਧਿ ਸਾ ਕਰਾਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥***

*ਪੰਨਾ - 650*

ਉਹੀ ਸਿਧੀ ਉਹੀ ਕਰਾਮਾਤ ਹੈ-

***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ***
***ਏਹਾ ਸਿਧਿ ਏਹਾ ਕਰਾਮਾਤਿ॥*** *ਪੰਨਾ - 650*

ਨਾਮ ਦਾ ਮਨ ਵਿਚ ਵਸਣਾ ਹੀ ਵੱਡੀ ਕਰਾਮਾਤ ਹੈ। ਇਸ ਧਰਤੀ ਨੂੰ ਭਾਵੇਂ ਤੁਸੀਂ ਸੋਨੇ ਦੀ ਬਣਾ ਦਿਓ - ਕੀ ਕਰਨਾ ਹੈ ਖਾਣਾ ਹੈ ਸੋਨਾ? ਕੀ ਹੀਰੇ ਜਵਾਹਰਾਤ ਖਾਣੇ ਹਨ, ਹੀਰੇ ਨਾਲੋਂ ਤਾਂ ਕਿ ਪਾਣੀ ਦਾ ਗਿਲਾਸ ਚੰਗਾ ਹੈ, ਜਦੋਂ ਪਿਆਸ ਲੱਗੀ ਹੋਵੇ ਤਾਂ ਕੇਵਲ ਪਾਣੀ ਚਾਹੀਦਾ ਹੈ, ਜੇਕਰ ਪਾਣੀ ਨਾ ਮਿਲੇ ਫਿਰ ਕੀ ਕਰੋਗੇ? ਕੀ ਹੀਰੇ ਪੀ ਲਓਗੇ।

ਜਿਸ ਤਰ੍ਹਾਂ ਕਿ ਰੇਗਿਸਤਾਨ ਦੇ ਅੰਦਰ, ਅਫਰੀਕਾ ਵਿਚ ਊਂਠ ਚਲਿਆ ਕਰਦੇ ਹਨ, ਪਾਣੀ ਦੀਆਂ ਮਸ਼ਕਾਂ ਭਰਕੇ ਊਠਾਂ ਤੇ ਲਦ ਦਿੰਦੇ ਹਨ - ਊਠ ਤਾਂ ਆਪ ਅੱਠ ਅੱਠ ਦਿਨ ਲਈ ਪਾਣੀ ਪੀ ਲੈਂਦੇ ਹਨ। ਜਾਂਦੇ ਜਾਂਦੇ ਪਾਣੀ ਮੁਕ ਗਿਆ - ਨਾਲ ਇਕ ਮਸ਼ਕ ਹੀਰਿਆਂ ਦੀ ਭਰੀ ਹੋਈ ਹੈ, ਉਹ ਜਿਹੜਾ ਪੈਸਾ ਕਮਾਇਆ ਸੀ - ਹੀਰੇ ਜਵਾਹਰਾਤ ਨਾਲ ਭਰ ਲਈ। ਜਦੋਂ ਮਾਰੂਥਲ ਵਿਚ ਪੁਜਾ ਤਾਂ ਉਹ ਵਪਾਰੀ ਮਰ ਗਿਆ। ਊਠ ਵੀ ਮਰ ਗਿਆ ਤੇ ਉਹ ਬੰਦਾ ਵੀ ਮਰ ਗਿਆ। ਉਹ ਹੀਰੇ ਉਥੇ ਹੀ ਗਿਰੇ ਰਹਿ ਗਏ। ਇਕ ਹੋਰ ਬੰਦਾ ਕੋਲੋਂ ਲੰਘ ਰਿਹਾ ਸੀ। ਉਸ ਨੂੰ ਵੀ ਪਿਆਸ ਲੱਗੀ ਹੋਈ ਸੀ। ਮਸ਼ਕ ਨੂੰ ਦੇਖ ਕੇ ਬੜਾ ਪ੍ਰਸੰਨ ਹੋਇਆ ਕਿ ਇਹ ਪਾਣੀ ਦੀ ਭਰੀ ਹੋਈ ਮਸ਼ਕ ਹੈ। ਜਦੋਂ ਉਸ ਨੇ ਮਸ਼ਕ ਨੂੰ ਖੋਲਿਆ ਤਾਂ ਦੇਖਿਆ ਇਹ ਤਾਂ ਹੀਰਿਆਂ ਦੀ ਭਰੀ ਹੋਈ ਮਸ਼ਕ ਹੈ। ਕਹਿਣ ਲੱਗਾ ਅਫਸੋਸ ਕਿ ਇਸ ਵਿਚੋਂ ਪਾਣੀ ਨਹੀਂ ਨਿਕਲਿਆ, ਜੇ ਮੈਨੂੰ ਇਹਨਾਂ ਸਾਰੇ ਹੀਰਿਆਂ ਦੇ ਬਦਲੇ ਇਕ ਪਾਣੀ ਦਾ ਗਿਲਾਸ ਮਿਲ ਜਾਵੇ ਤਾਂ ਕੀ ਕੋਈ ਉਸਦੀ ਕੀਮਤ ਦੇ ਸਕਦਾ ਹੈ, ਮੇਰੀ ਜ਼ਿੰਦਗੀ ਬਚ ਸਕਦੀ ਹੈ।

ਸੋ ਗੁਰੂ ਨਾਨਕ ਦੇਵ ਨੇ ਕਿਹਾ, ਨਾਥ ਜੀ! ਤੁਸੀਂ ਪਾਣੀ ਦੀ ਥਾਂ ਹੀਰਿਆਂ ਦਾ ਮੁਕਾਬਲਾ ਕਰਦੇ ਹੋ? ਪਾਣੀ ਤਾਂ ਹੈ ਪਰਮੇਸ਼ਰ ਦੀ ਦਾਤ,

ਪਾਣੀ ਬਿਨਾਂ ਤਾਂ ਗੁਜ਼ਾਰਾ ਨਹੀਂ ਚਲਦਾ, ਹੀਰਿਆਂ ਬਗੈਰ ਤਾਂ ਗੁਜ਼ਾਰਾ ਹੋ ਜਾਂਦਾ ਹੈ। ਸੋ ਇਹ ਸਾਰੀਆਂ ਚੀਜ਼ਾਂ ਤਾਂ ਕੁਝ ਵੀ ਨਹੀਂ ਹਨ ਨਾਮ ਜਪਣ ਵਾਲਿਆਂ ਵਾਸਤੇ –

*ਧਾਰਨਾ – ਪਿਆਰੇ ਜੀ,*
*ਪਿਛੇ ਲੱਗੀਆਂ ਫਿਰਨ ਸਿਧੀਆਂ –2, 2.*
*ਜਿਹਦੇ ਹਿਰਦੇ ਨਾਮ ਦਾ ਵਾਸਾ –2, 2.*
*ਪਿਆਰੇ ਜੀ, ਪਿਛੇ ਲੱਗੀਆਂ,.... –2.*

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** *ਪੰਨਾ – 649*

ਕਹਿਣ ਲੱਗੇ ਨਾਥ ਜੀ! ਸਿਧੀਆਂ ਦੇ ਨਾਲ ਨਾਮ ਦਾ ਮੁਕਾਬਲਾ ਕਰਨਾ ਚਾਹੁੰਦੇ ਹੋ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
*ਪੰਨਾ – 81*

ਅੱਜ ਤੱਕ ਸੰਸਾਰ ਵਿਚ ਐਸਾ ਤਾਂ ਕੋਈ ਆਇਆ ਨਹੀਂ ਜੋ ਸਾਂਈ ਦੇ ਨਾਮ ਦੀ ਕੀਮਤ ਪਾ ਸਕਿਆ ਹੋਵੇ। ਇਹ ਤਾਂ ਤੁਛ ਚੀਜ਼ਾਂ ਹਨ। ਇਹਨਾਂ ਦੀ ਕੋਈ ਮਹੱਤਤਾ ਨਹੀਂ ਹੈ।

ਨਾਥ ਕਹਿਣ ਲੱਗੇ, "ਤੁਹਾਡਾ ਕੀ ਮੱਤ ਹੈ?"

ਮਹਾਰਾਜ ਨੇ ਉਤਰ ਦਿਤਾ ਕਿ ਸਾਡਾ ਤਾਂ ਨਾਮ ਮਾਰਗ ਹੈ।

"ਕੀ ਤੁਸੀਂ ਹਠ ਯੋਗ ਵਿਚ ਵਿਸ਼ਵਾਸ ਨਹੀਂ ਕਰਦੇ।"

ਗੁਰੂ ਮਹਾਰਾਜ ਨੇ ਕਿਹਾ ਕਿ ਜਿਹੜਾ ਤੁਹਾਡਾ ਤਰੀਕਾ ਹੈ ਸਾਧਨ ਹੈ, ਇਹ ਬਹੁਤ ਔਖਾ ਹੈ। ਇਹ ਸਾਰੇ ਸੰਸਾਰ ਦਾ ਉਧਾਰ ਨਹੀਂ ਕਰ ਸਕਦਾ। ਚੌਣਵੇਂ ਬੰਦਿਆਂ ਨੂੰ ਤਾਂ ਕਿਸੇ ਕਿਨਾਰੇ ਲਾ ਸਕਦਾ ਹੈ ਪਰ ਹਰ ਬੰਦਾ ਨਹੀਂ ਕਰ ਸਕਦਾ। ਪਹਿਲਾਂ ਤਾਂ ਇਸ ਤਰ੍ਹਾਂ ਹੈ ਕਿ ਜੇਕਰ ਹਜ਼ਾਰ ਬੰਦਾ ਪ੍ਰਾਣਾਯਾਮ ਕਰਨ ਲਗ ਜਾਏ, ਹਜ਼ਾਰ ਵਿਚੋਂ ਕਿੰਨੇ ਕੁ ਬੰਦੇ ਪੁਗ ਜਾਣਗੇ। ਨਾਥ ਨੇ ਕਿਹਾ, ਨਾਨਕ ਜੀ ਅਸੀਂ ਇਕ ਬੇਨਤੀ ਕਰਦੇ ਹਾਂ। ਇਹ ਗੱਲ ਸਾਡੀ ਪਰਤਿਆਈ ਹੋਈ ਹੈ ਕਿ ਜਿੰਨੀ ਦੇਕ ਤੱਕ ਤੁਸੀਂ ਯੋਗ ਨਹੀਂ ਕਰਦੇ, ਉਨੀ ਦੇਰ ਤੱਕ ਜਿਹੜੇ ਚਿਤ ਦੇ ਅੰਦਰ ਪੰਜ ਦੋਸ਼ ਹਨ, ਪੰਜ ਕਲੇਸ਼ ਹਨ ਜਿਹੜੇ ਸਾਰੇ ਸੰਸਾਰ ਨੂੰ ਤਪਾਉਂਦੇ ਰਹਿੰਦੇ ਹਨ, ਜੋ ਸਾਰੇ ਸੰਸਾਰ ਨੂੰ ਦੁਖੀ ਕਰ ਰਹੇ ਹਨ, ਉਹ ਦੂਰ ਨਹੀਂ ਹੋਇਆ ਕਰਦੇ। ਜਿਹੜੀਆਂ ਪੰਜ ਬਿਰਤੀਆਂ ਹਨ ਉਹ ਕਿਸੇ ਲਾਈਨ ਵਿਚ ਨਹੀਂ ਆਉਂਦੀਆਂ। ਇਹ ਕਰਮ ਕਰਾਂਗੇ ਤਾਂ ਇਹਨਾਂ ਖੱਟ ਕਰਮਾਂ ਕਰਕੇ ਇਹ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ। ਧੋਤੀ, ਨੇਤੀ, ਨਿਉਲੀ, ਬਸਤੀ, ਤ੍ਰਾਟਕ, ਕਪਾਲਭਾਤੀ, ਭਾਠੀ ਇਹ ਚੀਜ਼ਾਂ ਹੋਇਆ ਕਰਦੀ ਹਨ। ਸੰਗਤ ਨੂੰ ਕਈ ਵਾਰੀ ਵਿਸਥਾਰ ਨਾਲ ਦਸਿਆ ਹੈ। ਬਹੁਤ ਸਹਿਜ ਚਾਹੀਦੀ ਹੈ। ਇਕਾਂਤ ਚਾਹੀਦੀ ਹੈ। ਨਾਲ

ਪੂਰਾ ਗੁਰੂ ਹਰ ਵਕਤ ਨਾਲ ਚਾਹੀਦਾ ਹੈ। ਉਸ ਤੋਂ ਬਾਅਦ ਫੇਰ ਛੇ ਚਕਰਾਂ ਵਿਚੋਂ ਲੰਘਣਾ ਪੈਂਦਾ ਹੈ ਮੂਲਧਾਰ ਚੱਕਰ, ਸਵਾਦਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਜਿਹੜਾ ਨਾਭੀ ਵਿਚ ਹੋਇਆ ਕਰਦਾ ਹੈ, ਅਨਹਦ ਚੱਕਰ ਜਿਹੜਾ ਹਿਰਦੇ ਵਿਚ ਹੁੰਦਾ ਹੈ ਵਿਸ਼ੁਧ ਚੱਕਰ, ਫਿਰ ਆਗਿਆ ਚੱਕਰ ਜਿਹੜਾ ਦੋਨਾਂ ਅੱਖਾਂ ਦੇ ਨੱਕ ਦੀ ਜੜ੍ਹ ਵਿਚ ਹੋਇਆ ਕਰਦਾ ਹੈ।

ਅਸੀਂ ਪ੍ਰਾਣਾਯਾਮ ਦੇ ਬਲ ਨਾਲ ਮੂਲ ਚੱਕਰ ਦਾ ਮੂੰਹ ਖੋਲ੍ਹ ਕੇ, ਉਥੋਂ ਫਿਰ ਕੁੰਡਲਨੀ ਸ਼ਕਤੀ ਨੂੰ ਜਾਗਰਿਤ ਕਰਕੇ, ਫਿਰ ਅਸੀਂ ਉਡਦੇ ਹਾਂ। ਜਿਉਂ ਜਿਉਂ ਕੁੰਡਲਨੀ ਸ਼ਕਤੀ ਉਪਰ ਨੂੰ ਜਾਂਦੀ ਹੈ, ਤਿਉਂ ਤਿਉਂ ਸ਼ਕਤੀਆਂ ਦਾ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਰਿਧੀਆਂ ਸਿਧੀਆਂ ਅੰਤਰਜਾਮਤਾ, ਦੂਰ-ਦਰਸ਼ਤਾ, ਜਿਥੇ ਜੀਅ ਕਰਦਾ ਹੈ ਚਲੇ ਜਾਣਾ, ਬੇਅੰਤ ਸਿਧੀਆਂ ਹਨ, ਸੋ ਇਹਨਾਂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਪੰਜ ਕਲੇਸ਼ ਹਨ- ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼, ਪੰਜ ਬਿਰਤੀਆਂ ਹਨ – ਪ੍ਰਮਾਣ, ਵਿਪਰਜੇ, ਨਿੰਦਰਾ, ਸਿਮਰਤੀ, ਵਿਕਲਪ। ਸੰਸਾਰ ਸਾਗਰ ਨੂੰ ਦੁਤਰ ਕਹਿੰਦੇ ਹਨ। ਅਸੀਂ ਹੱਠ ਯੋਗ ਤੇ ਰਾਜ ਯੋਗ ਦੇ ਸਾਧਨ ਕਰਦੇ ਹਾਂ, ਤੁਸੀਂ ਸੰਸਾਰ ਸਾਗਰ ਨੂੰ, ਜਿਸਨੂੰ ਦੁਤਰ (ਨਾ ਤਰ ਸਕਣ ਵਾਲਾ) ਕਹਿੰਦੇ ਹਨ, ਨਾਮ ਨਾਲ ਕਿਵੇਂ ਤਾਰ ਦੇਵੋਂਗੇ? ਇਹ ਦੁਤਰ ਸਾਗਰ ਤਰਿਆ ਨਹੀਂ ਜਾ ਸਕਦਾ, ਤੁਸੀਂ ਕਿਸ ਤਰ੍ਹਾਂ ਤਾਰ ਦਿਓਗੇ?

***ਧਾਰਨਾ – ਕਿਉਂ ਕਰ ਪਾਈਐ ਪਾਰੋ ਜੀ,***
***ਦੁਨੀਆਂ ਸਾਗਰ ਦੂਤਰ ਕਹੀਐ -2, 2.***
***ਦੁਨੀਆਂ ਸਾਗਰ ਦੂਤਰੁ ਕਹੀਐ -2, 2.***
***ਕਿਉਂ ਕਰ ਪਾਈਐ ਪਾਰੋ ਜੀ,...... -2.***

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***

***ਪੰਨਾ – 938***

ਹੇ ਨਾਨਕ! ਤੂੰ ਸਾਨੂੰ ਇਹ ਦੱਸ ਕਿ ਇਹ ਸਾਰੇ ਸਾਧਨ ਕੀਤੇ ਬਗੈਰ ਜੋ ਪ੍ਰਾਣਾਯਾਮ ਆਦਿ ਹਨ, ਸੰਸਾਰ ਨੂੰ ਤੁਸੀਂ ਕਿਸ ਤਰ੍ਹਾਂ ਤਾਰ ਲਵੋਂਗੇ –

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥ ਪੰਨਾ – 938***

ਸਾਡੇ ਨਾਲ ਸੱਚੀ ਗੱਲ ਕਰਕੇ ਦੱਸ, ਸੋ ਅਸੀਂ ਵੀ ਤੇਰੇ ਖਿਆਲ ਸੁਣੀਏ, ਬੜੇ ਸਤਿਕਾਰ ਨਾਲ ਸੁਣਾ ਦੇ, ਦੇਖ ਅਸੀਂ ਪਹਾੜਾਂ ਜੰਗਲਾਂ ਵਿਚ ਬਾਹਰ ਰਹਿੰਦੇ ਹਾਂ।

***ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥***
***ਪੰਨਾ – 938***

ਰੁਖਾਂ ਦੇ ਹੇਠਾਂ ਰਹਿੰਦੇ ਹਾਂ, ਬਿਰਖਾਂ ਦੇ ਫਲ ਖਾਂਦੇ ਹਾਂ ਤੇ ਜੰਗਲਾਂ

ਵਿਚ ਨਿਵਾਸ ਕਰਦੇ ਹਾਂ -

***ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥ਪੰਨਾ - 938***

ਅਸੀਂ ਕਿਸੇ ਨੂੰ ਕੋਈ ਤਕਲੀਫ ਨਹੀਂ ਦਿੰਦੇ। ਜੰਗਲਾਂ ਵਿਚ ਬੇਅੰਤ ਚੀਜ਼ਾਂ ਹਨ ਕੰਧ ਮੂਲ, ਜੜ੍ਹਾਂ ਵਾਲੀਆਂ ਚੀਜ਼ਾਂ, ਬਾਹਰ ਨਿਕਲਣ ਵਾਲੀਆਂ ਚੀਜ਼ਾਂ, ਫਲ ਆਦਿ ਅਸੀਂ ਖਾਂਦੇ ਹਾਂ -

***ਅਉਧੂ ਬੋਲੈ ਗਿਆਨੇ॥***
***ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥***

***ਪੰਨਾ - 939***

ਕਹਿਣ ਲੱਗੇ ਅਸੀਂ ਤੀਰਥਾਂ ਤੇ ਇਸ਼ਨਾਨ ਕਰਦੇ ਹਾਂ, ਤੇ ਸੁਖ ਪ੍ਰਾਪਤ ਕਰਦੇ ਹਾਂ, ਸੋ ਸਾਨੂੰ ਸੰਸਾਰ ਦੀ ਵਿਕਸ਼ੇਪਤਾ ਦੀ ਕੋਈ ਮੈਲ ਨਹੀਂ ਲਗਦੀ। ਜੇ ਸੰਸਾਰ ਵਿਚ ਰਹਾਂਗੇ ਤਾਂ ਕਦੀ ਪੁਤ ਬਿਮਾਰ ਹੈ, ਕਦੀ ਧੀ ਬੀਮਾਰ ਹੈ, ਕੋਈ ਮੁਕੱਦਮਾ ਪੈ ਗਿਆ, ਕਿਸੇ ਨੇ ਔਖਾ ਹੋ ਕੇ ਬੋਲ ਦਿਤਾ, ਕਿਸੇ ਨੇ ਕੋਈ ਗੱਲ ਕਰ ਦਿੱਤੀ, ਮਨ ਮੈਲਾ ਹੋ ਜਾਂਦਾ ਹੈ, ਮੈਲਾ ਹੋਇਆ ਮਨ ਫੇਰ ਦੁਖੀ ਕਰਦਾ ਹੈ, ਸਾਨੂੰ ਤਾਂ ਕੋਈ ਮੈਲ ਨਹੀਂ ਲਗਦੀ, ਅਸੀਂ ਬਾਹਰ ਜਾਂਦੇ ਹੀ ਨਹੀਂ - ਨਾ ਅਸੀਂ ਕਿਸੇ ਨਾਲ ਕੋਈ ਵਾਸਤਾ ਪਾਉਂਦੇ, ਤੀਰਥਾਂ ਦੇ ਸਵੱਛ ਜਲ ਨਾਲ ਅਸੀਂ ਇਸ਼ਨਾਨ ਕਰ ਲੈਂਦੇ ਹਾਂ, ਸੋ ਸਾਡੇ ਮਨਾਂ ਤੇ ਮੈਲ ਨਹੀਂ ਲਗਦੀ, ਨਾ ਕਿਸੇ ਨਾਲ ਬੋਲੀਏ ਚਾਲੀਏ ਨਾ ਮਨ ਵਿਚ ਮੈਲ ਆਵੇ, ਨਾ ਕੋਈ ਐਸੇ ਸੰਸਕਾਰ ਬਣਨ -

***ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥***
***ਪੰਨਾ - 939***

ਕਹਿਣ ਲੱਗੇ ਇਹ ਜਿਹੜਾ ਪਰਮੇਸ਼ਰ ਨਾਲ ਮਿਲਣ ਦਾ ਟੀਚਾ ਹੈ, ਇਹ ਵਿਧੀ ਠੀਕ ਹੈ, ਕੀ ਤੁਸੀਂ ਇਸ ਗੱਲ ਨੂੰ ਅਪਨਾਉਂਦੇ ਹੋ? ਗੁਰੂ ਨਾਨਕ ਸਾਹਿਬ ਨੇ ਉਤਰ ਦਿਤਾ, ਨਹੀਂ। ਅਸੀਂ ਤੁਹਾਡੇ ਰਸਤੇ ਨੂੰ ਬੁਰਾ ਨਹੀਂ ਕਹਿੰਦੇ, ਜਿਹੜਾ ਕਰ ਸਕਦਾ ਹੈ ਕਰ ਲਓ। ਪਰ ਨਿਸ਼ਾਨਾ ਇਹ ਹੈ ਕਿ ਅਸੀਂ ਪਰਮ ਪਦਵੀ ਦੀ ਪ੍ਰਾਪਤੀ ਕਰਨੀ ਹੈ। ਤੁਹਾਡੇ ਜਿਹੜੇ ਸਾਧਨ ਹਨ ਕੀ ਇਹ ਪਰਮ ਪਦ ਤੇ ਪਹੁਚਾਉਣ ਵਾਸਤੇ ਸਮਰੱਥ ਹਨ? ਜਾਂ ਕੋਈ ਹੋਰ ਚੀਜ਼ ਚਾਹੀਦੀ ਹੈ, ਵਿਚਾਰ ਆਪਾਂ ਇਸ ਗੱਲ ਦੀ ਕਰਨੀ ਹੈ। ਗੱਲ ਹੈ ਸੁਰਤ ਦੀ, ਜੇਕਰ ਸੁਰਤ ਪਰਮੇਸ਼ਰ ਵੱਲ ਜਾ ਕੇ ਸ਼ਾਂਤ ਹੋ ਜਾਂਦੀ ਹੈ ਤਾਂ ਸਮਝੋ ਪ੍ਰਾਪਤੀ ਹੋ ਗਈ, ਜੇਕਰ ਨਹੀਂ ਹੋਈ, ਮਨ ਭਟਕਦਾ ਹੈ। ਫੇਰ ਤਾਂ ਤੁਹਾਡਾ ਰਸਤਾ ਕਿਧਰੇ ਨਾ ਪਹੁੰਚਿਆ। ਦੂਜੀ ਗੱਲ ਸਾਰੀ ਦੁਨੀਆਂ ਤਾਂ ਤੁਹਾਡੇ ਵਾਲੇ ਰਸਤੇ ਤੇ ਚਲ ਨਹੀਂ ਸਕਦੀ। ਜੇਕਰ ਇਕ ਹਜ਼ਾਰ ਬੰਦਾ ਪ੍ਰਾਣਾਯਾਮ ਕਰਨ ਲੱਗ ਜਾਵੇ, ਪਹਿਲਾਂ ਤਾਂ ਨੇਤੀ ਧੋਤੀ ਵਾਸਤੇ ਸਮਾਂ ਹੀ ਨਹੀਂ ਹੈ। ਪੰਦਰਾਂ ਹੱਥ ਲੰਮੀ ਚਾਰ ਉਂਗਲ ਚੌੜੀ ਮਲਮਲ ਦੀ ਲੀਰ ਪਹਿਲਾਂ ਅੰਦਰ ਲਜਾਓ, ਫਿਰ ਉਸ ਨਾਲ ਮੇਹਦਾ ਸਾਫ ਕਰੋ, ਨਿਉਲੀ ਹੈ; ਨੱਕ

ਦੀ ਸਫਾਈ ਕਰਨੀ, ਫੇਰ ਧੌਂਕਣੀ ਵਾਂਗਨ ਪੇਟ ਨੂੰ ਘੁਮਾਉਣਾ, ਕਪਾਲੀ ਪਿਛੇ ਗਰਦਨ ਲੈ ਜਾਣੀ, ਜ਼ੁਬਾਨ ਨੂੰ ਲੰਮਾ ਕਰ ਲੈਣਾ, ਲੰਬੀ ਕਰਕੇ ਅੱਖਾਂ ਨੂੰ ਲਗਾ ਲੈਣੀ, ਫਿਰ ਉਸ ਨੂੰ ਗਲ ਵਿਚ ਬੰਦ ਕਰਕੇ, ਕੰਨਾਂ ਦੇ ਰਾਹੀਂ ਬਾਹਰੋਂ ਕੋਈ ਆਵਾਜ਼ ਨਾ ਸੁਣਨ ਦੇਣੀ, ਅੰਦਰਲੇ ਸਾਰੇ ਸਰੋਤ ਜੀਭ ਨਾਲ ਬੰਦ ਕਰ ਲੈਣੇ। ਗੁਰੂ ਜੀ ਨੇ ਕਿਹਾ, ਤੁਸੀਂ ਕਹਿੰਦੇ ਹੋ ਅੰਦਰ ਅੰਮ੍ਰਿਤ ਝਰਦਾ ਹੈ - ਅੰਮ੍ਰਿਤ ਤਾਂ ਨਾਮ ਵਿਚ ਹੈ, ਜਿਹੜੇ ਅੰਮ੍ਰਿਤ ਦੀ ਅਸੀਂ ਗੱਲ ਕਰਦੇ ਹਾਂ ਉਸ ਅੰਮ੍ਰਿਤ ਦੀ ਤੁਹਾਨੂੰ ਖਬਰ ਨਹੀਂ ਹੈ, ਉਹ ਸੁਰਤੀ ਜਦੋਂ ਲੱਗ ਜਾਂਦੀ ਹੈ, ਸੁਰਤੀ ਤਾਂ ਪਿਛੇ ਰਹਿ ਜਾਂਦੀ ਹੈ ਫਿਰ ਨਾਮ ਨਾਲ ਜੁੜ ਕੇ ਬਿਰਤੀ ਪਰਮੇਸ਼ਰ ਨਾਲ ਲਗ ਜਾਂਦੀ ਹੈ ਤੇ ਤਸੱਲੀ ਹੋ ਜਾਂਦੀ ਹੈ।

***ਧਾਰਨਾ - ਨਾਨਕ ਨਾਮ ਵਖਾਣੈ ਜੀ,***
***ਸੁਰਤ ਸ਼ਬਦ ਭਵ ਸਾਗਰ ਤਰੀਐ -2, 2.***
***ਸੁਰਤ ਸ਼ਬਦ ਭਵ ਸਾਗਰ ਤਰੀਐ -2, 2.***
***ਨਾਨਕ ਨਾਮ ਵਖਾਣੈ ਜੀ,............ -2.***

***ਜੈਸੇ ਜਲ ਮਹਿ ਕਮਲੁ ਨਿਰਾਲਮੁ .............॥***
***ਪੰਨਾ - 938***

ਗੁਰੂ ਸਾਹਿਬ ਨੇ ਫੁਰਮਾਇਆ ਕਿ ਜਿਸ ਤਰ੍ਹਾਂ ਪਾਣੀ ਵਿਚ ਕਮਲ ਹੋਇਆ ਕਰਦਾ ਹੈ। ਰਹਿੰਦਾ ਤਾਂ ਪਾਣੀ ਵਿਚ ਹੈ, ਪਰ ਜਿੰਨਾਂ ਉਤੇ ਉਸਦਾ ਜੀਅ ਕਰੇ ਉਨਾਂ ਉਤੇ ਚੜ੍ਹ ਜਾਂਦਾ ਹੈ। ਫਿਰ ਖਿੜਿਆ ਰਹਿੰਦਾ ਹੈ ਪਾਣੀ ਦੀਆਂ ਲਹਿਰਾਂ ਹਵਾ ਦੇ ਵੇਗ ਨਾਲ ਬਹੁਤ ਜੋਰ ਜੋਰ ਨਾਲ ਕਮਲ ਫੁੱਲ ਨੂੰ ਲਗਦੀਆਂ ਹਨ, ਪਰ ਉਸਦਾ ਖੇੜਾ ਹਟ ਨਹੀਂ ਸਕਦਾ, ਖਿੜਿਆ ਹੀ ਰਹਿੰਦਾ ਹੈ-

***............... ਮੁਰਗਾਈ ਨੈ ਸਾਣੇ॥ ਪੰਨਾ - 938***

ਮੁਰਗਾਬੀ ਪਾਣੀ ਵਿਚ ਰਹਿੰਦੀ ਹੈ ਉਸਦੇ ਖੰਬ ਨਹੀਂ ਭਿੱਜਦੇ, ਜਿਥੋਂ ਜੀਅ ਕਰੇ ਉਡ ਜਾਂਦੀ ਹੈ-

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

***ਪੰਨਾ - 938***

ਸੁਰਤਿ ਸਬਦਿ ਨਾਲ ਲਗ ਜਾਵੇ ਤਾਂ ਸ਼ਬਦ ਸੁਰਤਿ ਨੂੰ ਆਪਣੇ ਨਿਜ ਧਾਮ ਲੈ ਜਾਂਦਾ ਹੈ।

ਬਾਕੀ ਹੈ -

***ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥***

***ਪੰਨਾ - 938***

ਜਿਹੜੀ ਤੁਹਾਡੀ ਇਕਾਂਤ ਹੈ ਅਤੇ ਸਾਡੀ ਇਕਾਂਤ ਹੈ, ਇਹਨਾਂ ਦੋਨਾਂ

ਵਿਚ ਫਰਕ ਹੈ। ਜਦੋਂ ਸ਼ਬਦ ਨਾਲ ਲਗ ਜਾਏਗਾ ਤਾਂ ਉਹਦਾ ਰਿਦਾ ਇਕਾਂਤੀ ਹੋ ਜਾਏਗਾ –

***ਸੋ ਇਕਾਂਤੀ ਜਿਸੁ ਰਿਦਾ ਥਾਇ॥ ਪੰਨਾ – 1180***

ਜੇ ਰਿਦਾ ਨਠਿਆ ਹੀ ਰਹੇ ਤਾਂ ਫਿਰ ਇਕਾਂਤ ਕਾਹਦੀ, ਭਾਵੇਂ ਜੰਗਲ ਵਿਚ ਵੀ ਚਲਾ ਜਾਵੇ, ਮਨ ਦੌੜਿਆ ਫਿਰਦਾ ਹੈ, ਪੰਜੇ ਚੋਰ ਨਾਲ ਲੱਗੇ ਹਨ–

***ਦੇਸੁ ਛੋਡਿ ਪਰਦੇਸਹਿ ਧਾਇਆ॥***
***ਪੰਚ ਚੰਡਾਲ ਨਾਲੇ ਲੈ ਆਇਆ॥***
***ਪੰਨਾ – 1348***

ਕਹਿਣ ਲੱਗੇ ਇਸ ਤਰ੍ਹਾਂ ਗੱਲ ਨਹੀਂ ਬਣਦੀ, ਗੱਲ ਤਾਂ ਇਸ ਤਰ੍ਹਾਂ ਬਣਨੀ ਹੈ ਜਦੋਂ ਸੁਰਤ ਨਾਲ ਸ਼ਬਦ ਲਗ ਜਾਂਦਾ ਹੈ ਫਿਰ ਇਕਾਂਤ ਹੋ ਜਾਂਦੀ ਹੈ, ਕਿਉਂਕਿ ਵਾਹਿਗੁਰੂ ਜੀ ਮਨ ਵਿਚ ਵਸ ਗਏ, ਫਿਰ ਆਸਾ ਛੱਡ ਦਿੰਦਾ ਹੈ, ਆਸਾ ਵਿਚ ਨਿਰਾਸਾ ਦੀ ਜਾਚ ਆ ਜਾਂਦੀ ਹੈ।

***ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾ ਕਾ ਦਾਸੋ॥***
***ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥***
***ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥***
***ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥***

***ਪੰਨਾ – 938***

ਇਹ ਮਨ ਫੇਰ ਨਹੀਂ ਨਠਦਾ ਕਿਉਂਕਿ ਇਸਦਾ ਵਾਸਾ ਸੱਚੇ ਘਰ ਵਿਚ ਹੋ ਜਾਂਦਾ ਹੈ, ਬ੍ਰਹਮ ਗਿਆਨ, ਆਤਮ ਸਥਿਤੀ ਦੀ ਇਸ ਨੂੰ ਪ੍ਰਾਪਤੀ ਹੋ ਜਾਇਆ ਕਰਦੀ ਹੈ। ਫੇਰ ਜਦੋਂ ਆਪਣੀ ਹਸਤੀ ਮੇਟ ਦਿੱਤੀ, ਹੰਗਤਾ ਭਾਵ ਖਤਮ ਕਰ ਦਿਤਾ, ਉਸ ਵੇਲੇ ਫੇਰ ਕੀ ਹੁੰਦਾ ਹੈ –

***ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ॥ ਪੰਨਾ – 938***

ਜਦੋਂ ਸੱਤ ਨਾਲ ਪਿਆਰ ਲਗ ਗਿਆ ਤਾਂ ਪਰਮੇਸ਼ਰ ਨਾਲ ਮੇਲ ਹੋ ਗਿਆ, ਜਿਹੜੀ ਤੁਸੀਂ ਜੰਗਲਾਂ ਦੀ ਗੱਲ ਕਰਦੇ ਹੋ ਉਹ ਵੀ –

***ਹਾਟੀ ਬਾਟੀ ਨੀਦ ਨਾ ਆਵੈ ..............॥ ਪੰਨਾ – 939***

ਜਦੋਂ ਇਸ ਤਰ੍ਹਾਂ ਭਜਨ ਕਰਾਂਗੇ ਤਾਂ ਗ੍ਰਹਿਸਤ ਵਿਚ ਵੀ ਨੀਂਦ ਨਹੀਂ ਆਵੇਗੀ ਨਾ ਰਸਤੇ ਵਿਚ ਆਏਗੀ, ਕਿਉਂਕਿ ਮਨ ਜਾਗ ਪਿਆ ਗਿਆਨ ਦੇ ਅੰਦਰ –

***............. ਪਰ ਘਰਿ ਚਿਤੁ ਨਾ ਡੋੁਲਾਈ॥ ਪੰਨਾ – 939***

ਕਿਤੇ ਚਿਤ ਨਹੀਂ ਡੋਲਦਾ –

ਤੇ ਵੀ ਚਿਤ ਨਹੀਂ ਡੋਲਦਾ –

***ਬਿਨੁ ਨਾਵੈ ਮਨੁ ਟੇਕ ਨਾ ਟਿਕਈ ਨਾਨਕ ਭੂਖ ਨਾ ਜਾਈ॥***
***ਪੰਨਾ – 939***

ਲੇਕਿਨ ਸਾਡਾ ਇਹ ਮਤ ਹੈ ਕਿ ਜਿੰਨੀ ਦੇਰ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੋਈ, ਨਾਮ ਹਿਰਦੇ ਵਿਚ ਨਹੀਂ ਵਸਿਆ, ਨਾਮ ਦੇ ਦਰਸ਼ਨ ਨਹੀਂ ਹੋਏ, ਨਾਮ ਵਿਚ ਸਮਾਈ ਨਹੀਂ ਹੋਈ, ਉਨੀ ਦੇਰ ਤੱਕ ਮਨ ਨਹੀਂ ਟਿਕਿਆ ਕਰਦਾ, ਮਨ ਦੀ ਭੁਖ ਨਹੀਂ ਜਾਂਦੀ –

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਪੰਨਾ – 1***

ਪਦਾਰਥਾਂ ਦੇ ਸੁਖ ਨਾਲ ਭੁਖ ਨਹੀਂ ਉਤਰਦੀ, ਚਾਹੇ ਕਿੰਨੇ ਹੀ ਪਦਾਰਥ ਪ੍ਰਾਪਤ ਹੋ ਜਾਣ ਸੋ –

***ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥***
***ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥***
***ਪੰਨਾ – 939***

ਗੁਰੂ ਦੀ ਲੋੜ ਹੈ, ਗੁਰੂ ਨੇ ਹਟ ਪਟਨ ਘਰ ਇਸ ਸਰੀਰ ਵਿਚ ਹੀ ਦਿਖਾ ਦਿਤੇ, ਸਾਰੇ ਅੰਦਰ ਹੀ ਹਨ ਤੇ ਸਹਿਜੇ ਸਹਿਜੇ ਹੀ ਪਾਰ ਹੋਇਆ ਜਾਂਦਾ ਹੈ, ਥੋੜ੍ਹਾ ਸੌਣਾ, ਥੋੜ੍ਹਾ ਖਾਣਾ। ਇਹ ਤੱਤ ਦੀ ਵੀਚਾਰ ਹੈ ਜੋ ਅਸੀਂ ਆਪ ਨੂੰ ਪੇਸ਼ ਕਰ ਰਹੇ ਹਾਂ, ਬਾਕੀ ਸੁਖੀ ਤਾਂ ਕੇਵਲ ਉਹ ਹੈ ਜਿਸ ਦਾ ਚਿਤ ਪਰਮੇਸ਼ਰ ਨਾਲ ਜੁੜਿਆ ਹੋਇਆ ਹੈ, ਕੋਈ ਭੇਖ ਧਾਰਨ ਦੀ ਲੋੜ ਨਹੀਂ ਹੈ।

ਸਿੱਧ ਕਹਿਣ ਲੱਗੇ ਹੇ ਨਾਨਕ! ਅਸੀਂ ਆਪ ਤੋਂ ਬੜੀ ਅਸਚਰਜ ਗੱਲ ਸੁਣੀ ਹੈ ਕਿਉਂਕਿ ਅੱਜ ਤੱਕ ਜਿਹੜੇ ਮਤ ਮਤਾਂਤਰ ਆਏ ਹਨ ਉਹ ਇਹ ਕਹਿੰਦੇ ਹਨ ਕਿ ਪਰਵਿਰਤੀ ਵਿਚ ਰਹਿ ਕੇ ਨਿਰਵਿਰਤੀ ਕਿਵੇਂ ਹੋ ਸਕਦੀ ਹੈ, ਆਸਾ ਵਿਚ ਰਹਿ ਕੇ ਨਿਰਾਸਾ ਕਿਸ ਤਰ੍ਹਾਂ ਹੋ ਸਕਦੀ ਹੈ? ਗ੍ਰਹਿਸਤੀ ਨੂੰ ਹਰ ਵਕਤ ਆਸ ਹੈ ਮੇਰਾ ਕਿ ਇਹ ਕੰਮ ਬਣ ਜਾਵੇ, ਮੇਰਾ ਉਹ ਕੰਮ ਬਣ ਜਾਵੇ, ਬਿਮਾਰੀ ਹਟ ਜਾਏ, ਮੁਕੱਦਮਾ ਜਿਤ ਲਈਏ, ਮੁੰਡਾ ਪੜ੍ਹ ਜਾਵੇ, ਵਿਆਹ ਹੋ ਜਾਵੇ, ਫਲਾਣਾ ਕੰਮ ਹੋ ਜਾਵੇ, ਭਲਾ ਗ੍ਰਹਿਸਤੀਆਂ ਦੀਆਂ ਆਸਾਂ ਕਿਤੇ ਮੁਕਦੀਆਂ ਹਨ? ਤੁਸੀਂ ਤਿੰਨ ਚੀਜ਼ਾਂ ਇਕੱਠੀਆਂ ਕਰ ਰਹੇ ਹੋ ਕਿਉਂਕਿ ਤੁਸੀਂ ਗ੍ਰਹਿਸਥੀਆਂ ਦਾ ਧਰਮ ਬਣਾ ਰਹੇ ਹੋ ਤੇ ਗ੍ਰਹਿਸਥੀਆਂ ਦੇ ਧਰਮ ਵਿਚ ਤੁਸੀਂ ਸੰਸਾਰ ਨੂੰ ਕਿਸ ਤਰ੍ਹਾਂ ਪਾਰ ਉਤਾਰੋਗੇ? ਗ੍ਰਹਿਸਤ ਤਾਂ ਬਹੁਤ ਹੀ ਫਸਾਉਣ ਵਾਲੀ ਚੀਜ਼ ਹੈ, ਇਸ ਨੂੰ ਤਾਂ ਕੋਈ ਪਸੰਦ ਨਹੀਂ ਕਰਦਾ। ਇਹਦੇ ਵਿਚ ਤੁਸੀਂ ਪਰਮੇਸ਼ਰ ਨੂੰ ਕਿਸ ਤਰ੍ਹਾਂ ਪਾ ਲਓਗੇ? ਇਹ ਤਾਂ ਹੋ ਹੀ ਨਹੀਂ ਸਕਦਾ। ਮਹਾਰਾਜ ਕਹਿੰਦੇ ਦੇਖੋ, ਜਿਹੜੀ ਅਸਲੀ ਚੀਜ਼ ਹੈ, ਉਸ ਨੂੰ ਸਮਝਣ ਦਾ ਯਤਨ ਕਰੋ।

ਰੂਹਾਨੀਅਤ ਦੇ ਨਾਲ ਗ੍ਰਹਿਸਤੀ ਦਾ ਤੇ ਤਿਆਗੀ ਦਾ ਕੋਈ ਸੰਬੰਧ ਨਹੀਂ ਹੈ। ਜੇ ਰੂਹਾਨੀਅਤ ਨਾਲ ਸੰਬੰਧ ਹੈ ਤਾਂ-

*ਵਿਣੁ ਗੁਣ ਕੀਤੇ ਭਗਤਿ ਨ ਹੋਇ॥*
*ਪੰਨਾ - 4*

ਸਰੀਰ ਦੇ ਵਿਚ ਚਰਿੱਤਰ (character) ਦੀ ਲੋੜ ਹੈ। ਗੁਰੂ ਪੰਜਵੇਂ ਪਾਤਸ਼ਾਹ ਕੋਲੋਂ ਪੁਛਿਆ ਗਿਆ ਕਿ ਸੱਚੇ ਪਾਤਸ਼ਾਹ, ਸਾਰਿਆਂ ਧਰਮਾਂ ਨਾਲੋਂ ਵੱਡਾ ਧਰਮ ਕਿਹੜਾ ਹੈ? ਅਸੀਂ ਕਿਹੜੇ ਧਰਮ ਨੂੰ ਧਾਰਨ ਕਰੀਏ? ਯੋਗੀ ਬਣੀਏ, ਨਾਥ ਬਣੀਏ, ਕੀ ਕੁਝ ਕਰੀਏ ਕ੍ਰਿਪਾ ਕਰਕੇ ਨਿਰਣਾ ਕਰਕੇ ਤਾਂ ਦਸ ਦਿਓ। ਜਿਹੜੇ ਜੋਗੀ ਹਨ, ਨਾਥ ਹਨ, ਉਹ ਸਾਨੂੰ ਕਹੀ ਜਾਂਦੇ ਹਨ, ਤੁਸੀਂ ਗ੍ਰਹਿਸਥੀ ਹੋ, ਗੁਰੂ ਜੀ ਨੇ ਜਵਾਬ ਦਿਤਾ ਇਸ ਦਾ ਕੋਈ ਸੰਬੰਧ ਨਹੀਂ ਹੈ, ਸੰਬੰਧ ਤਾਂ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*
*ਪੰਨਾ - 266*

ਹਰੀ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨੇ ਇਹ ਦੋ ਚੀਜ਼ਾਂ ਹਨ ਭਾਈ ਜਿਸ ਵਿਚ ਨਿਰਮਲਤਾਈ ਹੋਵੇ, ਜੇਕਰ ਤਿਆਗੀ ਹੋ ਕੇ ਉਹ ਤਿਆਗ ਨਹੀਂ ਕਰ ਸਕਿਆ, ਮਾਮੂਲੀ ਚੀਜ਼ਾਂ ਦਾ ਤਿਆਗ ਹੁੰਦਾ ਹੈ। ਕਿਸੇ ਪ੍ਰੇਮੀ ਨੇ ਦੋ ਫਲ ਮੱਥਾ ਟੇਕੇ ਸੀ। ਉਹਨਾਂ ਦੀ ਪਕੜ ਹਿਰਦੇ ਵਿਚ ਆਈ ਕਿ ਨਾ ਭਾਈ, ਕਿਸੇ ਨੇ ਸੌ ਰੁਪਿਆ ਮੱਥਾ ਟੇਕ ਦਿਤਾ, ਨਾਲੇ ਫੜ ਕੇ ਲੈ ਗਿਆ। ਜੇ ਤਾਂ ਹਿਰਦੇ ਵਿਚ ਪਕੜ ਆਈ ਹੈ ਤਾਂ ਉਹ ਵੀ ਗ੍ਰਹਿਸਥੀ ਹੈ, ਜੇਕਰ ਪਕੜ ਨਹੀਂ ਆਈ ਤਾਂ ਉਹ ਨਿਰਲੇਪ ਹੈ। ਇਸ ਦਾ ਮਤਲਬ ਇਹ ਹੈ ਕਿ ਮਨ ਅਲੱਗ ਥਲੱਗ ਹੋਣਾ ਚਾਹੀਦਾ ਹੈ, ਨਿਰਲੇਪ ਹੋਣਾ ਚਾਹੀਦਾ ਹੈ।

ਦੂਜਾ ਹੈ ਨਿਰਮਲ ਕਰਮ ਕਰਨੇ। ਜੇਕਰ ਉਹੀ ਕ੍ਰੋਧ ਹੈ, ਓਹੀ ਲੋਭ, ਓਹੀ ਮੋਹ, ਅਭਿਮਾਨ ਤਾਂ ਕਹਿੰਦੇ ਹਨ ਕੋਈ ਗਲ ਨਹੀਂ, ਜਿੰਨਾਂ ਮਰਜ਼ੀ ਭੇਖ ਧਾਰ ਲੈ, ਕੁਝ ਨਹੀਂ ਬਣਨਾ-

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾ ਸਚੁ ਪਾਈਐ॥*
*ਪੰਨਾ - 472*

ਮਨ ਦੇ ਅੰਦਰ ਸੁੱਚ ਦੀ ਲੋੜ ਹੈ, ਜਦੋਂ ਤੱਕ ਸੁੱਚ ਨਹੀਂ ਤਾਂ ਕੋਈ ਫਾਇਦਾ ਨਹੀਂ। ਜਿਹੜਾ ਅਸ਼ਟਾਂਗ ਯੋਗ ਕਰਾਉਂਦਾ ਹੈ ਉਹ ਸੁੱਚ ਵਾਸਤੇ ਹੀ ਹੋਇਆ ਕਰਦਾ ਹੈ। ਪਾਤੰਜਲ ਦਾ ਯੋਗ ਹੈ ਅਸ਼ਟਾਂਗ ਯੋਗ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਤਰ੍ਹਾਂ ਹੈ। ਕਈ ਕਹਿ ਦਿੰਦੇ ਹਨ ਕਿ ਗੁਰੂ ਮਹਾਰਾਜ ਨੇ ਨਵਾਂ ਧਰਮ ਚਲਾਇਆ ਹੈ। ਕਈ ਕਹਿ ਦਿੰਦੇ ਹਨ ਕਿ ਮਹਾਰਾਜ ਨੇ ਪਿਛਲਿਆਂ ਵਿਚੋਂ ਹੀ ਚੰਗਾ ਲੈ ਲਿਆ ਹੈ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਧਰਮ ਬਾਰੇ ਗਲ ਕੀ ਕਰਦੇ ਹਨ। ਜੋ ਸੱਚ ਹੈ ਉਹ ਸੱਚ ਹੀ ਹੁੰਦਾ

ਹੈ, ਉਹ ਆਦਿ ਜੁਗਾਦਿ ਤੋਂ ਚਲਿਆ ਆ ਰਿਹਾ ਹੈ। ਜਦੋਂ ਪਾਣੀ ਦੇ ਉੱਤੇ ਬੂਰ ਆ ਜਾਵੇ ਤਾਂ ਉਸ ਬੂਰ ਨੂੰ ਹਟਾਉਣ ਵਾਸਤੇ ਮਹਾਤਮਾ ਆਇਆ ਕਰਦੇ ਹਨ, ਸੱਚ ਤਾਂ ਆਪਣੀ ਥਾਂ ਤੇ ਸਥਿਤ ਹੈ, ਉਸ ਨੂੰ ਸੱਚ ਬਨਾਉਣ ਵਾਸਤੇ ਕੋਈ ਨਵਾਂ ਸੱਚ ਨਹੀਂ ਬਣਾ ਸਕਦੇ, ਸੱਚ ਤਾਂ ਹਮੇਸ਼ਾ ਸੱਚ ਹੀ ਹੈ। ਪਰ ਜਦੋਂ ਸੱਚ ਤੇ ਮੈਲ ਪੈ ਜਾਂਦੀ ਹੈ, ਸੱਚ ਛੁਪ ਜਾਂਦਾ ਹੈ, ਉਹਨਾਂ ਪੜਦਿਆਂ ਨੂੰ ਉਤਾਰਨ ਵਾਸਤੇ ਫਿਰ ਮਹਾਂਪੁਰਸ਼ ਆਇਆ ਕਰਦੇ ਹਨ। ਸੋ ਸਾਧ ਸੰਗਤ ਜੀ, ਜੋ ਵੀ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ, ਉਹ ਸੱਚ ਉਘਾੜਿਆ ਹੈ। ਜਦੋਂ ਉਘੜ ਕੇ ਆ ਗਿਆ ਤਾਂ ਮੁਸਲਮਾਨਾਂ ਕੋਲ ਵੀ ਸੱਚ ਸੀ, ਹਿੰਦੂਆਂ ਕੋਲ ਵੀ ਸੱਚ ਸੀ, ਈਸਾਈਆਂ ਕੋਲ ਵੀ ਸੱਚ ਸੀ, ਵੇਦਾਂ ਸਾਸ਼ਤਰਾਂ ਸਿਮਰਤੀਆਂ ਸਭ ਦੇ ਅੰਦਰ ਸੱਚ ਸੀ, ਮਹਾਤਮਾ ਬੁਧ ਕੋਲ ਵੀ ਸੱਚ ਸੀ। ਜਿਥੇ ਸੱਚ ਰੁਲਿਆ ਹੋਇਆ ਸੀ, ਉਥੇ ਗੁਰੂ ਮਹਾਰਾਜ ਨੇ ਪਾਣੀ ਉਪਰ ਆਇਆ ਹੋਇਆ ਬੂਰ ਪਾਸੇ ਕਰ ਦਿੱਤਾ। ਸੋ ਜਿਹੜੇ ਕਹਿੰਦੇ ਹਨ ਗੁਰੂ ਮਹਾਰਾਜ ਨੇ ਫਲਾਣੀ ਚੀਜ਼ ਉਥੋਂ ਲਈ, ਦਰਅਸਲ ਕਹਿਣ ਵਾਲੇ ਆਪ ਤਾਂ ਜਾਣਦੇ ਨਹੀਂ, ਕੋਈ ਅਨੁਭਵ ਨਹੀਂ ਹੁੰਦਾ ਕੇਵਲ ਕਿਤਾਬਾਂ ਲਿਖ ਦਿੰਦੇ ਹਨ। ਅਨੁਭਵੀ ਨਾ ਹੋਣ ਕਰਕੇ ਇਧਰਲੀਆਂ ਉਧਰਲੀਆਂ ਗੱਲਾਂ ਲਿਖ ਦਿੰਦੇ ਹਨ ਤੇ ਲੋਕਾਂ ਨੂੰ ਭੁਲੇਖੇ ਵਿਚ ਪਾ ਦਿੰਦੇ ਹਨ। ਸੋ ਜੋ ਗੁਣ ਹਨ ਉਹਨਾਂ ਵਿਚ ਪਹਿਲਾਂ ਦਇਆ ਹੈ, ਦੂਜੇ ਤੇ ਦਇਆ ਕਰਨੀ। ਤਿੰਨੇ ਕਿਸਮ ਦੀ ਅਹਿੰਸਾ, ਨਾ ਕਿਸੇ ਨੂੰ ਸਰੀਰਕ ਤੌਰ ਤੇ ਦੁਖ ਦੇਣਾ, ਨਾ ਬਚਨ ਨਾਲ ਦੁਖ ਦੇਣਾ, ਨਾ ਮਨ ਨਾਲ ਦੁਖ ਦੇਣਾ ਅਤੇ ਭਾਵਨਾ ਨਾਲ ਇਸ ਤਰ੍ਹਾਂ ਕਹਿਣਾ –

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।***

ਅਸੀਂ ਤਾਂ ਐਸਾ ਕਹਿੰਦੇ ਹੀ ਨਹੀਂ। ਜੇ ਇਥੇ ਕਹਿ ਦਿਆਂਗੇ ਤਾਂ ਦੀਵਾਨ ਵਿਚੋਂ ਬਾਹਰ ਜਾਂਦਿਆਂ ਹੀ ਗਾਲ੍ਹਾਂ ਕੱਢਣ ਲੱਗ ਜਾਵਾਂਗੇ। ਫਲਾਣੇ ਨੂੰ ਇੰਜ ਕਰਨਾ ਹੈ। ਫਲਾਣੇ ਕੋਲੋਂ ਬਦਲਾ ਲੈਣਾ ਹੈ ਕਿਉਂਕਿ ਅਜੇ ਅੰਦਰ ਸੱਚ ਸਮਾਇਆ ਨਹੀਂ। ਅਜੇ ਸੁੱਚਾ ਨਹੀਂ ਹੋਇਆ, ਝੂਠ ਨੂੰ ਛੱਡ ਦੇਣਾ, ਕਿਸੇ ਕਿਸਮ ਦਾ ਵੀ ਝੂਠ, ਨਾ ਬਚਨਾਂ ਨਾਲ, ਨਾ ਕਰਤੱਬ ਦੇ ਅੰਦਰ, ਨਾ ਸੋਚ ਦੇ ਅੰਦਰ। ਸੱਚ ਦਾ ਜੀਵਨ ਧਾਰਨ ਕਰਨਾ, ਧੀਰਜ ਧਾਰਨ ਕਰਨੀ, ਖਿਮਾਂ, ਦਇਆ, ਕੋਮਲਤਾ, ਮਰਿਆਦਾ, ਪਵਿੱਤਰਤਾ, ਤਪ, ਸੰਤੋਖ, ਆਸਤਕ ਧਰਮ ਵਾਹਿਗੁਰੂ ਦੇ ਉੱਤੇ ਪੂਰਾ ਭਰੋਸਾ ਲਿਆਉਣਾ, ਦਾਨ ਪੂਜਾ ਨਿਤ ਕਰਮ, ਪਖੰਡ ਤੋਂ ਰਹਿਤ ਜੀਵਨ, ਸ਼ਾਂਤ ਬਿਰਤੀ, ਨਿਵ ਚਲਣਾ, ਹੰਕਾਰੀ ਬਿਰਤੀ ਨਾ ਰਖਣੀ, ਮਿੱਠਾ ਬੋਲਣਾ, ਮਾਨਸਿਕ ਮੋਨ ਰਖਣਾ, ਮਨ ਦੇ ਅੰਦਰ। ਮਾਨਸਿਕ ਮੋਨ ਉਹ ਹੁੰਦਾ ਹੈ ਭਜਨ ਕਰਨ ਲਗਿਆਂ ਫੁਰਨਾ ਨਾ ਉਠਣ ਦੇਣਾ, ਮਨ ਵਿਚ ਤਾਂ ਫਤੂਰ ਪਿਆ ਹੀ ਰਹਿੰਦਾ ਹੈ, ਮਨ ਕਦੀ ਕੁਝ ਚਿਤਵਦਾ ਹੈ ਤੇ ਕਦੀ ਕੁਝ। ਮਨ ਵਿਚ ਰੌਲਾ ਘਚੋਲਾ ਮਚਿਆ ਪਿਆ ਹੈ। ਮਨ ਦੇ ਨਾਲ ਤਾਂ ਮੌਨ ਕੀਤਾ ਨਹੀਂ – ਮੂੰਹ ਨਾਲ ਭਾਵੇਂ ਮੌਨ ਕਰ ਲਿਆ, ਹਿਰਦੇ ਦਾ ਮੌਨ ਤਾਂ ਹੋ ਨਾ ਸਕਿਆ। ਹਿਰਦੇ ਦਾ ਮੌਨ ਤਾਂ ਹੁੰਦਾ ਹੈ ਜੇਕਰ ਮਨ ਸ਼ਬਦ ਦੇ ਨਾਲ ਪੂਰੀ ਤਰ੍ਹਾਂ ਲਗ ਜਾਵੇ ਤੇ ਸ਼ਬਦ ਨਾਲੋਂ

ਜਰਾ ਵੀ ਇਧਰ ਓਧਰ ਨਾ ਹੋਵੇ। ਜੇ ਕੋਈ ਕਹੇ ਉਹ ਤਾਂ ਮੋਨੀ ਹੈ ਜੀ, ਬਾਹਰੋਂ ਤਾਂ ਬੋਲਦਾ ਨਹੀਂ, ਜ਼ੁਬਾਨ ਤਾਂ ਪਰਮੇਸ਼ਰ ਨੇ ਬੋਲਣ ਵਾਸਤੇ ਦਿੱਤੀ ਹੈ, ਕਾਰਜ ਸਿਧੀ ਵਾਸਤੇ, ਭਜਨ ਕਰਨ ਵਾਸਤੇ, ਕੀਰਤਨ ਕਰਨ ਵਾਸਤੇ। ਇਹ ਨਹੀਂ ਕਿ ਜ਼ੁਬਾਨ ਨੂੰ ਬੰਦ ਕਰ ਦਿਓ, ਅਸੀਂ ਦੌੜੇ ਫਿਰਾਂਗੇ ਕਿ ਜੀ ਫਲਾਣਾ ਤਾਂ ਮੋਨੀ ਹੈ, ਉਹ ਤਾਂ ਬੋਲਦਾ ਹੀ ਨਹੀਂ, ਉਸ ਨੂੰ ਪੁਛ ਕੇ ਤਾਂ ਦੇਖੋ ਕਿ ਤੇਰਾ ਮਨ ਕੀ ਕਹਿੰਦਾ ਹੈ ਕਿ ਪ੍ਰਸ਼ਾਦਾ ਚਾਹੀਦਾ ਹੈ ਕਿ ਨਹੀਂ, ਕੱਪੜਾ ਚਾਹੀਦਾ ਹੈ, ਹੋਰ ਫਲਾਣੀ ਚੀਜ਼ ਚਾਹੀਦੀ ਹੈ, ਮਨ ਤਾਂ ਬੋਲੀ ਜਾਂਦਾ ਹੈ, ਸਿਰਫ ਜ਼ੁਬਾਨ ਨੂੰ ਚੁਪ ਕਰਾ ਕੇ ਕੀ ਖੱਟ ਲਿਆ।

ਭਾਈ ਮਨ ਨੂੰ ਨਾ ਨਠਾਉ। ਜਦੋਂ ਭਜਨ ਕਰਦੇ ਹਾਂ ਮਨ ਦਾ ਮੋਨ ਧਾਰ ਲਓ, ਦੂਜਾ ਹੈ ਹੋਮ। ਹੋਮ ਉਸ ਨੂੰ ਕਹਿੰਦੇ ਹਨ ਕਿ ਭੁਖੇ ਨੂੰ ਲੰਗਰ ਛਕਾ ਦਿਓ, ਇਹ ਸਭ ਤੋਂ ਵੱਡਾ ਹੋਮ ਹੋਇਆ ਕਰਦਾ ਹੈ। ਇਸ ਨੂੰ ਬ੍ਰਹਮ ਹੋਮ ਕਹਿੰਦੇ ਹਨ। ਸੋ ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਵਿਣੁ ਗੁਣ ਕੀਤੇ ਭਗਤਿ ਨ ਹੋਇ॥***
***ਪੰਨਾ – 4***

ਜਦੋਂ ਤੱਕ ਗੁਣ ਪੈਦਾ ਨਹੀਂ ਹੁੰਦੇ ਭਗਤੀ ਨਹੀਂ ਹੋ ਸਕਦੀ।

***ਕਿਆ ਭਵੀਐ ਸਚਿ ਸੂਚਾ ਹੋਇ॥***
***ਸਾਚ ਸਬਦ ਬਿਨੁ ਮੁਕਤਿ ਨਾ ਕੋਇ॥***
***ਪੰਨਾ – 938***

ਜਿੰਨਾ ਚਿਰ ਤੇਰੇ ਅੰਦਰ ਸੱਚ ਦਾ ਜੀਵਨ ਨਹੀਂ ਆਉਂਦਾ, ਸੱਚ ਧਾਰਨ ਨਹੀਂ ਕਰਦਾ ਤਾਂ ਕਰਕੇ ਰੱਬ ਨਹੀਂ ਮਿਲਦਾ, ਪੁਰਾਣੀਆਂ ਧਾਰਨਾਂ ਬੜੀਆਂ ਹੋਰ ਤਰ੍ਹਾਂ ਦੀਆਂ ਸਨ। ਗੁਰੂ ਨਾਨਕ ਸਾਹਿਬ ਨਾਲ ਜਿਨ੍ਹਾਂ ਲੋਕਾਂ ਦਾ ਵਾਹ ਪਿਆ, ਬਹੁਤ ਗੱਲਾਂ ਕਹਿੰਦੇ ਸਨ, ਜਦੋਂ ਲੋਕਾਂ ਦਾ ਵਾਹ ਫਰੀਦ ਜੀ ਨਾਲ ਪਿਆ ਹੈ, ਉਸ ਵੇਲੇ ਤਪੱਸਿਆ ਵਿਚ ਬਹੁਤ ਯਕੀਨ ਰਖਦੇ ਸਨ, ਬਈ ਬਹੁਤ ਤਪ ਕਰਨਾ ਚਾਹੀਦਾ ਹੈ, ਭਾਵੇਂ ਸਰੀਰ ਵੀ ਗਲ ਜਾਵੇ, ਕੱਪੜੇ ਵੀ ਭਾਵੇਂ ਮੈਲੇ ਹੀ ਪਾ ਲਏ ਜਾਣ, ਲੋੜਾਂ ਆਪਣੀਆਂ ਬਿਲਕੁਲ ਘਟਾ ਦਿਤੀਆਂ ਜਾਣ, ਕਹਿੰਦੇ ਜੇ ਪਰਮੇਸ਼ਰ ਨੂੰ ਐਸਾ ਵੇਸ ਵੀ ਪਸੰਦ ਆ ਜਾਵੇ ਤਾਂ ਉਹ ਕਰ ਲਈਏ।

***ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥***
***ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥ ਪੰਨਾ – 1383***

ਇਕ ਮਹਾਤਮਾ ਹੋਏ ਹਨ, ਜਿਨ੍ਹਾਂ ਦਾ ਨਾਮ ਛੱਜੂ ਜੀ ਸੀ। ਉਹ ਗੁਰੂ ਮਹਾਰਾਜ ਜੀ ਕੋਲ ਗਏ, ਉਥੇ ਜਾ ਕੇ ਸੁਣਾਇਆ ਕਿ ਜਿਹੜਾ ਗ੍ਰਿਹਸਤ ਹੈ, ਇਹ ਬਹੁਤ ਹੀ ਮਾੜਾ ਹੈ। ਸੰਸਾਰ ਵਿਚ ਰਿਹਾ ਹੀ ਨਹੀਂ ਜਾ ਸਕਦਾ ਕਿਉਂਕਿ –

***ਕਾਗਦ ਸੰਧੀ ਪੁਤਲੀ ਤਉ ਨ ਤ੍ਰਿਆ ਨਿਹਾਰ।***

*ਯੋਹੀ ਮਾਰਿ ਲੈ ਜਾਵਹੀ, ਜਥਾ ਬਿਲੋਚਨ ਧਾੜ।*
*ਛੱਜੂ ਜੀ*

ਉਹਦੇ ਵੱਲ ਦੇਖ ਵੀ ਨਾ –

ਇਸਤ੍ਰੀ ਜੇ ਕਾਗਜ਼ ਦੀ ਵੀ ਬਣਾਈ ਗਈ, ਉਹਦੇ ਵੱਲ ਦੇਖਣਾ ਵੀ ਬਹੁਤ ਗਲਤ ਹੈ। ਸੋ ਜਦੋਂ ਫਰੀਦ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਕਿਹਾ ਹੇ ਨਾਨਕ! ਇਕ ਪਾਸੇ ਤਾਂ ਤੂੰ ਰੂਹਾਨੀਅਤ ਨੂੰ ਲੋੜਦਾ ਹੈ। ਦੂਜੇ ਪਾਸੇ ਸੰਸਾਰ ਨੂੰ ਲੋੜਦਾ ਹੈ, ਤੂੰ ਦੋਹੀਂ ਬੇੜੀ ਵਿਚ ਪੈਰ ਕਿਉਂ ਰਖਿਆ ਹੈ?

*ਅਕੈ ਤਾਂ ਲੋੜ ਮੁਕਦਮੀ ਅਕਹ ਤਾਂ ਅਲਾਹ ਲੋੜ।*
*ਦੋਹੀ ਬੇੜੀ ਨ ਲਤ ਧਰ, ਮਤ ਵੰਞਹੁ ਵਖਰ ਬੋੜ। ਫਰੀਦ ਸਾਨੀ*

ਗੁਰੂ ਮਹਾਰਾਜ ਨੇ ਕਿਹਾ ਫਰੀਦ ਜੀ ਇਸ ਤਰ੍ਹਾਂ ਨਹੀਂ ਹੈ, ਪਰ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

*ਧਾਰਨਾ – ਘਰ ਹੀ ਬੈਠਿਆ ਸਹੁ ਮਿਲੇ,*
*ਜੇ ਨੀਅਤ ਰਾਸ ਕਰੇ –4, 2.*
*ਜੇ ਨੀਯਤ ਰਾਸ ਕਰੇ –4, 2.*
*ਘਰ ਹੀ ਬੈਠਿਆ ਸਹੁ ਮਿਲੇ,......... –2.*

*ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥ ਪੰਨਾ – 1383*

ਤੈਨੂੰ ਕੰਬਲੀ ਪਹਿਨਣ ਦੀ ਕੀ ਲੋੜ ਹੈ? ਕਿਉਂ ਤੂੰ ਚੋਲਾ ਪਾੜਦਾ ਹੈਂ? ਇਹਦਾ ਮਤਲਬ ਤਾਂ ਕੋਈ ਨਹੀਂ ਹੈ–

*ਨਾਨਕ ਘਰ ਹੀ ਬੈਠਿਆ ਸਹੁ ਮਿਲੈ*
*ਜੇ ਨੀਅਤਿ ਰਾਸਿ ਕਰੇਇ॥ ਪੰਨਾ – 1383*

ਗੱਲ ਤਾਂ ਸਾਰੀ ਨੀਯਤ ਦੀ ਹੈ। ਜਦੋਂ ਤੱਕ ਅੰਦਰਲੀ ਖੇਡ ਦਾ ਪਤਾ ਨਹੀਂ ਕਰਦਾ, ਪੂਰਾ ਗੁਰੂ ਨਹੀਂ ਮਿਲਦਾ, ਉਨੀ ਦੇਰ ਤੱਕ ਗੱਲ ਬਣਿਆ ਨਹੀਂ ਕਰਦੀ। ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਸਿੱਧਾਂ ਦੇ ਨਾਲ ਬਾਤ ਕਰ ਰਹੇ ਸੀ, ਕਹਿਣ ਲੱਗੇ ਨਾਥ ਜੀ! ਇਹ ਰਿੱਧੀਆਂ ਸਿੱਧੀਆਂ ਕੁਝ ਨਹੀਂ ਹੋਇਆ ਕਰਦੀਆਂ। ਰੂਹਾਨੀ ਮਾਰਗ ਦੇ ਅੰਦਰ ਮਿਲਣਾ ਤਾਂ ਪਰਮੇਸ਼ਰ ਨੂੰ ਹੈ, ਪਰ ਜਿਹੜਾ ਤੁਸੀਂ ਤਰੀਕਾ ਦਸਦੇ ਹੋ ਕਿ ਪਹਿਲਾਂ 'ਇੜਾ' ਦੇ ਰਾਹੀਂ ਸੁਆਸ ਖਿੱਚੇ ਤੇ 'ਸੁਖਮਨਾ' ਦੇ ਵਿਚ ਟਿਕਾਵੇ, ਫਿਰ ਪਿੰਗਲਾ ਦੇ ਰਾਹੀਂ ਛੱਡੇ, ਫਿਰ ਸੁਆਸਾਂ ਦੀ ਗਤੀ ਨੂੰ ਕਾਬੂ ਕਰਕੇ, ਭੁਜੰਗਾ ਨਾੜੀ ਵਿਚ ਗਰਮੀ ਦੇ ਕੇ ਰਸਤਾ ਖੋਲ੍ਹੇ, ਕੁੰਡਲਨੀ ਜਗਾਵੇ, ਫਿਰ ਕੁੰਡਲਨੀ ਤੋਂ ਮੂਲਧਾਰ ਚੱਕਰ ਤੋਂ ਫਿਰ ਵਿਸ਼ੁਧ ਚੱਕਰ, ਫਿਰ ਮਣੀਪੂਰਕ ਚੱਕਰ, ਅਨਾਹਤ ਚੱਕਰ ਫਿਰ ਵਿਸ਼ੁਧ ਚੱਕਰ, ਆਗਿਆ ਚੱਕਰ, ਫੇਰ ਦਸਵੇਂ ਦੁਆਰ ਵਿਚ ਪਹੁੰਚਣਾ ਹੈ, ਪਰ ਜੇ ਹੰਗਤਾ ਨਹੀਂ ਮਰੀ, ਮਮਤਾ ਨਹੀਂ ਮਰੀ ਤਾਂ ਤੁਸੀਂ ਕੁਝ ਵੀ ਨਹੀਂ

ਬਣਾਇਆ, ਇਹਦੇ ਵਿਚ ਤਾਂ ਸਗੋਂ ਭੁਲੇਖਾ ਪੈ ਗਿਆ ਕਿਉਂਕਿ ਭੇਖ ਤਾਂ ਧਾਰ ਲਿਆ, ਤੁਸੀਂ ਕਹਿੰਦੇ ਹੋ ਕਿ ਅਸੀਂ ਪਹੁੰਚ ਜਾਵਾਂਗੇ, ਪਰ ਏਸ ਤਰ੍ਹਾਂ ਤਾਂ ਪਹੁੰਚਿਆ ਨਹੀਂ ਜਾਣਾ ਕਿਉਂਕਿ ਨਾਮ ਤੋਂ ਬਗੈਰ ਗਤੀ ਨਹੀਂ ਹੋਣੀ। ਜਿੰਨੀ ਦੇਰ ਤੱਕ ਪਰਮੇਸ਼ਰ ਦਾ ਨਾਮ ਪ੍ਰਾਪਤ ਨਹੀਂ ਹੁੰਦਾ, ਪੂਰੇ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਿਆ ਕਰਦਾ। ਸਾਰਾ ਰੌਲਾ ਤਾਂ ਹੋਰ ਚੀਜ਼ ਦਾ ਹੈ। ਪਰ ਤੁਸੀਂ ਤਾਂ ਹੋਰ ਪਾਸੇ ਜਾ ਰਹੇ ਹੋਂ। ਅਸੀਂ ਮਾੜਾ ਨਹੀਂ ਕਹਿੰਦੇ, ਬਹੁਤ ਵਧੀਆ ਹੈ, ਤੁਸੀਂ ਬੜੀ ਮਿਹਨਤ ਕੀਤੀ ਹੈ। ਇਰਾਦੇ ਤੁਹਾਡੇ ਬਹੁਤ ਦ੍ਰਿੜ੍ਹ ਹਨ, ਪਰ ਇਹ ਪਰਮ ਮਨੋਰਥ ਇਸ ਤਰ੍ਹਾਂ ਪ੍ਰਾਪਤ ਨਹੀਂ ਹੋਣਾ ਕਿਉਂਕਿ ਤੁਸੀਂ ਜਿਤਨੇ ਵੀ ਸਾਧਨ ਦੱਸੇ ਹਨ, ਤੁਸੀਂ ਰਿਧੀਆਂ ਸਿਧੀਆਂ ਵਿਚ ਪਹੁੰਚ ਗਏ ਤੇ ਸਾਨੂੰ ਕਿਹਾ, ਜਲ ਲੈ ਕੇ ਆ ਤੇ ਜਲ ਦੇ ਤੁਸੀਂ ਸਾਰੇ ਹੀਰੇ ਜਵਾਹਰਾਤ ਬਣਾ ਦਿਤੇ, ਇਹ ਤਾਂ ਬੱਚਿਆਂ ਦੀ ਖੇਡ ਹੈ। ਕੋਈ ਪਰਮ ਮਨੋਰਥ ਦੀ ਤਾਂ ਗੱਲ ਹੀ ਨਾ ਹੋਈ।

ਅਸਲ ਮਨੋਰਥ ਇਹ ਹੈ ਕਿ ਜੀਵ ਜਿਹੜਾ ਕ੍ਰੋੜਾਂ ਕ੍ਰੋੜਾਂ ਜਨਮਾਂ ਤੋਂ ਭੁਲਿਆ ਹੋਇਆ ਹੈ ਤੇ ਭਟਕ ਰਿਹਾ ਹੈ ਤੇ ਦੁਖੀ ਹੋ ਰਿਹਾ ਹੈ, ਦੁਖੀ ਹੋਇਆ ਕਦੇ ਕੁਝ ਬਣ ਜਾਂਦਾ ਹੈ ਤੇ ਕਦੇ ਕੁਝ ਬਣ ਜਾਂਦਾ ਹੈ ਤੇ ਚੱਕਰ ਖਾਂਦਾ ਫਿਰਦਾ ਹੈ। ਜੂਨਾਂ ਵਿਚ ਘੁੰਮ ਰਿਹਾ ਹੈ, ਇਸ ਨੂੰ ਛੁਡਾਉਣਾ ਕਿਸ ਤਰ੍ਹਾਂ ਹੈ? ਇਸ ਨੂੰ ਆਪਣੇ ਮੂਲ ਵਿਚ ਕਿਸ ਤਰੀਕੇ ਨਾਲ ਪਹੁੰਚਾਉਣਾ ਹੈ। ਤੁਹਾਡੇ ਸਾਧਨ ਦੀ ਸਾਰੀ ਗੱਲ ਤਾਂ ਇਹ ਹੈ ਕਿ ਤੁਹਾਡੇ ਸਾਰੇ ਸਾਧਨ ਰਿਧੀਆਂ ਸਿਧੀਆਂ ਵਿਚ ਜਾ ਕੇ ਮੁਕ ਗਏ, ਜੇਕਰ ਏਥੋਂ ਅੱਗੇ ਚਲੇ ਗਏ, ਲੰਮੀਆਂ ਸਮਾਧੀਆਂ ਵਿਚ ਚਲੇ ਗਏ, ਤਾਂ ਵੀ ਅਸਲੀ ਗੱਲ ਤਾਂ ਪ੍ਰਾਪਤ ਨਾ ਹੋਈ। ਕਿਉਂਕਿ ਜਿਹੜੀ ਖਾਸ ਚੀਜ਼ ਹੈ ਉਹ ਤਾਂ ਹੈ ਹੰਗਤਾ ਤੇ ਮਮਤਾ। ਉਹ ਤਾਂ ਮਾਰੀ ਨਾ ਗਈ। ਇਹ ਤਾਂ ਸਗੋਂ ਵੱਧ ਗਈ। ਇਸਨੇ ਪਰਮੇਸ਼ਰ ਨੂੰ ਲੁਕਾਇਆ ਹੋਇਆ ਹੈ। ਗੁਰੂ ਮਹਾਰਾਜ ਨੇ ਸਿੱਧਾਂ ਨੂੰ ਕਿਹਾ ਕਿ ਤੁਸੀਂ ਸਿਆਣੇ ਬੰਦੇ ਹੋ। ਸਾਧ ਸੰਗਤ ਜੀ! ਸਿੱਧ ਐਵੇਂ ਨਹੀਂ ਸਨ, ਕਦੀ ਸਿਧ ਗੋਸ਼ਟ ਪੜ੍ਹ ਕੇ ਦੇਖੋ ਕਿ ਮਹਾਰਾਜ ਤੋਂ ਕੈਸੇ ਸਵਾਲ ਪੁਛਦੇ ਰਹੇ। ਮਹਾਰਾਜ ਜੀ ਇਕੋ ਨੁਕਤੇ ਤੇ ਗੱਲ ਕਰਦੇ ਸੀ ਤੇ ਸਾਰੇ ਸਵਾਲਾਂ ਦਾ ਜਵਾਬ ਦਿੰਦੇ ਗਏ। ਨਾਮ ਤੇ ਸੁਰਤ ਬਾਰੇ, ਕਹਿਣ ਲੱਗੇ ਜਿਹੜਾ ਸੁਰਤ ਤੇ ਸ਼ਬਦ ਦਾ ਮਾਰਗ ਹੈ, ਉਹ ਨੌਕਰੀ ਕਰਦੇ, ਕਾਰੋਬਾਰ ਕਰਦੇ ਵਣਜ ਵਾਪਾਰ ਕਰਦੇ, ਫੌਜ ਵਿਚ ਨੌਕਰੀ ਕਰਦਾ ਹੋਵੇ, ਭਾਵੇਂ ਪੁਲਿਸ ਵਿਚ ਨੌਕਰੀ ਕਰਦਾ ਹੋਵੇ, ਖੇਤੀ ਕਰਦਾ ਹੋਵੇ, ਭਾਵੇਂ ਗੌਰਮਿੰਟ ਦੀ ਨੌਕਰੀ ਕਰਦਾ ਹੋਵੇ, ਜੇਕਰ ਜੁਗਤ ਆ ਜਾਵੇ ਤਾਂ ਫਿਰ ਵਕਤ ਜਾਇਆ ਨਹੀਂ ਹੁੰਦਾ ਤੇ ਉਹਦੇ ਨਾਲ ਹੀ ਸੰਸਾਰ ਸਾਗਰ ਤੋਂ ਪਾਰ ਲੰਘ ਜਾਇਆ ਕਰਦੈ, ਨਾ ਬਹੁਤਾ ਏਕਾਂਤ ਰਹਿਣ ਦੀ ਲੋੜ ਹੈ –

> ***ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥***
> ***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

*ਪੰਨਾ - 522*

ਸੋ ਸਾਡਾ ਮਾਰਗ ਇਸ ਤਰ੍ਹਾਂ ਦਾ ਹੈ ਕਿ ਵਾਹਿਗੁਰੂ ਨੂੰ ਲੱਭਣ ਵਾਸਤੇ ਬਾਹਰ ਨਾ ਜਾਓ।

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***

*ਪੰਨਾ - 684*

ਇਹ ਜਿਹੜੇ ਤੁਹਾਨੂੰ ਭਰਮ ਪਏ ਹੋਏ ਹਨ। ਇਸ ਪ੍ਰਾਣਾਯਾਮ ਨੇ ਤੁਹਾਡੇ ਭਰਮਾਂ ਦੀ ਨਵਿਰਤੀ ਨਹੀਂ ਕਰਨੀ, ਇਹ ਨਵਿਰਤੀ ਤਾਂ ਗੁਰੂ ਨੇ ਕਰਨੀ ਹੈ। ਜਦੋਂ ਤੱਕ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਉਦੋਂ ਤੱਕ ਭਰਮ ਦੀ ਨਵਿਰਤੀ ਨਹੀਂ ਹੁੰਦੀ।

ਮਹਾਂਪੁਰਸ਼ ਪੰਜ ਕਿਸਮ ਦੇ ਭਰਮ ਦਸਦੇ ਹਨ। ਪਹਿਲਾ ਭਰਮ ਹੈ ਭੇਦ ਭਰਮ। ਭੇਦ ਭਰਮ ਹੁੰਦਾ ਹੈ ਕਿ ਮੈਂ ਹੋਰ ਹਾਂ ਵਾਹਿਗੁਰੂ ਹੋਰ ਹੈ। ਦੂਜਾ ਭਰਮ ਹੈ ਕਰਤੱਤਵ ਭਰਮ ਕਿ ਮੈਂ ਚੰਗੇ ਕਰਮ ਕਰਦਾ ਹਾਂ, ਮੈਂ ਮਾੜੇ ਕਰਮ ਕਰਦਾ ਹਾਂ। ਉਸਤਤ ਨਿੰਦਾ ਆਦਿ ਇਸ ਭਰਮ ਨਾਲ ਹੀ ਦੁਖੀ ਹੋਇਆ ਰਹਿੰਦਾ ਹੈ। ਕਰਤੱਤੂ ਭਰਮ ਸਮਝਣ ਵਾਸਤੇ ਇਕ ਉਦਾਹਰਣ ਦਿੰਦੇ ਹਨ ਕਿ ਜਿਸ ਤਰ੍ਹਾਂ ਕਿ ਇਕ ਬਲੌਰ ਪਿਆ ਹੈ। ਸਾਹਮਣੇ ਫੁੱਲ ਪਿਆ ਹੈ। ਫੁੱਲ ਦਾ ਰੰਗ ਉਸ ਬਲੌਰ ਤੇ ਚੜ੍ਹ ਜਾਵੇਗਾ। ਇਸ ਤਰ੍ਹਾਂ ਜਿਹੜਾ ਚੇਤਨ ਪਰਮੇਸ਼ਰ ਹੈ, ਬੁੱਧੀ ਦੇ ਵਿਚ ਪ੍ਰਕਾਸ਼ ਦਿੰਦਾ ਹੈ, ਬੁੱਧੀ ਮੈਂ ਬਣ ਜਾਂਦੀ ਹੈ। ਮੈਂ ਬਣ ਕੇ ਫਿਰ ਫਸ ਜਾਂਦੀ ਹੈ। ਫਸੀ ਹੋਈ ਫਿਰ ਤੁਰੀ ਫਿਰਦੀ ਹੈ। ਫਿਰ ਇਹਦੇ ਮੱਥੇ ਵਿਚ ਕਿਰਤ ਲਿਖੀ ਜਾਂਦੀ ਹੈ। ਜੇ ਤਾਂ ਕਿਰਤ ਚੰਗੀ ਹੈ ਤਾਂ ਫਿਰ ਮੁੜਕੇ ਆਉਣ ਦੀ ਆਸ ਹੈ ਨਹੀਂ ਤਾਂ ਕੀ ਹੋਏਗਾ?

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥***

*ਪੰਨਾ - 133*

ਉਹ ਮਾੜੀ ਕਿਰਤ (ਕਰਮ) ਫਿਰ ਇਸ ਨੂੰ ਹੇਠਾਂ ਲੈ ਜਾਂਦੀ ਹੈ। ਫਿਰ ਚੌਰਾਸੀ ਲੱਖ ਜੂਨੀਆਂ ਵਿਚ ਘੁਮਾਈ ਜਾਂਦੀ ਹੈ। ਫੇਰ ਆ ਜਾਂਦਾ ਹੈ, ਫੇਰ ਘੁੰਮਣ ਲੱਗ ਜਾਂਦਾ ਹੈ ਕਿਉਂਕਿ ਬੁੱਧੀ ਵਿਚ ਪ੍ਰਕਾਸ਼ ਨਾ ਹੋਣ ਕਰਕੇ, ਪਰਮੇਸ਼ਰ ਨਾਲੋਂ ਵਿਛੜ ਜਾਂਦਾ ਹੈ। ਤੀਜਾ ਹੁੰਦਾ ਹੈ ਸੰਗ ਭੇਦ। ਜਦੋਂ ਅਸੀਂ ਦੇਹ ਦੇ ਨਾਲ ਸੰਗ, ਸਾਥ ਜੋੜ ਕਰ ਲਿਆ। ਦੇਹ ਦੇ ਵਿਚ ਹੈ ਅੰਤਸ਼ਕਰਣ ਅਤੇ ਅੰਤਸ਼ਕਰਣ ਵਿਚ ਹਨ ਚਾਰ ਚੀਜ਼ਾਂ। ਇਕ ਤਾਂ ਹੈ ਮੈਂ ਭਾਵ, ਜਿਸ

ਨੂੰ ਹੰਗਤਾ ਕਹਿੰਦੇ ਹਨ। ਦੂਜਾ ਹੈ ਚਿੱਤ, ਜੋ ਕਦੀ ਖੁਸ਼ੀ ਮਹਿਸੂਸ ਕਰਦੈ, ਕਦੀ ਗਮੀ ਮਹਿਸੂਸ ਕਰਦਾ ਹੈ। ਤੀਜੀ ਇਸ ਵਿਚ ਬੁੱਧੀ ਹੈ, ਚੌਥਾ ਇਸ ਵਿਚ ਮਨ ਹੈ। ਮਨ ਫੇਰ ਪ੍ਰਾਣਾਂ ਨੂੰ ਸ਼ਕਤੀ ਦਿੰਦਾ ਹੈ। ਪ੍ਰਾਣ ਸ਼ਕਤੀ ਦਿੰਦੇ ਹਨ ਪੰਜ ਗਿਆਨ ਇੰਦਰਿਆਂ ਨੂੰ, ਕਰਮ ਇੰਦ੍ਰਿਆਂ ਨੂੰ, ਸਰੀਰ ਹਰਕਤ ਵਿਚ ਆ ਜਾਂਦਾ ਹੈ। ਫੇਰ ਇਹ ਕਰਤਾ ਭੋਗਤਾ ਬਣ ਜਾਂਦਾ ਹੈ। ਦੇਹ ਦੇ ਧਰਮ ਨੂੰ ਆਪਣਾ ਧਰਮ ਸਮਝਦਾ ਹੈ। ਮੈਂ ਸਿੱਖ ਹਾਂ, ਹਿੰਦੂ ਹਾਂ, ਮੁਸਲਮਾਨ ਹਾਂ, ਤੂੰ ਤਾਂ ਕੁਝ ਵੀ ਨਹੀਂ, ਤੂੰ ਆਪਣੇ ਆਪ ਨੂੰ ਪਛਾਣ ਤਾਂ ਸਹੀ ਕਿ ਤੂੰ ਕੀ ਹੈਂ, ਤੂੰ ਨਾ ਸਿੱਖ ਹੈਂ, ਨਾ ਹਿੰਦੂ ਹੈਂ, ਨਾ ਮੁਸਲਮਾਨ ਹੈਂ, ਇਹ ਤਾਂ ਸਾਰੇ ਧਰਮ ਤੇਰੀ ਦੇਹ ਦੇ ਹਨ। ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਤੇਰੇ ਅੰਤਸ਼ਕਰਣ ਦੇ ਧਰਮ ਹਨ। ਫੁਰਨੇ ਕਰਦਾ ਹੈ ਇਹ ਤੇਰਾ ਮਨ ਦੇ ਧਰਮ ਹਨ। ਤੂੰ ਤਾਂ ਇਹਨਾਂ ਤੋਂ ਅਸੰਗ ਹੈਂ, ਇਹਨਾਂ ਨੂੰ ਸ਼ਕਤੀ ਦੇਣ ਵਾਲਾ ਹੈਂ।

ਪੀਰ ਬੁੱਧੂ ਸ਼ਾਹ ਨੇ ਦਸਵੇਂ ਪਾਤਸ਼ਾਹ ਨੂੰ ਪੁਛਿਆ ਮਹਾਰਾਜ ਮੈਂ ਕਿਉਂ ਦਿਸਦਾ ਹਾਂ। ਮਹਾਰਾਜ ਨੇ ਉਤਰ ਦਿਤਾ ਭਾਈ ਤੂੰ ਆਪਣੀ ਮੈਂ ਛੱਡ ਦੇ। ਤੂੰ ਝੂਠੀ ਮੈਂ ਨੂੰ ਫੜਿਆ ਹੋਇਆ ਹੈ। ਜਿਹੜਾ ਤੂੰ ਅਸਲੀ ਹੈਂ ਉਹ ਤੂੰ ਹੈ ਨਹੀਂ।

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥ ਪੰਨਾ - 550***

ਫਲ ਇਕ ਹੈ, ਇਕ ਪੰਖੇਰੂ ਖਾਈ ਜਾਂਦਾ ਹੈ, ਦੂਜਾ ਚੁਪ ਕੀਤਾ ਹੋਇਆ ਹੈ। ਇਹਨਾਂ ਵਿਚ ਤੂੰ ਕਿਹੜਾ ਹੈਂ? ਜਿਹੜਾ ਖਾਂਦਾ ਫਿਰਦਾ ਹੈ, ਉਹ ਤਾਂ ਭਰਮ ਦਾ ਪੰਖੇਰੂ ਹੈ, ਉਹ ਹੈ ਤਾਂ ਨਹੀਂ।

***ਅਣਹੋਂਦਾ ਆਪੁ ਗਣਾਇਦੇ ..............॥ ਪੰਨਾ - 589***

ਜਿੰਨਾਂ ਚਿਰ ਪੂਰਨ ਗੁਰੂ ਦਾ ਮਿਲਾਪ ਨਾ ਹੋਵੇ ਉਦੋਂ ਤੱਕ ਉਹ ਭਰਮ ਨਹੀਂ ਹਟਦਾ। ਜੇਕਰ ਨਾਮ ਦੀ ਕਮਾਈ ਨਾ ਹੋਵੇ ਸਾਧਨਾ ਨਾ ਹੋਵੇ, ਇਹ ਸੰਗ ਭਰਮ ਨਹੀਂ ਲਹਿਆ ਕਰਦਾ। ਬੰਦਾ ਸਰੀਰ ਦੇ ਧਰਮਾਂ ਨੂੰ ਆਪਣੇ ਧਰਮ ਮੰਨਦਾ ਰਹਿੰਦਾ ਹੈ, ਆਉਣਾ ਜਾਣਾ ਤਾਂ ਸੂਖਸ਼ਮ ਸਰੀਰ ਦਾ ਹੁੰਦਾ ਹੈ ਤੇ ਹੰਗਤਾ ਦਾ ਆਪਣਾ ਧਰਮ ਹੈ। ਆਤਮਾ ਤਾਂ ਨਾ ਕਿਤੋਂ ਆਉਂਦੀ ਹੈ, ਨਾ ਕਿਤੇ ਜਾਂਦੀ ਹੈ। ਜੀਵ ਘੁੰਮੇਟਣੀਆਂ ਖਾਂਦਾ ਹੈ, ਨਾ ਕਿਤੇ ਆਈਏ ਨਾ ਜਾਈਏ -

***ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥***
***ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥***
***ਪੰਨਾ - 695***

***ਓਹੁ ਅਬਿਨਾਸੀ ਬਿਨਸਤ ਨਾਹੀ॥***

***ਨਾ ਕੋ ਆਵੈ ਨਾ ਕੋ ਜਾਹੀ॥***
***ਗੁਰਿ ਪੂਰੈ ਹਉਮੈ ਮਲੁ ਧੋਈ॥***
***ਕਹੁ ਨਾਨਕ ਮੇਰੀ ਪਰਮ ਗਤਿ ਹੋਈ॥***
***ਪੰਨਾ - 736***

ਉਹ ਕੇਵਲ ਭਰਮ ਪੈ ਗਿਆ, ਭਰਮ ਪੈਣ ਨਾਲ ਆਪਣੇ ਆਪ ਨੂੰ ਪੰਜ ਤੱਤ ਦੀ ਦੇਹ ਮੰਨਣ ਲਗ ਗਿਆ। ਮਹਾਰਾਜ ਕਹਿੰਦੇ ਕਿ ਤੋੜਨਾ ਤਾਂ ਹੈ, ਇਹ ਭਰਮ। ਇਨ੍ਹਾਂ ਰਿਧੀਆਂ ਸਿਧੀਆਂ ਨੇ ਤਾਂ ਦੇਹ ਅਧਿਆਸ ਹੋਰ ਵਧਾ ਦੇਣਾ ਹੈ। ਇਥੇ ਕੀ ਕੰਮ ਦੇਣਾ ਹੈ। ਜਦੋਂ ਤੱਕ ਤੇਰੇ ਅੰਦਰੋਂ ਹਉਮੈ ਦੂਰ ਨਹੀਂ ਹੁੰਦੀ, ਉਨੀਂ ਦੇਰ ਤੱਕ ਦਰਸ਼ਨ ਨਹੀਂ ਹੋਣੇ।

***ਧਾਰਨਾ - ਕੰਧ ਹਉਮੈ ਦੀ ਦਿਸਣ ਨਾ ਦੇਵੇ,***
***ਅੰਦਰ ਤੇਰੇ ਰੱਬ ਵਸਦਾ -2, 2.***
***ਪਿਆਰੇ ਜੀ, ਅੰਦਰ ਤੇਰੇ ਰੱਬ ਵਸਦਾ -2, 2.***
***ਕੰਧ ਹਉਮੈ ਦੀ ਦਿੱਸਣ ਨਾ ਦੇਵੇ,...... -2.***

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***

***ਪੰਨਾ - 624***

ਅੰਦਰ ਕੰਧ ਬਣੀ ਹੋਈ ਹੈ ਕਿਉਂਕਿ ਜਿਹੜਾ ਹੰਗਤਾ ਭਾਵ ਹੈ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਜੇ ਸਮਝਾਂਗੇ ਤਾਂ ਹੀ ਸਤਿਸੰਗ ਦਾ ਪੂਰਾ ਪੂਰਾ ਲਾਭ ਉਠਾ ਸਕਾਂਗੇ। ਜੇਕਰ ਸੁਣ ਕੇ ਹੀ ਭੁਲ ਜਾਵਾਂਗੇ ਤਾਂ ਲਾਭ ਪੂਰਾ ਨਹੀਂ ਮਿਲਦਾ।ਜੋ ਇਸ ਤਰ੍ਹਾਂ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ - 546***

ਸੋ ਇਹਦਾ ਫਲ ਪ੍ਰਾਪਤ ਕਰਨਾ ਹੈ। ਗੱਲ ਨੂੰ ਪਹਿਲਾਂ ਸਮਝੋ।

ਇਹ ਜੋ ਸੰਸਾਰ ਹੈ, ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਵਾਹਿਗੁਰੂ ਆਪੇ ਹੀ ਆਪ ਸੀ। ਸੰਸਾਰ ਰਚਨ ਤੋਂ ਬਾਅਦ ਵੀ ਆਪੇ ਹੀ ਆਪ ਹੈ। ਪਰ ਇਸ ਵਿਚ ਕੁਝ ਫਰਕ ਪੈ ਗਿਆ, ਉਹ ਫਰਕ ਇਸ ਤਰ੍ਹਾਂ ਪਿਆ ਕਿ ਵਾਹਿਗੁਰੂ ਦੇ ਫੁਰਨੇ ਨਾਲ ਇਸ ਸ੍ਰਿਸ਼ਟੀ ਦਾ ਪਸਾਰਾ ਹੋਇਆ, ਆਪੇ ਹੀ ਨਿਰਗੁਣ ਸਰਗੁਣ ਹੋਇਆ> ੴ ਬਣ ਕੇ ਉਹਦੀ ਅਵਸਥਾ ਸਤਿ ਰਹੀ, ਪਹਿਲਾਂ ਵੀ ਸਤਿ ਸੀ ਬਾਅਦ ਵਿਚ ਵੀ ਸਤਿ ਹੈ ਜਾਂ ਇਸ ਤਰ੍ਹਾਂ ਕਹਿ ਲਓ ਕਿ ਸਾਰਾ ਪਸਾਰਾ ਹੀ ਉਸਦਾ ਹੈ। ਪਸਾਰਾ ਉਸ ਦਾ ਹੀ ਰੂਪ ਹੈ-

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਪੰਨਾ - 290***

ਜਦੋਂ ਵਾਹਿਗੁਰੂ ਜੀ ਏਕੰਕਾਰ ਰੂਪ ਵਿਚ ਪ੍ਰਗਟ ਹੋਏ ਅਤੇ ਸ਼ਬਦ ਧੁਨ

(ਨਾਮ) ਰਾਹੀਂ ਸ੍ਰਿਸ਼ਟੀ ਦਾ ਪਸਾਰਾ ਹੋਇਆ ਉਸ ਵੇਲੇ ਪ੍ਰਕ੍ਰਿਤੀ ਦੇ ਅਨੇਕ ਚਿੱਤਾਂ ਵਿਚ ਜਾਗ੍ਰਤ ਆਈ, ਬੁੱਧੀ ਆਈ ਤਾਂ ਹਰ ਚਿੱਤ ਨੇ ਆਪਣੀ ਹੋਂਦ ਮਹਿਸੂਸ ਕੀਤੀ ਅਤੇ ਸਮਸ਼ਟ (ਕੁਲ) ਤੋਂ ਵਿਅਸ਼ਟ (ਵੱਖਰਾ) ਮਹਿਸੂਸ ਕੀਤਾ। ਇਥੇ ਹੀ ਹੰਗਤਾ ਤੇ ਮਮਤਾ, ਜਿਸਨੂੰ ਹਉਮੈ ਕਿਹਾ ਗਿਆ ਹੈ, ਦੀ ਹੋਂਦ ਪ੍ਰਗਟ ਹੋਈ। ਹਉਮੈ ਵਿਚ ਜਗਤ ਭਾਵ ਪੱਕੀ ਤਰ੍ਹਾਂ ਮਹਿਸੂਸ ਹੋਇਆ। ਇਕ ਤੋਂ ਅਨੇਕਤਾ ਮਹਿਸੂਸ ਹੋਈ। ਇਸ ਹਉਮੈ ਨੇ ਪ੍ਰਭੂ ਨੂੰ ਜਗਤ ਬਣਾ ਦਿਤਾ। ਜਿਹੜਾ ਪਹਿਲਾ ਤੱਤ ਬਣਿਆ, ਉਹ ਹਉਮੈ ਦਾ ਬਣਿਆ, ਹਉਮੈ ਦੇ ਵਿਚੋਂ ਮਾਇਆ ਦਾ ਪ੍ਰਕਾਸ਼ ਹੋਇਆ। ਮਾਇਆ ਦੇ ਵਿਚੋਂ ਤਿੰਨ ਗੁਣਾਂ ਦਾ ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਫਿਰ ਇਹਨਾਂ ਤਿੰਨਾਂ ਗੁਣਾਂ ਤੋਂ ਪ੍ਰਕਿਰਤੀ ਹੋਈ, ਪ੍ਰਕਿਰਤੀ ਤੋਂ 'ਮਹਿ' ਤੱਤ, ਮਹਿ ਤੱਤ ਵਿਚੋਂ ਅਕਾਸ਼ ਦਾ ਪ੍ਰਕਾਸ਼ ਹੋਇਆ, ਆਕਾਸ਼ ਵਿਚੋਂ ਹਵਾ ਦਾ, ਹਵਾ ਵਿਚੋਂ ਗੈਸਾਂ ਦਾ, ਗੈਸਾਂ ਵਿਚੋਂ ਤੇਜ ਦਾ ਤੇ ਤੇਜ ਵਿਚੋਂ ਪਾਣੀ ਦਾ ਤੇ ਪਾਣੀ ਦੇ ਵਿਚੋਂ ਮਿੱਟੀ ਹੋਈ, ਪੰਜ ਤੱਤਾਂ ਤੋਂ ਪਹਿਲਾਂ ਪੰਜ ਸੂਖਮ ਭੂਤ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੀ ਹੋਂਦ ਹੋਈ ਇਨ੍ਹਾਂ ਤੋਂ ਸਥੂਲ ਭੂਤ ਤੇ ਇੰਦ੍ਰੀਆਂ ਬਣੀਆਂ। ਇਹ ਸੰਸਾਰ ਅਨੇਕਾਂ ਹੀ ਰੂਪਾਂ ਵਿਚ ਦ੍ਰਿਸ਼ਟਮਾਨ ਹੋ ਗਿਆ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਪੰਨਾ – 3***

ਸ਼ਕਤੀ ਦੇਣ ਵਾਲਾ ਵੀ ਪਰਮੇਸ਼ਰ ਤੇ ਜਿਹੜੀ ਚੀਜ਼ ਸ਼ਕਤੀ ਲੈ ਰਹੀ ਹੈ, ਉਹ ਵੀ ਪਰਮੇਸ਼ਰ, ਮਾਇਆ ਵੀ ਪਰਮੇਸ਼ਰ ਤੇ ਜਿਹੜਾ ਕੁਝ ਨਜ਼ਰ ਆਉਂਦਾ ਹੈ –

***ਏਕ ਹੈ ਅਨੇਕ ਹੈ ਅਨੇਕ ਹੈ ਫਿਰ ਏਕ ਹੈ॥***
***ਜਾਪੁ ਸਾਹਿਬ***

***ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮਿਓ ਪਾਸਾਰਾ॥ ਤਬ ਏਕੋ ਏਕੰਕਾਰਾ॥***
***ਪੰਨਾ – 736***

ਹੋਇਆ ਕੀ? ਜਦੋਂ ਅੰਤਸ਼ਕਰਣ ਵਿਚ ਚੇਤਨਤਾ ਆਈ ਤਾਂ 'ਮੈ' ਬਣ ਗਿਆ। ਫਿਰ 'ਮੈ' ਬਣਨ ਦੇ ਨਾਲ ਹੀ ਪਰਮੇਸ਼ਰ ਦੀ ਥਾਂ ਹਉਮੈ ਨੇ ਲੈ ਲਈ ਅਤੇ ਜੀਵ ਭਾਵ ਪੈਦਾ ਹੋਣ ਤੇ ਅਨੇਕਤਾ ਵਿਚ ਪਸਾਰਾ ਭਾਸਣ ਲਗ ਗਿਆ।

***ਅਣਹੋਂਦਾ ਆਪੁ ਗਣਾਇਦੇ ..............॥*** ***ਪੰਨਾ – 589***

***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*** ***ਪੰਨਾ – 624***

ਇਹ ਹਉਮੈ ਦਾ ਪੜਦਾ ਪੈ ਗਿਆ, ਜਿੰਨੀ ਦੇਰ ਤੱਕ ਇਹ ਹਉਮੈ

ਦਾ ਪੜਦਾ ਨਹੀਂ ਲਹਿੰਦਾ, ਉਨਾ ਚਿਰ ਵਾਹਿਗੁਰੂ ਨਾਲ ਮੇਲ ਨਹੀਂ ਹੁੰਦਾ, ਵਾਹਿਗੁਰੂ ਆਪ ਹੀ ਕ੍ਰਿਪਾ ਕਰਕੇ ਇਹ ਪੜਦਾ ਦੂਰ ਕਰੇ ਕਿਉਂਕਿ ਮੂਲ ਮੰਤ੍ਰ ਵਿਚ 'ਗੁਰ ਪ੍ਰਸਾਦਿ' ਹੈ, ਗੁਰੂ ਵੀ ਵਾਹਿਗੁਰੂ ਹੈ ਤੇ ਪ੍ਰਸਾਦਿ ਇਹ ਉਹਦੀ ਮਿਹਰ ਹੈ।

***ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ॥***
***ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ***
***ਤਉ ਦਇਆਲੁ ਬੀਠਲੋ ਪਾਇਓ॥***
***ਪੰਨਾ - 624***

ਜਦੋਂ ਤੱਕ ਹਉਮੈ ਦੀ ਕੰਧ ਨਹੀਂ ਟੁਟਦੀ ਉਨਾਂ ਚਿਰ ਦਰਸ਼ਨ ਨਹੀਂ ਹੋ ਸਕਦੇ।

ਸੋ ਜਦੋਂ ਸਿਧਾਂ ਨੇ ਇਹ ਪੁਛਿਆ ਹੇ ਨਾਨਕ! ਜਦੋਂ ਤੂੰ ਇਹ ਕਹਿੰਦਾ ਹੈ ਕਿ ਸਾਰੇ ਵਾਹਿਗੁਰੂ ਇਕੋ ਹੀ ਹੈ, ਤਾਂ ਸੰਸਾਰ ਕਿਥੋਂ ਹੋ ਗਿਆ?

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਗੁਰੂ ਮਹਾਰਾਜ ਨੇ ਜਵਾਬ ਦਿੱਤਾ -

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ - 946***

ਜਦੋਂ ਨਾਮ (ਪਰੀਪੂਰਨ ਪ੍ਰਭੂ ਹੋਂਦ) ਨੂੰ ਭੁੱਲ ਗਏ ਤਾਂ ਦੁਖ ਆ ਗਿਆ, ਜਿੰਨੀ ਦੇਰ ਤੱਕ ਹਉਮੈ ਨਹੀਂ ਛਡਦਾ, ਪਰਮੇਸ਼ਰ ਨੂੰ ਨਹੀਂ ਮਿਲ ਸਕਦਾ, ਕਿਉਂਕਿ ਮਹਾਰਾਜ ਨੇ ਹਉਮੈ ਨੂੰ ਬਹੁਤ ਵੱਡਾ ਰੋਗ ਲਿਖਿਆ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਜਿਤਨੇ ਕਰਮ ਹਨ, ਕਹਿੰਦਾ ਮੈਂ ਹੀ ਕੀਤੇ ਹਨ, ਮੈਂ ਪਾਠ ਕਰਦਾ ਹਾਂ, ਮੈਂ ਐਨੇ ਅਖੰਡਪਾਠ ਕੀਤੇ ਹਨ, ਮੈਂ ਐਨੇ ਅਖੰਡ ਪਾਠ ਕਰਾਏ ਹਨ, ਮੈਂ ਐਨਾ ਦਾਨ ਕੀਤਾ ਹੈ, ਮੈਂ ਤਾਂ ਭਜਨ ਬੰਦਗੀ ਦੀ ਗੱਲ ਕਰ ਰਿਹਾ ਹਾਂ, ਦੁਨੀਆਂ ਤਾਂ ਹੈ ਹੀ ਹਉਮੈ ਵਿਚ, ਦੁਨੀਆਂ ਦੇ ਸਾਰੇ ਕੰਮ ਹਉਮੈ ਵਿਚ ਹਨ -

***ਮਾਇਆਧਾਰੀ ਅਤਿ ਅੰਨਾ ਬੋਲਾ॥ ਪੰਨਾ - 313***

ਮਹਾਰਾਜ ਕਹਿੰਦੇ ਹਨ ਅਖੀਰਲੀ ਹਦ ਤੱਕ ਅੰਨਾ ਬੋਲਾ ਹੋਇਆ ਹੋਇਆ ਹੈ। ਹੁਣ ਇਸ ਨੂੰ ਕਿਸ ਤਰ੍ਹਾਂ ਲੰਘਾਇਆ ਜਾਵੇ, ਮਹਾਰਾਜ ਕਹਿੰਦੇ ਸਾਰੀਆਂ ਚੀਜ਼ਾਂ ਹਉਮੈ ਵਿਚੋਂ ਪੈਦਾ ਹੋਈਆ ਹਨ।

***ਹਉਮੈ ਏਹਾ ਜਾਤਿ ਹੈ .............॥ ਪੰਨਾ - 466***

ਜਿਹੜਾ ਇਹ ਸ਼ਖਸ਼ੀਅਤ (personality) ਕਹਿੰਦਾ ਹੈ, (I am) ਇਹ ਹਉਮੈ ਹੈ -

***.............. ਹਉਮੈ ਕਰਮ ਕਮਾਹਿ॥ ਪੰਨਾ - 466***

ਫੇਰ ਕਰਮ ਕਰਕੇ ਕਹਿੰਦਾ 'ਮੈ' ਕਰਦਾ ਹਾਂ, ਕਈ ਕਹਿ ਦਿੰਦੇ ਹਨ ਕਿ ਜਿਸ ਤਰ੍ਹਾਂ ਵਾਹਿਗੁਰੂ ਕਰਾਉਂਦਾ ਹੈ, ਉਸ ਤਰ੍ਹਾਂ ਕਰਦੇ ਹਾਂ, ਜਦੋਂ ਕੋਈ ਮਾੜੀ ਗੱਲ ਹੋ ਜਾਂਦੀ ਹੈ ਤਾਂ ਕਹਿੰਦਾ ਕਿ ਫਲਾਣੇ ਨੇ ਮੇਰੇ ਨਾਲ ਇਸ ਤਰ੍ਹਾਂ ਕੀਤਾ, ਮੈਂ ਕਿਹਾ ਹੁਣ ਤਾਂ ਤੂੰ ਕਹਿੰਦਾ ਨਹੀਂ ਕਿ ਜਿਸ ਤਰ੍ਹਾਂ ਵਾਹਿਗੁਰੂ ਨੇ ਕਰਾਇਆ, ਉਸ ਤਰ੍ਹਾਂ ਹੀ ਹੋਇਆ। ਜੇ ਤੂੰ ਇਸ ਤਰ੍ਹਾਂ ਕਹੇ ਫੇਰ ਤਾਂ ਤੂੰ ਨੇੜੇ ਨੇੜੇ ਆ ਗਿਆ। ਜੇ ਕਿਸੇ ਨੂੰ ਕਹੀਏ, ਭਾਈ ਬੰਦਗੀ ਕਰਿਆ ਕਰ ਤਾਂ ਜਵਾਬ ਦਿੰਦਾ ਹੈ ਕਿ ਜੇ ਬੰਦਗੀ ਕਰਾਏਗਾ ਤਾਂ ਕਰ ਲਵਾਂਗੇ। ਸਾਰੇ ਇਸ ਤਰ੍ਹਾਂ ਹੀ ਕਹਿਣ ਲੱਗ ਜਾਂਦੇ ਹਨ ਕਿ ਜੇਕਰ ਵਾਹਿਗੁਰੂ ਨੂੰ ਮਨਜ਼ੂਰ ਹੋਈ ਤਾਂ ਕਰ ਲਵਾਂਗੇ। ਵਾਹਿਗੁਰੂ ਨੂੰ ਤਾਂ ਮਨਜ਼ੂਰ ਹੈ, ਤਾਂ ਹੀ ਤਾਂ ਤੈਨੂੰ ਮਨੁੱਖਾ ਜਨਮ ਦੇ ਦਿੱਤਾ, ਸਰੀਰ ਰਿਸ਼ਟ ਪੁਸ਼ਟ ਦੇ ਦਿਤਾ, ਖਾਣ ਨੂੰ ਦੇ ਦਿੱਤਾ, ਸੰਗਤ ਵਿਚ ਤੈਨੂੰ ਲੈ ਆਇਆ, ਸੰਤਾਂ ਨਾਲ ਤੇਰਾ ਮਿਲਾਪ ਹੋ ਗਿਆ, ਹੋਰ ਬਾਕੀ ਤੂੰ ਆਪ ਕੁਝ ਕਰਨਾ ਹੀ ਨਹੀਂ। ਜਦੋਂ ਰੋਟੀ ਖਾਂਦਾ ਹੈ, ਉਦੋਂ ਤਾਂ ਕਹਿੰਦਾ ਨਹੀਂ ਕਿ ਜੇਕਰ ਰੋਟੀ ਮੂੰਹ ਵਿਚ ਪਾਏਗੀ ਤਾਂ ਖਾਵਾਂਗਾ। ਖਾਣ ਨੂੰ ਤਾਂ ਨੱਠ ਕੇ ਪੈਂਦਾ ਹੈ। ਟੇਬਲ ਤੇ ਰੋਟੀਆਂ ਰਖ ਦਿਓ, ਸਭ ਤੋਂ ਪਹਿਲਾਂ ਖਾਏਗਾ। ਜੇਕਰ ਉਸ ਨੂੰ ਪੁਛਿਆ ਜਾਵੇ ਕਿ ਤੂੰ ਖਾਂਦਾ ਨਹੀਂ, ਉਦੋਂ ਤਾਂ ਨਹੀਂ ਕਹਿੰਦਾ ਕਿ ਜੇਕਰ ਖਵਾਏਗਾ ਤਾਂ ਖਾਵਾਂਗਾ। ਇਹ ਤਾਂ ਕਦੀ ਸੁਣਿਆ ਨਹੀਂ, ਨਾਮ ਜਪਣ ਦੇ ਵਿਚ ਇਹ ਗੱਲਾਂ ਹੋ ਜਾਂਦੀਆਂ ਹਨ। ਸੋ ਇਸ ਤਰ੍ਹਾਂ -

***ਹਉਮੈ ਏਈ ਬੰਧਨਾ...............॥ ਪੰਨਾ - 466***

ਫਿਰ ਇਹ ਬੰਨਿਆ ਜਾਂਦਾ ਹੈ।

***................ ਫਿਰਿ ਫਿਰਿ ਜੋਨੀ ਪਾਹਿ॥ ਪੰਨਾ - 466***

ਬਾਰ-ਬਾਰ ਜੂਨੀਆ ਵਿਚ ਘੁੰਮਦਾ ਫਿਰਦਾ ਹੈ।

***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਇ॥***
***ਪੰਨਾ - 466***

ਕ੍ਰਿਤ ਮੱਥੇ ਵਿਚ ਲਿਖੀ ਜਾਂਦੀ ਹੈ ਤਾਂ ਹਉਮੈ ਦੀਆਂ ਘੁਮੇਟੀਆਂ ਖਾਂਦਾ ਫਿਰਦਾ ਹੈ, ਕਰਮਾਂ ਦੇ ਵਸ ਆ ਕੇ ਫੇਰ ਛੁਟਕਾਰਾ ਨਹੀਂ ਹੁੰਦਾ।

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥***
***ਪੰਨਾ - 466***

ਸੋ ਮਹਾਰਾਜ ਕਹਿਣ ਲੱਗੇ ਕਿ -

***ਹਉਮੈ ਵਿਚਿ ਜਗੁ ਉਪਜੈ ਪੁਰਖਾ.............॥***
***ਪੰਨਾ - 946***

ਹਉਮੈ ਦੇ ਵਿਚ ਜਗਤ ਦੀ ਪੈਦਾਇਸ਼ ਹੋਈ ਹੈ, ਜਦੋਂ ਹਉਮੈ ਹੈਗੀ ਤਾਂ ਜਗਤ ਬਣਿਆ ਹੋਇਆ ਹੈ।

***ਧਾਰਨਾ - ਸਾਰੇ ਜਗ ਨੂੰ ਹਰੀ ਦੇ ਨਾਲੋਂ ਤੋੜਿਆ,***
***ਹਉਮੈ ਵਾਲਾ ਰੋਗ ਬੁਰਾ -2, 2.***
***ਪਿਆਰੇ ਜੀ, ਹਉਮੈ ਵਾਲਾ ਰੋਗ ਬੁਰਾ -2, 2.***
***ਸਾਰੇ ਜਗ ਨੂੰ ਹਰੀ ਦੇ ਨਾਲੋਂ ਤੋੜਿਆ,..-2.***

ਇਹ ਹਉਮੈ ਦਾ ਸਭ ਤੋਂ ਵੱਡਾ ਰੋਗ ਹੈ ਜੋ ਪਰਮੇਸ਼ਰ ਨੂੰ ਮਿਲਣ ਨਹੀਂ ਦਿੰਦਾ। ਹੰਗਤਾ ਹੈ 'ਮੈ' ਕਹਿਣਾ, ਲੋਕ ਕਹਿੰਦੇ ਹਨ ਜੇਕਰ ਅਸੀਂ 'ਮੈ' ਕਰਕੇ ਨਾ ਕਹੀਏ ਤਾਂ ਸੰਸਾਰ ਦਾ ਕੰਮ ਕਿਸ ਤਰ੍ਹਾਂ ਚਲੇਗਾ? ਜੇਕਰ ਬੋਲਣਾ ਹੀ ਖਤਮ ਹੋ ਗਿਆ, ਤਾਂ ਕੋਈ ਗੱਲ ਹੀ ਨਾ ਹੋਈ। ਕਹਿੰਦੇ ਸੰਸਾਰ ਵਾਸਤੇ ਤਾਂ ਕਹਿਣ ਕਹਾਵਣ ਨੂੰ ਤਾਂ ਕੋਈ ਗੱਲ ਨਹੀਂ, ਕੋਈ ਫਰਕ ਨਹੀਂ ਪੈਂਦਾ। ਭਾਵੇਂ ਕਿਵੇਂ ਬੋਲ ਲਓ। ਫਰਕ ਤਾਂ ਪੈਂਦਾ ਹੈ ਜਦੋਂ ਆਦਮੀ ਆਪਣੇ ਆਪ ਨੂੰ ਸਰੀਰ ਸਮਝਣ ਲੱਗ ਜਾਂਦਾ ਹੈ। ਇਤਨਾ ਅਭਿਆਸ ਹੋਣਾ ਚਾਹੀਦਾ ਹੈ ਕਿ ਮੈਂ ਕੌਣ ਹਾਂ। ਐਨੀ ਸੋਝੀ ਹੋਣੀ ਚਾਹੀਦੀ ਹੈ। ਅੱਗੋਂ ਗੱਲ ਆ ਜਾਂਦੀ ਹੈ ਪ੍ਰਾਪਤੀ ਦੀ ਕਿ ਪ੍ਰਾਪਤੀ ਕਿਸ ਤਰ੍ਹਾਂ ਹੋਵੇ? ਮੇਰੇ ਕੋਲੋਂ ਤਾਂ ਉਥੇ ਪਹੁੰਚ ਨਹੀਂ ਹੁੰਦਾ।

ਇਕ ਵਾਰੀ ਇਕ ਰਾਜਾ ਹੋਇਆ ਹੈ। ਜਿਸਦਾ ਨਾਮ ਸਿਖਰਧ੍ਰੂਜ ਸੀ। ਉਸਦੀ ਰਾਣੀ ਦਾ ਨਾਮ 'ਚੁੜੈਲਾ' ਸੀ ਜੋ ਕਿ ਬਹੁਤ ਖ਼ੂਬਸੂਰਤ ਸੀ। ਭੋਗਾਂ ਤੋਂ ਬਾਅਦ ਉਹਨਾਂ ਦੇ ਸਰੀਰ ਕ੍ਰਿਸ਼ ਹੋ ਗਏ, ਇਕ ਦਿਨ ਰਾਣੀ ਰਾਜੇ ਨੂੰ ਕਹਿਣ ਲੱਗੀ ਕਿ ਅਸੀਂ ਬਥੇਰੇ ਭੋਗਾਂ ਨੂੰ ਭੋਗ ਲਿਆ ਹੈ। ਹੁਣ ਤਾਂ ਸਰੀਰ ਵੀ ਕਮਜ਼ੋਰ ਹੋ ਗਏ ਹਨ ਪਰ ਸੰਗਤ ਵਿਚ ਜਾ ਕੇ ਪਤਾ ਲੱਗਾ ਹੈ ਕਿ ਜਿਤਨੀ ਦੇਰ ਪਰਮ ਪਦ ਦੀ ਪ੍ਰਾਪਤੀ ਨਹੀਂ ਹੁੰਦੀ ਅਸੀਂ ਤਾਂ ਕੁਝ ਵੀ ਨਹੀਂ ਖਟਿਆ, ਆਪਾਂ ਨੂੰ ਤਪੱਸਿਆ ਕਰਨੀ ਚਾਹੀਦੀ ਹੈ, ਤਪ ਕਰਨਾ ਚਾਹੀਦਾ ਹੈ। ਰਾਣੀ ਚੁੜੈਲਾ ਤੇ ਰਾਜਾ, ਰਾਜ ਸੰਭਾਲ ਕੇ ਸੰਤਾਂ ਦੀ ਮੰਡਲੀ ਵਿਚ ਚਲੇ ਗਏ। ਇਕ ਗੱਲ ਪੱਲੇ ਬੰਨਣ ਵਾਲੀ ਹੈ, ਉਹ ਇਹ ਹੈ ਕਿ ਜਦੋਂ ਤੱਕ ਕਿਸੇ ਪਰਮ ਪੁਰਖ ਦਾ ਮਿਲਾਪ ਨਹੀਂ ਹੁੰਦਾ, ਉਨੀਂ ਦੇਰ ਤੱਕ ਰੂਹਾਨੀ ਮਾਰਗ ਦਾ ਪਤਾ ਨਹੀਂ ਲੱਗਦਾ, ਉਸ ਮਾਰਗ ਤੇ ਚਲ ਨਹੀਂ ਹੁੰਦਾ। ਹੱਠ ਨਹੀਂ ਕਰਨਾ ਚਾਹੀਦਾ। ਇਸ ਗੱਲ ਤੇ ਸਾਰੀ ਸਿਧ ਗੋਸ਼ਟ ਪੜ੍ਹ ਲਓ,

ਗੁਰਬਾਣੀ ਪੜ੍ਹ ਲਓ, ਸੰਤ ਦਾ, ਗੁਰਮੁਖ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਸੰਤ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਜੀ ਵੱਲ ਲਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਮੋੜ ਕੇ ਫੇਰ ਸੰਤਾਂ ਕੋਲ ਭੇਜਦੇ ਹਨ ਕਿ ਸੰਤਾਂ ਕੋਲ ਜਾਓ, ਉਹ ਗੱਲ ਸਮਝਾਉਣਗੇ ਕਿਉਂਕਿ ਉਹ ਮੇਰੇ ਪਿਆਰੇ ਹਨ, ਮੇਰੇ ਵਿਚ ਸਮਾਏ ਹੋਏ ਹਨ। ਉਹਨਾਂ ਦੀ 'ਹਉ' ਨਹੀਂ ਰਹੀ, 'ਹਉ' ਮਿਟੀ ਹੋਈ ਹੈ। ਸੋ ਮਹਾਂਪੁਰਸ਼ਾਂ ਕੋਲ ਆ ਗਏ। ਮੈਂ ਬੇਨਤੀ ਕਰਦਾ ਹਾਂ ਕਿ ਜੋ ਸਾਡਾ ਧਰਮ ਹੈ, ਜਿਸ ਵਿਚਦੀ ਅਸੀਂ ਲੰਘ ਰਹੇ ਹਾਂ ਇਹ ਬਹੁਤ ਹੀ ਨਾਜ਼ੁਕ ਧਰਮ ਹੈ। ਸੂਖਮ ਧਰਮ ਹੈ, ਕਿਉਂਕਿ ਇਹਦੇ ਬਾਰੇ ਸਿਧਾਂ ਨਾਲ ਬਹੁਤ ਬਹਿਸ ਹੋਈ ਹੈ, ਉਹ ਕਹਿੰਦੇ ਨਾਨਕ ਤੂੰ ਘਰ-ਬਾਰ ਛੁਡਾ ਦੇ, ਇਸ ਤਰ੍ਹਾਂ ਗ੍ਰਿਹਸਤੀਆਂ ਨੇ ਲੰਘ ਨਹੀਂ ਸਕਣਾ, ਕਿਧਰੇ ਐਸਾ ਨਾ ਹੋਵੇ ਕਿ ਇਹ ਚਾਟਾ ਹੀ ਵਿਗੜ ਜਾਏ ਦੁਧ ਦਾ। ਨਾ ਇਸਦਾ ਮੱਖਣ ਨਿਕਲੇ, ਨਾ ਇਹ ਫਟਿਆ ਹੋਇਆ ਦੁਧ, ਬਈ ਤੂੰ ਇਕੱਠਾ ਨਾ ਕਰ, ਤਿੰਨ ਚੀਜ਼ਾਂ ਇਕੱਠੀਆਂ ਕਰ ਲਈਆਂ ਹਨ। ਇਕ ਤਾਂ ਸੰਸਾਰ ਦੀ ਜ਼ਿੰਮੇਂਵਾਰੀ, ਇਕ ਗ੍ਰਹਿਸਤ ਦੀ ਜ਼ਿੰਮੇਂਵਾਰੀ, ਤੇ ਇਕ ਭਗਤੀ ਦਾ ਸਾਧਨ, ਪ੍ਰਮੇਸ਼ਰ ਦੇ ਨਾਲ ਮਿਲਾਪ ਦਾ ਸਾਧਨ, ਇਹ ਤਾਂ ਵੱਡਿਆਂ-ਵੱਡਿਆਂ ਸਾਧੂਆਂ, ਬਿਹੰਗਮਾਂ ਤੋਂ ਨਹੀਂ ਹੁੰਦਾ, ਗ੍ਰਹਿਸਤ ਵਿਚ ਰਹਿ ਕੇ ਤਾਂ ਧੀਆਂ ਪੁੱਤਰ ਜ਼ਮੀਨ ਜਾਇਦਾਦ, ਕਈ ਝਗੜੇ ਝਾਟੇ, ਮੁਕੱਦਮੇਬਾਜੀ, ਖਿਆਲ ਹੀ ਨਹੀਂ ਛੱਡ ਸਕਦਾ ਜਿਹੜਾ, ਉਹ ਲੰਘ ਕਿਸ ਤਰ੍ਹਾਂ ਜਾਏਗਾ? ਗੁਰੂ ਮਹਾਰਾਜ ਨੇ ਬਹੁਤ ਦਸਿਆ ਕਿ ਗ੍ਰਹਿਸਤ, ਤਿਆਗ ਤੇ ਰਾਜ ਇਹ ਤਿੰਨ ਚੀਜ਼ਾਂ ਇਕੱਠੀਆਂ ਹੋ ਸਕਦੀਆਂ ਹਨ ਜਿਸ ਦੇ ਬਰਾਬਰ ਸੰਤ ਸਿਪਾਹੀ ਕਿਹਾ ਜਾਂਦਾ ਹੈ। ਬਈ ਸੰਤ ਵੀ ਹੋਵੇ, ਸਿਪਾਹੀ ਵੀ ਹੋਵੇ ਤੇ ਦੁਨੀਆਦਾਰ ਵੀ ਹੋਵੇ। ਜੇ ਅਸੀਂ ਪੜਚੋਲ ਕਰੀਏ ਤਾਂ ਜਿੰਮੇਵਾਰੀ ਸਾਡੇ ਤੇ ਆ ਜਾਂਦੀ ਹੈ, ਐਵੇਂ ਨਾ ਸੋਚਿਆ ਕਰੋ ਕਿ ਅਸੀਂ ਸਭ ਤੋਂ ਉਚੇ ਹਾਂ, ਸਾਡੇ ਵਰਗਾ ਕੋਈ ਨਹੀਂ, ਗ੍ਰਹਿਸਤੀ ਸਭ ਤੋਂ ਉਚਾ ਹੈ, ਜੇ ਤਾਂ ਠੀਕ ਗ੍ਰਹਿਸਤੀ ਬਣੇ ਤਾਂ ਠੀਕ ਹੈ, ਨਹੀਂ ਤਾਂ ਨਰਕਾਂ ਨੂੰ ਚਲਾ ਜਾਂਦਾ ਹੈ -

> ***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
> ***ਪੰਨਾ - 952***

ਜਿਹੜਾ ਆਪਣੀ ਆਤਮ ਤੱਤ ਦੀ ਵੀਚਾਰ ਕਰਦਾ ਹੈ -

> ***ਜਪੁ ਤਪੁ ਸੰਜਮੁ ਭਿਖਿਆ ਕਰੈ॥***
> ***ਪੰਨਾ - 952***

ਜਤ ਸਤ ਦਾ ਜੀਵਨ ਤੇ ਸੰਜਮ ਦਾ ਜੀਵਨ, ਇਸ ਦੀ ਅਕਾਲ ਪੁਰਖ ਤੋਂ ਭਿਖਿਆ ਮੰਗਦਾ ਰਹੇ -

> ***ਪੁੰਨ ਦਾਨ ਕਾ ਕਰੇ ਸਰੀਰੁ॥***
> ***ਸੋ ਗਿਰਹੀ ਗੰਗਾ ਕਾ ਨੀਰੁ॥***
> ***ਪੰਨਾ - 952***

ਪੁੰਨ ਦਾਨ ਦਾ ਸਰੀਰ ਕਿਸ ਤਰ੍ਹਾਂ ਬਣਦਾ ਹੈ?

ਰਾਜਾ ਕਰਣ ਰੋਜ਼ ਸਵਾ ਮਣ ਸੋਨਾ ਦਾਨ ਕਰਦਾ ਹੁੰਦਾ ਸੀ ਅਤੇ ਜਿਸ ਵੇਲੇ ਅਰਜਨ ਨਾਲ ਲੜਾਈ ਕਰਕੇ ਚੜ੍ਹਾਈ ਕਰਨ ਵਾਲਾ ਸੀ, ਥੋੜ੍ਹਾ ਸਮਾਂ ਰਹਿ ਗਿਆ ਸੀ ਤਾਂ ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਕਿਹਾ ਕਿ ਅੱਜ ਦਾਨ ਦਾ ਸੂਰਜ ਛਿਪ ਗਿਆ ਹੈ। ਅੱਜ ਦੁਨੀਆ ਵਿਚ ਅੰਧਕਾਰ ਛਾ ਗਿਆ ਅੱਜ ਕਿਸੇ ਗਰੀਬ ਦੀ ਗਰੀਬੀ ਕੋਈ ਦੂਰ ਨਹੀਂ ਕਰੇਗਾ, ਕਿਉਂਕਿ ਦਾਨ ਦਾ ਸੂਰਜ ਛਿੱਪਣ ਵਾਲਾ ਹੈ, ਥੋੜ੍ਹਾ ਜਿਹਾ ਰਹਿੰਦਾ ਹੈ। ਅਰਜਨ ਨੇ ਪੁਛਿਆ, ਮਹਾਰਾਜ ਐਸਾ ਕਿਹੜਾ ਸੂਰਜ ਹੈ, ਜੋ ਡੁੱਬਣ ਲੱਗਾ ਹੈ? ਕ੍ਰਿਸ਼ਨ ਮਹਾਰਾਜ ਨੇ ਉਤਰ ਦਿੱਤਾ, ਉਹ ਸੂਰਜ ਹੈ 'ਕਰਣ'। ਅਰਜਨ ਨੇ ਕਿਹਾ ਮਹਾਰਾਜ ਜਿਹੜਾ ਕੁਝ ਕਰਣ ਦੇ ਸਕਦਾ ਹੈ ਮੈਂ ਵੀ ਦੇ ਸਕਦਾ ਹਾਂ। ਉਤਰ ਮਿਲਿਆ, ਨਹੀਂ ਤੂੰ ਨਹੀਂ ਦੇ ਸਕਦਾ। ਚਲ ਤੈਨੂੰ ਹੁਣ ਵੀ ਦਿਖਾ ਦੇਈਏ, ਉਹ ਆਖਰੀ ਸ੍ਵਾਸਾਂ ਤੇ ਹੈ, ਜਦੋਂ ਉਹਦੇ ਕੋਲ ਗਏ ਤਾਂ ਦੇਖਿਆ ਸਾਹ ਬੜੀ ਮੁਸ਼ਕਲ ਨਾਲ ਆ ਰਿਹਾ ਹੈ ਕਿਉਂਕਿ ਲੜਾਈ ਵਾਲਾ ਮੈਦਾਨ ਹੈ, ਉਥੇ ਕੋਈ ਸਾਂਭਣ ਵਾਲਾ ਨਹੀਂ ਹੈ, ਨਾ ਕੋਈ ਚੁੱਕਣ ਵਾਲਾ ਹੈ। ਕ੍ਰਿਸ਼ਨ ਜੀ ਨੇ ਬ੍ਰਾਹਮਣ ਦਾ ਰੂਪ ਧਾਰਿਆ ਹੋਇਆ ਸੀ। ਰਾਜੇ ਕਰਣ ਨੂੰ ਕਹਿਣ ਲੱਗੇ ਮੈਂ ਤਾਂ ਬੜੀ ਆਸ ਲੈ ਕੇ ਆਇਆ ਸੀ, ਮੇਰੀ ਲੜਕੀ ਦੀ ਸ਼ਾਦੀ ਹੈ, ਮੈਂ ਤਾਂ ਆਪ ਨੂੰ ਦੇਖ ਕੇ ਬਹੁਤ ਨਿਰਾਸ਼ ਹੋ ਗਿਆ। ਤੂੰ ਅਜੇ ਵੀ ਐਨਾ ਦਾਨ ਦੇ ਸਕਦਾ ਹੈਂ ਕਿ ਮੇਰੀ ਲੜਕੀ ਦੀ ਸ਼ਾਦੀ ਆਰਾਮ ਨਾਲ ਹੋ ਜਾਏਗੀ। ਉਸ ਵੇਲੇ ਕਰਣ ਨੇ ਜਵਾਬ ਦਿੱਤਾ ਕਿ ਮੇਰੇ ਸਰੀਰ ਦੀ ਹਾਲਤ ਦੇਖ ਲਓ, ਸਾਰੇ ਸਰੀਰ ਦਾ ਖ਼ੂਨ ਵੀ ਨਿਕਲ ਚੁੱਕਾ ਹੈ, ਤੂੰ ਇਸ ਤਰ੍ਹਾਂ ਕਰ ਮੇਰੇ ਸਰੀਰ ਨੂੰ ਲੈ ਜਾ, ਇਸ ਨੂੰ ਵੇਚ ਕੇ ਜਿਨਾਂ ਵੀ ਤੈਨੂੰ ਪੈਸਾ ਮਿਲ ਸਕਦਾ ਹੈ ਉਹ ਲੈ ਲੈ। ਬ੍ਰਾਹਮਣ ਕੜਕ ਕੇ ਬੋਲਿਆ, ਹੇ ਰਾਜਨ! ਤੂੰ ਮੈਨੂੰ ਧੋਖਾ ਦਿੰਦਾ ਹੈਂ? ਤੇਰੇ ਕੋਲ ਸਭ ਕੁਝ ਹੈ, ਤੂੰ ਦੇਣ ਤੋਂ ਕਤਰਾਉਂਦਾ ਹੈ। ਕਰਣ ਨੇ ਕਿਹਾ ਕਿ ਤੂੰ ਮੈਨੂੰ ਯਾਦ ਕਰਾ ਦੇ, ਮੈਂ ਤੈਨੂੰ ਜ਼ਰੂਰ ਦਿਆਂਗਾ। ਬ੍ਰਾਹਮਣ ਨੇ ਕਿਹਾ ਕਿ ਤੇਰੇ ਦੰਦਾਂ ਨੂੰ ਸੋਨਾ ਲਗਿਆ ਹੋਇਆ ਹੈ। ਕਰਣ ਕਹਿਣ ਲੱਗਾ ਕਿ ਤੂੰ ਮੈਨੂੰ ਪੱਥਰ ਫੜਾ ਦੇ। ਮੈਂ ਤੈਨੂੰ ਦੰਦ ਤੋੜ ਕੇ ਸੋਨਾ ਕੱਢ ਦੇਵਾਂਗਾ ਜਾਂ ਤੂੰ ਆਪੇ ਹੀ ਤੋੜ ਲੈ। ਬ੍ਰਾਹਮਣ ਕਹਿਣ ਲੱਗਾ ਮੈਂ ਨਹੀਂ ਤੋੜਨੇ। ਕਰਣ ਨੇ ਕਿਹਾ ਕਿ ਮੇਰੀ ਸ਼ਕਤੀ ਛੇਤੀ ਛੇਤੀ ਖਤਮ ਹੋ ਰਹੀ ਹੈ, ਤੂੰ ਮੈਨੂੰ ਛੇਤੀ ਪੱਥਰ ਫੜਾ, ਐਸਾ ਨਾ ਹੋਵੇ ਕਿ ਮੇਰੇ ਪ੍ਰਾਣ ਨਿਕਲ ਜਾਣ ਤੇ ਤੂੰ ਮੇਰੇ ਦਰਵਾਜ਼ੇ ਤੋਂ ਨਿਰਾਸ਼ ਚਲਾ ਜਾਵੇਂ। ਕਹਿਣ ਲੱਗਾ, ਮੈਂ ਪੱਥਰ ਨਹੀਂ ਫੜਾਉਣਾ। ਉਸ ਵੇਲੇ ਐਨੀ ਜ਼ਖਮੀ ਹਾਲਤ ਵਿਚ ਕਰਣ ਸਰਕ ਸਰਕ ਕੇ ਇਕ ਪੱਥਰ ਕੋਲ ਪਹੁੰਚਿਆ। ਜਿਸ ਵੇਲੇ ਪੱਥਰ ਨਾਲ ਦੰਦ ਤੋੜਨ ਲੱਗਾ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਵਿਸ਼ਨੂੰ ਭਗਵਾਨ ਦਾ ਸਰੂਪ ਧਾਰ ਕੇ ਅਗੋਂ ਹੱਥ ਫੜ ਲਿਆ। ਕਹਿਣ ਲੱਗੇ ਤੂੰ ਸਚਮੁਚ ਦਾਨ ਦਾ ਅਵਤਾਰ ਹੈਂ।

ਏਸੇ ਤਰ੍ਹਾਂ ਕਈ ਦਾਨੀ ਹੋਏ ਨੇ। ਜਿਨ੍ਹਾਂ ਨੇ ਸਰਬੰਸ ਦਾਨ ਕਰ ਦਿਤੇ।

ਗੁਰੂ ਦਸਵੇਂ ਪਾਤਸ਼ਾਹ ਨੇ ਆਪਣੇ ਕੋਲ ਕੀ ਰਖਿਆ! ਕੋਈ ਵੀ ਚੀਜ਼ ਦੱਸੋ ਜਿਹੜੀ ਉਹਨਾਂ ਨੇ ਆਪਣੇ ਕੋਲ ਰੱਖੀ ਹੋਵੇ। ਉਹਨਾਂ ਨੇ ਪੁੰਨ ਦਾਨ ਦਾ ਸਰੀਰ ਕਰਕੇ ਦਿਖਾਇਆ ਸੀ ਕਿ ਗ੍ਰਹਿਸਤ ਵਿਚ ਰਹਿ ਕੇ ਪੁੰਨ ਦਾਨ ਦਾ ਸਰੀਰ ਇਸ ਤਰ੍ਹਾਂ ਹੋ ਸਕਦਾ ਹੈ –

*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥*
*ਪੰਨਾ – 952*

ਜੇ ਗ੍ਰਹਿਸਤ ਵਿਚ ਆਉਣਾ ਹੈ ਤਾਂ ਇਸ ਤਰ੍ਹਾਂ ਜੀਵਨ ਬਤੀਤ ਕਰਨਾ ਚਾਹੀਦਾ ਹੈ – ਜੇਕਰ ਵਿਕਾਰ ਭੋਗਣੇ ਹਨ ਤਾਂ ਲੇਖੇ ਦੇਣੇ ਪੈਣਗੇ। ਮੀਟ ਮੁਰਗੇ ਖਾ ਕੇ, ਸ਼ਰਾਬਾਂ ਪੀ ਕੇ, ਐਵੇਂ ਨਾ ਕਹੀ ਜਾਓ ਕਿ ਸਾਨੂੰ ਗੁਰੂ ਸਾਹਿਬ ਨੇ ਕਿਹਾ ਹੈ ਕਿ ਮਾਸ ਖਾ ਲਓ, ਖਾ ਕੇ ਫੇਰ ਕੀ ਹੋਵੇਗਾ? ਖਾਂਦੇ ਹੀ ਫੇਰ ਦੁਨੀਆਂ ਕਿੰਨੀ ਔਖੀ ਹੋਈ ਹੈ। ਹਰ ਕਰਮ ਦਾ ਲੇਖਾ ਦੇਣਾ ਪੈਂਦਾ ਹੈ।

ਇਸੇ ਤਰ੍ਹਾਂ ਜੇ ਤਿਆਗੀ ਹੈ, ਫੇਰ ਪਕੜ ਦੇ ਬੰਧਨਾਂ ਵਿਚ ਪੈਂਦਾ ਹੈ। ਮੋਹ ਵਿਚ ਪੈਂਦਾ ਹੈ ਤਾਂ ਉਹ ਵੀ ਗਲਤ ਹੋ ਗਿਆ। ਸਿੱਧ ਕਹਿਣ ਲੱਗੇ ਤੁਸੀਂ ਗ੍ਰਹਿਸਤੀ ਨੂੰ ਪਾਰ ਕਿਵੇਂ ਲੰਘਾਓਂਗੇ? ਕਿਉਂਕਿ ਉਸਦੀਆਂ ਵਾਸ਼ਨਾਵਾਂ ਨਹੀਂ ਕਾਬੂ ਹੋਣੀਆਂ, ਉਸਦਾ ਵਾਹ ਮੋਹ ਨਾਲ ਪੈਣਾ ਹੈ, ਧੀਆਂ, ਪੁੱਤਰਾਂ ਨਾਲ ਪੈਣਾ ਹੈ। ਕ੍ਰੋਧ ਨਾਲ ਵਾਹ ਪੈਣਾ ਹੈ, ਕੋਈ ਚੰਗੀ ਮੰਦੀ ਗੱਲ, ਮਾਨ–ਅਪਮਾਨ ਦੀ ਕਹਿ ਦੇਵੇਗਾ ਤਾਂ ਕ੍ਰੋਧ ਨਾਲ ਵਾਹ ਪਵੇਗਾ। ਫਿਰ ਨਾਥ ਜੀ, ਤੁਸੀਂ ਦਸੋ ਕਿ ਤੁਸੀਂ ਅਜਿਹੇ ਗ੍ਰਹਿਸਤੀ ਨੂੰ ਕਿਵੇਂ ਪਰਮ ਪਦ ਦੀ ਪ੍ਰਾਪਤੀ ਕਰਾਵੋਂਗੇ? ਸਿੱਧ ਗ੍ਰਹਿਸਤ ਵਿਚ ਰਹਿ ਕੇ ਉਚੀ ਅਵਸਥਾ ਪ੍ਰਾਪਤ ਕਰਨ ਨੂੰ ਨਹੀਂ ਮੰਨਦੇ ਸਨ। ਗੁਰੂ ਮਹਾਰਾਜ ਦਾ ਸਿਧਾਂਤ ਹੈ ਕਿ ਜੇ ਗ੍ਰਹਿਸਤੀ ਬਣਨਾ ਹੈ ਤਾਂ ਆਦਰਸ਼ਕ ਬਣ, ਧਰਮ ਦੇ ਪੂਰਨ ਅਸੂਲਾਂ ਦੀ ਪਾਲਣਾ ਕਰ, ਕਿਰਤ ਕਰ, ਨਾਮ ਜਪ, ਵੰਡ ਕੇ ਛਕ, ਗੁਰਬਾਣੀ ਮੁਤਾਬਿਕ, ਵਿਵਹਾਰ ਨਿਭਾਉਣਾ ਕਰ। ਜੇ ਰਾਜ ਭਾਗ ਮਿਲ ਗਿਆ ਤਾਂ ਰਾਜੇ ਜਨਕ ਵਾਂਗੂੰ ਗ੍ਰਹਿਸਤ ਉਦਾਸ ਦਾ ਜੀਵਨ ਬਤੀਤ ਕਰ। ਮਾਇਆ ਦੇ ਗੁਬਾਰ ਵਿਚ ਨ ਫਸ, ਪੂਰਨ ਗਿਆਨ ਦੀ ਅਵਸਥਾ ਵਿਚ ਰਹਿ। ਬਾਬਾ ਸਾਹਿਬ ਸਿੰਘ ਜੀ ਬੇਦੀ ਪੂਰਨ ਬ੍ਰਹਮਗਿਆਨੀ ਸਨ। ਰਾਜ ਯੋਗੀ ਸਨ। ਕੇਵਲ ਗ੍ਰਹਿਸਤ ਧਰਮ ਧਾਰਨ ਕਰਨ ਨਾਲ ਪਰਮ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਸਿੱਧ ਬੈਰਾਗੀ ਸਨ। ਉਹ ਸਹਿਮਤ ਨਹੀਂ ਸਨ ਹੁੰਦੇ।

ਸਿਧ ਕਹਿਣ ਲੱਗੇ, ਗੁਰੂ ਨਾਨਕ ਤੂੰ ਸੰਸਾਰੀਆਂ ਨੂੰ ਅਸਾਡੇ ਮਾਰਗ ਤੇ ਚਲਾ ਦੇ । ਗੁਰੂ ਮਹਾਰਾਜ ਨੇ ਕਿਹਾ, ਨਹੀ! ਜੇ ਸੰਸਾਰ ਵਿਚੋਂ ਨੇਕੀ ਖਿਚ ਲਈ ਤਾਂ ਬੁਰਿਆਈ ਹੀ ਬੁਰਿਆਈ ਰਹਿ ਜਾਵੇਗੀ। ਸੋ ਮੈਂ ਬੇਨਤੀ ਕਰਦਾ ਸੀ ਕਿ ਜਿਹੜੇ ਪਿਛਲੇ ਰਾਜੇ ਸਨ, ਉਹ ਫੇਰ ਵੀ ਸਾਡੇ ਨਾਲੋਂ ਬਹੁਤ ਚੰਗੇ ਸਨ, ਰਾਜ ਭਾਗ ਛਡ ਕੇ ਸੰਤਾਂ ਦੀ ਮੰਡਲੀ ਵਿਚ ਗਏ, ਬੜੀ ਦੇਰ ਤੋਂ ਬਾਅਦ ਚੁੜੈਲਾ ਰਾਣੀ ਨੂੰ ਤਾਂ ਗਿਆਨ ਹੋ ਗਿਆ ਪਰ ਉਸਨੇ ਦੇਖਿਆ ਕਿ ਰਾਜੇ

ਸਿਖਰਧ੍ਵਜ ਤੇ ਤਾਂ ਕੋਈ ਅਸਰ ਨਹੀਂ ਹੋਇਆ। ਇਹ ਤਾਂ ਅਜੇ ਉਸੇ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਦਾ ਆਇਆ ਸੀ, ਉਹੀ ਬਿਰਤੀ ਹੈ। ਉਸ ਵੇਲੇ ਘਰ ਆ ਕੇ ਕਹਿਣ ਲੱਗੀ ਰਾਜਨ! ਮੈਨੂੰ ਬਹੁਤ ਅਫਸੋਸ ਹੈ ਕਿ ਤੁਹਾਨੂੰ ਗਿਆਨ ਨਹੀਂ ਹੋ ਸਕਿਆ। ਰਾਜੇ ਨੇ ਕਿਹਾ ਕਿ ਮੈਂ ਵੀ ਦੇਖਦਾ ਹਾਂ ਕਿ ਜੋ ਅਵਸਥਾ ਗਿਆਨਵਾਨ ਦੀ ਲਿਖੀ ਹੈ -

*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥* *ਪੰਨਾ - 275*

ਮੇਰੇ ਵਿਚ ਤਾਂ ਅਜੇ ਇਹ ਅਵਸਥਾ ਆਈ ਨਹੀਂ, ਮੈਨੂੰ ਤਾਂ ਰਾਜ ਪਾਟ ਅਜੇ ਉਚਾ ਨੀਵਾਂ ਕਰੀ ਜਾਂਦਾ ਹੈ। ਮੈਨੂੰ ਅਜੇ ਗੁੱਸਾ ਵੀ ਆ ਜਾਂਦਾ ਹੈ, ਮੋਹ ਵੀ ਆ ਜਾਂਦਾ ਹੈ। ਰਾਣੀ ਕਹਿਣ ਲੱਗੀ ਤੂੰ ਤਿਆਗ ਕਰ, ਪਹਿਲਾਂ ਤਪੱਸਿਆ ਕਰ। ਰਾਜਾ ਤਪੱਸਿਆ ਕਰਨ ਚਲਾ ਗਿਆ। ਰਾਣੀ ਕਾਫੀ ਸਮੇਂ ਤੋਂ ਬਾਅਦ ਭੇਸ ਵਟਾ ਕੇ ਉਸਨੂੰ ਦੇਖਣ ਗਈ। ਰਾਜੇ ਨੇ ਰਾਣੀ ਨੂੰ ਕੋਈ ਸਾਧੂ ਜਾਣ ਕੇ ਬੇਨਤੀ ਕੀਤੀ ਕਿ ਮੇਰਾ ਚਿੱਤ ਸਥਿਰ ਨਹੀਂ ਹੈ। ਰਾਣੀ ਕਹਿਣ ਲੱਗੀ ਤੂੰ ਤਿਆਗ ਕਰ, ਅਸੀਂ ਫੇਰ ਆਵਾਂਗੇ। ਉਹ ਝੌਂਪੜੀ ਵਿਚ ਰਹਿੰਦਾ ਸੀ। ਇਕ ਦਰੀ, ਇਕ ਗੜਵੀ ਤੇ ਸਰ੍ਹਾਣਾ ਨਾਲ ਸੀ। ਰਾਜੇ ਨੇ ਇਹ ਸਾਰੀਆਂ ਚੀਜ਼ਾਂ ਦਾ ਤਿਆਗ ਕਰ ਦਿਤਾ। ਉਹ ਫਿਰ ਆਈ, ਬ੍ਰਹਮਚਾਰੀ ਦੇ ਰੂਪ ਵਿਚ, ਕਹਿਣ ਲੱਗਾ ਮੇਰਾ ਚਿਤ ਅਜੇ ਵੀ ਸਥਿਰ ਨਹੀਂ ਹੋਇਆ। ਮੇਰਾ ਚਿਤ ਅਜੇ ਵੀ ਡੋਲਦਾ ਹੈ, ਕਦੇ ਉਚਾ ਹੋ ਜਾਂਦਾ ਹੈ, ਕਦੇ ਨੀਂਵਾ ਹੋ ਜਾਂਦਾ ਹੈ। ਕਿਉਂਕਿ ਬ੍ਰਹਮਗਿਆਨੀ ਦੁਖ-ਸੁਖ, ਮਾਨ-ਅਪਮਾਨ ਤੋਂ ਨਿਰਲੇਪ ਹੁੰਦਾ ਹੈ।

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਪੰਨਾ - 633*

ਰਾਜੇ ਨੇ ਕਿਹਾ ਕਿ ਉਹ ਅਵਸਥਾ ਅਜੇ ਮੇਰੇ ਵਿਚ ਆਈ ਨਹੀਂ। ਕਹਿਣ ਲੱਗੀ ਤੂੰ ਤਿਆਗ ਕਰ, ਰਾਜੇ ਨੇ ਕਿਹਾ ਮੇਰੇ ਕੋਲ ਤਾਂ ਹੁਣ ਕੋਈ ਚੀਜ਼ ਨਹੀਂ ਰਹੀ ਜਿਸ ਦਾ ਮੈਂ ਹੁਣ ਤਿਆਗ ਕਰਾਂ। ਮੇਰੇ ਕੋਲ ਕੇਵਲ ਸਰੀਰ ਰਹਿ ਗਿਆ ਹੈ। ਮੈਂ ਇਸ ਦਾ ਤਿਆਗ ਕਰ ਦਿੰਦਾ ਹਾਂ। ਕਹਿਣ ਲੱਗੀ ਠੀਕ ਹੈ ਤੂੰ ਸਰੀਰ ਦਾ ਤਿਆਗ ਕਰ, ਤਿਆਰੀ ਕਰ ਲਈ ਤੇ ਰਾਣੀ ਕਹਿਣ ਲੱਗੀ ਤੂੰ ਚਿਖਾ ਵਿਚ ਛਾਲ ਮਾਰ ਦੇ। ਉਸ ਵੇਲੇ ਰਾਣੀ ਨੇ ਕਿਹਾ ਕਿ ਰਾਜਨ, ਇਸ ਸਰੀਰ ਰਾਹੀਂ ਤੇਰਾ ਮੇਰਾ ਮੇਲ ਹੁੰਦਾ ਹੈ, ਜਦੋਂ ਤੇਰਾ ਸਰੀਰ ਨਾ ਰਿਹਾ, ਤਾਂ ਤੇਰਾ ਮੇਰਾ ਮੇਲ ਨਹੀਂ ਹੋਣਾ, ਆਪਾਂ ਵੀਚਾਰ ਕਰ ਲਈਏ। ਰਾਣੀ ਨੇ ਪੁਛਿਆ ਤੂੰ ਸਰੀਰ ਦਾ ਤਿਆਗ ਕਰ ਦੇਵੇਂਗਾ, ਫੇਰ ਕੀ ਬਚੇਗਾ? ਕਦੀ ਸੰਤਾਂ ਕੋਲੋਂ ਪੁਛਿਆ ਹੈ? ਕਹਿਣ ਲੱਗਾ ਇਸ ਤੋਂ ਬਾਅਦ ਮੇਰਾ ਸੂਖਸ਼ਮ

ਸਰੀਰ ਹੈ, ਜਿਸ ਵਿਚ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ ਚਿਤ, ਬੁੱਧ ਤੇ ਅਹੰਭਾਵ, ਜੋ ਅੰਤਸ਼ਕਰਣ ਬਣ ਜਾਂਦਾ ਹੈ। ਰਾਣੀ ਕਹਿਣ ਲੱਗੀ ਫਿਰ ਪੂਰਾ ਤਿਆਗ ਤਾਂ ਨਾ ਹੋਇਆ। ਰਾਜੇ ਨੇ ਕਿਹਾ ਫਿਰ ਤੁਸੀਂ ਮੈਨੂੰ ਦੱਸ ਦਿਓ। ਰਾਣੀ ਨੇ ਉਤਰ ਦਿੱਤਾ ਕਿ ਜਿੰਨਾ ਚਿਰ ਤੂੰ 'ਮੈ' ਦਾ ਤਿਆਗ ਨਹੀਂ ਕਰਦਾ ਉਨੀ ਦੇਰ ਤੱਕ ਤੂੰ ਤਿਆਗੀ ਨਹੀਂ ਹੋ ਸਕਦਾ, ਕਿਉਂਕਿ ਤੇਰੇ ਅੰਦਰ 'ਮੈ' ਪਈ ਹੈ। ਹੰਗਤਾ ਤੇ ਮਮਤਾ ਦੇ ਅੰਸ ਪਏ ਹਨ।

*ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ।।*
*ਪੰਨਾ - 1140*

ਤੈਨੂੰ ਇਹ ਮੇਟਣਾ ਪਵੇਗਾ, ਇਸ ਤਰ੍ਹਾਂ ਫੁਰਮਾਉਂਦੇ ਹਨ -

*ਧਾਰਨਾ - ਹਉਂ ਹਉਂ ਮੈਂ ਮੈਂ ਜੀ,*
*ਵਿਚੋਂ ਖੋਵੇ ਵਿਚੋਂ ਖੋਵੇ -2, 2.*
*ਦੂਜਾ ਮੇਟੇ ਏਕੋ ਹੋਵੇ, ਦੂਜਾ ਮੇਟੇ ਏਕੋ ਹੋਵੇ -2.*
*ਹਉਂ ਹਉਂ ਮੈਂ ਮੈਂ ਜੀ, ਵਿਚੋਂ ਖੋਵੇ,.... -2.*

*ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥*
*ਪੰਨਾ - 943*

ਇਹ ਜਿਹੜੀ ਤੂੰ ਮੈਂ (ਹੰਗਤਾ-ਮਮਤਾ) ਧਾਰੀ ਹੋਈ ਹੈ ਉਹ ਛੱਡ ਦੇ। ਜਦ ਐਨੀ ਗੱਲ ਕਹੀ, ਮੈਂ ਖਤਮ ਹੋ ਗਈ ਤਾਂ ਬਾਕੀ ਕੀ ਰਹਿ ਗਿਆ, ਨਾ ਫੁਰਨਾ ਆ ਰਿਹੈ, ਨਾ ਬੁੱਧੀ ਕੰਮ ਕਰ ਰਹੀ ਹੈ, ਨਾ ਚਿਤ, ਚਿਤ ਤਾਂ ਕੇਵਲ ਅਨੰਦ ਨੂੰ ਅਨੁਭਵ ਕਰ ਰਿਹਾ ਹੈ। ਜਿਹੜੀ ਮੈ ਸੀ ਉਹ ਤਾਂ ਮੁਕ ਗਈ। ਫੇਰ ਸਰੀਰ ਦਾ ਮਾਲਕ ਕੌਣ ਰਹਿ ਗਿਆ-

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਪੰਨਾ - 1263*

ਜਦੋਂ ਹੰਗਤਾ ਤੇ ਮਮਤਾ ਮਰ ਗਈ ਤਾਂ ਸਰੀਰ ਦੇ ਅੰਦਰ ਕੇਵਲ ਪਰਮੇਸ਼ਰ ਰਹਿ ਗਿਆ, ਪਾਰਬ੍ਰਹਮ ਪਰਮੇਸ਼ਰ, ਗੁਰੂ ਸਾਹਿਬ ਐਵੇਂ ਨਹੀਂ ਕਹਿੰਦੇ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*

*ਅਕਾਲ ਉਸਤਤਿ*

ਵਾਹਿਗੁਰੂ ਦੇ ਵਿਚ ਮੇਰੇ ਵਿਚ ਤੇ ਉਸ ਸਿਖ ਵਿਚ ਕੋਈ ਫਰਕ ਨਹੀਂ

ਰਿਹਾ ਕਿਉਂਕਿ ਮੈਂ ਮਰ ਗਈ। ਜਿੰਨੀ ਦੇਰ ਤੱਕ 'ਮੈਂ' ਕਾਇਮ ਹੈ, ਮੈਂ ਪਾਠ ਕਰਦਾਂ, ਮੈਂ ਵਿਦਵਾਨ ਹਾਂ, ਮੈਂ ਲੈਕਚਰ ਦਿੰਦਾ ਹਾਂ, ਮੈਂ ਸੰਤ ਹਾਂ, ਮੈਂ ਵੱਡਾ ਅਮੀਰ ਹਾਂ, ਤੂੰ 'ਮੈਂ' ਬਣਕੇ ਫਿਰੀ ਜਾ, ਚੱਕਰ ਖਾਈ ਜਾ, ਜਿੰਨੀ ਦੇਰ ਹਉਮੈ ਨੇ ਰਹਿਣਾ ਹੈ ਉਨੀ ਦੇਰ ਪੀੜ ਨਹੀਂ ਹਟਣੀ –

*ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਾਰਿਆ॥*
*ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ॥*
*ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ॥*
*ਪੰਨਾ – 940*

ਜਦੋਂ ਹਉਮੈ ਦੂਰ ਚਲੀ ਗਈ ਤਾਂ ਕੇਵਲ ਪਰਮੇਸ਼ਰ ਹੀ ਰਹਿ ਜਾਂਦਾ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨ ਆਪਿ ਪਰਮੇਸੁਰ॥*
*ਪੰਨਾ – 273*

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਪੰਨਾ – 397*

ਇਸ ਨੂੰ ਨਾਮ ਕਹਿੰਦੇ ਹਨ –

ਬੰਦਾ ਸੋਚਦਾ ਹੈ ਕਿ ਕੀ ਸਾਡੇ ਘਰ ਰਹਿਣਗੇ, ਸਾਡੀ ਜ਼ਮੀਨ ਰਹੇਗੀ, ਆਹ ਧਰਤੀ ਰਹੇਗੀ? ਮਹਾਰਾਜ ਕਹਿੰਦੇ, ਇਹ ਵੀ ਨਹੀਂ ਰਹਿਣੀ, ਚੰਦ, ਸੂਰਜ ਵੀ ਖਤਮ ਹੋ ਜਾਣਗੇ। ਫੇਰ ਇਹ ਸਤਿ ਤਾਂ ਨਾ ਹੋਏ, ਸਤਿ ਤਾਂ ਕੇਵਲ ਵਾਹਿਗੁਰੂ ਹੀ ਹੈ। ਚਾਹੇ ਕੋਈ ਨਾਮ ਲੈ ਲਓ, ਅੱਲਾ, ਰਾਮ, ਵਾਹਿਗੁਰੂ। ਕੁਝ ਵੀ ਨਾ ਕਹੋ ਕੇਵਲ ਇਕ ਸ਼ਕਤੀ ਕਹਿ ਲਓ, ਹੋਂਦ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨਾ ਜ਼ਰੂਰੀ ਹੈ –

*ਜਿਮੀ ਜਮਾਨ ਕੇ ਬਿਖੇ ਸਮਸਤ ਏਕ ਜੋਤ ਹੈ।*
*ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ।*
*ਅਕਾਲ ਉਸਤਤਿ*

ਪਹਿਲਾਂ ਤਾਂ ਇਹਦੇ ਤੇ ਵਿਸ਼ਵਾਸ ਲਿਆਓ, ਇਸ ਗੱਲ ਦੀ ਵੀਚਾਰ ਕਰਿਆ ਕਰੋ ਕਿ ਮੈਂ ਤਾਂ ਨਾਸ਼ਵਾਨ ਹਾਂ, ਕੁਝ ਵੀ ਨਹੀਂ ਹੈਗਾ। ਫੇਰ ਦੂਜੀ ਚੀਜ਼ ਹੈ – ਮਨ ਵਿਚ ਦੋ ਚੀਜ਼ਾਂ ਚਲਦੀਆਂ ਰਹਿੰਦੀਆਂ ਹਨ ਰਾਗ ਤੇ ਦ੍ਵੈਸ਼। ਰਾਗ ਨੂੰ ਤਾਂ (ਖਿੱਚ) attachment ਕਹਿੰਦੇ ਹਨ। ਪੜ੍ਹਿਆਂ ਲਿਖਿਆਂ ਨੂੰ ਸਮਝ ਆ ਜਾਂਦੀ ਹੈ। ਲਗਾਵ ਕਿਸੇ ਵੀ ਚੀਜ਼ ਨਾਲ ਹੋ ਸਕਦਾ ਹੈ। ਭਾਵੇਂ ਕੱਪੜੇ ਨਾਲ, ਭਾਵੇਂ ਰੁਪੈ ਪੈਸੇ ਨਾਲ ਹੋ ਜਾਵੇ, ਜਿਸ ਤਰ੍ਹਾਂ ਚੋਰੀ ਭਾਵੇਂ ਕੱਖ ਦੀ ਹੈ, ਭਾਵੇ ਲੱਖ ਦੀ ਹੈ। ਚੋਰੀ, ਚੋਰੀ ਹੀ ਹੈ। ਜੇ ਲਗਾਵ (attachment) ਨਾ ਹੋਵੇ, ਮਨ ਵਿਚ ਆਵੇ ਹੀ ਨਾ, ਫੇਰ ਤਾਂ ਬਾਲ ਬੱਚਿਆਂ ਵਿਚ ਰਹਿੰਦਿਆਂ ਹੋਇਆਂ ਵੀ ਲਗਾਵ ਰਹਿਤ (detached) ਰਹੇਗਾ,

ਸੋ ਇਸ ਕਰਕੇ ਵੈਰਾਗ ਕਰਨਾ ਜ਼ਰੂਰੀ ਹੈ।

ਰੂਹਾਨੀ ਸਫਰ ਕਰਨ ਲਈ ਤਿੰਨ ਚੀਜ਼ਾਂ ਜ਼ਰੂਰੀ ਹਨ।

***ਵਰਤਣ ਬੈਰਾਗ ਮੁਖ ਭਗਤੀ ਨਿਹਚੈ ਗਿਆਨ।***

ਵਰਤਣਾ ਬੈਰਾਗ ਵਿਚ ਹੈ ਕਿ ਏਥੇ ਰਹਿਣਾ ਨਹੀਂ, ਚਲੇ ਜਾਣਾ ਹੈ। ਇਸ ਧਰਤੀ ਤੇ ਅਸੀਂ ਕੇਵਲ ਥੋੜ੍ਹੀ ਦੇਰ ਵਾਸਤੇ ਹਾਂ, ਇਹ ਕੋਠੀਆਂ ਵਗੈਰਾ ਤਾਂ ਸਾਨੂੰ ਕੇਵਲ ਥੋੜ੍ਹੀ ਦੇਰ ਲਈ ਵਰਤਣ ਵਾਸਤੇ, ਰਹਿਣ ਵਾਸਤੇ ਮਿਲੀਆਂ ਹਨ। ਸਾਡੀ ਡਿਊਟੀ ਹੈ, ਅਸੀਂ ਇਸ ਨੂੰ ਸਾਫ ਰਖੀਏ, ਬਸ ਇਸ ਤੋਂ ਵੱਧ ਲਗਾਵ ਨਹੀਂ ਹੋਣਾ ਚਾਹੀਦਾ, ਵਰਤਣ ਵੈਰਾਗ ਦੀ ਹੋਣੀ ਚਾਹੀਦੀ ਹੈ। ਇਹ ਵਾਹਿਗੁਰੂ ਜੀ ਨੇ ਦਿੱਤੇ ਹਨ। ਜਿਸ ਤਰ੍ਹਾਂ ਸੰਗਤ ਦੀ ਸੇਵਾ ਕਰ ਲਈ, ਉਸੇ ਤਰ੍ਹਾਂ ਬੱਚਿਆਂ ਦੀ ਸੇਵਾ ਕਰ ਲਈ। ਪਰਤਵੀਂ ਆਸ ਨਾ ਰੱਖੋ ਕਿ ਇਹ ਮੈਨੂੰ ਵੱਡੇ ਹੋ ਕੇ ਸੰਭਾਲਣਗੇ। ਵਾਹਿਗੁਰੂ ਕਿਥੇ ਗਿਆ ਸੰਭਾਲਣ ਵਾਲਾ। ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸੰਭਾਲਦਾ ਹੈ ਉਹ ਭਲਾ ਕਿਧਰੇ ਦੂਰ ਹੋ ਗਿਆ। ਤੁਹਾਡੇ ਖਿਆਲ ਵਿਚ ਤੁਹਾਨੂੰ ਬੱਚੇ ਸੰਭਾਲਣਗੇ? ਬੱਚਿਆਂ ਦਾ ਹਾਲ ਦੇਖ ਲਓ, ਪਿਉਵਾਂ ਤੇ ਮੁਕੱਦਮੇ ਕੀਤੇ ਜਾਂਦੇ ਹਨ, ਮਾਰਦੇ ਨੇ, ਕੁੱਟਦੇ ਨੇ, ਸੋ ਵਰਤਣ ਬੈਰਾਗ ਦੀ ਰਖੋ।

ਮੁਖ ਭਗਤੀ ਰਖੋ। ਪਰਮੇਸ਼ਰ ਨੂੰ ਪਿਆਰ ਕਰੋ। ਜੇਕਰ ਆਤਮਾ ਸ਼ਾਖਸ਼ਾਤਕਾਰ ਵੀ ਹੋ ਜਾਵੇ, ਤਾਂ ਵੀ ਵਾਹਿਗੁਰੂ ਨਾਲ ਇਕ ਮਿਕ ਨਹੀਂ ਹੋ ਸਕਦੀ। ਉਹ ਵਿਵੇਕ ਮੰਡਲ ਵਿਚ, ਅਨੁਭਵ ਦੇ ਮੰਡਲ ਵਿਚ ਤਾਂ ਪਹੁੰਚ ਗਿਆ, ਪਰ ਅਜੇ ਵਾਹਿਗੁਰੂ ਦੇ ਮੰਡਲ ਵਿਚ ਨਹੀਂ ਪਹੁੰਚਿਆ, ਉਸ ਨੂੰ ਕੇਵਲ ਪਿਆਰ ਜੋੜਦਾ ਹੈ –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***
***ਤ੍ਵਪ੍ਰਸਾਦਿ ਸ੍ਵਯੇ***

ਤੀਸਰਾ ਹੁੰਦਾ ਹੈ ਬੈਰਾਗ ਕਿ ਪਰਮੇਸ਼ਰ ਨੂੰ ਮਿਲਣ ਵਾਸਤੇ ਕੀ ਸਾਧਨ ਕਰਨੇ ਚਾਹੀਦੇ ਹਨ? ਉਹਦੇ ਨਾਮ ਪੁਰਾਣੇ ਭਾਵੇਂ ਹੋਰ ਤਰ੍ਹਾਂ ਦੇ ਹਨ। ਪਰ ਆਪ ਨੂੰ ਸਿਧੇ ਤਰੀਕੇ ਨਾਲ ਦਸ ਦਿੰਦਾ ਹਾਂ। ਉਸ ਵਿਚ ਸੁੱਚਤਾ ਹੋਣੀ ਚਾਹੀਦੀ ਹੈ। ਸਰੀਰ ਦੀ ਵੀ ਤੇ ਮਨ ਦੀ ਪਵਿੱਤਰਤਾ। ਫੇਰ ਉਹਦੇ ਵਿਚ ਪੂਰੀ ਸ਼ਰਧਾ ਹੋਣੀ ਚਾਹੀਦੀ ਹੈ। ਬਈ ਜੋ ਗੁਰੂ ਦਾ ਵਾਕ ਹੈ, ਉਸ ਵਿਚ ਬਿਲਕੁਲ ਕਿੰਤੂ ਨਹੀਂ ਕਰਨਾ, ਜੇ ਗੁਰੂ ਕਹਿੰਦਾ ਹੈ ਕਿ ਸਭ ਵਾਹਿਗੁਰੂ ਹੈ ਤਾਂ ਮੰਨ ਲਓ ਕਿ ਸਭ ਵਾਹਿਗੁਰੂ ਹੈ। ਗੁਰੂ ਕਹਿੰਦਾ ਹੈ –

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥***
***ਗੋਬਿੰਦ ਬਿਨੁ ਨਹੀ ਕੋਈ॥***
***ਪੰਨਾ – 485***

ਇਸ ਵਾਕ ਨੂੰ ਮੰਨ ਲਓ ਕਿ ਇਹ ਸੱਚਾ ਵਾਕ ਹੈ।

ਇਸ ਵਿਚ ਚੌਥੀ ਚੀਜ਼ ਹੁੰਦੀ ਹੈ ਕਿ ਗੱਲ ਦਾ ਸਮਾਧਾਨ ਕਰਵਾ

ਲੈਣਾ। ਗੱਲ ਨੂੰ ਨਿਸ਼ਚੇ ਪੂਰਵਕ ਮੰਨ ਲੈਣਾ। ਉਸ ਤੇ ਕਿੰਤੂ ਨਾ ਕਰਨਾ। ਗੱਲ ਹਿਰਦੇ ਵਿਚ ਵਸਾ ਲੈਣੀ। ਫਿਰ ਸੰਸਾਰ ਤੋਂ ਉਪਰਾਪਤਾ ਰਖਣੀ। ਇਹ ਗੱਲਾਂ ਤਾਂ ਸਰੀਰ ਨਾਲ ਸੰਬੰਧ ਰੱਖਣ ਵਾਲੀਆਂ ਹਨ। ਫੇਰ ਗੱਲ ਆ ਜਾਂਦੀ ਹੈ ਮਨ ਦੀ। ਮੈਂ ਇਸ ਦੇ ਉਪਰਲੇ ਮੰਡਲ (sphere) ਦੀ ਗੱਲ ਕਰਦਾ ਹਾਂ ਕਿ ਸੁਣਨ ਦੀ ਅਵਸਥਾ ਹੋਣੀ ਚਾਹੀਦੀ ਹੈ ਕਿਉਂਕਿ ਗੁਰੂ ਮਹਾਰਾਜ ਨੇ ਜਪੁਜੀ ਸਾਹਿਬ ਵਿਚ ਚਾਰ ਪੌੜੀਆਂ ਸੁਣਨ ਦੀਆਂ ਕਹਿ ਕੇ ਦੱਸ ਦਿੱਤਾ।

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥*
*ਪੰਨਾ - 2*

ਵਿਗਾਸ ਕਹਿੰਦੇ ਨੇ ਖੇੜੇ ਨੂੰ। ਜੇਕਰ ਖੇੜਾ ਹੀ ਨਾ ਆਇਆ ਇਸ ਦਾ ਮਤਲਬ ਹੈ, ਤੂੰ ਬਾਣੀ ਨੂੰ ਸਮਝਿਆ ਹੀ ਨਹੀਂ। ਬਾਣੀ ਤਾਂ ਖੇੜਾ ਪੈਦਾ ਕਰ ਦਿੰਦੀ ਹੈ। ਕੰਨਾਂ ਨਾਲ ਬਾਣੀ ਸੁਣਦਾ ਹੈ, ਪਰ ਅੰਦਰ ਜਿਥੇ ਜਾ ਕੇ ਸੁਣਨੀ ਹੈ ਤੂੰ ਉਥੇ ਤੱਕ ਬਾਣੀ ਪਹੁੰਚਾ ਨਹੀਂ ਸਕਿਆ।

ਉਸਦੇ ਬਾਅਦ ਆਉਂਦਾ ਹੈ ਮੰਨਣਾ। ਮਹਾਰਾਜ ਨੇ ਕਹਿ ਦਿਤਾ -

*ਮੰਨੇ ਕੀ ਗਤਿ ਕਹੀ ਨਾ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥*
*ਪੰਨਾ - 3*

ਉਸ ਤੋਂ ਬਾਅਦ ਹੁੰਦਾ ਹੈ ਸੁਣ ਵੀ ਲਿਆ, ਮੰਨ ਵੀ ਲਿਆ, ਪਰ ਸੰਥਯਾ ਕਿਵੇਂ ਪਕਾਈਏ? ਆਹ ਜੁੱਤੀਆਂ ਪਾਉਂਦੇ ਪਾਉਂਦੇ, ਚਾਹ ਪੀਂਦੇ ਪੀਂਦੇ ਸਭ ਗੱਲਾਂ ਭੁੱਲ ਜਾਂਦੀਆਂ ਹਨ। ਫੇਰ ਹੁੰਦਾ ਹੈ ਅੰਤਰੰਗ ਸਤਿਸੰਗ। ਫੇਰ ਚੌਂਕੜਾ ਮਾਰ ਕੇ, ਇਹ ਗੱਲ ਪਕਾਉਣੀ ਹੈ ਕਿ ਕੀ ਵਾਕਿਆ ਹੀ ਵਾਹਿਗੁਰੂ ਸੱਚ ਹੈ? ਪਰ ਦੁਸ਼ਮਨ ਆਦਿ ਕਿਥੋਂ ਆ ਗਏ? ਇਹ ਰੌਲਾ ਗੋਲਾ ਕਾਹਦਾ ਹੈ? ਮਾੜੇ ਬੰਦੇ ਕਿਥੋਂ ਆ ਗਏ, ਫੇਰ ਅੰਦਰੋਂ ਸਵਾਲ ਆਏਗਾ ਤੇ ਅੰਦਰੋਂ ਹੀ ਜਵਾਬ ਆਏਗਾ। ਫੇਰ ਉਸ ਤੋਂ ਬਾਅਦ ਸੰਤਾਂ ਨੂੰ ਪੁਛ ਕੇ ਅਭਿਆਸ ਕਰਨਾ ਹੈ। ਸੰਤ ਦਸ ਦੇਣਗੇ ਕਿ ਕਿਹੜੀ ਜੁਗਤੀ ਹੈ ਜਿਸ ਰਾਹੀਂ ਤੂੰ ਸਵੈ ਅਧਿਐਨ ਕਰਨਾ ਹੈ, ਸਤਿਸੰਗ ਵਿਚ ਆਏ ਬਗੈਰ ਪਤਾ ਨਹੀਂ ਲਗਦਾ, ਫੇਰ ਐਨਾ ਕੁਝ ਕਰਕੇ ਫੇਰ 'ਹਉਮੈ' ਦੇ ਤਿਆਗ ਦੀ ਜੁਗਤੀ ਹੁੰਦੀ ਹੈ ਅਤੇ ਹਉਮੈ ਦਾ ਤਿਆਗ ਗਿਆਨ ਬਿਨਾਂ ਨਹੀਂ ਹੁੰਦਾ -

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੋਇ ਨ ਵਸਹਿ ਇਕ ਠਾਇ॥*

*ਪੰਨਾ - 560*

ਇਕ ਥਾਂ ਦੋ ਨਹੀਂ ਵਸ ਸਕਦੇ। ਸੋ ਸਾਧ ਸੰਗਤ ਜੀ! ਜਿਸ ਵੇਲੇ ਹਉਮੈ ਦਾ ਨਾਸ ਹੋ ਗਿਆ, ਰਾਜੇ ਸ਼ਿਖਰਧ੍ਵਜ ਦੀ ਸਮਾਧੀ ਲਗ ਗਈ, ਰਾਣੀ ਚੁੜੈਲਾ ਨੇ ਪਰਖਣ ਲਈ ਆਪਣੀ ਮਾਇਆ ਨਾਲ ਜਾਲ ਰਚ ਦਿੱਤਾ ਤੇ ਇਸਤ੍ਰੀ ਬਣ ਕੇ ਅਸਲੀ ਰੂਪ ਵਿਚ ਉਹਦੇ ਸਾਹਮਣੇ ਆ ਗਈ। ਰਾਜੇ ਨੂੰ ਜਰਾ ਵੀ ਫੁਰਨਾ ਨਹੀਂ ਆਇਆ ਕਿਉਂਕਿ ਮੈਂ ਮਿਟ ਗਈ ਸੀ। ਜਦੋਂ ਮੈਂ ਹੀ ਨਾ ਰਹੀ, ਫੇਰ ਮੈਂ ਦਾ ਪਰਿਵਾਰ ਭੀ ਖਤਮ ਹੋ ਜਾਂਦਾ ਹੈ।

ਰਾਜੇ ਜਨਕ ਨੂੰ ਅਸ਼ਟਾਵਕਰ ਨੇ ਐਨੀ ਹੀ ਗੱਲ ਕਹੀ ਸੀ, ਇਹ ਨਹੀਂ ਸੀ ਕਿਹਾ ਕਿ ਮੈਂ ਦੇ ਦੇ, ਉਸਨੇ ਕਿਹਾ ਸੀ ਤਿੰਨ ਚੀਜ਼ਾਂ ਦੇ ਦੇ, ਤਨ ਦੇ ਦੇ, ਮਨ ਦੇ ਦੇ, ਤੇ ਧਨ ਦੇ ਦੇ। ਉਸਨੇ ਮਨ ਦੇ ਦਿੱਤਾ ਤੇ ਫੁਰਨਾ ਰੋਕ ਲਿਆ ਤੇ ਅਨੁਭਵ ਹੋ ਗਿਆ ਤੇ ਸੱਚੇ ਨਾਲ ਮੇਲ ਹੋ ਗਿਆ। ਫੁਰਨਾ ਰੋਕਦੀ ਸਾਰ ਹੀ ਟਿਕਾਉ ਹੋ ਗਿਆ। ਉਹ ਅਵਸਥਾ ਅਨੁਭਵ ਕਰ ਲਈ, ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਗੋਰਖ ਨਾਥ ਨੂੰ ਕਹਿਣ ਲੱਗੇ ਕਿ ਰਿਧੀਆਂ ਸਿਧੀਆਂ ਠੀਕ ਹਨ, ਤੁਹਾਡੀਆਂ, ਅਸੀਂ ਜਵਾਬ ਨਹੀਂ ਦਿੰਦੇ। ਇਹ ਜੋ ਤੁਹਾਡਾ ਸਾਧਨ ਹੈ, ਇਹ ਇਕ ਪੈਦਲ ਤੁਰਨ ਦੇ ਸਮਾਨ ਦੀ ਅਵਸਥਾ ਹੈ। ਆਤਮ ਸਥਿਤੀ ਤਕ ਪਹੁੰਚਾਉਂਦਾ ਹੈ, ਬ੍ਰਹਮ ਸਥਿਤੀ ਤੱਕ ਨਹੀਂ, ਇਸ ਵਿਚ ਵੀ ਗੱਲ ਦਾ ਭੇਦ ਹੈ, ਅਸੀਂ ਸੋਚਦੇ ਹਾਂ ਕਿ ਆਤਮਾ ਸਾਖਸ਼ਾਤਕਾਰ ਹੋ ਜਾਵੇ ਤਾਂ ਪਰਮੇਸ਼ਰ ਸਾਖਸ਼ਾਤਕਾਰ ਹੋ ਗਿਆ, ਨਹੀਂ ਪਰਮੇਸ਼ਰ ਤੇ ਆਤਮਾ ਸਾਖਸ਼ਾਤਕਾਰ ਇਸ ਤਰ੍ਹਾਂ ਨਹੀਂ ਹੁੰਦੇ। ਆਤਮਾ ਜਿਹੜੀ ਹੈ ਇਹ ਤਾਂ ਇਕੋ ਹੀ ਹੈ –

***ਆਤਮਾ ਪਰਾਤਮਾ ਏਕੋ ਕਰੈ॥***
***ਪੰਨਾ – 661***

ਆਤਮਾ ਪਰਮਾਤਮਾ ਨੂੰ ਇਕ ਕਰੇ, ਪਰ ਸਾਧਨ ਹੋਰ ਹੈ। ਉਹ ਗੁਰੂ ਦੇ ਵਸ ਵਿਚ ਹੁੰਦਾ ਹੈ। ਜਦੋਂ ਜੀਵ ਨੂੰ ਬ੍ਰਹਮ ਬਣਾਉਣਾ ਹੈ, (realization) ਕਰਕੇ ਆਤਮਾ ਤੱਕ ਤਾਂ ਪਹੁੰਚ ਜਾਂਦੇ ਹਨ। ਪਰ ਜਦੋਂ ਆਤਮਾ ਨੇ ਬ੍ਰਹਮ ਵਿਚ ਲੀਨ (merge) ਹੋਣਾ ਹੈ, ਮਹਾਰਾਜ ਨੇ ਕਿਹਾ, ਗੋਰਖਨਾਥ ਉਹ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ ਤੇ ਉਨੀ ਦੇਰ ਤੱਕ ਮੇਲ ਨਹੀਂ ਹੋ ਸਕਦਾ। ਅਖੀਰ ਮਹਾਰਾਜ ਨੇ ਸਾਰਾ ਸਿਧਾਂਤ ਦਸਿਆ ਕਿ ਅਸਲੀ ਚੀਜ਼ ਹੈ ਬ੍ਰਹਮ ਵਿਚ ਲੀਨ ਹੋਣਾ। ਆਪਣੇ ਅਸਲੀ ਸਰੂਪ ਦੀ ਪਛਾਣ 'ਸਭ ਗੋਬਿੰਦ ਹੈ, ਸਭ ਗੋਬਿੰਦ ਹੈ' ਇਹ ਸਤਿ ਅਵਸਥਾ ਹੈ। ਬਾਕੀ ਜੋ ਯੋਗ ਸਾਧਨ ਹਨ, ਉਹ ਬਹੁਤ ਔਖਾ ਰਸਤਾ ਹੈ। ਅਸੀਂ ਉਸਦੀ ਨਿੰਦਿਆ ਨਹੀਂ ਕਰਦੇ। ਪਰ ਉਹ ਕੀਤਾ ਨਹੀਂ ਜਾ ਸਕਦਾ। ਸਾਡਾ ਜੋ ਮਾਰਗ ਹੈ, ਉਹ ਸ਼ਬਦ ਸੁਰਤ ਦਾ ਮਾਰਗ ਹੈ। ਸੁਰਤ ਨੇ ਸ਼ਬਦ ਨੂੰ ਮੰਨਿਆ ਹੈ। ਸੁਰਤ ਨੇ ਸ਼ਬਦ ਨੂੰ ਕਮਾਉਣਾ ਹੈ, ਸੁਰਤ ਨੇ ਸ਼ਬਦ ਵਿਚ ਨਿਵਾਸ ਕਰਨਾ ਹੈ, ਉਹ ਜਿਹੜਾ 'ਸੋ' ਸ਼ਬਦ ਹੈ –

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥***

***ਪੰਨਾ - 795***

ਇਸ ਨੂੰ ਸਮਝਣ ਦੀ ਲੋੜ ਹੈ ਕਿ 'ਏਕ' ਸ਼ਬਦ ਕਿਹੜਾ ਹੋਇਆ। ਜਿੰਨੀ ਦੇਰ ਤੱਕ ਉਹ ਸ਼ਬਦ ਪ੍ਰਾਪਤ ਨਹੀਂ ਹੁੰਦਾ ਉਨੀ ਦੇਰ ਤੱਕ, ਜੀਵ ਭਾਵ ਨਿਕਲ ਨਹੀਂ ਸਕਦਾ, ਪਹਿਲਾਂ ਤਾਂ ਤਿਆਰ ਹੋਣਾ ਪੈਂਦਾ ਹੈ। ਜਿਸ ਤਰ੍ਹਾਂ ਕਿ ਦੀਵਾ ਕਦੀ ਬਗੈਰ ਤੇਲ ਤੋਂ ਜਲ ਸਕਦਾ ਹੈ? ਕੋਈ ਦੀਵਾ ਜਲਾਉਣ ਵਾਲਾ ਵੀ ਚਾਹੀਦਾ ਹੈ। ਪ੍ਰਕਾਸ਼ ਕਰਨ ਵਾਲਾ ਵੀ ਚਾਹੀਦਾ ਹੈ। ਮਹਾਰਾਜ ਕਹਿੰਦੇ ਹਨ ਕਿ ਦੀਵਾ ਜਲਾਉਣ ਵਾਸਤੇ 'ਪੋਥੀ ਪੁਰਾਣ ਕਮਾਈਐ', ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਕਮਾਓ-

***ਭਉ ਵਟੀ ਇਤੁ ਤਨਿ ਪਾਈਐ॥***
***ਪੰਨਾ - 25***

ਨੌਂ ਕਿਸਮ ਦੀ ਭਗਤੀ ਹੁੰਦੀ ਹੈ, ਸਿਮਰਨ ਭਗਤੀ ਹੈ, ਕੀਰਤਨ ਭਗਤੀ ਹੈ, ਅਰਦਾਸ ਭਗਤੀ ਹੈ, ਧਿਆਨ ਭਗਤੀ ਹੈ, ਇਹਦੀ ਬੱਤੀ ਪਾ ਲਉ ਭਾਈ -

***ਸਚੁ ਬੂਝਣੁ ਆਣਿ ਜਲਾਈਐ॥***
***ਪੰਨਾ - 25***

ਸੱਚ ਬੁੱਝਣ ਤੋਂ ਉਪਰ ਕੁਝ ਵੀ ਨਹੀਂ ਹੈ। ਸਾਰੇ ਪਰਮੇਸ਼ਰ ਹੀ ਪਰਮੇਸ਼ਰ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਇਹ ਜਿਹੜੀ ਗੱਲ ਬੁਝ ਲੈਣੀ ਹੈ, ਏਸੇ ਨਾਲ ਹੀ ਦੀਵਾ ਜਗ ਪਵੇਗਾ।

***ਸਚ ਬੁਝਣ ਆਨ ਜਲਾਈਐ***
***ਬਿਨ ਤੇਲ ਦੀਵਾ ਇਉ ਜਲੇ***
***ਕਰਿ ਚਾਨਣੁ ਸਾਹਿਬ ਤਉ ਮਿਲੈ॥ ਪੰਨਾ - 25***

ਜਦੋਂ ਹਿਰਦੇ ਵਿਚ ਆਤਮਾ ਦਾ ਪ੍ਰਕਾਸ਼ ਹੋ ਗਿਆ, ਫੇਰ ਕੀ ਨਜ਼ਰ ਆਏਗਾ।

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***

ਹੁਣ ਇਕੋ ਹੀ ਨਜ਼ਰ ਆ ਰਿਹਾ ਹੈ, ਦੂਜਾ ਨਜ਼ਰ ਨਹੀਂ ਆਉਂਦਾ। ਜਿਧਰ ਦੇਖਦਾ ਹੈ ਇਕੋ ਇਕ ਹੀ ਨਜ਼ਰ ਆ ਰਿਹਾ ਹੈ।

***ਧਾਰਨਾ - ਘਟ ਘਟ ਅੰਤਰ ਸਰਬ ਨਿਰੰਤਰ,***
***ਕੇਵਲ ਏਕ ਮੁਰਾਰੀ ਜੀ -2, 2.***

*ਕੇਵਲ ਏਕ ਮੁਰਾਰੀ ਜੀ, -2, 2.*
*ਘਟ ਘਟ ਅੰਤਰ ਸਰਬ ਨਿਰੰਤਰ,......-2.*

***ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥***

***ਪੰਨਾ - 485***

ਕਿਉਂਕਿ ਹੁਣ ਨੇਤਰ ਖੁਲ੍ਹ ਗਏ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***

***ਪੰਨਾ - 293***

ਸੋ ਗੁਰੂ ਸਾਹਿਬ ਕਹਿਣ ਲੱਗੇ, "ਗੋਰਖਨਾਥ! ਗੁਰੂ ਦੇ ਗਿਆਨ ਤੋਂ ਬਗੈਰ ਮੁਕਤੀ ਨਹੀਂ ਹੋਣੀ ਤੇ ਨਾ ਹੀ ਯੋਗ ਹੋਣਾ ਹੈ, ਜੇਕਰ ਯੋਗ ਹੋਣਾ ਹੈ ਤਾਂ ਨਾਮ ਨਾਲ ਹੋਣਾ ਹੈ। ਬਗੈਰ ਨਾਮ ਤੋਂ ਯੋਗ ਨਹੀਂ ਹੋ ਸਕਦਾ। ਬਾਕੀ ਸਾਰੇ ਭੇਖ ਹਨ, ਇਹ ਸਾਰੇ ਕਰਮ ਭਰਮ ਦੇ ਅੰਦਰ ਆਦਮੀ ਕਰ ਰਿਹਾ ਹੈ, ਭਰਮ ਵਿਚ ਪੈ ਕੇ ਇਹ ਸੰਗ ਭਰਮ ਵਿਚ ਪੈ ਗਿਆ ਕਿ ਮੈਂ ਦੇਹ ਹਾਂ, ਉਹਦੇ ਨਾਲ ਲੀਲਾ ਬਦਲ ਗਈ, ਕਿ ਮੈਂ ਹਿੰਦੂ ਹਾਂ, ਮੁਸਲਮਾਨ ਹਾਂ, ਸਿਖ ਹਾਂ, ਈਸਾਈ ਹਾਂ ਆਤਮ ਸਰੂਪ ਨੂੰ ਭੁੱਲ ਕੇ ਦੁਨੀਆਂ ਭਰਮਾਂ ਵਿਚ ਪੈ ਗਈ, ਜਿੰਨੀ ਦੇਰ ਤੱਕ ਨਾਮ ਸਾਧਨਾ ਨਹੀਂ, ਯੋਗ ਸਾਧਨਾ ਨਹੀਂ ਹੋ ਸਕਦੀ। ਨਾਮ ਕੋਈ ਐਸੀ ਚੀਜ਼ ਨਹੀਂ ਹੈ ਕਿ ਅਸੀਂ ਕਹਿ ਦਈਏ ਵਾਹਿਗੁਰੂ ਵਾਹਿਗੁਰੂ ਨਾਮ ਹੈ। ਬਾਣੀ ਤੋਂ ਲੈ ਕੇ, ਵਾਹਿਗੁਰੂ ਵਾਹਿਗੁਰੂ ਤੋਂ ਲੈ ਕੇ ਪਰਮੇਸ਼ਰ ਦੇ ਅਪਰੋਕਸ਼ ਦਰਸ਼ਨ ਕਰਨ ਤੱਕ ਫੇਰ ਪਰਮੇਸ਼ਰ ਵਿਚ ਲੀਨ (merge) ਹੋਣ ਤੱਕ, ਇਸ ਸਾਰੀ ਕ੍ਰਿਆ ਨੂੰ ਨਾਮ ਕਹਿੰਦੇ ਹਨ, ਨਾਮ ਤੋਂ ਬਗੈਰ ਯੋਗ ਨਹੀਂ ਹੋਇਆ ਕਰਦਾ।

*ਧਾਰਨਾ - ਬਿਨਾਂ ਨਾਮ ਤੋਂ ਯੋਗ ਨਾ ਹੋਣਾ,*
*ਭਰਮਾਂ ਵਿਚ ਪੈ ਗਈ ਦੁਨੀਆਂ -2, 2.*
*ਭਰਮਾਂ ਵਿਚ ਜੀ ਪੈ ਗਈ ਦੁਨੀਆਂ -2, 2.*
*ਬਿਨਾਂ ਨਾਮ ਤੋਂ ਯੋਗ ਨਾ ਹੋਣਾ,........ -2.*

ਕਹਿਣ ਲੱਗੇ, ਜਿੰਨੀ ਦੇਰ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਪੂਰੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਜਿਸਦੇ ਬਚਨ ਵਿਚ ਜ਼ੋਰ ਹੋਵੇ, 'ਜ਼ੋਰ' ਦੀ ਗਲ ਸਮਝ ਲਓ। ਜਿਸ ਤਰ੍ਹਾਂ ਕਿ ਕਮਰੇ ਵਿਚ ਹਨ੍ਹੇਰਾ ਪਿਆ ਹੈ, ਬਾਹਰ ਜਾ ਕੇ ਦੋ ਜਾਂ ਤਿੰਨ ਫੁਟ ਕਾਗਜ ਲੈ ਲਵੋ, ਉਸ ਉਪਰ ਸੂਰਜ ਦੀ ਸ਼ਕਲ ਬਣਾ ਲਵੋ, ਅੰਦਰ ਆ ਗਿਆ, ਕਹਿਣ ਲੱਗਾ, ਮੇਰੇ ਹੱਥ ਵਿਚ ਸੂਰਜ ਹੈ, ਹੁਣ ਤੁਸੀਂ ਆਪ ਦੱਸੋ ਕੀ ਉਸ ਨਾਲ ਚਾਨਣਾ ਹੋ ਜਾਵੇਗਾ? ਪੁਸਤਕਾਂ ਪੜ੍ਹ ਕੇ ਨਹੀਂ ਕੁਝ ਬਣਦਾ ਕਿਉਂਕਿ ਪੁਸਤਕਾਂ ਦੇ ਅੱਖਰਾਂ ਵਿਚ ਜਿੰਦ ਨਹੀਂ ਹੁੰਦੀ, ਉਹ ਨਿਰਜਿੰਦ ਹੋਇਆ ਕਰਦੇ ਹਨ, ਸ਼ਕਤੀ ਹੁੰਦੀ ਹੈ ਗੁਰੂ ਦੇ ਅੰਦਰ। ਗੁਰੂ ਪੂਰਾ ਮਿਲ ਜਾਵੇ ਅਤੇ ਉਸਤੇ 100% ਵਿਸ਼ਵਾਸ ਹੋਵੇ, ਫੇਰ

ਤਾਂ ਯੋਗ ਹੋ ਸਕਦਾ ਹੈ, ਨਹੀਂ ਤਾਂ ਨਹੀਂ। ਹੋ ਸਕਦੈ, ਜਿਹੜੇ ਭੇਖ ਹਨ, ਇਹ ਤਾਂ ਆਦਮੀ ਨੂੰ ਭੁਲਾ ਦਿਆ ਕਰਦੇ ਹਨ।

***ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥***
***ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥***
***ਨਾਮੇ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥***
***ਪੰਨਾ - 946***

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥***
***ਪੰਨਾ - 284***

ਉਹ ਸ਼ਕਤੀ ਹੈ ਜਿਸਨੇ ਸਭ ਧਾਰੇ ਹੋਏ ਹਨ।

***ਨਾਮੈ ਹੀ ਤੇ ਸਭੁ ਪਰਗਟੁ ਹੋਵੈ.............॥***
***ਪੰਨਾ - 946***

ਸੋ ਇਸ ਤਰ੍ਹਾਂ ਸੋਝੀ ਪੈਂਦੀ ਹੈ -

***.................. ਨਾਮੇ ਸੋਝੀ ਪਾਈ॥***
***ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥***
***ਸਤਿਗੁਰ ਤੇ ਨਾਮੁ ਪਾਈਐ...............॥ ਪੰਨਾ - 946***

ਹੁਣ ਕਹਿੰਦੇ ਨਬੇੜਾ ਹੋ ਗਿਆ। ਰਿਧੀਆਂ ਸਿਧੀਆਂ ਨੇ ਕੁਝ ਨਹੀਂ ਕਰਨਾ। ਪ੍ਰਾਣਾਯਾਮ ਦਾ ਰਸਤਾ ਬੜਾ ਔਖਾ ਹੈ ਉਹਦੇ ਤੇ ਚਲ ਨਹੀਂ ਸਕਣਾ। ਜੇਕਰ ਇਹ ਪਹੁੰਚਾ ਵੀ ਦੇਵੇ ਤਾਂ ਇਹ ਕੇਵਲ ਆਤਮ ਮੰਨਣ ਤੇ ਆਤਮ ਨਿਧਿਆਸਣ ਤੱਕ ਪਹੁੰਚਾਉਂਦਾ ਹੈ, ਉਹ ਵੀ ਜੇਕਰ ਕੋਈ ਪੂਰਾ ਗੁਰੂ ਮਿਲ ਜਾਵੇ, ਲੇਕਿਨ ਪਰਮੇਸ਼ਰ ਵਿਚ ਕੋਈ ਅਭੇਦ ਨਹੀਂ ਹੋਇਆ ਕਰਦਾ। ਪਰਮੇਸ਼ਰ ਵਿਚ ਤਾਂ ਅਭੇਦ ਓਹੀ ਕਰਵਾ ਸਕਦਾ ਹੈ, ਜੇ ਸਤਿਗੁਰੂ ਪੂਰਾ ਹੋਵੇ, ਜਿਸ ਤਰ੍ਹਾਂ ਜਿਹੜਾ ਰਾਜਾ ਹੁੰਦਾ ਹੈ, ਉਸਦਾ ਹੁਕਮ ਚਲਦਾ ਹੈ। ਜੇਕਰ ਰਾਜੇ ਵਾਂਗ ਡਰਾਮਾ ਕਰੋ ਤਾਂ ਹੁਕਮ ਨਹੀਂ ਚਲ ਸਕਦਾ।

ਸੋ ਇਸ ਤਰ੍ਹਾਂ ਗਿਆਨ ਗੱਲਾਂ ਨਾਲ ਨਹੀਂ ਹੋਇਆ ਕਰਦਾ। ਇਹ ਤਾਂ ਜੇਕਰ ਗੁਰੂ ਦੀ ਮਿਹਰ ਹੋ ਜਾਵੇ, ਆਤਮਾ ਪਰਾਤਮਾ ਇਕੋ ਹੋ ਜਾਇਆ ਕਰਦੇ ਹਨ।

***ਅਚਰਜ ਕਥਾ ਮਹਾ ਅਨੂਪ॥***
***ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਪੰਨਾ - 868***

ਠੀਕ ਤਾਂ ਹੈ ਪਰ ਜਿਹੜਾ ਇਸ ਵਿਚ ਫਰਕ ਹੈ ਉਹ ਮਿਟਿਆ ਨਹੀਂ ਕਰਦਾ। ਜਦੋਂ ਤੱਕ ਸਮਰਥ ਗੁਰੂ ਨਾ ਮਿਲੇ, ਸੋ ਇਹ ਵੀਚਾਰ ਹੈ -

***ਕਰਿ ਬੀਚਾਰੁ ਮਨਿ ਦੇਖਹੁ ਨਾਨਕ***

***ਬਿਨੁ ਨਾਵੈ ਮੁਕਤਿ ਨਾ ਹੋਈ॥***
***ਪੰਨਾ - 946***

ਸੋ ਜੋਗੀਆਂ ਨੂੰ ਸਾਰੀ ਗੱਲ ਸਮਝਾ ਕੇ ਦਸਿਆ ਕਿ ਜੋ ਸਾਡਾ ਰਸਤਾ ਹੈ, ਉਹ ਸ਼ਬਦ ਗੁਰੂ ਹੈ -

***ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ॥***

***ਪੰਨਾ - 944***

ਸ਼ਬਦ ਗੁਰੂ ਦੇ ਨਾਲ ਭਵਸਾਗਰ ਤਰਿਆ ਜਾਂਦਾ ਹੈ ਕਿਉਂਕਿ -

***ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥***

***ਪੰਨਾ - 944***

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਸਾਰੀ ਗੱਲ ਸਿਧਾਂ ਨਾਲ ਕੀਤੀ ਤੇ ਕਿਹਾ, ਜਿਹੜੀ ਅਸਲੀ ਗੱਲ ਹੈ ਤੁਸੀਂ ਉਧਰ ਆਓ। ਇਸ ਤਰ੍ਹਾਂ ਛੁਪ ਕੇ ਬੈਠ ਕੇ ਸੰਸਾਰ ਦਾ ਕਲਿਆਣ ਨਹੀਂ ਹੋਣਾ। ਜਿਹੜੇ ਸਾਰੇ ਜੋਗੀ ਤੁਹਾਡੇ-ਪਿਛੇ ਲੱਗੇ ਹਨ, ਉਹ ਸਾਰੇ ਹੀ-

***ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਇਨਿ ਛਾਰਾ॥***
***ਭਾਈ ਗੁਰਦਾਸ ਜੀ ਦੀ ਵਾਰ 1/29***

ਸੋ ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਤਾਂ ਸੱਚ ਨੂੰ ਭਾਲਦੇ ਫਿਰਦੇ ਹਾਂ ਭਾਈ। ਫਿਰ ਸਾਰਿਆਂ ਨੇ ਗੁਰੂ ਮਹਾਰਾਜ ਦੇ ਸਿਧਾਂਤ ਨੂੰ ਮੰਨਿਆ, ਮੰਨ ਕੇ ਬਹੁਤ ਸਾਰੇ ਸਵਾਲ ਕੀਤੇ, ਸਿੱਧ ਗੋਸ਼ਟ ਵੀਚਾਰ ਕੇ ਪੜ੍ਹੋ। ਰਾਮਕਲੀ ਵਿਚ ਆਉਂਦੇ ਹਨ। ਜਿਥੇ ਮਹਾਰਾਜ ਨੇ ਦਸਿਆ ਹੈ ਕਿ ਵਾਹਿਗੁਰੂ ਕਿਥੇ ਰਹਿੰਦਾ ਹੈ, ਉਸਦਾ ਦਰਵਾਜਾ ਕਿਸ ਤਰ੍ਹਾਂ ਦਾ ਹੈ ਤੇ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ। ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਦੁਖ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥***

***ਪੰਨਾ - 877***

ਆਸਾ ਤੇ ਅੰਦੇਸ਼ਾ - ਜਿੰਨੀ ਦੇਰ ਤੱਕ ਆਦਮੀ ਦੇ ਅੰਦਰ ਆਸਾਂ ਹਨ ਤੇ ਡਰ ਹੈ, ਕਿਸ ਤਰ੍ਹਾਂ ਕਹਿ ਦੇਵੇਗਾ ਕਿ ਮੈਂ ਵਾਹਿਗੁਰੂ ਤੱਕ ਪਹੁੰਚ ਗਿਆ।

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥ ਪੰਨਾ - 877***

ਮਾਇਆ ਦੀ ਖਾਈ ਪਈ ਹੋਈ ਹੈ, ਜਿੰਨਾ ਕੁਝ ਨਜ਼ਰ ਆਉਂਦਾ ਹੈ, ਜਿਸਦਾ ਕੋਈ ਰੂਪ ਹੈ, ਇਹ ਸਾਰੀ ਮਾਇਆ ਹੈ, ਇਸਨੇ ਖਾਈ ਪਾਈ ਹੋਈ

ਹੈ। ਇਹ ਖਾਈ ਦੂਰ ਨਹੀਂ ਹੁੰਦੀ ਜਿਤਨੀ ਦੇਰ ਤੱਕ ਨਾਮ ਦੀ ਸ਼ਕਤੀ ਨਾਲ ਪੁਲ ਨਹੀਂ ਬੰਨਦਾ, ਜਦੋਂ ਨਾਮ ਦੀ ਸ਼ਕਤੀ ਨਾਲ ਪੁਲ ਬੰਨੇਗਾ, ਫਿਰ ਪਾਣੀ ਦੇ ਘਰ ਵਿਚ ਜਿਹੜਾ ਸਤਿ ਦਾ ਆਸਣ ਹੈ, ਉਹਦੇ ਵਿਚ ਜਾ ਕੇ ਸਮਾਈ ਹੋ ਜਾਏਗੀ। ਜਿੰਨੀ ਦੇਰ ਤੱਕ –

***ਜਬ ਆਸ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥***

***ਪੰਨਾ – 877***

ਜਿੰਨੀ ਦੇਰ ਤੱਕ ਆਸਾ ਅੰਦੇਸਿਆਂ ਵਿਚ ਫਿਰਦਾ ਹੈ, ਕਿਸ ਤਰ੍ਹਾਂ ਕਹਿ ਦੇਵੇਗਾ ਕਿ ਮੈਂ ਆਤਮ ਸਰੂਪ ਹਾਂ। ਕਹਿਣ ਵਾਸਤੇ ਤਾਂ ਕਹੀ ਜਾਏਗਾ ਲੇਕਿਨ ਪ੍ਰਤੱਖ ਨਹੀਂ ਹੋਇਆ ਕਰਦਾ।

ਸੋ ਇਸ ਤਰ੍ਹਾਂ ਸਿੱਧਾਂ ਨੇ ਗੁਰੂ ਮਹਾਰਾਜ ਦਾ ਸਿਧਾਂਤ ਮੰਨਿਆ ਤੇ ਨਮਸਕਾਰ ਕੀਤੀ, ਜਿਸ ਦੇ ਬਾਰੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ।

***ਧਾਰਨਾ – ਬਾਬੇ ਜਿਤ ਲਈ ਸਿਧਾਂ ਵਾਲੀ ਮੰਡਲੀ,***
***ਸ਼ਬਦਾਂ ਦੇ ਬਾਣ ਮਾਰ ਕੇ –2, 2.***
***ਵਾਹਵਾ–ਵਾਹਵਾ ਬਈ ਸ਼ਬਦਾਂ ਦੇ ਬਾਣ ਮਾਰ ਕੇ –2, 2.***
***ਬਾਬੇ ਜਿਤ ਲਈ ਸਿਧਾਂ ਵਾਲੀ ਮੰਡਲੀ,...–2.***

ਸੋ ਸ਼ਬਦ ਦੇ ਬਲ ਨਾਲ ਬਾਬੇ ਨੇ ਸਿਧਾਂ ਨੂੰ ਜਿਤ ਲਿਆ ਤੇ ਆਪਣਾ ਪੰਥ ਨਿਰਾਲਾ ਕਰ ਦਿਤਾ।

***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।***

***ਭਾਈ ਗੁਰਦਾਸ ਜੀ ਦੀ ਵਾਰ 1/31***

ਕਿਵੇਂ ਨਿਰਾਲਾ ਕਰ ਦਿੱਤਾ। ਇਕ ਵਾਰੀ ਸਾਰੀ ਗੱਲ ਸਮਝ ਲਓ।

***ਬਾਬੇ ਕੀਤੀ ਸਿਧ ਗੋਸਟਿ ਸਬਦਿ ਸਾਂਤਿ ਸਿਧੀ ਵਿਚਿ ਆਈ।***

***ਭਾਈ ਗੁਰਦਾਸ ਜੀ ਦੀ ਵਾਰ 1/44***

ਸ਼ਬਦ ਦੇ ਨਾਲ ਸ਼ਾਂਤੀ ਹੋ ਗਈ। ਸੋ ਆਪਾਂ ਨੇ ਹੁਣ ਤੱਕ ਜਿੰਨੀ ਵੀਚਾਰ ਕੀਤੀ ਹੈ ਉਸਦਾ ਜੋ ਨਿਚੋੜ ਹੈ, ਉਹ ਇਹ ਹੈ ਕਿ ਗੁਰੂ ਮਹਾਰਾਜ ਨੇ ਦੋ ਚੀਜ਼ਾਂ ਦੱਸੀਆਂ। ਇਕ ਤਾਂ ਹੈ 'ਨਿਰਮਲ ਕਰਮ' ਜੇਕਰ ਕਰਮ ਵਿਚ ਮੈਲ ਹੋਵੇ ਤਾਂ ਪਰਮੇਸ਼ਰ ਨਹੀਂ ਮਿਲ ਸਕਦਾ। ਮਨ ਦੇ ਵਿਚ ਦੂਜਾਇਗੀ ਲਈ ਫਿਰਦਾ ਹੈ। ਦੁਸ਼ਮਨੀ ਲਈ ਫਿਰਦਾ ਹੈ, ਬੇਅੰਤ ਕੂੜ ਕਬਾੜ ਲਈ ਫਿਰਦਾ ਹੈ। ਸੋ ਇਸ ਲਈ ਮਨ ਦੀ ਨਿਰਮਲਤਾ ਬਹੁਤ ਜ਼ਰੂਰੀ ਹੈ, ਦੂਜਾ ਹੈ, ਸ਼ਬਦ ਦੀ ਪ੍ਰਾਪਤੀ। ਸ਼ਬਦ ਦੀ ਪ੍ਰਾਪਤੀ ਤੋਂ ਬਾਅਦ ਹੈ ਹਉਮੈ ਦਾ ਨਾਸ। ਜਦੋਂ ਇਹ ਤਿੰਨ ਚੀਜ਼ਾਂ ਹੋ ਜਾਣਗੀਆਂ ਸੁਰਤ ਸ਼ਬਦ ਨਾਲ ਲੱਗ ਜਾਏਗੀ। ਸੰਗਤ ਵਿਚ ਆ ਕੇ ਦਿਨੋ ਦਿਨ ਵਧਦਾ ਜਾਏਗਾ, ਹਉਮੈ ਦਾ

ਨਾਸ਼ ਕਰਨ ਦੀ ਅਵਸਥਾ ਤੱਕ ਪਹੁੰਚ ਜਾਏਗਾ। ਫਿਰ ਆਪਣੇ ਆਪ ਨੂੰ ਸਮਝ ਜਾਏਗਾ ਕਿ

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***
***ਪੰਨਾ - 441***

ਵਾਹਿਗੁਰੂ ਨਾਲ ਰਹਿੰਦਾ ਹੈ ਤੇ ਇਸ ਤਰ੍ਹਾਂ ਕਰਿਆ ਕਰੋ, ਪਹਿਲਾਂ ਇਹ ਯਾਦ ਰੱਖ ਕਿ ਵਾਹਿਗੁਰੂ ਮੈਨੂੰ ਦੇਖ ਰਿਹਾ ਹੈ। ਅਸਮਾਨ ਵਿਚ ਚਾੜ੍ਹਿਆ ਹੋਇਆ ਕੈਮਰਾ ਸਭ ਮੁਲਕਾਂ ਦੀਆਂ ਤਸਵੀਰਾਂ ਉਤਾਰ ਰਿਹਾ ਹੈ, ਦੁਨੀਆਂ ਔਖੀ ਹੋਈ ਪਈ ਹੈ ਕਿ ਅਸਮਾਨ ਵਿਚ ਇਕ ਅੱਖ ਲੱਗੀ ਹੋਈ ਹੈ ਜੋ ਸਾਨੂੰ ਦੇਖੀ ਜਾਂਦੀ ਹੈ, ਉਹ ਹੁਣ ਕਹਿੰਦੇ ਹਨ ਕਿ ਐਸੀ ਬਣਾ ਦੇਣੀ ਹੈ ਕਿ ਚੂਹਾ ਵੀ ਖੁਡ ਵਿਚ ਵੜਦਾ ਵੀ ਦੇਖ ਲੈਣਾ ਹੈ, ਫੇਰ ਤਾਂ ਕੁਝ ਵੀ ਗੁਪਤ ਨਾ ਰਿਹਾ। ਉਹ ਜਿਹੜਾ ਵਾਹਿਗੁਰੂ ਸਰਬ ਕਲਾ ਸਮਰਥ ਹੈ, ਉਹ ਤਾਂ ਹਰ ਵਕਤ ਨਾਲ ਹੈ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਪੰਨਾ - 677***

ਜਿਹੜਾ ਹਰ ਵਕਤ ਨਾਲ ਹੈ, ਹਰ ਇਕ ਦੇ ਵਿਚ ਹੈ, ਆਪ ਫੁਲ ਨੂੰ ਦੇਖਦੇ ਹੋ, ਪਹਿਲਾਂ ਵਾਹਿਗੁਰੂ ਨੂੰ ਦੇਖੋ, ਫੁਲ ਨੂੰ ਪਿਛੋ ਦੇਖੋ, ਕਿਸੇ ਚੀਜ਼ ਨੂੰ ਵੀ ਦੇਖਦੇ ਹੋ, ਪਹਿਲਾਂ ਵਾਹਿਗੁਰੂ ਨੂੰ ਦੇਖੋ, ਫਿਰ ਮਾਇਆ ਨੂੰ ਦੇਖੋ, ਜਿਸ ਚੀਜ਼ ਦਾ ਨਾਮ ਹੈ, ਰੂਪ ਹੈ, ਉਸ ਨੂੰ ਮਾਇਆ ਕਹਿੰਦੇ ਹਨ, ਉਸਦੇ ਅੰਦਰ ਜਿਹੜੀ ਸ਼ਕਤੀ ਛੁਪੀ ਹੋਈ ਹੈ, ਉਹ ਵਾਹਿਗੁਰੂ ਹੈ, ਫੇਰ ਜਦੋਂ ਆਪਣੇ ਆਪ ਨੂੰ ਦੇਖਦੇ ਹੋ ਤਾਂ ਪਹਿਲਾਂ ਇਹ ਦੇਖੋ ਕਿ ਮੈਂ 'ਸਰੀਰ ਨਹੀਂ ਹਾਂ' ਇਸ ਨੂੰ ਛੱਡ ਦਿਓ, ਇਹਦੇ ਜਿੰਨੇ ਸੰਬੰਧ ਹਨ, ਉਹ ਛੱਡ ਦਿਓ, ਉਸ ਤੋਂ ਬਾਅਦ ਦੇਖੋ ਕਿ ਮੈਂ ਅੱਖਾਂ ਕੰਨ ਨੱਕ ਵੀ ਨਹੀਂ ਹਾਂ, ਇਹਦੇ ਵਿਚ ਸਾਹ ਚੱਲਣ ਵਾਲਾ ਵੀ ਨਹੀਂ, ਮਨ ਵੀ ਨਹੀਂ, ਬੁੱਧੀ ਵੀ ਨਹੀਂ, ਚਿਤ ਵੀ ਨਹੀਂ, ਮੈਂ ਮੈਂ ਵੀ ਨਹੀਂ ਹਾਂ, ਫਿਰ ਵਾਹਿਗੁਰੂ ਆਪੇ ਆਪ ਹੀ ਹੈ, ਉਹਦੇ ਹਾਜ਼ਰ ਹੋ ਕੇ, ਜਿਵੇਂ ਰੋਸ਼ਨੀ ਦੇ ਸਾਹਮਣੇ ਜਾਈਦਾ ਹੈ, ਇਸ ਤਰ੍ਹਾਂ ਪਰਮੇਸ਼ਰ ਦੇ ਸਾਹਮਣੇ ਜਾਉ, ਪ੍ਰਕਾਸ਼ ਦੇ ਸਾਹਮਣੇ। ਜਦੋਂ ਪ੍ਰਕਾਸ਼ ਦੇ ਸਾਹਮਣੇ ਜਾ ਕੇ, ਵਾਹਿਗੁਰੂ ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ ਕਰਾਂਗੇ, ਉਹ ਹਾਜ਼ਰੀ ਦਾ ਨਾਮ ਕਹਾਇਆ ਜਾਂਦਾ ਹੈ, ਜਦੋਂ ਹਜ਼ੂਰੀ ਦਾ ਨਾਮ ਜਪਣ ਦੀ ਜਾਂਚ ਆ ਜਾਏਗੀ, ਫੇਰ ਉਹਦਾ ਭਰੋਸਾ ਆ ਜਾਏਗਾ, ਕਿ ਵਾਹਿਗੂਰੂ ਹਰ ਵਕਤ ਮੇਰੇ ਨਾਲ ਰਹਿੰਦਾ ਹੈ। ਜਦੋਂ ਇਸ ਤਰ੍ਹਾਂ ਹੋ ਜਾਏਗਾ, ਤਾਂ ਇਸ ਤਰ੍ਹਾਂ ਪ੍ਰਤੀਤ ਹੋਵੇਗਾ ਕਿ ਵਾਹਿਗੁਰੂ ਤੇ ਮੇਰੇ ਵਿਚ ਕੀ ਫਰਕ ਹੈ।

ਆਵਾਜ਼ ਆ ਜਾਏਗੀ ਕਿ ਤੂੰ ਜੋ ਬਣਿਆ ਹੋਇਆ ਹੈਂ ਇਹ ਵੀ ਝੂਠ ਹੈ, ਤੇਰੀ ਮੈਂ ਭਾਵਨਾ ਵੀ ਝੂਠੀ ਹੈ। ਤੂੰ ਤਾਂ ਮੇਰਾ ਹੀ ਰੂਪ ਹੈ। ਮੈਂ ਹੀ ਹਾਂ, ਤੇਰੇ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ, ਜਦੋਂ ਇਸ ਤਰ੍ਹਾਂ ਕਰੇਗਾ,

ਤਾਂ ਕੂੜ ਦੀ ਕੰਧ ਟੁਟ ਜਾਏਗੀ, ਹਉਮੈ ਦਾ ਨਾਸ਼ ਹੋ ਜਾਵੇਗਾ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਪੰਨਾ – 1***

ਫੇਰ ਕੀ ਹੋਏਗਾ ਕਿ ਇਸ ਸਰੀਰ ਵਿਚ ਕੋਈ ਫੁਰਨਾ ਨਹੀਂ ਹੋਏਗਾ, ਕਈ ਪ੍ਰੇਮੀ ਕਹਿੰਦੇ ਹਨ ਕਿ ਜੇਕਰ ਫੁਰਨਾ ਨਾ ਹੋਇਆ ਤਾਂ ਕੰਮ ਕਿਸ ਤਰ੍ਹਾਂ ਚਲੇਗਾ? ਕੰਮ ਤਾਂ ਜਿਸਦਾ ਹੈ ਉਸਨੇ ਆਪੇ ਹੀ ਚਲਾਉਣਾ ਹੈ, ਇਹਦੇ ਵਿਚ (cosmic) ਬ੍ਰਹਿਮੰਡੀ ਫੁਰਨਾ ਆ ਜਾਂਦਾ ਹੈ, ਵਾਹਿਗੁਰੂ ਦਾ ਫੁਰਨਾ ਚਲਦਾ ਹੈ, ਉਹ ਜਿਵੇਂ ਚਲਾਉਂਦਾ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਪੰਨਾ – 1***

ਹਰ ਇਕ ਦੇ ਮੱਥੇ ਵਿਚ ਹੁਕਮ ਦੀ ਕਿਰਤ ਲਿਖੀ ਹੋਈ ਹੈ, ਉਹ ਬੋਲਦਾ ਵੀ ਹੈ, ਬਾਣੀ ਕੀ ਹੈ? ਇਹ ਹੁਕਮ ਹੀ ਆ ਰਿਹਾ ਹੈ।

***ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥***
***ਪੰਨਾ – 763***
***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥ ਪੰਨਾ – 722***

ਇਹ ਬਾਣੀ ਵੀ ਉਪਰੋਂ ਹੀ ਆਉਂਦੀ ਹੈ, ਹੁਕਮ ਵੀ ਉਪਰੋਂ ਹੀ ਆਉਂਦਾ ਹੈ, ਬੋਲ ਕੇ ਵੀ ਆਉਂਦਾ ਹੈ, ਵੈਸੇ ਵੀ ਆਉਂਦਾ ਹੈ, ਫੇਰ ਜੇ ਕਹੇ, ਭੁਲੇਖਾ ਵੀ ਹੁੰਦਾ ਹੈ। ਜੇਕਰ ਛੇਵੀਂ ਭੂਮਿਕਾ ਵਿਚ ਚਲਾ ਜਾਵੇ, ਫੇਰ ਉਹ ਜਾਗਿਆ ਨਹੀਂ ਕਰਦਾ, ਸਤਵੀਂ ਭੂਮਿਕਾ ਵਾਲਾ ਨਾ ਤਾਂ ਆਪ ਜਾਗਦਾ ਹੈ ਨਾ ਕਿਸੇ ਦੇ ਜਗਾਇਆਂ ਜਾਗਦਾ ਹੈ। ਲੇਕਿਨ ਗੁਰੂ ਮਹਾਰਾਜ ਤਾਂ 'ਤੁਰੀਆ ਅਤੀਤ' ਅਠਵੀਂ ਭੂਮਿਕਾ ਦੇ ਸਨ, ਕੀ ਉਹ ਸ੍ਰੀ ਸਾਹਿਬ ਨਹੀਂ ਚਲਾਉਂਦੇ ਰਹੇ, ਜਾਂਦੇ ਵੀ ਰਹੇ, ਪਰ ਉਹ ਸਰੀਰ ਵਿਚ ਹੁਕਮ ਵਰਤਿਆ ਕਰਦਾ ਹੈ। ਸਰੀਰ ਆਪ ਨਹੀਂ ਹੋਇਆ ਕਰਦਾ। ਜਿਹੜਾ ਅਗੰਮੀ ਹੁਕਮ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ। ਸੂਰਜ ਨੂੰ, ਚੰਦ ਨੂੰ, ਧਰਤੀ ਨੂੰ ਹੁਕਮ ਕੌਣ ਦਿੰਦਾ ਹੈ? ਸਾਰੇ ਹੁਕਮ ਦੇ ਬੰਨ੍ਹੇ ਹੋਏ ਤੁਰੇ ਫਿਰਦੇ ਹਨ।

ਏਸੇ ਤਰ੍ਹਾਂ ਜਦੋਂ ਹੁਕਮ ਵਿਚ ਆ ਜਾਂਦਾ ਹੈ, ਉਦੋਂ 'ਮੈ' ਮਿਟ ਜਾਂਦੀ ਹੈ। ਕੇਵਲ ਪਰਮੇਸ਼ਰ ਹੀ ਪਰਮੇਸ਼ਰ ਰਹਿ ਜਾਂਦਾ ਹੈ। ਉਸ ਵੇਲੇ ਆਪਣੇ ਪਰਮ ਮਨੋਰਥ ਜੋ ਜੀਵਨ ਦਾ ਹੈ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿਹੜੇ ਸਾਧਨਾ ਬਾਰੇ ਮੈਂ ਬੇਨਤੀ ਕੀਤੀ ਹੈ, ਨਾਮ ਜਪੋ, ਬਾਣੀ ਪੜੋ, ਸੰਤਾਂ ਦੀ ਸੰਗਤ ਕਰੋ, ਉਹਦੇ ਨਾਲ ਅੰਦਰ ਗੁਣ ਪੈਦਾ ਕਰੋ, ਉਸ ਲਈ ਕਾਪੀਆਂ ਬਣਾ ਲਓ, ਫਿਰ ਉਸ ਵਿਚ ਲਿਖੋ ਕਿ ਅੱਜ ਮੈਨੂੰ ਗੁੱਸਾ ਕਿੰਨਾ ਆਇਆ, ਲੋਭ ਕਿੰਨਾ ਆਇਆ, ਕਿਸੇ ਦੀ ਨਿੰਦਿਆ ਕੀਤੀ ਜਾਂ ਨਹੀਂ ਕੀਤੀ, ਮੈਂ ਫਿਕਾ

ਬੋਲਿਆ ਜਾਂ ਨਹੀਂ ਬੋਲਿਆ, ਰਾਤ ਨੂੰ ਲਿਖ ਕੇ ਨਿਸ਼ਾਨੀਆ ਲਾ ਲਓ, ਅਗਲੇ ਦਿਨ ਦੇਖੋ ਕਿ ਕੱਲ ਵਾਲੀ ਆਦਤ ਹੈ ਜਾਂ ਬਦਲੀ ਹੈ ਪਹਿਲੇ ਨਾਲੋਂ। ਇਹਦੇ ਵਿਚ ਭੁਲੇਖਾ ਹੁੰਦਾ ਹੈ ਕਿ ਇਕ ਪਾਸੇ ਤਾਂ ਨਾਮ ਜਪਿਆ ਅੰਮ੍ਰਿਤ ਵੇਲੇ ਦੋ ਵਜੇ ਉਠਿਆ, ਇਸ਼ਨਾਨ ਕੀਤਾ, ਇਸ਼ਨਾਨ ਕਰਨ ਤੋਂ ਬਾਅਦ ਬੰਦਗੀ ਕੀਤੀ, ਤਿੰਨ ਚਾਰ ਘੰਟੇ ਫੇਰ ਪਾਠ ਕੀਤਾ, ਸੇਵਾ ਵੀ ਕੀਤੀ, ਪਰ ਕਿਸੇ ਨਾਲ ਈਰਖਾ ਕਰ ਲਈ, ਉਸਦਾ ਨਤੀਜਾ ਕੀ ਹੋਏਗਾ ਕਿ–

> ***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥***
>
> ***ਪੰਨਾ - 308***

ਬਿਲਕੁਲ ਥੱਲੇ ਆ ਗਿਆ, ਸਭ ਕੀਤਾ ਕਤਰਿਆ ਗਿਆ ਆਇਆ। ਸੋ ਇਸ ਕਰਕੇ ਸਾਵਧਾਨਤਾ ਦੇ ਨਾਲ ਪਰਮੇਸ਼ਰ ਨੂੰ ਜਾਣੋ ਕਿ 'ਉਹ' ਮੇਰੇ ਅੰਦਰ ਹੀ ਰਹਿੰਦਾ ਹੈ, ਨਾਲ ਹੀ ਰਹਿੰਦਾ ਹੈ, ਮੇਰਾ ਮਿਤਰ ਹੈ, ਮੇਰਾ ਪਿਆਰਾ ਹੈ, ਮੇਰੀ ਮਾਂ ਹੈ, ਮੇਰਾ ਪਿਓ ਹੈ, ਇਸ ਤਰ੍ਹਾਂ ਪਿਆਰ ਦੇ ਨਾਲ ਵਾਜਾਂ ਮਾਰੋ, ਜਦੋਂ ਵਾਜਾਂ ਮਾਰਾਂਗੇ, ਫੇਰ ਉਹਦੇ ਹੱਥ ਵਿਚ ਹੈ, ਐਸੇ ਸਮਾਗਮ ਜੋੜ ਦੇਵੇਗਾ ਕਿ ਸਫਲ ਹੋ ਜਾਏਗਾ, ਮਾਨਸ ਜਨਮ ਵਿਅਰਥ ਨਹੀਂ ਜਾਵੇਗਾ।



ਕਲਮ ਦੇ ਧਨੀ, ਗਿਆਨ ਦੇ ਸੂਰਜ, ਬ੍ਰਹਮ ਬਕਤਾ, ਬ੍ਰਹਮ ਨੇਸ਼ਠੀ, ਬ੍ਰਹਮ ਸਰੋਤਰੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਰਤਵਾੜਾ ਸਾਹਿਬ

ਅਨੁਭਵ ਵਿਚੋਂ ਆਏ ਕਮਾਏ ਹੋਏ ਪ੍ਰਵਚਨ ਜਗਿਆਸੂ ਦੀ ਆਤਮਿਕ ਅਵਸਥਾ ਨੂੰ ਉਚੇਰਾ ਅਨੁਭਵ ਬਖਸ਼ਣ ਦੇ ਸਮਰੱਥ ਹੁੰਦੇ ਹਨ। ਇਹ ਪ੍ਰਵਚਨ ਕਦੇ ਪੁਰਾਣੇ ਨਹੀਂ ਹੁੰਦੇ। ਇਹ ਸਦਾ ਹੀ ਜਗਿਆਸੂ ਜਨਾਂ ਨੂੰ ਸੇਧ ਬਖਸ਼ਦੇ ਹਨ। ਰਤਵਾੜਾ ਸਾਹਿਬ ਦੇ ਪਿਆਰੇ ਮਹਾਂਪੁਰਸ਼ਾਂ ਵਲੋਂ ਵੱਖ-ਵੱਖ ਵਿਸ਼ਿਆਂ 'ਤੇ ਕੀਤੇ ਗਏ ਪ੍ਰਵਚਨ ਕਿਸੇ ਅਗੰਮੀ ਵੇਗ ਦੀ ਨਿਰੰਤਰਤਾ ਹੈ। ਇਹ ਅਮੋਲਕ ਹੀਰੇ ਹਨ -'ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ॥' ਇਨ੍ਹਾਂ ਬਚਨਾਂ ਨੂੰ ਪੁਸਤਕ ਦੇ ਰੂਪ ਵਿਚ ਜਗਿਆਸੂਆਂ ਤਕ ਪਹੁੰਚਾਇਆ ਜਾ ਰਿਹਾ ਹੈ। ਇਨ੍ਹਾਂ ਪੁਸਤਕਾਂ ਦੀ ਸਰਲ ਬੋਲੀ, ਗੁਰਮਤਿ ਦੇ ਗੂਹਜ ਵਿਸ਼ਿਆਂ ਨੂੰ ਸਮਝਣ ਲਈ ਸਹਾਈ ਸਿੱਧ ਹੋ ਰਹੀ ਹੈ। ਹਥਲੀ ਪੁਸਤਕ 'ਰੂਹਾਨੀ ਗੁਲਦਸਤਾ' ਦੋ ਭਾਗਾਂ ਦਾ ਸੰਗ੍ਰਹਿ ਹੈ। ਇਨ੍ਹਾਂ ਦੋ ਭਾਗਾਂ ਦੀ ਨਿਰੰਤਰਤਾ ਕਾਇਮ ਰੱਖਣ ਲਈ ਨਵੀਂ ਜਿਲਦਬੰਦੀ ਕਰਕੇ, ਇਸ ਨੂੰ ਇਕ ਪੁਸਤਕ 'ਪੰਚ ਪਰਵਾਣ' ਦਾ ਰੂਪ ਦਿਤਾ ਗਿਆ ਹੈ। ਆਸ ਹੈ ਪਾਠਕ ਜਨ ਇਨ੍ਹਾਂ ਅਮੋਲਕ ਬਚਨਾਂ ਨੂੰ ਪੜ੍ਹ ਕੇ, ਕਮਾ ਕੇ ਪਰਵਾਣ ਅਵਸਥਾ ਨੂੰ ਪ੍ਰਾਪਤ ਹੋਣਗੇ।

ਧੰਨਵਾਦ ਸਹਿਤ

ਮੈਨੇਜਿੰਗ ਐਡੀਟਰ

ਅਦਾਰਾ ਆਤਮ ਮਾਰਗ